# ਸਾਮਰਾਜੀ ਜੋਕਾਂ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਸਾਮਰਾਜੀ ਜੋਕਾਂ

**(ਲੇਖ ਸੰਗ੍ਰਹਿ)**

ਡਾ: ਅਜੀਤਪਾਲ ਸਿੰਘ ਐਮ ਡੀ
ਡਿਪਟੀ ਮੈਡੀਕਲ ਕਮਿਸ਼ਨਰ, ਬਠਿੰਡਾ

ਪਹਿਲੀ ਵਾਰ : ਮਾਰਚ 2009

© : ਲੇਖਕ ਦੇ ਹੱਕ ਰਾਖ਼ਵੇਂ ਹਨ।

ਟਾਈਟਲ : ਅਮਿੱਤ ਮਿੱਤਰ

**ਪ੍ਰਕਾਸ਼ਕ :**

***ਤਰਕਭਾਰਤੀ ਪ੍ਰਕਾਸ਼ਨ,***

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫੋਨ : 01679-233244 ਫੈਕਸ : 241744

e-mail : anu_bnl@yahoo.com

www.thepunjabi.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ : 100/-**

# ਸਮਰਪਤ

ਸਾਮਰਾਜੀ ਜੋਕਾਂ ਸੰਗ

ਜੂਝਦੇ ਜੁਝਾਰੂਆਂ

ਦੇ ਨਾਂ

# ਤਤਕਰਾ


1. ਕੀ ਹਨ ਉਦਾਰੀਕਰਨ-ਨਿੱਜੀਕਰਨ ਦੇ ਮਾੜੇ ਅਸਰ / 5
2. ਮਹਿੰਗਾਈ ਤੇ ਆਮ ਲੋਕ / 9
3. ਕੀ ਬੇਲਗਾਮ ਹੈ ਬਜਰੰਗ ਦਲ? / 14
4. ਨਫਰਤ ਦੀ ਰਾਜਨੀਤੀ ਤੇ ਗੁੰਡਾ ਰਾਜ / 17
5. ਹਿੰਦੂ ਵਿਆਹ ਕਾਨੂੰਨ ਅਤੇ ਰਿਸ਼ਤੇ? / 20
6. ਸਿਰ ਤੇ ਮੈਲਾ ਢੋਹਣ ਦਾ ਕਲੰਕ / 23
7. ਮੁਸਲਿਮ ਮਰਦਾਂ ਦੀ ਹੈਵਾਨੀਅਤ / 25
8. ਪਲੇਸਮੈਂਟ ਏਜੰਸੀਆਂ ਅਤੇ ਲੜਕੀਆਂ / 28
9. ਔਰਤਾਂ ਦਾ ਗੁਲਾਬੀ ਗੈਂਗ? / 31
10. ਔਰਤਾਂ ਅਤੇ ਅਪਰਾਧ / 34
11. ਅਸ਼ਲੀਲਤਾ ਦੇ ਮਾਪਦੰਡ / 37
12. ਖਾਪ ਪੰਚਾਇਤਾਂ ਦਾ ਖੌਫ਼ / 41
13. ਬੱਚੇਦਾਨੀ ਦੀ ਰਸੌਲੀ ਕਾਰਨ, ਪ੍ਰਭਾਵ ਤੇ ਇਲਾਜ / 43
14. ਆਇਰਨ ਦੀ ਘਾਟ ਤੇ ਅਧਿਕਤਾ / 46
15. ਰਵਾਇਤੀ ਵਿਆਹ ਦੀ ਤਰਾਸਦੀ / 49
16. ਵਿਰਾਸਤ ਬਨਾਮ ਉੱਤਰਾਧਿਕਾਰ / 53
17. ਘਰੇਲ ਹਿੰਸਾ ਰੋਕੂ ਕਾਨੂੰਨ / 58
18. ਕੰਨਿਆ ਭਰੂਣ ਹੱਤਿਆ ਅਤੇ ਔਰਤਾਂ / 61
19. ਆਤਮ ਹੱਤਿਆਵਾਂ ਅਤੇ ਕਿਸਾਨ / 65
20. ਡੇਰਾ ਮੁਖੀ ਅਤੇ ਸਿੱਖ ਸੰਗਤ / 68
21. ਕੀ ਹੈ ਕੋਸੀ ਨਦੀ ਦੇ ਹੜ ਦਾ ਖੇਤੀ 'ਤੇ ਅਸਰ? / 74
22. ਕੁਦਰਤ ਦੀ ਇਹ ਦੂਹਰੀ ਮਾਰ / 77
23. ਮਲ੍ਹਮ ਦੀ ਬਜਾਏ ਰਾਜਨੀਤੀ / 79
24. ਮੌਸਮੀ ਤੇ ਮੱਛਰਾਂ ਨਾਲ ਫੈਲਣ ਵਾਲੀਆਂ ਬੀਮਾਰੀਆਂ / 81
25. ਕੀ ਬਾਜ਼ਾਰ ਦਾ ਹਰ ਪੰਜਵਾਂ ਨੋਟ ਜਾਹਲੀ ਹੈ? / 83
26. ਕੀ ਭਾਰਤ 'ਚ ਸਭ ਕੁਝ ਵਿਕਾਊ ਹੈ? / 86
27. ਹਫੜਾ-ਦਫੜੀ ਅਤੇ ਤਣਾਅ / 89
28. ਕੈਟ-ਜੀਮੈਟ ਦਾ ਪੈਮਾਨਾ / 91
29. ਆਈ. ਏ. ਐਸ. ਪ੍ਰੀਖਿਆ 'ਚ ਪਾਸ-ਫੇਲ੍ਹ / 93
30. ਕੀ ਰੰਗ ਲਿਆਵੇਗੀ ਚਕਲਿਆਂ 'ਤੇ ਸਖ਼ਤੀ / 96
31. ਉਦਾਰੀਕਰਨ ਦਾ ਸਿੱਟਾ ਹੈ ਮਹਿੰਗਾਈ / 101
32. ਬੀਮਾਰੀ, ਅਤਿਆਚਾਰ ਤੇ ਅਸੁਰੱਖਿਅਤ ਨਾਲ ਜੂਝਦੀਆਂ ਔਰਤਾਂ / 104
33. ਅਕਾਲ ਤਖ਼ਤ ਦੇ ਅਰਥ ਤੇ ਮਰਿਆਦਾ / 107
34. ਹੜ੍ਹ ਅਤੇ ਸਰਕਾਰ / 110
35. ਕੁੱਖ ਨਾ ਬਣੇ ਭਾੜੇ ਦਾ ਸੌਦਾ / 112
36. ਰਾਇਲਟੀ ਸ਼ੋਅ / 116
37. ਹੜ੍ਹ ਦੀ ਕਰੋਪੀ / 118
38. ਕੀ ਮੰਦੀ ਦੇ ਦੌਰ 'ਚੋਂ ਗੁਜਰ ਰਿਹਾ ਹੈ ਹਵਾਈ ਉਡਾਣ ਉਦਯੋਗ? / 119
39. ਸਿਰ ਦੇ ਵਾਲਾਂ ਦੀ ਸਮੱਸਿਆ ਤੇ ਹੱਲ/ 121
40. ਹਿਮਾਚਲ ਦਾ ਫੂਡ ਸਪਲਾਈ ਨਿਗਮ/123
41. ਵਪਾਰੀਕਰਨ ਅਤੇ ਭਾਰਤੀ ਸੰਚਾਰ ਨਿਗਮ / 127
42. ਡਾਕ ਵਿਭਾਗ ਦੀਆਂ ਜ਼ਮੀਨਾਂ ਅਤੇ ਬਹੁਕੌਮੀ ਕੰਪਨੀਆਂ / 129
43. ਪੈਸਿਆਂ ਦੀ ਬਾਂਦਰ ਵੰਡ / 131
44. ਅਪ੍ਰੇਸ਼ਨ ਥੀਏਟਰ ਦੀ ਕਰਾਮਾਤ / 135
45. ਹਰਿਆਣੇ ਦਾ ਗੁਰਦੁਆਰਾ ਪ੍ਰਬੰਧ / 139
46. ਪਾਣੀ ਦੇ ਮਾਰੇ ਹੇਠ ਕਿੰਨਾ ਕੁ ਬੇਹਾਲ ਹੈ ਬੁੰਦੇਲਖੰਡ? / 142
47. ਗੁਰਦਿਆਂ ਦੀ ਸਮੱਸਿਆ / 144
48. ਖਣਿਜ ਭੰਡਾਰਾਂ ਦੀ ਲੁੱਟ / 147
49. ਫੌਜ ਦੀ ਸ਼ਰਾਬ ਦਾ ਗੋਰਖਧੰਦਾ ਕਿਵੇਂ? / 149
50. ਨਕਲੀ ਨੋਟਾਂ ਦੀ ਸੌਗਾਤ / 151
51. ਓਬਾਮਾ ਦਾ ਰਾਸ਼ਟਰਪਤੀ ਬਣਨਾ / 154
52. ਸਾਮਰਾਜੀ ਪ੍ਰਬੰਧ ਦਾ ਸੰਕਟ / 157
53. ਪੰਦਰਵੀਂ ਲੋਕ ਸਭਾ ਚੋਣਾਂ-ਸੀਮਾ ਤੇ ਸੰਭਾਵਨਾਵਾਂ / 162
54. ਬੇਲਗਾਮ ਚੁਣਾਵੀ ਖਰਚੇ / 168
55. ਜੇਲ੍ਹਾਂ 'ਚ ਕੈਦੀਆਂ ਦੀ ਹਾਲਤ / 170
56. ਅਮਰੀਕੀ ਦੇਸ਼ ਭਗਤੀ ਤੇ ਨਿਆਂ ਦੀ ਮੌਤ / 172
57. ਬਾਲਾਂ ਦੀ ਤਸਕਰੀ / 180
58. ਅਮਰੀਕਾ ਦੀ ਘੁਸਪੈਂਠ / 183

# ਕੀ ਹਨ ਉਦਾਰੀਕਰਨ-ਨਿੱਜੀਕਰਨ ਦੇ ਮਾੜੇ ਅਸਰ

ਦੁਨੀਆਂ ਦਾ ਸਭ ਤੋਂ ਅਮੀਰ ਤੇ ਵੱਡੀ ਫ਼ੌਜੀ ਸ਼ਕਤੀ ਵਾਲਾ ਅਮਰੀਕਾ ਤੇ ਪੱਛਮੀ ਯੂਰਪ ਦੇ ਮੁੱਖ ਦੇਸ਼ ਆਪਣੇ ਅਤੀ ਵਿਸ਼ਾਲ ਵਿੱਤੀ ਖੇਤਰਾਂ 'ਚ ਉਪਜੇ ਇਕ ਅਤੀ ਅਸਧਾਰਨ ਆਰਥਕ, ਸਮਾਜਕ, ਵਿਚਾਰਕ ਤੇ ਸਿਧਾਂਤਕ ਸੰਕਟ ਕਾਰਨ ਇਕ ਤਰਾਸਦਿਕ ਸਥਿਤੀ 'ਚ ਪਹੁੰਚ ਗਏ ਹਨ। ਨਵ ਉਦਾਰਵਾਦੀ ਦੇਸ਼ਾਂ ਦੇ ਸੰਕਟ ਤੇ ਮਾੜੇ ਸਿੱਟੇ ਭਾਰਤ ਵਰਗੇ ਦੇਸ਼ਾਂ ਨੂੰ ਵੀ ਪ੍ਰੇਸ਼ਾਨ ਕਰ ਰਹੇ ਹਨ। ਭਾਰਤ 'ਚ ਇਨ੍ਹਾਂ ਮਾੜੇ ਫਲਾਂ ਦਾ ਰੁਝਾਣ, ਦਾਇਰਾ ਵਿਸਥਾਰ ਪ੍ਰਕਿਰਿਆ ਅਤੇ ਪੂੰਜੀ ਤੇ ਬਾਜ਼ਾਰ ਪ੍ਰਸਤ (ਸਾਮਰਾਜੀ) ਸਰਕਾਰ ਦੀਆਂ ਪਿਛੜੀਆਂ ਨੀਤੀਆਂ ਅਤੇ ਅਮਲ ਇਸ ਵਿਸ਼ਵ ਵਿਆਪੀ ਆਰਥਕ ਸੰਕਟ ਤੇ ਭਾਰਤ ਦੇ ਨਵ ਉਦਾਰੀਕਰਨ ਦੇ ਮਿਲੇ ਜੁਲੇ ਅਸਰ ਨੂੰ ਦਰਸਾ ਰਹੇ ਹਨ। ਭਾਰਤ ਕਿਸ ਤਰ੍ਹਾਂ ਸਿੱਟਿਆਂ ਦੇ ਨਾਲ ਇਸ ਵਿਸ਼ਵੀ ਸੰਕਟ ਨਾਲ ਨਿਪਟੇਗਾ, ਇਹ ਸੁਆਲ ਅੱਜ ਦੀ ਘੜੀ ਬਹੁਤ ਮਹੱਤਵਪੂਰਨ ਹੋ ਗਿਆ ਹੈ, ਪਿਛਲੇ ਪਖਵਾੜੇ 'ਚ ਭਾਰਤੀ ਨੀਤੀਕਾਰਾਂ ਦੇ ਬਿਆਨ ਤੇ ਨਿਰਣੇ ਉਨ੍ਹਾਂ ਦੀ ਸਮਝ ਤੇ ਨੀਤੀ ਦੇ ਸੰਕੇਤਕ ਹਨ। ਕੁਝ ਲੋਕਾਂ ਨੇ ਇਨ੍ਹਾਂ ਮਾੜੇ ਅਸਰਾਂ ਨੂੰ ਕਦੀ ਘੱਟ , ਅਟੱਲ ਪਰ ਹਰ ਵਾਰੀ ਹੱਲ ਹੋ ਸਕਣ ਵਾਲੇ ਦਸ ਰਹੇ ਹਨ। ਕੀਨਸ ਦੇ ਆਰਥਕ ਸਿਧਾਤਾਂ ਪਿੱਛੋਂ ਰਾਜ ਅਤੇ ਬਾਜ਼ਾਰ ਦੇ ਸਾਂਝੇ ਯਤਨ ਵੀ ਕਾਫੀ ਫੈਸਲਾ ਕੁੰਨ ਹੋ ਗਏ ਹਨ। ਇਥੇ ਇਕ ਉਲਟ ਆਰਥਕ ਸਥਿਤੀ ਸਾਫ ਰੂਪ ਵਿਚ ਵੇਖੀ ਜਾ ਸਕਦੀ ਹੈ। ਮੌਜੂਦਾ ਵਿਸ਼ਵ ਅਰਥਚਾਰੇ ਦੇ ਢਾਂਚੇ ਅਤੇ ਸਟੋਰਿਓ, ਉਤਪਾਦਾਂ, ਤਕਨੀਕਾਂ ਦੇ ਤਹਿਤ ਆਵਾਜਾਈ ਦੀ ਖੁੱਲ ਛੁੱਟੀ ਨੂੰ (ਸਿਵਾਏ ਪੂੰਜੀ ਖਾਤੇ ਦੀ ਪੂਰਨ ਵਟਾਂਦਰੇ ਦੇ) ਸਾਡੇ ਮੁਨਾਫਾਖੋਰਾਂ ਨੇ ਸਮੇਂ ਦੀ ਮੰਗ ਤੇ ਕੌਮਹਿਤ ਸਾਧਨਾਂ ਦਾ ਸੰਦ ਮੰਨਿਆ। ਉਨ੍ਹਾਂ ਨੇ ਇਸ ਨੂੰ ਵਿਸ਼ਵਕਰਨ ਦਾ ਨਾਂ ਦਿੱਤਾ ਜੋ ਅਸਲ ਵਿਚ ਸਾਮਰਾਜੀ ਕਰਨ ਹੀ ਸੀ। ਇਸ ਤਰ੍ਹਾਂ ਭਾਰਤੀ ਦਲਾਲਾਂ ਨੇ ਦੋਹਾਂ ਪਾਸਿਆਂ ਤੋਂ ਫਾਇਦਾ ਲੈਣ ਦੀ ਕੋਸ਼ਿਸ਼ ਕੀਤੀ। 'ਮਿੱਠਾ ਮਿੱਠਾ ਖਾਓ, ਖਾਰਾ ਖਾਰਾ ਥੂ'' ਦੀ ਬਚਕਾਨੀ ਮਾਨਸਿਕਤਾ ਦਰਸਾਉਂਦਿਆਂ ਇਸ ਸੰਕਟ ਦੀ ਸਥਿਤੀ ਦੌਰਾਨ ਆਪਣੇ ਵੱਲੋਂ ਬੁਲਾਏ ਗਏ ਏਕੀਕਰਨ ਦੇ ਦਾਅਵਿਆਂ ਨੂੰ ਖ਼ੁਦ ਇਸ ਦੇ ਹਮਾਇਤੀਆਂ ਵੱਲੋਂ ਨਕਾਰਨਾ ਸ਼ੁਰੂ ਕਰ ਦਿੱਤਾ ਗਿਆ। ਇਥੋਂ ਤੱਕ ਕਿ ਭਾਰਤੀ ਅਰਥਚਾਰੇ ਦੇ ਡਿ-ਕਪਲਡ (ਬਾਹਰੀ ਪ੍ਰਭਾਵਾਂ ਨਾਲ ਅਸਬੰਧਤ ਤੇ ਆਜ਼ਾਦ ਬਣੇ ਰਹਿਣ) ਹੋਣ ਦੇ ਦਾਅਵੇ ਪ੍ਰਸਾਰਿਤ ਕੀਤੇ ਜਾਣ ਲੱਗੇ। ਪਰ ਨਾਲ ਹੀ ਕੁਝ ਅਜਿਹੇ ਫੌਰੀ ਅਸਰ ਨਜ਼ਰ ਆਉਣ ਲੱਗੇ ਕਿ ਸਰਕਾਰ ਨੂੰ ਕਾਫੀ ਸਰਗਰਮੀ ਨਾਲ ਵਿਸ਼ਵ ਵਿੱਤੀ ਵਿਵਸਥਾ ਦੀਆਂ ਸੁਨਾਮੀ ਲਹਿਰਾਂ ਨਾਲ ਜੂਝਣ ਲਈ ਮਜ਼ਬੂਰੀ 'ਚ ਅੱਗੇ ਆਉਣਾ ਪਿਆ। ਪੈਦਾਵਾਰ, ਰੁਜ਼ਗਾਰ, ਖਪਤ, ਵਾਪਾਰ ਆਦਿ ਦੇ ਘਟਣ ਤੋਂ ਪਹਿਲਾਂ ਹੀ ਸਟੋਰਿਓ ਦਾ ਮਨੋਬਲ ਡਿੱਗ ਪੈਂਦਾ ਹੈ। ਸਿੱਟੇ ਵਜੋਂ ਭਾਰਤ ਸ਼ੇਅਰ ਬਾਜ਼ਾਰ ਉਲਟੀ ਛਾਲ ਮਾਰ ਕੇ ਹੇਠਾਂ ਆਉਣ ਲੱਗੇ। ਭਾਰਤੀ ਬਾਜ਼ਾਰਵਾਦੀ ਕੱਟੜਪੁਣੇ ਦਾ ਇਹ ਇਕ ਮੁੱਖ ਲੱਛਣ ਹੈ। ਇਸ ਕੱਟੜਪੰਥ ਦੇ ਇਕ ਵੱਡੇ ਮਹਾਂਰਥੀ ਨੇ ਕਿਹਾ ਸੀ ਕਿ ਵਧਦਾ ਹੋਇਆ ਸ਼ੇਅਰ ਬਾਜ਼ਾਰ ਸੂਚਕਾਂਕ ਇਕ ਨਾ ਬਰਾਬਰੀ ਜਾਂ ਡਾਵਾਂ ਡੋਲ ਅਰਥਚਾਰੇ ਦੀ ਨਿਸ਼ਾਨੀ ਨਹੀਂ ਹੋ ਸਕਦਾ। ਸ਼ੇਅਰ

ਬਾਜ਼ਾਰ 'ਚ ਲੋਕਾਂ ਦਾ ਧਿਆਨ ਖਿੱਚਣ ਲਈ ਕਰ ਰਿਆਇਤਾਂ ਦਾ ਐਲਾਨ ਕਰਨ ਲੱਗੇ। ਬਜਟ ਦੇ ਭਾਸ਼ਣ ਵਿਚ ਉਨ੍ਹਾਂ ਮਹਾਂ ਪੁਰਖਾਂ ਨੇ ਸ਼ੇਅਰਾਂ ਵਿਚ ਨਿਵੇਸ਼ ਨੂੰ ਪੈਦਾਵਾਰੀ ਜਾਇਦਾਦ ਮੰਨਿਆ ਸੀ। ਇਸ ਲਈ ਸ਼ੇਅਰ ਕੀਮਤਾਂ ਦੇ ਸੂਚਕਾਂਕ ਦੀ ਗਿਰਾਵਟ ਗੰਭੀਰ ਨੀਤੀ ਘਾੜੇ ਬਚਾ ਨਹੀਂ ਸਕੇ। ਇਸ ਸੰਕਟ ਦਾ ਉਨ੍ਹਾਂ ਦੀ ਸਾਂਝ ਵਿਚ ਗੰਭੀਰ ਮਾੜਾ ਅਸਰ ਸ਼ੇਅਰ ਬਾਜ਼ਾਰ ਦੀ ਗਿਰਾਵਟ ਨਜ਼ਰ ਆਉਂਦੀ ਹੈ। ਇਸ ਦਾ ਕਾਰਨ ਵੀ ਉਨ੍ਹਾਂ ਦੀ ਸਮਝ ਵਿਚ ਬਾਜ਼ਾਰ 'ਚ ਤਰਲਤਾ ਭਾਵ ਨਕਦੀ ਜਾਂ ਪੈਸੇ ਦੀ ਘਾਟ ਹੈ। ਆਪਣੇ-ਆਪਣੇ ਦੇਣਦਾਰੀਆਂ ਦੇ ਵਧਦੇ ਬੋਝ ਅਤੇ ਬੈਂਕਾਂ ਤੋਂ ਅਦਾਰਿਆਂ ਦੀ ਘਾਟ ਕਾਰਨ ਵਿਦੇਸ਼ੀ ਸੰਸਥਾਗਤ ਨਿਵੇਸ਼ਕ ਧੜਾਧੜ ਆਪਣਾ ਪੈਸਾ ਸ਼ੇਅਰ ਬਾਜ਼ਾਰ ਤੋਂ ਖਿੱਚ ਕੇ ਆਪਣੇ ਆਪਣੇ ਦੇਸ਼ 'ਚ ਜਾਣ ਲੱਗੇ। ਭਾਰਤ 'ਚ ਵੀ ਸਟੀਰਿਓ ਤੋਂ ਬੈਂਕ ਕਰਜੇ ਦੀ ਵਿਦਾਈ ਛੋਟੇ ਨਿਵੇਸ਼ਕਾਂ ਦਾ ਦਰਮਦਾ ਕਾਲ ਜਨਿਤ ਮੰਦੀਆਂ ਦੇ ਦਬਾਅ ਅਤੇ ਸ਼ਾਰਟ ਸੇਲ ਕਾਰਨ ਫੌਰੀ ਤੌਰ 'ਤੇ ਸ਼ੇਅਰ ਬਾਜ਼ਾਰਾਂ ਨਾਲ ਵਧਦੇ ਮੋਹ ਭੰਗ ਸਰਕਾਰ ਨੂੰ ਇਕ ਫੌਰੀ ਚੁਣੌਤੀ ਦੇਣ ਲੱਗੇ। ਇਸ ਤਰ੍ਹਾਂ ਸ਼ੇਅਰ ਬਾਜ਼ਾਰ 'ਚ ਗਿਰਾਵਟ ਨੂੰ ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਆਰਥਕ ਹਾਲਤ ਨੂੰ ਇਸ ਸੰਕਟ ਨਾਲ ਜੋੜ ਕੇ ਨਹੀਂ ਵੇਖਿਆ ਜਾ ਰਿਹਾ ਹੈ। ਨਕਦੀ ਦੀ ਮਾਤਰਾ ਅਤੇ ਬੈਂਕ ਤੇ ਮੁਦਰਾਨੀਤੀ 'ਚ ਫੇਰ ਬਦਲ ਸ਼ੇਅਰ ਬਾਜ਼ਾਰ ਨੂੰ ਫਿਰ ਤੋਂ ਉਠਾਉਣ ਦੀਆਂ ਕੋਸ਼ਿਸ਼ਾਂ ਬਾਹਰੀ ਪ੍ਰਭਾਵਾਂ ਦੇ ਅਸਰ ਖਿਲਾਫ ਮੋਰਚੇ ਦਾ ਮੁੱਖ ਹਥਿਆਰ ਬਣਾ ਲਈਆਂ ਗਈਆਂ ਹਨ। ਆਮ ਛੋਟੇ ਨਿਵੇਸ਼ਕ ਸ਼ੇਅਰ ਬਾਜ਼ਾਰ ਵੱਲ ਰੁਖ਼ ਨਹੀਂ ਕਰ ਰਹੇ ਹਨ। ਨਾਲ ਹੀ ਮਿਊਚਲ ਫੰਡ ਦਾ ਬਾਜ਼ਾਰ ਵੀ ਨਿਵੇਸ਼ਕਾਂ ਵੱਲੋਂ ਸਮੇਂ ਤੋਂ ਪਹਿਲਾਂ ਆਪਣੇ ਨਿਵੇਸ਼ ਤੁੜਵਾਉਣ ਕਾਰਨ ਭੁਗਤਾਨ ਸਮੱਰਥਾ 'ਚ ਆਈ ਗਿਰਾਵਟ ਤੋਂ ਪ੍ਰਸ਼ਾਨ ਹਨ। ਵਿੱਤੀ ਅਦਾਰਿਆਂ ਦੀ ਕਮੀ, ਮਹਿੰਗਾਈ ਦਾ ਦਬਾਅ ਜਨਹਿਤ ਪੌਸ਼ਿਕ ਫੌਰੀ ਤੇ ਲੰਮੇ ਅਰਸੇ ਦੇ ਨਿਵੇਸ਼ਾਂ 'ਤੇ ਮੰਡਰਾਉਂਦੇ ਬੇਯਕੀਨੀ ਦੇ ਬਦਲ ਆਦਿ ਵੇਖ ਕੇ ਸ਼ੁਰੂ 'ਚ 60 ਹਜ਼ਾਰ ਕਰੋੜ ਰੁਪਏ ਫਿਰ 20 ਹਜ਼ਾਰ ਕਰੋੜ ਰੁਪਏ ਅਤੇ ਸ਼ੇਅਰ ਬਾਜ਼ਾਰ ਦੇ ਫਿਰ ਵੀ ਰੁਸੇ ਰਹਿਣ 'ਤੇ 40 ਹਜ਼ਾਰ ਕਰੋੜ ਰੁਪਏ ਹੀ ਮੁਹੱਈਆ ਕਰਵਾਏ ਗਏ। ਸਾਡੇ ਨੀਤੀ ਘਾੜਿਆਂ ਦੇ ਫੈਸਲਿਆਂ ਬਾਰੇ ਸਮਝ ਨਾਲ ਸਮਾਜਕ ਸਰੋਕਾਰਾਂ ਤੇ ਲੋਕ-ਪ੍ਰਤਿਬੱਧਤਾ ਨਾਲ ਧਰੋਹ ਹੋਣ ਦੀ ਕੋਈ ਦੂਜੀ ਮਿਸਾਲ ਖੋਜਣ ਦੀ ਜਰੂਰਤ ਹੀ ਨਹੀਂ ਹੈ। ਕਿਸਾਨਾਂ ਦੀ ਕਰਜ਼ਾ ਮੁਆਫੀ ਤੇ ਉਨ੍ਹਾਂ ਨੂੰ ਆਤਮ-ਹੱਤਿਆਵਾਂ ਤੋਂ ਬਚਾਉਣ ਸਬੰਧੀ ਫੈਸਲੇ ਦੇ ਅਮਲ ਦਰਸਾਉਂਦੇ ਹਨ।

ਹੁਣ ਤੱਕ ਦਾ ਵੇਰਵਾ ਇਹ ਦਿਖਾਉਣ ਲਈ ਕਾਫੀ ਹੈ ਕਿ ਬਾਜ਼ਾਰਵਾਦੀ (ਸਾਮਰਾਜੀ) ਕੱਟੜ ਪੁਣਾ ਇਸ ਵਿਸ਼ਵੀ ਵਿੱਤੀ ਤੇ ਉਦਾਰਵਾਦੀ ਨੀਤੀਆਂ ਦੇ ਖੋਖਲੇਪਣ ਪ੍ਰਤੀ ਇਕ ਠੋਸ, ਨਿਰੋਈ, ਵਿਗਿਆਨ ਤੇ ਸਮਾਜ ਮੁਖੀ ਸੋਚ ਤੇ ਨੀਤੀਆਂ ਦੀ ਰਾਹ ਵਿਚ ਇਕ ਗ੍ਰੇਨਾਈਟ ਦੀ ਚਟਾਨ ਵਰਗੀ ਰੁਕਾਵਟ ਬਣਿਆ ਹੋਇਆ ਹੈ। ਅਤੀ ਅਮੀਰ ਤਬਕੇ ਅਸਲ ਰੂਪ 'ਚ ਜਨ-ਜਨ ਦੀਆਂ ਜਰੂਰਤਾਂ ਬਾਜ਼ਾਰ 'ਚ ਪ੍ਰਭਾਵੀ ਮੰਗ ਨਹੀਂ ਬਣਾ ਸਕੀਆਂ। ਦੂਜੇ ਪਾਸੇ ਧਨੀ ਤਬਕੇ ਦੀ ਬੇਥਾਹ ਜਾਇਦਾਦ ਤੋਂ ਪ੍ਰੇਰਿਤ ਪੈਦਾਵਾਰ, ਨਿਵੇਸ਼ ਤਕਨੀਕੀ ਤਬਦੀਲੀ, ਪੈਦਾਵਾਰ ਵਾਧਾ ਦਰ ਤੇ ਤਕਨੀਕੀ 'ਉਨਤੀ' ਤਾਂ ਵਧਾਉਂਦੇ ਹਨ ਪਰ ਕਿਰਤ ਦੀ ਮੰਗ ਤੇ ਕਿਰਤ ਦੀ ਖਪਤ ਦੀਆਂ ਵਸਤੂਆਂ ਦੀ ਪੈਦਾਵਾਰ 'ਚ ਮੁਕਾਬਲਾਤਨ ਰੂਪ 'ਚ ਕੁਝ ਘੱਟ ਵਾਧਾ ਕਰਨ ਦੇ

ਕਾਰਨ ਗੈਰ-ਬਰਾਬਰੀ ਨੂੰ ਉਤਸ਼ਾਹਿਤ ਕਰਦੇ ਹਨ। ਮੁਨਾਫਾ ਪ੍ਰਸਤਾਵਾਂ ਦੀਆਂ ਅਜਿਹੀਆਂ ਹਰਕਤਾਂ ਰੋਟੀ ਰੋਜ਼ੀ ਦਾ ਹਰਨ ਕਰਦੀਆਂ ਹਨ। ਅਜਿਹੇ ਵਿਚ ਅਰਥਚਾਰੇ ’ਚ ਸੰਕਟ ਦੀ ਸਥਿਤੀ ਪੈਦਾ ਹੁੰਦੀ ਹੈ ਇਹ ਸਭ ਅਜਿਹੇ ਸਮੇਂ ਹੋਇਆ ਜਦ ਉਦਾਰੀਕਰਨ (ਸਾਮਰਾਜੀਕਰਨ) ਦੇ ਮਾੜੇ ਸਿੱਟਿਆਂ ਨਾਲ ਵਧਦੀ ਬੇਰੁਜ਼ਗਾਰੀ, ਜਾਨਲੇਵਾ ਮਹਿੰਗਾਈ ਖਾਸ ਕਰਕੇ ਜ਼ਰੂਰੀ ਜਿਣਸਾਂ ਦੇ ਭਾਵਾਂ ’ਚ ਭਾਰੀ ਤੇਜ਼ੀ, ਸਨਅਤਕਾਰਾਂ ਦਾ ਗੈਰ ਸਨਅਤੀ ਖੇਤਰਾਂ ਤੇ ਕੱਲ ਕਾਰਖਾਨਿਆਂ ਦੀ ਦੇਸ਼ਾਂ ’ਚ ਸਥਾਪਨਾ ਤੋਂ ਹਿਜਰਤ ਅਤੇ ਬਾਹਰੀ ਦੇਸ਼ਾਂ ਤੇ ਕੰਪਨੀਆਂ ਵੱਲ ਰੁਖ, ਗੈਰ ਰਵਾਇਤੀ ਤਬਾਹੀ ਵੱਲ ਧੱਕਣਾ, ਸਨਅਤਾਂ ਦੀ ਪੈਦਾਵਾਰ ’ਚ ਕਮੀ, ਵਪਾਰ ਘਾਟੇ ਤੇ ਚਾਲੂ ਖਾਤੇ ਦੇ ਘਾਟੇ ਵਿਚ ਲਗਾਤਾਰ ਵਾਧਾ ਖੇਤੀ ਦੇ ਪੇਂਡੂ ਅਸੰਤੁਸ਼ਟੀ ਦਾ ਵਧਦਾ ਹਿੰਸਕ ਵਿਸਫੋਟ ਆਦਿ ਉਦਾਰੀਕਰਨ ਦੀ ਸਾਮਰਾਜੀ ਨੀਤੀਆਂ ਦੀ ਅਸਫਲਤਾ ਦੀ ਗਾਥਾ ਕਹਿ ਰਹੇ ਹਨ। ਵੱਖ ਵੱਖ ਸਰਕਾਰੀ ਤੇ ਕੌਮਾਂਤਰੀ ਸਰੋਤਾਂ ਤੋਂ ਭਾਰਤ ’ਚ ਗਰੀਬੀ, ਭੁਖਮਰੀ ਦੇ ਬੇਹਾਲੀ ਦੀ ਭਿਆਕਰ ਹਾਲਤ ਦੇ ਅੰਕੜੇ ਅਸਲੀ ਅਰਥਚਾਰੇ ਦੀ ਸਹੀ ਤਸਵੀਰ ਪੇਸ਼ ਕਰ ਰਹੇ ਹਨ। ਇਸ ਹਾਲਤ ਦਾ ਸ਼ੇਅਰ ਬਾਜ਼ਾਰ ਦੀ ਸਥਿਤੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਇਨ੍ਹਾਂ ਸਾਰਿਆਂ ਨੇ ਨੀਤੀਗਤ ਤੇ ਵਿਚਾਰਕ ਪੱਧਰ ’ਤੇ ਆਪਣੀ ਨਾਕਾਮੀ ਦੇ ਪਰਦਾ ਪਾਉਣ ਦੇ ਮਕਸਦ ਨਾਲ ਅਰਬਾਂ ਰੁਪਏ ਦੀ ਵਿੱਤੀ ਰਾਸ਼ੀ ਰਿਜ਼ਰਵ ਬੈਂਕ ਰਾਹੀਂ ਸਾਡੇ ਅਣਚਾਹੇ ਰੂਪ ਨਾਲ ਵਿਸ਼ਾਲ ਅਤੇ ਵਾਧੂ ਵਿੱਤੀ ਅਦਾਰਿਆਂ ਨੂੰ ਮੁਹੱਈਆ ਕਰਵਾਈ ਜਾ ਰਹੀ ਹੈ। ਜ਼ਰੂਰੀ ਜਿਣਸ ਦੀ ਸਪਲਾਈ ਲੋੜ ਤੋਂ ਘੱਟ ਰਹਿ ਜਾਂਦੀ ਹੈ। ਇਸ ਤਰ੍ਹਾਂ ਸ਼ੇਅਰ ਬਾਜ਼ਾਰ ਲੋਕਾਂ ਦੀ ਰੋਟੀ ਰੋਜ਼ੀ ’ਤੇ ਲੱਤ ਮਾਰਦੇ ਹਨ। ਮੁਨਾਫੇ ਦੇ ਲਾਲਚ ਵਿਚ ਕੀਤੇ ਗਏ ਵਿੱਤੀ ਲੈਣ-ਦੇਣ ਅਤੇ ਸਕਿਊਰਟੀ ਜਸ਼ਨ ਅਮਲ ਦੇ ਤਹਿਤ ਵਿੱਤੀ ਅਦਾਰਿਆਂ ਵੱਲੋਂ ਖ੍ਰੀਦ-ਵਿਕਰੀ ਦੇ ਕਾਰਨ ਇਕ ਡੁੱਬਦੇ ਖਾਤੇ ਦਾ ਮਾੜਾ ਪ੍ਰਭਾਵ ਸਾਰੇ ਅਦਾਰਿਆਂ ਤੇ ਪਸਰ ਜਾਂਦਾ ਹੈ। ਇਸ ਤਰ੍ਹਾਂ ਪੈਣ ਵਾਲੇ ਭਾਰੀ ਘਾਟੇ ਦੀ ਵਿੱਤੀ ਹਾਨੀ ਦੀ ਭਾਰੀ ਮਾਤਰਾ ਇਨ੍ਹਾਂ ਅਦਾਰਿਆਂ ਦੀਆਂ ਜਾਇਦਾਦਾਂ ਤੋਂ ਵਧ ਹੋ ਗਈ ਹੈ। ਪਰ ਕਿਸੇ ਨਾ ਕਿਸੇ ਨੂੰ ਤਾਂ ਇਸ ਘਾਟੇ ਦੀ ਪੂਰਤੀ ਕਰਨੀ ਹੀ ਪੈਣੀ ਹੈ। ਕਦੋਂ, ਕਿੱਥੇ, ਕਿਸ ਦੇ ਸਿਰ ’ਤੇ ਇਸ ਭਾਰੀ ਵਿੱਤੀ ਘਾਟੇ ਦਾ ਬੋਝ ਆ ਡਿੱਗੇਗਾ, ਇਹ ਸਪੱਸ਼ਟ ਨਹੀਂ ਹੈ। ਵਿੱਤੀ ਕੰਪਨੀਆਂ ਆਪਣਾ ਲੈਣ-ਦੇਣ ਘਟਾ ਰਹੀਆਂ ਹਨ। ਵਪਾਰਕ ਮਾਨਸਿਕਤਾ ਗਿਰਾਵਟ ਦੇ ਡਰ ਕਾਰਨ ਨਿਸਲ ਹੋ ਚੁੱਕੀ ਹੈ। ਵਿਸ਼ਵ ਪੱਧਰ ’ਤੇ ਵਪਾਰ ਵੀ ਸੁਸਤ ਹੋ ਰਿਹਾ ਹੈ। ਵਿਸ਼ਵ ਪੱਧਰੀ ਪੂੰਜੀ ਦੇ ਘੱਟ ਸਮੇਂ ਦੇ ਅਤੇ ਲੰਮੇ ਅਰਸੇ ਦੇ ਪ੍ਰਵਾਹ ਘੱਟ ਰਹੇ ਹਨ। ਇਸ ਸਥਿਤੀ ’ਚ ਭਾਰਤੀ ਹਾਕਮਾਂ ਦੀ ਮੋਕਲੀ ਦਰਾਮਦ, ਬੇਹੱਦ ਉਤਸ਼ਾਹ ਵਾਲੀ ਬਰਾਮਦ ਦੀ ਨੀਤੀ, ਅਸਿਧਾ ਵਿਦੇਸ਼ੀ ਨਿਵੇਸ਼ ਅਤੇ ਭਾਰਤੀ ਕੰਪਨੀਆਂ ਨੂੰ ਬਾਹਰੋਂ ਵਪਾਰਕ ਕਰਜਾ ਲੈਣ ਦੀ ਛੋਟ ਦੇਣ ਦੀ ਨੀਤੀ, ਵਾਲਾ ਮਾਡਲ ਅਸਫਲਤਾ ਦੇ ਕੰਢੇ ਆ ਖੜ੍ਹਾ ਹੈ। ਭਾਰਤ ਦੇ ਵਿਦੇਸ਼ੀ ਖਾਤੇ ਵਿਚ ਵਪਾਰ ਘਾਟਾ (ਯਾਨੀ ਦਰਾਮਦ ਦੀ ਬਰਾਮਦ ਤੋਂ ਹਾਸਲ ਆਮਦਨੀ ਤੋਂ ਵਧ) ਨੂੰ ਇਕ ਲੰਮੇਰੀ ਵਿਧੀ ਜਾਂ ਲੱਗਭਗ ਚਿਰਸਥਾਈ ਬੇਵਸੀ ਬਣਾ ਦਿੱਤੀ ਗਈ ਹੈ। ਯਾਦ ਰਹੇ ਕਿ ਸ਼ੇਅਰ ਬਾਜ਼ਾਰ ’ਚ ਬਾਹਰੀ ਕੰਪਨੀਆਂ ਨੂੰ ਸਿਰਖੰਡੀ ਬਣਾ ਕੇ ਪਾਰਟੀ ਸਿਪੇਟਰੀ ਨੋਟਿਸ (ਪ੍ਰੀ-ਨੋਟਿਸ) ਨਾਮਕ ਦਸਤਾਵੇਜ ਰਾਹੀਂ ਭਾਰਤੀ ਕਾਲਾਂ ਤੇ ਅਪਰਾਧਿਕ ਧਨ

ਹੀ ਪੂੰਜੀਗਤ ਲਾਭ ਕਰ ਤੋਂ ਛੁੱਟੀ ਹਾਸਲ ਕਰਦਾ ਹੈ ਤੇ ਸ਼ੇਅਰਾਂ ਦੇ ਭਾਅ ਉੱਪਰ ਚੜ੍ਹਾਉਂਦਾ ਹੈ। ਵਿਦੇਸ਼ੀ ਮੁਦਰਾ ਖਰਚ ਪਰ-ਨਿਰਭਰਤਾ ਨੂੰ ਜਨਮ ਦਿੰਦੀ ਹੈ ਜੋ ਅਨਿਸਚਤਕਾਲ ਤਕ ਜਾਰੀ ਰਹਿ ਸਕਦੀ ਹੈ। ਅਜਿਹੇ ਵਿਚ ਅਸੀਂ ਫੌਰਨ ਹੀ ਸੰਨ 1991 ਵਰਗੇ ਵਿਦੇਸ਼ੀ ਖਾਤੇ ਦੇ ਆਉਣ ਵਾਲੇ ਕਾਰਖਾਨਿਆਂ ਦੇ ਸਮਾਨਾਂ ਦੀ ਮਾਤਰਾ ਦੇਸ਼ 'ਚ ਉਤਪਾਦਿਤ ਕਲ-ਕਾਰਖਾਨਿਆਂ ਦੇ ਉਤਪਾਦਾਂ ਤੋਂ ਕਰੀਬ 20 ਫੀਸਦੀ ਵੱਧ ਹੋ ਗਈ ਹੈ। ਕ੍ਰੇਡਿਟ ਰੇਟਿੰਗ ਏਜੰਸੀਆਂ ਭਾਰਤ ਤੇ ਇਥੋਂ ਦੀਆਂ ਕੰਪਨੀਆਂ ਦੀ ਰੇਟਿੰਗ ਘਟਾਉਣ ਵੱਲ ਤਿਆਰ ਹੋ ਚੁੱਕੀਆਂ ਹਨ। ਬਰਾਮਦਾਂ ਹੀ ਨਹੀਂ ਘਟਣ ਵਾਲੀਆਂ ਬਲਕਿ ਆਈ ਟੀ ਤੇ ਬੀ ਪੀ ਓ ਦੀ ਵਿਦੇਸ਼ੀ ਆਮਦਨ ਘੱਟ ਰਹੀ ਹੈ। ਜੇ ਤਰਲਤਾ 'ਤੇ ਕੇਂਦਰਿਤ ਸਰਕਾਰੀ ਨੀਤੀਆਂ ਹੋਰ ਉਪਾਅ ਅਪਣਾ ਕੇ ਭਾਰਤ ਦੀ ਅਦਰੂਨੀ ਆਰਥਕ ਹਾਲਤ ਮਜ਼ਬੂਤ ਕਰਨ ਤੇ ਬਾਹਰੀ ਅਰਥਚਾਰਿਆਂ 'ਚ ਨਿਰਭਰਤਾ ਘਟਾਉਣ ਵੱਲ ਨਹੀਂ ਵਧਦੀਆਂ ਤਾਂ ਸੰਨ 1991 ਤੋਂ ਬਦਤਰ ਸਥਿਤੀ ਤੋਂ ਬਚਣਾ ਮੁਸ਼ਕਲ ਹੋ ਜਾਵੇਗਾ।

# ਮਹਿੰਗਾਈ ਤੇ ਆਮ ਲੋਕ

ਦੇਸ਼ ਅੰਦਰ ਅੱਧੀ ਤੋਂ ਵਧ ਅਬਾਦੀ ਅਜਿਹੀ ਹੈ ਜਿਸ ਨੂੰ ਨਾ ਤਾਂ ਸੇਂਸੇਕਸ ਦੇ ਉਛਲਣ ਨਾਲ ਲਾਭ ਹੁੰਦਾ ਹੈ ਤੇ ਨਾ ਹੀ ਧੜੱਮ ਕਰਕੇ ਡਿੱਗਣ ਨਾਲ। ਉਨ੍ਹਾਂ ਦੇ ਮੂੰਹ ਤੋਂ ਤਾਂ ਆਹ ਹੀ ਨਿਕਲਦੀ ਹੈ। ਕਣਕ, ਚੌਲ, ਖੰਡ ਤੇ ਤੇਲ ਦੀਆਂ ਵਧਦੀਆਂ ਕੀਮਤਾਂ ਦੀ ਸਿੱਧੀ ਚੋਟ ਇਸ ਵਿਸ਼ਾਲ ਤਬਕੇ 'ਤੇ ਸਭ ਤੋਂ ਵਧ ਹੁੰਦੀ ਹੈ। ਮਹਿੰਗਾਈ ਦੇ ਨਸ਼ਤਰ ਦਿਨ-ਬ-ਦਿਨ ਤੇਜ਼ ਤੇ ਤਿੱਖੇ ਹੁੰਦੇ ਜਾ ਰਹੇ ਹਨ। ਪਿੰਡ ਦੇ ਗਰੀਬ ਕਿਸਾਨ ਤੋਂ ਲੈ ਕੇ ਸ਼ਹਿਰੀ ਤੱਕ ਇਸ ਤੋਂ ਜਖ਼ਮੀ ਹਨ। ਮਹਿੰਗਾਈ ਦੀਆਂ ਮੁਸ਼ਕਾਂ ਕਸਣ ਲਈ ਉਪਾਅ ਵੀ ਹਨ, ਪਰ ਜਦ ਤੱਕ ਇਨ੍ਹਾਂ ਨੂੰ ਠੋਸ ਤੇ ਕਾਰਗਰ ਢੰਗ ਨਾਲ ਲਾਗੂ ਨਹੀਂ ਕੀਤਾ ਜਾਵੇਗਾ ਤਦ ਤੱਕ ਇਸ ਤਬਕੇ ਨੂੰ ਰਾਹਤ ਨਹੀਂ ਮਿਲਣੀ ਮੁਸ਼ਕਿਲ ਹੈ। ਮਹਿੰਗਾਈ 'ਤੇ ਰੋਕ ਲਾਉਣ ਲਈ ਰਾਸ਼ਨਿੰਗ ਪ੍ਰਣਾਲੀ ਲਾਗੂ ਕਰਕੇ, ਮਹਿੰਗਾਈ ਵਧਾਉਣ ਵਾਲੇ ਜਿਣਸਾਂ ਦੇ ਵਾਅਦਾ ਕਾਰੋਬਾਰ 'ਤੇ ਰੋਕ ਲਾਉਣ, ਭ੍ਰਿਸ਼ਟਾਚਾਰੀਆਂ ਅਤੇ ਜਮਾਂਖੋਰਾਂ 'ਤੇ ਫੌਰੀ ਸਖਤ ਕਾਰਵਾਈ ਕਰਕੇ ਠੋਸ ਕਦਮ ਉਠਾਏ ਜਾ ਸਕਦੇ ਹਨ। ਇਸ ਤੋਂ ਇਲਾਵਾ ਦੇਸ਼ ਵਿਚ ਹੁਣ ਮਹਿੰਗਾਈ ਨੂੰ ਮਾਪਣ ਦਾ ਪੈਮਾਨਾ ਬਦਲਣ ਦਾ ਸਮਾਂ ਵੀ ਆ ਗਿਆ ਹੈ। ਦੁਨੀਆਂ ਦੇ ਕਈ ਦੇਸ਼ਾਂ 'ਚ ਮਹਿੰਗਾਈ ਦੀ ਦਰ ਦਾ ਮੁਲਾਂਕਣ ਥੋਕ ਦੀ ਬਜਾਏ ਉਪਭੋਗਤਾ ਨਾਲ ਮੁੱਲ ਸੂਚਕਾਂਕ (WPI) ਦੇ ਅਧਾਰ 'ਤੇ ਮਹਿੰਗਾਈ ਦੀ ਦਰ ਮਾਪੀ ਜਾਂਦੀ ਹੈ, ਉਸ ਵਿਚ ਵਸਤੂਆਂ ਦਾ ਨਿਰਧਾਰਨ ਕੋਈ ਡੇਢ ਦਹਾਕੇ ਪਹਿਲਾਂ ਹੁੰਦਾ ਸੀ। WPI 'ਚ ਸ਼ਾਮਲ 435 ਵਸਤੂਆਂ ਵਿਚੋਂ ਕਈ ਅਜਿਹੀਆਂ ਹਨ ਜੋ ਰੋਜ਼ਾਨਾ ਵਰਤੋਂ ਦੇ ਲਿਹਾਜ ਨਾਲ ਜ਼ਿਆਦਾ ਅਹਿਮ ਨਹੀਂ ਰਹਿ ਗਈਆਂ ਹਨ। ਫਿਰ ਵੀ ਸਿੱਕੇ ਦੇ ਫੈਲਾਅ ਦੀ ਗਿਣਤੀ ਸਮੇਂ ਉਹ ਸੂਚਕਾਂਕ 'ਚ ਮੌਜੂਦ ਹਨ। ਦਰਅਸਲ 'ਮਹਿੰਗਾਈ' ਸ਼ਬਦ ਜਿੰਨਾ ਸਰਲ ਹੈ, ਮਹਿੰਗਾਈ ਮਾਪਣ ਦਾ ਤਰੀਕਾ ਉਨਾਂ ਹੀ ਗੁੰਝਲਦਾਰ ਹੈ। ਸੂਚਕਾਂਕ ਦਾ ਇਕ ਅਧਾਰ ਸਾਲ ਹੁੰਦਾ ਹੈ। ਦੇਸ਼ 'ਚ ਇਸ ਵਕਤ 1993-96 ਨੂੰ ਅਧਾਰ ਸਾਲ ਮੰਨ ਕੇ ਮਹਿੰਗਾਈ ਦੀ ਦਰ ਮਾਪੀ ਜਾਂਦੀ ਹੈ। ਇਸ ਤੋਂ ਪਹਿਲਾਂ ਮਹਿੰਗਾਈ ਦੀ ਦਰ 1981-82 ਨੂੰ ਅਧਾਰ ਮੰਨ ਕੇ ਮਾਪੀ ਜਾਂਦੀ ਸੀ। ਯਾਨੀ ਪਿਛਲੀ ਦਫਾ ਬਾਰਾਂ ਸਾਲਾਂ ਬਾਅਦ ਆਧਾਰ ਸਾਲ ਬਦਲ ਗਿਆ ਅਤੇ ਹੁਣ ਜੇਟ-ਏਜ 'ਚ ਨਿੱਤ ਨਵੀਆਂ ਖਪਤਕਾਰ ਚੀਜ਼ਾਂ ਆਉਣ ਦੇ ਬਾਵਜੂਦ ਅਧਾਰ ਸਾਲ 15 ਸਾਲ ਪੁਰਾਣਾ ਹੈ। ਸੀਮੇਂਟ ਤੇ ਲੋਹੇ ਵਰਗੀਆਂ ਚੀਜ਼ਾਂ ਦੀ 'ਥੋਕ ਖਰੀਦ' ਆਮ ਆਦਮੀ ਦੇ ਜੀਵਨ ਵਿਚ ਦੋ ਚਾਰ ਵਾਰ ਹੀ ਕਰਦਾ ਹੈ। ਉਸਨੂੰ ਸਪਤਾਹਿਕ ਸੂਚਕਾਂਕ 'ਚ ਸ਼ਾਮਲ ਕਰਨ ਦੀ ਨੀਤੀ 'ਤੇ ਹੁਣ ਪੁਨਰ ਵਿਚਾਰ ਕਰਨ ਦੀ ਦਰਕਾਰ ਹੈ। 1993-94 ਦੇ ਅਧਾਰ ਸਾਲ ਵਿਚ 138 ਨਵੀਆਂ ਖਪਤਕਾਰ ਚੀਜ਼ਾਂ ਸ਼ਾਮਲ ਕੀਤੀਆਂ ਗਈਆਂ ਹਨ ਤੇ 150 ਅਜਿਹੀਆਂ ਵਸਤੂਆਂ ਕੱਢ ਦਿੱਤੀਆਂ ਗਈਆਂ ਹਨ ਜੋ ਹੁਣ ਮਹਿੰਗਾਈ ਦੇ ਕਾਰਕ ਵਜੋਂ ਮਹੱਤਵਪੂਰਨ ਨਹੀਂ ਰਹਿ ਗਈਆਂ ਸਨ।

ਮਹਿੰਗਾਈ ਦੇ ਇਸ ਦੌਰ ਵਿਚ ਜਨਤਕ ਵੰਡ ਪ੍ਰਣਾਲੀ ਯਾਨੀ ਪੀ. ਡੀ. ਐਸ. ਯਾਦ ਆਉਣ ਲੱਗੀ ਹੈ ਕਿਉਂਕਿ ਭਿਆਕਰ ਹੁੰਦੀ ਜਾ ਰਹੀ ਇਸ ਦੀ ਮਰਜ

ਦਾ ਇਲਾਜ ਪੀ. ਡੀ. ਐਸ. ’ਚ ਵੀ ਮਿਲ ਸਕਦਾ ਹੈ ਪਰ ਕੇਂਦਰ ’ਤੇ ਜ਼ਿਆਦਾਤਰ ਰਾਜ ਸਰਕਾਰ ਦੀ ਚਿੰਤਾ ਦਾ ਵਿਸ਼ਾ ਪੀ. ਡੀ. ਐਸ. ਨਹੀਂ ਹੈ। ਭਾਰਤ ’ਚ ਦੁਨੀਆਂ ਦਾ ਸਭ ਤੋਂ ਵੱਡਾ ਸਾਢੇ ਚਾਰ ਲੱਖ ਤੋਂ ਵਧ ਸਸਤੇ ਭਾਅ ਦੀਆਂ ਦੁਕਾਨਾਂ ਦਾ ਨੈਟਵਰਕ ਹੈ। ਮਹਿੰਗਾਈ ਰੋਕਣ ’ਚ ਇਸ ਨੈਟਵਰਕ ਦੀ ਬੇਹਤਰ ਵਰਤੋਂ ਹੋ ਸਕਦੀ ਹੈ। ਸਰਕਾਰ ਨੇ ਕਈ ਸਾਲਾਂ ਤੋਂ ਬੀ. ਪੀ. ਐਲ. ਪਰਿਵਾਰਾਂ ਨੂੰ ਮਿਲਣ ਵਾਲੇ ਅਨਾਜ ਦੀਆਂ ਦਰਾਂ ਨਹੀਂ ਵਧਾਈਆਂ ਹਨ। ਬੀ. ਪੀ. ਐਲ ਤੋਂ ਇਲਾਵਾ ਏ. ਪੀ. ਐਲ ਲਈ ਵੀ ਅਨਾਜ ਦੀਆਂ ਦਰਾਂ ਬਾਜ਼ਾਰ ਦਰਾਂ ਤੋਂ ਕਰੀਬ ਅੱਧੀਆਂ ਹਨ। ਦੇਸ਼ ’ਚ 23 ਕਰੋੜ ਤੋਂ ਵਧ ਰਾਸ਼ਣ ਕਾਰਡ ਹਨ। ਏ. ਪੀ. ਐਲ ਲਈ ਕਣਕ 6.80 ਰੁਪਏ ਅਤੇ ਚਾਵਲ 8.30 ਰੁਪਏ ਪ੍ਰਤੀ ਕਿਲੋ ਮਿਲਦਾ ਹੈ। ਸਿਰਫ ਕਣਕ-ਚਾਵਲ ਤੇ ਚੀਨੀ-ਤੇਲ ਹੀ ਕਿਉਂ ਪੀ. ਡੀ. ਐਸ ਰਾਹੀਂ ਦੂਜੀਆਂ ਖਾਣ ਦੀਆਂ ਚੀਜ਼ਾਂ ਵੀ ਸਸਤੀਆਂ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ ਤੇ ਮਹਿੰਗਾਈ ਤੋਂ ਰਾਹਤ ਮਿਲ ਸਕਦੀ ਹੈ। ਕੁਝ ਸੂਬਿਆਂ ’ਚ ਅਜਿਹੇ ਕਦਮ ਵੀ ਉਠਾਏ ਗਏ ਹਨ।

ਇਕ ਤਰਕ ਇਹ ਦਿੱਤਾ ਜਾਂਦਾ ਹੈ ਕਿ ਰਾਸ਼ਣ ਦੀ ਖਾਦ ਸਮੱਗਰੀ ਦੀ ਕੁਆਲਟੀ ਠੀਕ ਨਾ ਹੋਣ ਕਰਕੇ ਗਰੀਬੀ ਰੇਖਾ ਤੋਂ ਉੱਪਰ ਦੇ ਲੋਕ ਇਸ ਨੂੰ ਲੈਣਾ ਪਸੰਦ ਨਹੀਂ ਕਰਦੇ। ਦੋ ਸਾਲ ਪਹਿਲਾਂ ਤੱਕ 35 ’ਚੋਂ ਸਿਰਫ਼ ਤਿੰਨ ਸੂਬਿਆਂ ਅਤੇ ਕੇਂਦਰ ਸਾਸ਼ਿਤ ਰਾਜਾਂ ’ਚ ਏ. ਪੀ. ਐਲ. ਕਣਕ ਚੌਲ ਦਾ ਉਠਾਅ 80 ਤੋਂ 90 ਫੀਸਦੀ ਤੱਕ ਸੀ। ਇਸ਼ਾਰਾ ਸਾਫ ਹੈ ਕਿ ਮਹਿੰਗਾਈ ਨੇ ਲੋਕਾਂ ਨੂੰ ਪੀ ਡੀ ਐਸ ਵੱਲ ਮੋੜਿਆ ਹੈ। ਦੇਸ਼ ’ਚ ਕਦੀ ਇਹ ਪ੍ਰਣਾਲੀ ਆਪਣੀ ‘ਮਾੜੀ ਵਿਵਸਥਾ ਦੇ ਬਾਵਜੂਦ ਰਾਹਤ ਦੇਣ ਦਾ ਕੰਮ ਤਾਂ ਕਰਦੀ ਹੀ ਹੈ। ਜਿਹੋ ਜਿਹਾ ਹੀ ਸਹੀ ਸਸਤੀ ਕਣਕ ਅਤੇ ਚਾਵਲ ਵੀ ਮੁਹੱਈਆ ਹੁੰਦੇ ਹਨ। ਸਸਤੀ ਚੀਨੀ ਘਰਾਂ ’ਚ ਮਿਠਾਸ ਘੋਲਦੀ ਸੀ। ਹਾਲ ਦੀ ਘੜੀ ਬੇਲਗਾਮ ਹੁੰਦੀ ਮਹਿੰਗਾਈ ਦੇ ਦੌਰ ਵਿਚ ਪੀ. ਡੀ. ਐਸ. ਫਿਰ ਪ੍ਰਸੰਸਿਕ ਹੋ ਸਕਦੀ ਹੈ। ਬਸ਼ਰਤੇ ਇਸ ਦੀ ਹਾਲਤ ਬੇਹਤਰ ਪ੍ਰਬੰਧ ਵਿਚ ਬਦਲੀ ਜਾ ਸਕੇ। ਪਰ ਸਭ ਤੋਂ ਪਹਿਲਾਂ ਇਹ ਜ਼ਰੂਰੀ : ਪੀ. ਡੀ. ਐਸ. ਦੀਆਂ ਦੁਕਾਨਾਂ ’ਤੇ ਸਸਤੀਆਂ ਦਰਾਂ ’ਤੇ ਹੋਰ ਖਾਣ ਦੀਆਂ ਚੀਜ਼ਾਂ ਵੇਚਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਦੇਸ਼ ਭਰ ਫੈਲਿਆ ਪੀ. ਡੀ. ਐਸ. ਦਾ ਵਿਸ਼ਾਲ ਨੈਟਵਰਕ ਪੂਰੀ ਸੁਹਿਰਦਾ ਨਾਲ ਕਾਇਮ ਕੀਤਾ ਜਾਵੇ। ਦੁਕਾਨਾਂ ਨਾ ਸਿਰਫ ਦੋਨੋਂ ਵੇਲੇ ਖੁੱਲਣ ਬਲਕਿ ਉਥੇ ਸਭ ਚੀਜ਼ਾਂ ਮੁਹੱਈਆ ਹੋਣ। ਪੀ. ਡੀ. ਐਸ. ਨੂੰ ਭ੍ਰਿਸ਼ਟਾਚਾਰ ਤੋਂ ਬਚਾਉਣ ਤੇ ਕਾਲਾਬਜ਼ਾਰੀ ਰੋਕਣ ਦੇ ਉਪਾਵਾਂ ਬਿਨਾਂ ਗਰੀਬ ਨੂੰ ਲਾਭ ਪਹੁੰਚਾਉਣਾ ਮੁਸ਼ਕਿਲ ਹੈ। ਇਕ ਅਧਿਐਨ ਅਨੁਸਾਰ ਪੀ ਡੀ ਐਸ ਦਾ ਸਿਰਫ 27 ਫੀਸਦੀ ਹਿੱਸਾ ਹੀ ਗਰੀਬਾਂ ਤੱਕ ਪਹੁੰਚ ਰਿਹਾ ਹੈ।

**ਮਹਿੰਗੀ ਹੁੰਦੀ ਥਾਲੀ** - ਮਹਿੰਗਾਈ ਦੀ ਮਾਰ ਨਾਲ ਨਿਵਾਲਾ ਮਹਿੰਗਾ ਹੁੰਦਾ ਜਾ ਰਿਹਾ ਹੈ। ਗਰੀਬ ਦਾ ਰੋਟੀ ਦਾ ਟੁੱਕ, ਮੱਧ ਵਰਗ ਦੀ ਥਾਲੀ ਤੇ ਅਮੀਰ ਦਾ ਡਿਨਰ - ਮਹਿੰਗਾਈ ਦੀ ਮਾਰ ਤੋਂ ਕੋਈ ਨਹੀਂ ਬਚਿਆ ਹੈ। ਸਿੱਕੇ ਦੇ ਫੈਲਾਅ ਦੀ ਦਰ 12 ਫੀਸਦੀ ਤੋਂ ਉੱਪਰ ਪਹੁੰਚਣ ਵਾਲੀ ਹੈ। ਪਿਛਲੇ ਸੱਤ ਮਹੀਨਿਆਂ ’ਚ ਆਟਾ, ਦਾਲ, ਚਾਵਲ, ਤੇਲ ਤੇ ਦੁੱਧ ਦਾ ਭਾਅ ਤਾਂ ਵਧਿਆ ਹੀ ਹੈ, ਪੈਟਰੋਲ, ਡੀਜਲ ਦੀਆਂ ਕੀਮਤਾਂ ਵਧਣ ਕਰਕੇ ਸਫਰ ਵੀ ਮਹਿੰਗਾ ਹੋ ਗਿਆ ਹੈ। ਰਾਜਧਾਨੀ ’ਚ ਤਾਂ ਇਸ ਅਰਸੇ ਦੌਰਾਨ ਭੋਜਨ ਦੀ ਥਾਲੀ 25 ਫੀਸਦੀ ਤੇ ਪੈਟਰੋਲ 17 ਫੀਸਦੀ ਤੱਕ ਮਹਿੰਗਾ

ਹੋਣ ਨਾਲ ਸਭ ਦੀਆਂ ਜੇਬਾਂ ਹਲਕੀਆਂ ਹੋਣ ਲੱਗੀਆਂ ਹਨ। ਮਹਿੰਗਾਈ ਦਾ ਵਿਆਪਕ ਅਸਰ ਹਰ ਤਬਕੇ 'ਤੇ ਸਾਫ ਦਿਸਣ ਲੱਗਿਆ ਹੈ। ਭਾਅ ਵਧਣ ਨਾਲ ਵੱਡੇ ਹੋਟਲ ਨੇ ਪਹਿਲਾਂ ਤਾਂ ਮੀਨੂੰ 'ਚ ਕਈ ਆਈਟਮਾਂ ਦੇਣੀਆਂ ਬੰਦ ਕਰ ਦਿੱਤੀਆਂ ਸਨ ਅਤੇ ਹੁਣ ਦਾਲ-ਸਬਜੀ ਦੀ ਮਾਤਰਾ ਘਟਾ ਦਿੱਤੀ ਹੈ। ਦੂਜੇ ਪਾਸੇ ਕਈ ਬ੍ਰਾਂਡਿਡ ਕੰਪਨੀਆਂ ਨੇ ਵੀ ਖਾਣੇ ਵਾਲੇ ਪਦਾਰਥਾਂ ਦੇ ਪੈਕਟ ਦੀ ਕੀਮਤ ਉਥੇ ਰੱਖਦਿਆਂ ਸਮੱਗਰੀ ਖਰੀਦ ਰਹੇ ਹਨ। ਫੁਟਪਾਥ ਢਾਬਿਆਂ 'ਤੇ ਦਸ ਰੁਪਏ ਵਿਚ ਪੇਟ ਭਰਨ ਵਾਲੇ ਮਜ਼ਦੂਰਾਂ ਨੂੰ ਹੁਣ 20 ਰੁਪਏ ਖਰਚਣੇ ਪੈ ਰਹੇ ਹਨ। ਕਿਧਰੇ ਸਲਾਦ ਗਾਇਬ ਤੇ ਕਿਧਰੇ ਖਾਣੇ ਦੇ ਨਾਲ ਮੁਫ਼ਤ ਮਿਲਣ ਵਾਲੀ ਦਾਲ ਦੀ ਕੀਮਤ ਫਜ਼ੂਲ ਹੋ ਰਹੀ ਹੈ। ਪੈਟ੍ਰੋਲ, ਡੀਜ਼ਲ ਮਹਿੰਗਾ ਹੋਣ ਦਾ ਅਸਰ ਆਮ ਆਦਮੀ ਦੇ ਨਾਲ-ਨਾਲ ਸੈਲਾਨੀਆਂ 'ਤੇ ਵੀ ਪੈ ਰਿਹਾ ਹੈ। ਪ੍ਰਾਈਵੇਟ ਏ. ਸੀ. ਟੈਕਸੀ ਦਾ ਕਿਰਾਇਆ ਜਨਵਰੀ 'ਚ ਰੁਪਏ ਤੋਂ ਵਧ ਕੇ ਹੁਣ 11 ਰੁਪਏ ਪ੍ਰਤੀ ਕਿਲੋਮੀਟਰ ਹੋ ਗਿਆ ਹੈ।

**ਬਦਲਣਾ ਪਵੇਗਾ ਮਹਿੰਗਾਈ ਮਾਪਣ ਦਾ ਪੈਮਾਨਾ** : ਵਰਤਮਾਨ 'ਚ ਹੋਲਸੇਲ ਪ੍ਰਾਈਸ ਇੰਡੈਕਸ ਦੀਆਂ ਵਸਤੂਆਂ ਤਿੰਨ ਸ੍ਰੇਣੀਆਂ 'ਚ ਵੰਡੀਆਂ ਗਈਆਂ ਹਨ। ਪਹਿਲੀ ਸ੍ਰੇਣੀ (ਪ੍ਰਾਇਮਰੀ ਆਰਟੀਕਲਜ਼) 'ਚ ਅਨਾਜ, ਦੁੱਧ, ਫਲ, ਸਬਜੀ ਵਰਗੀਆਂ ਰੋਜ਼ਮਰਾ ਦੀਆਂ ਚੀਜ਼ਾਂ ਸ਼ਾਮਲ ਕੀਤੀਆਂ ਗਈਆਂ ਹਨ। ਗੌਰ ਕਰੋ ਸੌ ਪੁਆਇੰਟ ਦੇ ਇੰਡੈਕਸ ਵਿਚ ਪ੍ਰਾਇਮਰੀ ਵਸਤੂਆਂ ਦਾ ਹਿੱਸਾ 22 ਫੀਸਦੀ ਹੈ। ਦੂਜੀ ਸ੍ਰੇਣੀ ਵਿਚ ਬਾਲਣ, ਪਾਵਰ, ਇਲੈਕਟ੍ਰਿਕ ਤੇ ਸਬਰੀਕੇਂਟਸ ਆਦਿ ਹਨ। ਇੰਡੈਕਸ ਵਿਚ ਉਨ੍ਹਾਂ ਦਾ ਹਿੱਸਾ ਸਵਾ 14 ਫੀਸਦੀ ਹੈ। ਤੀਜੀ ਸ੍ਰੇਣੀ ਵਿਚ ਮੈਨੂਫੈਕਚਰਡ ਪ੍ਰੋਜੈਕਟ ਹਨ। ਇੰਡੈਕਸ ਵਿਚ ਸਭ ਤੋਂ ਵਧ 63.75 ਫੀਸਦੀ ਦੀ ਹਿੱਸੇਦਾਰੀ ਇਸੇ ਆਖਰੀ ਸ੍ਰੇਣੀ ਦੀ ਹੈ। ਕਿਉਂਕਿ ਰੋਜ ਮਰਾ ਦੀ ਲੋੜ ਵਾਲੇ ਅਨਾਜ, ਫਲ ਵਰਗੀਆਂ ਚੀਜ਼ਾਂ ਇਸ ਇੰਡੈਕਸ ਵਿਚ ਘੱਟ ਹਿੱਸੇ ਵਾਲੀ ਸ੍ਰੇਣੀ ਵਿਚ ਹਨ, ਇਸ ਲਈ ਥੋਕ ਮੁੱਲ ਸੂਚਕਾਂਕ 'ਤੇ ਦਿਖਾਈ ਗਈ ਮਹਿੰਗਾਈ ਦੀ ਦਰ ਵਿਚ ਇਸ ਸ੍ਰੇਣੀ ਦੀ ਭੂਮਿਕਾ ਘੱਟ ਹੋ ਜਾਂਦੀ ਹੈ। ਭਾਰਤ ਨੇ ਆਖਰੀ ਵਾਰੀ ਕੋਈ ਡੇਢ ਦਹਾਕੇ ਪਹਿਲਾਂ ਸੂਚਕਾਂਕ ਵਿਚ ਸ਼ਾਮਲ ਚੀਜ਼ਾਂ ਨਿਰਧਾਰਿਤ ਕੀਤੀਆਂ ਗਈਆਂ ਸਨ। ਉਸ ਪਿਛੋਂ ਹੀ ਉਸ ਦਾ ਨਵੀਨੀਕਰਨ ਨਹੀਂ ਕੀਤਾ ਗਿਆ ਹੈ। ਇਸ ਲਿਹਾਜ ਨਾਲ ਸਿੱਕੇ ਦੇ ਫੈਲਾਅ ਦੀ ਗਣਨਾ ਲਈ ਮਾਹਰ ਇਸ ਨੂੰ 'ਸਹੀ' ਪੈਮਾਨਾ ਮੰਨਣ 'ਤੇ ਸੁਆਲ ਉਠਾਉਂਦੇ ਹਨ।

**ਤੁਸੀਂ ਵੀ ਕੱਢੋ ਮਹਿੰਗਾਈ ਦਰ** - ਮਿਸਾਲ ਵਜੋਂ ਅਸੀਂ 2008 ਲਈ ਕਣਕ ਦਾ WPI ਕੱਢਣਾ ਹੈ। ਅਧਾਰ ਸਾਲ 1993-94 'ਚ ਕਣਕ ਦੀ ਕੀਮਤ 'ਚ ਫਰਕ ਹੋਇਆ ਚਾਰ ਰੁਪਏ ਯਾਨੀ 50 ਫੀਸਦੀ ਵਾਧਾ। ਇਸ ਵਾਧਾ ਦਰ ਨੂੰ ਅਧਾਰ ਸਾਲ ਦੇ ਸੂਚਕਾਂਕ 100 'ਚ ਜੋੜ ਦਿਉ ਤਾਂ ਹੁਣ ਕਣਕ ਦਾ ਥੋਕ ਮੁੱਲ ਸੂਚਕਾਂਕ 150 ਹੋਵੇਗਾ। ਇਸ ਤਰ੍ਹਾਂ ਹਰ ਹਫਤੇ WPI 'ਚ ਸ਼ਾਮਲ ਸਭ 435 ਚੀਜ਼ਾਂ ਦਾ ਵੱਖ ਵੱਖ ਸੂਚਕਾਂਕ ਕੱਢ ਕੇ ਉਨ੍ਹਾਂ ਨੂੰ ਜੋੜ ਦਿੱਤਾ ਜਾਂਦਾ ਹੈ। ਹੁਣ ਮੰਨ ਲਓ ਕਿ 20 ਜੂਨ ਨੂੰ ਖਤਮ ਹੋਏ ਹਫਤੇ 'ਚ WPI-18 ਹੈ ਤੇ ਉਹ 27 ਜੂਨ ਨੂੰ ਵਧ ਕੇ 183.5 ਹੋ ਜਾਂਦਾ ਹੈ ਤਾਂ ਪ੍ਰਤੀਸ਼ਤ 'ਚ ਫਰਕ ਹੋਇਆ 1.9 ਫੀਸਦੀ।

**ਵਿਰੋਧ ਦੀ ਵਜ੍ਹਾ ਵੀ ਹੈ** - ਅਮਰੀਕਾ ਚੀਨ ਅਤੇ ਜਪਾਨ ਸਮੇਤ ਸੰਸਾਰ ਦੇ ਕਈ ਦੇਸ਼ਾਂ ਵਿਚ ਮਹਿੰਗਾਈ ਦੀ ਦਰ ਦਾ ਮੁਲਾਂਕਣ ਖਪਤਕਾਰ ਮੁੱਲ ਸੂਚਕਾਂਕ

(CPI) ਦੇ ਅਧਾਰ 'ਤੇ ਹੁੰਦਾ ਹੈ। ਉਥੋਂ ਦੀਆਂ ਸਰਕਾਰਾਂ ਸੀ ਪੀ ਆਈ ਦੀ ਕਮੋਡਿਟ ਬਾਸਕਟ ਦੀ ਹਰ ਚਾਰ-ਪੰਜ ਸਾਲ ਬਾਅਦ ਸਮੀਖਿਆ ਕਰਦੀਆਂ ਹਨ। ਤਾਂਕਿ ਖਪਤਕਾਰ ਚੀਜ਼ਾਂ ਦੀ ਖਪਤ ਵਿਚ ਆ ਰਹੇ ਬਦਲਾਅ ਦੀ ਪੀਆਰ 'ਚ ਸ਼ਾਮਲ ਕੀਤੇ ਜਾ ਸਕਣ। ਕੁਝ ਆਰਥਕ ਵਿਸਲੇਸ਼ਕ ਮੰਨਦੇ ਹਨ ਕਿ ਭਾਰਤ ਦੇ ਪ੍ਰਸੰਗ 'ਚ ਖਪਤਕਾਰ ਮੁੱਲ ਸੂਚਕਾਂਕ ਵਧ ਸਟੀਕ ਹੋ ਸਕਦਾ ਹੈ। ਇਸ ਵਿਚ ਆਮ ਖਪਤਕਾਰ ਜੋ ਸਮਾਨ ਜਾਂ ਸੇਵਾ ਖਰੀਦਦੇ ਹਨ, ਉਸ ਦੀ ਕੀਮਤ ਸ਼ਾਮਲ ਹੁੰਦੀ ਹੈ।

**ਹੇਠ ਲਿਖੇ ਪ੍ਰਭਾਵਾਂ 'ਤੇ ਗੌਰ ਕੀਤਾ ਜਾਣਾ ਚਾਹੀਦਾ ਹੈ :-**

**ਵੱਧ ਖਪਤ, ਵੱਧ ਖਰਚ** - ਰਾਸ਼ਨਿੰਗ ਪ੍ਰਣਾਲੀ ਦੇ ਤਹਿਤ ਜਨਤਾ ਨਾਲ ਜੁੜੀਆਂ ਕੁਝ ਖਪਤਕਾਰ ਚੀਜ਼ਾਂ ਦੀਆਂ ਵੱਧ ਤੋਂ ਵੱਧ ਕੀਮਤਾਂ ਤੇ ਮਾਤਰਾ ਤਹਿ ਕੀਤੀ ਜਾ ਸਕਦੀ ਹੈ। ਮਹਿੰਗਾਈ 'ਤੇ ਸਿੱਧਾ ਅਸਰ ਪਾਉਣ ਵਾਲੇ ਪ੍ਰੈਟਰੋਲ ਡੀਜ਼ਲ ਦੀਆਂ ਕੀਮਤਾਂ 'ਤੇ ਰੋਕ ਲਈ 'ਵੱਧ ਖਪਤ ਵੱਧ ਖਰਚ' ਦਾ ਨਿਯਮ ਬਣਾਇਆ ਜਾਵੇ ਤਾਂ ਕਿ ਜੋ ਵਰਗ ਇਨ੍ਹਾਂ ਦੀ ਵੱਧ ਵਰਤੋਂ ਕਰਦਾ ਹੈ। ਉਸ ਦੇ ਲਈ ਇਨ੍ਹਾਂ ਦੀ ਕੀਮਤ ਵਧ ਹੋਵੇ। ਘੱਟ ਵਰਤੋਂ ਵਾਲਿਆਂ ਲਈ ਕੀਮਤ ਘੱਟ ਹੋ ਸ਼ਹਿਰਾਂ ਦੀ ਸ਼੍ਰੇਣੀ ਤੇ ਵਾਹਨਾਂ ਦੇ ਹਿਸਾਬ ਨਾਲ ਪ੍ਰੈਟਰੋਲ ਦੀ ਵੱਧ ਤੋਂ ਵੱਧ ਸੀਮਾ ਵੀ ਤਹਿ ਕੀਤੀ ਜਾ ਸਕਦੀ ਹੈ।

**ਈਰਾਨ 'ਚ ਪੈਟਰੋਲ 'ਤੇ ਰਾਸ਼ਨਿੰਗ** - ਤਹਾਨੂੰ ਹੈਰਾਨੀ ਹੋਵੇਗੀ ਕਿ ਦੁਨੀਆਂ ਦੇ ਮੁੱਖ ਤੇਲ ਪੈਦਾ ਕਰਨ ਵਾਲੇ ਦੇਸ਼ ਈਰਾਨ ਨੂੰ ਪਿਛਲੇ ਸਾਲ ਹੀ ਪ੍ਰੈਟਰੋਲ ਤੇ ਗੈਸ ਬਾਲਣ ਉੱਪਰ ਰਾਸ਼ਨਿੰਗ ਪ੍ਰਣਾਲੀ ਲਾਗੂ ਕਰਨੀ ਪਈ ਸੀ। ਇਸ ਦੇ ਤਹਿਤ ਨਿੱਜੀ ਵਾਹਨ ਚਾਲਕਾਂ ਨੂੰ ਹਰ ਮਹੀਨੇ ਸੌ ਲੀਟਰ ਜਾਂ ਰੋਜ਼ਾਨਾ ਤਿੰਨ ਲੀਟਰ ਦੀ ਵਿਵਸਥਾ ਕੀਤੀ ਗਈ ਹੈ। ਦਰਅਸਲ ਈਰਾਨ 'ਚ ਤੇਲ ਤਾਂ ਬਹੁਤ ਹੈ ਪਰ ਤੇਲ ਸੋਧਣ ਦੀਆਂ ਸਹੂਲਤਾਂ ਨਹੀਂ ਹਨ। ਉਸ ਨੂੰ ਕੁਲ ਖਪਤ ਦਾ 40 ਫੀਸਦੀ ਪ੍ਰੈਟਰੋਲ ਦਰਾਮਦ ਕਰਨਾ ਪੈਂਦਾ ਹੈ।

**ਵਾਅਦਾ ਕਾਰੋਬਾਰ 'ਤੇ ਰੋਕ** - ਵਾਅਦਾ ਕਾਰੋਬਾਰ ਮੁੱਖ ਤੌਰ 'ਤੇ ਕੀਮਤਾਂ ਦੇ ਅਨੁਮਾਨ ਦੀ ਖੇਡ ਹੈ ਅਤੇ ਵਪਾਰ 'ਚ ਕੋਈ ਘਾਟੇ ਦਾ ਅਨੁਮਾਨ ਨਹੀਂ ਲੱਗਦਾ ਇਸ ਵਿਚ ਸਾਫ ਤੌਰ 'ਤੇ ਬਿਕਵਾਲ ਅਤੇ ਖਰੀਦਦਾਰ ਹਵਾ ਵਿਚ ਹੀ ਜਿਣਸ ਖਰੀਦੋ-ਫਰੋਖਤ ਕਰਕੇ ਵਧ ਤੋਂ ਵਧ ਮੁਨਾਫਾ ਚਾਹੁੰਦੇ ਹਨ। ਇਸ ਦਾ ਅਸਰ ਅਸਲੀ ਵਪਾਰ ਚੱਕਰ 'ਤੇ ਪੈਂਦਾ ਹੈ। ਭਾਰਤ ਹੀ ਨਹੀਂ ਦੁਨੀਆਂ ਭਰ ਵਿਚ ਖਾਦ ਪਦਾਰਥਾਂ ਦੀ ਇਕ ਤਰ੍ਹਾਂ 'ਸੱਟੇਬਾਜ਼ੀ' ਨੇ ਕੀਮਤਾਂ 'ਚ ਹੰਗਾਮਾ ਕਰ ਰੱਖਿਆ ਹੈ। ਮਹਿੰਗਾਈ ਰੋਕਣ ਨੂੰ ਕੇਂਦਰ ਨੇ ਛੋਲੇ, ਸੋਆ, ਆਲੂ ਤੇ ਰਬੜ ਦੇ ਵਾਅਦਾ ਬਾਜ਼ਾਰ 'ਤੇ ਚਾਰ ਮਹੀਨਿਆਂ ਲਈ ਰੋਕ ਲਾਈ ਹੈ। ਇਹ ਪਿਛਲੇ ਸਾਲ ਕਣਕ, ਚੌਲ ਤੇ ਤੁਮਾਰ ਦਾਲ ਦੇ ਵਾਅਦਾ ਵਪਾਰ 'ਤੇ ਲੱਗੀ ਰੋਕ ਦਾ ਵਿਸਥਾਰ ਹੈ। ਮਹਿੰਗਾਈ ਨੂੰ ਨੱਥ ਪਾਉਣ ਦੀ ਦਿਸ਼ਾ ਵਿਚ ਅਜੇ ਹੋਰ ਕਰੜੇ ਕਦਮਾਂ ਦੀ ਲੋੜ ਹੈ। ਘੱਟੋ ਘੱਟ ਪਾਬੰਦੀਸ਼ੁਦਾ ਚੀਜ਼ਾਂ ਦੀ ਨੈਸ਼ਨਲ ਕਮਡਿਟੀ ਐਂਡ ਡੇਰੀਵੇਟਿਵ ਅਕਸਚੇਂਜ 'ਚ 40 ਫੀਸਦੀ ਦੀ ਹਿੱਸੇਦਾਰੀ ਹੈ।

**ਮਹਿੰਗਾਈ ਨਾਲ ਕਦਮ ਤਾਲ** - 1995 ਵਿਚ ਥੋਕ ਮੁੱਲ ਸੂਚਕਾਂਕ ਲਗਾਤਾਰ 18 ਹਫਤੇ ਤੱਕ ਦੋ ਅੰਕਾਂ ਵਿਚ ਰਿਹਾ। ਇਸ ਦੇ ਨਾਲ ਹੀ ਰਿਹਾਇਸ਼ੀ

ਕਰਜੇ, ਖਾਣ ਵਾਲੀ ਸਮੱਗਰੀ ਤੇ ਹੋਰ ਚੀਜ਼ਾਂ ਦੀਆਂ ਕੀਮਤਾਂ ਅਸਮਾਨ ਛੂਹਣ ਲੱਗੀਆਂ ਸਨ। ਰਿਹਾਇਸ਼ੀ ਕਰਜਾ ਹੀ ਲਓ, ਹੁਣ ਇਸ ’ਤੇ ਵਿਆਜ ਦਰ 15-16 ਫੀਸਦੀ ਸੀ ਜੋ ਮੌਜੂਦਾ ਦਰ (12-13 ਫੀਸਦੀ) ਵਧ ਹੈ। ਉਦੋਂ ਅੱਛੀ ਗੱਲ ਇਹੀ ਸੀ ਕਿ ਥੋਕ ਸੂਚਕਾਂਕ ਪੰਜ-ਛੇ ਮਹੀਨਿਆਂ ’ਚ 11.52 ਤੋਂ ਡਿੱਗ ਕੇ 8.2 ਤੱਕ ਆ ਗਿਆ ਸੀ। ਕੇਂਦਰ ’ਚ ਉਦੋਂ ਵੀ ਕਾਂਗਰਸ ਦੀ ਸਰਕਾਰ ਸੀ। ਹੁਣ ਉਸ ਤਰ੍ਹਾਂ ਦੇ ਹੀ, ਕਦਮ ਚੁੱਕਣ ਦੀ ਲੋੜ ਹੈ।

**ਜਮਾਖੋਰਾਂ ’ਤੇ ਲਗਾਮ ਕਸੀ ਜਾਵੇ** - ਮਹਿੰਗਾਈ ਹੋਰ ਨਾ ਵਧੇ ਇਸ ਲਈ ਜ਼ਰੂਰੀ ਹੈ ਕਿ ਦੇਸ਼ ’ਚ ਅਨਾਜ, ਦਾਲ, ਘੀ-ਤੇਲ ਤੇ ਰਸੋਈ ’ਚ ਕੰਮ ਆਉਣ ਵਾਲੀਆਂ ਸਾਰੀਆਂ ਚੀਜ਼ਾਂ ਦੀ ਉਪਲੱਭਤਾ ਖ਼ੂਬ ਬਣੀ ਰਹੇ, ਇਨ੍ਹਾਂ ਦੀ ਜਮ੍ਹਾਖੋਰੀ ਨਾ ਹੋਵੇ ਅਤੇ ਕੋਈ ਮੁਨਾਫਾਖੋਰੀ ਨਾ ਕਰੇ, ਇਸ ਲਈ ਵੱਡੀਆਂ ਵਿਵਸਥਾਵਾਂ ਕੀਤੀਆਂ ਜਾਣ। ਵਪਾਰ ਜਗਤ ਦੇ ਉਦਮੀਆਂ ਨੂੰ ਸਾਫ ਤਾਕੀਦ ਕੀਤੀ ਜਾਵੇ ਕਿ ਅਜਿਹਾ ਹੋਣ ਦੀ ਸੂਰਤ ’ਚ ਉਹ ਬਚ ਨਹੀਂ ਸਕਣਗੇ। ਕਾਰੋਬਾਰੀਆਂ ਨੂੰ ਜਿਉਂ ਹੀ ਇਉਂ ਲੱਗਣ ਲੱਗੇਗਾ ਕਿ ਸਰਕਾਰਾਂ ਨਾ ਸਿਰਫ ਲੋਕਾਂ ਨੂੰ ਤਹਿ ਕੀਮਤ ਤੇ ਜ਼ਰੂਰੀ ਖਪਤਕਾਰੀ ਚੀਜ਼ਾਂ ਮੁਹੱਈਆ ਕਰਵਾਏਗੀ ਬਲਕਿ ਮੁਨਾਫਾਖੋਰਾਂ ਤੇ ਜਮਾਂਖੋਰਾਂ ਨੂੰ ਸਖਤ ਸਜ਼ਾ ਵੀ ਦੇਵੇਗੀ ਤਾਂ ਮਹਿੰਗਾਈ ਦੇ ਸੂਚਕਾਂਕ ਦਾ ਗ੍ਰਾਫ ਹੇਠ ਆਉਣ ਲੱਗੇ।

**ਜਨਤਕ ਵੰਡ ਪ੍ਰਣਾਲੀ** - ਗੁਜਰਾਤ ’ਚ ਸਸਤੇ ਭਾਅ ਦੀਆਂ ਦੁਕਾਨਾਂ (FPS) ਮਾਡਲ ਕੇਂਦਰ ਵਜੋਂ ਨਵੀਂ ਪਹਿਚਾਣ ਦਿੱਤੀ ਹੈ। ਰਾਜ ’ਚ 3757 ਐਫ ਪੀ ਐਸ ਮਾਡਲ ਸੈਂਟਰ ਹਨ। ਇਥੋਂ ਰਸੋਈ ਗੈਸ, ਮੋਬਾਇਲ, ਸਿਮ ਕਾਰਡ, ਤੇ ਪੋਸਟਲ ਸਮੱਗਰੀ ਆਦਿ ਮਿਲਦੀ ਹੈ। ਇਸ ਨਾਲ ਰਾਸ਼ਣ ਦੀਆਂ ਦੁਕਾਨਾਂ ਮੁੜ ਸੁਰਜੀਤ ਹੋਈਆਂ ਹਨ। ਲੋਕਾਂ ਨੂੰ ਮਹਿੰਗਾਈ ਦੀ ਮਾਰ ਤੋਂ ਬਚਾਉਣ ਲਈ ਤਾਮਿਲਨਾਡੂ ਸਰਕਾਰ ਨੇ ਜਨਤਕ ਵੰਡ ਪ੍ਰਣਾਲੀ ਰਾਹੀਂ ਦਾਲ, ਆਟਾ, ਤੇਲ ਦਿੱਤਾ ਹੈ।

# ਕੀ ਬੇਲਗਾਮ ਹੈ ਬਜਰੰਗ ਦਲ?

ਜਦ ਕਾਂਗਰਸ ਨੇ ਸਾਲ 1992 ਵਿਚ ਬਜਰੰਗ ਦਲ ਦੀ ਪੂਛ 'ਤੇ ਕੱਪੜਾ ਲਪੇਟਿਆ ਸੀ ਤੇ ਸਮਾਜਵਾਦੀ ਪਾਰਟੀ ਨੇ ਉਸ ਵਿਚ ਅੱਗ ਲਾਈ ਸੀ, ਉਨ੍ਹਾਂ ਨੂੰ ਉਦੋਂ ਹੀ ਇਹ ਸੋਚ ਲੈਣਾ ਚਹੀਦਾ ਸੀ ਕੀ ਇਸ ਜਲਦੀ ਪੂਛ ਨਾਲ ਅਸੀਂ ਕੀ ਕਰਾਂਗੇ। ਬਜਰੰਗ ਦਲ ਦੇ ਪਹਿਲੇ ਪ੍ਰਧਾਨ ਤੇ ਭਾਜਪਾ ਨੇਤਾ ਵਿਨੈ ਕਟਿਆਰ ਨੇ ਹਾਲ ਹੀ 'ਚ ਇਹ ਵਿਚਾਰ ਜਤਾਉਂਦੇ, ਬਿਨਾਂ ਵਿਸਥਾਰ 'ਚ ਗਏ ਬਹੁਤ ਕੁਝ ਕਹਿ ਦਿੱਤਾ। ਹਾਂ ਉਹ ਇਨ੍ਹਾਂ ਸਪੱਸ਼ਟ ਕਰਨਾ ਭੁੱਲ ਗਏ ਕਿ ਹਨੂੰਮਾਨ ਨੇ ਸੀਤਾ ਦੀ ਰਾਖੀ ਲਈ ਸਮੁੰਦਰ ਪਾਰ ਰਾਵਣ ਦੀ ਲੰਕਾ 'ਚ ਅੱਗ ਲਾਈ ਸੀ ਜਦਕਿ ਬਜਰੰਗ ਦਲ ਅਬਲਾ 'ਨੱਨਾ' ਤੇ ਬੇਸਹਾਰਾ ਇਸਾਈਆਂ ਅਤੇ ਇਸ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਆਪਣੇ ਹੀ ਦੇਸ਼ ਦੇ ਨਾਗਰਿਕਾਂ ਦੀ ਜਿੰਦਗੀ ਨੂੰ ਫੂਕਦਾ ਹੋਇਆ ਸਮਾਜ ਵਿਚ ਅੱਗ ਲਾ ਰਿਹਾ ਹੈ। ਆਪਣੀ ਸਥਾਪਤ ਦੀ ਵਰ੍ਹੇਗੰਢ ਮਨਾ ਰਹੇ ਬਜਰੰਗ ਦਲ ਨੇ ਹਾਲ ਦੀਆਂ ਆਪਣੀਆਂ ਹਿੰਸਕ ਘਟਨਾਵਾਂ ਨਾਲ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਥਿਤੀ ਇਨੀ ਵਿਗੜ ਚੁੱਕੀ ਹੈ ਕਿ ਹੁਣ ਉਸ ਦੀ ਤੁਲਨਾ ਅੱਤਵਾਦੀ ਜਥੇਬੰਦੀ 'ਸਿਮੀ' ਨਾਲ ਕਰਦਿਆਂ ਉਸ 'ਤੇ ਪਾਬੰਦੀ ਦੀ ਮੰਗ ਕੇਂਦਰੀ ਮੰਤਰੀ ਮੰਡਲ 'ਚ ਉੱਠੀ ਹੈ। ਇਥੇ 'ਸਿਮੀ' ਅੱਤਵਾਦੀ ਘਟਨਾਵਾਂ ਦੀ ਸਿੱਧੀ ਜ਼ਿੰਮੇਵਾਰੀ ਲੈਣ ਤੋਂ ਟਲਦੀ ਹੈ ਉਥੇ ਬਜਰੰਗ ਦਲ ਦੇ ਨੇਤਾ ਨੇ ਛਾਤੀ ਠੋਕ ਕੇ ਇਸਾਈਆਂ 'ਤੇ ਹੋ ਰਹੇ ਹਮਲਿਆਂ ਦੀ ਜ਼ਿੰਮੇਵਾਰੀ ਲੈਣ ਦੇ ਨਾਲ ਨਾਲ ਉਨ੍ਹਾਂ ਨੂੰ ਜਨਤਕ ਤੌਰ 'ਤੇ ਧਮਕਾ ਵੀ ਰਹੇ ਹਨ। ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਹੋਏ ਇਸਾਈ ਵਿਰੋਧੀ ਦੰਗਿਆਂ ਲਈ ਜ਼ਿੰਮੇਵਾਰ ਠਹਿਰਾਏ ਜਾਣ ਵਾਲੇ ਬਜਰੰਗ ਦਲ ਦਾ ਆਰ. ਐਸ. ਐਸ. ਨਾਲ ਸਿੱਧਾ ਸਬੰਧ ਹੈ। ਦੇਸ਼ 'ਚ 18 ਲੱਖ ਸੋਇੰਮ ਸੇਵਕ ਤੇ 40000 ਸ਼ਾਖਾਵਾਂ ਦਾ ਜਾਲ ਹੋਣ ਦਾ ਦਾਅਵਾ ਕਰਨ ਵਾਲੇ ਸੰਘ ਦੇ ਸਹਿਯੋਗੀ ਸੰਗਠਨ ਹਿੰਦੂ ਵਿਸ਼ਵ ਪ੍ਰੀਸ਼ਦ ਨੇ ਨਾਲ 1984 'ਚ ਰਾਮ ਜਨਮ ਭੂਮੀ ਅੰਦੋਲਨ ਲਈ ਸ਼ੁਰੂ ਕੀਤੀ ਰਾਮ ਜਾਨਕੀ ਯਾਤਰਾ ਦੌਰਾਨ ਸੁਰੱਖਿਆ ਮੁਹੱਈਆ ਕਰਨ ਦੇ ਨਾਲ ਹੀ ਬਜਰੰਗ ਦਾ ਦਾ ਗਠਨ ਕੀਤਾ ਸੀ। ਬਾਅਦ 'ਚ ਇਹ ਸੰਗਠਨ ਏਨਾ ਸ਼ਕਤੀਸ਼ਾਲੀ ਹੋ ਗਿਆ ਕਿ ਖ਼ੁਦ ਨੂੰ ਹਿੰਦੂਆਂ ਦੀ ਰਾਖੀ ਦਾ ਠੇਕੇਦਾਰ ਐਲਾਨਣ ਦੇ ਨਾਲ ਹੀ ਉਸ ਨੇ ਹੋਰ ਧਰਮਾਂ 'ਚ ਆਸਥਾ ਰੱਖਣ ਵਾਲਿਆਂ ਦੀ ਜਿੰਦਗੀ ਅਸੁਰੱਖਿਅਤ ਬਣਾਉਣੀ ਸ਼ੁਰੂ ਕਰ ਦਿੱਤੀ। ਹਿੰਦੂਤਵ ਨੂੰ ਧਰਮ ਨਹੀਂ ਆਪਣੀ ਵਿਚਾਰਧਾਰਾ ਦੱਸਣ ਵਾਲੇ ਵਿਹਿਪ ਨੇਤਾ ਤੇ ਬਜਰੰਗ ਦਲ ਦੇ ਸਾਬਕਾ ਸੰਯੋਜਕ ਡਾਃ ਸੁਰਿੰਦਰ ਜੈਨ ਦਾ ਦਾਅਵਾ ਹੈ ਕਿ ਭਾਰਤ ਵਿਚ ਜਨਮੇ ਧਰਮ ਬੁੱਧ, ਜੈਨ ਤੇ ਹਿੰਦੂਤਵ ਦੀਆਂ ਹੀ ਸ਼ਾਖਾਵਾਂ ਹਨ ਜਦਕਿ ਵਿਦੇਸ਼ 'ਚ ਜਨਮੇ ਧਰਮ ਇਸਲਾਮ ਤੇ ਇਸਾਈ ਹਿੰਦੂਤਵ ਤੋਂ ਪਰ੍ਹੇ ਹਨ।

ਹਿੰਦੂਤਵ ਸਾਡੀ ਵਿਚਾਰਧਾਰਾ ਹੈ। ਇਹ ਧਰਮ ਨਹੀਂ ਬਲਕਿ ਰਾਜਸੀ ਸੋਚ ਹੈ। ਜੋ ਵੀ ਵਿਅਕਤੀ ਭਾਰਤ ਨੂੰ ਆਪਣੀ ਪਿੱਤਰ ਭੂਮੀ ਤੇ ਪੁੰਨ ਭੂਮੀ ਮੰਨਣ ਲਈ ਤਿਆਰ ਹੈ, ਉਹੀ ਅਸਲ 'ਚ ਹਿੰਦੂ ਹੈ। ਉਹ ਇਹ ਗੱਲ ਛਪਾ ਜਾਂਦੇ ਹਨ ਕਿ ਜੋ ਹਿੰਦੂ ਨਹੀਂ; ਉਸ ਨੂੰ ਉਹ ਦੇਸ਼ ਦਾ ਨਾਗਰਿਕ ਨਹੀਂ ਮੰਨਦੇ, ਗੈਰ ਹਿੰਦੂਆਂ ਨੂੰ ਆਪਣੀ

ਨਫ਼ਰਤ ਦਾ ਨਿਸ਼ਾਨਾ ਬਣਾਉਣ ਦੀ ਵਜ੍ਹਾ ਸ਼ਾਇਦ ਇਹੀ ਹੈ। ਬਜਰੰਗ ਦਲ ਕਿੰਨਾ ਦੁਸਾਹਸੀ ਹੋ ਚੁੱਕਿਆ ਹੈ ਕਿ ਇਸ ਦਾ ਅਨੁਮਾਨ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ 23 ਅਗਸਤ ਨੂੰ ਕੰਧਮਾਲ (ਉੜੀਸਾ) 'ਚ ਹੋਈ ਸੁਆਮੀ ਲਛਮਣਾਨੰਦ ਦੀ ਹੱਤਿਆ ਲਈ ਉਸ ਨੇ ਬੈਟੀਕਲਾ ਕੈਥੋਲਿਕ ਮੰਡਲੀ ਦੇ ਰੇਵਰੇਂਡ ਫਾਦਰ ਪ੍ਰਫੂਲ ਕੁਮਾਰ ਨੂੰ ਹੀ ਉਸ ਦੀ ਹੱਤਿਆ ਰਚਨਾ ਦਾ ਜ਼ਿੰਮੇਵਾਰ ਠਹਿਰਾ ਦਿੱਤਾ।

ਇਹ ਮੰਨਣ ਦੇ ਬਾਵਜੂਦ ਕਿ ਉੜੀਸਾ ਦੇ ਕਾਨੂੰਨ ਅਨੁਸਾਰ ਪਿਛਲੇ ਢਾਈ ਦਹਾਕਿਆਂ 'ਚ ਉਥੇ ਸਿਰਫ ਚਾਰ ਲੋਕਾਂ ਨੇ ਹੀ ਇਸਾਈ ਹੋਣ ਦੀ ਗੱਲ ਕਬੂਲੀ ਹੈ। ਬਜਰੰਗ ਦਲ ਦਾ ਦਾਅਵਾ ਹੈ ਕਿ ਇਸ ਦੌਰਾਨ ਉਥੋਂ ਦੇ ਇਸਾਈ 6 ਫੀਸਦੀ ਤੋਂ ਵਧ ਕੇ 27 ਫੀਸਦੀ ਹੋ ਗਏ। ਵਿਹਿਪ ਦੇ ਆਗੂ ਅਸ਼ੋਕ ਸਿੰਘਲ ਤਾਂ ਦੋ ਕਦਮ ਹੋਰ ਅੱਗੇ ਵਧ ਕੇ ਇਹ ਦਾਅਵਾ ਵੀ ਕਰ ਰਹੇ ਹਨ ਕਿ ਸੁਆਮੀ ਜੀ ਦੀ ਹੱਤਿਆ ਦੀ ਸਾਜ਼ਿਸ ਰਚਨ ਲਈ ਚਰਚ ਦੇ ਅਹੁਦੇਦਾਰਾਂ ਨੇ ਜੋ ਮੀਟਿੰਗ ਬੁਲਾਈ, ਉਸ 'ਚ ਬਕਾਇਦਾ ਲਿਖਤੀ ਰੂਪ 'ਚ ਇਹ ਫੈਸਲਾ ਦਰਜ ਕੀਤਾ ਗਿਆ। ਭਗਵਾਂ ਪ੍ਰੀਵਾਰ ਦਾ ਇਹ ਹਮਲਾ ਨੌਜਵਾਨ ਜਥੇਬੰਦੀ ਜਾਣਦੀ ਹੈ ਕਿ ਇਸ ਸਮੇਂ ਹਿੰਦੂਤਵ ਖਤਰੇ ਵਿਚ ਹੈ। ਇਸਾਈ ਵੱਡੀ ਗਿਣਤੀ ਵਿਚ ਧਰਮ ਬਦਲੀ ਕਰਵਾ ਰਹੇ ਹਨ। ਮੁਸਲਮਾਨ ਜੇਹਾਦ ਵਿਚ ਲੱਗੇ ਹੋਏ ਹਨ, ਇਸ ਨੂੰ ਵੇਖਦਿਆਂ ਹਿੰਦੂਤਵ ਨੂੰ ਬਚਾਉਣ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੀ ਹੋ ਜਾਂਦੀ ਹੈ। ਜਦ ਕਿ ਅੰਕੜੇ ਕੁਝ ਹੋਰ ਵੀ ਹੋ ਦੱਸਦੇ ਹਨ। ਸੰਨ 1961 'ਚ ਇਸਾਈ ਕੁਝ ਅਬਾਦੀ ਦਾ 2.44 ਫੀਸਦੀ ਸਨ, ਸਾਲ 1971 'ਚ 2.59, ਸਾਲ 1981 'ਚ 2.45, ਸਾਲ 1991 'ਚ 2.32 ਅਤੇ 2001 'ਚ 2.30 ਫੀਸਦੀ ਹੀ ਰਹਿ ਗਏ। ਅੰਕੜੇ ਖੁਦ ਸਾਬਤ ਕਰਦੇ ਹਨ ਕਿ ਇਸਾਈਆਂ ਦੀ ਗਿਣਤੀ ਵਧਣ ਦੀ ਬਜਾਏ, ਥੋੜ੍ਹੀ ਜਿਹੀ ਘੱਟ ਹੀ ਰਹੀ ਹੈ। ਇਸ ਦੇ ਬਾਵਜੂਦ ਇਸਾਈ ਮਿਸ਼ਨਰੀਆਂ 'ਤੇ ਧਰਮ ਬਦਲੀ ਦਾ ਦੋਸ਼ ਲਾਉਂਦਿਆਂ ਉਸ ਨੂੰ ਆਪਣੀ ਹਿੰਸਾ ਦਾ ਨਿਸ਼ਾਨਾ ਬਣਾਉਂਦਾ ਆ ਰਿਹਾ ਹੈ। ਸ਼ਿਲਾ ਪੂਜਣ ਤੇ ਬਾਬਰੀ ਮਸਜਿਦ ਢਹਿ ਢੇਰੀ ਕਰਨ 'ਚ ਅਹਿਮ ਭੂਮਿਕਾ ਅਦਾ ਕਰਨ ਪਿੱਛੋਂ ਤਾਂ ਬਜਰੰਗ ਦਲ ਏਨਾ ਹੌਸਲਾ ਫੜ ਗਿਆ ਹੈ ਕਿ ਉਸ ਦੇ ਅਹੁਦੇਦਾਰ ਦਾਰਾ ਸਿੰਘ ਨੇ ਜਨਵਰੀ 1999 'ਚ ਇਸਾਈ ਮਿਸ਼ਨਰੀ ਗ੍ਰਾਹਮ ਸਟੇਂਸ ਤੇ ਉਸ ਦੇ ਦੋ ਬੇਟਿਆਂ ਨੂੰ ਜਿੰਦਾ ਜਲਾ ਕੇ ਪੂਰੇ ਦੇਸ਼ ਅਤੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਫਿਰ ਵਾਰੀ ਆਈ ਗੁਜਰਾਤ ਦੇ ਦੰਗਿਆਂ ਦੀ। ਗੋਧਰਾ 'ਚ ਸਾਲ 2002 'ਚ ਰੇਲਗੱਡੀ 'ਚ ਹੋਏ ਅਗਨੀ ਕਾਂਡ ਪਿੱਛੋਂ ਬਜਰੰਗ ਦਲ ਨੇ ਨਿਰਦੋਸ਼ ਮੁਸਲਮਾਨਾਂ ਨੂੰ ਦੱਬ ਕੇ ਆਪਣਾ ਨਿਸ਼ਾਨਾ ਬਣਾਇਆ। 'ਸੇਵਾ, ਸੁਰੱਖਿਆ ਤੇ ਸੰਸਕ੍ਰਿਤੀ' ਨੂੰ ਆਪਣਾ ਮੂਲ ਮੰਤਰ ਦੱਸਣ ਵਾਲੇ ਬਜਰੰਗ ਦਲ ਦੇ ਵਰਕਰ ਪਹਿਲੀ ਵਾਰੀ ਨਾਦੇੜ ਵਿਚ ਅਪ੍ਰੈਲ 2006 'ਚ ਬੰਬ ਬਣਾਉਂਦੇ ਹੋਏ ਮਾਰੇ ਗਏ। ਇਨ੍ਹਾਂ ਲੋਕਾਂ 'ਤੇ 2003 'ਚ ਪ੍ਰਭਾਨੀ ਮਸਜਿਦ 'ਚ ਬੰਬ ਧਮਾਕੇ ਕਰਨ ਦਾ ਸ਼ੱਕ ਸੀ। ਕਾਨਪੁਰ 'ਚ ਬਜਰੰਗ ਦਲ ਦੇ ਦੋ ਵਰਕਰ ਉਦੋਂ ਮਾਰੇ ਗਏ ਜਦੋਂ ਉਹ ਬੰਬ ਬਣਾ ਰਹੇ ਸਨ। ਬੀਤੀ 25 ਅਗਸਤ ਨੂੰ ਹੋਏ ਬੰਬ ਵਿਸਫੋਟ ਦੀ ਜਾਂਚ ਅੱਗੇ ਨਹੀਂ ਵਧ ਸਕੀ ਹੈ। ਹਰ ਮੁਸਲਮਾਨ ਨੂੰ ਆਈ. ਐੱਸ. ਆਈ. ਦਾ ਏਜੰਟ ਮੰਨਣ ਵਾਲੇ ਬਜਰੰਗ ਦਲ ਦਾ ਦਾਅਵਾ ਹੈ ਕਿ ਉਹੀ ਹਿੰਦੂ ਹਿਤਾਂ ਦੀ ਰਾਖੀ ਕਰ ਸਕਦਾ ਹੈ। ਉਹ ਹਿੰਦੂਆਂ ਦੀ ਹਰ ਸਮੱਸਿਆ ਦਾ ਹੱਲ ਕੱਢਣ ਲਈ ਪ੍ਰਤੀਬੱਧ ਹੈ। ਇਨ੍ਹਾਂ ਸਮੱਸਿਆਵਾਂ 'ਚ ਅੱਤਵਾਦ

ਤੋਂ ਲੈ ਕੇ ਬੰਗਾਲਦੇਸ਼ੀ ਘੁਸਪੈਠ ਤੱਕ ਸ਼ਾਮਲ ਹੈ। ਕਿਉਂਕਿ ਸਰਕਾਰ ਦੇਸ਼ ਦੇ ਹਿੱਤਾਂ ਦੀ ਰਾਖੀ ਕਰਨ 'ਚ ਨਾਕਾਮ ਰਹੀ ਹੈ। ਇਸ ਲਈ ਉਹੀ ਇਕੋ ਇਕ ਰੱਖਿਅਕ ਹੈ। ਬਜਰੰਗ ਦਲ ਦੇ ਕੌਮੀ ਸੰਯੋਜਕ ਪ੍ਰਕਾਸ਼ ਸ਼ਰਮਾ ਦਾ ਕਹਿਣਾ ਹੈ ਕਿ ਜਿਵੇਂ ਕਿ ਹਨੂੰਮਾਨ ਨੂੰ ਬੰਨਣਾ ਮੁਸ਼ਕਿਲ ਹੈ, ਕੁਝ ਉਹੋ ਜਿਹੀ ਸਥਿਤੀ ਹੀ ਬਜਰੰਗ ਦਲ ਦੀ ਹੈ ਇਹ ਸੁਆਲ ਸੁਭਾਵਕ ਹੀ ਉੱਠਦਾ ਹੈ ਕਿ ਜਦ ਇਹ ਸੰਗਠਨ ਇਸਾਈਆਂ 'ਤੇ ਉਨ੍ਹਾਂ ਦੇ ਧਾਰਮਕ ਸਥਾਨਾਂ 'ਤੇ ਹਮਲੇ ਕਰਨ ਦੇ ਨਾਲ, ਬਲਾਤਕਾਰ ਤੋਂ ਲੈ ਕੇ ਕਤਲ ਤੱਕ ਦੇ ਕੇਸਾਂ 'ਚ ਸ਼ਾਮਲ ਹੋਵੇ ਤਾਂ ਉਸ 'ਤੇ ਪਾਬੰਦੀ ਕਿਉਂ ਨਹੀਂ ਲਾਈ ਜਾ ਰਹੀ ਹੈ। ਇਕ ਧਿਆਨ ਦੇਣ ਵਾਲੀ ਗੱਲ ਹੈ ਕਿ ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੀ ਕਿਉਂ ਨਾ ਹੋਵੇ। ਇਸ ਪ੍ਰਤੀ ਸਭ ਦਾ ਰਵਈਆ ਬੇਹੱਦ ਨਰਮ ਰਿਹਾ ਹੈ। ਉਤਰ ਪ੍ਰਦੇਸ਼ 'ਚ ਬਸਪਾ ਦੀ ਸਰਕਾਰ ਨੇ ਇਸ ਸੰਗਠਨ ਦੇ ਵਰਕਰਾਂ ਵੱਲੋਂ ਬੰਬ ਬਣਾਉਂਦਿਆਂ ਮਾਰੇ ਜਾਣ ਦੇ ਬਾਵਜੂਦ ਕਾਰਵਾਈ ਤੇ ਜਾਂਚ ਅੱਗੇ ਨਹੀਂ ਵਧਾਈ। ਉੜੀਸਾ ਵਿਚ ਬੀਜੂ ਜਨਤਾ ਦਲ ਦੀ ਸਰਕਾਰ ਹੈ। ਉਥੇ ਵੀ ਮੁੱਖ ਮੰਤਰੀ ਨੇ ਇਸ ਸੰਗਠਨ ਨੂੰ ਕੱਟੜ ਦੱਸਿਆ ਪਰ ਕਾਰਵਾਈ ਕੋਈ ਨਹੀਂ ਕੀਤੀ। ਭਾਜਪਾ ਹਕੂਮਤ ਵਾਲੇ ਕਰਨਾਟਕਾ 'ਚ ਇਸ ਪ੍ਰਤੀ ਨਰਮੀ ਸੁਭਾਵਿਕ ਸੀ ਜਿਥੇ ਹਿੰਸਾ ਦਾ ਵਿਰੋਧ ਕਰਨ ਵਾਲੇ ਇਸਾਈਆਂ ਖਿਲਾਫ ਗੈਰ-ਜਮਾਨਤੀ ਧਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਹਨ, ਉਥੇ ਪੁਲਸ ਨੇ ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਲੈਣ ਵਾਲੇ ਬਜਰੰਗ ਦਲ ਦੇ ਰਾਜ ਦੇ ਸੰਬੋਜਕ ਮਹਿੰਦਰ ਕੁਮਾਰ ਖਿਲਾਫ ਇਨ੍ਹਾਂ ਕਮਜ਼ੋਰ ਕੇਸ ਬਣਾਇਆ ਕਿ ਕੁਝ ਦਿਨਾਂ 'ਚ ਹੀ ਉਸ ਦੀ ਜਮਾਨਤ ਹੋ ਗਈ। ਹਾਲਾਤ ਇੰਨੇ ਚਿੰਤਾਜਨਕ ਹਨ ਕਿ ਕੈਬਨਿਟ ਦੀ ਮੀਟਿੰਗ 'ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਹਾਜਰੀ 'ਚ ਸਹਿਯੋਗੀ ਪਾਰਟੀਆਂ ਦੇ ਉਚ ਮੰਤਰੀਆਂ ਵੱਲੋਂ ਇਸ 'ਤੇ ਪਾਬੰਦੀ ਲਾਏ ਜਾਣ ਦੀ ਮੰਗ ਦੇ ਬਾਵਜੂਦ ਗ੍ਰਹਿ ਮੰਤਰਾਲਾ ਤੇ ਗ੍ਰਹਿ ਮੰਤਰੀ ਹੱਥ ਤੇ ਹੱਥ ਧਰ ਕੇ ਬੈਠੇ ਰਹੇ। ਸ਼ਿਵਰਾਜ ਪਾਟਿਲ ਅਨੁਸਾਰ ਬਜਰੰਗ ਦਲ ਦੀ ਸਿਮੀ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਬਜਰੰਗ ਦਲ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਕੰਮ ਨਾ ਕਰੇ। ਦੂਜੇ ਪਾਸੇ ਕਾਨੂੰਨਾਂ ਦੇ ਮਾਹਰਾਂ ਦੀ ਰਾਇ ਹੈ ਕਿ ਜੇ ਸਰਕਾਰ ਦੀ ਇੱਛਾ ਸ਼ਕਤੀ ਹੋਵੇ ਤਾਂ ਬਜਰੰਗ ਦਲ 'ਤੇ ਤੁਰੰਤ ਪਾਬੰਦੀ ਲੱਗ ਸਕਦੀ ਹੈ। ਗੈਰ ਕਾਨੂੰਨੀ ਸਰਗਰਮੀਆਂ (ਰੋਕਥਾਮ) ਕਾਨੂੰਨ 1967 'ਚ ਇਸ ਲਈ ਸਪੱਸ਼ਟ ਵਿਵਸਥਾ ਹੈ। ਖੁਦ ਨੂੰ ਦੇਸ਼ਭਗਤ ਤੇ ਕੌਮਵਾਦੀ ਹੋਣ ਦਾ ਦਾਅਵਾ ਕਰਨ ਵਾਲੇ ਜੇ ਕੋਈ ਸੰਗਠਨ ਧਰਮ ਜਾਤੀ ਜਾਂ ਨਸਲ ਦੇ ਅਧਾਰ ਤੇ ਫਿਰਕਾਪ੍ਰਸਤ ਦੰਗੇ ਭੜਕਾਏ ਤਾਂ ਉਸ ਉਪਰ ਪਾਬੰਦੀ ਲੱਗਣੀ ਚਾਹੀਦੀ ਹੈ। ਗ੍ਰਾਹਮ ਸਟੇਂਸ ਦੀ ਹੱਤਿਆ ਤੋਂ ਲੈ ਕੇ ਹੁਣ ਦੀ ਹਿੰਸਾ 'ਚ ਬਜਰੰਗ ਦਲ ਦੀ ਜੋ ਭੂਮਿਕਾ ਰਹੀ ਹੈ। ਉਹ ਉਸ ਖਿਲਾਫ ਕਾਰਵਾਈ ਕੀਤੇ ਜਾਣ ਲਈ ਕਾਨੂੰਨ ਕਾਫੀ ਹਨ। ਬਾਬਰੀ ਮਸਜਿਦ ਢਾਹੇ ਜਾਣ ਵੇਲੇ ਸੰਘ, ਵਿਹਿਪ ਦੇ ਨਾਲ ਨਾਲ ਬਜਰੰਗ ਦਲ 'ਤੇ ਵੀ ਪਾਬੰਦੀ ਲਗਾਈ ਗਈ ਸੀ।

# ਨਫਰਤ ਦੀ ਰਾਜਨੀਤੀ ਤੇ ਗੁੰਡਾ ਰਾਜ

22 ਅਕਤੂਬਰ ਦੁਪਹਿਰ ਪਿੱਛੋਂ ਮੁੰਬਈ ਦੀ ਕਲਿਆਣ ਕੋਰਟ ਦੇ ਬਾਹਰ ਰਾਜ ਠਾਕਰੇ ਦੇ ਵਕੀਲ ਮੀਡੀਆ ਨਾਲ ਮੁਖਾਤਿਬ ਸਨ। ਰਾਜ ਠਾਕਰੇ ਨੂੰ ਕਲਿਆਣ ਅਦਾਲਤ ਤੋਂ ਅੰਤ੍ਰਿਮ ਅਗੇਰਲੀ ਜਮਾਨਤ ਮਿਲ ਗਈ ਸੀ। 'ਰਾਜ ਸਾਹਿਬ ਨੂੰ 24 ਤਰੀਕ ਤੱਕ ਕੋਈ ਪੁਲਸ ਗ੍ਰਿਫਤਾਰ ਨਹੀਂ ਕਰ ਸਕਦੀ ਤੇ ਉਹ ਅੱਜ ਹੀ ਦਿਵਾਲੀ ਧੂਮ ਧੜੱਕੇ ਨਾਲ ਮਨਾਉਣਗੇ।' ਇਹ ਉਸ ਬੰਦੇ ਦੇ ਵਕੀਲ ਦਾ ਬਿਆਨ ਸੀ ਜਿਸ ਕਾਰਨ 19 ਤਰੀਕ ਪਿੱਛੋਂ ਮੁੰਬਈ ਤੇ ਮਹਾਰਾਸ਼ਟਰ ਦੇ ਕਈ ਹਿੱਸਿਆਂ ਵਿਚ ਅਸਾਂਤੀ ਫੈਲੀ ਤੇ ਜਿਸ ਦੀ ਪ੍ਰਤੀਕਿਰਿਆ ਕਾਰਨ ਪੂਰੇ ਬਿਹਾਰ ਤੇ ਹੋਰ ਇਲਾਕਿਆਂ ਵਿਚ ਹਿੰਸਕ ਘਟਨਾਵਾਂ ਘਟੀਆਂ। ਰਾਜ ਠਾਕਰੇ ਤੇ ਦਾਇਰ ਮੁਕੱਦਮਿਆਂ ਕਾਰਨ ਉਹ ਆਉਣ ਵਾਲੇ ਦਿਨਾਂ 'ਚ ਸੁਰਖੀਆਂ ਵਿਚ ਰਹਿਣਗੇ। ਜਮਾਨਤ ਮਿਲਣ ਪਿੱਛੋਂ ਇਕ ਪੁਲਸ ਅਧਿਕਾਰੀ ਨੇ ਉਨ੍ਹਾਂ ਦੀ ਕਾਰ ਦਾ ਦਰਵਾਜਾ ਖੋਲ੍ਹਿਆ। ਰਾਜਨੀਤੀ 'ਚ ਇਹ ਇਕ ਅਜਿਹੇ ਵਿਅਕਤੀ ਦਾ ਉਦੈ ਹੈ ਜਿਸ ਦਾ ਅੱਜ ਇਕ ਵੀ ਵਿਧਾਇਕ ਨਹੀਂ ਹੈ। ਆਉਣ ਵਾਲੇ ਦਿਨਾਂ 'ਚ ਇਹ ਸ਼ਿਵਸੈਨਾ ਦੇ ਵੋਟ ਬੈਂਕ 'ਚ ਸੰਨ੍ਹ ਲਾਉਣ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਦੀ ਪਾਰਟੀ ਮਨਸੇ ਦੇ ਵਰਕਰਾਂ ਦੀਆਂ ਕਰਤੂਤਾਂ ਦੀ ਵਜ੍ਹਾ ਕਾਰਨ ਗੁੰਡਾਰਾਜ, ਜੰਗਲ ਰਾਜ ਆਦਿ ਉਨ੍ਹਾਂ ਲਈ ਨਾਂ ਰੱਖੇ ਗਏ ਹਨ। ਇਸ ਤੋਂ ਠੀਕ ਇਕ ਦਿਨ ਪਹਿਲਾਂ 21 ਅਕਤੂਬਰ ਨੂੰ ਹੰਗਾਮਾ, ਪੱਥਰਬਾਜ਼ੀ, ਪੁਲਸ ਲਾਠੀਚਾਰਜ ਪਿੱਛੋਂ ਰਾਜ ਠਾਕਰੇ ਨੂੰ ਰਤਨ ਗਿਰੀ ਤੋਂ ਗ੍ਰਿਫਤਾਰ ਕਰਕੇ ਬ੍ਰਾਂਦਰਾ ਕੋਰਟ 'ਚ ਪੇਸ਼ ਕੀਤਾ ਗਿਆ ਸੀ। ਅਦਾਲਤ ਨੇ ਇਕ ਕੇਸ 'ਚ ਜਮਾਨਤ ਦਿੱਤੀ ਪਰ ਦੂਜੇ ਕੇਸ (ਰੇਲਵੇ ਬੋਰਡ ਦੇ ਪ੍ਰੀਖਿਆਰਥੀਆਂ 'ਤੇ ਹਮਲੇ ਨਾਲ ਸਬੰਧਤ) ਉਨ੍ਹਾਂ ਨੂੰ ਕਲਿਆਣ ਪੁਲਸ ਹਵਾਲੇ ਕਰ ਦਿੱਤਾ ਗਿਆ। ਇਸ ਪੂਰੀ ਘਟਨਾ ਨੇ ਦੇਸ਼ ਦੇ ਕਾਫੀ ਲੋਕਾਂ ਦਾ ਨੁਕਸਾਨ ਕੀਤਾ ਹੈ ਪਰ ਲਾਭ ਸਿਰਫ ਇਕ ਹੀ ਬੰਦੇ ਨੂੰ ਪਹੁੰਚਾਇਆ ਹੈ ਅਤੇ ਉਹ ਹੈ - ਰਾਜ ਠਾਕਰੇ। ਉਸ ਸਮੇਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਬਿਲਾਸਰਾਏ ਮੀਡੀਆ ਰਾਹੀਂ ਮੁੰਬਈ ਵਾਸੀਆਂ ਨੂੰ ਸੰਦੇਸ਼ ਦੇ ਰਹੇ ਸਨ - ਹਾਲਾਤ ਕਾਬੂ ਵਿਚ ਹਨ ਤੇ ਕਾਨੂੰਨ ਪ੍ਰਬੰਧ ਸਬੰਧੀ ਕਿਸੇ ਨੂੰ ਡਰਨ ਦੀ ਲੋੜ ਨਹੀਂ ਹੈ। ਇਸ ਤਰ੍ਹਾਂ ਦਾ ਦਾਅਵਾ ਉਪ ਮੁੱਖ ਮੰਤਰੀ ਤੇ ਰਾਜ ਦੇ ਗ੍ਰਹਿ ਮੰਤਰੀ ਵੀ ਕਰ ਰਹੇ ਸਨ। ਉਸੇ ਦਿਨ ਮੂੰਹ ਹਨੇਰੇ ਮਹਾਰਾਸ਼ਟਰ ਨਵ-ਨਿਰਮਾਣ ਸੈਨਾ (ਮਨਸੇ) ਦੇ ਨੇਤਾ ਰਾਜ ਠਾਕਰੇ ਨੂੰ ਰਤਨਗਿਰੀ ਤੋਂ ਗ੍ਰਿਫਤਾਰ ਕਰਕੇ ਮੁੰਬਈ ਲਿਜਾਇਆ ਜਾ ਰਿਹਾ ਸੀ। ਰਾਜ ਦੇ ਕਈ ਹਿੱਸਿਆਂ ਦੀ ਤੋੜ-ਭੰਨ ਦੀਆਂ ਖਬਰਾਂ ਆਉਣ ਲੱਗੀਆਂ। ਉਧਰ ਮੁਬੰਈ 'ਚ ਟੈਕਸੀਆਂ ਆਦਿ ਕਈ ਥਾਵਾਂ 'ਤੇ ਤੋੜੀਆਂ ਜਾ ਰਹੀਆਂ ਸਨ। ਲੋਕਾਂ 'ਤੇ ਹਮਲੇ ਹੋ ਰਹੇ ਸਨ। ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਸੀ। ਪ੍ਰਸ਼ਾਸ਼ਨ ਤੇ ਨੇਤਾਵਾਂ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਸਨ। ਕਾਨੂੰਨ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਸਨ। ਰਾਜ ਠਾਕਰੇ ਨੂੰ ਮੁੰਬਈ ਦੀ ਬਾਂਦਰਾ ਅਦਾਲਤ ਵਿਚ ਪੇਸ਼ ਕੀਤਾ ਜਾਣਾ ਸੀ। ਐਸਾ ਹੀ ਦ੍ਰਿਸ਼ ਅਗਲੇ ਦਿਨ ਯਾਨੀ 20 ਅਕਤੂਬਰ ਨੂੰ ਵੀ ਦੁਹਰਾਇਆ ਗਿਆ। ਕਲਿਆਣ 'ਚ ਕਰਫਿਊ ਲਗਾਇਆ ਗਿਆ ਧਾਰਾ 144 ਲਾਈ

ਗਈ। ਫਿਰ ਵੀ ਜਨਤਕ ਜਇਦਾਦ ਨੂੰ ਨੁਕਸਾਨ ਪਹੁੰਚਾਉਣ ਅਤੇ ਤੋੜ ਫੋੜ ਦੀਆਂ ਘਟਨਾਵਾਂ ਦੀ ਖਬਰਾਂ ਲਗਾਤਾਰ ਆਉਂਦੀਆਂ ਰਹੀਆਂ। ਕਲਿਆਣ ਕੋਰਟ ਦੇ ਫੈਸਲੇ ਨਾਲ ਫਰਵਰੀ ਦੇ ਉਸ ਵਾਕਿਆ ਦੀ ਯਾਦ ਵੀ ਸਭ ਨੂੰ ਹੋ ਗਈ ਜਦ ਕੁਝ ਹੀ ਘੰਟਿਆਂ ਦੀ ਗ੍ਰਿਫਤਾਰੀ ਪਿੱਛੋਂ ਰਾਜ ਠਾਕਰੇ ਨੂੰ ਜਮਾਨਤ ਮਿਲ ਗਈ। ਇਧਰ ਲੰਬੀ ਛੁੱਟੀ ਪਿੱਛੋਂ ਮੌਜੂਦਾ ਸੈਸ਼ਨ 'ਚ ਸੰਸਦ ਦੀ ਕਾਰਵਾਈ ਜਦ ਦੂਗੀ ਵਾਰੀ 20 ਅਕਤੂਬਰ ਨੂੰ ਸ਼ੁਰੂ ਹੋਈ ਤਦ ਬਾਟਲਾ ਹਾਊਸ ਇਨਕਾਊਂਟਰ ਕੇਸ ਅਤੇ ਰਾਜ ਠਾਕਰੇ ਸਮਰਥਕਾਂ ਵੱਲੋਂ ਰੇਲਵੇ ਬੋਰਡ ਪ੍ਰੀਖਿਆਰਥੀਆਂ ਦੀ ਬੀਤੀ 19 ਅਕਤੂਬਰ ਨੂੰ ਠਾਣੇ 'ਚ ਮਾਰਕੁਟ ਦਾ ਮਾਮਲਾ ਗਿਆ। ਉਸ ਪਿੱਛੋਂ ਇਹ ਮੁੱਦਾ ਸੰਸਦ 'ਚ ਛਾਇਆ ਰਿਹਾ। ਲਾਲੂ ਯਾਦਵ ਨੇ ਰਾਜ ਠਾਕਰੇ ਨੂੰ 'ਮੈਂਟਲ ਕੇਸ' ਕਰਾਰ ਦਿੱਤਾ।

ਜਾਣਕਾਰਾਂ ਅਨੁਸਾਰ ਰਾਜ ਦੇ ਦੇ ਦੋਨਾਂ ਹੱਥਾਂ ਵਿਚ ਲੱਡੂ ਹਨ। ਛੁਟੇ ਤਾਂ ਹੀਰੋ ਜੇਲ੍ਹ ਜਾਣ ਤਾਂ ਵੀ ਹੀਰੋ। ਆਪਣੇ ਚਾਚੇ ਤੋਂ ਵੱਖ ਹੋ ਕੇ ਉਨ੍ਹਾਂ ਦੀ 'ਮੁੰਬਈ' ਤੇ 'ਮਰਾਠੀ ਮਨੁੱਖ' ਦੀ ਵਿਚਾਰਧਾਰਾ ਨੂੰ ਬੇਹੱਦ ਹਮਲਾਵਰ ਢੰਗ ਨਾਲ ਅੱਗੇ ਵਧਾਉਣ ਵਾਲੇ ਰਾਜ ਦੀਆਂ ਪੰਜੇ ਉਂਗਲਾਂ ਘਿਉ ਵਿਚ ਹਨ। ਬਾਲਾ ਸਾਹਿਬ ਜਿਸ ਤਰ੍ਹਾਂ ਦੀ ਰਾਜਨੀਤੀ ਜੀਵਨ ਭਰ ਕਰਦੇ ਰਹੇ ਤੇ ਉਸ ਦੀ ਵਾਂਗਡੋਰ ਜਦ ਉਨ੍ਹਾਂ ਦੇ ਰਾਜ ਦੀ ਬਜਾਏ ਆਪਣੇ ਬੇਟੇ ਉਦਵ ਨੂੰ ਦਿੱਤੀ ਸੀ ਉਦੋਂ ਤੋਂ ਹੀ ਫੁੱਟ ਦਾ ਬੀਜ ਬੀਜਿਆ ਗਿਆ ਸੀ ਪਰ ਰਾਜ ਦੀ ਵਿਚਾਰਧਾਰਾ ਉਹੀ ਰਹੀ। ਉਸ ਦੌਰਾਨ ਲਾਲੂ ਵੀ ਬਿਹਾਰ ਦਾ ਰਾਜ ਭਾਗ ਗਵਾ ਬੈਠੇ। ਹੁਣ ਲਾਲੂ ਪ੍ਰਸ਼ਾਦ ਯਾਦਵ ਮਹਾਰਾਸ਼ਟਰ ਦੇ ਰਾਹੀਂ ਉਤਰ ਭਾਰਤੀਆਂ ਇਥੇ ਸਿਰਫ ਬਿਹਾਰੀ ਦੇ ਹਿੱਤ 'ਚ ਅਵਾਜ਼ ਉਠਾਉਂਦੇ ਹੋਏ ਆਪਣੇ ਖੁਸੇ ਹੋਏ ਜਨਤਕ ਅਧਾਰ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸੁਆਲ ਇਹ ਵੀ ਪੁੱਛਿਆ ਜਾ ਰਿਹਾ ਹੈ ਕਿ ਜਦ ਰੇਲਵੇ ਪ੍ਰੀਖਿਆ ਮੁੰਬਈ 'ਚ ਹੋਣੀ ਸੀ ਤਾਂ ਰੇਲਵੇ ਵੱਲੋਂ ਕੀ ਪ੍ਰਬੰਧ ਕੀਤੇ ਗਏ ਸਨ? ਕੀ ਲਾਲੂ ਸੱਚਮੁੱਚ ਏਨੇ ਕੱਚੇ ਖਿਡਾਰੀ ਹਨ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਪ੍ਰਤੀਕਿਰਿਆ ਦੀ ਆਸ ਨਹੀਂ ਸੀ। ਨਤੀਸ਼ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਹਕੂਮਤ ਬੇਹਤਰ ਚੱਲ ਰਹੀ ਹੈ। ਇਸ ਲਈ ਉਹ ਮਾਮਲੇ ਵਿਚ ਰਾਜਨੀਤੀ ਨਹੀਂ ਕਰਨਾ ਚਾਹੁੰਦੇ ਪਰ ਲਾਲੂ ਕਦੇ ਰਾਜ ਠਾਕਰੇ ਨੂੰ 'ਮੈਂਟਲ ਕੇਸ' ਜਾਂ ਉਨ੍ਹਾਂ ਦੇ ਘਰ ਮੂਹਰੇ ਛਠ ਪੂਜਾ ਕਰਨ ਦਾ ਕਹਿ ਕੇ ਸ਼ਰੇਆਮ ਚੁਣੌਤੀ ਦਿੰਦੇ ਹਨ। ਇਹ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦੀ ਇਕ ਤਸਵੀਰ ਹੈ। ਇਸ ਦੇ ਚਿਹਰੇ ਬਦਲਦੇ ਰਹਿੰਦੇ ਹਨ ਪਰ ਪ੍ਰੇਮ ਉਹੀ ਰਹਿੰਦਾ ਹੈ। ਇਸ ਪ੍ਰੇਮ 'ਚ ਕਦੀ 84 ਦੇ ਦੰਗੇ, ਕਦੀ ਗੋਖਮ, ਉਸ ਪਿੱਛੋਂ ਗੁਜਰਾਤ ਦੇ ਦੰਗੇ, ਕਈ ਮੁੰਬਈ ਦੇ ਦੰਗੇ, ਬਾਬਰੀ ਮਸਜਿਦ ਢਾਹੁਣੀ, ਘੱਟ ਗਿਣਤੀਆਂ 'ਤੇ ਹਮਲੇ। ਆਸਾਮ 'ਚ ਹਿੰਦੀ ਭਾਸ਼ੀਆਂ ਜਾਂ ਦਲਿਤ ਦੀ ਮਾਰ-ਕੁੱਟ ਤਾਂ ਕਦੀ ਮਹਾਰਾਸ਼ਟਰ ਵਿਚ ਉਤਰ ਭਾਰਤੀਆਂ 'ਤੇ ਹਮਲੇ- ਸੂਚੀ ਲੰਮੀ ਹੈ ਤੇ ਮਾਮਲੇ ਅਣ ਗਿਣਤ। ਸਾਡੇ ਦੇਸ਼ ਵਿਚ 'ਵਸੁਦੇਵ ਕੁਟੁਮਬਕਮ' ਦਾ ਵਿਚਾਰ ਸਦੀਆਂ ਤੋਂ ਰਿਹਾ ਹੈ। ਪਰ ਇਹ ਕੌੜਾ ਸੱਚ ਹੈ ਕਿ ਮਹਾਂਵੀਰ, ਬੁੱਧ ਦੀ ਧਰਤੀ 'ਤੇ ਬੰਦਾ ਬੰਦੇ ਨੂੰ ਨਫਰਤ ਕਰਦਾ ਹੈ। ਕਈ ਕਹਿੰਦੇ ਹਨ 1989 ਪਿੱਛੋਂ ਵੀ ਪੀ ਸਿੰਘ ਨੇ ਸਮਾਜ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ। ਅੱਜ ਧਰਮ ਜਾਤ ਦੇ ਨਾਂ 'ਤੇ ਫਸਾਦ ਕਰ ਰਹੇ ਹਾਂ। ਕੁਝ ਇਸ ਤਰ੍ਹਾਂ ਦਾ ਜ਼ਹਿਰ ਟੈਲੀਵਿਜਨ ਦੇ ਰਾਇਲਟੀ ਸੋਅ ਵੀ ਘੋਲ ਰਹੇ ਹਨ। ਇਨ੍ਹਾਂ ਘਟਨਾਵਾਂ ਦੇ ਭੜਕਨ ਨਾਲ ਰਾਜ ਠਾਕਰੇ, ਲਾਲੂ ਯਾਦਵ ਤੇ

ਮੀਡੀਆ ਦੇ ਕੁਝ ਸਮਾਚਾਰ ਚੈਨਲਾਂ ਨੂੰ ਲਾਭ ਹੋ ਰਿਹਾ ਹੈ। ਭਾਸ਼ਾ, ਧਰਮ ਤੇ ਫਿਰਕੇ ਦੇ ਨਾਂ 'ਤੇ ਰਾਜਨੀਤੀਕਰਨ ਵਾਲੇ ਇਕ ਪਾਸੇ ਤਾਂ ਹਾਕਮ ਜਮਾਤ ਦੂਜੇ ਪਾਸੇ- ਫਿਰਕਾਪ੍ਰਸਤਾਂ ਵਿਚਕਾਰ ਪਿਸਦੇ ਹਨ ਲੋਕ। ਆਮ ਰੋਟੀ ਰੋਜ਼ੀ ਚਲਾ ਰਹੇ ਮਜ਼ਦੂਰ, ਟੈਕਸੀ ਡਰਾਈਵਰ ਤੇ ਆਮ ਲੋਕ ਦੁੱਖ ਭੋਗਦੇ ਹਨ। ਦੇਸ਼ 'ਚ ਬਟਵਾਰੇ ਦਾ ਜ਼ਹਿਰ ਫੈਲਉਣ ਵਾਲੇ ਸ਼ਰੇਆਮ ਘੁੰਮਦੇ ਹਨ। ਉਹ ਭੜਕਾਊ ਭਾਸ਼ਣ ਦਿੰਦੇ ਤੇ ਸ਼ਰੇਆਮ ਦੰਗੇ ਕਰਾਉਂਦੇ ਹਨ। ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਮ ਕਰਨ ਵਾਲਿਆਂ ਖਿਲਾਫ ਤੇਜ਼ ਵਿਰੋਧ ਜਾਹਰ ਕਰਦਿਆਂ ਸੁਪਰੀਮ ਕੋਰਟ ਨੇ ਨਰਾਜ਼ਗੀ ਵੀ ਜਤਾਈ ਹੈ। ਪਰ ਰਾਜ ਠਾਕਰੇ ਤੇ ਪ੍ਰਸਾਸ਼ਨ ਨੇ ਤਾਂ ਇਸ ਤੋਂ ਕੋਈ ਸਬਕ ਨਹੀਂ ਸਿਖਿਆ। ਕਿਹਾ ਜਾਂਦਾ ਹੈ ਕਿ ਰਾਜ ਠਾਕਰੇ ਨੂੰ ਕਾਂਗਰਸ ਦੀ ਸ਼ਹਿ ਹਾਸਲ ਹੈ ਤੇ ਪਰਦੇ ਪਿੱਛੇ ਵੀ ਉਹੀ ਖੇਡ ਖੇਡ ਰਹੀ ਹੈ ਪਰ ਡਰ ਹੈ ਕਿ ਕਿਤੇ ਬਾਲ ਠਾਕਰੇ ਕਾਂਗਰਸ ਲਈ ਇਕ ਹੋਰ ਭਿੰਡਰਾਂਵਾਲਾ ਤਾਂ ਨਹੀਂ ਸਾਬਤ ਹੋਵੇਗਾ।

# ਹਿੰਦੂ ਵਿਆਹ ਕਾਨੂੰਨ ਅਤੇ ਰਿਸ਼ਤੇ?

ਜੇ ਆਪਾਂ ਇਕ ਸੂਚੀ ਤਿਆਰ ਕਰੀਏ ਕਿ ਕੋਈ ਜੋੜਾ ਸ਼ਾਦੀ ਕਿਉਂ ਕਰਦਾ ਹੈ, ਅਤੇ ਇਕ ਦੂਜੀ ਸੂਚੀ ਬਣਾਈਏ ਕਿ ਤਲਾਕ ਕਿਉਂ ਹੁੰਦਾ ਹੈ ਤਾਂ ਆਪਾਂ ਵੇਖਾਂਗੇ ਕਿ ਇਨ੍ਹਾਂ ਵਿਚੋਂ ਕੁਝ ਚੀਜ਼ਾਂ ਇਕ ਦੂਜੇ ਨਾਲ ਮੇਲ ਖਾਣਗੀਆਂ। ਸ਼ਾਦੀ ਤੇ ਤਲਾਕ ਸਬੰਧੀ ਇਹ ਚੁਟਕੀ ਲਈ ਸੀ ਕਿ ਵੀਹਵੀਂ ਸਦੀ ਦੇ ਮੁੱਖ ਅਮਰੀਕੀ ਪੱਤਰਕਾਰ ਮਿਗਨਨ ਮੈਕਲਗਿਲਨ ਨੇ। (ਮੈਕਲਗਿਲਨ ਦੀ ਮੌਤ 1983 ਵਿਚ ਹੋ ਗਈ ਸੀ) ਇਸ ਨਾਲ ਕੋਈ 25 ਸਾਲਾਂ ਬਾਅਦ ਭਾਰਤ ਦੀ ਸੁਪਰੀਮ ਕੋਰਟ ਨੇ ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਹ ਲੜੀ ’ਚ ਨਿਆਂਪਾਲਿਕਾ ਨੇ ਸਮਾਜਕ ਤੇ ਵਿਆਹ ਸੰਸਥਾਵਾਂ ਨਾਲ ਜੁੜੀਆਂ ਏਜੰਸੀਆਂ, ਜਿਸ ਵਿਚ ਕੇਂਦਰ ਤੇ ਸੁਬਾਈ ਸਰਕਾਰ ਵੀ ਸ਼ਾਮਲ ਹਨ, ਨੂੰ ਹਿੰਦੂ ਵਿਆਹ ਕਾਨੂੰਨ ’ਤੇ ਮੁੜ-ਵਿਚਾਰ ਕਰਨ ਅਤੇ ਜਿਸ ਤਰ੍ਹਾਂ ਇਸ ਕਾਨੂੰਨ ਦਾ ਮਤਬਲ ਕੱਢਿਆ ਜਾ ਰਿਹਾ ਹੈ, ਉਸ ’ਤੇ ਨਜ਼ਰ ਮਾਰਨ ਲਈ ਮਜ਼ਬੂਰ ਕੀਤਾ ਹੈ। ਲਗਭਗ ਚਾਰ ਮਹੀਨੇ ਪਹਿਲਾਂ ਯਾਨੀ ਜੂਨ 2008 ਵਿਚ ਸੁਪਰੀਮ ਕੋਰਟ ਨੇ ਵੱਖ ਵੱਖ ਭਾਰਤੀ ਅਦਾਲਤਾਂ ਵਿਚ ਤਲਾਕ ਦੇ ਕੇਸਾਂ ਦਾ ਆਏ ਹੜ੍ਹ ਸਬੰਧੀ ਚਿੰਤਾ ਜਾਹਿਰ ਕੀਤੀ ਅਤੇ ਕਿਹਾ, ‘ਹਿੰਦੂ ਵਿਆਹ ਕਾਨੂੰਨ ਨੇ ਪਰਿਵਾਰਕ ਜੀਵਨ ਨੂੰ ਮਜ਼ਬੂਤ ਕਰਨ ਦੀ ਬਜਾਏ ਨੁਕਸਾਨ ਪਹੁੰਚਾਇਆ ਹੈ। ਹਿੰਦੂ ਵਿਆਹ ਕਾਨੂੰਨ ਨੇ ਘਰਾਂ ਨੂੰ ਜੋੜਨ ਨਾਲੋਂ ਤੋੜਿਆ ਵਧ ਹੈ।’ ‘ਇਥੋਂ ਤੱਕ ਕਿ ਸ਼ਾਦੀ ਸਮੇਂ ਹੀ ਅਗਾਊਂ ਤਲਾਕ ਦੀ ਅਰਜ਼ੀ ਵੀ ਦਾਇਰ ਕਰ ਦੇਣੀ ਚਾਹੀਦੀ ਹੈ।’ (ਤਲਾਕ ਦੇ ਵਧਦੇ ਮਾਮਲੇ ਪ੍ਰਤੀ ਇਕ ਵੱਖਰੇ ਲੇਖ ਦੀ ਲੋੜ ਹੈ) ਜਿਸ ਕੇਸ ਵਿਚ ਸੁਪਰੀਮ ਕੋਰਟ ਨੇ ਉਕਤ ਟਿੱਪਣੀਆਂ ਦਿੱਤੀਆਂ ਉਨ੍ਹਾਂ ’ਚ ਇਕ ਸੁਆਲ ਇਹ ਵੀ ਉਠਿਆ ਸੀ ਕਿ ਆਖਿਰ ਪਰਿਵਾਰ ਦੇ ਟੁੱਟਣ ਪਿਛੋਂ ਬੱਚੇ ਦੇ ਪਾਲਣ-ਪੋਸ਼ਣ ਦਾ ਕੀ ਬਣੇਗਾ। ਜੱਜਾਂ ਨੇ ਇਹ ਕਿਹਾ ਕਿ ‘ਤਲਾਕ ਦੇ ਵਧਦੇ ਮਾਮਲੇ ਸਬੰਧਿਤ ਪਰਿਵਾਰ ਦੇ ਬੱਚਿਆਂ ’ਤੇ ਬਹੁਤ ਹੀ ਵਿਨਾਸ਼ਕਾਰੀ ਪ੍ਰਭਾਵ ਛੱਡ ਰਹੇ ਹਨ। ਬੱਚੇ ਦੀ ਖਾਤਰ ਇਹ ਭੰਗ ਹੋ ਜਾਣਾ ਚਾਹੀਦਾ ਹੈ।’ ਇਹ ਗੱਲ ਕੋਰਟ ਨੇ ਤਲਾਕ ਲੈ ਚੁੱਕੇ ਜੋੜੇ ਨੂੰ ਉਸ ਸਮੇਂ ਕਹੀ ਜਦੋਂ ਦੋਨੋਂ ਆਪਣੀ ਆਪਣੀ ਤਰਫ਼ੋਂ ਦਲੀਲਾਂ ਦੇ ਰਹੇ ਸਨ। ਕੋਰਟ ਨੇ ਜੋੜੀ ਨੂੰ ਕਿਹਾ ‘ਆਪ ਦੋਨਾਂ ਦੇ ਆਪਸੀ ਇਲਜ਼ਾਮਾਂ ਤੋਂ ਵਧ ਜ਼ਰੂਰੀ ਹੈ, ਬੱਚਿਆਂ ਦਾ ਕਲਿਆਣ।’ ਜ਼ਸਟਿਸ ਅਰਿਜੀਤ ਪਸਾਵਤ ਨੇ ਕਿਹਾ, ‘ਆਖਰ ਬੱਚੇ ਨੂੰ ਕਸ਼ਟ ਝੱਲਣਾ ਪੈਂਦਾ ਹੈ, ਜੇ ਉਹ ਲੜਕੀ ਹੈ ਤਾਂ ਸਦਮਾ ਵਧ ਪੁੱਜਦਾ ਹੈ ਖਾਸ ਕਰ ਅਜਿਹੇ ਬੱਚਿਆਂ ਨੂੰ ਸ਼ਾਦੀ ਦੇ ਮੌਕੇ।’ ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦੇ ਚਾਰ ਮਹੀਨਿਆਂ ਪਿਛੋਂ ਕੀ ਹੋਇਆ? ਜੱਜਾਂ ਦੀ ਟਿੱਪਣੀਆਂ ਤੇ ਅਜਿਹੇ ਕੇਸਾਂ ਵਿਚ ਸ਼ਾਮਲ ਮੁੱਦਿਆਂ ’ਤੇ ਪ੍ਰਤੀਕਿਰਿਆਵਾਂ ਇਕ ਦਮ ਵੱਖਰੀਆਂ ਵੱਖਰੀਆਂ ਮਿਲਦੀਆਂ ਹਨ। ਖੁਦ ਨਿਆਂਇਕ ਬਹਾਦਰੀ ਦੇ ਇਕ ਵੱਡੇ ਹਿੱਸੇ ਦਾ ਵਿਚਾਰ ਹੈ ਕਿ ਜੱਜਾਂ ਦੀ ਟਿੱਪਣੀ ਨੂੰ ਵਧ ਗੰਭੀਰਤਾ ਨਾਲ ਲੈਣ ਦੀ ਲੋੜ ਨਹੀਂ ਹੈ ਕਿਉਂਕਿ ਇਹ ਸਹਿਜ ਇਕ ਪ੍ਰਸੰਗ ’ਚ ਕਹੀ ਗੱਲ ਹੈ ਨਾ ਕਿ ਕੋਈ ਮੁੱਖ ਫੈਸਲੇ ਦਾ ਮੁੱਖ ਲੱਛਣ। ਪਰ ਕਈ ਅਜਿਹੇ ਲੋਕ ਹਨ ਜੋ ਸੋਚਦੇ ਹਨ ਕਿ ਨਿਆਂਪਾਲਿਕਾ ਹਿੰਦੂ ਵਿਆਹ ਕਾਨੂੰਨ ’ਚ ਸਮੋਈ ਇਕ

ਕਮੀ ਨੂੰ ਦਰਸਾ ਰਹੀ ਸੀ ਅਤੇ ਇਸ ਵਿਚ ਸੁਧਾਰ ਸੰਬੰਧੀ ਗੰਭੀਰਤਾ ਵਿਖਾ ਰਹੀ ਸੀ। ਇਸ ਕਾਰਨ ਅਜਿਹੇ ਲੋਕ ਇਹ ਦਲੀਲ ਪੇਸ਼ ਕਰਦੇ ਹਨ ਕਿ ਵਿਆਹ ਤੇ ਤਲਾਕ ਦੇ ਮੁੱਦਿਆਂ ਨਾਲ ਜੁੜੇ ਸੰਸਥਾਨ ਅਤੇ ਰਾਜ ਦੇ ਕਾਨੂੰਨ ਤੇ ਗ੍ਰਹਿ ਵਿਭਾਗਾਂ ਨੂੰ ਚਾਹੀਦਾ ਹੈ ਕਿ ਕਾਨੂੰਨ ਦੀਆਂ ਖਾਮੀਆਂ ਨੂੰ ਦੂਰ ਕਰਨ ਲਈ ਕਦਮ ਉਠਾਇਆ ਜਾਵੇ। ਪਰ ਚਾਰ ਮਹੀਨੇ ਬੀਤ ਜਾਣ ਪਿਛੋਂ ਵੀ ਕੇਂਦਰੀ ਕਾਨੂੰਨ ਵਿਭਾਗ ਜਾਂ ਰਾਜ ਸਰਕਾਰ ਨੇ ਹੋਰ ਕਾਨੂੰਨ ਅਨੁਭਾਗਾਂ ਰਾਹੀਂ ਇਸ ਦਿਸ਼ਾ ਵਿਚ ਕੋਈ ਠੋਸ ਕਦਮ ਨਹੀਂ ਉਠਾਇਆ ਹੈ। ਹਾਲਾਂਕਿ ਇਹ ਸੁਆਲ 'ਤੇ ਸੁਪਰੀਮ ਕੋਰਟ 'ਚ ਬਹਿਸ ਜਾਰੀ ਹੈ। ਇਹ ਬਹਿਸ ਕੇਂਦਰ ਤੇ ਰਾਜ ਦੇ ਕਾਨੂੰਨ ਵਿਭਾਗਾਂ 'ਚ ਛਿੜੀ ਹੈ।

ਇਸ ਬਹਿਸ ਦੇ ਕੇਂਦਰ 'ਚ ਜੋ ਇਕ ਸੁਆਲ ਹੈ ਕਿ ਹਿੰਦੂ ਵਿਆਹ ਕਾਨੂੰਨ ਨੂੰ ਸਮਾਜਕ ਹਕੀਕਤਾਂ ਦੇ ਮੱਦੇਨਜ਼ਰ ਕਿਵੇਂ ਮਜ਼ਬੂਤੀ ਮੁਹੱਈਆ ਕੀਤੀ ਜਾਵੇ। ਇਸ ਪ੍ਰਸੰਗ 'ਚ ਅਨੇਕਾਂ ਸੁਝਾਅ ਆਏ ਹਨ ਪਰ ਉਹ ਸਿਰਫ਼ ਸਬੰਧ ਤੋੜਨ ਦੇ ਸੁਆਲ ਤੱਕ ਹੀ ਸੀਮਤ ਨਹੀਂ ਹਨ। ਬਾਲ ਵਿਆਹ, ਜੋ ਕਈ ਹਿੰਦੂ ਜਾਤੀਆਂ 'ਚ ਪ੍ਰਚੱਲਤ ਹਨ। ਵਰਗੇ ਕਈ ਹੋਰ ਮੁੱਦੇ ਵੀ ਇਸ ਬਹਿਸ 'ਚ ਆਉਂਦੇ ਹਨ। 1955 'ਚ ਲਾਗੂ ਹਿੰਦੂ ਵਿਆਹ ਸੰਨ 2003 ਤੱਕ ਅਨੇਕਾਂ ਸੋਧਾਂ ਕੀਤੀਆਂ ਗਈਆਂ ਹਨ, ਉਨ੍ਹਾਂ 'ਚ ਹਿੰਦੂ ਵਿਆਹ ਦੀ ਵਾਜਬੀਅਤ ਲਈ ਵੱਖ ਵੱਖ ਕੀਮਤੀ ਅਧਿਕਾਰਾਂ ਦੀ ਮੁੜ ਸੁਰਜੀਤੀ ਤੇ ਤਲਾਕ ਆਦਿ ਸ਼ਾਮਲ ਹਨ। ਤਲਾਕ ਦੀ ਧਾਰਨਾ ਤਾਂ ਅੰਗਰੇਜ਼ੀ ਕਾਨੂੰਨ ਤੋਂ ਹੀ ਵਿਕਸਿਤ ਹੋਈ। ਇਸ 'ਚ ਅੰਤਿਮ ਸੋਧ 2003 ਵਿਚ ਕੀਤੀ ਗਈ। ਮੌਜੂਦਾ ਦੌਰ ਦੀ ਬਹਿਸ ਵਿਚ ਇਹ ਮੁੱਦਾ ਵੀ ਸ਼ਾਮਲ ਹੈ। ਜਿਸ ਨੂੰ ਮਾਰਚ 2006 'ਚ ਸੁਪਰੀਮ ਕੋਰਟ ਨੇ ਉਠਾਇਆ ਸੀ। ਕੁਝ ਹੈਰਾਨੀਜਨਕ ਤਰੀਕੇ ਨਾਲ ਹੀ ਉਸ ਸਮੇਂ ਸੁਪਰੀਮ ਕੋਰਟ ਹਿੰਦੂ ਫਿਰਕੇ 'ਚ ਤਲਾਕ ਨੂੰ ਸੌਖਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਅਸਲ 'ਚ ਤਦ ਤਲਾਕ ਦੇ ਨਵੇਂ ਅਧਾਰ ਤੈਅ ਕਰਨ ਦੀ ਮੰਗ ਕੀਤੀ ਗਈ ਸੀ। ਮਾਰਚ 2008 ਵਿਚ ਤਿੰਨ ਜੱਜਾਂ ਅਤੇ ਨਿਆਂਧੀਸ਼ ਬੀ ਐਨ ਅਗਰਵਾਲ, ਏ. ਕੇ. ਦੁਬੇ ਤੇ ਦਲਬੀਰ ਭੰਡਾਰੀ ਨੇ ਮੰਗ ਕੀਤੀ ਸੀ। ਕਿ ਜ਼ਰੂਰੀ ਵਿਆਹ ਵਿਘਟਨ ਨੂੰ ਹੀ ਹਿੰਦੂ ਵਿਆਹ ਕਾਨੂੰਨ 1955 ਦੇ ਤਹਿਤ ਤਲਾਕ ਦਾ ਇਕ ਅਧਾਰ ਬਣਾਇਆ ਜਾਣਾ ਚਾਹੀਦਾ ਹੈ।

ਜੱਜਾਂ ਦੇ ਉਕਤ ਬੈਂਚ ਨੇ ਇਹ ਅੰਕਿਤ ਕੀਤਾ ਸੀ ਕਿ ਜ਼ਰੂਰੀ ਵਿਆਹ ਵਿਘਟਨ ਵਰਗਾ ਤਲਾਕ ਦਾ ਅਧਾਰ ਕਈ ਦੇਸ਼ 'ਚ ਪ੍ਰਚਲਿਤ ਹੈ। ਅਤੇ ਇਹ ਕੋਰਟ ਭਾਰਤ ਸਰਕਾਰ ਨੂੰ ਕਹਿਣਾ ਚਾਹੇਗੀ ਕਿ ਉਹ ਹਿੰਦੂ ਵਿਆਹ ਕਾਨੂੰਨ ਇਕ ਸੋਧ ਲਿਆਉਣ 'ਤੇ ਵਿਚਾਰ ਕਰਨ ਅਤੇ ਇਸ ਸੋਧ ਵਿਚ ਤਲਾਕ ਨੂੰ ਮਨਜ਼ੂਰ ਕਰਨ ਵਾਸਤੇ ਇਸ ਨੂੰ ਅਧਾਰ ਬਣਾਵੇ ਉਸ ਵਕਤ ਇਸ ਫੈਸਲੇ ਦੀ ਇਕ ਕਾਪੀ ਕਾਨੂੰਨ ਤੇ ਨਿਆਂ ਮੰਤਰਾਲੇ ਨੂੰ ਭੇਜੀ ਗਈ। ਉਸ ਮਾਮਲੇ 'ਤੇ ਅਦਾਲਤ ਨੇ ਕਿਹਾ ਸੀ ਕਿ ਇਕ ਵਾਰੀ ਦੋਨੋਂ ਪੱਖ ਅਲੱਗ ਹੋ ਗਏ ਅਤੇ ਅਲਗਾਅ ਜੇ ਲੋੜੀਦੇ ਸਮੇਂ ਤੱਕ ਕਾਇਮ ਰਹੇ ਅਤੇ ਦੋਨਾਂ ਪੱਖਾਂ ਵਿਚੋਂ ਕਿਸੇ ਇਕ ਨੇ ਤਲਾਕ ਲਈ ਅਰਜ਼ੀ ਦਾਇਰ ਕੀਤੀ ਹੋਵੇ ਤਾਂ ਇਸ ਅਧਾਰ 'ਤੇ ਇਹ ਮੰਨ ਲਿਆ ਜਾ ਸਕਦਾ ਹੈ ਸ਼ਾਦੀ ਟੁੱਟ ਚੁੱਕੀ ਹੈ। ਨਿਰਸੰਦੇਹ ਅਦਾਲਤ ਵੱਲੋਂ ਦੋਨਾਂ ਪੱਖਾਂ ਨੂੰ ਸਮਝਾਉਣ ਦੀ ਇਕ ਗੰਭੀਰ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਜੇ ਫਿਰ ਵੀ ਵਿਆਹ ਟੁੱਟਣ ਨੂੰ ਟਾਲਣ ਦੀ ਗੁਜਾਰਿਸ਼ ਨਾ ਰਹੇ

ਤਾਂ ਵੈਸੇ ਤਲਾਕ ਨੂੰ ਰੋਕਿਆ ਨਹੀਂ ਜਾਣਾ ਚਾਹੀਦਾ। ਜਿਵੇਂ ਸਪੱਸ਼ਟ ਹੈ ਕਿ ਨਿਆਂਪਾਲਿਕਾ 'ਚ ਅਜੇ ਵਿਆਹ ਤੇ ਤਲਾਕ ਸਬੰਧੀ ਵੱਖ ਵੱਖ ਤਰ੍ਹਾਂ ਦੇ ਮੱਤ ਹਨ। ਜਿਥੇ ਇਕ ਪੱਖ ਤਲਾਕ ਦੀ ਬਹੁਗਿਣਤੀ ਦਾ ਰੋਣਾ ਰੋਂਦਾ ਹੈ, ਦੂਜੇ ਪਾਸੇ ਦੂਜਾ ਪੱਖ ਤਲਾਕ ਦੇ ਨਵੇਂ ਅਧਾਰ ਤਲਾਸਣ ਲਈ ਵੀ ਸਰਗਰਮ ਹੈ।

ਇਸ ਪ੍ਰਸੰਗ 'ਚ ਕਾਨੂੰਨ ਤੇ ਨਿਆਂ ਮੰਤਰਾਲੇ ਦਾ ਕੰਮ ਹੋਰ ਸੌਖਾ ਹੋ ਜਾਂਦਾ ਹੈ। ਕਾਨੂੰਨ ਤੇ ਨਿਆਂ ਮੰਤਰਾਲੇ ਨੇ ਸੰਭਾਵਿਤ ਸੋਧਾਂ ਨੂੰ ਅੱਗੇ ਵਧਾਉਣ ਲਈ ਕੁਝ ਸਪੱਸ਼ਟ ਮਾਪਦੰਡ ਵਿਕਸਿਤ ਕੀਤੇ ਹਨ। ਇਸ ਦੇ ਤਹਿਤ ਔਰਤਾਂ ਦੇ ਵਧਦੇ ਅਧਿਕਾਰ ਤੇ ਉਨ੍ਹਾਂ ਦੀ ਆਜ਼ਾਦੀ ਨੂੰ ਅੰਗੀਕਾਰ ਕਰਨਾ ਅਤੇ ਨਾਲ ਹੀ ਸਮਾਜਿਕ ਬੁਰਾਈਆਂ ਤੇ ਦਹੇਜ ਸਬੰਧੀ ਔਰਤਾਂ 'ਤੇ ਹੋਣ ਵਾਲੇ ਅਤਿਆਚਾਰ ਖਿਲਾਫ਼ ਸੰਘਰਸ ਆਦਿ ਸ਼ਾਮਲ ਹਨ। ਨਾਲ ਹੀ ਸੰਮਤੀ ਨੇ ਅਧਿਕਾਰਾਂ ਦੀ ਰਾਖੀ, ਪਾਲਣ ਪੋਸ਼ਣ ਲਈ ਉੱਤਮ ਮੁਆਵਜਾ ਤੇ ਪਰਿਵਾਰਕ ਸੁਰੱਖਿਆ 'ਤੇ ਵਧ ਜ਼ੋਰ ਹੋਵੇਗਾ।

ਇਸ ਤੋਂ ਇਲਾਵਾ ਬਾਲ ਵਿਆਹ ਦੇ ਤਹਿਤ ਅਧਿਕਾਰ ਤੇ ਫਰਜ਼ਾਂ ਦੇ ਹੀ ਭਾਗ ਹੋਣੇ ਚਾਹੀਦੇ ਹਨ। ਨਾਲ ਹੀ ਇਹ ਦੇਸ਼ ਦੇ ਕਾਨੂੰਨਾਂ ਖਾਸ ਕਰਕੇ ਭਾਰਤ ਦੇ ਸੰਵਿਧਾਨ 'ਚ ਦਰਜ ਹੋਣ। ਭਾਵੇਂ ਕਿ ਇਸ ਤਰ੍ਹਾਂ ਦੀਆਂ ਤਬਦੀਲੀਆਂ ਨੂੰ ਵੀ ਸਮਾਂ ਬੱਧ ਨਹੀਂ ਕੀਤਾ ਗਿਆ ਹੈ। ਇਸ ਸੰਬੰਧੀ ਵੀ ਗੁਣਾਤਮਕ ਘਾਟ ਹੈ ਕਿਉਂਕਿ ਹਿੰਦੂ ਵਿਆਹ ਕਾਨੂੰਨ 'ਚ ਬਦਲਾਅ ਸਬੰਧੀ ਇਕ ਰਾਇ ਬਣ ਰਹੀ ਹੈ। ਇਸ ਵਿਚ ਬਦਲਾਅ ਦਾ ਕੰਮ ਜਾਰੀ ਰਹੇ ਜਾਂ ਨਾਲ ਹੀ ਵਿਆਹ ਕਾਨੂੰਨ ਦੇ ਹੋਰ ਕਾਨੂੰਨਾਂ ਵਿਚ ਤਬਦੀਲੀ ਲਿਆ ਕੇ ਇਸ ਨੂੰ ਨਵੇਂ ਸਿਰੇ ਤੋਂ ਸ਼ੁਰੂ ਕੀਤਾ ਜਾਵੇ। ਤਬਦੀਲੀ ਦੇ ਇਸ ਵਿਆਪਕ ਅਧਾਰ ਵਿਚ ਇਕ ਰਾਜਸੀ ਸੁਆਲ ਹੈ। ਇਹ ਤਬਦੀਲੀ ਬਹੁਤ ਹੀ ਸਾਵਧਾਨੀ ਪੂਰਵਕ ਕੀਤੀ ਜਾਣੀ ਚਾਹੀਦੀ ਹੈ। ਵਿਆਹ ਤੇ ਤਲਾਕ ਸਬੰਧੀ ਦਿੱਤੇ ਜਾਣ ਵਾਲੇ ਵੱਖ ਵੱਖ ਵਿਚਾਰ ਖੁਦ ਹੀ ਕਈ ਸੁਆਲ ਖੜ੍ਹੇ ਕਰਦੇ ਹਨ ਆਸਪਾਸ ਬਹੁਤ ਸਾਰੇ ਕਾਰਨ ਹਨ, ਇਸ ਦੀ ਹਮਾਇਤ ਕਰਨ ਲਈ ਹੋਰ ਏਨੀ ਹੀ ਗਿਣਤੀ 'ਚ ਕਾਰਨ ਮੌਜੂਦ ਹਨ ਇਸ ਦਾ ਵਿਰੋਧ ਕਰਨ ਲਈ। ਸਪੱਸ਼ਟ ਤੌਰ 'ਤੇ ਇਹ ਰਾਜਸੀ ਵਿਚਾਰ ਇੱਕ ਅਸੰਜਮ ਦੀ ਹਾਲਤ ਹੈ। ਜੋ ਤਬਦੀਲੀ ਤੇ ਬਦਲਾਅ ਦੀ ਉਸ ਰਫ਼ਤਾਰ ਨੂੰ ਵੀ ਮੱਠਾ ਕਰਦੀ ਹੈ ਜਿਨ੍ਹਾਂ ਨੂੰ ਸੁਪਰੀਮ ਕੋਰਟ ਦੇ ਮਾਨਵੀ ਜੱਜਾਂ ਨੇ ਸੁਝਾਇਆ ਹੈ।

# ਸਿਰ ਤੇ ਮੈਲਾ ਢੋਹਣ ਦਾ ਕਲੰਕ

ਰਾਜਸਥਾਨ ਸਰਕਾਰ ਤੋਂ ਪੇਂਡੂ ਸਫਾਈ ਦੀ ਉਮੀਦ ਕਰਨਾ ਬੇਮਤਲਬ ਹੈ। ਦਰਅਸਲ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਦੇ ਨਿਰਦੇਸ਼ ਦੇ ਬਾਵਜੂਦ ਰਾਜ 'ਚ 'ਗੁਸਲਖਾਨਾ ਨਹੀਂ ਤੋਂ ਸੀਟ ਨਹੀਂ' ਦੀ ਵਿਵਸਥਾ ਅਜੇ ਤਾਈ ਲਾਗੂ ਨਹੀਂ ਹੋ ਸਕੀ ਹੈ। ਕਾਨੂੰਨ 'ਚ ਸੋਧ ਕਰਨ ਦਾ ਕੰਮ ਫਾਇਲਾਂ ਵਿਚ ਗੁੰਮ ਹੈ। ਮੈਲਾ (ਟੱਟੀ) ਢੋਹਣ ਵਾਲੇ ਹਜ਼ਾਰਾਂ ਲੋਕਾਂ ਦਾ ਪਤਾ ਹੋਣ ਤੇ ਬਾਵਜੂਦ ਬਹੁਤਿਆਂ ਦਾ ਮੁੜ ਬਸੇਵਾ ਨੁਮਾਇੰਦਿਆਂ ਨੂੰ ਤਾਂ ਸਫਾਈ ਦੀ ਪ੍ਰਵਾਹ ਹੈ ਅਤੇ ਨਾ ਹੀ ਸਦੀਆਂ ਪੁਰਾਣੀ ਇਸ ਪ੍ਰਥਾ ਨੂੰ ਮਿਟਾਉਣ ਦੀ ਚਿੰਤਾ। ਜਿੰਨਾ ਪੰਚਾਇਤੀ ਨੁਮਾਇੰਦਿਆਂ ਤੇ ਪਿੰਡਾਂ ਢਾਣੀਆਂ 'ਚ ਸਫਾਈ ਦੀ ਅਹਿਮ ਜਿੰਮੇਵਾਰੀ ਹੈ। ਉਹਨਾਂ ਨੇ ਗੁਸਲਖਾਨੇ ਤੇ ਟੱਟੀਆਂ ਬਣਾਉਣ ਲਈ ਕਾਨੂੰਨ ਤੌਰ 'ਤੇ ਪਾਬੰਦ ਕਰਨ ਲਈ ਸਰਕਾਰ ਨੇ ਕੁਝ ਨਹੀਂ ਕੀਤਾ। ਮੈਲਾ ਢੋਹਣ ਦੀ ਸਦੀਆਂ ਪੁਰਾਣੀ ਪ੍ਰਥਾ ਮਿਟਾਉਣ ਬਾਰੇ ਸਰਕਾਰੀ ਦਾਅਵੇ ਜੋ ਮਰਜੀ ਹੋਣ ਪਰ ਹਕੀਕਤ ਅੱਜ ਵੀ ਦੇਸ਼ ਵਿਚ ਜ਼ਿਆਦਾਤਰ ਸੂਬਿਆਂ ਵਿਚ ਪੇਂਡੂ ਖੇਤਰਾਂ 'ਚ ਇਹ ਪ੍ਰਥਾ ਜਾਰੀ ਹੈ। ਇਕ ਰਿਪੋਰਟ ਅਨੁਸਾਰ ਸਿਰਫ 22 ਫੀਸਦੀ ਪੇਂਡੂਆਂ ਕੋਲ ਹੀ ਇਹ ਸਹੂਲਤ ਪਹੁੰਚੀ ਹੈ। ਸਿਰ 'ਤੇ ਮੈਲਾ ਢੋਹਣ ਦੀ ਪ੍ਰਥਾ ਨੂੰ ਜੜ ਤੋਂ ਮਿਟਾਉਣ ਦਾ ਅਰਸਾ ਪਹਿਲਾਂ ਸੰਨ 2000 ਤੱਕ ਤਹਿ ਕੀਤਾ ਗਿਆ ਸੀ। ਹੁਣ ਸਰਕਾਰ ਨੇ 2010 ਦੀ ਸੀਮਾ ਤਹਿ ਕੀਤੀ ਹੈ। ਦੂਜੇ ਪਾਸੇ ਯੋਜਨਾ ਕਮੀਸ਼ਨ ਅਨੁਸਾਰ 11ਵੀ ਪੰਜ ਸਾਲਾਂ ਯੋਜਨਾ ਦੇ ਅੰਤ ਤੱਕ ਇਸ ਤੇ ਕਾਬੂ ਪਾਲਿਆ ਜਾਵੇਗਾ। ਇਸ ਸੰਬੰਧ ਵਿਚ ਅਲਾਟ ਅਨੁਸਾਰ ਇਸ ਨੂੰ ਸਹੀ ਇਸਤੇਮਾਲ ਨਹੀਂ ਕੀਤਾ ਗਿਆ।

ਸੰਯੁਕਤ ਰਾਸ਼ਟਰ ਨੇ ਸਾਲ 2009 ਸਫਾਈ ਸਾਲ ਐਲਾਨਿਆਂ ਹੈ। ਸੰਸਾਰ ਵਿਚ 40 ਫੀਸਦੀ ਭਾਰਤ 'ਚ 50 ਫੀਸਦੀ ਅਤੇ ਰਾਜਸਥਾਨ 'ਚ 60 ਫੀਸਦੀ ਤੋਂ ਵੱਧ ਲੋਕ ਸਫਾਈ ਸਹੂਲਤਾਂ ਤੋਂ ਵਾਂਝੇ ਹਨ। ਸੰਯੁਕਤ ਰਾਸ਼ਟਰ ਨੂੰ ਉਮੀਦ ਹੈ ਕਿ 2015 ਵਿਚ ਵੀ ਵੰਚਿਤਾ ਦਾ ਅੰਕੜਾ ਅੱਧਾ ਰਹਿ ਜਾਵੇ। ਕੁਲ ਮਿਲਾ ਕੇ ਅਜੇਹਾ ਹੀ ਦਾਅਵਾ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਦਾ ਵੀ ਹੈ ਪਰ ਰਾਜਸਥਾਨ 'ਚ ਇਸ ਨੂੰ ਪੂਰਾ ਕਰਨ ਦੇ ਯਤਨ ਹੁੰਦੇ ਨਹੀਂ ਲਗਦੇ। ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਸਭ ਰਾਜਾਂ ਨੂੰ ਨਿਰਦੇਸ਼ ਦਿੱਤੇ ਸਨ ਕਿ ਪੰਚਾਇਤੀ ਰਾਜ ਕਾਨੂੰਨ ਵਿਚ ਸੋਧ ਕਰਕੇ ਅਜੇਹੇ ਲੋਕਾਂ ਨੂੰ ਚੋਣਾਂ ਨਹੀਂ ਲੜਨ ਦਿੱਤੀਆਂ ਜਾਣੀਆਂ ਚਾਹੀਦੀਆਂ ਜਿਹਨਾਂ ਦੇ ਘਰਾਂ ਵਿਚ ਅਧੁਨਿਕ ਟੱਟੀਆਂ ਗੁਸਲਖਾਨੇ ਨਹੀਂ ਹਨ। ਮੱਧ ਪ੍ਰਦੇਸ਼ 'ਚ ਭਾਜਪਾ ਸਰਕਾਰ ਨੇ ਪਿਛਲੇ ਸਾਲ ਪੰਚਾਇਤੀ ਰਾਜ ਤੇ ਗ੍ਰਾਮ ਸਵਰਾਜ ਕਾਨੂੰਨ 1993 'ਚ ਸੋਧ ਕਰਕੇ ਕੇਂਦਰ ਦੇ ਦਿਸ਼ਾ ਨਿਰਦੇਸ਼ ਲਾਗੂ ਕੀਤੇ ਉਥੇ ਸੋਧਾਂ ਕਾਨੂੰਨ ਦੀ ਗਾਜ ਇਕ ਸਰਪੰਚ ਤੇ ਡਿੱਗ ਵੀ ਚੁੱਕੀ ਹੈ। ਇਕ ਅਧਿਐਨ ਦੇ ਅਨੁਸਾਰ 1998 'ਚ ਪੇਂਡੂ ਰਾਜਸਥਾਨ ਦੇ 87 ਫੀਸਦੀ 2001 'ਚ 71 ਅਤੇ 2006 'ਚ 60 ਫੀਸਦੀ ਸਦੀ ਤੋਂ ਵੱਧ ਘਰਾਂ ਵਿਚ ਆਧੁਨਿਕ ਟੱਟੀਆਂ ਹਨ।

ਇਧਰ ਰਾਜ ਦੇ ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਮੰਤਰੀ ਕਾਲੂ ਨਾਲ ਗੁਜਰ ਦਾ ਕਹਿਣਾ ਹੈ ਕਿ ਅਜੇ ਰਾਜ ਆਪਣੇ ਘਰਾਂ 'ਚ ਸਾਫ ਟੱਟੀਆਂ ਨਾ ਬਣਾਉਣ

ਵਾਲੇ ਪੰਚਾਇਤ ਮੈਂਬਰਾਂ ਵਿਰੁੱਧ ਕਾਰਵਾਈ ਦੀ ਵਿਵਸਥਾ ਨਹੀਂ ਹੈ। ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਦੇ ਨਿਰਦੇਸ਼ ਰਾਜ 'ਚ ਲਾਗੂ ਕਰਨ ਤੇ ਵਿਚਾਰਿਆਂ ਜਾਵੇਗਾ। ਕਾਨੂੰਨ ਸਭ ਬੇਅਸਰ ਰਹੇ। ਮੈਲਾ ਢੋਣ ਦੀ ਪ੍ਰਥਾ ਖਤਮ ਕਰਨ ਦਾ ਕਾਨੂੰਨ 1993 'ਚ ਬਣਿਆ ਸੀ ਇਸ ਦੇ ਬਾਵਜੂਦ ਦੇਸ਼ ਦੇ ਕਈ ਰਾਜਾਂ ਵਿਚ ਇਹ ਪ੍ਰਥਾ ਜਾਰੀ ਹੈ। ਰਾਸ਼ਟਰੀ ਮਨੁੱਖੀ ਅਧਿਕਾਰੀ ਕਮਿਸ਼ਨ ਦੇ ਅਨੁਸਾਰ ਇਹ ਕਾਨੂੰਨੀ ਕਈ ਰਾਜਾਂ ਵਿਚ ਲਾਗੂ ਨਹੀਂ ਹੋ ਸਕਿਆ ਹੈ। ਰਾਜਸਥਾਨ, ਯੂ. ਪੀ. ਗੁਜਰਾਤ, ਬਿਹਾਰ, ਤਾਮਿਲਨਾਡ, ਦਿੱਲੀ ਸਮੇਤ ਕਈ ਰਾਜਾਂ ਵਿਚ ਇਹ ਪ੍ਰਥਾ ਪਿੰਡ-ਪਿੰਡ ਵਿਚ ਨਜ਼ਰ ਆਉਂਦੀ ਹੈ। ਇਸ ਦੀ ਵਜਾਹ ਲੱਚਰ ਕਾਨੂੰਨ ਵੀ ਹਨ। ਇਹ ਕਨੂੰਨ ਇਕ ਯੋਜਨਾ ਤੱਕ ਸਿਮਟ ਗਿਆ ਹੈ ਇਸ ਨੂੰ ਤੋੜਨ ਦੀ ਸਜ਼ਾ ਦੋ ਹਜ਼ਾਰ ਰੁਪਏ ਜੁਰਮਾਨੇ ਦੀ ਵਿਵਸਥਾ ਤੱਕ ਹੈ। ਲੰਮੇ ਚੌੜੇ ਸਰਕਾਰੀ ਦਾਅਵਿਆਂ ਦੇ ਬਾਵਜੂਦ ਮੇਲਾ ਢਾਹੁਣ ਵਾਲੀਆਂ ਜਾਤੀਆਂ ਦੇ ਕਰੀਬ ਦਸ ਲੱਖ ਲੋਕਾਂ ਦਾ ਪੁਨਰਵਾਸ ਨਹੀਂ ਹੋ ਸਕਿਆ ਹੈ। ਜਦ 57,736 ਲੋਕਾਂ ਦਾ ਪੁਨਰਵਾਸ ਹੋਣਾ ਚਾਹੀਦਾ ਸੀ।

# ਮੁਸਲਿਮ ਮਰਦਾਂ ਦੀ ਹੈਵਾਨੀਅਤ

ਅਜੇ ਤੱਕ ਤਾਂ ਤੁਸੀ ਸੀਰੀਅਲ ਕਿੱਲਰ ਬਾਰੇ ਹੀ ਪੜਿਆ ਹੋਵੇਗਾ ਅਤੇ ਉਸ ਦੀ ਹੈਵਾਨੀਅਤ ਨੂੰ ਜਾਣ ਕੇ ਤੁਹਾਡੇ ਰੌਂਗਟੇ ਵੀ ਖੜੇ ਹੋ ਗਏ ਹੋਣਗੇ। ਪਰ ਆਨਰ ਕਿਲਿੰਗ ਇੱਜਤ ਦੀ ਖਾਤਰ ਖ਼ੂਨ ਸਬੰਧੀ ਜੇ ਤੁਸੀਂ ਜਾਣੋਗੇ ਤਾਂ ਹੈਰਾਨ ਹੋਏ ਬਿਨਾਂ ਨਹੀਂ ਰਹਿ ਸਕੋਗੇ। ਪ੍ਰੀਵਾਰ, ਜਾਤੀ, ਧਰਮ ਤੇ ਮਾਣ-ਸਨਮਾਨ ਦੇ ਨਾਂ 'ਤੇ ਪੂਰੀ ਦੁਨੀਆ ਵਿਚ ਮੁਸਲਿਮ ਔਰਤਾਂ ਦੀ ਹੱਤਿਆ ਉਹਨਾਂ ਦੇ ਪ੍ਰੀਵਾਰ ਦੇ ਮਰਦਾਂ ਵੱਲੋਂ ਜੋ ਕੀਤੀ ਜਾ ਰਹੀ ਹੈ ਉਹ ਭਿਅੰਕਰ ਤਾਂ ਹੈ ਹੀ, ਇਸਲਾਮਿਕ ਧਾਰਮਕ ਕਾਨੂੰਨ ਦੇ ਵਿਰੋਧੀ ਵੀ ਹੈ। ਮਾਪਿਆਂ, ਰਿਸ਼ਤੇਦਾਰਾਂ ਵੱਲੋਂ ਔਰਤਾਂ ਦੀਆਂ ਇਹਨਾਂ ਹੱਤਿਆਵਾਂ ਨੂੰ ਹੀ 'ਆਨਰ ਕਿਲਿੰਗ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਧਿਆਨ ਦੇਣ ਯੋਗ ਤੱਥ ਹੈ ਕਿ ਆਨਰ ਕਿਲਿੰਗ ਦੇ ਲਗਭਗ 5000 ਕੇਸ ਪੂਰੇ ਸੰਸਾਰ ਵਿਚ ਹਰ ਸਾਲ ਸਾਹਮਣੇ ਆਉਂਦੇ ਹਨ ਜਿਥੇ ਮੁਸਲਿਮ ਔਰਤਾਂ ਨੂੰ ਕਦੀ ਗਲਾ ਕੱਟ ਕੇ ਕਦੀ ਗਲ ਘੁੱਟ ਕੇ ਜਾਂ ਜਲਾ ਕੇ ਬੇਰਹਿਮੀ ਨਾਲ ਮਾਰ ਦਿੱਤਾ ਜਾਂਦਾ ਹੈ, ਜਾਂ ਫਿਰ ਪੱਥਰ ਮਾਰ-ਮਾਰ ਕੇ ਉਦੋਂ ਤੱਕ ਉਹਨਾਂ ਨੂੰ ਲਹੂ-ਲੁਹਾਣ ਕੀਤਾ ਜਾਂਦਾ ਹੈ ਜਦ ਤੱਕ ਉਹ ਦਮ ਨਹੀਂ ਤੋੜ ਦਿੰਦੀਆਂ। ਮੁਸਲਿਮ ਪਰਿਵਾਰਾਂ ਦੇ ਕੱਟੜਪੰਥੀ ਮਰਦਾਂ ਵਲੋਂ ਏਨਾ ਵਹਿਸ਼ੀਪਣ ਔਰਤ 'ਤੇ ਸਿਰਫ ਪਰਿਵਾਰ, ਜਾਤੀ ਜਾਂ ਧਰਮ ਦੇ ਝੂਠੇ ਮਾਣ ਸਨਮਾਨ ਦੇ ਨਾਂ 'ਤੇ ਵਰਤਿਆਂ ਜਾਂਦਾ ਹੈ। ਸੰਨ 2007 ਦੇ ਜੁਲਾਈ ਤੋਂ ਜੂਨ 2008 ਤੱਕ ਸੰਸਾਰ ਵਿਚ 6678 ਔਰਤਾਂ ਦੀ ਆਨਰ ਕਿਲਿੰਗ ਵਿਚ ਹੱਤਿਆ ਕਰ ਦਿੱਤੀ ਗਈ ਹੈ। ਉਪਰੋਕਿਤ ਸੰਖਿਆ 'ਚ ਸੰਨ 2008 ਦੇ ਜੂਨ ਮਹੀਨੇ ਤੱਕ ਹੋਈਆਂ ਹੱਤਿਆਵਾਂ 'ਚ ਪਾਕਿਸਤਾਨ 'ਚ ਹੋਣ ਵਾਲੀਆਂ ਘਟਨਾਵਾਂ ਬਹੁਤ ਹਨ। ਜੁਲਾਈ 2007 ਤੋਂ ਜੂਨ 2008 ਤੱਕ 783 ਔਰਤਾਂ ਦੀ ਆਨਰ ਕਿਲਿੰਗ ਦੇ ਤਹਿਤ ਹੱਤਿਆ ਕੀਤੀ ਜਾ ਚੁੱਕੀ ਹੈ। 16 ਜਨਵਰੀ 2007 ਨੂੰ 23 ਸਾਲ ਦੀ ਤਰੁੱਕੀ ਦੀ ਮੁਟਿਆਰ ਹਾਤੁਨ ਸੁਰੁਚੂ ਦੀ ਉਸ ਦੇ ਪਿਤਾ ਨੇ ਹੱਤਿਆ ਕਰ ਦਿੱਤੀ ਕਿਉਂਕਿ ਉਸ ਨੇ ਆਪਣੇ ਪਿਤਾ ਦੀ ਮਰਜ਼ੀ ਖਿਲਾਫ ਆਪਣੀ ਪਸੰਦ ਦੇ ਨੌਜਵਾਨ ਨਾਲ ਵਿਆਹ ਕਰਵਾ ਲਿਆ ਸੀ। ਘਰ ਤੋਂ ਭੱਜ ਕੇ ਹਾਤੁਨ ਬਰਲਿਨ 'ਚ ਰਹਿ ਰਹੀ ਸੀ, ਜਿਸ ਨਾਲ ਉਸ ਦੇ ਪਰਿਵਾਰ ਦੀ ਅਖੌਤੀ ਇਜੱਤ ਮਿੱਟੀ ਵਿੱਚ ਮਿਲ ਗਈ ਸੀ। ਇਸ ਤੋਂ ਪਹਿਲਾਂ ਜਰਮਨੀ ਦੀ ਰਾਜਧਾਨੀ ਬਰਲਿਨ ਵਿੱਚ ਅਜਿਹੀਆਂ ਅੱਠ ਆਨਰ ਕਿਲਿੰਗ ਹੋ ਚੁੱਕੀਆਂ ਸਨ। ਛੇ ਸਾਲ 'ਚ ਪੂਰੇ ਜਰਮਨੀ ਵਿੱਚ 47 ਲੜਕੀਆਂ ਨੂੰ ਉਹਨਾਂ ਦੇ ਘਰ ਵਾਲਿਆਂ ਨੇ ਇੱਜਤ ਦੇ ਨਾਂ 'ਤੇ ਮਾਰ ਸੁੱਟਿਆ ਅਤੇ ਸਰਕਾਰ ਚੁਪ-ਦਰਸ਼ਕ ਬਣੀ ਰਹੀ।

ਜਰਮਨੀ 'ਚ ਜਿਨ੍ਹਾਂ 47 ਲੜਕੀਆਂ ਦੀ ਹੱਤਿਆਂ ਹੋਈ ਹੈ, ਉਹ ਸਾਰੇ ਕੇਸ ਮਰਜੀ ਦੇ ਖਿਲਾਫ ਵਿਆਹ ਨਾਲ ਜੁੜੇ ਹੋਏ ਨਹੀਂ ਹਨ ਬਲਕਿ ਹਿਜਾਬ ਅਤੇ ਬੁਰਕਾ ਪਹਿਨਣ ਦੇ ਕੇਸਾਂ 'ਚ ਵੀ ਹੋਈਆਂ ਹਨ। ਇਸ ਦੇ ਖਿਲਾਫ ਬਰਲਿਨ ਵਿੱਚ ਵਾਈਲਡ ਵਾਸਰ ਨਾਂ ਦੀ ਸੰਸਥਾ ਬਣੀ ਹੈ ਜੋ 12 ਤੋਂ 18 ਸਾਲਾਂ ਦੀਆਂ ਅਜਿਹੀਆਂ ਲੜਕੀਆਂ ਨੂੰ ਪਨਾਹ ਦਿੰਦੀ ਹੈ ਜਿਹਨਾਂ ਨੂੰ ਆਪਣੇ ਰਿਸ਼ਤੇਦਾਰਾਂ ਤੋਂ ਖਤਰਾ ਮਹਿਸੂਸ ਹੁੰਦਾ ਹੈ। ਇਸ ਦੇ ਨਾਲ ਹੀ ਜੋ ਔਰਤਾਂ ਹੈਡ ਸਕਾਰਫ ਦੀ ਰਵਾਇਤ ਨੂੰ ਮੰਨਣ ਤੋਂ ਇਨਕਾਰ

ਕਰ ਰਹੀਆਂ ਹਨ, ਉਹਨਾਂ ਦੀ ਮਦਦ ਲਈ ਇਕ ਇਰਾਨੀ ਵਕੀਲ ਮੀਨਾ ਅਹਾਦੀ ਅੱਗੇ ਆਈ ਹੈ। ਕੋਲੋਨ ਵਿੱਚ ਮੀਨਾ ਨੇ ਆਪਣਾ ਕੇਂਦਰ ਬਣਾ ਰੱਖਿਆ ਹੈ।

ਲੜਕੀਆਂ ਕੱਟੜ ਪੰਥੀਆਂ ਦੇ ਦਬਾਅ ਹੇਠ ਹਨ, ਇਹ ਗੱਲ ਬਰਲਿਨ ਦੇ ਇਮਾਮ ਮੁਹੰਮਦ ਹਰੰਜੋਗ ਵੀ ਮੰਨਦੇ ਹਨ। ਇਸਲਾਮ ਆਰਕਇਬਸ ਦੇ ਮੁੱਖੀ ਮੁਹੰਮਤ ਸਲੀਮ ਵੀ ਇਸ ਕੱਟੜਪੰਥ ਦੇ ਵਿਰੋਧੀ ਹਨ। ਹੇਬੀਲਟ ਯੂਨੀਵਰਸਿਟੀ 'ਚ ਇਸਲਾਮ ਇਤਿਹਾਸ ਦੇ ਪ੍ਰੋਫੈਸਰ ਅਸਲਮ ਸੈਅਦ ਕਹਿੰਦੇ ਹਨ ਕਿ ਔਰਤਾਂ ਨੂੰ ਬੁਰਕਾ ਪਹਿਨਣ ਲਈ ਦਬਾਅ ਬਣਾਉਣ ਅਤੇ ਇੱਜ਼ਤ ਦੇ ਸੁਆਲ 'ਤੇ ਬੇਟੀਆਂ ਨੂੰ ਮਾਰਨ ਦੀਆਂ ਘਟਨਾਵਾਂ ਇਥੇ ਵੀ ਹੋ ਰਹੀਆਂ ਹਨ। ਇਸ ਲਈ ਨਿਸ਼ਚਤ ਤੌਰ 'ਤੇ ਅਜਿਹੇ ਇਮਾਮ ਤੇ ਮੁਲ੍ਹਾਂ ਦੋਸ਼ੀ ਹਨ। ਜੋ ਇਸਲਾਮ ਨੂੰ 1500 ਸਾਲ ਪਿੱਛੇ ਧੱਕਦੇ ਹਨ। 20 ਸਾਲਾ ਬਨਾਜ ਨੂੰ ਉਸ ਦੇ ਪਿਤਾ ਮਹਿਮੂਦ ਆਗਾ ਬੇਰਹਿਮੀ ਨਾਲ ਪਹਿਲਾਂ ਜੁੱਤੇ ਦੇ ਫੀਤੇ ਨਾਲ ਕਸ ਕੇ ਬੰਨਿਆ ਕਿ ਉਸ ਦੇ ਹੱਥ ਪੈਰ ਹਿੱਲ ਵੀ ਨਹੀਂ ਸਕੇ। ਫਿਰ ਬਨਾਜ ਦੇ ਮੂੰਹ 'ਚ ਉਸ ਦੀ ਚੁੰਨੀ ਨੋਸ ਦਿੱਤੀ, ਤਾਂ ਕਿ ਮਦਦ ਲਈ ਉਸ ਦੀ ਚੀਖ ਵੀ ਨਾ ਨਿਕਲ ਸਕੇ। ਜੁੱਤੇ ਦੇ ਫੀਤੇ ਨਾਲ ਬਨਾਜਦਾ ਗਲਾ ਉਦੋਂ ਤੱਕ ਘੁਟਿਆ ਗਿਆ ਜਦ ਤਕ ਉਸ ਦਾ ਸਾਹ ਰੁਕ ਨਹੀਂ ਗਿਆ ਇਸ ਤੋਂ ਬਾਅਦ ਇਕ ਸੂਟਕੇਸ 'ਚ ਉਸ ਦੀ ਲਾਸ ਨੂੰ ਤੁੰਨ ਦਿੱਤਾ ਗਿਆ ਅਤੇ ਹਤਿਆਰੇ ਪਿਤਾ ਨੇ ਬਗੀਚੇ ਦੇ ਪਿੱਛੇ ਲਿਜਾ ਕੇ ਉਸ ਨੂੰ ਸੁਆਹ ਕਰ ਦਿੱਤਾ ਵਰਨਣ ਯੋਗ ਹੈ ਕਿ ਬ੍ਰਿਟੇਨ 'ਚ ਪਿਛਲੇ ਦਿਨੀ ਮੁਸਲਿਮ ਪਰਿਵਾਰ 'ਚ 25 ਔਰਤਾਂ ਦੀ ਹੱਤਿਆ ਉਹਨਾਂ ਦੇ ਬਾਪੂਆਂ ਵਲੋਂ ਹੀ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾਂ ਦੇ ਕਤਲਾਂ ਦੇ ਲਗਭਗ 100 ਕੇਸ ਬ੍ਰਿਟੇਨ ਦੀਆਂ ਅਦਾਲਤਾਂ 'ਚ ਵਿਚਾਰਧੀਨ ਹਨ। ਬ੍ਰਿਟੇਨ ਵਰਗੇ ਵਿਕਸਤ ਤੇ ਅਧੁਨਿਕ ਦੇਸ਼ ਦੇ ਮੁਸਲਿਮ ਪਰਿਵਾਰਾਂ 'ਚ ਛੋਟੀਆਂ ਛੋਟੀਆਂ ਗੱਲਾਂ 'ਤੇ ਆਨਰ ਕਿਲਿਗ ਦੀਆਂ 100 ਤੋਂ ਵੱਧ ਘਟਨਾਵਾਂ ਆਪਣੇ ਆਪ 'ਚ ਹੈਰਾਨ ਕਰਨ ਵਾਲੀਆਂ ਹਨ। ਇਹ ਸੁਆਲ ਵੀ ਨਾਲ ਹੀ ਪੈਦਾ ਕਰਦੀਆਂ ਹਨ ਕਿ ਏਨੇ ਅਧੁਨਿਕ ਦੇਸ਼ ਦੀ ਪੁਲਸ ਇਹਨਾਂ ਸਿਲਸਲੇਵਾਰ ਹੱਤਿਆਵਾਂ ਨੂੰ ਰੋਕਣ 'ਚ ਅਸਮਰਥ ਕਿਉਂ ਹੈ? ਧਿਆਨ ਦੇਣ ਯੋਗ ਹੈ ਕਿ ਪੱਛਮੀ ਸਭਿਆਚਾਰ ਅਪਣਾਈ ਮੁਸਲਿਮ ਕੁਰਦਿਸ਼ ਪਰਿਵਾਰ ਦੇ ਮੁੱਖੀਆਂ ਔਰਤਾਂ ਨੂੰ ਬਹੁਤ ਹੀ ਖੌਫਨਾਕ ਸਜਾਵਾਂ ਦਿੰਦੇ ਹਨ ਤਾਂ ਕਿ ਦੂਜੀਆਂ ਔਰਤਾਂ ਇਹਨਾਂ ਤੋਂ ਸਬਕ ਸਿੱਖ ਸਕਣ ਅਤੇ ਅਜਿਹੀ ਹਰਕਤ ਦੁਬਾਰਾ ਨਾ ਕਰਨ, ਜਿਸ ਨਾਲ ਪਰਿਵਾਰ, ਜਾਤੀ ਤੇ ਧਰਮ ਦੀ ਮਾਣ-ਇੱਜਤ ਨੂੰ ਠੇਸ ਪਹੁੰਚੇ।, ਬਨਾਜ ਦੀ ਭੈਣ ਬਰੇਵਲ ਆਗਾ ਨੂੰ ਉਸ ਦੇ ਪਿਤਾ ਨੇ ਗਰਮ ਸਰੀਏ ਨਾਲ ਇਸ ਕਰਕੇ ਪੱਟਾਂ 'ਤੇ ਦਾਗ਼ ਲਾ ਦਿੱਤਾ ਸੀ ਕਿ ਉਹ ਇਕ ਅੰਗਰੇਜ਼ ਲੜਕੇ ਦੇ ਨਾਲ ਡਿਸਕੋ ਪੱਬ 'ਚ ਗਈ ਸੀ। ਬ੍ਰਿਟੇਨ ਦੇ ਰਹਿਣ ਵਾਲੇ ਮੁਸਲਿਮ ਪਰਿਵਾਰ 'ਚ ਕਈ ਸਾਲਾਂ ਤੋਂ ਰਹਿ ਰਹੇ ਹਨ, ਪਰ ਉਸ ਦੇ ਬਾਵਜੂਦ ਉਹ ਬ੍ਰਿਟੇਨ ਦੇ ਸਭਿਆਚਾਰ ਤੇ ਉਥੇ ਦੇ ਲੋਕਾਂ ਨਾਲ ਜੁੜੇ ਨਹੀਂ ਹਨ। ਬਲਕਿ ਉਥੋਂ ਦੇ ਸਭਿਆਚਾਰ ਪ੍ਰਤੀ ਮੁਸਲਿਮ ਪਰਿਵਾਰ ਦੇ ਮਰਦਾਂ 'ਚ ਏਨਾ ਜਹਿਰ ਭਰਿਆ ਹੋਇਆ ਹੈ ਕਿ ਆਪਣੀ ਧੀਆਂ ਤੱਕ ਨੂੰ ਮਾਰਨ ਤੋਂ ਗੁਰੇਜ ਨਹੀਂ ਕਰਦੇ। ਇਰਾਨੀ ਤੇ ਕੁਰਦਿਸ਼ ਮਹਿਲਾ ਅਧਿਕਾਰ ਸੰਗਠਨ ਨਾਲ ਜੁੜੀ 'ਡਾਇਨਾ ਨਾਮੀ' ਦਾ ਕਹਿਣਾ ਹੈ ਕਿ ਪੂਰੇ ਸੰਸਾਰ 'ਚ ਇਸ ਸਮੇਂ ਇਸਲਾਮੀ ਕੱਟੜਵਾਦ ਤੇ ਰੂੜੀਵਾਦ ਵਧਦਾ ਜਾ ਰਿਹਾ ਹੈ ਜਿਸ ਦੇ ਸਿੱਟੇ ਵਜੋਂ ਅਜਿਹੀਆਂ ਘਟਨਾਵਾਂ ਸਾਹਮਣੇ

ਆ ਰਹੀਆਂ ਹਨ। ਬ੍ਰਿਟੇਨ ’ਚ ਹੀ ਨਹੀਂ ਪੂਰੇ ਸੰਸਾਰ ’ਚ ਆਨਰ ਕਿਲਿੰਗ ਦੀਆਂ ਘਟਨਾਵਾਂ ਵਧ ਰਹੀਆਂ ਹਨ ਜੋ ਮੁਸਲਿਮ ਪਰਿਵਾਰ ਵਿੱਚ ਮਰਦਾਂ ਦੇ ਕੱਟੜਪੁਣੇ ਨੂੰ ਦਰਸਾਉਂਦਾ ਹੈ। ਮੁਸਲਿਮ ਪਰਿਵਾਰ ਦੇ ਮਰਦ ਆਪਣੇ ਮਾਣ ਸਨਮਾਨ ਦੀ ਇਬਾਰਤ ਔਰਤਾਂ ਦੇ ਖ਼ੂਨ ਨਾਲ ਲਿਖ ਰਹੇ ਹਨ। ਇਹਨਾਂ ਇਸਲਾਮਿਕ ਮਰਦਾਂ ਦਾ ਧਰਮ ਨਾਲ ਕੋਈ ਲੈਣਾ ਦੇਣਾ ਨਹੀਂ ਬਲਕਿ ਆਪਣੀ ਤਾਨਸ਼ਾਹ ਪ੍ਰਵਿਰਤੀ ਅਤੇ ਤੰਗਦਿਲ ਮਾਨਸਿਕਤਾ ਦੇ ਕਾਰਨ ਹੀ ਇਹ ਔਰਤ ਨੂੰ ਆਪਣੀ ਹੈਵਾਨੀਅਤ ਦੀ ਤਾਕਤ ਨਾਲ ਆਪਣੇ ਕੋਲ ਗਹਿਣੇ ਰੱਖਣਾ ਚਾਹੁੰਦੇ ਹਨ। ਇਸ ਪ੍ਰਸੰਗ ’ਚ ਮੁਸਲਿਮ ਔਰਤ ਪਰਸਨਲ ਲਾਅ ਬੋਰਡ ਦੀ ਪ੍ਰਧਾਨ ਸ਼ਾਈਸਤਾ ਅੰਬਰ ਕੱਟਪੰਥੀਆਂ ਨੂੰ ਲੰਮੇ ਹੱਥੀਂ ਲੈਂਦਿਆ ਕਹਿੰਦੀ ਹੈ ‘ਜੋ ਕੱਟੜਪੰਥੀ ਔਰਤ ਨੂੰ ਉਪਰ ਤੋਂ ਹੇਠਾਂ ਤੱਕ ਢੱਕਣ ਦੀ ਗੱਲ ਕਰਦੇ ਹਨ ਉਹਨਾਂ ਨੂੰ ਔਰਤ ਸਿਰਫ ਵਰਤਣਯੋਗ, ਭੋਗਣਯੋਗ ਵਸਤੂ ਲੱਗਦੀ ਹੈ ਮੈਂ ਪੁੱਛਦੀ ਹਾਂ ਉਹਨਾਂ ਨੂੰ ਸੜਕ ’ਤੇ ਬਗੈਰ ਬੁਰਕੇ ਜਾਂਦੀਆਂ ਮਾਂ ਜਾ ਬੇਟੀ ਵਜੋਂ ਨਜ਼ਰ ਕਿਉਂ ਨਹੀਂ ਆਉਂਦੀਆਂ? ਮੈਂ ਅਫਗਾਨਿਸਤਾਨੀ ਔਰਤਾਂ ਵਲੋਂ ਪਹਿਨਣ ਵਾਲੇ ਲਬਾਦੇ ਦਾ ਵਿਰੋਧ ਕਰਦੀ ਹਾਂ ਜਿਸ ’ਚ ਓਹਨਾਂ ਦਾ ਸਰੀਰ ਪੂਰਾ ਢੱਕਿਆ ਰਹਿੰਦੈ, ਮੰਨ ਲਓ ਅੱਗ ਲੱਗ ਜਾਵੇ ਤਾਂ ਭੱਜ ਨਹੀਂ ਸਕਣਗੀਆਂ ਤੇ ਉਸੇ ਕਪੜਿਆਂ ’ਚ ਉਲਝ ਕੇ ਸੜ ਮਰ ਜਾਣਗੀਆਂ।

# ਪਲੇਸਮੈਂਟ ਏਜੰਸੀਆਂ ਅਤੇ ਲੜਕੀਆਂ

ਥਾਣੇਦਾਰ ਨਰੇਂਦਰ ਸ਼ੁਕਲਾ ਨੇ ਇਕ ਦਿਨ ਆਪਣੀ ਡਿਊਟੀ ਦੌਰਾਨ ਏਅਰ-ਕੰਡੀਸ਼ਨਰ ਰੇਲ ਡੱਬੇ 'ਚ ਝਾਕਿਆ ਤਾਂ ਦੰਗ ਰਹਿ ਗਿਆ। ਦੇਖਣ 'ਚ ਪ੍ਰੌੜ ਔਰਤ ਦੇ ਨਾਲ ਚਾਰ-ਪੰਜ ਲੜਕੀਆਂ ਬੈਠੀਆਂ ਸਨ। ਥੋੜੀਆਂ ਡਰੀਆਂ ਹੋਈਆਂ, ਸਹਿਮੀਆਂ ਹੋਈਆਂ, ਸੁੰਗੜੀਆਂ ਹੋਈਆਂ, ਕੁਝ ਹੈਰਾਨੀ ਨਾਲ ਟ੍ਰੇਨ ਤੇ ਸਵਾਰੀਆਂ ਨੂੰ ਦੇਖਦੀਆਂ ਹੋਈਆਂ। ਉਨ੍ਹਾਂ ਨੂੰ ਕੁਝ ਸ਼ੱਕ ਹੋਇਆ ਤੇ ਉਨ੍ਹਾਂ ਨੇ ਪੁੱਛ ਗਿੱਛ ਸ਼ੁਰੂ ਕਰ ਦਿੱਤੀ। ਪਤਾ ਲੱਗਿਆ ਕਿ ਉਹ ਮਜ਼ਬੂਤ (ਭਕੜੀ) ਔਰਤ ਦਿੱਲੀ ਦੀ ਕਿਸੇ ਪਲੇਸਮੈਂਟ ਏਜੰਸੀ ਦੀ ਏਜੰਟ ਹੈ ਅਤੇ ਆਦਿਵਾਸੀ ਤੇ ਗੈਰ ਆਦਿਵਾਸੀ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਸ਼ਹਿਰ 'ਚ ਰੁਜ਼ਗਾਰ ਦਵਾਉਣ ਦੇ ਬਹਾਨੇ ਵਰਗਲਾ ਕੇ ਲਿਜਾ ਰਹੀ ਹੈ। ਪੁਲਸ ਨੇ ਉਨ੍ਹਾਂ ਨੂੰ ਰੇਲਗੱਡੀ ਵਿਚੋਂ ਉਤਾਰ ਲਿਆ ਅਤੇ ਉਨ੍ਹਾਂ ਨੂੰ ਘਰ ਵਾਲਿਆਂ ਦੇ ਹਵਾਲੇ ਕਰ ਦਿੱਤਾ। ਛਾਣਬੀਣ ਦੌਰਾਨ ਘਰ ਵਾਲਿਆਂ 'ਚੋਂ ਕੁਝ ਨੇ ਮੰਨਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਉਨ੍ਹਾਂ ਦੀ ਧੀ ਨੂੰ ਕੌਣ ਕਿੱਥੇ ਲੈ ਜਾ ਰਿਹਾ ਹੈ। ਉਹ ਤਾਂ ਧੀ ਦੇ ਗੁੰਮ ਜਾਣ ਦਾ ਅਫਸੋਸ ਕਰ ਰਹੇ ਸਨ। ਕੁਝ ਦੇ ਘਰ ਵਾਲਿਆਂ ਨੇ ਪੈਸੇ ਦੇ ਲਾਲਚ ਵਿਚ ਆਪਣੀ ਧੀ ਏਜੰਟ ਦੇ ਹਵਾਲੇ ਕਰ ਦਿੱਤੀ ਸੀ।

ਸ਼ੁਕਲਾ ਨੂੰ ਅਜਿਹੇ ਨਜ਼ਾਰੇ ਆਏ ਦਿਨ ਜਬਲਪੁਰ ਰੇਲਵੇ ਸਟੇਸ਼ਨ 'ਤੇ ਵੇਖਣ ਨੂੰ ਮਿਲਦੇ ਹਨ। ਪੁਲਸ ਨੂੰ ਜੇ ਕਦੀ ਸ਼ੱਕ ਹੁੰਦਾ ਹੈ ਤਾਂ ਉਨ੍ਹਾਂ ਲੜਕੀਆਂ ਨੂੰ ਟ੍ਰੇਨ ਵਿਚੋਂ ਉਤਾਰ ਲੈਂਦੇ ਹਨ, ਨਹੀਂ ਤਾਂ ਬੜੇ ਆਰਾਮ ਨਾਲ ਲੜਕੀਆਂ ਏਜੰਟਾਂ ਰਾਹੀਂ ਵੱਖ ਵੱਖ ਠਿਕਾਣਿਆਂ 'ਤੇ ਪਹੁੰਚਾ ਦਿੱਤੀਆਂ ਜਾਂਦੀਆਂ ਹਨ। ਪੁਲਸ ਨੂੰ ਪਤਾ ਹੀ ਨਹੀਂ ਲੱਗਦਾ ਜਾਂ ਫਿਰ ਮਿਲੀ ਭੁਗਤ ਹੋ ਜਾਂਦੀ ਹੈ। ਪੁਲਸ ਜਾਂ ਪ੍ਰਸ਼ਾਸ਼ਨ ਦੇ ਕੰਨ 'ਤੇ ਤਾਂ ਜੂੰ ਉਦੋਂ ਸਰਕਦੀ ਹੈ ਜਦ ਕਿਸੇ ਲੜਕੀ ਦੇ ਮਾਪੇ ਸ਼ਿਕਾਇਤ ਕਰਨ ਥਾਣੇ ਪੁੱਜਦੇ ਹਨ। ਮੱਧ ਪ੍ਰਦੇਸ਼ ਦੇ ਮੰਡਲਾ, ਡਿੰਡੋਰੀ ਤੇ ਬਾਲਘਾਟ ਇਲਾਕੇ 'ਚ ਵੱਖ ਵੱਖ ਠਾਣਿਆਂ ਵਿਚ ਨਾ ਜਾਣੇ ਕਿੰਨੀਆ ਹੀ ਅਜਿਹੀਆਂ ਲੜਕੀਆਂ ਦੇ ਗਾਇਬ ਹੋਣ ਦੀ ਰਿਪੋਰਟ ਦਰਜ ਹੈ। ਜਿਨ੍ਹਾਂ ਲੜਕੀਆਂ ਦੀ ਕਿਸਮਤ ਅੱਛੀ ਹੁੰਦੀ ਹੈ ਉਹ ਵਾਪਸ ਆ ਜਾਂਦੀਆਂ ਹਨ ਜਾਂ ਪੁਲਸ ਉਨ੍ਹਾਂ ਨੂੰ ਬਰਾਮਦ ਕਰ ਲੈਂਦੀ ਹੈ। ਪਰ ਬਦਕਿਸਮਤ ਲੜਕੀਆਂ ਲਈ ਜ਼ਿੰਦਗੀ ਦੇ ਰਾਹ ਆਸਾਨ ਨਹੀਂ ਹੁੰਦੇ ਉਹ ਤਸਕਰਾਂ ਦੇ ਚੁੰਗਲ ਵਿਚ ਫਸ ਕੇ ਦੇਸ਼-ਦੁਨੀਆਂ ਦੇ ਕਿਸੇ ਵੀ ਕੋਨੇ 'ਚ ਨਰਕ ਭੋਗਣ ਲਈ ਸਰਾਪੀਆਂ ਜਾਂਦੀਆਂ ਹਨ।

ਅਗਸਤ ਦੇ ਪਹਿਲੇ ਹਫ਼ਤੇ 'ਚ ਮੰਡਲਾ ਸ਼ਹਿਰ ਦੇ ਬੱਸ ਸਟੈਂਡ 'ਤੇ ਅੱਧੀ ਰਾਤ ਨੂੰ ਇਕ ਔਰਤ ਸਮੇਤ ਪੰਜ ਲੜਕੀਆਂ ਫੜੀਆਂ ਗਈਆਂ। ਇਹ ਪੰਜੇ ਲੜਕੀਆਂ ਘੁਘਰੀ ਥਾਣੇ ਦੇ ਭਮਰੀ ਪਿੰਡ ਤੋਂ ਲਿਆਂਦੀਆਂ ਗਈਆਂ ਸਨ। ਪੁਲਿਸ ਦੀ ਗਸ਼ਤੀ ਟੁਕੜੀ ਨੇ ਅੱਧੀ ਰਾਤ ਨੂੰ ਦੇਖਿਆ ਕਿ ਕੁਝ ਲੜਕੀਆਂ ਜਬਲਪੁਰ ਜਾਣ ਨਾਲ ਗੱਡੀ ਦੀ ਉਡੀਕ ਕਰ ਰਹੀਆਂ ਹਨ। ਉਨ੍ਹਾਂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਪੂਰਾ ਦੇਸ਼ ਉਜਾਗਰ ਹੋ ਗਿਆ। ਇਥੇ ਵੀ ਇਕ ਔਰਤ ਏਜੰਟ (27 ਸਾਲ) ਕਵਿਤਾ ਬਾਈ ਦਾ ਹੱਥ ਸੀ, ਜੋ ਪੰਜ ਲੜਕੀਆਂ ਦਿੱਲੀ ਲੈ ਜਾ ਰਹੀ ਸੀ। ਇਨ੍ਹਾਂ ਲੜਕੀਆਂ

ਵਿਚ 14 ਸਾਲ ਤੋਂ ਲੈ ਕੇ 18 ਸਾਲ, 33 ਸਾਲ ਤੱਕ ਦੀ ਉਮਰ ਦੀਆਂ ਲੜਕੀਆਂ ਸਨ। ਇਨ੍ਹਾਂ ਦੇ ਨਾਂ ਸਨ-ਵੈਜੰਤੀ ਬਾਈ ਹਰਿਵਤੀ, ਜਾਗੇਸ਼ਵਰੀ, ਚੰਦਰਵਤੀ, ਅਮਰਾਵਤੀ। ਅਜਿਹੀਆਂ ਨਾ ਜਾਣੇ ਕਿੰਨੀਆਂ ਲੜਕੀਆਂ ਹੀ ਨਜਾਇਜ਼ ਤਸਕਰੀ ਦਾ ਅੱਡਾ ਬਣਦਾ ਜਾ ਰਿਹਾ ਹੈ ਸੂਬੇ ਦਾ ਇਹ ਇਲਾਕਾ। ਮੰਡਲ ਸਮੇਤ ਸੂਬੇ ਦੇ 29 ਜਿਲਿਆਂ ਤੋਂ ਲੜਕੀਆਂ ਦੀ ਤਸਕਰੀ ਦਾ ਸਿਲਸਿਲਾ ਜਾਰੀ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਮੁਕਰਜੀ ਕਮੇਟੀ ਰਿਪੋਰਟ ਮੱਧ ਪ੍ਰਦੇਸ਼ ਨੂੰ ਕਟਹਿਰੇ 'ਚ ਖੜ੍ਹਾ ਕਰ ਰਹੀ ਹੈ। ਕਮਿਸ਼ਨ ਮੁਤਾਬਕ, ਮੱਧ ਪ੍ਰਦੇਸ਼ ਦੇ ਕਈ ਸ਼ਹਿਰਾਂ ਨਾਲ ਤਸਕਰੀ ਦਾ ਨੈਟਵਰਕ ਜੁੜਿਆ ਹੋਇਆ ਹੈ। ਆਦੀਵਾਸੀ ਇਲਾਕਿਆਂ ਤੋਂ ਸਭ ਤੋਂ ਵਧ ਲੜਕੀਆਂ ਏਧਰ ਉਧਰ ਹੋ ਰਹੀਆਂ ਹਨ, ਉਨ੍ਹਾਂ ਨੂੰ ਘਰੇਲੂ ਕੰਮ ਕਾਜ ਦੇ ਬਹਾਨੇ ਲਿਆਦਾਂ ਜਾਂਦਾ ਹੈ ਅਤੇ ਫਿਰ ਕੋਈ ਨਹੀਂ ਵੇਖਦਾ ਕਿ ਉਨ੍ਹਾਂ ਨੂੰ ਕਿੱਥੇ ਤੇ ਕਿਸ ਕੰਮ ਵਿਚ ਝੋਕ ਦਿੱਤਾ ਜਾਂਦਾ ਹੈ। ਮਨੁੱਖੀ ਤਸਕਰ ਜਾਂ ਤਾਂ ਉਨ੍ਹਾਂ ਨੂੰ ਦੇਹ ਵਪਾਰ 'ਚ ਧੱਕ ਦਿੰਦੇ ਹਨ ਜਾਂ ਪੰਜਾਬ, ਹਰਿਆਣਾ ਵਰਗੇ ਸੂਬਿਆਂ 'ਚ ਵੇਚ ਦਿੰਦੇ ਹਨ ਜਿਥੇ ਔਰਤਾਂ ਦਾ ਅਨੁਪਾਤ ਬਹੁਤ ਘੱਟ ਹੈ। ਇਕ ਸਥਾਨਕ ਸੂਤਰ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਇਲਾਕੇ ਵਿਚੋਂ ਕੀ ਲੰਘਣੇ ਵਾਲੇ ਟਰੱਕਾਂ ਵਾਲੇ ਵੀ ਕਦੀ-ਕਦੀ ਲੜਕੀਆਂ ਦੀ ਤਸਕਰੀ ਕਰਦੇ ਹਨ। ਪੰਜਾਬ, ਹਰਿਆਣਾ ਤੋਂ ਕੁਝ ਲੋਕ ਸਿੱਧੇ ਇਨ੍ਹਾਂ ਨਾਲ ਸੰਪਰਕ ਰੱਖਦੇ ਹਨ ਅਤੇ ਕਹਿੰਦੇ ਹਨ - ਇਕ ਲੜਕੀ ਸਾਡੇ ਲਈ ਵੀ ਲਈ ਆਉਣਾ। ਏਜੰਟ ਨੂੰ ਤਾਂ ਪ੍ਰਤੀ 1000 ਰੁਪਿਆ ਕਮਿਸ਼ਨ ਮਿਲਦਾ ਹੈ ਪਰ ਟਰੱਕ ਵਾਲੇ ਉਮਰ ਦੇ ਹਿਸਾਬ ਨਾਲ ਲੜਕੀ ਦੀ ਮੋਟੀ ਕੀਮਤ ਵਸੂਲਦੇ ਹਨ।

ਮੰਡਲਾ ਜਿਲੇ ਦੇ ਮੋਤੀ ਨਾਲਾ ਠਾਣੇ ਦੇ ਪ੍ਰਭਾਰੀ ਏ. ਐਸ. ਡਾਂਗੀ ਅਨੁਸਾਰ, 2006 ਵਿਚ ਜਿੰਨੀਆਂ ਲੜਕੀਆਂ ਦੇ ਗਾਇਬ ਹੋਣ ਦੇ ਕੇਸ ਦਰਜ ਹੋਏ, ਉਨ੍ਹਾਂ ਵਿਚੋਂ ਕੁਝ ਨੂੰ ਬਰਾਮਦ ਕਰ ਲਿਆ ਸੀ। ਦਿੱਲੀ ਤੱਕ ਜਾ ਕੇ ਲੜਕੀਆਂ ਦਾ ਪਤਾ ਕੀਤਾ ਅਤੇ ਉਨ੍ਹਾਂ ਦੇ ਘਰ ਵਾਲਿਆਂ ਦੇ ਸਪੁਰਦ ਕਰ ਦਿੱਤਾ। ਉਹ ਸਭ ਲੜਕੀਆਂ ਗੌਂਡ ਜਨਜਾਤੀ ਦੀਆਂ ਸਨ। ਏਜੰਟ ਨੇ ਉਨ੍ਹਾਂ ਦੇ ਮਾਂ-ਬਾਪ ਨੂੰ ਲਾਲਚ ਦਿੱਤਾ ਕਿ ਬੇਟੀ ਸ਼ਹਿਰ 'ਚ ਕਮਾਏਗੀ, ਪੈਸੇ ਭੇਜੇਗੀ ਤਾਂ ਜੀਵਨ ਬਦਲ ਜਾਵੇਗਾ। ਡਾਂਗੀ ਅਨੁਸਾਰ ਇਸ ਇਲਾਕੇ 'ਚ ਤਸਕਰੀ ਦੇ ਕੇਸ ਸਭ ਤੋਂ ਪਹਿਲਾਂ 2005 'ਚ ਸਾਹਮਣੇ ਆਏ, ਉਸ ਤੋਂ ਪਿਛੋਂ ਤਾਂ ਕਈ ਕੇਸ ਉਜਾਗਰ ਹੋਏ ਹਨ। ਡਾਂਗੀ ਦੱਸਦੇ ਹਨ 'ਅਸੀਂ ਪਿੰਡ-ਪਿੰਡ ਜਾ ਕੇ ਜਾਗਰੂਕਤਾ ਕੈਂਪ ਚਲਾਉਂਦੇ ਹਾਂ, ਉਨ੍ਹਾਂ ਨੂੰ ਸਮਝਾਉਂਦੇ ਹਾਂ ਕਿ ਥਾਣੇ ਪਹਿਲਾਂ ਜਾਣਕਾਰੀ ਦਿਓ ਫੇਰ ਲੜਕੀ ਕਿਧਰੇ ਭੇਜੋ ਪਰ ਅਜਿਹਾ ਹੁੰਦਾ ਨਹੀਂ ਹੈ। ਸਿੱਧੇ-ਸਾਧੇ ਪੇਂਡੂ ਦੁਨੀਆਂ ਨਾਲੋਂ ਟੁੱਟੇ ਹੋਏ ਹਨ। ਪਿੰਡ ਤੱਕ ਜਾਣ ਲਈ ਕੋਈ ਸੜਕਾਂ ਨਹੀਂ ਹਨ, ਗਲੀਆਂ, ਪਥਰੀਲੀਆਂ ਤੇ ਲੰਬੀਆਂ ਪਗਡੰਡੀਆਂ ਹਨ। ਸ਼ਹਿਰੀ ਰੰਗ 'ਚ ਰੰਗੇ ਸਥਾਨਕ ਏਜੰਟ ਖਾਸ ਕਰਕੇ ਔਰਤਾਂ ਏਜੰਟ ਦੇ ਝਾਂਸੇ 'ਚ ਪਿੰਡ ਵਾਲੇ ਆਸਾਨੀ ਨਾਲ ਆ ਜਾਂਦੇ ਹਨ। ਆਦੀਵਾਸੀਆਂ ਇਲਾਕਿਆਂ ਵਿਚ ਕਲਿਆਣਕਾਰੀ ਯੋਜਨਾਵਾਂ ਨੂੰ ਅੰਜਾਮ ਦੇਣ ਵਾਲੇ ਸਥਾਨਕ 'ਨਿਰਮਾਣ' ਦੇ ਸੰਚਾਲਕ ਨਰੇਸ਼ ਵਿਸ਼ਵਾਸ ਵੀ ਇਸ ਦੀ ਪੁਸ਼ਟੀ ਕਰਦੇ ਹੋਏ ਦੱਸਦੇ ਹਨ 'ਆਦੀਵਾਸੀ-ਬਹੁਗਿਣਤੀ ਵਾਲੇ ਜ਼ਿਲਿਆਂ 'ਚ ਏਜੰਟ ਵੱਡੀ ਗਿਣਤੀ 'ਚ ਲੜਕੀਆਂ ਨੂੰ ਰੁਜ਼ਗਾਰ ਦਾ ਲਾਲਚ ਦਿੰਦੇ ਹਨ। ਪਿਛਲੇ ਪੰਜ ਸਾਲ ਤੋਂ ਲਗਭਗ 600 ਤੋਂ ਵਧ ਲੜਕੀਆਂ ਗਾਇਬ ਹੋਈਆਂ ਹਨ।' ਗਾਇਬ

ਲੜਕੀਆਂ ਦੀ ਕੰਮੀ ਸੂਚੀ ਇਨ੍ਹਾਂ ਕੋਲ ਹੈ ਜੋ ਇਨ੍ਹਾਂ ਨੇ ਸਥਾਨਕ ਪੁਲਿਸ ਨੂੰ ਸੌਂਪੀ ਹੈ ਅਤੇ ਆਪਣੀ 'ਤੇ ਵੀ ਉਨ੍ਹਾਂ ਦੀ ਖੋਜਬੀਨ ਕਰ ਰਹੇ ਹਨ। ਨਰੇਸ਼ ਨੇ 90 ਦੇ ਦਹਾਕੇ ਵਿਚ ਹੀ ਮਹਿਲਾ ਕਮਿਸ਼ਨ ਨੂੰ ਚਿੱਠੀ ਲਿਖੀ ਸੀ, ਜਿਸ ਵਿਚ ਨਿਰਜਨ ਇਲਾਕੇ ਤੋਂ ਲੜਕੀਆਂ ਦੀ ਤਸਕਰੀ ਦਾ ਸ਼ੱਕ ਦਰਸਾਇਆ ਗਿਆ ਸੀ ਉਹ ਦੱਸਦੇ ਹਨ, 'ਮੈਨੂੰ ਲੱਗਿਆ ਸੀ ਕਿ ਇਲਾਕੇ ਵਿਚ ਕੁਝ ਗੜਬੜ ਹੋ ਰਹੀ ਹੈ ਅਤੇ ਇਹ ਗੰਭੀਰ ਮਾਮਲਾ ਹੈ। ਇਸ ਮੁੱਦੇ ਨੂੰ ਉਠਾਉਣਾ ਚਾਹੀਦਾ ਹੈ। ਫਿਰ ਅਸੀਂ ਸਰਵੇ ਕਰਨਾ ਸ਼ੁਰੂ ਕੀਤਾ। ਤਾਂ ਹੈਰਾਨਕੁੰਨ ਤੱਥ ਸਾਹਮਣੇ ਆਏ।'

ਹੈਰਾਨ ਕਰਨ ਵਾਲੀਆਂ ਹੋਰ ਵੀ ਕਈ ਗੱਲਾਂ ਸਨ। ਤਸਕਰੀ ਦੇ ਤਾਰ ਵਿਦੇਸ਼ਾਂ ਨਾਲ ਜੁੜੇ ਹੋਏ ਹਨ। ਪਹਿਲਾਂ ਖਾੜੀ ਦੇਸ਼ਾਂ ਦਾ ਜ਼ਿਕਰ ਹੁੰਦਾ ਸੀ ਪਰ ਮੰਡਲਾ ਜਿਲੇ ਦੇ ਗੁਡਲੀ ਪਿੰਡ ਦੇ ਨੰਦਲਾਲ ਪਰਿਵਾਰ ਦੀ ਸੋਹਣੀ-ਸੁਣੱਖੀ, ਸੁਡੋਲ ਧੀ ਮਨੀਸ਼ਾ ਪਡਵਾਰ ਦੀ ਕਹਾਣੀ ਈਰਾਨ ਨਾਲ ਜੁੜਦੀ ਹੈ ਅਤੇ ਮਨੀਸ਼ਾ ਜੋ ਦੱਸਦੀ ਹੈ ਕਿ ਉਹ ਜਾਣਕਾਰੀ ਖਾਸੀ ਲਾਭਦਾਇਕ ਹੈ। ਡੇਢ ਸਾਲ ਪਹਿਲਾਂ ਮਨੀਸ਼ਾ ਨੂੰ ਤਸਕਰ ਸਮੁੰਦਰੀ ਜਹਾਜ਼ ਰਾਹੀਂ ਨਜਾਇਜ਼ ਢੰਗ ਨਾਲ ਇਰਾਨ ਲੈ ਗਏ ਸਨ। ਸਾਰੇ ਰਾਹ ਅੱਖਾਂ 'ਤੇ ਪੱਟੀ ਬੰਨੀ ਰੱਖੀ। ਬਾਅਦ 'ਚ ਪੱਟੀ ਖੋਲ੍ਹੀ ਤਾਂ ਮਿਲੀ ਕੈਦ। ਇਕ ਭਾਰਤੀ ਆਦਮੀ ਜਿਸ ਦਾ ਨਾਂ ਮਨੀਸ਼ਾ ਬਬਲੂ ਯਾਦਵ ਦੱਸਦੀ ਹੈ, ਉਸ ਦੀ ਪੱਤ ਲੁੱਟਦਾ ਰਿਹਾ। ਅਨਪੜ੍ਹ ਮਨੀਸ਼ਾ ਠੀਕ ਤਰ੍ਹਾਂ ਹਿੰਦੀ ਵੀ ਨਹੀਂ ਬੋਲ ਸਕਦੀ ਸੀ। ਜਦ ਉਹ ਗਰਭਵਤੀ ਹੋਈ ਤਾਂ ਉਸ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ, ਜਿਥੇ ਉਸ ਨੂੰ ਪਤਾ ਲੱਗਿਆ ਕਿ ਉਹ ਇਰਾਨ ਵਿਚ ਹੈ। ਡਰੀ-ਸਹਿਮੀ ਮਨੀਸ਼ਾ ਨੂੰ ਆਖਰ ਇਕ ਕਲਿਆਣਕਾਰੀ ਪਰਿਵਾਰ ਮਿਲ ਗਿਆ ਤੇ ਫਿਰ ਉਹ ਨਵ ਜਨਮੇ ਬੱਚੇ ਨੂੰ ਲੈ ਕੇ ਘਰ ਦੀ ਕੈਦ 'ਚੋਂ ਭੱਜ ਨਿਕਲੀ। ਆਖਰ ਆਪਣੇ ਪਿੰਡ ਪਰਤੀ ਪਰ ਨਜਾਇਜ਼ ਢੰਗ ਨਾਲ। ਅੱਜ ਉਹ ਪਰਿਵਾਰ ਨਾਲ ਰਹਿ ਰਹੀ ਹੈ। ਪਰ ਉਸ ਦੇ ਘਰ ਵਾਲਿਆਂ ਦਾ ਜਿਉਣਾ ਮੁਸ਼ਕਲ ਹੋ ਗਿਆ ਹੈ। ਪਿੰਡ ਵਾਲਿਆਂ ਨੂੰ ਮਨੀਸ਼ਾ ਦਾ ਹੁੱਕਾ-ਪਾਣੀ ਬੰਦ ਕਰ ਦਿੱਤਾ ਹੈ ਅਤੇ ਪਿਤਾ ਨੰਦ ਲਾਲ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਬੇਟੀ ਦੇ ਹੱਥ ਦਾ ਦਿੱਤਾ ਖਾਣਾ ਨਾ ਖਾਵੇ, ਨਾ ਪਾਣੀ ਪੀਵੇ ਅਜਿਹਾ ਨਾ ਕਰਨ 'ਤੇ ਉਸ ਨੂੰ ਪਿੰਡੋਂ ਕੱਢ ਦਿੱਤਾ ਜਾਵੇਗਾ। ਆਖਰ 16 ਸਾਲਾ ਮਨੀਸ਼ਾ ਤਸਕਰਾਂ ਦੇ ਚੁੰਗਲ 'ਚ ਫਸੀ ਕਿਵੇਂ। ਉਸ ਅਨੁਸਾਰ 'ਇਕ ਔਰਤ ਆਈ ਸੀ, ਉਸਨੇ ਮੈਨੂੰ ਪਾਰਲੇ ਬਿਸਕੁੱਟ ਖਾਣ ਨੂੰ ਦਿੱਤਾ। ਉਸ ਤੋਂ ਬਾਅਦ ਪਤਾ ਨਹੀਂ ਕੀ ਹੋਇਆ। ਉਹ ਔਰਤ ਅੱਗੇ ਅੱਗੇ ਤੇ ਮੈਂ ਪਿੱਛੇ ਪਿਛੇ ਚੱਲਦੀ ਗਈ। ਮੈਂ ਸੁੱਧ-ਬੁੱਧ ਗੁਆ ਚੁੱਕੀ ਸੀ। ਜੋ ਉਸ ਨੇ ਕਿਹਾ ਮੈਂ ਕਰਦੀ ਗਈ ਅਤੇ ਜਦੋਂ ਹੋਸ਼ ਆਈ ਤਾਂ ਮੇਰੀ ਅੱਖਾਂ 'ਤੇ ਪੱਟੀ ਬੰਨੀ ਹੋਈ ਸੀ ਅਤੇ ਪਤਾ ਨਹੀਂ ਮੈਂ ਕਿੱਥੇ ਸੀ।' ਉਹ ਤਾਂ ਵਾਪਸ ਆ ਗਈ ਪਰ ਮਨੀਸ਼ਾ ਜਿਹੀਆਂ ਅਨੇਕਾਂ ਲੜਕੀਆਂ ਅੱਜ ਵੀ ਤਸੀਹੇ ਝੱਲ ਰਹੀਆਂ ਹਨ।

# ਔਰਤਾਂ ਦਾ ਗੁਲਾਬੀ ਗੈਂਗ?

*ਬੁਦੇਲਖੰਡ 'ਚ ਗੁਲਾਬੀ ਸਾੜੀ ਪਹਿਨਣ ਵਾਲੀਆਂ ਔਰਤਾਂ ਦੀ ਇਕ ਜਮਾਤ ਨੇ ਔਰਤਾਂ ਦੇ ਹੱਕ ਅਤੇ ਸਮਾਜ ਦੇ ਹਿੱਤ ਲਈ ਸੰਘਰਸ਼ ਕਰਨ ਦਾ ਬੀੜਾ ਚੁਕਿਆ ਹੈ। ਗੁਲਾਬੀ ਗੈਂਗ ਦੇ ਨਾਂ ਨਾਲ ਮਸ਼ਹੂਰ ਹੈ ਇਹ ਔਰਤ ਜਥੇਬੰਦੀ।*

---

ਗੁਲਾਬੀ ਗੈਂਗ, ਗੁਲਾਬੀ ਸਾੜੀ ਪਹਿਨੀ ਔਰਤਾਂ ਦਾ ਇਕ ਅਜਿਹਾ ਸਮੂਹ ਹੈ ਜੋ ਸਰਕਾਰੀ ਫੈਸਲਿਆਂ 'ਚ ਦੇਰੀ ਨਹੀਂ ਚਾਹੁੰਦਾ। ਉਹ ਨਹੀਂ ਚਾਹੁੰਦਾ ਕਿਸੇ ਔਰਤ 'ਤੇ ਜ਼ੁਲਮ ਹੋਵੇ। ਅਤੇ ਔਰਤਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਨੂੰ ਮਰਦ ਭੋਗਣ। ਅੰਦੋਲਨ ਦੇ ਸਹਿਭਾਗੀ ਇਸ ਤਰੀਕੇ ਨੂੰ ਜੁਝਾਰੂ ਢੰਗ ਕਹਿੰਦੇ ਹਨ ਅਤੇ ਵਿਰੋਧੀ ਔਰਤਾਂ ਦਾ ਖਾੜਕੂ ਗਰੋਹ। ਬਾਂਦਾ ਤੋਂ ਲਗਭਗ 35 ਕਿਲੋਮੀਟਰ ਦੂਰ ਮਾਤਰਾ 'ਚ ਗੁਲਾਬੀ ਗੈਂਗ ਦੀ ਕਮਾਂਡਰ ਸੰਪਤ ਪਾਲ ਰਹਿੰਦੀ ਹੈ। ਉਸ ਦੇ ਪਿੰਡ ਜਾਂਦੀ ਸੜਕ ਬਹੁਤ ਖਰਾਬ ਹੈ, ਇਸ ਲਈ ਰਿਕਸ਼ਾ ਵਾਲੇ ਵੀ ਉਧਰ ਨਹੀਂ ਜਾਣਾ ਚਾਹੁੰਦੇ ਸੰਪਤ ਪਾਲ ਦੇ ਘਰ ਦਾ ਇੱਕ ਹਿੱਸਾ ਲੈ ਕੇ ਗੁਲਾਬੀ ਗੈਂਗ ਦੇ ਸਹਿਯੋਗੀ ਡਾਕਟਰ ਰੋਗੀਆਂ ਦਾ ਇਲਾਜ ਕਰਦੇ ਹਨ। ਭਾਵ ਅੰਦੋਲਨ ਦੇ ਨਾਲ ਨਾਲ ਲੋਕ ਸੇਵਾ ਵੀ ਚੱਲਦੀ ਹੈ। ਇਹ ਹੈਰਾਨਕੁੰਨ ਲੱਗਦਾ ਹੈ ਪਰ ਸੱਚ ਇਹ ਹੈ ਕਿ ਪਿਛੜੀ ਜਾਤੀ ਦੇ ਆਮ ਕਿਸਾਨ ਪਰਿਵਾਰ 'ਚ ਪੈਦਾ ਹੋਈ ਸਧਾਰਨ ਰੂਪ-ਰੰਗ ਦੀ ਇਹ ਔਰਤ ਅੱਜ ਏਨੇ ਵੱਡੇ ਕੱਦ ਦੀ ਹੋ ਗਈ ਹੈ ਕਿ ਉਸ ਦੇ ਸੰਘਰਸ਼ ਦੀ ਗਾਥਾ ਲਿਖੀ ਜਾ ਰਹੀ ਹੈ। ਸੰਘਰਸ਼ਾਂ 'ਚ ਲੱਗੇ ਲੋਕ ਵਿਰੋਧ ਕਰਨ ਦੇ ਉਸ ਦੇ ਅਜੀਬ ਤਰੀਕਿਆਂ ਦੇ ਮੁਰੀਦ ਹਨ। ਸਮਾਜਕ ਵਰਕਰ ਉਮਾਦੱਤ ਦੱਸਦੇ ਹਨ ਕਿ 'ਸੰਪਤ ਪਾਲ ਦੀ ਇਸ ਖਾਸੀਅਤ ਕਾਰਨ ਵੱਖ ਵੱਖ ਪਾਰਟੀਆਂ ਤੇ ਜਥੇਬੰਦੀਆਂ ਦੇ ਲੋਕ ਉਸ ਦੇ ਪਿੱਛੇ ਲੱਗੇ ਹੋਏ ਹਨ ਕਿ ਸੰਪਤ ਪਾਲ ਕਿਸੇ ਤਰ੍ਹਾਂ ਉਨ੍ਹਾਂ ਦੇ ਨਾਲ ਦੀ ਹੋ ਜਾਵੇ।'

ਪ੍ਰਸਾਸ਼ਨ ਵੀ ਮੰਨਦਾ ਹੈ ਕਿ ਸੰਪਤ ਪਾਲ ਵੱਲੋਂ ਤਿਆਰ ਗੀਤ ਤੇ ਖੋਜੇ ਗਏ ਵਿਰੋਧ ਦੇ ਤਰੀਕੇ ਬੇਹੱਦ ਸਟੀਕ ਹੁੰਦੇ ਹਨ। ਜਿਵੇਂ ਬਿਸੰਡਾ ਰੋਡ ਦੀ ਉਸਾਰੀ ਦਾ ਕੰਮ ਕਈ ਸਾਲਾਂ ਤੋਂ ਵਿਚੇ ਲਟਕਾ ਕੇ ਰੱਖਿਆ ਹੋਇਆ ਸੀ। ਇਸ ਨਾਲ ਬੁਦੇਲਖੰਡ 'ਚ ਭਾਰੀ ਮੀਂਹ ਕਾਰਨ ਪੂਰੀ ਸੜਕ ਪਾਣੀ ਨਾਲ ਲਥਪਥ ਹੋ ਗਈ। ਸਵਾਰੀਆਂ ਦਾ ਆਉਣਾ ਜਾਣਾ ਦੁੱਭਰ ਹੋ ਗਿਆ। ਕਈ ਮੁਜਾਹਰਿਆਂ ਪਿੱਛੋਂ ਵੀ ਜਦ ਪ੍ਰਸਾਸ਼ਨ ਦੇ ਕੰਨ 'ਤੇ ਜੂੰ ਨਾ ਸਰਕੀ ਤਾਂ ਗੁਲਾਬੀ ਗੈਂਗ ਨੇ ਇਸ ਸੜਕ ਤੇ ਝੋਨਾ ਬੀਜ ਦਿੱਤਾ, ਜਿਸ ਪਿਛੋਂ ਪ੍ਰਸਾਸ਼ਨ ਨੂੰ ਝੁਕਣਾ ਪਿਆ। ਇਸ ਤਰ੍ਹਾਂ ਗੁਲਾਬੀ ਗੈਂਗ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਕੱਢੀ ਕੁੱਤਾ ਰੈਲੀ ਦੀ ਚਰਚਾ ਅੱਜ ਵੀ ਲੋਕਾਂ ਦੀ ਜੁਬਾਨ 'ਤੇ ਹੈ। ਹੋਇਆ ਇਹ ਕਿ ਗੁਲਾਬੀ ਗੈਂਗ ਨੇ ਦੋ ਟਰੱਕ ਰਾਸ਼ਣ ਦਾ ਗੱਲਾ ਸ਼ਰੇਆਮ ਫੜਿਆ। ਬਾਵਜੂਦ ਇਸ ਦੇ ਚੋਰਬਜ਼ਾਰੀ ਖਿਲਾਫ਼ ਪ੍ਰਸਾਸ਼ਨ ਕੋਈ ਕਾਰਵਾਈ ਕਰਨ ਦਾ ਮੂਡ ਨਾ ਦਿਸਿਆ ਤਾਂ ਗੈਂਗ ਦੀ ਕਮਾਂਡਰ ਸੰਪਤ ਨੇ ਨਾਹਰਾ ਦਿੱਤਾ, 'ਪੁਲਸ ਦੇ ਵਫ਼ਾਦਾਰ ਤਾਂ ਕੁੱਤੇ ਹਨ।' ਕਮਾਂਡਰ ਦੇ ਇਸ ਨਾਹਰੇ ਬਾਅਦ ਦੇਰ ਨਾ ਲੱਗੀ। ਅਗਲੇ ਹੀ ਦਿਨ ਪੂਰੇ

ਬੁਦੇਲਖੰਡ ’ਚ ਫੈਲੀਆਂ ਇਸ ਦੀਆਂ 500 ਮੈਂਬਰਾਂ ਵਿਚੋਂ ਬਹੁਤੀਆਂ ਕੁੱਤਿਆਂ ਨੂੰ ਲੈ ਕੇ ਥਾਣੇ ਜਾ ਪਹੁੰਚੀਆਂ। ਪੁਲਸ ਗੈਂਗ ਦੀ ਇਸ ਖਾੜਕੂ ਕਾਰਵਾਈ ਕਾਰਨ ਪੁਲਿਸ ਨੇ ਕਈ ਵਾਰ ਸੰਪਤ ਪਾਲ ਤੇ ਹੋਰ ਔਰਤ ਮੈਂਬਰਾਂ ਨੂੰ ਫਰਜੀ ਮੁਕੱਦਮਿਆਂ ’ਚ ਫਸਾਉਣ ਦੀ ਕੋਸ਼ਿਸ਼ ਕੀਤੀ। ਮਿਸਾਲ ਵਜੋਂ ਉਤਰ ਪ੍ਰਦੇਸ਼ ਦੇ ਪੁਲਸ ਮਹਾਂ ਨਿਰਦੇਸ਼ਕ ਬ੍ਰਿਕਮ ਸਿੰਘ ਪਿਛਲੇ ਸਾਲ ਪ੍ਰੈਸ ਕਾਨਫਰੰਸ ਦੌਰਾਨ ਬੋਲ ਪਏ ਕਿ ‘ਗੁਲਾਬੀ ਗੈਂਗ ਨਕਸਲੀਆਂ ਦੀ ਜਥੇਬੰਦੀ ਹੈ’ ਪਰ ਅਗਲੇ ਹੀ ਦਿਨ ਸੂਬੇ ਦੇ ਏ. ਡੀ. ਜੀ. ਬਿਰਜ ਲਾਲ ਮਹਾਂਨਿਰਦੇਸ਼ਕ ਦੇ ਬਿਆਨ ਦਾ ਖੰਡਨ ਕਰ ਦਿੱਤਾ। ਸੰਪਤ ਲਾਲ ਇਸ ਦੋਸ਼ ਨੂੰ ਭਰਿਸ਼ਟ ਪ੍ਰਸਾਸ਼ਨ ਦੀ ਬੁਖਲਾਹਟ ਮੰਨਦੀ ਹੈ ਅਤੇ ਕਹਿੰਦੀ ਹੈ ਕਿ “ਵੈਸੇ ਤਾਂ ਮੈਂ ਨਹੀਂ ਜਾਣਦੀ ਕਿ ਨਕਸਲੀ ਕੰਮ ਕਿਵੇਂ ਕਰਦੇ ਹਨ ਪਰ ਪ੍ਰਸਾਸ਼ਨ ਨੂੰ ਮੈਂ ਦੋਸ਼ ਦੱਸ ਦੇਣਾ ਚਾਹੁੰਦੀ ਹਾਂ ਕਿ ਜਿਸ ਤਰ੍ਹਾਂ ਮੈਂ ਲੜ ਰਹੀ ਹਾਂ, ਜੇ ਉਸ ਨੂੰ ਨਕਸਲਵਾਦ ਕਹਿੰਦੇ ਹਨ, ਤਾਂ ਪੁਲਸ ਮੰਨ ਲਵੇ ਕਿ ਮੈਂ ਨਕਸਲੀ ਹਾਂ।” ਪਰ ਇਸ ਦੇ ਉਲਟ ਬੁਦੇਲਖੰਡ ਵਿਚ ਬਾਂਦਾ ਹੋਵੇ ਜਾਂ ਮਹੋਬਾ ਜਾਂ ਫਿਰ ਕੋਈ ਹੋਰ ਜ਼ਿਲ੍ਹਾ, ਹਰ ਥਾਂ ਸੰਪਤ ਪਾਲ ਦੀ ਬਹੁਤ ਮਾਣ-ਇੱਜਤ ਹੈ। ਅਤਰਾ ਪਹੁੰਚੀ ਬੱਸ ਦੇ ਕੰਡਕੈਟਰ ਰਾਮ ਸਿੰਘ ਨੂੰ 2006 ’ਚ ਗੁਲਾਬੀ ਰੰਗ ਦਾ ਇਹ ਮੁਜਾਹਰਾ ਯਾਦ ਹੈ ਜਦ ਡੀ ਸੀ ਨੂੰ ਗੈਂਗ ਵਾਲਿਆਂ ਨੇ ਘਟਨਾ ਵਾਲੀ ਜਗ੍ਹਾ ’ਤੇ ਤਿੰਨ ਕਿਲੋਮੀਟਰ ਪੈਦਲ ਚਲਵਾਇਆ ਸੀ। ਉਹ ਪਹਿਲਾਂ ਮੁਜਾਹਰਾ ਸੀ ਜਿਸ ਪਿਛੋਂ ਵੱਡੇ ਪੈਮਾਨੇ ’ਤੇ ਗੁਲਾਬੀ ਸਾੜੀ ਪਹਿਨਣ ਵਾਲੀਆਂ ਇਨ੍ਹਾਂ ਅੰਦੋਲਨਕਾਰੀ ਔਰਤਾਂ ਦੀ ਪਹਿਚਾਣ ਹੋਈ ਅਤੇ ਸੰਗਠਨ ਦਾ ਨਾਂ ਗੁਲਾਬੀ ਗੈਂਗ ਰੱਖਿਆ ਗਿਆ।

ਬੁਦੇਲਖੰਡ (ਉਤਰ ਪ੍ਰਦੇਸ਼, ਮੱਧ ਪ੍ਰਦੇਸ਼) ਦੇ ਦਸ ਜਿਲਿਆਂ ’ਚ ਕਰੀਬ 45 ਹਜ਼ਾਰ ਦੀ ਮੈਂਬਰਸ਼ਿਪ ਸੰਖਿਆ ਪਾਰ ਕਰ ਚੁੱਕੇ ਇਸ ਗੈਂਗ ਦੀਆਂ 90 ਫੀਸਦੀ ਮੈਂਬਰ ਦਲਿਤ ਅਤੇ ਪਛੜੀਆਂ ਜਾਤਾਂ ’ਚੋਂ ਹਨ। ਉਸ ਵਿਚ ਦਲਿਤ ਔਰਤਾਂ ਦੀ ਬਹੁਗਿਣਤੀ ਹੈ। ਤੇਜੀ ਨਾਲ ਮੈਂਬਰਸ਼ਿਪ ’ਚ ਵਾਧਾ ਹੋਇਆ ਹੈ। ਦਿੱਲੀ ਦੇ ਨੇੜੇ ਗੁੜਗਾਵਾਂ ਵਿਚ ਵੀ ਇਸ ਦੀ ਇਕਾਈ ਬਣ ਗਈ ਹੈ। ਸੰਘਰਸ਼ ਬਾਰੇ ਸੰਪਤ ਪਾਲ ਦਾ ਕਹਿਣਾ ਹੈ ਕਿ ‘ਮੈਂ ਛੋਟੀ ਉਮਰ ਤੋਂ ਬਾਗੀ ਰਹੀ। ਮਾਂ-ਬਾਪ ਲੜਕੀ ਹੋਣ ਕਾਰਨ ਜਦ ਕਿਤੇ ਜਾਣ ਤੋਂ ਰੋਕਦੇ ਤਾਂ ਲੜ ਪੈਂਦੀ ਅਤੇ ਪੁੱਛਦੀ ਭਾਈ ਕਿਉਂ ਜਾ ਰਿਹਾ ਹੈ। ਉਹ ਲੜਕਾ ਹੋਇਆ ਤਾਂ ਕੀ ਹੋਇਆ। ਸ਼ਾਦੀ ਪਿਛੋਂ ਸੁਸਰਾਲ ’ਚ ਪੇਕਿਆਂ ਤੋਂ ਵਧ ਪਾਬੰਦੀਆਂ ਸਨ ਪਰਦੇ ਤੋਂ ਬਾਹਰ ਝਾਕਣ ’ਤੇ ਕਲੱਛਣੀ ਕਿਹਾ ਜਾਂਦਾ ਸੀ, ਚਿਹਰੇ ਤੋਂ ਘੁੰਡ ਚੁੱਕਣ ਦੀ ਇਜਾਜ਼ਤ ਨਹੀਂ ਸੀ। ਕੁਝ ਸਾਲ ਇਹ ਸਿਲਸਿਲਾ ਚੱਲਦਾ ਰਿਹਾ। ਪਰ ਇਸ ਦੌਰਾਨ ਦੂਜੀਆਂ ਔਰਤਾਂ ਦੇ ਅਨੁਭਵ ਦਾ ਇਹ ਅਹਿਸਾਸ ਕਰਵਾ ਦਿੱਤਾ ਕਿ ‘ਔਰਤਾਂ ਹੀ ਔਰਤਾਂ ਨੂੰ ਸਮਾਜਕ ਨਾ ਬਰਾਬਰੀ ਤੋਂ ਮੁਕਤ ਕਰਵਾ ਸਕਦੀਆਂ ਹਨ।’

ਫਿਰ ਮੈਂ ਸਹੁਰੇ ਇਲਾਕੇ ’ਚ ਘਰ ਘਰ ਜਾ ਕੇ ਔਰਤਾਂ ਨੂੰ ਸਮਝਾਉਣ ਲੱਗੀ। ਬਾਹਰ ਜਾਣ ’ਤੇ ਘਰ ਵਾਲਿਆਂ ਨੇ ਟੋਕਣਾ ਸ਼ੁਰੂ ਕਰ ਦਿੱਤਾ ਪਰ ਅਸੀਂ ਵੀ ਰਾਹ ਕੱਢਿਆ ਕੂੜਾ ਸੁੱਟਣ ਦੇ ਬਹਾਨੇ ਮੈਂ ਖੇਤ ਜਾਂਦੀ, ਕੂੜੇ ਦੀ ਟੋਕਰੀ ’ਚ ਕੱਪੜੇ ਰੱਖ ਲੈਂਦੀ ਅਤੇ ਖੇਤ ’ਚ ਕੱਪੜੇ ਬਦਲ ਕੇ ਔਰਤਾਂ ਨੂੰ ਜਾਗਰੂਕ ਕਰਨ ਨਿਕਲ ਪੈਂਦੀ। ਦੂਰ ਪਿੰਡਾਂ ਵਾਲੇ ਸਾਨੂੰ ਪਹਿਚਾਣ ਦੇ ਨਹੀਂ ਸਨ। ਲੋਕਾਂ ਨੂੰ ਲੱਗਦਾ ਕੋਈ ਭੈਣ ਜੀ (ਸਮਾਜ ਸੇਵਿਕਾ) ਆਈ ਹੈ। ਇਸ ਤਰ੍ਹਾਂ ਪਿੰਡੋਂ ਬਾਹਰ ਜਾ ਕੇ ਜਥੇਬੰਦੀਆਂ

ਬਣਾਉਣੀਆਂ ਸ਼ੁਰੂ ਕੀਤੀਆਂ ਹੌਲੀ-ਹੌਲੀ ਕਈ ਔਰਤਾਂ ਸਾਡੇ ਨਾਲ ਰਲ ਗਈਆਂ। ਅਸੀਂ ਗੀਤ ਆਦਿ ਰਾਹੀਂ ਉਨ੍ਹਾਂ ਨੂੰ ਜਾਗਰੂਕ ਕਰਨਾ ਸ਼ੁਰੂ ਕੀਤਾ। ਗੀਤ ਸਾਡਾ ਸਭ ਤੋਂ ਕਾਰਗਰ ਹਥਿਆਰ ਬਣਿਆ ਕਿਉਂਕੀ ਗੁਲਾਬੀ ਗੈਂਗ ਨਾਲ ਬਹੁਤੀਆਂ ਔਰਤਾਂ ਉਹ ਜੁੜੀਆਂ ਜੋ ਦਲਿਤ ਸਨ।' ਸ਼ੁਰੂਆਤੀ ਗੀਤ 'ਬਹੁਤਾ ਦਿਨ ਤੁਮ ਘਰ ਮੇਂ ਬੈਠੀ ਕੁਛ ਨਾ ਦੇਖਣ ਪਾਈ, ਆਪਣੇ ਆਪਣੇ ਘਰ ਮੇਂ ਸੁਖ ਸੇ ਕਭੀ ਨਾ ਰਹਿਣੇ ਪਾਈ। ਚਲੋ ਮਿਲ ਕਰ ਕਰੇਂ ਪ੍ਰਚਾਰ ਜਾਗਨ ਕਾ, ਸੌ ਸੇ ਤੇਤੀਸ ਹਮੇਂ ਮਿਲੇ ਹੈ-ਆਪਣਾ ਕੰਮ ਕਰਈਬੇ। ਮਹਿਲਾਓ ਕਾ ਜਹਾਂ ਕਾਮ ਲਗਤ ਉਹ ਪੁਰਸ਼ਾਂ ਕੋ ਨਹੀਂ ਬੋਲਈਬੇ।' ਕਮਾਂਡਰ ਸੰਪਤ ਪਾਲ ਅਨੁਸਾਰ ਇਸ ਤਰ੍ਹਾਂ ਦੇ ਸੈਂਕੜੇ ਗੀਤਾਂ-ਗਾਣਿਆਂ ਦੀ ਪੂਰੀ ਇਕ ਲੜੀ ਗੁਲਾਬੀ ਗੈਂਗ ਨੇ ਆਪਣੇ ਸੰਘਰਸ਼ ਨੂੰ ਅੱਗੇ ਚਲਾਉਣ ਲਈ ਤਿਆਰ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਰਾਖਵੇਂਕਰਨ ਵਰਗੀ ਗੂੜੀ ਗੱਲ ਨੂੰ ਵੀ ਅਸੀਂ ਗੀਤਾਂ ਰਾਹੀਂ ਰੱਖਿਆ ਤਾਂ ਕਈ ਗ੍ਰਾਮ ਪੰਚਾਇਤਾਂ ਦੀਆਂ ਔਰਤ ਗ੍ਰਾਮ ਪ੍ਰਧਾਨਾਂ ਨੇ, ਜਿਨ੍ਹਾਂ ਦੀ ਹੈਸੀਅਤ ਉਦੋਂ ਤੱਕ ਰਬੜ ਦੀ ਮੋਹਰ ਸੀ, ਆਪਣੇ ਘਰ-ਸਮਾਜ ਤੋਂ ਬਗਾਵਤ ਕਰਕੇ ਸਹੀ ਅਰਥਾਂ 'ਚ ਖੁਦ ਨੂੰ ਗ੍ਰਾਮ ਪ੍ਰਧਾਨ ਸਾਬਤ ਕੀਤਾ। ਇਸ ਪੂਰੀ ਲੜਾਈ ਵਿਚ ਸੰਘਰਸ਼ ਦੇ ਸਭ ਤੋਂ ਅੱਛੇ ਸਹਿਯੋਗੀ ਅਤੇ ਗੁਲਾਬੀ ਰੰਗ ਦੇ ਬੁਧੀਜੀਵੀ ਜੈ ਪ੍ਰਕਾਸ਼ ਸ਼ਿਵਹਰੇ ਦੇ ਯੋਗਦਾਨ ਨੂੰ ਸੰਪਤ ਪਾਲ ਦੱਸਣਾ ਨਹੀਂ ਭੁਲਦੀ।

# ਔਰਤਾਂ ਅਤੇ ਅਪਰਾਧ

ਔਰਤਾਂ ਨਾ ਸਿਰਫ ਅਪਰਾਧ ਦੀ ਦੁਨੀਆਂ ’ਚ ਗਾਡ ਮਦਰਸ ਬਣ ਚੁੱਕੀਆਂ ਹਨ ਬਲਕਿ ਕਤਲ ਕਰਾਉਣ ਵਾਲੇ ਸੁਪਾਰੀ ਕਿਲਰਸ ਗਰੋਹਾਂ ਦੀਆਂ ਸਰਗਨਾ ਤੱਕ ਬਣ ਗਈਆਂ ਹਨ। ਉਸ ਸਮੇਂ ਸਿਰਫ ਨਿਊਂਜ ਚੈਨਲਾਂ, ਅਖਬਾਰਾਂ ਤੇ ਰਸਾਲਿਆਂ ’ਚ ਆਪਣੀ ਹਾਜਰੀ ਦਰਜ ਕਰਵਾਉਂਦੀਆ ਰਹਿੰਦੀਆਂ ਹਨ। ਥਾਣਿਆਂ ਅਤੇ ਖੇਤਰ ਦੇ ਨਾਲ ਨਾਲ ਇਨ੍ਹਾਂ ਦੇ ਨਾਂ ਬਦਲਦੇ ਰਹਿੰਦੇ ਹਨ ਜਿਵੇਂ ਕਮਲਾ, ਇੰਦਰਾ, ਬਾਲਾ, ਰੇਖਾਰਾਨੀ, ਕੈਲਾਸ਼, ਕਮਲੇਸ਼ ਆਦਿ। ਦਾਰੂ, ਚਰਸ, ਸਮੈਕ ਚੋਰੀ ਤੇ ਸੱਟੇ ਦੇ ਧੰਦੇ ’ਤੇ ਵੀ ਇਨ੍ਹਾਂ ਦਾ ਕਬਜਾ ਉਵੇਂ ਹੀ ਰਹਿੰਦਾ ਹੈ ਜਿਵੇਂ ਕਿ ਹੁਣ ਤੱਕ ਮਰਦਾਂ ਦਾ ਰਿਹਾ ਹੈ। ਮਰਦਾਂ ਦੀ ਲੋੜ ਅਤੇ ਖਾਹਿਸ਼ ਮੁਤਾਬਕ ਲੜਕੀਆਂ ਸਪਲਾਈ ਕਰਨ, ਨਿੱਜੀ ਰੰਜਸ ਕੱਢਣ ਲਈ ਕਤਲ ਕਰਨ ਵਾਲੇ ਜਾਂ ਕਾਰਖਾਨੇ ਵਿਚ ਚੰਡੀਗੜ੍ਹ, ਪੰਜਾਬ, ਹਰਿਆਣਾ ਦੀਆਂ ਕੁਝ ਔਰਤਾਂ ਦੇ ਨਾਂ ਵੱਖ ਵੱਖ ਪੁਲਿਸ ਥਾਣਿਆਂ ਦੇ ਰਿਕਾਰਡ ਵਿਚ ਦਰਜ ਹਨ। ਵਿਦੇਸ਼ਾਂ ’ਚ ਬੈਠ ਕੇ ਪੰਜਾਬ ’ਚ ਸੁਪਾਰੀ ਦੇ ਕੇ ਆਪਣੇ ਸਕੇ ਸਬੰਧੀਆਂ ਦਾ ਕਤਲ ਕਰਵਾਉਣ ਵਾਲੀਆਂ ਸੁੰਦਰੀਆਂ ਨੇ ਵੀ ਕੋਈ ਘੱਟ ਜਲਵੇ ਨਹੀਂ ਬਖੇਰੇ ਹਨ। ਦੌਲਤ ਦੀ ਚਾਹਤ ਨੇ ਨਾ ਸਿਰਫ ਅਜਿਹੀਆਂ ਔਰਤਾਂ ਦੇ ਰਿਸ਼ਤੇ ਬਦਲ ਦਿੱਤੇ ਹਨ ਬਲਕਿ ਉਨ੍ਹਾਂ ਨੂੰ ਇਸ ਹੱਦ ਤੱਕ ਗੁੰਮਰਾਹ ਕਰ ਦਿੱਤਾ ਹੈ ਕਿ ਉਨ੍ਹਾਂ ਨੇ ਸੁਪਾਰੀ ਦੇ ਕੇ ਆਪਣੇ ਰਿਸ਼ਤੇਦਾਰਾਂ ਦੀਆਂ ਹੱਤਿਆਵਾਂ ਕਰਾਉਣ ’ਚ ਸੰਕੋਚ ਨਹੀਂ ਕੀਤਾ। ਰੋਚਕ ਗੱਲ ਇਹ ਹੈ ਕਿ ਆਪਣੀਆਂ ਕਰਤੂਤਾਂ ਨੂੰ ਹੋਰਨਾਂ ਪੁਰਸ਼ਾਂ ਰਾਹੀਂ ਅੰਜਾਮ ਦੇਣ ਵਾਲੀਆਂ ਇਹ ਔਰਤਾਂ ਅੱਜ ਵੀ ਬੇਖੌਫ਼ ਹੋ ਕੇ ਵਿਦੇਸ਼ਾਂ ’ਚ ਬੈਠੀਆਂ ਹਨ। ਸਾਲ 2004 ’ਚ 19 ਜੂਨ ਨੂੰ ਅਮਰੀਕਾ ਤੋਂ ਆਏ ਬਲਵੀਰ ਸਿੰਘ ਦੀ ਉਸ ਦੇ ਪਿੰਡ ਰਾਇਪੁਰ-ਰਸੂਲਪੁਰ (ਜਲੰਧਰ) ’ਚ ਹੱਤਿਆ ਕਰ ਦਿੱਤੀ ਗਈ ਸੀ। ਦਸ ਦਿਨ ਦੀ ਜਦੋ ਜਹਿਦ ਪਿਛੋਂ ਜਦੋਂ ਕਤਲ ਦੀ ਗੁੱਥੀ ਸੁਲਝੀ ਤਾਂ ਹੱਤਿਆ ’ਚ ਅਮਰੀਕਾ ’ਚ ਵਸੀ ਉਸ ਦੀ ਪਤਨੀ ਦੀ ਮੁੱਖ ਭੂਮਿਕਾ ਸੀ। ਬਲਵੀਰ ਦੀ ਬੀਵੀ ਸਤਿੰਦਰ ਕੌਰ ਨੇ ਉਸ ਦਾ ਕਤਲ ਸਿਰਫ ਇਸ ਲਈ ਕਰਵਾਇਆ ਸੀ ਤਾਂ ਕਿ ਉਹ ਉਸ ਦੇ ਬੀਮੇ ਦੀ 50 ਲੱਖ ਦੀ ਰਾਸ਼ੀ ਹਾਸਲ ਕਰ ਸਕੇ ਜਦ ਪੰਜਾਬ ਪੁਲਿਸ ਨੇ ਸੁਪਾਰੀ ਲੈ ਕੇ ਕਤਲ ਕਰਨ ਵਾਲੇ ਚਾਰ ਲੋਕਾਂ ਨੂੰ ਦਬੋਚਿਆ ਤਾਂ ਸਾਰਾ ਭੇਦ ਖੁੱਲ ਗਿਆ ਪਰ ਪੁਲਿਸ ਸਤਿੰਦਰ ਨੂੰ ਅੱਜ ਤੱਕ ਪੰਜਾਬ ਨਹੀਂ ਲਿਆ ਸਕੀ। ਸਾਲ 2002 ’ਚ ਵੀ ਪੰਜਾਬ ਦੇ ਜਲੰਧਰ ਦੀ ਬਸਤੀ ਸ਼ੇਖ ਇਲਾਕੇ ’ਚ ਐਨ. ਆਰ. ਆਈ ਜੋਗਾ ਵਿਚ ਅਮਰੀਕਾ ’ਚ ਰਹਿਣ ਵਾਲੀ ਸੰਤੋਸ਼ ਕੌਰ ਨਾਮਕ ਔਰਤ ਦੀ ਮੁੱਖ ਭੂਮਿਕਾ ਸੀ। ਇਸੇ ਸਾਲ ਜਨਵਰੀ ਵਿਚ ਪੰਜਾਬ ਦੇ ਨੂਰ ਮਹਿਲ ’ਚ ਰਹਿਣ ਵਾਲੀ ਮਨਜੀਤ ਕੌਰ ਨੇ ਮਨੀਲਾ ਨਿਵਾਸੀ ਆਪਣੀ ਬੇਟੀ ਦੇ ਦਿਓਰ ਸੁਰਿੰਦਰਜੀਤ ਦੀ ਹੱਤਿਆ ਲਈ ਸੁਪਾਰੀ ਕਿਲਰ ਗਰੋਹ ਦਾ ਸਹਾਰਾ ਲਿਆ। ਮਨਜੀਤ ਚਾਹੁੰਦੀ ਸੀ ਕਿ ਜ਼ਮੀਨ ਦਾ ਹਿੱਸਾ ਉਸ ਦੀ ਵਿਧਵਾ ਧੀ ਨੂੰ ਮਿਲਣਾ ਚਾਹੀਦਾ ਹੈ। ਇਸ ਲਈ ਉਸ ਨੇ ਸਰੀਹੇ (ਨਕੋਦਰ) ਪਿੰਡ ਦੇ ਇਕ ਨੌਜਵਾਨ ਰਾਹੀਂ ਸੁਪਾਰੀ ਕਿਲਰ ਗਰੋਹ ਨਾਲ ਦੋ ਲੱਖ ਰੁਪਏ ਦੀ ਡੀਲ ਕੀਤੀ। ਪੁਲਸ ਨੇ ਮਨਜੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ। ਔਰਤਾਂ ਦੀ ਅਪਰਾਧ

ਤੇ ਅਪਰਾਧੀਆਂ ਨਾਲ ਵਧਦੀ ਮਿਲੀਭੁਗਤ ਨੇ ਪੁਲਸ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਕਰੀਬ ਤਿੰਨ ਸਾਲ ਪਹਿਲਾਂ ਗੁੜਗਾਓਂ ਤੋਂ ਆਪਣੇ ਕਾਰੋਬਾਰੀ ਪਤੀ ਦੇ ਨਾਲ ਚੰਡੀਗੜ ਆਈ ਇਕ ਔਰਤ ਨੇ ਹੋਟਲ ਮਾਊਂਟ ਵਿਊ 'ਚ ਆਪਣੇ ਪਤੀ ਦਾ ਕਤਲ ਕੀਤਾ ਅਤੇ ਅਜਿਹਾ ਡਰਾਮਾ ਰਚਿਆ ਜਿਸ ਨਾਲ ਪੁਲਿਸ ਨੂੰ ਲੱਗੇ ਕਿ ਪਤੀ ਦਾ ਕਤਲ ਲੁੱਟਖੋਹ ਦੇ ਇਰਾਦੇ ਨਾਲ ਹੋਇਆ ਹੈ।

ਇਸ ਲਈ ਉਸ ਨੇ ਖੁਦ ਨੂੰ ਵੀ ਨਾਟਕੀ ਢੰਗ ਨਾਲ ਜ਼ਖਮੀ ਕੀਤਾ। ਉਹ ਬਾਥਰੂਮ ਵਿਚ ਬੇਹੋਸ਼ ਮਿਲੀ ਸੀ। ਜਿਸਮ ਫਰੋਸ਼ੀ, ਚੋਰੀ, ਤਸਕਰੀ, ਠੱਗੀ ਤੇ ਧੋਖਾਧੜੀ ਲਈ ਚੰਡੀਗੜ 'ਚ ਤਾਂ ਬਕਾਇਦਾ ਕਰੀਬ ਡੇਢ ਦਰਜਨਾਂ ਔਰਤਾਂ ਦੇ ਨਾਂ ਹਿਸਟਰੀ ਸ਼ੀਟਰਾਂ ਦੀ ਸੂਚੀ ਵਿਚ ਦਰਜ ਹਨ। ਇਨ੍ਹਾਂ ਔਰਤਾਂ ਦੀਆਂ ਤਸਵੀਰਾਂ ਚੰਡੀਗੜ ਦੇ ਮੁੱਖ ਥਾਣਿਆਂ ਦੇ ਬੋਰਡਾਂ 'ਤੇ ਚਿਪਕੀਆਂ ਹਨ। ਇਸ 'ਚੋਂ ਬਹੁਤੀਆਂ ਸ਼ਾਦੀਸ਼ੁਦਾ ਤੇ ਪਰਿਵਾਰ ਵਾਲੀਆਂ ਹਨ। ਔਸਤਨ 40 ਸਾਲ ਦੇ ਆਸਪਾਸ ਦੀਆਂ ਇਹ ਔਰਤਾਂ ਜਾਂ ਤਾਂ ਆਪਸ ਵਿਚ ਰਿਸ਼ਤੇਦਾਰ ਹਨ ਜਾਂ ਸਹੇਲੀਆਂ। ਇਨ੍ਹਾਂ ਦਾ ਆਪਣੇ ਇਲਾਕੇ 'ਚ ਜਥੇਬੰਦ ਅਪਰਾਧ ਨੈਟਵਰਕ 'ਤੇ ਕਬਜ ਹੈ। ਪੁਲਿਸ ਦੀ ਇਨ੍ਹਾਂ ਦੇ ਹਰ ਨੈੱਟਵਰਕ ਨੂੰ ਸ਼ਹਿ ਹੈ। ਚੰਡੀਗੜ ਦੇ ਸਿਰਫ 4 ਥਾਣਿਆਂ ਵਿਚ ਹੀ ਔਰਤ ਹਿਸਟਰੀ ਸ਼ੀਟਰਾਂ ਦੀ ਗਿਣਤੀ 12 ਤੋਂ ਵਧ ਹੈ। ਇਨ੍ਹਾਂ 'ਚ ਕਈਆਂ ਦੇ ਖਿਲਾਫ਼ 15 ਤੋਂ 17 ਅਪਰਾਧਿਕ ਮਾਮਲੇ ਦਰਜ ਹਨ। ਇਨ੍ਹਾਂ 'ਚੋਂ ਬਹੁਤੀਆਂ ਨਜਾਇਜ਼ ਸ਼ਰਾਬ ਸਮੇਂ ਦੀ ਤਸਕਰੀ ਅਤੇ ਚੋਰੀ ਦੀਆਂ ਘਟਨਾਵਾਂ ਨਾਲ ਸਬੰਧਤ ਹਨ। ਕਈਆਂ ਨੂੰ ਤਾਂ ਬਕਾਇਦਾ ਕੁਝ ਮਾਮਲਿਆਂ 'ਚ ਸਜ਼ਾ ਵੀ ਮਿਲ ਚੁੱਕੀ ਹੈ। ਔਰਤਾਂ ਅਪਰਾਧੀਆਂ ਦੀ ਗਿਣਤੀ ਦੀ ਲਿਹਾਜ ਨਾਲ ਚੰਡੀਗੜ ਦਾ ਸੈਕਟਰ 39 ਦਾ ਥਾਣਾ ਸਭ ਤੋਂ ਮੂਹਰੇ ਹੈ। ਇਥੇ ਕਮਲਾ, ਬਿਮਲਾ, ਕ੍ਰਿਸ਼ਨਾ, ਬਾਲਾ, ਇੰਦਰਾ ਸਮੇਤ ਪੰਜ ਸ਼ਾਤਰ ਔਰਤਾਂ ਅਪਰਾਧੀਆਂ ਦੇ ਨਾਂ ਹਿਸਟਰੀ ਸ਼ੀਟਰਾਂ ਦੀ ਸੂਚੀ ਵਿਚ ਹਨ। ਸਨਅਤੀ ਖੇਤਰ ਦੇ ਠਾਣੇ 'ਚ ਤਿੰਨ ਔਰਤਾਂ ਕਿਸ਼ਣਾ, ਪ੍ਰੇਮਸ਼ਵਰੀ ਅਤੇ ਰੌਸ਼ਨੀ ਦੇ ਖਿਲਾਫ਼ ਕਈ ਮਾਮਲੇ ਹਨ। ਇਨ੍ਹਾਂ 'ਚੋਂ ਕਈ ਮਾਮਲਿਆਂ 'ਚ ਪ੍ਰੇਮਸ਼ਵਰੀ ਨੂੰ ਸਜ਼ਾ ਵੀ ਹੋ ਚੁੱਕੀ ਹੈ। ਉਸ ਦੇ ਖਿਲਾਫ਼ ਆਖਰੀ ਕੇਸ ਤਾਂ ਮਾਰਚ 2004 ਨੂੰ ਦਰਜ ਕੀਤਾ ਗਿਆ ਸੀ। ਮਨੀ ਮਾਜਰਾ ਥਾਣੇ 'ਚ ਕਮਲੇਸ਼, ਸੁਸ਼ੀਲਾ, ਸ਼ਕਲਾ ਅਤੇ ਸ਼ਾਤੀ ਹਿਸਟਰੀ ਸ਼ੀਟਰ ਹਨ। ਸੁਸ਼ੀਲਾ ਦੀ 2004 'ਚ ਮੌਤ ਹੋ ਗਈ ਸੀ। ਪੰਚਕੁਲਾ ਅਤੇ ਚੰਡੀਗੜ੍ਹ ਦੇ ਛੇ ਬੈਂਕਾਂ ਨੂੰ ਲੱਖਾਂ ਦਾ ਚੂਨਾ ਲਾਉਣ ਵਾਲੀ ਸੈਕਟਰ 56-ਦੀ ਇੰਦਰਜੀਤ ਹੁਣ ਪੁਲਸ ਦੇ ਸ਼ਿਕੰਜੇ ਵਿਚ ਹਨ। ਉਸ ਨੇ ਇਨ੍ਹਾਂ ਸਾਰੇ ਬੈਂਕਾਂ 'ਚ ਜ਼ਮੀਨ ਗਹਿਣੇ ਦੇ ਜਾਹਲੀ ਕਾਗਜਾਂ 'ਤੇ ਕਰਜਾ ਲਿਆ ਅਤੇ ਡਾਕਾਰ ਗਈ। ਇਸ ਔਰਤ ਨੇ ਜਿਨ੍ਹਾਂ ਬੈਂਕਾਂ ਨੂੰ ਚੂਨਾ ਲਾਇਆ ਉਹ ਸਭ ਕੌਮੀ ਕ੍ਰਿਤ ਦੇ ਨਾਮੀ ਬੈਂਕ ਹਨ। ਇਸ ਤਰ੍ਹਾਂ ਸੈਕਟਰ-34 ਦੇ ਇਕ ਡਿਸਕੋ ਘਰ ਦੇ ਸਾਬਕਾ ਮਾਲਕ ਦੀ ਪਤਨੀ ਇਆ ਬਾਜਵਾ ਨੇ ਚੰਡੀਗੜ ਤੇ ਮੁਹਾਲੀ ਦੇ ਸੁਨਾਰਿਆਂ ਤੋਂ ਕਰੀਬ 16-17 ਲੱਖ ਦੇ ਗਹਿਣੇ ਚੈਕ ਦੇ ਕੇ ਲਏ ਅਤੇ ਇਨ੍ਹਾਂ ਨੂੰ ਦੂਜੇ ਸੁਨਾਰਿਆਂ ਕੋਲ ਗਹਿਣੇ ਰੱਖ ਕੇ ਪੈਸੇ ਲਏ। ਚੈਕ ਬਾਉਸ਼ ਹੋਣ 'ਤੇ ਉਹ ਦੁਕਾਨਦਾਰਾਂ ਨੂੰ ਧੋਖਾ ਦਿੰਦੀ ਰਹੀ। ਸੁਨਾਰਿਆਂ ਨੇ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ ਤੇ ਉਨ੍ਹਾਂ ਨੂੰ ਫੜਿਆ। ਇਸ ਔਰਤ ਨੇ ਸੈਕਟਰ-18 ਦੇ ਇਕ ਸੁਨਿਆਰੇ 'ਤੇ ਆਪਣੇ ਅਗਵਾ ਦਾ ਝੂਠਾ ਪਰਚਾ ਦਰਜ ਕਰਵਾ ਕੇ ਉਸ ਤੋਂ ਭਾਰੀ ਰਕਮ ਬਟੋਰਨ ਦੀ ਕੋਸ਼ਿਸ਼ ਕੀਤੀ ਇਹ ਔਰਤ ਮਹਿਲਾ

ਕਲਿਆਣ ਸਮਾਜ ਵਿਭਾਗ (ਹਰਿਆਣਾ) ਦੀ ਬਰਖਾਸਤ ਮੁਲਾਜ਼ਮ ਹੈ। ਪੀ ਜੀ ਆਈ ਚੰਡੀਗੜ ਦੀ ਇਕ ਨਰਸ ਗੁਰਦਰਸ਼ਨ ਕੌਰ ਨੂੰ ਪੁਲਿਸ ਨੇ ਸ਼ਹਿਰ ਦੇ ਕਰੀਬ ਇਕ ਦਰਜਨ ਲੋਕਾਂ ਤੋਂ ਵਿਦੇਸ਼ ਭੇਜਣ ਦੇ ਨਾਂ 'ਤੇ ਲੱਖ ਰੁਪਏ ਹੜੱਪਣ ਦੇ ਦੋਸ਼ ਵਿਚ 3 ਮਈ 2005 ਨੂੰ ਫੜਿਆ। ਇਥੇ ਹੀ ਨਹੀਂ ਕਾਲਕਾ (ਹਰਿਆਣਾ) ਨਿਵਾਸੀ ਪਿੰਕੀ ਨੂੰ ਚੰਡੀਗੜ ਪੁਲਿਸ ਨੇ ਪੰਜਾਬ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਹਰਬੰਸ ਸਿੰਘ ਨਾਲ 80 ਰੁਪਏ ਦੀ ਧੋਖਾਧੜੀ ਦੇ ਮਾਮਲੇ 'ਚ ਫੜਿਆ। ਇਹ ਔਰਤ ਉਨ੍ਹਾਂ ਕੋਲ ਆਯੂਰਵੈਦਿਕ ਦਵਾਈਆਂ ਦੀ ਖੋਜ ਦਾ ਕੰਮ ਕਰਦੀ ਸੀ ਤੇ ਉਸ ਨੇ ਕਈ ਦਵਾਈ ਪੇਟੈਂਟ ਕਰਾਉਣ ਬਦਲੇ 80 ਹਜ਼ਾਰ ਲਏ।

# ਅਸ਼ਲੀਲਤਾ ਦੇ ਮਾਪਦੰਡ

"ਅਸ਼ਲੀਲ ਸਾਹਿਤ ਬਲਾਤਕਾਰ ਵਾਂਗੂੰ ਮਨੁੱਖਾਂ ਦੀ ਖੋਜ ਹੈ, ਔਰਤ ਨੂੰ ਗ਼ੈਰਮਨੁੱਖੀ ਬਣਾਉਣ ਦੇ ਮਕਸਦ ਨਾਲ, ਔਰਤ ਨੂੰ ਭੋਗਣਯੋਗ ਵਸਤੂ 'ਚ ਬਦਲਣ ਲਈ ਨਾ ਕਿ ਉਤੇਜਨਾ ਤੇ ਸੰਵੇਦਨਾ ਨੂੰ ਨੈਤਿਕ ਮੁੱਲਾਂ ਤੋਂ ਮੁਕਤ ਕਰਨ ਲਈ। ਅਜਿਹੇ ਸਾਹਿਤ ਵਿਚ ਹਮੇਸ਼ਾ ਔਰਤ ਦੀ ਛਾਤੀ ਤੇ ਪ੍ਰਜਨਨ ਅੰਗਾਂ ਨੂੰ ਹੀ ਦਿਖਾਇਆ ਜਾਂਦਾ ਹੈ। ਔਰਤ ਦੇ ਗੁਪਤ ਅੰਗਾਂ ਨੂੰ ਮਰਦ ਆਪਣੀ ਨਿੱਜੀ ਜਾਇਦਾਦ ਸਮਝਦਾ ਹੈ ਜਦਕਿ ਆਪਣੇ ਅੰਗਾਂ ਨੂੰ ਪ੍ਰਾਚੀਨ, ਧਾਰਮਿਕ, ਵਿਆਪਕ, ਪਿਤਰਸੱਤਾ ਦਾ ਪ੍ਰਤੀਕ ਜੋ ਔਰਤ 'ਤੇ ਜ਼ਬਰੀ ਰਾਜ ਕਰਦਾ ਹੈ। ਅਸ਼ਲੀਲ ਸਾਹਿਤ ਵਿਸ਼ਵ ਯੁੱਧ ਵਜੋਂ ਔਰਤ ਜਾਤੀ ਵਿਰੁੱਧ ਪ੍ਰਚਾਰ ਹੈ।" ਇਹ ਵਿਚਾਰ ਹਨ, ਪ੍ਰਸਿੱਧ ਲੇਖਕ ਸੁਮਨ ਬਰਾਊਨ ਮਿਲਨ ਦੇ ਜਿਨ੍ਹਾਂ ਨੇ ਇਸ ਨੂੰ ਆਪਣੀ ਪੁਸਤਕ 'ਅਗੇਂਸਟ ਆਵਰ ਵਿਲ' ਵਿਚ ਦਰਸਾਇਆ ਹੈ। ਸੁਧੇਂਦੂ ਬਾਬੂ ਇਕ ਅਖ਼ਬਾਰ ਦੇ ਦਫ਼ਤਰ ਵਿਚ ਕੰਮ ਕਰਦੇ ਹਨ। ਅੱਛੇ ਖਾਸੇ ਪੜ੍ਹੇ ਲਿਖੇ ਆਦਮੀ ਹਨ। ਉਮਰ ਹੈ ਲਗਭਗ ਪੰਜਾਹ ਸਾਲ। ਵਾਲਾਂ ਨੂੰ ਕਾਲਾ ਕਰਦੇ ਹਨ ਅਤੇ ਨੌਜਵਾਨ ਦਿਸਣ ਲਈ ਹਰ ਸੰਭਵ ਕੰਮ ਕਰਦੇ ਹਨ। ਪਰ ਮਨ ਤੋਂ ਜਾਣਦੇ ਹਨ ਕਿ ਉਹ ਬੁੱਢੇ ਹੋ ਰਹੇ ਹਨ ਜਾਂ ਹੋ ਹੀ ਗਏ ਹਨ। ਅਖ਼ਬਾਰ ਤੋਂ ਜੋ ਵੀ ਫੁਰਸਤ ਦੇ ਪਲ ਮਿਲਦੇ ਹਨ, ਉਹਨਾਂ 'ਚ ਉਹ ਨੈਟ ਤੇ ਉਹ ਸੈਕਸ ਪ੍ਰਕਿਰਿਆ ਦੇ ਦ੍ਰਿਸ਼ ਦੇ ਕੇ ਅਨੰਦਿਤ ਹੁੰਦੇ ਹਨ। ਅਜਿਹੇ ਦ੍ਰਿਸ਼ਾਂ ਨੂੰ ਵੇਖਣ ਪਿਛੋਂ ਉਹ ਲੰਬਾ ਸਾਹ ਲੈਂਦੇ ਅਕਸਰ ਕਹਿੰਦੇ ਹਨ ਕਿ ਕਾਸ਼ ਉਹ ਦਸ ਪੰਦਰਾਂ ਸਾਲ ਬਾਅਦ ਇਸ ਦੁਨੀਆਂ ਵਿਚ ਆਏ ਹੁੰਦੇ। ਯਾਨੀ ਇਸ ਸਮੇਂ ਉਹ 30-35 ਸਾਲ ਦੇ ਹੀ ਹੁੰਦੇ ਤਾਂ ਸਮਾਜ ਵਿਚ ਆ ਰਹੇ ਖੁੱਲ੍ਹੇਪਣ ਦਾ ਖ਼ੂਬ ਆਨੰਦ ਮਾਣ ਸਕਦੇ। ਅੱਜਕੱਲ੍ਹ ਕੁਲ ਮਿਲਾ ਕੇ ਜ਼ਿਆਦਾਤਰ ਮੱਧਵਰਗੀ ਅੱਧਖੜ ਜਾਂ ਤਾਂ ਉਸ ਤਰ੍ਹਾਂ ਸੋਚਦੇ ਹਨ ਜਾਂ ਫਿਰ ਖੁੱਲ੍ਹੇਪਣ ਦਾ ਫਾਇਦਾ ਉਠਾਉਣ ਲਈ ਕਿਸੇ ਵੀ ਹੱਦ ਤੱਕ ਜਾਣ ਤੋਂ ਸੰਕੋਚ ਨਹੀਂ ਕਰਦੇ। ਸੁਧੇਂਦੂ ਬਾਬੂ ਦੀ ਲਗਭਗ ਵੀਹ ਸਾਲ ਪਹਿਲਾਂ ਸ਼ਾਦੀ ਹੋਈ ਸੀ। ਉਸ ਸਮੇਂ ਉਹ ਸਾਂਝੇ ਪਰਿਵਾਰ ਵਿਚ ਰਹਿੰਦੇ ਸਨ। ਘਰ ਵਿਚ ਟੈਲੀਵਿਜ਼ਨ ਸੀ ਤੇ ਸਾਰੇ ਲੋਕ ਇੱਕਠੇ ਬੈਠ ਕੇ ਟੈਲੀਵਿਜ਼ਨ ਦੇਖਦੇ ਸਨ। ਸੁਧੇਂਦੂ ਬਾਬੂ ਨੂੰ ਅੱਜ ਵੀ ਯਾਦ ਹੈ ਕਿ ਉਸ ਸਮੇਂ ਛੋਟੇ ਪਰਦੇ 'ਤੇ ਜੇ ਕਿਸੇ ਫਿਲਮ ਵਿਚ ਕੋਈ ਮਾੜਾ ਦ੍ਰਿਸ਼ ਜਾਂ ਮਾੜੀ ਰੋਮਾਂਟਿਕ ਦ੍ਰਿਸ਼ ਆ ਜਾਂਦਾ ਸੀ ਤਾਂ ਘਰ ਦੇ ਸਾਰੇ ਮੈਂਬਰ ਸ਼ਰਮਾਉਣ ਲੱਗ ਜਾਂਦੇ ਸਨ ਤੇ ਸਭ ਨੂੰ ਲਗਦਾ ਸੀ ਕਿ ਕਾਸ਼ ਇਹ ਦ੍ਰਿਸ਼ ਜਲਦੀ ਖ਼ਤਮ ਹੋ ਜਾਵੇ। ਪਰ ਇਨ੍ਹਾਂ ਬੀਤੇ ਸਾਲਾਂ ਵਿਚ ਸਥਿਤੀਆਂ ਭਾਰਤ ਦੇ ਪੂਰੇ ਮੱਧ ਵਰਗ ਲਈ ਬਦਲ ਗਈਆਂ ਹਨ। ਸੁਧੇਂਦੂ ਬਾਬੂ ਦਰਅਸਲ ਭਾਰਤ ਦੇ ਮੱਧਵਰਗ ਦੇ ਹੀ ਇਕ ਪ੍ਰਤੀਕ ਹਨ। ਉਹ ਜਾਣਦੇ ਹਨ ਕਿ ਕਲ ਤੱਕ ਜਿਨ੍ਹਾਂ ਚੀਜ਼ਾਂ ਨੂੰ ਅਸ਼ਲੀਲ ਮੰਨ ਕੇ ਅਸੀਂ ਨੱਕ ਚੜ੍ਹਾਉਣ ਲਗਦੇ ਸਾਂ ਉਹੀ ਅਸ਼ਲੀਲਤਾ ਹੁਣ ਅਸੀਂ ਪੂਰੀ ਤਰ੍ਹਾਂ ਮੰਨ ਲਈ ਹੈ। ਜਾਂ ਕੱਲ੍ਹ ਦੀ ਅਸ਼ਲੀਲਤਾ ਅੱਜ ਪੂਰੀ ਤਰ੍ਹਾਂ ਸ਼ਲੀਲ ਹੋ ਚੁੱਕੀ ਹੈ। ਫਿਲਮ 'ਸਾਵਨ ਭਾਦੋਂ' ਵਿਚ ਹੀਰੋਇਨ ਰੇਖਾ ਦਾ ਨਾਇਕ ਨਵੀਨ ਨਿਸ਼ਚਲ ਦੇ ਨਾਲ ਇਕ ਦ੍ਰਿਸ਼ ਸੀ ਜਿਸ ਤੇ ਖੌਰੂ ਪਿਆ ਸੀ। ਉਦੋਂ ਤੱਕ ਹਿੰਦੀ ਸਿਨੇਮਾ ਵਿਚ ਸੈਕਸ ਪਰੋਸਣ ਦਾ ਰਿਵਾਜ਼ ਸ਼ੁਰੂ ਨਹੀਂ ਹੋਇਆ ਸੀ।

ਸੈਕਸ ਲਈ ਉਦੋਂ ਡੇਬੋਨਾਇਰ, ਫੈਟੇਂਸੀ, ਪਲੇ ਬੁਆਏ ਆਦਿ ਵਰਗੇ ਮੈਗ਼ਜ਼ੀਨਾਂ ਤੇ ਨਿਰਭਰ ਰਹਿਣਾ ਪੈਂਦਾ ਸੀ। ਪਰ ਇਹ ਰਸਾਲੇ ਵੀ ਬੇਹੱਦ ਇਕੱਲੇਪਣ ਵਿਚ ਲੁਕ ਛਿਪ ਕੇ ਵੇਖੇ ਜਾਂਦੇ ਸਨ ਅਤੇ ਫੜ੍ਹੇ ਜਾਣ ’ਤੇ ਵਿਅਕਤੀ ਬੇਹੱਦ ਸ਼ਰਮਿੰਦਾ ਹੁੰਦਾ ਸੀ। ਪਰ ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਦੀ ਸ਼ੁਰੂਆਤ ਤੋਂ ਹੀ ਭਾਰਤ ਵਿਚ ਬਦਲਾਅ ਦੀ ਹਵਾ ਚੱਲਣ ਲੱਗੀ। ਆਰਥਿਕ ਉਦਾਰਕੀਰਨ ਨੇ ਬਹੁਕੌਮੀ (ਸਾਮਰਾਜੀ) ਕੰਪਨੀਆਂ ਦੇ ਦਰਵਾਜ਼ੇ ਭਾਰਤ ਲਈ ਖੋਲ੍ਹ ਦਿੱਤੇ। ਸੈਟੇਲਾਈਟ ਚੈਨਲਾਂ ਰਾਹੀਂ ਵਿਦੇਸ਼ੀ ਤਹਿਜ਼ੀਬ ਦੇ ਮੁੱਲਾਂ ਦਾ ਪ੍ਰਚਾਰ ਪਸਾਰ ਹੋਣ ਲੱਗਿਆ। ਮੋਬਾਇਲ ਅਤੇ ਨੈਟੱ ਕ੍ਰਾਂਤੀ ਨੇ ਮੁਲਕਾਂ ਦੀਆਂ ਸਰਹੱਦਾਂ ਨੂੰ ਲਗਭਗ ਖ਼ਤਮ ਕਰ ਦਿੱਤਾ। ਗ਼ੌਰ ਨਾਲ ਵੇਖੀਏ ਤਾਂ ਇਹ ਉਹ ਸਮਾਂ ਸੀ ਜਦ ਭਾਰਤੀ ਸੁੰਦਰੀਆਂ ਨੂੰ ਕੌਮਾਂਤਰੀ ਮੰਚ ’ਤੇ ਪਹਿਚਾਣ ਮਿਲਣੀ ਸ਼ੁਰੂ ਹੋ ਗਈ ਸੀ। ਸੁਸ਼ਮਿਤਾ ਸੇਨ, ਮਿਸ ਯੂਨੀਵਰਸ ਅਤੇ ਐਸ਼ਵਰਿਆ ਰਾਏ ਮਿਸ ਵਰਲਡ ਚੁਣੀ ਗਈ। ਇਸ ਪਿੱਛੋਂ ਤਾਂ ਲਗਭਗ ਹਰ ਦੂਜੇ ਸਾਲ ਹੀ ਕੋਈ ਨਾ ਕੋਈ ਭਾਰਤੀ ਸੁੰਦਰੀ ਕੌਮਾਂਤਰੀ ਮੰਚ ’ਤੇ ਦਿਸਣ ਲੱਗ ਪਈ ਹੈ। ਦਰਅਸਲ ਇਹ ਭਾਰਤੀ ਸਮਾਜ ਦੀਆਂ ਨਵੀਆਂ, ਰੋਲ ਮਾਡਲਾਂ ਸਨ ਜਿਨ੍ਹਾਂ ਦਾ ਮੁੱਖ ਕੰਮ ਬਹੁਕੌਮੀ ਕੰਪਨੀਆਂ ਨੂੰ ਆਪਣੀਆਂ ਵਸਤਾਂ ਵੇਚਣ ਲਈ ਦੇਸੀ ਯਾਨੀ ਭਾਰਤੀ ਰੋਲ ਮਾਡਲਜ਼ ਦੀ ਲੋੜ ਸੀ। ਇਸ ਲਈ ਸੁੰਦਰੀਆਂ ਦੀ ਇਹ ਕਤਾਰ ਤਿਆਰ ਕੀਤੀ ਗਈ। ਇਸ ਦੌਰ ਦੀ ਘਟਨਾ ਹੈ ਜਦ ਅਮਿਤਾਭ ਬਚਨ ਦੀ ਕੰਪਨੀ ਏ. ਬੀ. ਸੀ.ਐਲ. ਅਜਿਹੀ ਹੀ ਇਕ ਸੁਦੰਰਤਾ ਪ੍ਰਤੀਯੋਗਤਾ ਨੂੰ ਲਾਈਵ (ਸਿੱਧਾ ਪ੍ਰਸਾਰਨ) ਦਿਖਾਉਣਾ ਚਾਹੁੰਦੀ ਸੀ ਤਾਂ ਵੱਡੇ ਪੈਮਾਨੇ ’ਤੇ ਇਸ ਦਾ ਵਿਰੋਧ ਕੀਤਾ ਗਿਆ ਸੀ। ਮਾਮਲਾ ਅਦਾਲਤ ਤੱਕ ਪਹੁੰਚਿਆ ਪਰ ਅਦਾਲਤ ਨੇ ਇਸ ਲਈ ਹਰੀ ਝੰਡੀ ਦੇ ਦਿੱਤੀ। ਇਹ ਇਕ ਤਰ੍ਹਾਂ ਨਾਲ ਇਨ੍ਹਾਂ ਸੁੰਦਰਤਾ ਮੁਕਾਬਲਿਆਂ ਦੇ ਲਈ ਰਾਹ ਪੱਧਰਾ ਹੋ ਜਾਣਾ ਸੀ। ਉਦੋਂ ਪਹਿਲੀ ਵਾਰੀ ਛੋਟੇ ਪਰਦੇ ’ਤੇ ਬੈਡਰੂਮ ਵਿਚ ਬੈਠ ਕੇ ਪਰਿਵਾਰ ਸਮੇਤ ਸੁੰਦਰਤਾ ਮੁਕਾਬਲੇ ਦੇ ਬਹਾਨੇ ਮੱਧ ਵਰਗ ਨੇ ਬਿਕਨੀ ਵਿਚ ਇਕੋ ਵੇਲੇ ਅਨੇਕਾਂ ਸੁੰਦਰੀਆਂ ਨੂੰ ਦੇਖਿਆ। ਇਹ ਭਾਰਤੀ ਮੱਧ ਵਰਗ ਦੇ ਸੰਕੋਚ ਦੇ ਖ਼ਤਮ ਹੋਣ ਦੀ ਸ਼ੁਰੂਆਤ ਸੀ। ਯਾਨੀ ਇਕ ਪਾਸੇ ਤਾਂ ਛੋਟੇ ਪਰਦੇ ਰਾਹੀਂ ਇਸ ਤਰ੍ਹਾਂ ਦੀਆਂ ਚੀਜ਼ਾਂ (ਜਿਨ੍ਹਾਂ ਨੂੰ ਉਸ ਦੌਰ ਦੇ ਲਿਹਾਜ਼ ਨਾਲ ਅਸ਼ਲੀਲ ਕਿਹਾ ਜਾ ਸਕਦਾ ਸੀ) ਦਾ ਦਿਖਾਵਾ ਸ਼ੁਰੂ ਹੋ ਗਿਆ ਅਤੇ ਦੂਜੇ ਪਾਸੇ ਮੱਧ ਵਰਗ ਦੇ ਤਰਕ ਬਦਲਣ ਲਈ ਵੱਖਰੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਮਾਰਚ 1993 ਅਤੇ ਅਗਸਤ 1993 ਦੇ ਡੇਬੋਨੇਅਰ ਅਤੇ ਫੈਟੇਂਸੀ ਦੇ ਮੁੱਖ ਪੰਨਿਆਂ ’ਤੇ ਅੰਜਲੀ ਕਪੂਰ ਨਾਂ ਦੀ ਇਕ ਵਕੀਲ ਦੀਆਂ ਅੱਧ ਨੰਗੀਆਂ ਫੋਟੋਆਂ ਛਪੀਆਂ। ਸ਼ਾਇਦ ਇਹ ਪਹਿਲਾਂ ਮੌਕਾ ਸੀ ਜਦ ਇਹਨਾਂ ਦੋਹਾਂ ਮੈਗਜ਼ੀਨਾਂ ਨੂੰ ਸਾਰਿਆ ਨੇ ਨਾ ਸਿਰਫ਼ ਦੇਖਿਆ ਬਲਕਿ ਉਸ ’ਤੇ ਸੱਥ ਚਰਚਾ ਵੀ ਹੋਈ। ਇਨ੍ਹਾਂ ਤਸਵੀਰਾਂ ਨੇ ਇਕ ਨਵੀਂ ਬਹਿਸ ਨੂੰ ਜਨਮ ਦਿੱਤਾ। ਪਹਿਲੀ ਵਾਰ ਇਹ ਦਲੀਲ ਸੁਣੀ ਗਈ ਕਿ ਅੰਜਲੀ ਕਪੂਰ ਆਪਣੀ ਦੇਹ ਦੀ ਖ਼ੁਦ ਮਾਲਕ ਹੈ ਅਤੇ ਉਸਨੂੰ ਵਿਖਾਉਣਾ ਉਸ ਦੀ ਨਿੱਜੀ ਆਜ਼ਾਦੀ ’ਚ ਸ਼ਾਮਲ ਹੈ। ਮਜ਼ੇਦਾਰ ਗੱਲ ਇਹ ਰਹੀ ਕਿ ਔਰਤ ਜਥੇਬੰਦੀਆਂ ਵੀ ਅੰਜਲੀ ਕਪੂਰ ਦੇ ਪੱਖ ਵਿਚ ਖੜ੍ਹੀਆਂ ਵਿਖਾਈ ਦਿੱਤੀਆਂ ਪਰ ਇਸ ਸਾਰੀ ਕਸਰਤ ਨੇ ਸਮਾਜ ਵਿਚ ਦੋ ਕੰਮ ਕੀਤੇ। ਪਹਿਲਾਂ ਮੱਧ ਵਰਗ ਦੀਆਂ ਲੜਕੀਆਂ ਨੂੰ ਇਹ ਸਮਝਾਇਆ ਕਿ ਉਹ ਆਪਣੀ ਦੇਹ ਨੂੰ ਵਿਚਾ ਕੇ ਵੀ ਭਰਪੂਰ ਪੈਸਾ ਤੇ ਪ੍ਰਚਾਰ ਹਾਸਲ ਕਰ ਸਕਦੀਆਂ ਹਨ ਤੇ ਦੂਜਾ ਕੰਮ ਇਹ

ਹੋਇਆ ਕਿ ਪਹਿਲੀ ਵਾਰੀ ਲੋਕਾਂ ਨੂੰ ਲੱਗਿਆ ਕਿ ਫੈਂਟੇਸੀ ਅਤੇ ਡੇਬੋਨੋਅਰ ਵਰਗੇ ਮੈਗਜ਼ੀਨਾਂ ਨੂੰ ਜਨਤਕ ਤੌਰ 'ਤੇ ਵਿਖਾਉਣਾ ਵੀ ਕਿਸੇ ਅਪਰਾਧ ਵਿਚ ਸ਼ਾਮਲ ਨਹੀਂ ਹੈ। ਯਾਨੀ ਮੱਧ ਵਰਗ ਦਾ ਤਰਕ ਇਥੋਂ ਬਦਲਣਾ ਸ਼ੁਰੂ ਹੋਇਆ। ਜ਼ਾਹਿਰ ਹੈ ਇਨ੍ਹਾਂ ਸਮਾਜਿਕ ਬਦਲਾਵਾਂ ਤੇ ਹਿੰਦੀ ਸਿਨੇਮਾ ਦੀ ਵੀ ਨਜ਼ਰ ਸੀ। ਹਾਲਾਂਕਿ ਇਸ ਤੋਂ ਪਹਿਲਾ ਬਾਬੀ, ਸਤਿਆਮ ਸਿਵਮ ਸੁੰਦਰਮ ਤੇ ਰਾਮ ਤੇਰੀ ਗੰਗਾ ਮੈਲੀ ਹੋ ਗਈ ਵਰਗੀਆਂ ਫਿਲਮਾਂ ਬਣ ਕੇ ਵਿਕ ਰਹੀਆਂ ਸਨ। ਪਰ ਇਸ ਤੋਂ ਪਿੱਛੋਂ ਤਾਂ ਫਿਲਮ ਵਾਲਿਆਂ ਨੂੰ ਇਹ ਸਮਝ 'ਚ ਆ ਗਿਆ ਕਿ ਸੈਕਸ ਦੀ ਚਾਹਣੀ ਵਿਚ ਭਿਉਂ ਕੇ ਕੋਈ ਵੀ ਕਹਾਣੀ ਵੇਚੀ ਜਾ ਸਕਦੀ ਹੈ। ਮਰਡਰ, ਜਿਸਮ, ਉਪਸ, ਗਰਲਫਰੈਂਡ ਵਰਗੀਆਂ ਅਨੇਕਾਂ ਫਿਲਮਾਂ ਆਈਆਂ, ਜਿਨ੍ਹਾਂ ਵਿਚੋਂ ਚੁੰਬਣ ਦੇ ਦ੍ਰਿਸ਼ ਹੀ ਨਹੀਂ ਗਰਮ ਬੈਡਸੀਨ (ਭੱਦੇ ਦ੍ਰਿਸ਼) ਵੀ ਸਨ। ਅਚਾਨਕ ਮਲਿਕਾ ਸ਼ੇਰਾਵਤ, ਰਾਖੀ ਸਾਵੰਤ, ਬਿਪਾਸ਼ਾ ਬਸੂ ਵਰਗੀਆਂ 'ਕਿਸ ਕੁਈਨਸ' ਸਮਾਜ ਵਿਚ ਪੈਦਾ ਹੋ ਗਈਆਂ। ਫਿਲਮ 'ਸਾਵਨ ਭਾਦੋਂ' ਵਿਚ ਰੇਖਾ ਦੇ ਇਕ ਚੁੰਮਣ ਦ੍ਰਿਸ਼ 'ਤੇ ਬਥੇਰਾ ਘੌਰੂ ਪਿਆ ਸੀ ਪਰ ਉਹੀ ਸਮਾਜ ਮਲਿਕਾ ਸ਼ੇਰਾਵਤ ਦੇ 50-50 ਚੁੰਮਣ ਦ੍ਰਿਸ਼ਾ ਨੂੰ ਇਕ ਹੀ ਫਿਲਮ ਵਿਚ ਦੇਖਣ ਲੱਗਿਆ ਹੈ ਅਤੇ ਉਸ ਨੂੰ ਵੀ ਹੌਲੀ ਹੌਲੀ ਇਹ ਸਮਝ ਵਿਚ ਆਉਣ ਲੱਗਿਆ ਹੈ ਕਿ ਜਨਤਕ ਤੌਰ 'ਤੇ ਚੁੰਮਣਾਂ ਦੇ ਦਿਖਾਏ ਜਾਣ ਵਿਚ ਕੁਝ ਵੀ ਅਸ਼ਲੀਲ ਨਹੀਂ ਹੈ। ਹਾਲੀਵੁੱਡ ਹੀਰੋ ਰਿਚਰਡ ਗੇਰ ਵਲੋਂ ਸ਼ਿਲਪਾ ਸ਼ੈਟੀ ਦੇ ਮੰਚ 'ਤੇ ਜ਼ਬਰਦਸਤੀ ਲਏ ਗਏ ਚੁੰਮਣ ਨੇ ਉਸਦੀ ਇਸ ਗੱਲ ਦੀ ਪੁਸ਼ਟੀ ਕੀਤੀ।

ਹੁਣ ਤੱਕ ਆਈਟਮ ਸਾਂਗ (ਗੀਤ) ਦੀ ਇਕ ਨਵੀਂ ਧਾਰਨਾ ਬਜ਼ਾਰ ਵਿਚ ਆ ਗਈ ਸੀ। ਇਸ ਕਾਰਨ ਲਗਭਗ ਹਰ ਫਿਲਮ ਵਿਚ ਇਕ ਸੈਕਸੀ ਆਈਟਮ ਗੀਤ ਰਖਾਇਆ ਜਾਣ ਲੱਗਿਆ। ਜਿਨ੍ਹਾਂ ਨੂੰ ਫਿਲਮਾਉਣ ਲਈ ਸਾਰੀਆ ਹੀਰੋਇਨ ਅੱਗੇ ਆਉਣ ਲੱਗੀਆਂ ਤੇ ਭਾਰਤੀ ਮੱਧ ਵਰਗ ਨੂੰ ਹੌਲੀ ਹੌਲੀ ਇਹ ਵੀ ਲੱਗਣ ਲੱਗਿਆ ਕਿ ਇਸ ਵਿਚ ਕੁਝ ਵੀ ਬੁਰਾ ਜਾਂ ਅਸ਼ਲੀਲ ਨਹੀਂ ਹੈ। ਭਾਰਤੀ ਡ੍ਰੈਸ ਸ਼ੈਂਸ ਨੂੰ ਸਭ ਤੋਂ ਜ਼ਿਆਦਾ ਹਿੰਦੀ ਸਿਨੇਮਾ ਨੇ ਵੀ ਪ੍ਰਭਾਵਿਤ ਕੀਤਾ ਹੈ ਅਤੇ ਮੌਜੂਦਾ ਦੌਰ ਵਿਚ ਜਦ ਵੱਡੇ ਜਾਂ ਛੋਟੇ ਪਰਦੇ ਦੇ 'ਤੇ ਫਿਲਮੀ ਹੀਰੋਇਨਾਂ ਛੋਟੇ ਕੱਪੜਿਆਂ ਵਿਚ ਨਜ਼ਰ ਆਉਂਦੀਆਂ ਹਨ ਤੇ ਉਹਨਾਂ ਦਾ ਸਿੱਧਾ ਅਸਰ ਭਾਰਤੀ ਕਿਸ਼ੋਰਾਂ 'ਤੇ ਪੈਂਦਾ ਹੈ। ਹੁਣ ਉਹਨਾਂ ਨੂੰ ਵੀ ਜਿਸਮ ਦਿਖਾਉਣ ਵਾਲੇ ਕੱਪੜੇ ਪਹਿਨਣ ਤੋਂ ਕੋਈ ਪ੍ਰਹੇਜ਼ ਨਹੀਂ ਰਿਹਾ। ਅੱਜ ਰਾਜਧਾਨੀ ਵਿਚ, ਮਹਾਂਨਗਰਾਂ ਵਿਚ ਅਤੇ ਛੋਟੇ ਸ਼ਹਿਰਾ ਵਿਚ ਆਪ ਨੂੰ ਅਜਿਹੀਆਂ ਲੜਕੀਆਂ ਮਿਲ ਜਾਣਗੀਆਂ ਜੋ ਰਾਖੀ ਸਾਵੰਤ, ਮਲਿਕਾ ਸ਼ੇਰਾਵਤ ਜਾਂ ਬਿਪਾਸ਼ਾ ਬਸੂ ਵਰਗੀਆਂ ਦਿੱਸਣ ਲਈ ਉਹਨਾਂ ਵਰਗੇ ਕੱਪੜੇ ਪਾਉਂਦੀਆਂ ਹਨ। ਉਹਨਾਂ ਨੂੰ ਇਸ ਗੱਲ ਦਾ ਡਰ ਵੀ ਨਹੀਂ ਰਹਿੰਦਾ ਕਿ ਕਿਤੇ ਉਹਨਾਂ ਦੇ ਇਹ ਖੁੱਲ੍ਹ-ਖੁੱਲ੍ਹ ਜਿਹੇ ਜਾਣ ਵਾਲੇ ਕੱਪੜੇ ਪੂਰੀ ਤਰ੍ਹਾਂ ਨਾ ਖੁੱਲ੍ਹ ਜਾਣ ਕਿਉਂਕਿ ਇਹ ਡਰ ਉਹਨਾਂ ਦੇ ਅੰਦਰੋਂ ਰੈਂਪ 'ਤੇ ਚਲਣ ਵਾਲੀਆਂ ਮਾਡਲਾਂ ਨੇ ਕੱਢ ਦਿੱਤੇ ਹਨ, ਜਿਨ੍ਹਾਂ ਦੀਆਂ ਚੋਲੀਆਂ ਰੈਂਪ 'ਤੇ ਚਲਦਿਆਂ ਡਿੱਗ ਪੈਂਦੀਆਂ ਹਨ ਅਤੇ ਕੁਝ ਨਹੀਂ ਹੁੰਦਾ। ਹੁਣ ਅਸੀਂ ਉਹੀ ਪਹਿਨਣ ਲੱਗੇ ਹਾਂ ਜੋ ਸਾਡੇ ਰੋਲ ਮਾਡਲਜ਼ ਪਹਿਨਦੇ ਹਨ। ਘੱਟ ਕੱਪੜੇ ਪਹਿਨਣ ਜਾਂ ਇਕ ਦਮ ਨੰਗੀਆਂ ਲੜਕੀਆਂ ਦੀਆਂ ਤਸਵੀਰਾਂ ਨੂੰ ਵੇਖਣ ਦੀ ਇੱਛਾ ਨੈਟ ਨੇ ਪੂਰੀ ਕਰ ਦਿੱਤੀ ਹੈ। ਹੁਣ ਇਸ ਲਈ ਉਸਨੂੰ ਫੈਂਟੇਸੀ ਅਤੇ ਡੇਬੋਨੋਅਰ ਵਰਗੇ ਮੈਗਜ਼ੀਨ

'ਤੇ ਨਿਰਭਰ ਰਹਿਣ ਦੀ ਜ਼ਰੂਰਤ ਨਹੀਂ ਰਹੀ। ਨੈਟ ਤੇ ਅਨੇਕਾਂ ਸੇਲੇਬ੍ਰਿਟੀਜ਼ ਦੇ ਐਸ.ਐਮ.ਐਸ., ਨਵੇਂ ਸੈਕਸ ਸਕੈਂਡਲ, ਬਲੂ ਫਿਲਮਾਂ ਵੇਖਣ ਪਿਛੋਂ ਕੁਝ ਵੀ ਅਸ਼ਲੀਲ ਲੱਗਣਾ ਬੰਦ ਹੋ ਗਿਆ ਹੈ ਅਤੇ ਅੱਜ ਦੇ ਨੌਜਵਾਨਾਂ ਨਾਲ ਇਹੀ ਹੋ ਰਿਹਾ ਹੈ। ਅੱਜ ਰਸਾਲਿਆਂ ਵਿਚ, ਅਖ਼ਬਾਰਾਂ ਵਿਚ ਅਤੇ ਨਿੱਜੀ ਚੈਨਲਾਂ ਤੇ ਪਰੋਸੀ ਜਾਣ ਵਾਲੀ ਕਿਸੇ ਵੀ ਅਸ਼ਲੀਲ ਸਮੱਗਰੀ ਦੇ ਵਿਰੋਧ ਦੀ ਅਵਾਜ਼ ਵੀ ਨਹੀਂ ਉਠਦੀ। ਨਹੀਂ ਅਜਿਹਾ ਕਿਵੇਂ ਹੋ ਸਕਦਾ ਹੈ ਕਿ ਸਮਾਜ ਦਾ ਵਿਵਾਦਗ੍ਰਸਤ ਮਟੁਕਨਾਥ ਵਰਗੇ ਸਖ਼ਸ਼ ਲੋਕਾਂ ਨੂੰ ਅਨੇਕਾਂ ਚੈਨਲਾਂ ਨੇ ਲਵਗੁਰੂ ਵਜੋਂ ਪ੍ਰੋਜੈਕਟ ਕੀਤਾ ਹੋਵੇ। ਮਟੁਕਨਾਥ ਵਰਗੇ ਲੋਕਾਂ ਨੂੰ ਨਾਇਕ ਬਣਾ ਪੇਸ਼ ਕਰਨ ਪਿਛੋਂ ਸ਼ਾਇਦ ਇਕ ਮਨੋਗ੍ਰੰਥੀ ਇਹ ਵੀ ਛੁਪੀ ਰਹਿੰਦੀ ਹੈ। ਕਿ ਸਮਾਜ ਮਰਦਾਂ ਲਈ ਹਰ ਜਗ੍ਹਾ ਸੰਭਾਵਨਾਵਾਂ ਮੌਜੂਦ ਰਹਿਣ। ਇਨ੍ਹਾਂ ਚੀਜ਼ਾਂ ਨੇ ਸਮਾਜ ਵਿਚ ਵਿਆਹ ਤੋਂ ਪਹਿਲਾਂ ਸਬੰਧਾਂ ਨੂੰ ਵਧਾਉਣ ਵਿਚ ਮੱਦਦ ਕੀਤੀ ਹੈ। ਜ਼ਾਹਿਰ ਹੈ ਕਿ ਜਦ ਵਿਅਕਤੀ ਦੀ ਸੋਚ, ਉਸਦਾ ਪਹਿਰਾਵਾ ਅਤੇ ਉਸਦੀ ਜੀਵਨ ਸ਼ੈਲੀ ਪੂਰੀ ਬਦਲ ਗਈ ਹੈ ਤਾਂ ਅਸ਼ਲੀਲਤਾ ਦੇ ਅਰਥ ਹੁਣ ਪਹਿਲਾਂ ਵਰਗੇ ਕਿਵੇਂ ਰਹਿ ਸਕਦੇ ਹਨ ਪਰ ਭਾਰਤੀ ਸਮਾਜ ਨੂੰ ਆਪਣੀ ਸਭਿਅਤਾ ਨੂੰ ਬਚਾਉਣ ਲਈ ਇਸ ਤੋਂ ਬਚਣ ਦੀ ਲੋੜ ਹੈ।

# ਖਾਪ ਪੰਚਾਇਤਾਂ ਦਾ ਖ਼ੌਫ

ਖਾਪ ਪੰਚਾਇਤਾਂ ਯਾਨਿ ਜਾਤੀ ਪੰਚਾਇਤਾਂ। ਹਥਿਆਰ ਹੈ ਗੋਤ, ਨਿਸ਼ਾਨਾ ਹੈ ਪ੍ਰੇਮ ਯੁਗਲ। ਮਕਸਦ ਹੈ ਰਾਜਨੀਤੀ, ਜਾਤਪਾਤ ਦੀ ਰਾਜਨੀਤੀ ਅਤੇ ਜਾਗੀਰੂ ਕਦਰਾਂ-ਕੀਮਤਾਂ ਦਾ ਪਾਲਣ-ਪੋਸ਼ਣ। ਹਿੰਦੂ ਵਿਆਹ ਮੈਰਿਜ ਐਕਟ ਵਿਚ ਵੀ ਗੋਤ ਦੇ ਤਹਿਤ ਵਿਆਹ ਦੀ ਮਨਾਹੀ ਨਹੀਂ ਹੈ, ਫਿਰ ਵੀ ਇਹ ਕਥਿਤ ਪੰਚਾਇਤਾਂ ਪ੍ਰੇਮ ਵਿਆਹ ਕਰਨ ਵਾਲਿਆਂ ਦੇ ਨਾਂ ਮੌਤ ਦਾ ਪੈਗ਼ਾਮ ਵੰਡ ਰਹੀਆਂ ਹਨ। ਹਰਿਆਣਾ ਸਰਕਾਰ ਬੇਵੱਸ ਨਜ਼ਰ ਆ ਰਹੀ ਹੈ, ਆਖਰ ਖਾਪ ਦਾ ਖ਼ੌਫ ਕਦ ਤੱਕ ਪਿਆਰ ਨੂੰ ਨਿਸ਼ਾਨਾ ਬਣਾਉਂਦਾ ਰਹੇਗਾ? ਕਰਨਾਲ ਜ਼ਿਲੇ ਦੇ ਬੱਲਾ ਪਿੰਡ 'ਚ 9 ਮਈ ਨੂੰ ਸੁਨੀਤਾ ਤੇ ਜਸਵੀਰ ਦਾ ਬੇਰਹਿਮ ਕਤਲ ਕਰ ਦਿੱਤਾ ਗਿਆ। ਕਤਲ ਦਾ ਕਾਰਨ ਸੀ ਉਨ੍ਹਾਂ ਦਾ ਆਪਸੀ ਪਿਆਰ। ਇਹ ਇਕੋ-ਇਕ ਘਟਨਾ ਨਹੀਂ ਹੈ। ਹਰਿਆਣਾ ਦਾ ਇਤਿਹਾਸ ਗਵਾਹ ਹੈ ਕਿ ਖਾਪ ਪੰਚਾਇਤਾਂ ਨੇ ਕਿੰਨੇ ਹੀ ਪ੍ਰੇਮੀਆਂ ਨੂੰ ਮੌਤ ਦੇ ਘਾਟ ਉਤਾਰਿਆ ਹੈ। ਪ੍ਰੇਮੀ ਜੋੜਿਆਂ ਨੂੰ ਭਾਈ-ਭੈਣ ਬਣਾਇਆ ਹੈ ਅਤੇ ਉਨ੍ਹਾਂ ਦਾ ਸਮਾਜਕ ਬਾਈਕਾਟ ਹੈ। ਖਾਪ ਪੰਚਾਇਤਾਂ ਨੂੰ ਬੇਸ਼ੱਕ ਪੰਚਾਇਤ ਕਿਹਾ ਜਾਵੇ, ਪਰ ਕੇਂਦਰੀ ਮੰਤਰੀ ਮਣੀ ਸ਼ੰਕਰ ਅਈਅਰ, ਹਰਿਆਣਾ 'ਚ ਖਾਪਾਂ ਦੇ ਪ੍ਰੇਮੀ ਜੋੜੇ ਕਤਲੇਆਮ ਨੂੰ ਵੇਖ ਕੇ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਇਹ ਖਾਪ ਪੰਚਾਇਤਾਂ-ਪੰਚਾਇਤ ਨਹੀਂ ਹਨ। ਦਰਅਸਲ ਖਾਪ ਇਕ ਮੱਧਕਾਲਿਨ ਸੰਸਥਾ ਹੈ। ਜਦ ਵਰਤਮਾਨ ਕਾਨੂੰਨ ਪ੍ਰਬੰਧ ਮਹਿਜ਼ ਇਕ ਧਾਰਨਾ ਸੀ ਉਸ ਸਮੇਂ ਕੁਝ ਪਿੰਡਾਂ ਦੇ ਸਮੂਹ, ਜਿਨ੍ਹਾਂ 'ਚ ਕਿਸੇ ਗੋਤ ਵਿਸ਼ੇਸ਼ ਦਾ ਬਹੁਮੱਤ ਹੋਵੇ, ਉਸ ਨੂੰ ਖਾਪ ਦਾ ਨਾਂ ਦੇ ਦਿੱਤਾ ਗਿਆ। ਖਾਪ ਦੇ ਮੈਂਬਰਾਂ ਵਿਚ ਭਾਈਚਾਰੇ ਦੀ ਭਾਵਨਾ ਪੈਦਾ ਹੋਈ ਅਤੇ ਵਿਆਹਕ ਰਿਸ਼ਤਿਆਂ 'ਚ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾ ਦਿੱਤੀਆਂ ਗਈਆਂ। ਖਾਪ ਪੰਚਾਇਤ ਬਤੌਰ ਸੰਸਥਾ ਸੁਰੱਖਿਆ ਪ੍ਰਦਾਨ ਕਰਨ ਤੋਂ ਇਲਾਵਾ ਝਗੜਿਆਂ ਦਾ ਨਿਪਟਾਰਾ ਵੀ ਕਰਦੀ ਸੀ। ਕਈ ਵਾਰ ਇਨ੍ਹਾਂ ਦੀ ਵੱਡੀ ਸਮਾਜਕ ਭੂਮਿਕਾ ਵੀ ਰਹਿੰਦੀ ਸੀ। ਸੰਨ 1857 ਦੇ ਪਹਿਲੇ ਆਜ਼ਾਦੀ ਸੰਗਰਾਮ ਵਿਚ ਅੰਗਰੇਜ਼ਾਂ ਦਾ ਵਿਰੋਧ ਕਰਨ ਵਿਚ ਕੁਝ ਖਾਪ ਪੰਚਾਇਤਾਂ ਦੀ ਮੁੱਖ ਭੂਮਿਕਾ ਸੀ। ਕਰਨਾਲ ਦਾ ਪਿੰਡ ਬੱਲਾ ਵੀ ਅਜਿਹੀ ਹੀ ਇਕ ਖਾਪ ਪੰਚਾਇਤ ਦੇ ਤਹਿਤ ਆਉਂਦਾ ਹੈ, ਜਿਥੇ ਲੋਕ ਅੰਗਰੇਜ਼ਾਂ ਦਾ ਵਿਰੋਧ ਕਰਦੇ ਹੋਏ ਸ਼ਹੀਦ ਹੋਏ।

ਇਕ ਖਾਪ ਪੰਚਾਇਤ ਦੇ ਦਾਇਰੇ ਵਿਚ 100 ਪਿੰਡ ਆਉਂਦੇ ਹਨ। ਮੌਜੂਦਾ ਦੌਰ ਵਿਚ ਖਾਪ ਪੰਚਾਇਤਾਂ ਦੀ ਭੂਮਿਕਾ ਰੂੜੀਵਾਦ ਤੇ ਪਿਛੜੇਪਣ ਨਾਲ ਗ੍ਰਸਤ ਹੈ। ਅੱਜ ਦੇ ਵਕਤ ਨੌਜਵਾਨ ਪੀੜ੍ਹੀ ਦੀ ਸੋਚ ਵਿਚ ਬਦਲਾਅ ਆਇਆ ਹੈ। ਪ੍ਰੇਮ ਪ੍ਰਸੰਗ ਆਮ ਗੱਲ ਹੋ ਗਈ ਹੈ। ਪ੍ਰੇਮ ਵੀ ਵਿਆਕਤੀ ਦੇ ਪ੍ਰਵੇਸ਼ ਦੇ ਦਾਇਰੇ ਵਿਚ ਵਧਦਾ-ਫੁੱਲਦਾ ਹੈ, ਜਦਕਿ ਖਾਪ ਪੰਚਾਇਤਾਂ ਮੁਤਾਬਕ ਖਾਪ ਦੇ ਸਾਰੇ ਮੈਂਬਰ ਭੈਣ-ਭਾਈ ਹੁੰਦੇ ਹਨ। ਖਾਪ ਪੰਚਾਇਤਾਂ ਦੇਸ਼ ਦੀਆਂ ਨਿਆਂਇਕ ਅਦਾਲਤਾਂ ਦੀ ਅਣਦੇਖੀ ਕਰਨ 'ਚ ਪਿੱਛੇ ਨਹੀਂ ਹਨ। ਖਾਪ ਪੰਚਾਇਤਾਂ ਦੀ ਨਜ਼ਰ 'ਚ ਪਿਆਰ ਇਕ ਗੁਨਾਹ ਹੈ। ਹਰਿਆਣਾ 'ਚ ਤਾਂ ਅਜਿਹੀਆਂ ਘਟਨਾਵਾਂ ਦੀ ਭਰਮਾਰ ਹੈ। ਕੇਥਲ ਦੇ ਪਿੰਡ-ਕਰੋੜਾ ਵਿਚ ਬਬਲੀ-ਮਨੋਜ ਦੀ ਪ੍ਰੇਮ ਕਹਾਣੀ 'ਤੇ ਵੀ ਖਾਪ ਦੇ ਹਥਿਆਰੇ ਫੁਰਮਾਨ ਨੇ ਹੀ

ਰੋਕ ਲਾਈ ਸੀ। ਘਰੌਂਡਾ ਵਿਚ ਵੀ ਰਾਜਪੂਤ ਲੜਕੀ ਤੇ ਦਲਿਤ ਲੜਕੇ ਨੇ ਪ੍ਰੇਮ ਵਿਆਹ ਕੀਤਾ ਤਾਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਨੀਲੋਖੇੜੀ 'ਚ ਪ੍ਰੇਮਿਕਾ ਦੇ ਕਤਲ ਪਿੱਛੋਂ ਪ੍ਰੇਮੀ ਨੂੰ ਆਤਮ-ਹੱਤਿਆ ਲਈ ਮਜਬੂਰ ਕੀਤਾ ਗਿਆ। ਕਰਨਾਲ ਜ਼ਿਲੇ ਦੇ ਨਿਸਿੰਗ ਦੇ ਕੇਤਲਾ ਦੇਵੀ ਪਿੰਡ 'ਚ ਪਤੀ-ਪਤਨੀ ਨੂੰ ਭੈਣ-ਭਾਈ ਬਣਾ ਦਿੱਤਾ ਗਿਆ। ਜੀਂਦ 'ਚ ਪ੍ਰੇਮੀ ਜੋੜੀ ਦੀ ਸ਼ਾਦੀ ਪਿੱਛੋਂ ਲੜਕੇ ਦੀ ਭੈਣ ਦੇ ਨਾਲ ਸਭ ਦੇ ਸਾਹਮਣੇ ਮੂੰਹ ਕਾਲਾ ਕੀਤਾ ਗਿਆ। ਭਿਵਾਨੀ ਜ਼ਿਲੇ ਦੇ ਲਾਡਾਵਾਸ ਨਾਲ ਜੁੜੇ ਗੋਤ ਵਿਵਾਦ ਨੇ ਤਾਂ ਹਰਿਆਣਾ ਦੀ ਰਾਜਨੀਤੀ ਨੂੰ ਹੀ ਹਿਲਾ ਦਿੱਤਾ ਸੀ। ਅਜਿਹੀਆਂ ਨਾ ਜਾਣੇ ਕਿੰਨੀਆਂ ਹੀ ਘਟਨਾਵਾਂ ਹਨ, ਜਦ ਖਾਪ ਪੰਚਾਇਤਾਂ ਦੇ ਤੁਗਲਕੀ ਫੁਰਮਾਨ ਨੇ ਕਿੰਨੀਆਂ ਹੀ ਜ਼ਿੰਦਗੀਆਂ ਨਿਗਲ ਲਈਆਂ ਹਨ।

'ਨਿਆਂ' ਦਾ ਖਾਪ ਪੰਚਾਇਤਾਂ ਦਾ ਆਪਣਾ ਹੀ ਤਰੀਕਾ ਹੈ, ਜੋ ਬਿਲਕੁਲ ਰੂੜੀਵਾਦੀ ਹੈ। ਵਧਦੀ ਗ਼ਰੀਬੀ, ਬੇਰੁਜ਼ਗਾਰੀ, ਖੇਤੀ ਸੰਕਟ, ਬਲਾਤਕਾਰ ਵਰਗੀਆਂ ਘਟਨਾਵਾਂ 'ਤੇ ਇਹ ਖਾਪ ਪੰਚਾਇਤਾਂ ਚੁੱਪ ਕਿਉਂ ਰਹਿੰਦੀਆਂ ਹਨ? ਦੇਸ਼ ਦੀਆਂ ਸਮਾਜਕ ਅਤੇ ਆਰਥਕ ਸਮੱਸਿਆਵਾਂ 'ਤੇ ਕੰਮ ਕਰਨ ਦੀ ਬਜਾਏ ਖਾਪ ਪੰਚਾਇਤਾਂ, ਔਰਤਾਂ, ਦਲਿਤਾਂ ਤੇ ਕਮਜ਼ੋਰ ਵਰਗਾਂ 'ਤੇ ਜ਼ੁਲਮ ਕਰ ਰਹੀਆਂ ਹਨ। ਇਨ੍ਹਾਂ ਪੰਚਾਇਤਾਂ ਨੂੰ ਰਾਜ ਸਰਕਾਰ ਦੇ ਇਕ ਵਰਗ ਦੀ ਸ਼ਹਿ ਹਾਸਲ ਹੈ। ਇਸ ਲਈ ਹਰਿਆਣਾ 'ਚ ਪ੍ਰੇਮ ਕਰਨ ਵਾਲਿਆਂ ਨੂੰ ਮੌਤ ਦਾ ਫੁਰਮਾਨ ਸੁਣਾਉਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਇਨ੍ਹਾਂ ਸਭ ਘਟਨਾਵਾਂ ਪਿੱਛੋਂ ਵੀ ਨੌਜਵਾਨਾਂ ਨੇ ਪ੍ਰੇਮ ਕਰਨਾ ਨਹੀਂ ਛੱਡਿਆ। ਇਹ 'ਖਾਪ ਰਾਜ' ਨੂੰ ਇਕ ਕਰਾਰਾ ਜਵਾਬ ਵੀ ਹੈ।

# ਬੱਚੇਦਾਨੀ ਦੀ ਰਸੌਲੀ ਕਾਰਨ, ਪ੍ਰਭਾਵ ਤੇ ਇਲਾਜ

ਮਾਂਹਵਾਰੀ 'ਚ ਅਨਿਯਮਤਾ, ਵੱਧ ਦਿਨਾਂ ਤਕ ਭਾਰੀ ਮਾਤਰਾ 'ਚ ਖ਼ੂਨ ਪੈਣਾ ਖ਼ੂਨ ਦੀ ਘਾਟ ਜਾਂ ਯੌਨੀ ਦੇ ਖ਼ੂਨ ਨੂੰ ਲਿਬੜਿਆ ਬਦਬੂਦਾਰ ਤਰਲ ਵਧਣਗੇ। ਜਾਂ ਸੰਤਾਨ ਸੁੱਖ ਤੋਂ ਵਾਂਝੇ ਹੋਣ ਦੇ ਜਦ ਔਰਤਾਂ ਡਾਕਟਰ ਕੋਲ ਜਾਂਦੀਆਂ ਹਨ ਤਾਂ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਉਹਨਾਂ ਦੀ ਬੱਚੇਦਾਨੀ ਵਿੱਚ ਫਾਬਰਾਇਡ ਨਾਂ ਦੀ ਰਸੌਲੀ ਪਲ ਰਹੀ ਹੈ। ਰਸੌਲੀ (ਟਿਊਗਰ) ਸ਼ਬਦ ਸੁਣ ਕੇ ਘਬਰਾ ਜਾਣਾ ਸੁਭਾਵਿਕ ਹੈ ਪਰ ਅਸਲ 'ਚ ਘਬਰਾਉਣ ਦੀ ਕੋਈ ਗੱਲ ਹੁੰਦੀ ਨਹੀਂ ਕਿਉਂਕਿ ਡਾਕਟਰਾਂ ਅਨੁਸਾਰ ਇਕ ਫੀਸਦੀ ਤੋਂ ਵੀ ਘੱਟ ਟਿਊਗਰ (ਫਾਇਬਰਾਇਡ) ਖਤਰਨਾਕ ਹੁੰਦੇ ਹਨ। 200 ਵਿਚੋਂ ਸਿਰਫ ਇਕ ਵਿੱਚ ਹੀ ਕੈਂਸਰ ਹੋਣ ਦਾ ਖਤਰਾ ਹੁੰਦਾ ਹੈ। ਉਸ ਤਰ੍ਹਾਂ ਕਿਸੇ ਇਲਾਜ ਦੀ ਲੋੜ ਨਹੀਂ ਹੁੰਦੀ ਮਾਹਰਾਂ ਅਨੁਸਾਰ ਹਰ ਸਾਲ ਫਾਇਬਰਾਇਡ ਟਿਊਮਰ ਦੀਆਂ ਸਿਕਾਰ 175000 ਔਰਤਾਂ ਲਾਜਮੀ ਤੌਰ 'ਤੇ ਅਪਰੇਸ਼ਨ ਰਾਹੀਂ ਬੱਚੇ ਦਾਨੀਆਂ ਕਢਵਾ ਰਹੀਆਂ ਹਨ। ਬੱਚੇ ਦਾਨੀ ਦੀ ਰਸੌਲੀ (ਫਾਇਬਰਾਇਡ) ਹਰ ਚੌਥੀ-ਪੰਜਵੀਂ ਔਰਤ ਵਿੱਚ ਮਿਲਦੀ ਹੈ। ਰਸੌਲੀ ਇਕ ਵੀ ਹੋ ਸਕਦੀ ਹੈ ਛੋਟੀ ਜਾਂ ਵੱਡੀ ਰਸੌਲੀ ਇਕ ਵੀ ਹੋ ਸਕਦੀ ਹੈ ਛੋਟੀ ਜਾਂ ਵੱਡੀ। ਵੱਡੀ ਰਸੌਲੀ ਦਾ ਆਕਾਰ ਫੁੱਟਬਾਲ ਵਰਗਾ ਹੁੰਦਾ ਹੈ। ਇਸ ਲਈ ਜਿਸ ਔਰਤ ਨੂੰ ਇਹ ਰਸੌਲੀ ਹੋ ਜਾਂਦੀ ਹੈ ਉਹ ਔਰਤ ਗਰਭਪਤੀ ਔਰਤ ਵਾਂਗ ਲੱਗਦੀ ਹੈ। ਛੋਟੀਆਂ ਛੋਟੀਆਂ ਅਨੇਕਾਂ ਰਸੌਲੀਆਂ ਵੀ ਹੋ ਸਕਦੀਆਂ ਹਨ। ਆਖਰ ਰਸੌਲੀ ਬਣਦੀ ਕਿਵੇਂ ਹੈ। ਮਾਹਰਾਂ ਅਨੁਸਾਰ ਰਸੌਲੀ ਈਸਟੋਜਨ ਹਾਰਮੋਨ ਤੋਂ ਸ਼ੁਰੂ ਹੁੰਦੀ ਹੈ। ਪ੍ਰਜਣਨ ਅਰਸ ਤੇ ਗਰਭਅਵਸਥਾ ਦੌਰਾਨ ਸਰੀਰ ਤੋਂ ਵਾਧੂ ਈਸਟ੍ਰੋਜਨ ਨਿਕਲਦਾ ਹੈ। ਇਸ ਲਈ ਇਸ ਦਾ ਆਕਾਰ ਵਧਦਾ ਚਲਾ ਜਾਂਦਾ ਹੈ। ਮਾਂਹਬੰਦੀ ਪਿਛੋਂ ਈਸਟ੍ਰੋਜਨ ਦੀ ਮਾਤਰਾ ਘਟਣ ਲੱਗਦੀ ਹੈ। ਜਿਸ ਨਾਲ ਰਸੌਲੀ ਸੁੰਗੜ ਕੇ ਛੋਟੀ ਹੋ ਜਾਂਦੀ ਹੈ। ਬੱਚੇਦਾਨੀ ਦੀਆਂ ਤਾਕਤਵਰ ਮਾਸਪੇਸ਼ੀਆਂ 'ਚ ਛੋਟੀਆਂ ਛੋਟੀਆਂ ਗੋਲ ਗੱਠਾਂ ਉਭਰ ਆਉਂਦੀਆਂ ਹਨ ਜੋ ਹੌਲੀ ਹੌਲੀ ਬਹੁਤ ਵੱਡੀਆਂ ਤੇ ਭਾਰੀ ਹੋ ਜਾਂਦੀਆਂ ਹਨ। ਕੁਝ ਕੇਸਾਂ ਵਿੱਚ ਅਪਰੇਸ਼ਨ ਨਾਲ ਕੱਢੀ ਗਈ ਰਸੌਲੀ ਦਾ ਵਜਣ 140 ਪਾਊਂਡ ਵੇਖਿਆ ਗਿਆ ਹੈ। ਰਸੌਲੀ ਵੱਡੀ ਹੋਵੇ ਜਾਂ ਛੋਟੀ ਜਾਨ ਲਈ ਖਤਰਾ ਨਹੀਂ ਬਣਦੀ।

ਲੱਛਣ : ਆਮ ਤੌਰ 'ਤੇ ਰਸੌਲੀ ਸ਼ਾਂਤ ਰਹਿੰਦੀ ਹੈ। ਵੱਧ ਤਕਲੀਫ ਹੋਣ 'ਤੇ ਹੀ ਅੰਦਰੂਨੀ ਜਾਂਚ ਜਾਂ ਅਲਟ੍ਰਾਸਾਊਂਡ ਕਰਨ ਨਾਲ ਪਤਾ ਲੱਗਦੀ ਹੈ। ਰਸੌਲੀ ਦਾ ਆਮ ਲੱਛਣ ਹੈ ਕਿ ਮਾਂਹਵਾਰੀ ਸਮੇਂ ਭਾਰਤੀ ਮਾਤਰਾ 'ਚ ਖ਼ੂਨ ਵਗਣਾ ਤੇ ਖ਼ੂਨ ਵੱਧ ਦਿਨਾਂ ਤਕ ਵਗਦੇ ਰਹਿਣਾ। ਕਦੀ ਕਦੀ ਇਹ ਦਸ-ਬਾਰਾਂ ਆਉਣਾ। ਰਸੌਲੀ ਦਾ ਸਾਈਜ਼ ਵਧ ਜਾਣ ਨਾਲ ਆਸ ਆਸ ਦੇ ਅੰਗਾਂ 'ਤੇ ਇਸ ਦਾ ਦਬਾਅ ਪੈਂਦਾ ਹੈ। ਅਤੇ ਪੇਸ਼ਾਬ ਬੇਮੁਹਾਰਾ ਹੋ ਜਾਂਦਾ ਹੈ। ਥੋੜਾ ਥੋੜਾ ਕਰਕੇ ਵਾਰ-ਵਾਰ ਆਉਂਦਾ ਹੈ। ਲਗਾਤਾਰ ਕਬਜ਼ ਰਹਿੰਦੀ ਹੈ। ਅਚਾਨਕ ਪੇਟ 'ਚ ਦਰਦ ਤੇਜ ਦਰਦ ਉੱਠਣ ਲੱਗਦਾ ਹੈ। ਮਾਂਹਵਾਰੀ ਸਮੇਂ ਪੇਟ ਦੇ ਹੇਠਲੇ ਹਿੱਸੇ ਵਿੱਚ ਦਰਦ ਤੇ ਪੇਡੂ (ਪੇਲਿਸ) 'ਚ ਮਹਿਸੂਸ ਹੁੰਦਾ ਹੈ। ਲੱਕ ਦਰਦ ਹੁੰਦਾ ਹੈ ਅਤੇ ਸੰਭੋਗ 'ਚ ਵੀ ਦਿਕਤ ਆ ਸਕਦੀ ਹੈ। ਜੇ ਯੌਨੀ ਮਾਰਗ ਤੋਂ ਖ਼ੂਨ ਨਾਲ ਰਲਿਆ ਮਿਲਿਆ ਬਦਬੂਦਾਰ ਤਰਲ ਆਉਂਦਾ ਹੈ ਤਾਂ

ਰਸੌਲੀ ਦੀ ਇਨਫੈਕਸ਼ਨ ਹੋ ਸਕਦੀ ਹੈ। ਇਸ ਪ੍ਰਕਾਰ ਦੇ ਲੱਛਣ ਹੋਣ ਤੇ ਡਾਕਟਰੀ ਜਾਂਚ ਜਰੂਰੀ ਹੈ। ਮਾਹਰ ਡਾਕਟਰ ਹੀ ਤੁਹਾਨੂੰ ਸਹੀ ਰਾਇ ਦੇ ਸਕਦੇ ਹਨ। ਜੇ ਰਸੌਲੀ ਪ੍ਰੇਸ਼ਾਨ ਨਹੀਂ ਕਰ ਰਹੀ ਹੈ ਤਾਂ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਪਰ ਨਿਯਮ ਡਾਕਟਰ ਜਾਂਚ ਰਾਹੀਂ ਰਸੌਲੀ ਦੇ ਵਿਕਾਸ ਨੂੰ ਰੋਕਣਾ ਜਰੂਰੀ ਹੈ। ਜੇ ਰਸੌਲੀ ਪ੍ਰੇਸ਼ਾਨ ਕਰ ਰਹੀ ਹੋਵੇ ਤਾਂ ਦਰਦ ਨਿਵਾਰਕ ਤੇ ਖ਼ੂਨ ਵਧਾਉਣ ਵਾਲੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਖ਼ੂਨ ਦੀ ਕਮੀ (ਅਨੀਮੀਆ) ਤੋਂ ਬਚਿਆ ਜਾ ਸਕੇ। ਜਦ ਹਾਲਤ ਕੰਟਰੋਲ ਤੋਂ ਬਾਹਰ ਹੋ ਜਾਵੇ ਤਾਂ ਬਚਿਆ ਜਾ ਸਕੇ। ਜਦ ਹਾਲਤ ਕੰਟਰੋਲ ਤੋਂ ਬਾਹਰ ਹੋ ਜਾਵੇ ਤਾਂ ਇਕ ਹੀ ਉਪਾਅ ਬਚਦਾ ਹੈ ਸਰਜਰੀ। ਸਰਜਰੀ ਕਰਨ ਤੋਂ ਪਹਿਲਾਂ ਕਿ ਮਾਹਰ ਅਪਰੇਸ਼ਨ ਦੇ ਡਾਕਟਰ ਨਾਲ ਸਲਾਹ-ਮਸ਼ਵਰਾ ਲਾਜਮੀ ਕਰੋ। ਸਰਜਰੀ ਦੋ ਪ੍ਰਕਾਰ ਦੀ ਹੁੰਦੀ ਹੈ। ਮਾਇਓਮੈਕਟਮੀ ਜਾਂ ਹਿਸਟ੍ਰੇਕਟਿਮੀ। ਮਾਇਓਮੈਕਟਮੀ 'ਚ ਪੂਰੀ ਦੀ ਪੂਰੀ ਬੱਚੇਦਾਨੀ ਨਹੀਂ ਕੱਢੀ ਜਾਂਦੀ ਬਲਕਿ ਸਿਰਫ ਰਸੌਲੀ ਹੀ ਕੱਢੀ ਜਾਂਦੀ ਹੈ। ਬਹੁਤੇ ਕੇਸਾਂ 'ਚ ਰਸੌਲੀ ਹੁੰਦੇ ਹੋਇਆ ਵੀ ਔਰਤ ਗਰਭਪਤੀ ਹੋ ਜਾਂਦੀ ਹੈ ਅਤੇ ਜਣੇਪਾ ਪੂਰੀ ਤਰ੍ਹਾਂ ਸਹੀ ਤੇ ਬਿਨਾ ਕਿਸੇ ਪ੍ਰੇਸ਼ਾਨੀ ਦੇ ਹੋ ਜਾਂਦਾ ਹੈ। ਦੋ ਜਾਂ ਤਿੰਨ ਫੀਸਦੀ ਔਰਤਾਂ ਹੀ ਰਸੌਲੀ ਕਾਰਨ ਸੰਤਾਨ ਸੁੱਖ ਤੋਂ ਵਾਂਝੀਆ ਹੋ ਜਾਂਦੀਆਂ। ਰਸੌਲੀ ਕਾਰਨ ਗਰਭ ਨੂੰ ਪੂਰੀ ਥਾਂ ਨਹੀਂ ਮਿਲਦੀ ਜਿਸ ਕਾਰਨ ਗਰਭਪਾਤ ਜਾਂ ਸਮੇਂ ਤੋਂ ਪਹਿਲਾਂ ਜਣੇਪਾ ਹੋ ਜਾਣ ਦਾ ਖਤਰਾ ਰਹਿੰਦਾ ਹੈ। ਜੇ ਇਹ ਰਸੌਲੀ ਸੰਤਾਨ ਪ੍ਰਾਪਤੀ 'ਚ ਅੜਿੱਕਾ ਬਣਦੀ ਹੈ ਤਾਂ ਬੱਚੇਦਾਨੀ ਤੋਂ ਰਸੌਲੀ ਕੱਢਣ ਦਾ ਅਪਰੇਸ਼ਨ ਕੀਤਾ ਜਾਂਦਾ ਹੈ। ਮਾਇਓਮੈਕਟਮੀ ਤਾਂ ਹੀ ਸੰਭਵ ਹੁੰਦੀ ਹੈ ਜੋ ਰਸੌਲੀਆਂ ਦੀ ਗਿਣਤੀ ਇਕ ਜਾਂ ਦੋ ਹੋਵੇ। ਛੋਟੀਆਂ ਛੋਟੀਆਂ ਰਸੌਲੀਆਂ ਯੌਨੀ ਮਾਰਗ ਰਾਹੀਂ ਵੀ ਕੱਢ ਲਈਆਂ ਜਾਂਦੀਆਂ ਹਨ। ਪਰ ਜੇ ਯੌਨੀ ਮਾਰਗ ਛੋਟੀਆਂ ਛੋਟੀਆਂ ਅਨੇਕਾਂ ਰਸੌਲੀਆਂ ਨਾਲ ਭਰਿਆ ਹੋਵੇ ਤਾਂ ਕਈ ਤਕਨੀਕੀ ਪ੍ਰੇਸ਼ਾਨੀਆਂ ਕਾਰਨ ਮਾਇਓਮੈਕਟਮੀ ਸੰਭਵ ਨਹੀਂ ਹੁੰਦੀ ਉਥੇ ਹਿਸਟਰੈਕਟਮੀ ਹੀ ਸੰਭਵ ਹੁੰਦੀ ਹੈ। ਮਾਇਓਮੈਕਟਮੀ 'ਚ ਇਕ ਤਾਂ ਭੈਅ ਵੀ ਰਹਿੰਦੈ। ਜੇ ਪੂਰੀ ਬੱਚੇਦਾਨੀ ਛੋਟੀਆਂ ਛੋਟੀਆਂ ਅਨੇਕਾਂ ਰਸੌਲੀਆਂ ਨਾਲ ਭਰੀ ਹੋਵੇ ਤੇ ਦਰਦ ਹੁੰਦਾ ਹੋਵੇ ਤਾਂ ਪਰਿਵਾਰ ਪੂਰਾ ਹੋ ਜਾਣ ਦੀ ਸਥਿਤੀ ਵਿੱਚ ਬੱਚੇਦਾਨੀ ਕੱਢਣਾ ਹੀ ਇਕੋ ਇਹ ਹੱਲ ਹੈ। ਅੱਜਕਲ ਇਹ ਪ੍ਰਸ਼ਨ ਲੈਪਰੋਸਕੋਪ (ਦੂਰਬੀਨ) ਰਾਹੀਂ ਬਿਨਾ ਜ਼ਿਆਦਾ ਚੀਰਫਾੜ ਦੇ ਕੀਤਾ ਜਾ ਸਕਦਾ ਹੈ। ਇਹ ਅਪ੍ਰੇਸ਼ਨ ਬੇਹੱਦ ਸੂਖਮਤਾ ਨਾਲ ਕੀਤਾ ਜਾਂਦਾ ਹੈ। ਇਸ ਲਈ ਲੈਪਰੋਸਕੋਪਿਕ ਹਿਰਸਟਰੈਕਟਮੀ ਮਾਹਰਾਂ ਤੋਂ ਹੀ ਵੱਡੇ ਹਸਪਤਾਲ 'ਚ ਕਰਾਉਣਾ ਚਾਹੀਦਾ ਹੈ ਵਰਨਾ ਕੋਈ ਨਵੀਂ ਪ੍ਰੇਸ਼ਾਨੀ ਖੜੀ ਹੋ ਸਕਦੀ ਹੈ।

ਗਰਭ ਅਵਸਥਾ ਤੇ ਰਸੌਲੀ (ਫਾਇਬਰਾਇਡ) :- ਜਿਨ੍ਹਾਂ ਔਰਤਾਂ ਦੀ ਉਮਰ 50 ਸਾਲ ਦੇ ਆਸ ਪਾਸ ਹੈ ਡਾਕਟਰ ਦੀ ਰਾਇ ਨਾਲ ਐਸੀ ਦਵਾ ਲੈ ਸਕਦੀਆਂ ਹਨ ਜਿਸ ਨਾਲ ਮਾਂਹਬੰਦੀ ਸਮੇਂ ਤੋਂ ਪਹਿਲਾਂ ਹੋ ਜਾਵੇ। ਮਾਂਹਬੰਦੀ ਨਾਲ ਰਸੌਲੀ ਆਪਣੇ ਆਪ ਸੁੰਗੜ ਕੇ ਛੋਟੀ ਹੋ ਜਾਂਦੀ ਹੈ। ਰਸੌਲੀ ਕਾਰਨ ਅਕਸਰ ਸਾਧਾਰਨ ਜਣੇਪਾ ਨਹੀਂ ਹੁੰਦਾ। ਇਸ ਲਈ ਸਿਜੇਰੀਅਨ ਅਪਰੇਸ਼ਨ ਕਰਨ ਦਾ ਫੈਸਲਾ ਪਹਿਲਾਂ ਹੀ ਲੈ ਲਿਆ ਜਾਂਦਾ ਹੈ। ਅਪਰੇਸ਼ਨ ਸਮੇਂ ਜੇ ਰਸੌਲੀ ਤੋਂ ਖ਼ੂਨ ਵੱਧ ਵਗਣ ਲੱਗੇ ਤਾਂ ਕਈ ਵਾਰੀ ਮਾਂ ਦੀ ਜਾਨ ਬਚਾਉਣ ਲਈ ਬੱਚਾ ਕੱਢਣ ਪਿਛੋਂ ਬੱਚੇਦਾਨੀ ਵੀ ਕੱਢਣੀ ਪੈ ਸਕਦੀ

ਹੈ। ਇਸ ਸਥਿਤੀ ਲਈ ਔਰਤ ਨੂੰ ਪਹਿਲਾਂ ਤਿਆਰ ਕਰਨਾ ਚਾਹੀਦਾ ਹੈ ਪਰ ਇਹ ਸਥਿਤੀ 4 ਜਾਂ 5 ਫੀਸਦੀ ਕੇਸਾਂ ਵਿੱਚ ਵੀ ਖੜ੍ਹੀ ਹੁੰਦੀ ਹੈ। ਮਾਹਰਾਂ ਦੀ ਰਾਇ ਹੈ ਜੇ ਰਸੌਲੀ ਤੰਗ ਨਹੀਂ ਕਰਦੀ ਤਾਂ ਉਸ ਨੂੰ ਛੇੜਣਾ ਨਹੀਂ ਚਾਹੀਦਾ। ਅਲਟ੍ਰਰਸਾਊਂਡ ਕਰਵਾ ਕੇ ਰਸੌਲੀ ਦਾ ਪਤਾ ਲਾ ਲੈਣਾ ਚਾਹੀਦਾ ਹੈ। ਅਪਰੇਸ਼ਨ ਵਾਸਤੇ ਜਲਦ ਬਾਜੀ ਨਹੀਂ ਕਰਨੀ ਚਾਹੀਦੀ। ਇਹ ਤਾਂ ਕਿਸੇ ਵੀ ਸਟੇਜ ’ਤੇ ਹੋ ਸਕਦਾ ਹੈ। ਰਸੌਲੀ ਦੇ ਆਕਾਰ ਦਾ ਹਿਸਟ੍ਰੇਕਟਮੀ ’ਤੇ ਕੋਈ ਅਸਰ ਨਹੀ ਪੈਂਦਾ।

# ਆਇਰਨ ਦੀ ਘਾਟ ਤੇ ਅਧਿਕਤਾ

ਆਇਰਨ (ਲੋਹਾ) ਦੀ ਸਰੀਰ 'ਚ ਕੁੱਲ ਮਾਤਰਾ 4-5 ਗ੍ਰਾਮ ਹੁੰਦੀ ਹੈ। ਇਸ ਪਿਛੋਂ ਕਰੀਬ 70 ਫੀਸਦੀ ਨਾਲ ਰਕਤ ਕਣਾ ਵਿੱਚ ਹੀਮੋਗਲੋਬਿਨ ਨਾਲ ਜੁੜਿਆ ਹੁੰਦਾ ਹੈ। ਕਰੀਬ 5 ਫੀਸਦੀ ਪੱਠਿਆਂ ਅੰਦਰ ਮਾਇਓਗਲੋਬਿਨ ਵਜੋਂ ਹੁੰਦਾ ਹੈ। ਇਹ ਸਰੀਰ 'ਚ ਆਕਸੀਜਨ ਢੋਹਣ ਦਾ ਕੰਮ ਕਰਦਾ ਹੈ। ਕਰੀਬ 20-23% ਆਇਰਨ ਵੱਖ-ਵੱਖ ਪੱਠਿਆ ਅੰਗਾਂ 'ਚ ਫੇਰੋਟਿਨ ਤੇ ਹੀਮੋਸਿਡਰਨ ਵਜੋਂ ਜਮ੍ਹਾਂ ਹੁੰਦਾ ਹੈ। ਕਰੀਬ 2-30% ਵੱਖ-ਵੱਖ ਇੰਜਾਈਮ ਸਾਈਟੋਕ੍ਰੋਮ, ਆਕਸੀਡੇਜ, ਕੈਟਾਲੇਜ, ਪਰ ਆਕਸੀਡੇਜ਼ ਅੰਸ਼ ਵਜੋਂ ਹੁੰਦਾ ਹੈ। ਆਕਸੀਜਨ ਹੋਣ ਤੋਂ ਇਲਾਵਾ ਆਈਰਨ ਦੀ ਲੋੜ ਵੱਖ-ਵੱਖ ਜੈਵ ਰਸਾਇਣਿਕ ਪ੍ਰਤੀਕਿਰਿਆਵਾਂ 'ਚ ਪੈਂਦੀ ਹੈ। ਆਇਰਨ ਦੀ ਘਾਟ ਦੀ ਸਮੱਸਿਆ ਦੁਨੀਆਂ ਦੀਆਂ ਤਕਰੀਬਨ ਅੱਧੀ ਆਬਾਦੀ 'ਚ ਹੁੰਦੀ ਹੈ। ਅਧਿਐਨਾ ਤੋਂ ਪਤਾ ਲੱਗਿਆ ਹੈ ਕਿ ਸਾਡੇ ਦੇਸ਼ ਵਿੱਚ ਅੱਧੇ ਤੋਂ ਵੱਧ ਮਰਦ ਅਤੇ ਦੋ ਤਿਹਾਈ ਔਰਤਾਂ ਅਨੀਮੀਆ ਤੋਂ ਪੀੜਤ ਹੁੰਦੀਆਂ ਹਨ। ਆਇਰਨ ਦੀ ਬਹੁਲਤਾ ਹੋਣ ਨਾਲ ਵੀ ਮਾਸ ਪੇਸੀਆਂ ਆਦਿ ਨੂੰ ਹਰਜਾ ਹੁੰਦਾ ਹੈ। ਮੌਤ ਤੱਕ ਹੋ ਸਕਦੀ ਹੈ।

ਹਰੇਕ ਬਾਲਗ ਨੂੰ ਰੋਜਾਨਾ ਆਇਰਨ ਦੀ ਲੋੜ ਇਕ ਮਿਲੀਗ੍ਰਾਮ ਹੁੰਦੀ ਹੈ। ਆਇਰਨ ਅੰਡਿਆਂ ਤੇ ਮੱਛੀ ਅੰਦਰ ਭਰਪੂਰ ਮਾਤਰਾ 'ਚ ਮਿਲਦਾ ਹੈ। ਇਸ ਆਇਰਨ ਨੂੰ 'ਹੀਮ ਆਇਰਨ' ਕਿਹਾ ਜਾਂਦਾ ਹੈ। ਇਸ ਅੰਤੜੀਆਂ 'ਚ ਕਰੀਬ 10 ਫੀਸਦੀ ਜਜ਼ਬ ਹੋ ਜਾਂਦਾ ਹੈ। ਜਦਕਿ ਹਰੀਆਂ ਪੱਤੇਦਾਰ ਸਬਜੀਆਂ, ਅਨਾਜਾਂ, ਦਾਲਾਂ 'ਚ ਆਇਰਨ ਹੁੰਦਾ ਹੈ। ਵਿਟਾਮਿਨ ਸੀ ਮਿਹਦੇ ਤੋਂ ਨਿਕਲਣ ਵਾਲੇ ਏਸਡ ਇਸ ਨੂੰ ਵੱਧ ਜਜ਼ਬ ਕਰਵਾਉਂਦੇ ਹਨ। ਜਦਕਿ ਚਾਹ, ਭੁੱਕੀ, ਰੇਸ਼ੇ, ਫਾਈਟੇਟ, ਫਾਸਫੇਟ ਫਿਨਾਲ ਰਸਾਇਣ ਇਸ ਦਾ ਜਜ਼ਬ ਹੋਣਾ ਘੱਟ ਕਰਦੇ ਹਨ। ਸ਼ਾਕਾਹਾਰੀਆਂ ਵਿੱਚ ਆਇਰਨ ਦੀ ਕਮੀ ਹੋਣੀ ਦੀ ਸੰਭਾਵਨਾ ਵੱਧ ਹੁੰਦੀ ਹੈ। ਆਇਰਨ ਦਾ ਅੰਤੜੀਆਂ ਤੋਂ ਜਜ਼ਬ ਹੋਣਾ ਸਰੀਰ 'ਚ ਜਮ੍ਹਾ ਆਇਰਨ 'ਤੇ ਨਿਰਭਰ ਹੁੰਦਾ ਹੈ। ਸਰੀਰ 'ਚ ਆਇਰਨ ਦੀ ਮਾਤਰਾ ਘੱਟ ਹੋਣ ਨਾਲ ਇਸ ਦਾ ਅੰਤੜੀਆਂ ਤੋਂ ਜਜ਼ਬ ਹੋਣਾ ਵਧ ਜਾਂਦਾ ਹੈ।

ਆਇਰਨ ਦੀ ਰੋਜਾਨਾ ਦੀ ਲੋੜ - ਭਾਰਤੀ ਚਕਿਤਸਾ ਅਨੁਸੰਧਾਨ ਪ੍ਰੀਸ਼ਦ ਅਨੁਸਾਰ ਭਾਰਤੀਆਂ 'ਚ ਮਰਦਾਂ ਨੂੰ 28 ਮਿਲੀਗ੍ਰਾਮ ਔਰਤਾਂ ਨੂੰ 30 ਮਿਲੀ ਗ੍ਰਾਮ ਗਰਭਅਵਸਥਾ 'ਚ 38 ਮਿਲੀ ਗ੍ਰਾਮ ਰੋਜਾਨਾ ਲੋੜ ਹੁੰਦੀ ਹੈ। ਬੱਚਿਆਂ, ਜਵਾਨਾਂ 'ਚ ਸਰੀਰਕ ਵਜਣ ਦੇ ਹਿਸਾਬ ਨਾਲ ਕੁਲ ਮਿਲਾ ਕੇ ਆਇਰਨ ਦੀ ਲੋੜ ਹੁੰਦੀ ਹੈ।

**ਸਰੀਰ ਵਿਚ ਜਮਾ ਆਇਰਨ** - ਅੰਤੜੀਆਂ 'ਚ ਜਜ਼ਬ ਆਇਰਨ ਮੁਕਤ ਹੁੰਦਾ ਹੈ ਜੋ ਵੱਧ ਖਤਰਨਾਕ ਹੁੰਦਾ ਹੈ। ਇਹ ਗੈਰ ਘੁਲਣਸ਼ੀਲ ਹੁੰਦਾ ਹੈ ਤੇ ਸਰੀਰ 'ਚ ਇਸ ਦੀ ਵਰਤੋਂ ਨਹੀਂ ਹੋ ਸਕਦੀ। ਖੂਨ 'ਚ ਆਇਰਨ ਟ੍ਰਾਂਸਫੇਰਿਨ ਪ੍ਰੋਟੀਨ ਨਾਲ ਜੁੜਿਆ ਰਹਿੰਦਾ ਹੈ। ਇਸ ਰੂਪ 'ਚ ਆਇਰਨ ਘੁਲਣਸ਼ੀਲ ਤੇ ਘੱਟ ਖਤਰਾਕ ਹੁੰਦਾ ਹੈ ਅਤੇ ਲੋੜ ਪੈਣ 'ਤੇ ਸਰੀਰ ਇਸ ਦੀ ਵਰਤੋਂ ਕਰ ਸਕਦਾ ਹੈ। ਜੇ ਸੈਲਾਂ ਵਿੱਚ ਫੇਰੇਟਿਨ ਦੀ ਮਾਤਰਾ ਵਧਦੀ ਹੈ ਤਾਂ ਗੈਰ ਘੁਲਣਸ਼ੀਲ ਹੀਮੋਸਿਡ੍ਰੀਨ 'ਚ ਬਦਲਦਾ ਹੈ। ਜੋ ਸਰੀਰ ਲਈ ਹਾਨੀਕਾਰਕ ਹੋ ਸਕਦਾ ਹੈ। ਸਰੀਰ 'ਚ ਕਰੀਬ ਇਕ ਗ੍ਰਾਮ ਆਇਰਨ ਮੁੱਖ ਤੌਰ

’ਤੇ ਜਗਰ ਸੈਲਾਂ ਤੇ ਮਾਈਕ੍ਰੋਫੇਜ਼ ’ਚ ਜਮ੍ਹਾ ਹੁੰਦਾ ਹੈ। ਸਰੀਰ ’ਚ ਜਮਾ ਆਇਰਨ ਦੀ ਲੋੜ ਪੈਣ ਤੇ ਸਰੀਰ ਇਸ ਦੀ ਵਰਤੋਂ ਕਰਦਾ ਹੈ। ਖ਼ੂਨ ਦਾ ਆਇਰਨ ਪੱਧਰ, ਟਰਾਂਸਫੇਰਿਨ ਤੇ ਫੇਰੇਟਿਨ ਨਾਲ ਸਰੀਰ ਵਿੱਚ ਆਇਰਨ ਦੀ ਕਮੀ ਦਾ ਪਤਾ ਲੱਗ ਸਕਦਾ ਹੈ।

**ਆਇਰਨ ਦੀ ਘਾਟ** - ਆਇਰਨ ਦੀ ਘਾਟ ਸੰਸਾਰ ਦੀ ਅੱਧੀ ਆਬਾਦੀ ਅੰਦਰ ਮੌਜੂਦ ਹੈ। ਸਰੀਰ ਵਿੱਚ ਆਇਰਨ ਦੀ ਘਾਟ ਭੋਜਨ ’ਚ ਆਇਰਨ ਦਾ ਲੋੜੀਂਦੀ ਮਾਤਰਾ ’ਚ ਨਾ ਹੋਣੀ ਕਰਕੇ ਹੋ ਸਕਦੀ ਹੈ। ਸ਼ਾਕਾਹਾਰੀ ਭੋਰਨ ’ਚ ਮੌਜੂਦ ਆਇਰਨ ਅੰਤੜੀਆਂ ਤੋਂ ਘੱਟ ਸੁਗਮਤਾ ਨਾਲ ਜਜ਼ਬ ਹੁੰਦਾ ਹੈ। ਇਸ ਲਈ ਘਾਟ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਬਚਪਨ, ਜਵਾਨੀ ਗਰਭ ਅਵਸਥਾ ’ਚ ਆਇਰਨ ਦੀ ਲੋੜ ਵੱਧ ਜਾਂਦੀ ਹੈ। ਅਜਿਹੀ ਹਾਲਤ ਅੰਦਰ ਜੇ ਭੋਜਨ ’ਚ ਵਾਧੂ ਆਇਰਨ ਨਹੀਂ ਲਿਆ ਜਾਂਦਾ ਤਾਂ ਘਾਟ ਪੈਦਾ ਹੋ ਸਕਦੀ ਹੈ। ਬਿਰਧ ਅਵਸਥਾ ’ਚ ਆਇਰਨ ਬਹੁਤ ਜਜ਼ਬਾ ਨਹੀਂ ਹੁੰਦਾ। ਜਿਸ ਕਾਰਨ ਅਨੀਮੀਆ ਹੋਣ ਦੀ ਸਭਾਵਨਾ ਵਧ ਜਾਂਦੀ ਹੈ। ਜੇ ਸਰੀਰ ’ਚੋਂ ਖ਼ੂਨ ਵਗਣ ਕਰਕੇ ਖ਼ੂਨ ਦੇ ਨਾਲ ਆਇਰਨ ਨਿਕਲਦਾ ਹੈ ਤਾਂ ਵੀ ਸਰੀਰ ’ਚ ਆਇਰਨ ਦੀ ਘਾਟ ਹੋ ਜਾਂਦੀ ਹੈ। ਅੰਤੜੀਆਂ ਵਿੱਚ ਖ਼ੂਨ ਚੂਸਣ ਵਾਲੇ ਕੀੜੇ (ਹੁੱਕ ਵਰਮ) ਹੋਣੇ, ਔਰਤਾਂ ’ਚ ਮਾਂਹਵਾਰੀ ਤੇ ਮਾਂਹਬੰਦੀ ਦੌਰਾਨ ਵਧ ਖ਼ੂਨ ਵਗਣ ਨਾਲ ਵੀ ਸਰੀਰ ’ਚ ਆਇਰਨ ਦੀ ਘਾਟ ਹੋ ਜਾਂਦੀ ਹੈ। ਗਰੀਬ ਵਰਗ ’ਚ ਦੁੱਧ ਨਾ ਪੀਣ ਵਾਲੇ ਬੱਚਿਆਂ, ਔਰਤਾਂ, ਬਜ਼ੁਰਗਾਂ ’ਚ ਖ਼ੂਨ ਦੀ ਕਮੀ ਦਾ ਖਾਸ ਖਤਰਾ ਰਹਿੰਦਾ ਹੈ। ਗਰਭ ਅਵਸਥਾ ਦੀ ਦੂਜੀ ਤਿਮਾਹੀ ’ਚ ਕੁਲਮਿਲਾ ਕੇ ਸਭ ਔਰਤਾਂ ਆਇਰਨ ਦੀ ਘਾਟ ਦਾ ਸ਼ਿਕਾਰ ਹੋ ਜਾਂਦੀਆਂ ਹਨ।

**ਆਇਰਨ ਦੀ ਘਾਟ ਕਾਰਨ ਸਮੱਸਿਆਵਾਂ** - ਆਇਰਨ ਦੀ ਕਮੀ ਕਾਰਨ ਲਾਲ ਰਕਤ ਦਾ ਸਾਈਜ਼ ਛੋਟਾ ਹੋ ਜਾਂਦਾ ਹੈ। ਇਹਨਾਂ ਵਿੱਚ ਹੀਮੋਗਲੋਬਿਨ ਦੀ ਮਾਤਰਾ ਆਮ ਨਾਲੋਂ ਘੱਟ ਹੁੰਦੀ ਹੈ ਅਤੇ ਇਸ ਦਿਸ਼ਾ ਵਿੱਚ ਇਹ ਘੱਟ ਸਮਾਂ ਜਿਉਂਦੇ ਰਹਿੰਦੇ ਹਨ। ਹੀਮੋਗਲੋਬਿਨ ਦਾ ਪੱਧਰ ਘਟ ਜਾਂਦਾ ਹੈ। ਆਇਰਨ ਦੀ ਘਾਟ ਕਾਰਨ ਅਨੀਮੀਆ ਇਕ ਆਮ ਸਮੱਸਿਆ ਹੈ। ਅਨੁਮਾਨ ਹੈ ਕਿ ਸੰਸਾਰ ’ਚ 50 ਕਰੋੜ ਤੋਂ ਵੱਧ ਬੰਦੇ ਆਇਰਨ ਦੀ ਘਾਟ ਕਾਰਨ ਅਨੀਮੀਆ (ਖ਼ੂਨ ਦੀ ਘਾਟ) ਤੋਂ ਪੀੜਤ ਹਨ।

ਅਨੀਮੀਆ ਕਾਰਨ ਕਮਜ਼ੋਰੀ, ਥਕਾਵਟ, ਸਿਰਦਰਦ, ਕੰਮ ’ਚ ਮਨ ਨਾ ਲੱਗਣਾ, ਕਸਰਤ ਵੇਲੇ ਸਾਹ ਫੁੱਲਣਾ, ਹੱਥਾਂ ਪੈਰਾਂ ’ਚ ਦਰਦ, ਚੱਕਰ ਆਉਣੇ ਸਰੀਰ ਨਿਢਾਲ ਰਹਿਣਾ ਆਦਿ ਸਮੱਸਿਆਵਾਂ ਹੁੰਦੀਆਂ ਹਨ। ਆਇਰਨ ਦੀ ਘਾਟ ਕਾਰਨ ਮੂੰਹ ਤੇ ਮਿਹਦੇ ’ਚ ਸਲੇਸ਼ਮਾ ਝਿਲੀ ਨੂੰ ਹਰਜਾ ਪੁਜਦਾ ਹੈ। ਖੁਰਾ ਨਾਲੀ ’ਚ ਸਲੇਸ਼ਮਾ ਝਿੱਲੀ ਦਾ ਜਾਲ ਬਣਨ ਨਾਲ ਖਾਣਾ ਖਾਣ ’ਚ ਦਿੱਕਤ ਆਉਂਦੀ ਹੈ। ਨਹੁੰ ਬੈਠ ਜਾਂਦੇ ਹਨ ਚਮਚੇ ਦੇ ਆਕਾਰ ਦੇ ਹੋ ਜਾਂਦੇ ਹਨ। ਅਸਾਨੀ ਨਾਲ ਟੁੱਟਦੇ ਮਾਰ ਹੇਠ ਲੈ ਸਕਦੇ ਹਨ। ਬੱਚਿਆਂ ’ਚ ਆਇਰਨ ਦੀ ਘਾਟ ਕਾਰਨ ਸਰੀਰਕ ਮਾਨਸਿਕ, ਬੌਧਿਕ ਵਿਕਾਸ ਮੱਠਾ ਪੈ ਜਾਂਦਾ ਹੈ। ਇਲਾਜ ਕਰਨ ਦੇ ਬਾਵਜੂਦ ਆਮ ਵਰਗਾ ਨਹੀਂ ਹੁੰਦਾ। ਕਰੀਬ 50% ’ਚ ਜੀਭ ਅੰਦਰ ਸੋਜ ਲਾਲੀ ਆ ਜਾਂਦੀ ਹੈ। ਜੀਭ ਚਿਕਨੀ ਪੱਧਰੀ ਹੋ ਜਾਂਦੀ ਹੈ। ਬੁੱਲਾਂ ਦੇ ਦੋਹਾਂ ਸਿਰਿਆਂ ’ਤੇ ਵੀ ਜਖਮ ਹੋ ਜਾਂਦੇ ਹਨ। ਆਇਰਨ ਦੀ ਘਾਟ ਹੋਣ ਨਾਲ ਅਸਾਧਾਰਨ ਵਸਤੂਆਂ ਜਿਵੇਂ ਬਰਫ, ਮਿੱਟੀ, ਚੂਨਾ ਸਾਬਣ ਆਦਿ ਖਾਣ ਦੀ

ਇੱਛਾ ਹੁੰਦੀ ਹੈ।

ਸਰੀਰ 'ਚ ਆਇਰਨ ਦੀ ਘਾਟ ਦਾ ਪਤਾ ਖ਼ੂਨ 'ਚ ਹੀਮੋਗਲੋਬਿਨ ਲਾਲ ਕਣਾ ਦੀ ਗਿਣਤੀ ਆਕਾਰ ਖ਼ੂਨ 'ਚ ਆਇਰਨ, ਟ੍ਰਾਂਸਫਰਿਨ ਤੇ ਫੇਰੇਟਿਨ ਪੱਧਰ ਨਾਪਣ ਨਾਲ ਹੋ ਸਕਦੀ ਹੈ।

ਆਇਰਨ ਦੀ ਘਾਟ ਦੇ ਬੁਨਿਆਦੀ ਕਾਰਨ ਦਾ ਪਤਾ ਲਾ ਕੇ ਹੱਲ ਜ਼ਰੂਰੀ ਹੈ। ਆਇਰਨ ਭਰਪੂਰ ਭੋਜਨ ਦੀ ਵਰਤੋਂ ਕਰੋ। ਆਇਰਨ ਦੀ ਕਮੀ ਹੋਣ ਨਾਲ ਆਇਰਨ ਦੀਆਂ ਗੋਲੀਆਂ ਕੈਪਸੂਲਾਂ ਦੀ ਵਰਤੋਂ ਕਰੋ। ਟੀਕੇ ਰਾਹੀਂ ਵੀ ਆਇਰਨ ਦਿੱਤਾ ਜਾਂਦਾ ਹੈ। ਪਰ ਆਇਰਨ ਦੇ ਟੀਕੇ ਅਣਸਰਦਿਆਂ ਹੀ ਦਿੱਤੇ ਜਾਂਦੇ ਹਨ। ਆਇਰਨ ਦੀ ਘਾਟ ਦੀ ਹਾਲਤ 'ਚ 120-180 ਮਿਲੀ ਗ੍ਰਾਮ ਆਇਰਨ ਰੋਜਾਨਾ ਦਿੱਤਾ ਜਾਂਦਾ ਹੈ। ਇਸ ਦੀ ਵਰਤੋਂ ਨਾਲ 0.1 - 0.2 ਗ੍ਰਾਮ ਰੋਜਾਨਾ ਹੀਮੋਗਲੋਬਿਨ ਵਧਦਾ ਹੈ। ਆਇਰਨ ਦੀ ਵਰਤੋਂ ਅਨੀਮੀਆ ਠੀਕ ਹੋ ਜਾਣ ਪਿੱਛੋਂ ਵੀ ਤਿੰਨ ਮਹੀਨੇ ਤਕ ਕਰਨੀ ਚਾਹੀਦੀ ਹੈ। ਜਿਸ ਨਾਲ ਲੋੜੀਂਦੀ ਮਾਤਰਾ 'ਚ ਆਇਰਨ ਸਰੀਰ ਵਿੱਚ ਜਮ੍ਹਾ ਹੋ ਜਾਵੇ ਤੇ ਫੇਰੇ ਸੌਖਿਆਂ ਹੀ ਆਇਰਨ ਦੀ ਘਾਟ ਨਾ ਹੋਵੇ।

ਆਇਰਨ ਦੀ ਬਹੁਲਤਾ ਵੀ ਤੰਗ ਕਰਦੀ ਹੈ। ਲੰਮੇ ਸਮੇਂ ਤਕ ਬਿਨਾ ਵਜਾਹ ਆਇਰਨ ਦੀਆਂ ਗੋਲੀਆਂ ਕੈਪਸੂਲ ਜਾਂ ਆਇਰਨ ਯੁਕਤ ਭੋਜਨ ਖਾਣ ਨਾਲ ਸਰੀਰ 'ਚ ਆਇਰਨ ਲੋੜੋਂ ਵੱਧ ਪੁੱਜਦਾ ਹੈ ਤਾਂ ਇਹ ਸਰੀਰ ਦੇ ਵੱਖ-ਵੱਖ ਅੰਗਾਂ ਖਾਸ ਕਰਕੇ ਜਿਗਰ ਦਿਲ ਦੀ ਪੇਸ਼ੀਆਂ ਹਾਰਮੋਨ ਗ੍ਰੰਥੀਆਂ 'ਚ ਜਮਾ ਹੋਣ ਲੱਗਦਾ ਹੈ। ਪੱਠੇ ਤੇ ਅੰਗ ਇਸ ਤਰ੍ਹਾਂ ਕਰਕੇ ਹੇਠ ਆ ਜਾਂਦੇ ਹਨ। ਅੰਗ ਆਇਰਨ ਦੀ ਬਹੁਲਤਾ ਕਾਰਨ ਪੈਦਾ ਹੋ ਰਹੇ ਸਰਗਰਮ ਫ੍ਰੀ ਰੈਡੀਕਲਾਂ ਦੇ ਪ੍ਰਭਾਵ ਨਾਲ ਹਰਜਾਗ੍ਰਸਤ ਹੋ ਜਾਂਦੇ ਹਨ।

ਜੇ ਥੈਲੇਸੀਮੀਆ ਸਿਕਿਲਸੈਲ ਅਨੀਮੀਆ ਆਦਿ ਕਾਰਨ ਨਿਯਮਤ ਅਰਸੇ ਪਿਛੋਂ ਖ਼ੂਨ ਚੜਾਉਣਾ ਪੈਂਦਾ ਹੈ ਤਾਂ ਸਰੀਰ ਵਿੱਚ ਆਇਰਨ ਵੱਧ ਮਾਤਰਾ 'ਚ ਜਮ੍ਹਾ ਹੋਣ ਲੱਗਦਾ ਹੈ। ਕੁਝ ਵਿਅਕਤੀਆਂ 'ਚ ਅੰਤੜੀਆਂ ਤੋਂ ਆਇਰਨ ਦਾ ਜਜ਼ਬ ਹੋਣਾ ਵੱਧ ਹੁੰਦਾ ਹੈ, ਜਿਸ ਕਾਰਨ ਵੀ ਸਰੀਰ 'ਚ ਆਇਰਨ ਦੀ ਬਹੁਲਤਾ ਹੋ ਜਾਂਦੀ ਹੈ। ਜੀਨ 'ਚ ਅਸਮਾਨਤਾ ਕਾਰਨ ਇਹ ਜਮਾਂਦਰੂ ਹੁੰਦਾ ਹੈ। ਇਸ ਰੋਗ ਨੂੰ 'ਹੀਮੋਸਿਡ੍ਰੋਸਿਮ' ਕਿਹਾ ਜਾਂਦਾ ਹੈ।

ਸਰੀਰ 'ਚ ਵੱਧ ਆਇਰਨ ਪਹੁੰਚਣ ਨਾਲ ਚਮੜੀ 'ਤੇ ਧੱਬੇ ਪੈ ਜਾਂਦੇ ਹਨ। ਮਿਹਦੇ ਨੂੰ ਨੁਕਸਾਨ ਹੋਣ ਨਾਲ ਸ਼ੂਗਰ ਦੀ ਬੀਮਾਰੀ ਹੋ ਜਾਂਦੀ ਹੈ। ਜਿਗਰ ਨਸ਼ਟ ਹੋਣ ਨਾਲ ਸਿਰਹੋਸਿਸ ਹੋ ਸਕਦਾ ਹੈ। ਜਿਗਰ ਕੈਂਸਰ ਦਾ ਖਤਰਾ ਵਧ ਜਾਂਦਾ ਹੈ। ਮਰਦਾਂ ਦੇ ਪਤਾਲੂ ਨਸ਼ਟ ਹੋ ਸਕਦੇ ਹਨ। ਕਿ ਕਮਜ਼ੋਰੀ ਥਕਾਵਟ ਹੁੰਦੀ ਹੈ, ਨਿਪੁੰਸਕਤਾ ਹੋ ਸਕਦੀ ਹੈ, ਵਜਣ ਘਟ ਜਾਂਦਾ ਹੈ। ਜੋੜ 'ਚ ਸੋਜ ਆਉਂਦੀ ਹੈ ਤੇ ਦਰਦ ਹੁੰਦਾ ਹੈ। ਉਲਟੀ ਚੱਕਰ ਆਉਂਦੇ ਹਨ। ਜਿਗਰ ਦਾ ਆਕਾਰ ਵਧ ਜਾਂਦਾ ਹੈ। ਵਾਲ ਝੜਦੇ ਹਨ। ਪੇਟ 'ਚ ਪਾਣੀ ਭਰ ਸਕਦਾ ਹੈ। ਦਿਲ ਦਾ ਰੋਗ ਹੋ ਸਕਦਾ ਹੈ। ਆਇਰਨ ਦੀ ਬਹੁਲਤਾ ਦੀ ਜਾਂਚ ਰਕਤ ਆਇਰਨ ਟ੍ਰਾਂਸਫੇਰਿਨ, ਫੇਰੇਟਿਨ ਪੱਧਰ ਦੀ ਮਾਪ ਲਿਵਰ ਬਾਇਪਸੀ ਰਾਹੀਂ ਹੋ ਸਕਦੀ ਹੈ। ਵਾਧੂ ਆਇਰਨ ਲੈਣਾ ਤੁਰਤ ਬੰਦ ਕਰਕੇ ਡਿਸਫੇਰਾਨ ਦੇ ਟੀਕੇ ਲਾਏ ਜਾਂਦੇ ਹਨ।

# ਰਵਾਇਤੀ ਵਿਆਹ ਦੀ ਤਰਾਸਦੀ

ਸਮਾਜ ਲਗਾਤਾਰ ਬਦਲ ਰਿਹਾ ਹੈ। ਬਦਲਾਅ ਹਮੇਸ਼ਾ ਦੋ ਵਿਰੋਧੀ ਚੀਜ਼ਾਂ ਦੇ ਆਪਸੀ ਟਕਰਾਅ ਨਾਲ ਹੁੰਦਾ ਹੈ। ਇਕ ਪਾਸੇ ਪੁਰਾਣੇ ਰੀਤੀ ਰਿਵਾਜ ਰਵਾਇਤਾਂ ਵਿਚਾਰ ਤੇ ਦਰਸ਼ਨ (ਫਿਲਾਸਫੀ) ਹੈ ਤਾਂ ਦੂਜੇ ਪਾਸੇ ਨਵੇਂ ਸਮਾਜ ਪਰਿਵਾਰ ਇਥੋਂ ਤਕ ਕਿ ਵਿਅਕਤੀਗਤ ਰਿਸ਼ਤਿਆਂ ਵਿੱਚ ਵੀ ਦਿਸਣ ਲੱਗਦੀ ਹੈ। ਵਿਗਿਆਨ ਤੇ ਇਨਸਾਨ ਦੀ ਵਧਦੀ ਸਮਝ ਨੇ ਹਰ ਪੁਰਾਣੀ ਚੀਜ ਦੀ ਵਾਜਬੀਅਤ ’ਤੇ ਸੁਆਲ ਖੜਾ ਕਰ ਦਿੱਤਾ ਹੈ। ਉਹ ਹਰ ਵਿਚਾਰ, ਸੰਸਥਾ ਤੇ ਸਬੰਧਾਂ ਦੇ ਰੇਸ਼ੇ-ਰੇਸ਼ੇ ਨੂੰ ਵੱਖ ਕਰਕੇ ਦੇਖਣ ਦੀ ਮੰਗ ਕਰਦਾ ਹੈ। ਅਜਿਹੇ ’ਚ ਉਹ ਸਾਰੀਆਂ ਸਮੱਸਿਆਵਾਂ ਵੀ ਪ੍ਰਸ਼ਨਾ ਦੇ ਘੇਰ ਵਿਚ ਆ ਜਾਂਦੀਆਂ ਹਨ ਜਿਨ੍ਹਾਂ ’ਤੇ ਅਸੀਂ ਅਕਸਰ ਗੱਲ ਕਰਨ ਤੋਂ ਕਤਰਾਉਂਦੇ ਹਾਂ। ਹਿੰਦੂ ਵਿਆਹ ਸੰਸਥਾ ਉਹਨਾਂ ’ਚੋਂ ਇਕ ਹੈ। ਹਿੰਦੂ ਵਿਆਹ ਸੰਸਥਾ ਆਪਣੇ ਆਪ ’ਚ ਭਾਰਤੀ ਸਮਾਜ ਜਦ ਸਭਿਅਤਾ ਤੇ ਸਭਿਆਚਾਰ  ਅੱਜ ਤੋਂ ਹਜ਼ਾਰਾਂ ਸਾਲ ਪਿੱਛੇ ਸੀ। ਈਸਾ ਤੋਂ ਪੰਦਰਾਂ ਸੌ ਸਾਲ ਪਹਿਲਾਂ ਇਸ ਸੰਸਥਾ ਨੇ ਕਈ ਸਮਾਜਾਂ ਨੂੰ ਵੇਖਿਆ। ਜਦ ਇਹ ਸੰਸਥਾ ਪੈਦਾ ਹੋਈ ਤਦ ਮਾਨਵ ਸਮਾਜ ਜੰਗਲ ਯੁੱਧ ਤੋਂ ਪਸ਼ੂ ਪਾਲਣ ਯੁੱਗ ਤੋਂ ਲੈ ਕੇ ਕਈ ਸਮਾਜ ਦੀ ਛਾਪ ਲਈ ਇਹ ਸੰਸਥਾ ਅੱਜ ਵੀ ਮੌਜੂਦ ਹੈ। ਭਾਰਤੀ ਸਮਾਜ ਉਦੋਂ ਦੇ ਨਾਲ ਨਾ ਬਦਲਣ ਕਰਕੇ ਇਸ ਦੀਆਂ ਮਾਨਤਾਵਾਂ ਮੰਤਰ ਤੇ ਆਧੁਨਿਕ ਯੁੱਗ ਵਿੱਚ ਆਪਣੇ ਪੁਰਾਣੇ ਰੂਪ ’ਚ ਹੀ ਬਣੀ ਹੋਈ ਹੈ। ਇਸ ਦਾ ਬਣੇ ਰਹਿਣਾ ਪੂਰੇ ਸਮਾਜ ਦੀ ਹਾਲਤ ਨੂੰ ਤਾਂ ਦਰਸਾਉਂਦਾ ਹੀ ਹੈ। ਵਿਆਹ ਔਰਤ ਦੀ ਪੀੜਾ ਦਾ ਵੀ ਅਹਿਸਾਸ ਕਰਦਾ ਹੈ। ਵਿਆਹ ਔਰਤ ਦੇ ਜੀਵਨ ਦੀ ਫੈਸਲਾਕੁੰਨ ਘਟਨਾ ਹੈ। ਉਸ ਦਾ ਪੂਰਾ ਭਵਿੱਖ ਸ਼ਾਦੀ ਦੀ ਹਾਲਤ ’ਤੇ ਟਿਕਿਆ ਹੁੰਦਾ ਹੈ। ਇਹ ਇਕ ਐਸਾ ਜੂਆ ਹੈ ਜਿਸ ’ਚ ਔਰਤ ਦਾ ਭਵਿੱਖ ਦਾਅ ਤੇ ਲੱਗ ਜਾਂਦਾ ਹੈ। ਸਦੀਆਂ ਤੋਂ ਵਰ ਦੀ ਲੜਾਈ ਦੇ ਮਾਪੇ ਤੇ ਪਰਿਵਾਰ ਦੇ ਹੋਰ ਲੋਕ ਹੀ ਕਰਦੇ ਹਨ। ਉਹ ਵੀ ਆਪਣੀ ਮਾਲੀ ਹਾਲਤ ਜਾਤੀ ਗੋਤ ਤੇ ਖੇਤਰ ਅਨੁਸਾਰ ਵਰ ਦੀ ਚੋਣ ਕਰਦੇ ਹਨ। ਹਿੰਦੂ ਧਰਮ ’ਚ ਔਰਤ ਦਾ ਆਪਣਾ ਕੋਈ ਅਜਾਦ ਵਜੂਦ ਨਹੀਂ ਹੈ। ਇਹੀ ਕਾਰਨ ਹੈ ਕਿ ਜੀਵਨ ਦੀ ਇਸ ਫੈਸਲਾਕੁੰਨ ਘਟਨਾ ਵਿੱਚ ਉਸ ਦਾ ਕੋਈ ਦਖਲ ਨਹੀਂ ਹੁੰਦਾ ਹੈ। ਰਵਾਇਤੀ ਵਿਆਹ ਵਿਧੀ ਅਨੁਸਾਰ ਕੀਤਾ ਜਾਂਦਾ ਹੈ। ਜਿਸ ਦਾ ਖਰਚਾ ਲੜਕੀ ਦੇ ਪਿਤਾ ਨੂੰ ਚੁਕਣਾ ਪੈਂਦਾ ਹੈ। ਉਸ ਨੂੰ ਦਹੇਜ ਵੀ ਦੇਣਾ ਪੈਂਦਾ ਹੈ। ਇਸ ਪੂਰੇ ਅਮਲ ਕਾਰਨ ਲੜਕੀ ਆਪਣੇ ਮਾਂ-ਬਾਪ ’ਤੇ ਪਰਿਵਾਰ ’ਤੇ ਬੋਝ ਸਮਝੀ ਜਾਂਦੀ ਹੈ। ਰਵਾਇਤ ਅਨੁਸਾਰ ਲੜਕੀ ਤਾਂ ‘ਭਾਰ’ ਹੀ ਹੈ। ਜਿਆਦਾਤਰ ਮਾਪੇ ਆਪਣੇ ਬੋਝ ਨੂੰ ਉਤਾਰਨਾ ਹੀ ਆਪਣਾ ਫਰਜ ਮੰਨਦੇ ਹਨ। ਲੜਕੀ ਨੂੰ ਪੇਟ ਭਰ ਰੋਟੀ ਤੇ ਸੁੱਖ ਮਿਲੇ, ਵਰ ਚੁਣਦੇ ਸਮੇਂ ਏਨਾ ਹੀ ਵੇਖਦੇ ਹਨ। ਲੜਕੀ ਨੂੰ ਇਸ ਤੋਂ ਇਲਾਵਾ ਵੀ ਕੁਝ ਚਾਹੀਦਾ ਹੈ, ਉਹ ਇਸ ਦੀ ਕਲਪਨਾ ਨਹੀਂ ਕਰਦੇ। ਬਹੁਤੇ ਇਹ ਸ਼ਰਤਾਂ ਪੂਰੀਆਂ ਹੁੰਦਿਆਂ ਹੀ ਬੋਝ ਲਾਹ ਦਿੰਦੇ ਹਨ। ਇਸ ਮਾਨਸਿਕਤਾ ਕਾਰਨ ਸ਼ਾਦੀ ਤੋਂ ਬਾਅਦ ਸ਼ੁਰੂ ਹੁੰਦੀ ਹੈ ਅੱਜ ਦੇ ਜੀਵਨ ਦੀ ਤਰਾਸਦੀ।

ਆਪਣੇ ਨੇੜੇ ਦੇ ਸਮਾਜ ਨੂੰ ਨੇੜਿਉਂ ਵੇਖੋ ਤਾਂ ਵਿਆਹ ਦੀਆਂ ਅਨੇਕਾਂ

ਮੁਸ਼ਕਲਾਂ ਝਲਦੀਆਂ ਅਣਗਿਣਤ ਔਰਤਾਂ ਮਿਲ ਜਾਣਗੀਆਂ। ਸਮਾਜ ਨੂੰ ਵੇਖੀਏ ਤਾਂ ਸਾਨੂੰ ਦੋ ਕਿਸਮ ਦੇ ਹਾਲਾਤ ਨਜ਼ਰ ਆਉਂਦੇ ਹਨ। ਪਹਿਲਾਂ ਸ੍ਰੇਣੀ ਉਹਨਾਂ ਔਰਤਾਂ ਦੀ ਹੈ ਜੋ ਰਵਾਇਤੀ ਵਿਆਹਾਂ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੈ। ਉਹਨਾਂ ਦੇ ਨਾ ਬਹੁਤੇ ਗਿਲੇ ਹਨ ਨਾ ਸ਼ਿਕਵੇ। ਉਹ ਅੱਜ ਵੀ ਪਤੀ ਨੂੰ ਪ੍ਰਮੇਸ਼ਰ ਮੰਨ ਕੇ ਜਿਉਂਦੀਆਂ ਹਨ। ਪਤੀ ਦੀ ਮਾਰ ਜਾਂ ਪਿਆਰ 'ਚ ਬਹੁਤਾ ਫਰਕ ਨਹੀਂ ਸਮਝਦੀਆਂ। ਇਹ ਗਿਣਤੀ ਉਹਨਾਂ ਔਰਤਾਂ ਦੀ ਹੈ ਜਿਨ੍ਹਾਂ ਦੀਆਂ ਜੀਵਨ ਹਾਲਤਾਂ ਨੇ ਸੁਪਨੇ ਬਣਨ ਹੀ ਨਹੀਂ ਦਿੱਤੇ। ਉਹ ਜੀਵਨ ਭਰ ਗੁਲਾਮੀ ਦਾ ਜੀਵਨ ਜਿਉਣ ਲਈ ਸਰਾਪੀਆਂ ਰਹੀਆਂ ਹਨ। ਬਚਪਨ ਦੇ ਸੰਸਕਾਰ ਨਿਗੂਣੇ ਵਿਚਾਰ ਰੂੜੀਵਾਦੀ ਪੈਮਾਨੇ ਉਨ੍ਹਾਂ ਨੂੰ ਅਜਾਦੀ ਤੇ ਗੁਲਾਮੀ ਵਿਚਕਾਰ ਫਰਕ ਕਰਨ ਵਾਲੀ ਦ੍ਰਿਸਟੀ ਤੋਂ ਹੀ ਵਾਂਝਿਆਂ ਕਰ ਦਿੱਤਾ ਹੈ। ਉਹਨਾਂ ਦੇ ਸੁਪਨੇ ਰੋਟੀ ਅਤੇ ਬੱਚਿਆਂ ਤੱਕ ਹੀ ਸਿਮਟ ਕੇ ਰਹਿ ਗਏ ਹਨ।

ਦੂਜੀ ਸ੍ਰੇਣੀ ਉਹਨਾਂ ਔਰਤਾਂ ਦੀ ਹੈ ਜੋ ਸਮਾਜ 'ਚ ਆਏ ਬਦਲਾਵਾਂ ਤੋਂ ਪ੍ਰਭਾਵਿਤ ਹੋਈਆਂ ਹਨ। ਜਿਨ੍ਹਾਂ ਨੂੰ ਮੁਕਤੀ ਦੀ ਇੱਛਾ ਨੇ ਗਵਾਹੇ ਵਗਾਹੇ ਛੋਹਿਆ ਹੈ। ਉਹਨਾਂ ਦੇ ਛੋਟੇ ਛੋਟੇ ਸੁਪਨੇ ਹਨ, ਇਲਾਵਾ ਹਨ ਅਰਮਾਨ ਹਨ, ਕੁਝ ਕੁ ਦੇ ਜੀਵਨ 'ਚ ਅਕਾਸ਼ ਉਡਾਰੀਆਂ ਵੀ ਹਨ। ਉਹ ਅਜਾਦੀ ਤੇ ਗੁਲਾਮੀ ਵਿਚਕਾਰ ਫਰਕ ਮਹਿਸੂਸ ਕਰਦੀਆਂ ਹਨ। ਉਹ ਰੋਟੀ 'ਤੇ ਸਰੀਰਕ ਸੁਖ ਦੇ ਨਾਲ ਨਾਲ ਆਤਮਿਕ ਸੁੱਖ ਦੀ ਚਾਹੁੰਦੀਆਂ ਹਨ। ਪਤੀ ਉਹਨਾਂ ਦੀ ਕਦਰ ਕਰੇ। ਉਹਨਾਂ ਨੂੰ ਸਮਝੇ ਮਾਰ ਕੁੱਟ ਨਾ ਕਰੇ। ਦੋਨੋਂ ਮਿਲ ਕੇ ਘਰ ਚਲਾਉਣ। ਅਜਿਹੀਆਂ ਅਨੇਕ ਭਾਵਨਾਵਾਂ ਉਹਨਾਂ ਤੇ ਮਨਾ 'ਚ ਹੁੰਦੀਆਂ ਹਨ। ਇਹ ਸਾਰੀਆਂ ਇੱਛਾਵਾਂ ਰਵਾਇਤੀ ਵਿਆਹ ਤਹਿਤ ਸੰਭਵ ਨਹੀਂ ਹਨ। ਉਹਨਾਂ ਦੀ ਪਸੰਦ ਤੇ ਮਾਪਿਆਂ ਦੀ ਪਸੰਦ 'ਚ ਡੂੰਘਾ ਪਾੜਾ ਹੁੰਦਾ ਹੈ। ਜੇ ਵਰ ਲੜਕੀ ਦੀਆਂ ਇੱਛਾਵਾਂ ਮੁਤਾਬਕ ਨਹੀਂ ਹੁੰਦਾ ਤਾਂ ਉਹ ਹਰੇਕ ਫੇਰੇ ਦੌਰਾਨ ਅੰਦਰੋਂ ਅੰਦਰੀ ਰੋਂਦੀਆਂ ਹਨ। ਇਕ-ਇਕ ਮੰਤਰ ਨੂੰ ਅੰਦਰੋ ਨਾ ਮਨਜੂਰ ਕਰਦੀਆਂ ਹਨ। ਉਸ ਦਾ ਵਿਰੋਧ ਕਰਦੀਆਂ ਹਨ। ਬਸ ਉਹਨਾਂ ਦੇ ਸੰਸਕਾਰ ਹੀ ਉਹਨਾਂ ਨੂੰ ਕਿਸੇ ਤਰ੍ਹਾਂ ਖੜ੍ਹਾ ਰੱਖਦੇ ਹਨ। ਵਿਲਕਦੀਆਂ ਹਨ। ਕਈਆਂ ਨੂੰ ਆਪਣੀ ਵਿਦਾਇਗੀ ਸਮੇਂ ਉਹਨਾਂ ਦੀ ਡੋਲੀ ਉਹਨਾਂ ਦੇ ਸੁਪਨਿਆਂ ਅਰਮਾਨਾ ਭਾਵਨਾਵਾਂ ਦੀ ਅਰਥੀ 'ਚ ਬਦਲਦੀ ਮਹਿਸੂਸ ਹੁੰਦੀ ਹੈ। ਕੁਝ ਲੜਕੀਆਂ ਢੋਲ-ਰੋਸ਼ਨੀ ਤਮਾਸ਼ੇ ਦੀ ਝਿਲਮਿਲ 'ਚ ਵਿਦਾ ਤਾਂ ਖੁਸ਼ੀ ਖੁਸ਼ੀ ਹੁੰਦੀਆਂ ਹਨ ਪਰ ਉਹਨਾਂ ਦੇ ਰੰਗ ਬਿਰੰਗੇ ਸੁਪਨੇ ਤੇ ਯਥਾਰਥ 'ਚ ਪਹਿਲੇ ਦਿਨੋ ਹੀ ਟਕਰਾਅ ਸ਼ੁਰੂ ਹੋ ਜਾਂਦਾ ਹੈ ਜੋ ਉਹਨਾਂ ਨੂੰ ਸਾਰੀ ਉਮਰ ਚੁਬਦਾ ਰਹਿੰਦਾ ਹੈ। ਭਾਵੇਂ ਜਿੰਦਗੀ ਦੇ ਰਵਾਇਤੀ ਵਿਆਹ ਅਨੁਸਾਰ ਔਰਤ ਨੂੰ ਤਾਂ ਜਿੰਦਗੀ ਪਤੀ ਦਾ ਦਾਬਾ ਝਲਣਾ ਪੈਂਦਾ ਹੈ। ਇਹਨਾਂ 'ਚੋਂ ਕੁਝ ਥੱਕ ਹਾਰ ਕੇ ਹਾਲਤਾਂ ਨਾਲ ਸਮਝੌਤਾ ਕਰ ਲੈਂਦੀਆਂ ਹਨ। ਆਪਣੇ ਸੁਪਨੇ ਬੱਚਿਆਂ 'ਚ ਲੱਭਣ ਲੱਗਦੀਆਂ ਹਨ। ਕਈ ਵਾਰੀ ਗਰੀਬੀ ਤੇ ਅਸੁਰੱਖਿਅਤਾ ਏਨੀ ਵੱਧ ਹੁੰਦੀ ਹੈ ਕਿ ਉਹ ਨਰਕੀ ਜੀਵਨ 'ਚ ਵੀ ਖਾਮੋਸ਼ੀ ਦਾ ਦਰਦ ਸਹਿੰਦੀਆਂ ਹਨ। ਕੁਝ ਔਰਤਾਂ ਦਮ ਘੋਟੂ ਮਾਹੌਲ 'ਚ ਜਿਉਂ ਨਹੀਂ ਸਕਦੀਆਂ। ਉਹਨਾਂ ਦੇ ਸੁਪਨੇ ਵਾਰ ਵਾਰ ਟੁੱਟਦੇ ਹਨ। ਸੰਸਕਾਰ ਦਾ ਬੰਧਨ ਤੇ ਹਿੰਮਤ ਦੀ ਘਾਟ ਉਹਨਾਂ ਨੂੰ ਸਭ ਤੋੜਨ ਨਹੀਂ ਦਿੰਦੀ। ਨਿਰਾਸ਼ਤਾ 'ਚ ਉਹ ਆਪਣੀ ਜਿੰਦਗੀ ਤਕ ਖਤਮ ਕਰ ਲੈਂਦੀਆਂ ਹਨ। ਉਹਨਾਂ 'ਚੋਂ ਬਹੁਤ ਥੋੜੀਆਂ ਔਰਤਾਂ ਹੀ 'ਜਨਮ-ਜਮਾਂਤਰ' ਦੇ ਸਬੰਧਾਂ ਤੋਂ ਖੁਦ ਨੂੰ ਵੱਖ ਕਰ

ਲੈਂਦੀਆਂ ਹਨ। ਉਹਨਾਂ ਦੇ ਸੰਸਕਾਰ ਅਖੀਰ ਤਕ ਉਹਨਾਂ ਨੂੰ ਰੋਕਦੇ ਹਨ। ਉਹ ਵਾਰ ਵਾਰ ਘਰ 'ਚ ਆਪਣੀ ਮਾਨਵੀ ਸਥਿਤੀ ਦਰਜ ਕਰਵਾਉਂਦੀਆਂ ਹਨ, ਵਾਰ ਵਾਰ ਅਪਮਾਨਿਤ ਹੁੰਦੀਆਂ ਹਨ। ਅੰਤ ਨੂੰ ਉਹਨਾਂ ਦੀ ਚੇਤਨਾ ਜਿੱਤ ਜਾਂਦੀ ਹੈ। ਸਮਾਜ ਪਰਿਵਾਰ ਰਵਾਇਤਾਂ ਖਿਲਾਫ ਜਿਉਣ ਦੀ ਕੀਮਤ ਉਹਨਾਂ ਨੂੰ ਰੋਜ਼ਾਨਾ ਚੁਕਾਉਣੀ ਪੈਂਦੀ ਹੈ। ਇਹ ਪੀੜਾ ਇਕ ਖਾਸ ਦੌਰ ਦੀ ਹੈ। ਅੱਜ ਤੋਂ 50-60 ਸਾਲ ਪਹਿਲਾਂ ਆਪਸੀ ਵਿਆਹ ਦੀ ਹਾਲਤ ਅਜਿਹੀ ਨਹੀਂ ਸੀ ਪਰ ਉਹਨਾਂ ਕੋਲ ਨਾ ਕੋਈ ਸੁਪਨਾ ਸੀ। ਨਾ ਕੋਈ ਉਮੰਗ ਸੀ ਨਾ ਕੋਈ ਵਿਕਲਪ ਦਿਸਦਾ ਸੀ। ਵਿਆਹ ਬਾਰੇ ਸ਼ਾਇਦ ਹੀ ਕੋਈ ਸੁਆਲ ਉਠਦਾ ਹੋਵੇ। ਇਸ ਦਾ ਕਾਰਨ ਉਸ ਸਮੇਂ ਦੇ ਹਾਲਤ ਸਨ। ਖੇਤੀ ਅਧਾਰਤ ਅਰਥਚਾਰਾ ਤੇ ਸਮਾਜਕਿ ਵਿਵਸਥਾ ਸੀ। ਪਿੰਡ ਆਪਣੇ ਆਪ 'ਚ ਅਜ਼ਾਦ ਆਰਥਿਕ ਇਕਾਈਆਂ ਸਨ। ਕਿਧਰੇ ਆਉਣਾ ਜਾਣਾ ਜਾਂ ਲੜਕੀਆਂ ਦੀ ਪੜਾਈ ਨਾਂਹ ਦੇ ਬਰਾਬਰ ਸੀ। ਔਰਤਾਂ ਖੁਦ ਨੂੰ ਭੋਗਣ ਯੋਗ ਵਸਤੂ ਸਮਝ ਕੇ ਜਿਉਂਦੀਆਂ ਸਨ। ਮਰਦ ਵੀ ਅਜਿਹਾ ਹੀ ਸੋਚਦੇ ਸਨ। ਸਮਾਜ 'ਚ ਊਚ-ਨੀਚ ਦਾ ਵਟਵਾਰਾ, ਅਤੇ ਪ੍ਰਧਾਨਤਾ, ਜਾਤ-ਪਾਤ ਦੇ ਨਾ ਬਰਾਬਰੀ ਸਭ ਕੁਝ ਸਰਗਰਮ ਸੀ। ਇਹ ਯੁੱਗ ਔਰਤ ਮਰਦ ਦੋਹਾਂ ਲਈ ਅੰਧਕਾਰ ਯੁੱਗ ਸੀ। ਔਰਤ ਆਪਣਾ ਵਜੂਦ ਭੁੱਲ ਚੁੱਕੀ ਸੀ। ਔਰਤ ਨੂੰ ਬਚਪਨ 'ਚ ਜਵਾਨੀ ਤੇ ਬੁਢਾਪੇ 'ਚ ਆਪਣੇ ਘਰ 'ਚ ਹੀ ਕੋਈ ਕੰਮ ਕਰਨਾ ਚਾਹੀਦਾ ਹੈ। ਇਹੋ ਮੰਨੂ ਸਮਰਿਤੀ ਸੀ। ਇਸ ਕਾਲ 'ਚ ਔਰਤ ਦੇ ਦਿਲੋ-ਦਿਮਾਗ ਤੇ ਅਜਿਹੇ ਸੰਸਕਾਰ ਘਰ ਕਰ ਚੁੱਕੇ ਸਨ। ਉਹ ਆਪਣੇ ਆਪ ਨੂੰ ਇਨਸਾਨ ਨਹੀਂ ਸਮਝਦੀਆਂ ਸਨ। ਅਜਿਹੀ ਹਾਲਤ 'ਚ ਸ਼ਾਦੀ ਵਿਆਹ ਦੇ ਫੈਸਲੇ ਦੀ ਗੱਲ ਤਾਂ ਤੂਰ ਰਹੀ। ਸਦਾਚਾਰ ਤੋਂ ਹੀਣ ਪਰ ਔਰਤ ਲਈ ਦੇਵਤਾ ਵਿਦਿਆ ਤੋਂ ਵਾਂਝਾ ਪਤੀ ਵੀ ਔਰਤ ਲਈ ਦੇਵਤਾ ਅਨੁਸਾਰ ਪੂਜਣਯੋਗ ਹੁੰਦਾ ਸੀ। ਇਹਨਾਂ ਸਾਰੇ ਨਿਰਦੇਸ਼ਾਂ ਦਾ ਹੀ ਸਿੱਟਾ ਸੀ ਕਿ ਔਰਤ ਪਸ਼ੂਆਂ ਵਾਗੂੰ ਮਾਰੀ ਕੁੱਟੀ ਜਾਂਦੀ ਸੀ ਪਰ ਉਫ ਤਕ ਨਹੀਂ ਕਹਿੰਦੀ ਸੀ। ਹਿੰਦੂ ਵਿਆਹ ਦੀ ਸਾਰਥਕਤਾ ਬਸ ਵਾਰਸ (ਪੁਤਰ) ਪੈਦਾ ਕਰਨ ਤਕ ਹੀ ਹੋ ਚੁੱਕੀ ਸੀ। ਇਹ ਜੀਵਨ ਭਰ ਇੱਛਾ ਉਮੰਗ ਰਹਿਤ ਜੀਵਨ ਬਤੀਤ ਕਰਦੀ ਸੀ। ਰਵਾਇਤੀ ਵਿਆਹ ਦੇ ਬੰਧਨ ਵਿੱਚ ਔਰਤ ਸੈਂਕੜੇ ਸਾਲਾਂ ਤੋਂ ਜਿਉਂਦੀ ਆ ਰਹੀ ਹੈ। ਅੱਜ ਉਹਨਾਂ 'ਚ ਘੁਟਨ, ਛਟਪਟਾਹਟ ਕਿਉਂ? ਅੱਜ ਕੀ ਬਦਲਿਆ ਹੈ? ਇਹ ਜਾਨਣਾ ਬੇਹੱਦ ਜ਼ਰੂਰੀ ਹੈ। ਇਸ ਪ੍ਰਸ਼ਨ ਦਾ ਜੁਆਬ ਹਨ ਅੱਜ ਦੀਆਂ ਭੌਤਿਕ ਹਾਲਤਾਂ।

ਜਮੀਨੀ ਹਕੀਕਤ 'ਚ ਬਦਲਾਅ। ਅੱਜ ਸਾਰੇ ਪਾਸੇ ਹਲਚਲ ਹੈ। ਦੇਸ਼ ਵਿਦੇਸ਼ ਤੋਂ ਵਪਾਰ ਹੋ ਰਿਹਾ ਹੈ। ਸਨਅਤੀ ਮੰਦੇ ਲੱਗੇ ਹਨ। ਨਵੇਂ ਮੁੱਲਾਂ ਦਾ ਆਗਮਨ ਹੋ ਰਿਹਾ ਹੈ। ਗੁਲਾਮੀ ਬੁਰੀ ਚੀਜ਼ ਹੈ। ਇਹ ਵਿਚਾਰ ਸਮਾਜ ਦੇ ਹਰ ਹਿੱਸੇ ਵਿੱਚ ਆਇਆ ਹੈ। ਇਸ ਤਬਦੀਲੀ ਦਾ ਸਿੱਟਾ ਹੈ ਔਰਤਾਂ ਦੇ ਸੁਪਨੇ। ਉਹਨਾਂ 'ਚ ਖੁਦ ਨੂੰ ਇਨਸਾਨ ਸਮਝਣ ਦੀ ਚਾਹਤ। ਪਹਿਲਾਂ ਲੜਕੀਆਂ ਪੜ੍ਹਦੀਆਂ ਲਿਖਦੀਆਂ ਨਹੀਂ ਸਨ। ਆਪਣੀ ਰੋਟੀ ਰੋਜ਼ੀ ਲਈ ਪਰਾਏ ਹੱਥਾਂ 'ਤੇ ਨਿਰਭਰ ਸਨ। ਮਰਦ ਕਮਾਉਂਦਾ ਸੀ ਤੇ ਉਹ ਹੀ ਸਵਾਮੀ ਜਾਂ ਮਾਲਕ ਸੀ। ਅੱਜ ਲੜਕੀਆਂ ਵੀ ਆਤਮ ਨਿਰਭਰ ਹੋਣ ਲੱਗੀਆਂ ਹਨ। ਉਹ ਜਾਨਣ ਲੱਗੀਆਂ ਹਨ ਕਿ ਉਹਨਾਂ ਨੂੰ ਵੀ ਅਪਣੇ ਢੰਗ ਨਾਲ ਜਿਉਣ ਦਾ ਹੱਕ ਹੈ। ਟੀ. ਵੀ. ਪ੍ਰਤੀ-ਪ੍ਰਤਿਕਾਵਾਂ ਨੇ ਵੀ ਆਪਣਾ ਰੋਲ ਅਦਾ ਕੀਤਾ ਹੈ। ਉਸ

'ਚ ਕੁਝ ਹੱਦ ਤਕ ਮੁਕਤੀ ਦੀ ਚਾਹਤ ਪੈਦਾ ਹੋਈ ਹੈ। ਅਜਿਹੀ ਹਾਲਤ 'ਚ ਵਿਆਹ ਦਾ ਪੁਰਾਣਾ ਰਿਵਾਜ ਕਸ਼ਟ ਹੀ ਦੇਵੇਗਾ। ਔਰਤ ਦੇ ਸੁਪਨੇ ਇੱਛਾਵਾਂ ਉਸ ਨੂੰ ਇਕ ਸੰਜਮ 'ਚ ਜਿਉਣ ਨਹੀਂ ਦਿੰਦੀਆਂ। ਸੁਆਲ ਉਠਦਾ ਹੈ ਕਿ ਅੱਜ ਜਦੋਂ ਕਿ ਕੁਝ ਭੌਤਿਕ ਹਾਲਾਤ ਬਦਲੇ ਹਨ ਤਾਂ ਔਰਤ ਮਰਦ ਸਵੈ ਇੱਛਾ ਨਾਲ ਵਿਆਹ ਦਾ ਫੈਸਲਾ ਕਿਉਂਕਿ ਨਹੀਂ ਕਰਦੇ? ਔਰਤਾਂ ਕਿਉਂ ਤਰਾਸਦੀ ਝਲਦੀਆਂ ਹਨ? ਇਹ ਸੁਆਲ ਹੋਰ ਵੀ ਗਹਿਰਾਈ 'ਚ ਜਾਣ ਦੀ ਮੰਗ ਕਰਦਾ ਹੈ। ਸਾਡਾ ਦੇਸ਼ ਅਜੇ ਵੀ ਕਾਫੀ ਹੱਦ ਤਕ ਜਾਤੀ, ਲਿੰਗ ਤੇ ਖੇਤਰੀ ਭੇਦਭਾਵ 'ਚ ਵੰਡਿਆ ਹੋਇਆ ਹੈ। ਇਸ ਸਮਾਜਿਕ ਵਿਵਸਥਾ 'ਚ ਔਰਤ ਮਰਦ 'ਚ ਕੋਈ ਮੇਲ ਜੋਲ ਨਹੀਂ ਹੈ। ਜਾਤਾਂ ਹਨ ਉਹਨਾਂ ਨੂੰ ਅਜੇ ਵੀ ਇਕ ਦੂਜੇ ਦੇ ਘਰੇ ਖਾਣ ਪੀਣ ਤੋਂ ਪ੍ਰਹੇਜ ਹੈ। ਵਿਆਹ ਤਾਂ ਸੰਭਵ ਹੀ ਨਹੀਂ। ਵੱਖ-ਵੱਖ ਧਰਮਾ ਨੂੰ ਮੰਨਣ ਵਾਲੇ ਲੋਕ ਹਨ। ਉਹਨਾਂ ਦੀ ਦੁਨੀਆਂ ਵੱਖ-ਵੱਖ ਹੈ। ਅਜੇ ਇਹ ਸਭ ਕੁਝ ਕਾਫੀ ਹੱਦ ਤਕ ਬਰਕਰਾਰ ਹੈ। ਸੁਤੰਤਰ ਇਨਸਾਨ ਹੋਣ ਲਈ ਪੈਰ ਪੈਰ 'ਤੇ ਅੜਿਕੇ ਹਨ। ਕਈ ਸਾਰੇ ਬਦਾਲਅ ਸਮਾਜ 'ਚ ਮਜਬੂਰੀ ਕਾਰਨ ਹੋਏ ਹਨ। ਲੜਕੀਆਂ ਨੂੰ ਸਿੱਖਿਆ ਇਸ ਲਈ ਨਹੀਂ ਦਿੱਤੀ ਜਾਂਦੀ ਕਿ ਪੜ ਲਿਖ ਕੇ ਸੁਤੰਤਰ ਇਨਸਾਨ ਬਣਨ। ਪੜ੍ਹਾਈ ਇਸ ਲਈ ਕਰਵਾਈ ਜਾਂਦੀ ਹੈ ਕਿ ਵਿਆਹ ਸਮੇਂ ਲੋਕ ਪੜੀਆਂ ਲਿਖੀਆਂ ਲੜਕੀਆਂ ਦੀ ਮੰਗ ਕਰਦੇ ਹਨ। ਇਸ ਤਰ੍ਹਾਂ ਅਣ ਜਾਣੇ ਹੀ ਮਾਂ-ਬਾਪ ਲੜਕੀ ਨੂੰ ਨਵੇਂ ਮੁੱਲ ਦੇ ਦਿੱਤੇ ਹਨ। ਜਦ ਕਿ ਅੰਦਰੋਂ ਉਹ ਪੁਰਾਣੀ ਦੁਨੀਆਂ ਨੂੰ ਹੀ ਬਚਾ ਕੇ ਰੱਖਣਾ ਚਾਹੁੰਦੇ ਹਨ। ਇਨੇ ਗੁੰਝਲਦਾਰ ਸਮਾਜ 'ਚ ਜਲਦੀ ਕੋਈ ਅਜ਼ਾਦ ਫੈਸਲਾ ਲੈਣ ਦੀ ਹਿੰਮਤ ਨਹੀਂ ਕਰਦਾ। ਊਚ-ਨੀਚ, ਭਿੰਨਤਾ ਪਿਛੜੇ ਤੇ ਨਵੇਂ ਮੁੱਲਾਂ ਦੀ ਟਕਰਾਅ ਅਤੇ ਅਣਗਿਣਤ ਮਜਬੂਰੀਆਂ ਇਹੀ ਸਮਾਜ ਦੀ ਪੀੜਾ ਹਨ। ਔਰਤਾਂ ਨੂੰ ਉਹਨਾਂ ਦੀਆਂ ਇਲਾਵਾ ਪੁਰਾਣੀ ਦੁਨੀਆਂ 'ਚ ਜਿਉਣ ਨਹੀਂ ਦਿੰਦੀਆਂ, ਉਸ ਦੇ ਸੰਸਕਾਰ ਹੌਸਲਾ ਨਹੀਂ ਦਿੰਦੇ। ਜਾਤੀ ਧਰਮ, ਕਟੜਤਾ, ਔਰਤ ਮਰਦ 'ਚ ਵਖਰੇਵਾ ਔਰਤ ਦੀ ਮਾਨਸਿਕ ਆਰਥਿਕ ਭੌਤਿਕ ਨਿਰਭਰਤਾ ਖਤਮ ਹੋਏ ਬਗੈਰ ਆਜ਼ਾਦ ਚੋਣ ਸੰਭਵ ਨਹੀਂ। ਕਾਨੂੰਨ ਬਣਾਉਣ ਨਾਲ ਇਸ ਦਾ ਨਿਪਟਾਰਾ ਨਹੀਂ ਹੋਣ ਵਾਲਾ। ਇਹ ਸਮੱਸਿਆ ਪੂਰੇ ਸਮਾਜ ਦੇ ਬਦਲਾਅ ਦੀ ਮੰਗ ਕਰਦੀ ਹੈ। ਪੁਰਸ਼ ਪ੍ਰਧਾਨਤਾ ਔਰਤ ਦੀ ਅਧੀਨਗੀ ਨੂੰ ਖਤਮ ਕਰਕੇ ਹੀ ਨਿਰੋਏ ਸਬੰਧਾਂ ਦੀ ਬੁਨਿਆਦ ਰੱਖੀ ਜਾ ਸਕਦੀ ਹੈ।

# ਵਿਰਾਸਤ ਬਨਾਮ ਉੱਤਰਾਧਿਕਾਰ

ਕੌਮਾਂਤਰੀ ਕਿਰਤ ਸੰਗਠਨ (ਸੰਯੁਕਤ ਰਾਸ਼ਟਰ ਸੰਘ) ਦੀ ਇਕ ਰਿਪੋਟ ਅਨੁਸਾਰ 'ਮਰਦਾਂ ਬਰਾਬਰ ਆਰਥਿਕ ਤੇ ਰਾਜਸੀ ਸੱਤਾ ਹਾਸਲ ਕਰਨ 'ਚ ਔਰਤਾਂ ਨੂੰ ਅਜਿਹੇ ਹਜ਼ਾਰਾਂ ਸਾਲ ਲੱਗਣਗੇ। ਕਿਉਂਕਿ ਦੁਨੀਆਂ ਦੇ 98 ਫੀਸਦੀ 'ਪੂੰਜੀ' 'ਤੇ ਮਰਦਾਂ ਦਾ ਕਬਜਾ ਹੈ।' ਹੁਣ ਤਕ ਇਹ ਪੂੰਜੀ ਪੀੜ੍ਹੀ ਦਰ ਪੀੜ੍ਹੀ ਮਰਦਾਂ ਨੂੰ ਉਤਰਾਧਿਕਾਰ 'ਚ ਮਿਲਦੀ ਰਹੇਗੀ। ਉਤਰਾਧਿਕਾਰੀ ਨਹੀਂ ਹੋਵੇਗਾ ਤਾਂ ਸਾਰੀ ਸਮੰਤੀ ਸਰਕਾਰ ਜਬਤ ਕਰ ਲਵੇਗੀ। ਦਰਅਸਲ, ਉਤਰਾਧਿਕਾਰ ਦਾ ਸੁਆਲ ਤਾਂ ਹੀ ਮਹੱਤਵਪੂਰਨ ਹੈ ਜੇ ਵਿਅਕਤੀ ਦੀ ਮੌਤ ਬਿਨਾ ਕਿਸੇ ਵਸੀਅਤ ਕੀਤਿਆਂ ਹੋ ਗਈ ਹੋਵੇ। ਉਤਰਾਧਿਕਾਰੀ ਕਨੂੰਨਾਂ 'ਚ ਖੇਤੀ ਭੂਮੀ ਸ਼ਾਮਲ ਨਹੀਂ ਹੈ, ਖੇਤੀ ਭੂਮੀ ਵਿੱਚ ਮਰਦ ਉਤਰਾਧਿਕਾਰੀ ਨਾ ਹੋਣ ਤਾਂ ਖੇਤੀ ਭੂਮੀ ਵਿਚ ਵਿਧਵਾ ਔਰਤਾਂ ਉਤਰਾਧਿਕਾਰੀ ਹੋ ਸਕਦੀਆਂ ਹਨ। ਅਣਵਿਆਹੀ ਭੈਣ, ਬੇਟੀ ਦਾ ਨੰਬਰ ਸਭ ਤੋਂ ਆਖਰ 'ਚ ਆਵੇਗਾ। ਪਰ ਵਿਆਹੀਆਂ ਬੇਟੀਆਂ, ਭੈਣਾਂ ਦੀ ਇਸ 'ਚ ਕੋਈ ਦਖਲ ਅੰਦਾਜ਼ੀ ਨਹੀਂ ਹੋ ਸਕਦੀ ਹੈ। ਪੁੱਤਰ-ਧੀ ਦੀ ਪਰਿਭਾਸ਼ਾ 'ਚ ਮਤੇਰ ਪੁੱਤਰ ਧੀਆਂ ਵੀ ਸ਼ਾਮਲ ਨਹੀਂ ਹਨ। ਜੇ ਕੋਈ ਵਿਧਵਾ ਜਾਂ ਤਲਾਕ ਸੁਧਾ ਦੁਬਾਰਾ ਵਿਆਹ ਕਰੇ ਤਾਂ ਪਹਿਲੇ ਵਿਆਹ ਤੋਂ ਹੋਏ ਬੱਚਿਆਂ ਨੂੰ ਮਤੇਰ ਪਿਤਾ ਦੀ ਜਾਇਦਾਦ 'ਚ ਉਤਰਾਧਿਕਾਰ ਦਾ ਕੋਈ ਹੱਕ ਨਹੀਂ ਹੈ। ਜਦ ਕਿ ਦੂਜੀ ਪਤਨੀ ਉਤਰਾਧਿਕਾਰੀ ਹੋਵੇਗੀ। ਵਿਆਹ ਤੋਂ ਪਹਿਲਾਂ ਅਣ ਵਿਆਹੀ ਔਰਤ ਵਲੋਂ ਗੋਦ ਲਿਆ ਬੱਚਾ ਵੀ ਮਤੇਰ ਹੀ ਮੰਨਿਆ ਜਾਵੇਗਾ। ਯਾਨੀ ਮਰਦ ਦੀ ਜਾਇਦਾਦ 'ਤੇ ਉਸਦੇ ਬੱਚਿਆਂ ਦਾ ਹੀ ਹੱਲ ਹੋਵੇਗਾ। ਪਰਾਏ ਮਰਦ ਦੇ ਬੱਚਿਆਂ ਦਾ ਨਹੀਂ। ਬੱਚਿਆਂ ਵਿਚੋਂ ਵੀ ਸਿਰਫ ਪੁੱਤ ਦਾ ਧੀ ਦਾ ਨਹੀਂ। ਵਿਆਹ ਸੰਸਥਾ ਦਾ ਹੋਰ ਕੋਈ ਵਿਕਲਪ ਨਹੀਂ ਇਸ ਲਈ ਮਰਦ ਇਹ ਮੰਨ ਕੇ ਚਲਦੇ ਹਨ ਕਿ ਉਹਨਾਂ ਦਾ ਨਾਂ ਪਰਿਵਾਰ, ਵਪਾਰ, ਖੇਤੀ, ਜਮੀਨ, ਜਾਇਦਾਦ ਤੇ ਪੂੰਜੀ ਦੇ ਅਸਲੀ ਕਾਨੂੰਨੀ ਉਤਰਾਧਿਕਾਰੀ ਬੇਟੇ ਹੀ ਹੋਣਗੇ ਕਿਉਂਕਿ ਬੇਟੀਆਂ ਤਾਂ 'ਪਰਾਇਆ ਧਨ' ਹੁੰਦੀਆਂ ਹਨ ਅਤੇ 'ਕੰਨਿਆ ਦਾਨ' ਪਿੱਛੋਂ ਉਹ 'ਦਾਜ' ਲੈ ਕੇ ਸਹੁਰੇ ਚਲੀ ਜਾਂਦੀ ਹੈ। ਐਸੀ 'ਪਰਾਇਆ ਧਨ' ਨਾਂ ਹੋਵੇ ਤਾਂ ਅੱਛਾ ਖਵਾਉਣਾ, ਪਿਆਉਣਾ, ਪੜ੍ਹਨਾ ਵਿਆਹੁਣਾ ਪਵੇਗਾ। ਪਹਿਲਾਂ ਜੰਮਦਿਆਂ ਹੀ ਗਲ ਘੁੱਟ ਦਿੱਤਾ ਜਾਂਦਾ ਸੀ। ਹੁਣ ਟੈਸਟ ਕਰਵਾ ਕੇ ਗਰਭਪਤ ਕਰਵਾ ਲਵੋ। ਕੋਈ ਝਮੇਲਾ ਹੀ ਨਹੀਂ ਹੈ। ਬੇਟੀ ਪੈਦਾ ਵੀ ਹੋ ਜਾਵੇ ਤਾਂ ਜਿੰਨਾ ਜਲਦੀ ਹੋ ਸਕੇ ਵਿਆਹੋ ਤੇ ਛੁੱਟੀ ਪਾਓ ਕੌਣ ਕਰੇ 'ਪਰਾਏ ਧਨ' ਦੀ ਰਖਵਾਲੀ। ਅਜਿਹੇ ਵਿੱਚ ਬੇਟੀਆਂ ਨੂੰ ਪਿਤਾ ਤੋਂ ਵਿਰਾਸਤ 'ਚ ਆਉਣ ਦਾ ਸੁਪਨਾ ਵੇਖ ਸਕਦੀ ਹੈ? ਬੇਟੀ ਪੈਦਾ ਹੀ ਨਾ ਹੋਵੇ ਤਾਂ ਬੇਟੀਆਂ ਵਾਰਿਸ਼ ਹੋਣ ਦਾ ਸੁਪਨਾ ਵੇਖ ਸਕਦੀਆਂ ਹਨ ਪਰ ਅਜਿਹੇ 'ਚ ਅਕਸਰ ਪਿਤਾ (ਖਾਸ ਕਰਕੇ ਹਿੰਦੂ) 'ਵਿਵੇਕ' ਨੂੰ ਗੋਦ ਲੈਣਾ ਨਹੀਂ ਭੁੱਲਦਾ। ਹਿੰਦੂਆਂ 'ਚ ਪੁੱਤਰ ਗੋਦ ਲੈਣ ਦਾ ਸਾਰਾ ਵਿਧੀ ਵਿਧਾਨ ਪੂੰਜੀ 'ਤੇ ਪੁੱਤਰ ਅਧਿਕਾਰ ਬਣਾਈ ਰੱਖਣ ਲਈ ਹੀ ਘੜਿਆ ਗਿਆ ਹੈ। ਧਾਰਮਿਕ ਅਧਿਆਤਮਕ ਦਰਸ਼ਨ ਅਤੇ ਉਪਦੇਸ਼ ਸਿਰਫ ਮੁਖੌਟਾ ਹਨ ਜਾਂ ਫਿਰ ਪੂੰਜੀ ਪਾਖੰਡ 1956 ਤੋਂ ਪਹਿਲਾਂ ਹਿੰਦੂ ਕਾਨੂੰਨ 'ਚ ਸਿਰਫ ਪੁੱਤਰ ਦੀ ਗੋਦ ਲੈਣ ਦੀ

ਵਿਵਸਥਾ ਸੀ। ਹੁਣ ਪੁੱਤਰ ਜਾਂ ਪੁੱਤਰੀ ਦੋਨੋਂ ਗੋਦ ਲਏ ਜਾ ਸਕਦੇ ਹਨ। ਪਰ ਕਿੰਨੇ ਲੋਕ ਹਨ ਜੋ ਬੇਟਾ ਛੱਡ ਬੇਟੀ ਗੋਦ ਲੈਣ ਦੀ ਜੁਅਰਤ ਕਰਨਗੇ। ਹਿੰਦੂ ਤਾਕਤਾਂ ਦੇ ਭਰਣ-ਪੋਸ਼ਣ ਕਨੂੰਨ 1956 ਦੀ ਧਾਰਾ 7 ਅਨੁਸਾਰ ਬੇਟਾ ਜਾਂ ਬੇਟੀ ਗੋਦ ਲੈਣ ਦਾ ਅਧਿਕਾਰ ਦਿੱਤਾ ਗਿਆ ਹੈ। ਪਰ ਹਿੰਦੂ ਸੁਰੱਖਿਆ ਨਿਯਮ 1956 ਦੀ ਧਾਰਾ 6 ਵਿਚ ਵਿਵਸਥਾ ਕੀਤੀ ਗਈ ਹੈ ਕਿ ਬੇਟਾ ਗੋਦ ਲੈਣ 'ਤੇ ਹੀ ਬੇਟੇ ਦੀ ਕੁਦਰਤੀ ਸੁਰੱਖਿਆ ਦਾ ਹੱਕ ਗੋਦ ਲੈਣ ਵਾਲੇ ਪਿਤਾ ਨੂੰ ਮਿਲੇਗਾ। ਬੇਟੀ ਗੋਦ ਲੈਣ ਸਬੰਧੀ ਕਨੂੰਨ ਚੁੱਪ ਹੈ। ਵਰਨਣਯੋਗ ਹੈ ਕਿ ਦੋਨੋਂ ਕਨੂੰਨ 1956 'ਚ ਹੀ ਬਣਾਏ ਗਏ ਸਨ। ਵਿਧੀ ਕਮਿਸ਼ਨ ਨੇ 1990 'ਚ ਇਸ ਵਿਵਸਥਾ 'ਚ ਸੋਧ ਕਰਨ ਦਾ ਸੁਝਾਅ ਵੀ ਦਿੱਤਾ ਸੀ ਪਰ ਹੁਣ ਤਕ ਸੋਧ 'ਤੇ 'ਵਿਚਾਰ ਤਕ' ਨਹੀਂ ਕੀਤਾ ਗਿਆ ਹੈ। ਸੁਰੱਖਿਅਤਾ ਕਨੂੰਨ ਅਨੁਸਾਰ ਪਿਤਾ ਬੱਚਿਆਂ ਦਾ ਰਖਿਅਕ ਹੈ। ਪਿਤਾ ਦੇ ਮਰਨ ਪਿਛੋਂ ਹੀ ਮਾਂ ਦਾ ਨੰਬਰ ਆਵੇਗਾ। ਇਸ ਕਨੂੰਨ ਦੀ ਸਭ ਤੋਂ ਹਾਸੋਹੀਣੀ ਵਿਵਸਥਾ ਇਹ ਹੈ ਕਿ ਪਤੀ ਆਪਣੀ ਪਤਨੀ ਦਾ ਕੁਦਰਤੀ ਰਾਖਾ ਹੈ। ਭਾਵੇਂ ਹੀ ਦੋਨੋਂ ਨਬਾਲਗ ਹੋਣਾ ਕਿਉਂਕਿ ਸਾਰੇ ਕਾਨੂੰਨਾ ਦੇ ਬਾਵਜੂਦ ਬੱਚਿਆਂ ਦਾ ਵਿਆਹ ਗੈਰ ਕਾਨੂੰਨੀ ਨਜਾਇਜ ਜਾਂ ਰੱਦ ਨਹੀਂ ਮੰਨਿਆ ਜਾਂਦਾ।

ਸਾਂਝੇ ਹਿੰਦੂ ਪਰਿਵਾਰਾਂ 'ਚ ਜਾਇਦਾਦ ਦੀ ਮਾਲਕੀ ਸਿਰਫ ਮਰਦ ਦੇ ਨਾਂ। ਬਟਵਾਰਾ ਕਰਾਉਣ ਦਾ ਅਧਿਕਾਰ ਸਿਰਫ ਮਰਦਾਂ ਨੂੰ। ਬੇਟਾ ਗਰਭ 'ਚ ਆਉਂਦਿਆਂ ਹੀ ਜਾਇਦਾਦ ਦਾ ਹੱਕਦਾਰ ਤੇ ਬੇਟੀਆਂ ਭਰੂਣ ਹੱਤਿਆ ਦਾ ਸ਼ਿਕਾਰ। ਆਪਣੇ ਹਿੱਸੇ ਦੀ ਵਸੀਅਤ ਕਰਨ ਦਾ ਕੋਈ ਹੱਕ ਨਹੀਂ। ਵੈਸੇ ਰਾਈਟ ਟੂ ਪ੍ਰਾਪਰਟੀ ਐਕਟ 1937 ਤੋਂ ਪਹਿਲਾਂ ਹਿੰਦੂ ਵਿਧਵਾਵਾਂ ਨੂੰ ਸਾਂਝੇ ਪਰਿਵਾਰ 'ਚ ਗੁਜਾਰੇ ਤੋਂ ਇਲਾਵਾ ਕੁਝ ਮਿਲਦਾ ਹੀ ਨਹੀਂ ਸੀ। 1937 ਦੇ ਬਣੇ ਕਨੂੰਨ 'ਚ ਵੀ ਜਾਇਦਾਦ 'ਚ ਉਹਨਾਂ ਨੂੰ ਸਿਰਫ ਸੀਮਤ ਹੱਕ ਹੀ ਦਿੱਤਾ ਗਿਆ। ਮਾਲਕੀ ਨਹੀਂ। ਮਰਨ ਜਾਂ ਦੁਬਾਰਾ ਵਿਆਹ ਕਰਾਉਣ ਦੀ ਸਥਿਤੀ ਵਿੱਚ ਜਾਇਦਾਦਾ ਵਾਪਸ ਮਰਦ ਵਾਰਿਸਾਂ ਦੇ ਹੱਥ ਆ ਜਾਂਦੀ ਸੀ। 1941 'ਚ ਹਿੰਦੂ ਕੋਡ ਬਿਲ ਬਣਾਉਣ ਲਈ ਰਾਓ ਹਿੰਦੂ ਕਾਨੂੰਨੀ ਕਮੇਟੀ ਬਣਾਈ ਗਈ ਜਿਸ ਨੇ ਆਪਣੀ ਰਿਪੋਰਟ 1944 'ਚ ਕੁਝ ਸੋਧਾਂ ਦ ਨਾਲ ਇਹ ਬਿਲ ਪਰਿਵਾਰ ਸੰਮਤੀ ਨੂੰ ਸੌਂਪਿਆ ਗਿਆ। ਜਿਸ ਦੇ ਮੁੱਖ ਕਨੂੰਨ ਮੰਤਰੀ ਭੀਮਰਾਓ ਅੰਬੇਦਕਰ ਸਨ। ਇਸ ਬਿਲੇ 'ਤੇ ਬਹਿਸ ਦੌਰਾਨ ਕੌਮੀ ਆਗੂਆਂ ਨੇ ਕਿਹਾ ਕਿ ਇਸ ਨਾਲ ਤਾਂ ਹਿੰਦੂ ਸਮਾਜ ਦਾ 'ਮੁੱਲ ਢਾਂਚਾ' ਹੀ ਢਹਿ ਜਾਵੇਗਾ। ਇਕ ਥੰਮ ਦੀ ਨਹੀਂ ਬਲਕਿ ਸਾਰੇ ਧਮਾ ਦੀ ਨੀਂਹ ਜਿਨ੍ਹਾਂ 'ਤੇ ਹਿੰਦੂ ਸਮਾਜ ਖੜ੍ਹਾ ਹੈ। ਹਿੱਲ ਜਾਵੇਗੀ। ਆਲ ਹਿੰਦੂ ਵੂਮੈਨਜ਼ ਕਾਨਫਰੰਸ ਤਕ ਨੇ ਇਸ ਬਿਲ ਦਾ ਖੁੱਲ੍ਹ ਕੇ ਵਿਰੋਧ ਕੀਤਾ। ਕੱਟੜਪੱਥੀ ਹਿੰਦੂ ਨੇਤਾਵਾਂ 'ਤੇ ਬਹੁ-ਤਰਫੇ ਦਬਾਅ ਕਾਰਨ ਸਰਕਾਰ ਨੂੰ ਇਹ ਬਿੱਲ ਛੱਡਣਾ ਪਿਆ। ਵਿਰੋਧ 'ਚ ਨਿਰਾਸ਼ ਹੋ ਕੇ ਅਸਤੀਫਾ ਹੀ ਦੇ ਦਿੱਤਾ। ਕਾਫੀ ਪਿੱਛੋਂ (1956) ਜਾ ਕੇ ਚਾਰ ਹਿੱਸਿਆਂ 'ਚ ਜੋ ਹਿੰਦੂ ਕਾਨੂੰਨ ਵਿਆਹ ਉਤਰਾਧਿਕਾਰ ਦਤਕਤਾ ਤੇ ਪਾਲਣ ਪੋਸ਼ਣ, ਸੁਰੱਖਿਅਤਾ ਕਾਨੂੰਨ ਬਣ ਗਏ ਉਹ ਏਨੇ ਅੱਧੇ ਅਧੂਰੇ ਅੰਤਰ ਵਿਰੋਧੀ ਤੇ ਕਨੂੰਨੀ ਚੋਰ ਮੋਰੀਆਂ ਨਾਲ ਭਰੇ ਹੋਏ ਸਨ ਕਿ ਅਸਲ 'ਚ ਔਰਤ ਨੂੰ ਅਧਿਕਾਰ ਦੇ ਨਾਂ 'ਤੇ ਸਹੀ ਮਾਅਨਿਆਂ 'ਚ ਕੁਝ ਨਹੀਂ ਮਿਲ ਸਕਿਆ। 1956 'ਚ ਪਹਿਲਾਂ ਤਾਂ ਬੇਟੀਆਂ ਨੂੰ ਸਾਂਝੇ ਪਰਿਵਾਰ ਦੀ ਜਾਇਦਾਦ 'ਚ ਕੋਈ ਹੱਕ ਨਹੀਂ ਸੀ। 1956 'ਚ ਬਣੇ ਵਿਰਾਸਤੀ ਕਨੂੰਨ

'ਚ ਵਿਵਸਥਾ ਕੀਤੀ ਗਈ ਹੈ ਕਿ ਜੇ ਕਿਸੇ ਹਿੰਦੂ ਵਿਅਕਤੀ ਦਾ ਸਾਂਝੇ ਪਰਿਵਾਰ ਦੀ ਜਾਇਦਾਦ ਵੀ ਹਿੱਸਾ ਹੈ ਅਤੇ ਉਸ ਦੇ ਉਤਰਾਧਿਕਾਰੀਆਂ 'ਚ ਬੇਟੀ ਵਿਧਵਾ ਮਾਂ ਵਗੈਰਾ ਔਰਤਾਂ ਵੀ ਸ਼ਾਮਲ ਹਨ ਤਾਂ ਉਹਨਾਂ ਨੂੰ ਵੀ ਹਿੱਸਾ ਮਿਲ ਸਕਦਾ ਹੈ। ਵੰਡਵਾ ਨਹੀਂ ਸਕਦੀ। (ਜੇ ਮਰਦ ਨਾ ਚਾਹੇ ਤਾਂ) ਬੇਟੀਆਂ 'ਚ ਵਿਆਹੀ ਬੇਟੀ ਸ਼ਾਮਲ ਨਹੀਂ ਹੈ। ਅਜਿਹੀ ਹਾਲਤ 'ਚ ਮ੍ਰਿਤਕ ਵਿਅਕਤੀ ਦੇ ਹਿੱਸੇ ਜੋ ਜਾਇਦਾਦ ਆਉਂਦੀ (ਜੇ ਵੰਡ ਮੌਤ ਤੋਂ ਪਹਿਲਾਂ ਹੋ ਜਾਂਦੀ) ਹੈ ਉਹ ਸਾਰੇ (ਔਰਤ ਮਰਦ) ਉਤਰਾਧਿਕਾਰੀਆਂ 'ਚ ਬਰਾਬਰ ਵੰਡੀ ਜਾਵੇਗੀ। ਬਸ਼ਰਤੇ ਕਿ ਆਪਣੇ ਹਿੱਸੇ ਬਾਰੇ ਮ੍ਰਿਤਕ ਨੇ ਕੋਈ ਵਸੀਅਤ ਨਾ ਕੀਤੀ ਹੋਵੇ। ਜੇ ਕਿਸੇ ਵਿਅਕਤੀ ਦੇ ਤਿੰਨ ਬੇਟੇ ਦੋ ਬੇਟੀਆਂ ਹਨ ਤਾਂ ਇਹ ਮੰਨਿਆ ਜਾਵੇਗਾ ਕਿ ਜੇ ਮੌਤ ਤੋਂ ਪਹਿਲਾਂ ਬਟਵਾਰਾ ਹੁੰਦਾ ਹੈ ਤਾਂ ਪਿਤਾ ਦੇ ਹਿੱਸੇ 'ਚ ਇਕ ਚੌਥਾਈ ਜਾਇਦਾਦ ਆਉਂਦੀ ਇਕ ਇਕ ਚੌਥਾਈ ਹਿੱਸਾ ਨੂੰ ਤਿੰਨ ਬੇਟੇ ਦੋ ਬੇਟੀਆਂ ਨੂੰ ਬਰਾਬਰ ਬਰਾਬਰ ਵੰਡ ਦਿੱਤਾ ਜਾਵੇਗਾ।

ਇਸ ਦਾ ਮਤਲਬ ਇਹ ਹੋਇਆ ਹੈ ਕਿ ਹਰ ਇਕ ਦੇ ਹਿੱਸੇ ਸਿਰਫ 5 ਪੈਸੇ ਹੀ ਆਉਣਗੇ। ਇਕ ਬੇਟੀ ਹੁੰਦੀ ਤਾਂ ਸਵਾ ਛੇ ਪੈਸੇ ਹਿੱਸੇ 'ਚ ਆਉਂਦੇ ਯਾਨੀ ਜਿੰਨੀਆਂ ਘੱਟ ਭੈਣਾ ਹੋਣ ਭਾਈਆਂ ਨੂੰ ਉਨ੍ਹਾਂ ਹੀ ਵੱਧ ਫਾਇਦਾ ਇਸ ਉਤਰਾਧਿਕਾਰ ਦੀ ਖੇਡ ਨੂੰ ਕੁਲ ਮਿਲਾ ਕੇ ਵੇਖੀਏ ਤਾਂ ਪਤਾ ਲੱਗੇਗਾ ਕਿ ਬੇਟਿਆਂ ਨੂੰ 30-30 ਪੈਸੇ ਤੇ ਬੇਟੀਆਂ ਹਿੱਸੇ ਸਿਰਫ 5-5 ਪੈਸੇ ਹੀ ਆਉਣਗੇ। ਉਹ ਵੀ ਨਹੀਂ ਮਿਲਣਗੇ ਜੇ ਇਸ ਹਿੱਸੇ ਬਾਰੇ ਮ੍ਰਿਤਕ ਨੇ ਵਸੀਅਤ ਕਰ ਦਿੱਤੀ ਹੋਵੇ। ਜੇ ਬੇਟੀਆਂ ਕੁਆਰੀਆਂ ਹੋਣ ਤਾਂ ਭਾਈ ਉਹਨਾਂ ਦਾ ਹਿੱਸਾ ਵੀ ਆਪਣੇ ਨਾਂ ਕਰਵਾ ਲੈਣਗੇ। ਨਾ ਹਿੱਸਾ ਭਾਈਆਂ ਦੇ ਨਾਂ ਨਾ ਕਰਨ 'ਤੇ ਧਮਕੀਆਂ ਮਾਰਕੁੱਟ ਤੋਂ ਲੈ ਕੇ 'ਮਹਾਂ ਭਾਰਤ' ਤਕ ਹੋ ਸਕਦਾ ਹੈ। ਜੇ ਵਿਆਹੀਆਂ ਹੋਈਆਂ ਤਾਂ ਵੀ 5-5 ਪੈਸੇ ਲਈ ਭਾਈਆਂ ਨਾਲ ਸਬੰਧ ਵਿਗਾੜਨ ਦੀ 'ਹਿੰਮਤ' ਨਹੀਂ ਕਰਨਗੀਆਂ। ਚੁੱਪਚਾਪ ਹਿੱਸਾ (ਤੋਹਫੇ ਵਜੋਂ) ਭਾਈਆਂ ਦੇ ਨਾਂ ਲਿਖ ਕੇ ਕਹਿਣਗੀਆਂ। ਹੁਣ ਇਸ ਟੋਟੇ ਨੂੰ ਲੈ ਕੇ ਵੀ ਕੀ ਹੋ ਜਾਵੇਗਾ? ਵਿਚਾਰਕ ਤੌਰ 'ਤੇ ਅਕਸਰ ਬੇਟੀਆਂ (ਔਰਤਾਂ) ਨੂੰ ਆਪਣਾ ਹਿੱਸਾ ਨਹੀਂ ਮਿਲਦਾ ਜਾਂ ਛੱਡਣਾ ਹੀ ਪੈਂਦਾ ਹੈ ਸਿੱਟੇ ਵਜੋਂ ਹਿੰਦ ਪਰਿਵਾਰਾਂ 'ਚ 'ਸੱਸਾਂ' ਤੇ 'ਏਂਡ ਬ੍ਰਦਰਜ਼' ਦੀਆਂ ਹਜ਼ਾਰਾਂ ਸਾਲ ਪੁਰਾਣੀ ਪੂੰਜੀ ਆਪਸੀ ਜਿੰਦਾ ਹੈ। ਜੇ ਨਾਗਰਿਕ ਸੰਚਿਤਾ ਬਣਾਉਣ ਦੇ ਸਾਰੇ ਐਲਾਨਾ ਦੇ ਬਾਵਜੂਦ ਇਹ ਪਰਮਪਰਾ ਜਿੰਦਾ ਰਹੇਗੀ। ਕਿਸ ਮਾਈ ਦੇ ਲਾਲ 'ਚ ਏਨੀ ਹਿੰਮਤ ਹੈ ਜੋ ਹਿੰਦੂਆਂ ਦੇ ਇਸ 'ਪੂੰਜੀ ਮਹਿਲ' ਨੂੰ ਤੋੜ ਸਕੇ। ਵਸੀਅਤ ਕਰਨ ਦਾ ਅਧਿਕਾਰ ਰਹਿੰਦਿਆਂ ਉਤਰਾਧਿਕਾਰ ਕਨੂੰਨ ਵਿਅਰਥ ਹੀ ਨਹੀਂ ਅਰਥਹੀਣ ਵੀ ਕਿਹਾ ਜਾ ਸਕਦਾ ਹੈ। ਪਿਤਾ ਆਪਣ। ਜੀਵਨ ਕਾਲ ਵਿੱਚ ਹੀ ਸਾਂਝੀ ਜਾਇਦਾਦ ਦੀ ਵੰਡ ਕਰ ਦੇਵੇ ਤੇ ਅਪਾਣੇ ਲਈ ਕੋਈ ਹਿੱਸਾ ਹੀ ਨਾ ਰੱਖੇ ਤਾਂ ਔਰਤਾਂ ਨੂੰ ਵਿਰਾਸਤ 'ਚ ਕੀ ਮਿਲੂ? ਖੁਦ ਇਕੱਠੀ ਕੀਤੀ ਜਾਇਦਾਦ ਨੂੰ ਵੀ ਸਾਂਝੇ ਪਰਿਵਾਰ ਦੀ ਜਾਇਦਾਦ 'ਚ ਮਿਲਾਉਣ ਬਾਰੇ ਕੋਈ ਕਨੂੰਨੀ 'ਰੁਕਾਵਟ' ਤਾਂ ਨਹੀਂ ਹੈ। ਦਰਅਸਲ ਔਰਤ ਨੂੰ ਜੇ ਵਿਰਾਸਤ 'ਚ ਕੁਝ ਮਿਲਦਾ ਵੀ ਹੈ ਤਾਂ ਇਹ ਸਿਰਫ 'ਬਦਕਿਸਮਤ ਸੰਜੋਗ' ਹੀ ਕਿਹਾ ਜਾ ਸਕਦਾ ਹੈ। ਵਰਨਾ ਹਰ ਸਥਿਤੀ 'ਚ ਉਸ ਨੂੰ ਜਾਇਦਾਦ ਤੋਂ ਵਾਂਝਾ ਰੱਖਣ ਦੀ ਕੋਈ ਕਸਰ ਬਾਕੀ ਨਹੀਂ ਗਈ ਹੈ।

ਬੇਟੇ, ਪੋਤੇ ਜਾਂ ਭਾਈ ਦੀ ਵਿਧਵਾ ਨੇ ਵਿਰਾਸਤ ਦੀ ਤਰੀਕ ਤੋਂ ਪਹਿਲਾਂ

ਜੇ ਮੁੜ ਵਿਆਹ ਕਰ ਲਿਆ ਤਾਂ ਉਸ ਨੂੰ ਜਾਇਦਾਦ 'ਚੋਂ ਕੁਝ ਨਹੀਂ ਮਿਲੇਗਾ ਜਾਇਦਾਦ ਪਰਿਵਾਰ 'ਚ ਹੀ ਬਚਾਈ ਰੱਖਣ ਲਈ ਅਕਸਰ ਵਿਧਵਾਵਾਂ ਨੂੰ ਕਿ ਉਹ ਜਾਂ ਜੇਠ ਤੋਂ ਚਾਦਰ ਪਵਾਈ ਜਾਂਦੀ ਹੈ। ਜਿਸ ਨੂੰ ਮੁੜ ਵਿਆਹ ਨਹੀਂ 'ਕਰੇਵਾ' ਕਹਿੰਦੇ ਹਨ। ਮਰਦ ਔਰਤ ਮਰਿਆ ਹੋਵੇ ਤਾਂ ਵਿਧਵਾ ਨੂੰ ਪੇਕੇ ਭੇਜੋ ਜਾਂ ਬਨਾਰਸ ਹਰਿਦੁਆਰ ਜਾਂ ਵਰਿੰਦਾਵਨ ਪਹਿਲਾਂ ਤਾਂ ਸਤੀ ਹੀ ਬਣਾ ਦਿੰਦੇ ਸਨ। ਪੂੰਜੀ ਤੇ ਉਤਰਾਧਿਕਾਰ ਦੀ ਇਸ ਖੇਡ ਨਾਲ ਸਮਾਜ 'ਚ ਇਸ ਮਿਥ ਨੂੰ ਜਮੀਨ ਮਿਲਦੀ ਹੈ ਕਿ 'ਔਰਤ ਹੀ ਔਰਤ ਦੀ ਦੁਸ਼ਮਣ' ਹੈ। ਦਰਅਸਲ ਮੁਖੀਆ ਹੋਣ 'ਤੇ ਔਰਤ ਵੀ ਪਿੱਤਰ ਸਤਾ ਵਜੋਂ ਵਿਹਾਰ ਕਰਨ ਲੱਗਦੀ ਹੈ। ਭਾਰਤੀ ਸਮਾਜ 'ਚ ਅਕਸਰ ਬੇਟੇ ਦੀ ਮੌਤ ਹੋਣ 'ਤੇ ਉਤਰਾਧਿਕਾਰ ਸਮੇਂ ਮਾਂ ਦਾ ਹਿੱਸਾ ਵੀ ਮੰਗਿਆ ਜਾਂਦਾ ਹੈ ਤਾਂ ਕਿ ਪੁੱਤਰ ਦੀ ਵਿਧਵਾ ਨੂੰ ਜਾਇਦਾਦ ਤੋਂ ਵਾਂਝਿਆਂ ਕੀਤਾ ਜਾ ਸਕੇ। ਆਪਣੇ ਜੀਵਨ ਕਾਲ 'ਚ ਪਤਨੀ ਨੂੰ ਆਪਣਾ ਇਸਤਰੀ ਧਨ (ਗਹਿਣੇ ਕੱਪੜੇ, ਹੋਰ ਸਮੱਗਰੀ ਆਦਿ) ਲੈਣ ਲਈ ਹੀ ਸਾਲਾਂ ਬੱਧੀ ਮੁਕੱਦਮੇ ਕਰਨੇ ਪੈਂਦੇ ਹਨ ਪਤੀ ਦੀ ਮੌਤ ਪਿਛੋਂ ਅਕਸਰ ਪਤਨੀ ਨੂੰ ਸਹੁਰੇ ਘਰ ਵਾਲੇ ਜਾਇਦਾਦ 'ਤੇ ਕਬਜਾ ਬਣਾਈ ਰੱਖਣ ਦੀ ਨੀਅਤ ਨਾਲ ਤੰਗ ਪ੍ਰੇਸ਼ਾਨ ਤੇ ਪੀੜਤ ਕਰਕੇ ਪੇਕਿਆਂ 'ਚ ਰਹਿਣ ਲਈ ਮਜ਼ਬੂਰ ਕਰ ਦਿੰਦੇ ਹਨ।

ਸਾਂਝੇ ਪਰਿਵਾਰਾਂ ਦੀ ਅਜਿਹੀ ਵਿਧਵਾ ਜੇ 'ਪੁੱਤਰਵਤੀ' ਵੀ ਹੈ ਤਾਂ ਉਹ ਚਾਹੇ ਤਾਂ ਪੁੱਤਰਰਾਹੀਂ ਸਾਂਝੇ ਪਰਿਵਾਰ ਦੀ ਜਾਇਦਾਦ ਦੇ ਬਟਵਾਰੇ ਤੇ ਆਪਣੇ ਉਤਰਾਧਿਕਾਰ ਦੀ ਮੰਗ ਕਰ ਜਾਂ ਕਰਵਾ ਸਕਦੀ ਹੈ। ਬਟਵਾਰਾ ਨਾ ਹੋਣ ਤਕ ਸਾਂਝੇ ਪਰਿਵਾਰ ਦੀ ਸਾਰੀ ਜਾਇਦਾਦ ਦੀ ਵਿਕਰੀ ਗਹਿਣਾ ਜਾਂ ਤਬਦੀਲੀ 'ਤੇ ਅਦਾਲਤ ਤੋਂ 'ਜੈਸੇ ਥੇ' ਦੇ ਐਲਾਨ ਦੀ ਪ੍ਰਾਰਥਨਾ ਵੀ ਕੀਤੀ ਜਾ ਸਕਦੀ ਹੈ। ਐਸੀ ਹਾਲਤ 'ਚ ਸਹੁਰਿਆਂ ਦੇ ਹੋਰ ਲੋਕ ਉਤਰਾਧਿਕਾਰ ਵਗੈਰਾ ਦੇਣ ਲਈ ਮਜ਼ਬੂਰ ਹੋ ਕੇ ਕਿਸੇ ਆਪਸੀ ਰਾਜੀ ਨਾਮੇ ਲਈ ਵੀ ਰਾਜ਼ੀ ਹੋ ਸਕਦੇ ਹਨ। ਵੱਖ-ਵੱਖ ਅਤੇ ਦੂਰ ਦਰਾਡੇ ਸ਼ਹਿਰਾਂ ਵਿੱਚ ਰਹਿਣ ਕਰਨ ਕਈ ਵਾਰੀ ਮੁਕੱਦਮੇਬਾਜ਼ੀ ਦਾ ਝੰਜਟ ਅਤੇ ਅਸੁਰੱਖਿਆ ਦੀ ਵਜਾਹ ਕਾਰਨ ਅਕਸਰ ਔਰਤਾਂ ਜਾਂ ਉਹਨਾਂ ਦੇ ਘਰ ਵਾਲੇ ਥੱਕ ਹਾਰ ਕੇ ਘਰ ਹੀ ਬੈਠ ਜਾਂਦੇ ਹਨ। ਕਨੂੰਨੀ-ਨਿਆਂਇਕ ਅਮਲ 'ਚ ਖਰਚਾ ਅਤੇ ਸਾਲਾਂ ਦੀ ਦੇਰੀ ਵੀ ਔਰਤਾਂ ਨੂੰ ਵਾਂਝਿਆਂ ਬਣਾਈ ਰੱਖਣ ਲਈ ਉਤਰਦਾਈ ਹੈ। ਮੁਸਲਿਮ, ਇਸਾਈ ਤੇ ਪਾਰਸੀ ਉਤਰਾਧਿਕਾਰ ਸਬੰਧੀ ਕਨੂੰਨ ਵੀ ਹਿੰਦੂ ਕਨੂੰਨਾ ਦੀ ਹੀ ਤਰ੍ਹਾਂ ਘਟ ਭੇਦ ਭਾਵ ਪੂਰਨ ਨਹੀਂ ਹੈ। ਮੁਸਲਿਮ ਉਤਰਾਧਿਕਾਰ 'ਚ ਮਰਦਾਂ ਨੂੰ ਔਰਤ ਦੇ ਮੁਕਾਬਲੇ ਦੋ ਗੁਣਾ ਹਿੱਸਾ ਮਿਲਦਾ ਹੈ। ਹਿੰਦੂ ਮਰਦ ਵਸੀਅਤ ਰਾਹੀਂ ਸਾਰੀ ਜਾਇਦਾਦ ਕਿਸੇ ਨੂੰ ਵੀ ਦੇ ਸਕਦਾ ਹੈ ਪਰ ਮੁਸਲਿਮ ਵਸੀਅਤ ਰਾਹੀਂ ਆਪਣੀ ਇਕ ਤਿਹਾਈ ਜਾਇਦਾਦ ਦੀ ਹੀ ਵਿਵਸਥਾ ਕਰ ਸਕਦਾ ਹੈ।

ਕੇਰਲ, ਗੋਆ, ਪਾਂਡੀਚਿਰੀ 'ਚ ਅਤੇ ਪਾਰਸੀ ਵਿਅਕਤੀਗਤ ਕਨੂੰਨ ਤਹਿਤ ਉਤਰਾਧਿਕਾਰ 'ਚ ਔਰਤਾਂ ਨੂੰ ਮਰਦਾਂ ਬਰਾਬਰ ਅਧਿਕਾਰ ਅੱਜ ਵੀ ਨਹੀਂ ਹਨ। ਗੋਆ ਦੀਆਂ ਔਰਤਾਂ ਅਜੇ ਵੀ ਮਨੂੰ ਵਲੋਂ ਬਣਾਏ ਉਹਨਾਂ ਹਿੰਦੂ ਕਨੂੰਨਾ ਰਾਹੀਂ ਉਤਰਾਧਿਕਾਰੀ ਹਾਸਲ ਕਰਦੀ ਹੈ ਜੋ ਹਿੰਦੂ ਔਰਤਾਂ 'ਤੇ ਲਾਗੂ ਹੀ ਨਹੀਂ ਹੁੰਦੇ। ਉਤਰਾਧਿਕਾਰ ਕਨੂੰਨ 'ਚ ਖੇਤੀ ਤੇ ਕਿਰਾਏ ਦੀ ਜਾਇਦਾਦ 'ਤੇ ਉਤਰਾਧਿਕਾਰ ਬਾਰੇ ਕੋਈ ਵਿਵਸਥਾ ਨਹੀਂ ਕੀਤੀ ਗਈ ਹੈ। ਇਸਦੇ ਸਿੱਟੇ ਵਜੋਂ ਅਨੇਕਾਂ ਰਾਜਾਂ 'ਚ ਭੂਮੀ ਅਧਿਕਾਰ ਭੂਮੀਦਾਰ,

ਸਰਦਾਰ ਆਸਾਮੀ ਵਗੈਰਾ ਸਿਰਫ ਮਰਦਾਂ ਦੇ ਹੱਕ 'ਚ ਹੀ ਬਣੇ ਹੋਏ ਹਨ। ਰਾਜਾਂ ਵਿੱਚ ਤਾਂ ਪੁਰਾਣੇ ਰੀਤੀ ਰਿਵਾਜਾਂ ਦੇ ਅਧਾਰ 'ਤੇ ਹੀ ਜਮੀਨੀ ਕਨੂੰਨੀ ਵਿਵਸਥਾ ਕਾਇਮ ਹੈ। ਜਿਸ 'ਚ ਔਰਤਾਂ ਪੂਰਨ ਤੌਰ 'ਤੇ ਅਧਿਕਾਰ ਹੀਣ ਕਰ ਦਿੱਤੀਆਂ ਗਈਆਂ ਹਨ। ਕੇਰਲ ਤੇ ਪੱਛਮੀ ਬੰਗਾਲ 'ਚ ਹੋਏ ਭੂਮੀ ਸੁਧਾਰ ਅਪਵਾਦ ਹੈ। ਖੇਤੀ ਭੂਮੀ ਤੇ ਉਤਰਾਧਿਕਾਰ ਕਨੂੰਨ ਲਾਗੂ ਹੀ ਨਹੀਂ ਹੁੰਦਾ ਕਿਉਂਕਿ ਇਹ ਤਾਂ ਰਾਜ ਸਰਕਾਰ ਦਾ ਮਾਮਲਾ ਹੈ।

ਖੇਤੀ ਭੂਮੀ ਦੀ ਮਾਲਕੀ ਜਾਂ ਕਿਰਾਏਦਾਰੀ ਤੇ ਕੇਂਦਰੀ ਬਾਰੇ ਬਹੁਤੇ ਰਾਜਾਂ ਨੇ ਜੋ ਕਨੂੰਨ ਬਣਾਏ ਹਨ ਉਹਨਾਂ 'ਚ ਪੁਤਰਾਧਿਕਾਰ ਦੀ ਪਹਿਲ ਮਰਦ ਵਾਰਸਾਂ ਨੂੰ ਹੀ ਦਿੱਤੀ ਜਾਂਦੀ ਹੈ। ਪੰਜਾਬ, ਹਰਿਆਣਾ, ਯੂ. ਪੀ., ਦਿੱਲੀ, ਹਿਮਾਚਲ 'ਚ ਵਿਧਵਾ ਔਰਤਾਂ ਲਈ ਦਿੱਤੇ ਗਏ ਅਧਿਕਾਰ ਵੀ ਸੀਮਤ ਹਨ। ਮਰਨ ਜਾਂ ਪੁਨਰ ਵਿਆਹ ਕਰਨ 'ਤੇ ਜਮੀਨ ਸਿਰਫ ਮਰਦਾਂ ਦੇ ਹੱਥ ਵਿਚ ਹੈ। ਅਜਿਹੇ ਭੇਤ ਭਾਵ ਭੂਮੀ ਸੁਧਾਰ ਕਨੂੰਨਾ ਵਿੱਚ ਵੀ ਕੀਤੇ ਗਏ ਹਨ। ਖੇਤੀ ਭੂਮੀ 'ਤੇ ਮਾਲਕੀ ਜਾਂ ਨਿਰੰਤਰ ਮਰਦਾਂ ਨੂੰ ਹੀ ਬਣਾਈ ਰੱਖਣ ਲਈ ਐਸੇ ਕਾਨੂੰਨ ਬਣਾਏ ਗਏ ਹਨ ਕਿ ਔਰਤਾਂ ਨੂੰ ਵਿਰਾਸਤ ਦੀ ਤਰਜੀਹ ਦਿੱਤੀ ਹੀ ਨਹੀਂ ਗਈ। ਵਿਆਹੀਆਂ ਬੇਟੀਆਂ ਨੂੰ ਅਧਿਕਾਰ ਨਾਦੇਣ ਦਾ ਇਕ ਤਰਕ ਇਹ ਵੀ ਦਿੱਤਾ ਜਾਂਦਾ ਹੈ ਕਿ ਇਸ ਨਾਲ ਖੇਤੀ ਭੂਮੀ ਦੇ ਟੋਟੇ ਹੋ ਜਾਣਗੇ। ਪਰ ਸੁਆਲ ਹੈ ਕਿ ਉਹਨਾਂ ਨੂੰ ਜੋ ਦੇਣਾ ਸੀ ਦਹੇਜ 'ਚ ਦੇ ਦਿੱਤਾ। ਕੌਣ ਦੱਸੇ ਕਿ ਉਸ ਨੂੰ ਇਸ 'ਚੋਂ ਕੀ ਮਿਲਿਆ? ਇਕ ਪਰਿਵਾਰ ਵੱਲੋਂ ਦੂਜੇ ਪਰਿਵਾਰ ਨੂੰ ਦਿੱਤੇ 'ਦਹੇਜ' ਦੀ ਬੇਟੀ ਦੀ ਜਿੰਮੇਵਾਰੀ ਸੰਭਾਲਣ ਲਈ ਦਿੱਤਾ ਜਾਂਦਾ ਹੈ? ਸੱਚ ਤਾਂ ਇਹ ਹੈ ਕਿ ਬੇਟੀ ਨੂੰ ਨਾ ਤਾਂ ਪਿਤਾ ਦੇ ਘਰ 'ਚੋਂ ਕੋਈ ਅਧਿਕਾਰ ਹੈ ਅਤੇ ਨਾ ਹੀ ਪਤੀ ਦੇ ਉਹ ਸਿਰਫ ਪੁਤਰਾਧਿਕਾਰੀ ਜੰਮਣ 'ਤੇ ਕਿਸਮਤ ਵਾਲੀ ਮੰਨੀ ਜਾਂਦੀ ਹੈ।"

ਦਰਅਸਲ ਉਤਰਾਧਿਕਾਰ ਸਬੰਧੀ ਸਾਰੇ ਕਨੂੰਨਾਂ ਦੀ ਜੜ੍ਹ 'ਚ ਪੁੱਤਰ ਸੱਤਾਵਾਦੀ ਤੇ ਦਾਬੇ ਵਾਲੀ ਪੁਰਾਣੀ ਰਵਾਇਤ ਅਜੇ ਵੀ ਡੂੰਘੀ ਜੜ੍ਹ ਬਣਾਈ ਬੈਠੀ ਹੈ। ਪਰਵਿਾਰ ਤੇ ਪੂੰਜੀ ਦਾ ਸੰਪੂਰਨ ਤੇ ਨਿਰੰਤਰ ਮਰਦਾਂ ਦੇ ਹੱਥ ਵਿੱਚ ਹੋਣ ਕਾਰਨ ਸਮਾਜ ਤੇ ਰਾਜ ਸਤਾ ਦੇ ਸਾਰੇ ਖੇਤਰਾਂ ਵਿੱਚ ਔਰਤਾਂ ਦੀ ਸਥਿਤੀ ਨਾਂਹ ਦੇ ਬਰਾਬਰ ਹੈ। ਫੈਸਲੇ ਲੈਣ ਦੇ ਲਗਭਗ ਸਾਰੇ ਮੁੱਖ ਕੇਂਦਰਾਂ 'ਤੇ ਮਰਦਾਂ ਦਾ ਅਧਿਕਾਰ ਸੁਰੱਖਿਅਤ ਹੈ। ਜਿਸ ਦੀ ਵਜਾਹ ਨਾਲ ਔਰਤ ਦੇ ਹਿੱਸੇ ਸਿਰਫ ਇਕ ਹਨੇਰਾ ਕੋਨਾ ਹੀ ਬਚਿਆ ਰਹਿ ਗਿਆ ਹੈ। ਸਮੇਂ ਦੇ ਨਾਲ ਬਦਲਾਅ ਨਾ ਹੋਣ ਕਰਕੇ ਮੱਧਵਰਗੀ ਸਾਂਝੇ ਪਰਿਵਾਰ ਹੀ ਨਹੀਂ ਬਲਕਿ ਇਕੱਲੇ ਇਕਹਿਰੇ ਪਰਿਵਾਰ ਵੀ ਟੁੱਟ ਰਹੇ ਹਨ। ਵਿਆਹ ਸੰਸਥਾ ਤੇ ਪਰਿਵਾਰ ਵਿੱਚ ਔਰਤ 'ਤੇ ਯੌਨ ਹਿੰਸਾ, ਸੋਸ਼ਣ ਪੀੜਾ ਤੇ ਗੈਰ ਮਨੁੱਖੀ ਤਸੀਹਿਆ ਦੇ ਕਾਰਨ (ਸਾਂਝੇ) ਪਰਿਵਾਰਾਂ 'ਚ ਸੜਦੇ ਸਬੰਧਾਂ ਨੂੰ ਆਖਰ ਕਦੋਂ ਤਕ ਨਿਭਾਇਆ ਜਾ ਸਕਦਾ ਹੈ? ਬਾਹਰ ਦੀ ਬਦਲਦੀ ਦੁਨੀਆਂ ਤੋਂ 'ਘਰ' ਕਦ ਤਕ ਬੇਖਬਰ ਰਹਿ ਸਕਦਾ ਹੈ? ਜਦ ਤਕ ਪੂੰਜੀ 'ਤੇ ਪੁਤਰਾਧਿਕਾਰ ਰਹੇਗਾ ਤਦ ਤਕ ਨਾਰੀ ਮੁਕਤੀ, ਬਰਾਬਰ ਅਧਿਕਾਰ ਨਿਆਂ ਆਜ਼ਾਦੀ ਮਾਨ ਸਨਮਾਨ ਪਹਿਚਾਣ ਜਾਂ ਆਬਰੂ ਦਾ ਸੁਪਨਾ ਸਾਕਾਰ ਹੋਣਾ ਅਸੰਭਵ ਹੈ।

# ਘਰੇਲ ਹਿੰਸਾ ਰੋਕੂ ਕਾਨੂੰਨ

ਫਰਵਰੀ 2008 ਦੇ ਪਹਿਲੇ ਹਫਤੇ 'ਚ ਆਯੋਜਿਤ ਇਕ ਕਾਰਜਸ਼ਾਲਾ 'ਚ ਘਰੇਲੂ ਹਿੰਸਾ ਨਾਲ ਸਬੰਧਿਤ ਅਨੇਕਾ ਅਧਿਐਨਾ ਦਾ ਹਵਾਲਾ ਦਿੰਦਿਆਂ ਕੌਮੀ ਮਹਿਲਾ ਕਮਿਸ਼ਨ ਨੇ ਕਿਹਾ ਕਿ ਔਰਤਾਂ ਨੂੰ ਪਰਿਵਾਰ ਦੇ ਪਵਿੱਤਰ ਰਿਸ਼ਤਿਆਂ ਦੀ ਆੜ ਵਿੱਚ ਹੱਦ ਦਰਜੇ ਦੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਲਗਭਗ 40 ਫੀਸਦੀ ਸ਼ਾਦੀਸ਼ੁਦਾ ਔਰਤਾਂ ਦਾ ਮੰਨਣਾ ਹੈ ਕਿ ਉਹਨਾਂ ਦੇ ਪਤੀ ਖਾਣਾ ਬਣਾਉਣ ਜਾਂ ਸਾਫ ਸਫਾਈ ਤੋਂ ਸੰਤੁਸ਼ਟ ਨਾ ਹੋਣ ਕਰਕੇ ਜਾਂ ਈਰਖਾ ਵੱਸ ਜਾਂ ਕਿਸੇ ਹੋਰ ਕਾਰਨ ਲੱਤਾਂ-ਮੁੱਕੀਆਂ ਨਾਲ ਉਹਨਾਂ ਦੀ ਮਾਰਕੁੱਟ ਕਰਦੇ ਹਨ ਜਾਂ ਉਹਨਾਂ 'ਤੇ ਯੌਨ ਅਤਿਆਚਾਰ ਕਰਦੇ ਹਨ। ਔਰਤਾਂ 'ਤੇ ਹੋਣ ਵਾਲੀ ਕਸ਼ਟ ਦਾ ਇਕ ਕਠੋਰ ਤੇ ਅਪਮਾਨ ਜਨਕ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਜਾਰੀ ਰਹਿੰਦੀਆਂ ਹਨ। ਬਹੁਤੇ ਕੇਸਾਂ ਵਿੱਚ ਪੀੜਤ ਔਰਤਾਂ ਡਰ ਕਾਰਨ ਜਾਂ ਲੋਕ-ਲਾਜ ਦੀ ਵਜਾਹ ਕਰਕੇ ਜਾਂ ਫਿਰ ਬੇਸਹਾਰਾ ਹੋ ਜਾਣ ਦੇ ਭੈਅ ਕਾਰਨ ਆਪਣੇ ਉਪਰ ਹੋਣ ਵਾਲੇ ਵਹਿਸ਼ੀਆਣਾ ਜਬਰ ਨੂੰ ਚੁੱਪ ਚਾਪ ਸਹਿਣ ਲਈ ਮਜ਼ਬੂਰ ਹਨ। ਮਹਿਲਾ ਕਮਿਸ਼ਨ ਦਾ ਮੰਨਣਾ ਹੈ ਕਿ ਘਰੇਲੂ ਹਿੰਸਾ ਹਰ ਜਾਤੀ ਧਰਮ ਤ ਹਰ ਤਰ੍ਹਾਂ ਦੀ ਆਰਥਿਕ ਹੈਸੀਅਤ ਰੱਖਣ ਵਾਲੇ ਪਰਿਵਾਰਾਂ 'ਚ ਵਿਆਪਕ ਹੈ। ਵੱਖ-ਵੱਖ ਸਰਕਾਰੀ ਗੈਰ-ਸਰਕਾਰੀ ਜਥੇਬੰਦੀਆਂ ਵੱਲੋਂ ਦਸ ਸਾਲਾਂ ਤਾਂ ਮੁਹਿੰਮ ਚਲਾਏ ਜਾਣ ਪਿੱਛੋਂ ਸਰਕਾਰ ਨੇ ਘਰੇਲੂ ਹਿੰਸਾ ਤੋਂ ਔਰਤਾਂ ਦੇ ਬਚਾਅ ਲਈ 2005 'ਚ ਇਕ ਕਨੂੰਨ ਬਣਾਇਆ ਜਿਸ ਨੂੰ 26 ਅਕਤੂਬਰ 2006 ਤੋਂ ਲਾਗੂ ਵੀ ਕਰ ਦਿੱਤਾ ਗਿਆ। ਇਸ ਕਨੂੰਨ ਨੂੰ ਬਣੇ ਦੋ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਪਰ ਇਸ ਨਾਲ ਘਰੇਲੂ ਹਿੰਸਾ 'ਚ ਕੋਈ ਕਮੀ ਆਈ ਹੈ? ਸਾਲ 2002 'ਚ ਹੋਏ ਅਧਿਐਨ ਮੁਤਾਬਕ 45 ਫੀਸਦੀ ਔਰਤਾਂ ਨੇ ਅਪਾਣੇ ਪਤੀਆਂ ਵਲੋਂ ਕੁੱਟਮਾਰ ਕੀਤੇ ਜਾਣ ਦੀ ਰਪਟ ਦਰਜ ਕਰਵਾਈ ਸੀ ਇਹਨਾਂ 'ਚੋਂ 50 ਫੀਸਦੀ ਔਰਤਾਂ ਨੂੰ ਦੱਸਿਆ ਕਿ ਗਰਭਪਤੀ ਹੋਣ ਦੇ ਬਾਵਜੂਦ ਉਹਨਾਂ ਨੂੰ ਕੁੱਟਿਆ ਗਿਆ ਜਿਨ੍ਹਾਂ ਔਰਤਾਂ ਨੇ ਰਿਪੋਰਟ ਕੀਤੀ ਸੀ 75 ਫੀਸਦੀ ਔਰਤਾਂ ਨੇ ਮਾਰਕੁੱਟ ਤੋਂ ਤੰਗ ਆ ਕੇ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹਨਾਂ ਹੈਰਾਨਕੁੰਨ ਅੰਕੜਿਆਂ ਦੀ ਸਚਾਈ ਅਸੀਂ ਅਪਾਣੇ ਆਂਢ-ਗੁਆਂਢ ਰਿਸ਼ਤੇਦਾਰਾਂ ਜਾਂ ਖੁਦ ਆਪਣੇ ਘਰ ਵਿੱਚ ਵੀ ਵੇਖ ਸਕਦੇ ਹਾਂ। ਅਖਬਾਰਾਂ ਤੇ ਸਮਾਚਾਰ ਚੈਨਲਾਂ ਵਿਚ ਵੀ ਆਉਣ ਵਾਲੀਆਂ ਖਬਰਾਂ ਤੋਂ ਇਸ ਦਿਲ ਕੰਬਾਊ ਸਚਾਈ ਦੀ ਝਲਕ ਨਜ਼ਰ ਆਉਂਦੀ ਹੈ। ਭਾਰਤੀ ਸਮਾਜ ਤੇ ਸਭਿਆਚਾਰਕ ਜੀਵਨ ਦੀ ਇਹ ਇਕ ਘਿਨੌਣੀ ਤਸਵੀਰ ਹੈ।

ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਪੜ੍ਹੇ ਲਿਖੇ ਮਹਾਂਪੁਰਸ ਔਰਤਾਂ ਦੇ ਨਾਲ ਮਾਰਕੁੱਟ ਨਹੀਂ ਕਰਦੇ ਹੋਣਗੇ ਜਦਕਿ ਉੱਚ ਸਿੱਖਿਆ ਪ੍ਰਾਪਤ ਲੋਕ ਹੀ ਔਰਤਾਂ 'ਤੇ ਜੁਲਮ ਢਾਹੁਣ ਵਿੱਚ ਸਭ ਤੋਂ ਅੱਗੇ ਹਨ। ਇਕ ਅਨੁਮਾਨ ਅਨੁਸਾਰ ਅਨਪੜ੍ਹ ਲੋਕਾਂ 'ਚ 32 ਫੀਸਦੀ ਅਤੇ ਪੰਜਵੀਂ ਤੱਕ ਪੜ੍ਹੇ ਲੋਕਾਂ 'ਚ 42 ਫੀਸਦੀ ਸਦੀ ਹਿੰਸਕ ਅਪਰਾਧ ਕਰਦੇ ਹਨ ਜਦਕਿ ਇਸ ਤੋਂ ਵੱਧ ਪੜੇ ਲਿਖੇ ਤੇ ਉਚ ਸਿੱਖਿਆ ਹਾਸਲ ਮਰਦਾਂ ਵਿੱਚ 57 ਫੀਸਦੀ ਔਰਤਾਂ ਨੂੰ ਜਾਲਮਾਨਾ ਵਰਤਾਅ ਕਰਦੇ ਹਨ। ਇਹ

ਵੀ ਮੰਨਿਆ ਜਾਂਦਾ ਹੈ ਕਿ ਘਰੇਲੂ ਹਿੰਸਾ ਦਾ ਕਾਰਨ ਆਰਥਿਕ ਤੰਗੀ ਤੇ ਗਰੀਬੀ ਹੈ। ਪਰ ਅਧਿਐਨ ਦੱਸਦੇ ਹਨ ਕਿ ਮਿਹਨਤਕਸ਼ ਤਬਕਿਆਂ ਦੇ ਪਰਿਵਾਰਾਂ 'ਚ ਜਿਥੇ 35 ਫੀਸਦੀ ਔਰਤਾਂ ਹੀ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ।

ਉਥੇ ਉਚੀ ਆਮਦਨ ਤੇ ਸਮਾਜਿਕ ਹੈਸੀਅਤ ਵਾਲੇ ਪਰਿਵਾਰਾਂ 'ਚ 61 ਫੀਸਦੀ ਘਰੇਲੂ ਹਿੰਸਾ ਵਾਪਰਦੀ ਹੈ। ਇਹੀ ਉਹ ਤਬਕਾ ਹੈ ਜਿਥੇ ਦਹੇਜ ਲਈ ਔਰਤਾਂ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇਣ ਤੇ ਵਹੁਟੀਆਂ ਨੂੰ ਜਲਾ ਕੇ ਮਾਰ ਦੇਣ ਜਾਂ ਪ੍ਰੇਸ਼ਾਨ ਕਰਦਿਆਂ ਉਸ ਨੂੰ ਖੁਦ ਆਤਮ ਹੱਤਿਆ ਕਰਨ ਲਈ ਮਜ਼ਬੂਰ ਕਰ ਦੇਣ ਲਈ ਖੂੰਖਾਰ ਹੈ। ਅੱਜ ਉਚ ਸਿੱਖਿਅਤ ਕਾਮਕਾਜ ਔਰਤਾਂ ਵੀ ਘਰੇਲੂ ਹਿੰਸਾ ਤੋਂ ਆਜ਼ਾਦ ਨਹੀਂ ਹਨ। ਦਿੱਲੀ ਦੀ ਇਕ ਪ੍ਰਤਿਭਾਸ਼ਾਲੀ ਔਰਤ ਡਾਕਟਰ ਨੇ ਪਿਛਲੇ ਦਿਨੀਂ ਆਪਣੇ ਪਤੀ ਵਲੋਂ ਕੁੱਟਮਾਰ ਕੀਤੇ ਜਾਣ ਤੋਂ ਅਪਮਾਨਿਤ ਹੋ ਕੇ ਆਤਮ ਹੱਤਿਆ ਦੀ ਕੋਸ਼ਿਸ਼ ਕੀਤੀ ਸੀ। ਉਸ ਦਾ ਕਸੂਰ ਸਿਰਫ ਏਨਾ ਸੀ ਕਿ ਉਸ ਨੇ ਆਪਣੇ ਪਤੀ ਦੇ ਦੋਸਤਾਂ ਦੇ ਸਾਹਮਣੇ ਹੀ ਉਸ ਦੀ ਕੋਈ ਗ਼ਲਤੀ ਉਜਾਗਰ ਕਰ ਦਿੱਤੀ ਸੀ। ਆਖਿਰ ਪੜੀਆਂ ਲਿਖੀਆਂ ਤੇ ਕੰਮਕਾਜ ਔਰਤਾਂ ਦੇ ਨਾਲ ਵੱਧ ਹਿੰਸਾ ਕਿਉਂ ਹੁੰਦੀ ਹੈ? ਕੀ ਉਹਨਾਂ ਦਾ ਸਿਖਿਅਤ ਹੋਣਾ ਹੀ ਬੁਰਾਈ ਦੀ ਜੜ੍ਹ ਹੈ? ਕੀ ਜੇ ਔਰਤਾਂ ਅਣਪੜ੍ਹ ਰਹਿ ਜਾਣ ਤਾਂ ਸਮਾਜ ਉਹਨਾਂ ਨਾਲ ਅੱਛਾ ਵਰਤਾਅ ਕਰਨ ਲੱਗੇਗਾ। ਨਿਸ਼ਚੈ ਮਰਦ ਪ੍ਰਧਾਨ ਸੋਚ ਦੇ ਧਾਰਨੀ ਇਹੀ ਕਹਿਣਗੇ। ਪਰ ਇਹ ਉਨ੍ਹਾਂ ਹੀ ਵੱਡਾ ਝੂਠ ਹੈ ਜਿੰਨਾ ਇਹ ਸਰਲ ਸਿੱਟਾ ਕੱਢਣਾ ਕਿ 'ਔਰਤ ਹੀ ਔਰਤ ਦਾ ਦੁਸ਼ਮਣ ਹੈ।"

ਸਚਾਈ ਇਹ ਹੈ ਕਿ ਸਿੱਖਿਅਤ ਹੋਣ ਕਰਕੇ ਔਰਤਾਂ ਅੱਜ ਅਪਾਣੇ ਨਾਲ ਹੋਣ ਵਾਲੇ ਅਪਮਾਨ ਜਨਕ ਵਿਹਾਰ ਤੇ ਭੇਦਭਾਵ ਨੂੰ ਚੁੱਪਚਾਪ ਬਰਦਾਸ਼ਿਤ ਨਹੀਂ ਕਰਦੀਆਂ ਹਨ। ਉਹ ਆਪਣੀ ਬਰਾਬਰੀ ਆਪਣੀ ਪਹਿਚਾਣ ਅਧਿਕਾਰਾਂ ਬਾਰੇ ਸੁਚੇਤ ਹੋ ਰਹੀ ਹੈ। ਉਹ ਚੁੱਪਚਾਪ ਹੁਕਮ ਦਾ ਪਾਲਣ ਕਰਨ ਨੂੰ ਹੁਣ ਤਿਆਰ ਨਹੀਂ ਉਹ ਸਹੀ ਨੂੰ ਸਹੀ ਤੇ ਗਲਤ ਨੂੰ ਗਲਤ ਕਹਿਣ ਲੱਗੀਆਂ ਹਨ। ਉਹਨਾਂ ਨੇ ਹੁਣ ਸੁਆਲ ਉਠਾਉਣਾ ਸ਼ੁਰੂ ਕਰ ਦਿੱਤਾ ਹੈ। ਇਹ ਹੀ ਕਾਰਨ ਹੈ ਕਿ ਜਿਸ ਤਰ੍ਹਾਂ ਗਰਗੀ ਦੇ ਪ੍ਰਸ਼ਨ ਪੁਸ਼ਣ ਨਾਲ ਗੁੱਸੇ ਹੋ ਕੇ ਤਸੀਹਿਆਂ ਲਈ ਉਸ ਦਾ ਸਿਰ ਕੱਟਣ ਦੀ ਧਮਕੀ ਦਿੱਤੀ ਸੀ। ਉਸ ਤਰ੍ਹਾਂ ਦੇ ਕੁਝ ਮਰਦ ਹੋਣ ਦੇ ਥੋਥੇ ਹੰਕਾਰ ਨਾਲ ਗ੍ਰਹਿਸਥ ਤੋਂ ਗ੍ਰਸਿਤ ਅੱਜ ਦੇ ਕੁਝ ਮਰਦ ਵੀ ਬੁਖਲਾਹਟ 'ਚ ਆ ਕੇ ਮਾਰਕੁੱਟ 'ਤੇ ਉਤਰ ਆਉਂਦੇ ਹਨ। ਪਰ ਇਹ ਜਗੀਰੂ ਮਾਨਸਿਕਤਾ ਬਹੁਤ ਸਮਾਂ ਨਹੀਂ ਚੱਲਣੀ ਜਿਵੇਂ ਜਿਵੇਂ ਔਰਤਾਂ ਜਾਗਰੂਕ ਹੋ ਕੇ ਜਥੇਬੰਦ ਹੋਣ ਲੱਗਣਗੀਆਂ। ਮਰਦਾਂ ਦਾ ਵੀ ਹੰਕਾਰ ਟੁੱਟੇਗਾ। ਅੱਜ ਹਰ ਔਰਤ ਸਾਹਮਣੇ ਜਿਉਂਦਾ ਰਹਿਣ ਤੇ ਅਪਾਣੀ ਪਹਿਚਾਣ ਹਾਸਲ ਕਰਨ ਦਾ ਦੋਹਰਾ ਸੁਆਲ ਹੈ। ਜਿਹਨਾਂ ਔਰਤਾਂ ਨੂੰ ਆਰਥਿਕ ਆਜ਼ਾਦੀ ਹਾਸਲ ਨਹੀਂ ਹੈ ਤੇ ਜੋ ਪਤੀਆਂ 'ਤੇ ਪੂਰੀ ਤਰ੍ਹਾਂ ਨਿਰਭਰ ਹਨ, ਉਹਨਾਂ 'ਚ ਵੀ ਸਮਾਂ ਬਦਲਣ ਦੇ ਨਾਲ ਆਪਣੀ ਪਹਿਚਾਣ ਪ੍ਰਤੀ ਇਕ 'ਬੋਲਣ ਵਾਲੀ ਮਸ਼ੀਨ' ਬਣੇ ਰਹਿਣ ਦਿਨ ਕਈ ਕਟੀ ਕਰਨ ਤੇ ਬਿਨਾ ਵਜਾਹ ਮਾਰ ਖਾਣ ਨੂੰ ਤਿਆਰ ਨਹੀਂ ਹੈ। ਹਾਲਾਂਕਿ ਅਜੇ ਵੀ ਬਹੁਤੀਆਂ ਔਰਤਾਂ 'ਚ ਜਾਗਰੂਕਤਾ ਦੀ ਕਮੀ ਹੈ। ਹੁਣ ਵੀ ਉਹਨਾਂ ਅੰਦਰ ਪੁਰਾਣੇ ਸੰਸਕਾਰ ਜੜ੍ਹਾ ਜਮਾਈ ਬੈਠੇ ਹਨ। ਇਸ ਲਈ ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਪਰਿਵਾਰ ਦੀ ਇਜਤ ਤੇ ਲਾਜ ਸ਼ਰਮ ਦੇ ਮਾਰੇ ਆਪਣੇ ਉਪਰ ਹੋਣ ਵਾਲੀਆਂ ਜ਼ਿਆਦਾਤਰੀਆਂ ਨੂੰ ਚੁੱਪਚਾਪ

ਸਹਿ ਲੈਂਦੀ ਹੈ। ਪਰ ਅਧਿਐਨ ਦੱਸਦੇ ਹਨ ਕਿ ਅਜਿਹੀਆਂ ਇਕ ਤਿਹਾਈ ਔਰਤਾਂ ਦੇ ਮਨ ਵਿੱਚ ਵਿਦਰੋਹ ਦੀ ਭਾਵਨਾ ਉਠਦੀ ਹੈ ਅਤੇ ਉਹ ਘਰੋਂ ਭੱਜ ਜਾਣਾ ਚਾਹੁੰਦੀਆਂ ਹਨ। ਪਰ ਅਜਿਹਾ ਹੀ ਕਰ ਸਕਦੀਆਂ ਤਾਂ ਉਸ ਦਾ ਕਾਰਨ ਆਪਣੇ ਛੋਟੇ-ਛੋਟੇ ਬੱਚਿਆਂ ਪ੍ਰਤੀ ਉਹਨਾਂ ਦੀ ਮਮਤਾ ਤੇ ਸਮਾਜ 'ਚ ਉਹਨਾਂ ਲਈ ਕੋਈ ਸੁਰੱਖਿਅਤ ਜਗਾਹ ਦਾ ਨਾ ਹੋਣਾ ਹੀ ਹੈ। ਅਜਿਹੀ ਹਾਲਤ 'ਚ ਪਿੱਤਰ ਸੱਤਾ ਦੇ ਇਸ ਪੂਰੇ ਢਾਚੇ ਵਿਚ ਉਹ ਆਪਣੇ ਆਪ ਨੂੰ ਬੇਸਹਾਰਾ ਤੇ ਇਕੱਲਾ ਸਮਝ ਦੀਆਂ ਹਨ। ਹਰ ਕੋਈ ਉਹਨਾਂ ਨੂੰ ਧੀਰਜ ਰੱਖਣ ਤੇ ਸਹਿਣਸ਼ੀਲ ਬਣਨ ਦਾ ਹੀ ਉਪਦੇਸ਼ ਦਿੰਦੇ ਹਨ। ਇਸ ਲਈ ਉਹ ਚਾਹੁੰਦੇ ਹੋਇਆ ਵੀ ਘਰੇਲੂ ਹਿੰਸਾ ਤੋਂ ਛੁਟਕਾਰਾ ਪਾਉਣ ਲਈ ਕਦਮ ਨਹੀਂ ਪੁੱਟ ਸਕਦੀਆਂ। ਘਰੇਲੂ ਹਿੰਸਾ ਦੀਆਂ ਜੜ੍ਹਾ ਗੈਰ ਬਰਾਬਰੀ 'ਤੇ ਆਧਾਰਤ ਇਹ ਸਮਾਜਿਕ ਪ੍ਰਬੰਧ ਹੈ। ਜਿਸ ਦਾ ਇਕ ਪਹਿਲੂ ਔਰਤ ਮਰਦ 'ਤੇ ਗਰੀਬ ਅਮੀਰ ਵਿਚਕਾਰ ਨਾ ਬਰਾਬਰੀ ਅਤੇ ਔਰਤ ਦੀ ਦਮ ਦਰਜੇ ਦੀ ਸਥਿਤੀ ਹੈ। ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਇਸ ਕਰੂਰਤਾਂ ਦਾ ਅੰਤ ਕਨੂੰਨ ਬਣਾ ਦੇਣ ਨਾਲ ਹੁੰਦਾ। ਵੈਸੇ ਵੀ ਇਸ ਕਨੂੰਨ ਬਾਰੇ ਕਿੰਨੀਆਂ ਕੁ ਔਰਤਾਂ ਨੂੰ ਪਤਾ ਹੈ ਅਤੇ ਜਿਹਨਾਂ ਨੂੰ ਪਤਾ ਹੈ ਉਹ ਵੀ ਸਮਾਜਿਕ ਅਸੁਰੱਖਿਆ ਤੇ ਮਰਦ ਪ੍ਰਧਾਨ ਵਿਚਾਰਾਂ ਦੇ ਪ੍ਰਭਾਵ ਜਾਂ ਅਜਿਹਾ ਹੀ ਕਈ ਹੋਰ ਕਾਰਨ ਕਰਕੇ ਇਸ ਕਨੂੰਨ ਦਾ ਸਹਾਰਾ ਲੈਣ 'ਚ ਅਸਮਰਬਥ ਹਨ। ਜੇ ਘਰੇਲੂ ਹਿੰਸਾ ਤੋਂ ਪੀੜਤ ਕੋਈ ਔਰਤ ਆਪਣੇ ਪਤੀ ਖਿਲਾਫ ਮੁਕੱਦਮਾ ਦਾਇਰ ਕਰਨ ਜਾਂਦੀ ਹੈ ਤਾਂ ਤਹਿ ਹੈ ਕਿ ਅੱਗੇ ਉਸ ਨਾਲ ਅਮਨ ਚੈਨ ਦਾ ਸ਼ਾਦੀਸ਼ੁਦਾ ਸਬੰਧ ਨਹੀਂ ਚੱਲ ਸਕਦਾ। ਅਜਿਹੀ ਹਾਲਤ 'ਚ ਪਹਿਚਾਣ ਦੀ ਇਸ ਲੜਾਈ ਲਈ ਜ਼ਰੂਰੀ ਸ਼ਰਤ ਹੈ ਕਿ ਉਸ ਦੀ ਹੋਂਦ ਦੀ ਤੇ ਉਸ ਦੇ ਜਿਉਂਦੇ ਰਹਿਣ ਦੀ ਗਰੰਟੀ ਹੋਵੇ ਕੀ ਸਾਡੇ ਸਮਾਜ 'ਚ ਔਰਤਾਂ ਦੀ ਆਤਮ-ਨਿਰਭਰਤਾ ਦਾ ਸੁਆਲ ਹੱਲ ਹੋ ਗਿਆ ਹੈ? ਫਿਰ ਅਜਿਹੇ ਭਰਮਾਊ ਕਨੂੰਨਾਂ ਦਾ ਭਲਾ ਔਰਤਾਂ ਲਈ ਕੀ ਤੁਕ ਹੈ? ਔਰਤਾਂ ਦੀ ਆਤਰਾ ਨਿਰਭਰਤਾ ਉਹਨਾਂ ਦੀ ਮੁਕਤੀਕਾਮੀ ਚੇਤਨਾ ਉਹਨਾਂ ਦੀਆਂ ਜਥੇਬੰਦੀਆਂ ਤੇ ਪੂਰੇ ਸਮਾਜ ਨੂੰ ਆਪਣੇ ਕਲਾਵੇ 'ਚ ਲੈ ਲੈਣ ਵਾਲੇ ਇਕ ਸ਼ਕਤੀਸ਼ਾਲੀ ਲਹਿਰ ਰਾਹੀਂ ਹੀ ਔਰਤਾਂ ਪ੍ਰਤੀ ਹਿੰਸਾ ਤੇ ਕਰੂਰਤਾਂ ਦਾ ਅੰਤ ਸੰਭਵ ਹੈ। ਔਰਤਾਂ ਨੂੰ ਦੇਸ਼ੀ-ਵਿਦੇਸ਼ੀ ਦਾਨੀਆਂ ਦੇ ਪੈਸਿਆਂ ਵਿੱਚ ਚੱਲਣ ਵਾਲੀਆਂ ਸੁਧਾਰਵਾਦੀ ਸੰਸਥਾਵਾਂ ਜਾਂ ਸਰਕਾਰੀ ਕਨੂੰਨਾਂ ਰਾਹੀਂ ਔਰਤ ਮੁਕਤੀ ਦੇ ਭਰਮ ਤੋਂ ਮੁਕਤ ਹੋਣਾ ਪਊ। ਕੋਈ ਵੀ ਅਧਿਕਾਰ ਮੰਗ ਕੇ ਭੀਖ 'ਚ ਨਹੀਂ ਮਿਲਤਾ ਦੇ ਬਿਨਾ ਸੰਘਰਸ਼ ਕੀਤਿਆਂ ਮੁਕਤੀ ਹਾਸਲ ਨਹੀਂ ਹੁੰਦੀ।

# ਕੰਨਿਆ ਭਰੂਣ ਹੱਤਿਆ ਅਤੇ ਔਰਤਾਂ

ਪੰਜਾਬ ਹਰਿਆਣਾ ਅਤੇ ਪੱਛਮੀ ਉਤਰਾ ਪ੍ਰਦੇਸ਼ ਦੇ ਕੁਝ ਜਿਲ੍ਹਿਆਂ ਵਿੱਚ 'ਸ਼ਾਦੀ ਲਈ ਦੂਜੇ ਇਲਾਕਿਆਂ ਤੋਂ ਬਹੂ' ਖਰੀਦਣ ਦੀਆਂ ਘਟਨਾਵਾਂ ਕਾਫੀ ਤੇਜੀ ਨਾਲ ਵਧ ਰਹੀਆਂ ਹਨ। ਇਸ ਦਾ ਇਕੋ ਕਾਰਨ ਕੰਨਿਆ ਭਰੂਣ ਹੱਤਿਆ ਕਾਰਨ ਮਰਦਾਂ ਦੀ ਤੁਲਨਾ ਵਿੱਚ ਔਰਤਾਂ ਦੀ ਘਟਦੀ ਅਬਾਦੀ ਹੈ। ਇਹ ਉਹ ਹੀ ਇਲਾਕੇ ਹਨ ਜਿਥੇ ਪੇਟ ਅੰਦਰ ਸਿਸੂ ਦੇ ਲਿੰਗ ਨਿਰਧਾਰਨ ਤੇ ਕੰਨਿਆ ਭਰੂਣ ਹੱਤਿਆ ਦੀਆਂ ਘਟਨਾਵਾਂ ਸਭ ਤੋਂ ਵੱਧ ਪ੍ਰੈਕਟਿਸ 'ਚ ਹੋਈਆਂ ਹਨ। ਇਸ ਅਨੈਤਿਕ ਅਪਰਾਧ ਖਿਲਾਫ ਕਨੂੰਨ ਦੇ ਬਾਵਜੂਦ ਇਸ ਅਮਲ 'ਚ ਕੋਈ ਕਮੀ ਨਹੀਂ ਆਈ ਹੈ। ਇਹੀ ਕਾਰਨ ਹੈ ਕਿ ਲਿੰਗ ਅਨੁਪਾਤ ਦੇ ਅਸੰਤੁਲਨ 'ਚ ਕੋਈ ਸੁਧਾਰ ਵਿਖਾਈ ਨਹੀਂ ਦਿੰਦਾ। ਸਾਲ 2001 ਦੀ ਮਰਦਾ ਸ਼ੁਮਾਰੀ ਅਨੁਸਾਰ ਭਾਰਤ 'ਚ ਮਰਦ ਤੇ ਔਰਤਾਂ ਵਿਚਕਾਰ ਲਿੰਗ ਅਨੁਪਾਤ ਬਹੁਤ ਹੀ ਖਤਰਨਾਕ ਸਥਿਤੀ ਦਰਸਾਉਂਦਾ ਸੀ। 8 ਸਾਲਾਂ ਦੀ ਉਮਰ ਦੇ ਬੱਚਿਆਂ ਸਬੰਧੀ ਸਥਿਤੀ ਹੋਰ ਵੀ ਭਿਆਨਕ ਸੀ। 2001 'ਚ 1000 ਲੜਕਿਆਂ ਪਿੱਛੇ 927 ਤਕ ਗਿਣਤੀ ਲੜਕੀਆਂ ਦੀ ਪਹੁੰਚ ਗਈ ਸੀ ਜੋ 5 ਸਾਲਾਂ 'ਚ 2006 'ਚ ਕੀਤੇ ਕੌਮੀ ਪਰਿਵਾਰ ਸਿਹਤ ਸਰਵੇਖਣ ਤਿੰਨ ਦੇ ਅੰਕੜਿਆਂ 'ਚ ਹੋਰ ਡਿੱਗ ਕੇ 918 ਹੋ ਗਈ। ਪੰਜਾਬ, ਹਰਿਆਣਾ, ਰਾਜਸਥਾਨ, ਗੁਜਰਾਤ ਤੇ ਪੱਛਮੀ ਉਤਰ ਪ੍ਰਦੇਸ਼ 'ਚ ਸਥਿਤੀ ਸਭ ਤੋਂ ਬੁਰੀ ਹੈ ਜਿਥੇ ਅਨੁਪਾਤ 900 ਤੋਂ ਵੀ ਉਪਰ ਹੈ। ਹੇਠਾਂ ਹੈ ਪੱਛਮੀ ਉੱਤਰ ਪ੍ਰਦੇਸ਼ ਦੇ ਕੁਝ ਜਿਲ੍ਹਿਆਂ 'ਚ ਸਥਿਤੀ ਕਾਫੀ ਗੰਭੀਰ ਹੈ। ਸਹਾਰਾਨਪੁਰ 'ਚ ਔਰਤ ਮਰਦ ਦਾ ਅਨੁਪਾਤ 868 ਮੁਜਫਰਨਗਰ 'ਚ 872 ਆਗਰਾ 'ਚ 852 ਮਥਰਾ 'ਚ 841 ਤਕ ਡਿੱਗ ਪਿਆ ਹੈ। ਜੋ ਸਮਾਜ ਨੂੰ ਵਿਨਾਸ਼ ਦੇ ਰਾਹ 'ਤੇ ਲੈ ਜਾ ਰਿਹਾ ਹੈ। ਇਹਨਾਂ ਅੰਕੜਿਆਂ ਨੂੰ ਵੇਖਦਿਆਂ ਪੱਛਮੀ ਉਤਰ ਪ੍ਰਦੇਸ਼ 'ਚ ਕਾਫੀ ਲੜਕਿਆਂ ਦੀ ਸ਼ਾਦੀ ਨਹੀਂ ਹੋ ਸਕਣ ਤੇ ਵੰਸ਼ ਡੁੱਬ ਜਾਣ ਤਕ ਦੀ ਸਥਿਤੀ ਪੈਦਾ ਹੋ ਗਈ ਹੈ ਨਾਲ ਹੀ ਇਸ ਕਾਰਨ ਸਮਾਜਿਕ ਬਣਾਵਟ ਤਹਿਸ ਨਹਿਸ ਹੋਣ ਦੇ ਹਾਲਤ ਪੈਦਾ ਹੋ ਗਏ ਹਨ। ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਔਰਤਾਂ ਦੀ ਸੰਖਿਆ ਮਰਦਾਂ ਤੋਂ ਵੱਧ ਹੈ ਅਤੇ ਵਿਗਿਆਨਕ ਕਾਰਨ ਕਰਕੇ ਔਰਤਾਂ ਦੀ ਗਿਣਤੀ ਲਗਾਤਾਰ ਕਿਉਂ ਘਟਦੀ ਜਾ ਰਹੀ ਹੈ? ਇਸ ਦਾ ਕਾਰਨ ਸਪੱਸ਼ਟ ਹੈ। ਇਹ ਦੇਸ਼ 'ਚ ਵੱਡੇ ਪੈਮਾਨੇ 'ਤੇ ਲੜਕੀਆਂ ਦੀ ਹੱਤਿਆ ਕੀਤੀ ਜਾ ਰਹੀ ਹੈ। ਗਰਭ ਵਿੱਚ ਹੀ ਲਿੰਗ ਜਾਂਚ ਕਰਵਾ ਕੇ ਕੰਨਿਆ ਭਰੂਣ ਨੂੰ ਕਤਲ ਕਰਨ ਦਾ ਕੰਮ ਅੱਜ ਸਾਡੇ ਦੇਸ਼ 'ਚ ਇਕ ਰੁਜ਼ਗਾਰ ਦਾ ਰੂਪ ਲੈ ਚੁੱਕਿਆ ਹੈ। ਭਾਰਤੀ ਸਮਾਜ 'ਚ ਪੁਰਾਣੇ ਜਮਾਨੇ ਤੋਂ ਹੀ ਲੜਕੀਆਂ ਭਿਅੰਕਰ ਦੁਰਦਸ਼ਾ ਦਾ ਸ਼ਿਕਾਰ ਹੁੰਦੀਆਂ ਰਹੀਆਂ ਹਨ। ਮਨੁੱਖੀ ਹੱਤਿਆ ਕਰਨ ਵਾਲੇ ਅਜਿਹੇ ਕਤਲ ਗਾਹ ਅੱਜ ਤਕ ਵਿੱਚ ਭਾਰੀ ਗਿਣਤੀ 'ਚ ਚਲ ਰਹੇ ਹਨ। ਇਹਨਾਂ ਨੂੰ 'ਮੁਕਤੀ ਕਲੀਨਿਕ' ਦਾ ਨਾਂ ਦਿੱਤਾ ਜਾਂਦਾ ਹੈ। ਅਪਾਣੀਆਂ ਧੀਆਂ ਤੋਂ ਮੁਕਤੀ ਦਿਵਾਉਣ ਵਾਲੇ ਕਲੀਨਿਕ ਇਹ ਕੰਨਿਆ ਭਰੂਣ ਹੱਤਿਆ ਦਾ ਕੰਮ ਬਿਲਕੁਲ ਪੇਸ਼ਾਵਰ ਅੰਦਾਜ ਨਾਲ ਕਰਦੇ ਹਨ। ਵੱਖ-ਵੱਖ ਉਮਰ ਦੇ ਭਰੂਣਾ ਦੀ ਹੱਤਿਆ ਲਈ ਉਹਨਾਂ ਦੇ ਰੇਟ ਵੀ ਵੱਖ-ਵੱਖ ਹੁੰਦੇ ਹਨ। ਡਾਕਟਰ ਨੂੰ ਸਮਾਜ 'ਚ ਰੱਬ ਦਾ ਦੂਜਾ

ਰੂਪ ਮੰਨਿਆ ਜਾਂਦਾ ਹੈ ਪਰ ਅੱਜ ਕਿੰਨੇ ਹੀ ਅਜਿਹੇ ਡਾਕਟਰ ਹਨ ਜਿਨ੍ਹਾਂ ਨੂੰ 500-700 ਰੁਪਿਆਂ ਲਈ ਅਣਜੰਮੀਆਂ ਬੱਚੀਆਂ ਦੀ ਹੱਤਿਆ ਕਰਨ 'ਚ ਜਰਾ ਜਿੰਨੀ ਵੀ ਹਿਚਕ ਨਹੀਂ ਹੁੰਦੀ। ਜੇਲ ਵਿੱਚ ਫਾਂਸੀ ਦੇਣ ਵਾਲੇ ਕਲਕਤਾ ਦੇ ਜਲਾਦ ਨੇ ਆਪਣੀ ਇੰਟਰਵਿਊ 'ਚ ਕਿਹਾ ਸੀ ਕਿ ਜਦ ਕਿਸੇ ਨੂੰ ਫਾਂਸੀ ਦੇਣ ਦਾ ਹੁਕਮ ਹੁੰਦਾ ਹੈ ਤਾਂ ਮੈਂ ਬਹੁਤ ਪ੍ਰੇਸ਼ਾਨ ਹੋ ਜਾਂਦਾ ਹਾਂ ਅਤੇ ਬੜੀ ਮੁਸ਼ਕਿਲ ਨਾਲ ਆਪਣੇ ਆਪ ਨੂੰ ਸਮਝਾਉਣ 'ਚ ਸਫਲ ਹੁੰਦਾ ਹਾਂ ਕਿ ਇਸ ਆਦਮੀ ਨੇ ਅਜਿਹਾ ਗਲਤ ਕੰਮ ਕੀਤਾ ਹੈ ਇਸ ਲਈ ਸਾਡਾ ਕੰਮ ਜਾਇਜ਼ ਹੈ ਪਰ ਜਿਸ ਬੱਚੀ ਨੇ ਅਜੇ ਤਕ ਦੁਨੀਆਂ 'ਚ ਅੱਖ ਹੀ ਨਹੀਂ ਖੋਹਲੀ ਉਸ ਨੇ ਇਨਸਾਨੀਅਤ ਖਿਲਾਫ ਕੀ ਅਪਰਾਧ ਕੀਤਾ ਹੈ? ਕੀ ਲੜਕੀ ਹੋਣਾ ਹੀ ਉਸ ਦਾ ਅਪਰਾਧ ਹੈ? ਪਤਾ ਨਹੀਂ ਕਿਸ ਪੱਥਰ ਦਾ ਦਿਲ ਰੱਖਦੇ ਹਨ ਇਹ ਲੋਕ ਮਾਂ ਬਾਪ ਤੇ ਡਾਕਟਰ ਜੋ ਅਜਿਹਾ ਸੰਗੀਨ ਅਪਰਾਧ ਕਰਦੇ ਹਨ। 4-5 ਮਹੀਨੇ ਪਿਛੋਂ ਜੇ ਉਹੀ ਭਰੂਣ ਲੜਕੀ ਦੇ ਰੂਪ 'ਚ ਜਨਮ ਲੈ ਕੇ ਇਸ ਦੁਨੀਆਂ 'ਚ ਆਉਂਦੀ ਤੇ ਫਿਰ ਉਸੇ ਡਾਕਟਰ ਨੂੰ ਉਸ ਲੜਕੀ ਦੀ ਹੱਤਿਆ ਕਰਨ ਨੂੰ ਕਿਹਾ ਜਾਂਦਾ ਤਾਂ ਕੀ ਉਹ ਅਜਿਹਾ ਅਪਰਾਧ ਕਰ ਸਕਦਾ? ਹੈਰਾਨੀ ਨਹੀਂ ਹੋਵੇਗੀ ਜੇ ਕੋਈ ਵੱਧ ਫੀਸ ਲੈ ਕੇ ਅਜਿਹਾ ਕਰ ਵੀ ਦਿੰਦਾ। ਇਹਨਾਂ ਡਾਕਟਰਾਂ ਤੋਂ ਵੀ ਵੱਡੇ ਅਪਰਾਧੀ ਹਨ ਇਜ਼ਤਦਾਰ ਮਾਂ-ਬਾਪ ਜੋ ਆਪਣੀ ਹੀ ਔਲਾਦ ਦੀ ਹੱਤਿਆ ਦਾ ਠੇਕਾ ਦਿੰਦੇ ਹਨ। ਕਲਪਨਾ ਚਾਵਲਾ ਤੇ ਸੁਨੀਤਾ ਵਿਲੀਅਮ ਦੇ ਭਾਰਤੀ ਮੂਲ ਦਾ ਹੋਣ 'ਤੇ ਉਹ ਝੂਠਾ ਮਾਣ ਕਰਦੇ ਹਨ ਪਰ ਉਹਨਾਂ ਦੇ ਘਰ ਲੜਕੀ ਜਨਮ ਲਵੇ ਤਾਂ ਉਹਨਾਂ ਨੂੰ ਬਰਦਾਸ਼ਤ ਨਹੀਂ। ਸਰਸਵਤੀ ਵਜੋਂ ਔਰਤ ਨੂੰ ਗਿਆਨ ਤੇ ਵਿਦਿਆ ਦਾ ਸਰੋਤ ਮੰਨਦੇ ਹਨ ਤੇ ਉਸ ਦੇ ਕਿਤੇ ਗਿਆਨ ਤੋਂ ਲੱਖਾਂ 'ਸਰਸਵਤੀਆਂ' ਦੀ ਹੱਤਿਆ ਕਰਦੇ ਹਨ। ਕੀ ਠੰਡੇ ਦਿਮਾਗ ਨਾਲ ਸੋਚ ਸਮਝ ਕੇ ਕਰਵਾਈਆਂ ਜਾਣ ਵਾਲੀਆਂ ਇਹ ਹੱਤਿਆਵਾਂ ਇਨਸਾਨੀਅਤ ਖਿਲਾਫ ਅਪਰਾਧ ਨਹੀਂ ਹਨ? ਜ਼ਮਾਨਾ ਬਦਲ ਗਿਆ ਪਰ ਸਾਡੇ ਸਮਾਜ 'ਚ ਪਿੱਤਰਸੱਤਾ ਦੀ ਅੱਜ ਵੀ ਅਸੀਂ ਪੁਤਰ ਲਾਲਸਾ 'ਚ ਅੰਨੇ ਹੋ ਕੇ ਲੜਕੀਆਂ ਦੀ ਹੱਤਿਆ ਕਰਦੇ ਹਾਂ। ਕੀ ਠੰਡੇ ਦਿਮਾਗ ਨਾਲ ਸੋਚ ਸਮਝ ਕੇ ਕਰਵਾਈਆਂ ਜਾਣ ਵਾਲੀਆਂ ਇਹ ਹੱਤਿਆਵਾਂ ਔਰਤ ਪ੍ਰਤੀ ਅਪਰਾਧ ਨਹੀਂ ਹਨ? ਸਾਡੇ ਸਮਾਜ 'ਚ ਅੱਜ ਵੀ ਔਰਤ ਨੂੰ ਦੋਮ ਦਰਜੇ ਦਾ ਪ੍ਰਾਣੀ ਸਮਝਿਆ ਜਾਂਦਾ ਹੈ। ਔਰਤ ਚਾਹੇ ਗ੍ਰਹਿਣੀ ਹੋਵੇ ਜਾਂ ਕੰਮ ਕਾਜੀ ਔਰਤ, ਉਸ ਨੂੰ ਮਰਦਾਂ ਦੇ ਤਰ੍ਹਾਂ ਤਰ੍ਹਾਂ ਦੇ ਸ਼ੋਸ਼ਣਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਸਭ ਤੋਂ ਵੱਧ ਕਸ਼ਟ ਦਾ ਇਕ ਤਾਂ ਇਹ ਹੈ ਕਿ ਜੋ ਔਰਤਾਂ ਪੜ੍ਹੀਆਂ ਲਿਖੀਆਂ ਹਨ ਤੇ ਦੇਸ਼-ਦੁਨੀਆਂ ਨੂੰ ਸਮਝਣ ਦੀ ਚੇਤਨਾ ਰੱਖਦੀਆਂ ਹਨ ਉਹ ਵੀ ਸਮਾਜ 'ਚ ਪਿੱਤਰੀ ਸੱਤਾ ਅਧੀਨ ਮਰਦਾਵੇ ਦਾਬੇ ਨੂੰ ਪ੍ਰਵਾਨ ਕਰ ਰਹੀਆਂ ਹਨ। ਇਥੋਂ ਤਕ ਕਿ ਔਰਤ ਵਰਗ ਤੋਂ ਜਨਮ ਲੈਣ ਤਕ ਦਾ ਅਧਿਕਾਰ ਵੀ ਖੋਹਿਆ ਜਾ ਰਿਹਾ ਹੈ ਅਤੇ ਉਹ ਸਭ ਕੁਝ ਸਮਝਦੀਆਂ ਹੋਈਆਂ ਵੀ ਚੁੱਪ ਹਨ। ਸਾਰੀ ਕਿਸਮ ਦੀਆਂ ਅਪਰਾਧ ਭਾਵਨਾਵਾਂ ਤੇ ਕੁਸ਼ਠਾਵਾਂ ਨਾਲ ਗ੍ਰਹਿਸਤ ਅਤੇ ਔਰਤ ਨੂੰ ਇਕ ਭੋਗਣ ਦੀ ਵਸਤੂ ਸਮਝਣ ਵਾਲੇ ਭਾਰਤੀ ਸਮਾਜ 'ਚ ਲਗਾਤਾਰ ਘਟਦਾ ਲਿੰਗ ਅਨੁਪਾਤ ਇਕ ਕੋਹੜ 'ਚ ਖਾਰਸ਼ ਵਰਗੀ ਹਾਲਤ ਪੈਦਾ ਕਰ ਰਿਹਾ ਹੈ। ਦੇਸ਼ਾਂ 'ਚ ਜਿਨ੍ਹਾਂ ਕਰੋੜਾਂ ਨੌਜਵਾਨਾਂ ਦੀ ਸ਼ਾਦੀ ਨਹੀਂ ਹੋ ਜਾਂਦੀ। ਉਹ ਇਕ ਅਸਾਧਾਰਨ ਤੇ ਬੀਮਾਰ ਜੀਵਨ ਜਿਉਣ ਲਈ ਮਜ਼ਬੂਰ ਹੁੰਦੇ ਹਨ।

ਇਸ ਕਾਰਨ ਉਹਨਾਂ ਔਰਤ ਯੌਨ ਅਪਰਾਧ ਤੇ ਲਕੜਸਿਰੀ ਮਾਨਸਿਕਤਾ ਦੀ ਰੁਝਾਣ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਦੂਜੇ ਪਾਸੇ ਸ਼ਾਦੀ ਦੇ ਨਾਂ 'ਤੇ ਅੱਜ ਦੂਰ ਦਰਾੜੇ ਇਲਾਕਿਆਂ ਤੋਂ ਲੜਕੀਆਂ ਮੁੱਲ ਲਿਆਂਦੀਆਂ ਜਾਂਦੀਆਂ ਹਨ। ਉਹ ਨਰਕੀ ਜਿੰਦਗੀ ਜਿਉਣ ਲਈ ਮਜ਼ਬੂਰ ਹਨ। ਉਹ ਲੜਕੀਆਂ ਉਥੋਂ ਦੀ ਭਾਸ਼ਾ ਰੀਤੀ ਰਿਵਾਜ ਤੇ ਸਭਿਆਚਾਰ ਜੀਵਨ ਜਾਂਚ ਤੋਂ ਬਿਲਕੁਲ ਕੋਰੀਆਂ ਹੁੰਦੀਆਂ ਹਨ। ਇਹਨਾਂ ਲੜਕੀਆਂ ਦੇ ਮਾਪਿਆਂ ਦੀ ਵੀ ਆਰਥਿਕ ਸਥਿਤੀ ਅਜਿਹੀ ਨਹੀਂ ਹੁੰਦੀ ਕਿ ਉਹ ਅਖੌਤੀ ਸ਼ਾਦੀ ਪਿਛੋਂ ਇਹ ਪਤਾ ਕਰ ਸਕਣ ਕਿ ਉਹਨਾਂ ਦੀਆਂ ਧੀਆਂ ਕਿਸ ਹਾਲ ਵਿੱਚ ਹਨ। ਆਪਣੀ ਜਨਮ ਭੂਮੀ ਤੋਂ ਉਜੜੀਆਂ ਇਹ ਲੜਕੀਆਂ ਬਹੁਤੀਆਂ ਤਾਂ ਵੇਸ਼ਵਾਬ੍ਰਿਤੀ ਦੇ ਧੰਦੇ 'ਚ ਧੱਕ ਦਿੱਤੀਆਂ ਜਾਂਦੀਆਂ ਹਨ ਅਤੇ ਬਹੁਤਿਆਂ ਤੋਂ ਬੰਦਕ ਮਜ਼ਦੂਰਾਂ ਦਾ ਕੰਮ ਲਿਆ ਜਾਂਦਾ ਹੈ। ਜਿਨਾਂ ਲੜਕੀਆਂ ਨਾਲ ਸ਼ਾਦੀ ਕਰ ਲਈ ਜਾਂਦੀ ਹੈ ਉਹਨਾਂ ਦੀ ਜਿੰਦਗੀ ਵੀ ਪੂਰੇ ਪਰਿਵਾਰ ਦੀ ਲੁੱਟ ਸਹਿੰਦੀ ਰਹਿੰਦੀ ਹੈ। ਜਿਥੇ ਆਪਣੇ ਹੀ ਇਲਾਕੇ ਦੀਆਂ ਲੜਕੀਆਂ ਦਾ ਸਹੁਰਿਆਂ 'ਚ ਲੁੱਟ-ਘਸੁੱਟ ਹੁੰਦੀ ਹੈ ਉਥੇ ਘੱਟ ਦਹੇਜ ਲਿਆਉਣ ਕਰਕੇ ਨਵ-ਵਿਆਹੀ ਨੂੰ ਜਿਉਂਦਿਆਂ ਹੀ ਸਾੜ ਦਿੱਤਾ ਜਾਂਦਾ ਹੈ। ਉਥੇ ਦੂਰ ਦਰਾਡੇ ਇਲਾਕਿਆਂ ਤੋਂ ਖਰੀਦ ਕੇ ਲਿਆਦੀਆਂ ਔਰਤਾਂ ਨਾਲ ਕੀ ਸਲੂਕ ਕੀਤਾ ਜਾਂਦਾ ਹੋਵੇਗਾ ਇਸ ਦਾ ਅੰਦਾਜਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਲਗਾਤਾਰ ਘਟਦੇ ਲਿੰਗ ਅਨੁਪਾਤ ਨਾਲ ਪੈਦਾ ਹੋਈ ਨੌਜਵਾਨਾ ਦੀ ਸ਼ਾਦੀ ਦੀ ਸਮੱਸਿਆ ਔਰਤਾਂ ਵਿਰੁੱਧ ਹੋਣ ਵਾਲੇ ਅਪਰਾਧਾਂ ਤੋਂ ਇਲਾਵਾ ਹੋਰ ਵੀ ਕਈ ਭਿਅੰਕਰ ਅਪਰਾਧਾਂ ਦੇ ਵਾਧੇ ਦਾ ਕਾਰਨ ਬਣ ਰਹੀਆਂ ਹਨ। ਪੱਛਮੀ ਉਤਰ ਪ੍ਰਦੇਸ਼ ਵਿੱਚ ਜਮੀਨ ਦੇ ਲਾਲਚ 'ਚ ਗੈਰ ਸ਼ਾਦੀਸ਼ੁਦਾ ਆਦਮੀ (ਛੜੇ) ਦੀਆਂ ਹੱਤਿਆਵਾਂ ਦੀ ਘਟਨਾਵਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਪਿਛਲੇ ਦਿਨ ਮੁਜਫਰ ਨਹਾਰ ਜਿਲੇ 'ਚ ਇਸ ਪ੍ਰਕਾਰ ਦੀਆਂ ਹੱਤਿਆਵਾਂ ਦੀਆਂ ਘਟਨਾਵਾਂ 'ਚ ਇਨ੍ਹਾਂ ਜ਼ਿਆਦਾ ਵਾਧਾ ਹੋ ਗਿਆ ਹੈ ਕਿ ਜ਼ਿਲਾ ਪੁਲਿਸ ਮੁਖੀ ਨੂੰ ਇਹ ਸਖਤ ਹੁਕਮ ਦੇਣਾ ਪਿਆ ਕਿ ਹਰ ਥਾਣਾ ਮੁਖੀ ਆਪਣੇ ਇਲਾਕ 'ਚ ਰਹਿਣ ਵਾਲੇ ਗੈਰ ਸ਼ਾਦੀ ਸ਼ੁਦਾ ਵਿਅਕਤੀਆਂ ਤੋਂ ਮਹੀਨੇ ਵਾਰ ਆਪ ਜਾ ਕੇ ਮਿਲਣ ਨਾਲ ਹੀ ਜੇ ਕਿਸੇ ਥਾਣੇ 'ਚ ਇਸ ਤਰ੍ਹਾਂ ਦਾ ਕਤਲ ਹੁੰਦਾ ਹੈ ਤਾਂ ਥਾਣਾ ਮੁਖੀ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਸਮਾਜ 'ਚ ਹੋਣ ਵਾਲੀ ਅਪਰਾਧਕ ਘਟਨਾ ਇਕੱਲੀ ਕਹਿਰੀ ਨਹੀਂ ਹੁੰਦੀ। ਇਸ ਦੀਆਂ ਜੜ੍ਹਾ ਸਮਾਜ ਦੇ ਕਈ ਲੋਕਾਂ ਵਿਚਕਾਰ ਦੇ ਆਮ ਸਮਾਜਿਕ ਰਿਸ਼ਤਿਆਂ ਨੂੰ ਖਤਮ ਕਰਕੇ ਉਹਨਾਂ ਦਰਮਿਆਨ ਨਫਰਤ ਪੈਦਾ ਕਰਦਾ ਹੈ। ਇਸ ਕਾਰਨ ਸਮਾਜ ਦੇ ਅੰਦਰੂਨੀ ਏਕਤਾ ਕਮਜੋਰ ਹੁੰਦੀ ਹੈ ਤੇ ਸਮਾਜ ਟੁੱਟਣ ਵੱਲ ਵਧਦਾ ਹੈ। ਸਾਡੇ ਸਮਾਜ 'ਚ ਜਾਤੀ ਧਰਮ, ਖੇਤਰ, ਭਾਸ਼ਾ ਵਰਗੀਆਂ ਵੰਡਾਂ ਕਾਰਨ ਲੋਕਾਂ 'ਚ ਏਕਤਾ ਪਹਿਲਾਂ ਤੋਂ ਹੀ ਕਮਜ਼ੋਰ ਹੈ। ਇਸ ਦੇ ਨਾਲ ਹੀ ਘਟਦੇ ਅਨੁਪਾਤ ਕਾਰਨ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ।

ਔਰਤ ਨੂੰ ਸਿਰਫ ਭੋਗਣ ਦੀ ਵਸਤੂ ਸਮਝਣ ਵਾਲੀ ਪਿੱਤਰਸੱਤਾ ਵਾਦੀ ਮੱਧਯੁਗੀ ਮਾਨਸਿਕਤਾ ਪੂਰੇ ਸਮਾਜ ਦੀ ਹੋਂਦ ਲਈ ਖਤਰਾ ਬਣਦੀ ਜਾ ਰਹੀ ਹੈ। ਕੀ ਅੱਜ ਸਾਡੇ ਸਮਾਜ ਦੇ ਬੇਟੇ-ਬੇਟੀਆਂ ਦੀ ਗਰਮ ਖ਼ੂਨ ਦੀ ਥਾਂ ਠੰਡਾ ਬਰਫੀਲਾ ਪਾਣੀ

ਦੌੜ ਰਿਹਾ ਹੈ? ਇਨਕਲਾਬ ਤਾਂ ਦੂਰ ਅੱਜ ਸਾਡੇ ਵਿਚਕਾਰ ਇਸ ਬੁਰਾਈ ਖਿਲਾਫ ਲੜਨ ਵਾਲਾ ਕੋਈ ਰਾਜਾ ਰਾਮਮੋਹਨ ਰਾਏ ਵੀ ਨਹੀਂ ਦਿਸਦਾ। ਜਿਹਨਾਂ ਨੇ ਅੱਜ ਤੋਂ 150 ਸਾਲ ਪਹਿਲਾਂ 'ਸਤੀ ਪ੍ਰਥਾ' ਵਰਗੀਆਂ ਘ੍ਰਿਣਿਤ ਪ੍ਰਥਾਵਾਂ' ਖਿਲਾਫ ਸੰਘਰਸ਼ ਕਰਕੇ ਉਹਨਾਂ ਨੂੰ ਖਤਮ ਕਰ ਦਿੱਤਾ ਸੀ। ਇਸ ਸਮੱਸਿਆ ਦੇ ਹੱਲ ਦੀ ਅਸੀਂ ਕਿਸ ਤੋਂ ਉਮੀਦ ਕਰ ਸਕਦੇ ਹਾਂ ਕੀ ਉਹਨਾਂ ਤੋਂ ਜੋ ਸਿਰਫ ਵੋਟਾਂ ਲੈਣ ਵੇਲੇ ਹੀ ਆਪਣਾ ਮੂੰਹ ਵਿਖਾਉਂਦੇ ਹਨ ਅਤੇ ਸੰਸਦ 'ਚ ਬੈਠ ਕੇ ਆਪਣਾ ਲੋਕਾਂ ਵਿਰੁੱਧ ਸਾਜਿਸ਼ਾਂ ਰਚਦੇ ਹਨ? ਜਾਂ ਉਹਨਾਂ ਗੈਰ ਸਰਕਾਰੀ ਸੰਸਥਾਵਾਂ ਤੋਂ ਜੋ ਦੇਸ਼ੀ ਵਿਦੇਸ਼ੀ ਫੰਡ ਦੇ ਲਾਲਚ ਵਿੱਚ ਹਨ ਸਮਾਜਿਕ ਬੁਰਾਈ ਨੂੰ ਕਮਾਈ ਦਾ ਧੰਦਾ ਕਰਦੇ ਹਨ? ਕੀ ਅਸੀਂ ਇਹਨਾਂ ਤੋਂ ਇਸ ਸਮਾਜਿਕ ਬੁਰਾਈ ਨੂੰ ਖਤਮ ਕਰਨ ਦੀ ਉਮੀਦ ਕਰੀਏ?

ਆਪਣੇ ਸ਼ੁੱਧ ਸੁਆਰਥਾਂ 'ਤੇ ਸੀਮਾਵਾਂ ਕਾਰਨ ਅਜਿਹੀਆਂ ਸੰਸਥਾਵਾਂ ਜਾਂ ਅਜਿਹੇ ਲੋਕ ਸਮਾਜ 'ਚ ਡੂੰਘਾਈ ਤਕ ਜੜ੍ਹਾ ਜਮਾਈ ਬੈਠੀ ਇਸ ਪਿੱਤਰਸੱਤਾ ਵਾਦੀ ਦੀ ਮਾਨਸਿਕਤਾ ਨੂੰ ਖਤਮ ਨਹੀਂ ਕਰ ਸਕਦੇ। ਔਰਤ ਨੂੰ ਭੋਗਣ ਯੋਗ ਵਸਤੂ ਵਜੋਂ ਪੇਸ਼ ਕਰਨ ਵਾਲੀ ਸਮਾਜਿਕ ਸਮੱਸਿਆ ਦਾ ਹੱਲ ਇਸ ਦੇਸ਼ ਦੇ ਚੇਤੰਨ ਲੋਕਾਂ ਰਹੀਂ ਹੀ ਸੰਭਵ ਹੈ। ਜਦ ਤਕ ਅਸੀਂ ਸਮੱਸਿਆ ਮੂਹਰੇ ਆਪਣੇ ਆਪ ਨੂੰ ਇਕੱਲਾ ਸਮਝਦੇ ਹਾਂ। ਪਰ ਜਿਸ ਦਿਨ ਅਸੀਂ ਆਪਣੇ ਘਰ ਤੋਂ ਬਾਹਰ ਸਮਾਜ 'ਚ ਲੋਕਾਂ ਨਾਲ ਜੁੜਾਂਗੇ ਤਾਂ ਸਾਨੂੰ ਸਾਡੀ ਸੋਚ ਵਾਲੇ ਅਨੇਕਾਂ ਹੋਰ ਲੋਕ ਮਿਲ ਜਾਣਗੇ। ਇਹਨਾਂ ਸਾਰਿਆਂ ਦੀ ਇਕ ਜਥੇਬੰਦੀ ਬਣ ਸਕਦੀ ਹੈ। ਜੋ ਸਮਾਜ ਨੂੰ ਝੰਜੋੜ ਸਕੇ। ਇਹ ਜ਼ਿੰਮੇਵਾਰੀ ਵੱਧ ਚੇਤੰਨ ਤੇ ਪੜੀਆਂ ਲਿਖੀਆਂ ਔਰਤਾਂ 'ਤੇ ਆਉਂਦੀ ਹੈ। ਅਜਿਹੇ ਕੰਮ 'ਚ ਉਹਨਾਂ ਅਜਿਹੇ ਮਰਦਾਂ ਦਾ ਸਹਿਯੋਗ ਵੀ ਲੈਣਾ ਹੋਵੇਗਾ ਜੋ ਸਮਾਜ 'ਚ ਮੌਜੂਦ ਗੈਰ ਬਰਾਬਰੀ ਤੇ ਪਿਛੜੇਪਣ ਦੇ ਖਿਲਾਫ ਹਨ ਤਾਂ ਹੀ ਸਮਾਜ 'ਚ ਮਜ਼ਦੂਰ ਜਮਾਤ ਦੀ ਸਿਆਸਤ ਨੂੰ ਪ੍ਰਣਾਈ ਇਕ ਪਾਰਟੀ ਦੀ ਅਗਵਾਈ 'ਚ ਇਕ ਤਬਦੀਲੀ ਦੀ ਲਹਿਰ ਉਠੇਗੀ ਅਤੇ ਔਰਤ-ਮਰਦ ਦੀ ਬਰਾਬਰੀ ਦਾ ਜ਼ਮਾਨਾ ਆਏਗਾ।

# ਆਤਮ ਹੱਤਿਆਵਾਂ ਅਤੇ ਕਿਸਾਨ

ਸ਼ਾਹਕਾਰਾਂ ਤੇ ਬੈਂਕਾਂ ਦੇ ਕਰਜ਼ਾ ਮੋੜਨ ਦੇ ਚੱਕਰ ’ਚ ਪੁੱਤਾਂ ਦੇ ਖੁਸਣ ਦਾ ਦਰਦ ਕੀ ਹੁੰਦਾ ਹੈ ਇਹ ਜਾਣਨਾ ਹੋਵੇ ਤਾਂ ਆਪ ਪੰਜਾਬ ਦੇ ਫਿਰੋਜ਼ਪੁਰ ਜ਼ਿਲੇ ਦੇ ਪਾਂਕਾ ਪਿੰਡ ਆਓ। ਇਸ ਪਿੰਡ ਨੇ ਕਰਜ਼ੇ ਦੇ ਜਾਲ ’ਚ ਫਸੇ ਆਪਣੇ 100 ਮਰਦਾਂ ਨੂੰ ਤੜਪਦਿਆਂ ਤੇ ਜਹਾਲਤ ਵਿਚਕਾਰ ਇਕ ਤੋਂ ਬਾਅਦ ਇਕ ਨੂੰ ਜਾਂਦਿਆਂ ਵੇਖਿਆ ਹੈ। ਕਈ ਦਰਜਨ ਮਾਵਾਂ ਨੇ ਅਪਾਣੈ ਜਿਗਰ ਦੇ ਟੁਕੜਿਆਂ ਨੂੰ ਧੂ-ਧੂ ਕੇ ਜਲਦੇ ਹੋਏ ਅੱਖਾਂ ਦੇ ਸਾਹਮਣੇ ਵੇਖਿਆ ਪਿੰਡ ’ਚ ਡੇਢ ਦਰਜਨ ਘਰ ਐਸੇ ਹਨ ਜਿਨ੍ਹਾਂ ’ਚ ਮਰਦਾਂ ਦੇ ਨਾਂ ’ਤੇ ਛੋਟੇ-ਛੋਟੇ ਬੱਚੇ ਹੀ ਰਹਿ ਗਏ ਹਨ ਅਤੇ ਜਿਨ੍ਹਾਂ ਨੂੰ ਪਾਲਦੀਆਂ ਹਨ ਮਿਹਨਤ ਮਜ਼ਦੂਰੀ ਕਰਕੇ ਉਨ੍ਹਾਂ ਦੀਆਂ ਮਾਵਾਂ ਪੁੱਤਾਂ ਦੀ ਯਾਦ ’ਚ ਰੋ-ਰੋ ਕੇ ਅੱਖਾਂ ਗੁਆ ਚੁੱਕੀਆਂ ਉਨ੍ਹਾਂ ਦੀਆਂ ਬੁੱਢੀਆਂ ਦਾਦੀਆਂ। ੳ, ਅ, ੲ ਸਿੱਖਣ ਦੀ ਉਮਰ ’ਚ ਬੱਚੇ ਖੇਤਾਂ ’ਚ ਮਜ਼ਦੂਰੀ ਕਰਦੇ ਹਨ। ਅਪਾਣੇ ਗੱਭਰੂ ਜਵਾਨ ਪੁੱਤਾਂ ‘ਸੁਰਜੀਤ ਸਿੰਘ ਤੇ ਅਮਰ ਸਿੰਘ’ ਨੂੰ ਗੁਆ ਚੁੱਕੀ 70 ਸਾਲ ਦੀ ਜੱਟ ਸਿੱਖ ਪਿਆਰ ਕੌਰ ਕਹਿੰਦੀ ਹੈ ਸੁਣਿਆ ਹੈ ਅਖੇ ਸਾਡਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਾਰੇ ਦਾ ਹੀ ਹੈ। ਪਰ ਸਾਡੀ ਤਾਂ ਸੁਣਨ ਵਾਲਾ ਕੋਈ ਨਹੀਂ ਪਹਿਲਾਂ ਛੋਟੀ ਉਮਰ ’ਚ ਮੇਰਾ ਪਤੀ ਚਲਾ ਗਿਆ ਤੇ ਫਿਰ ਦੋ ਜੁਆਨ ਮੁੰਡੇ ਹੁਣ ਤਾਂ ਰੋਟੀ ਵੀ ਪੂਰੀ ਨਹੀਂ ਹੁੰਦੀ। ਬੈਂਕ ਅਤੇ ਆੜਤੀਆਂ ਦਾ ਕਰਜ਼ਾ ਖਾ ਗਿਆ ਮੇਰੇ ਜਵਾਨ ਪੁੱਤਾਂ ਨੇ ‘ਕਰਜ਼ਾ ਲੈ ਕੇ ਧੀ ਦੀ ਸ਼ਾਦੀ ਕੀਤੀ, ਪੂਰੇ ਪਿੰਡ ’ਚ ਫਸਲ ਚੰਗੀ ਹੋਈ ਪਰ ਸਾਨੂੰ ਕਪਾਹ ਦਾ ਬੀਜ ਧੋਖਾ ਦੇ ਗਿਆ।”

ਅਗਲੀ ਕਹਾਣੀ ਹੈ ਇਸ ਪਿੰਡ ਦੀ 65 ਸਾਲ ਮਹਿੰਦਰ ਕੌਰ ਦੀ। ਕਰਜ਼ੇ ਕਾਰਨ ਮਹਿੰਦਰ ਕੌਰ ਦੇ ਪਤੀ ਗੁਰਮੇਲ ਸਿੰਘ ਨੇ ਨੌਂ ਸਾਲ ਪਹਿਲਾਂ ਕੀਟਨਾਸ਼ਕ ਪੀ ਕੇ ਆਮਤ ਹੱਤਿਆ ਕਰ ਲਈ। ਹੁਣ ਜ਼ਮੀਨ ਗਹਿਣੇ ਹੈ। ਮਹਿੰਦਰ ਕੌਰ ਦੂਜਿਆਂ ਦੇ ਖੇਤਾਂ ਵਿਚ ਮਜ਼ਦੂਰੀ ਕਰਕੇ ਗੁਜ਼ਾਰਾ ਕਰਦੀ ਹੈ। ਵੀਰਪਾਲ ਕੌਰ ਉਪਰ ਇਸ ਸਾਲ 2 ਜਨਵਰੀ ਨੂੰ ਮੁਸੀਬਤਾਂ ਦਾ ਪਹਾੜ ਉਸ ਵਕਤ ਟੁੱਟ ਪਿਆ ਜਦ ਉਸ ਦੇ ਪਤੀ ਗੁਰਬਚਨ ਸਿੰਘ ਨੇ ਕੀਟਨਾਸ਼ਕ ਪੀ ਕੇ ਆਤਮ ਹੱਤਿਆ ਕਰ ਲਈ। ਕਰੀਬ 50 ਸਾਲ ਦੀ ਰਾਜ ਕੌਰ ਦੀ ਕਹਾਣੀ ਤਾਂ ਹੋਰ ਵੀ ਦਰਦ ਭਰੀ ਹੈ। ਉਸ ਦੇ ਪਤੀ ਤੇ ਪੰਜ ਛੋਟੀਆਂ ਬੱਚੀਆਂ ਦੇ ਪਿਤਾ ਪ੍ਰਗਟ ਸਿੰਘ ਇਸੇ ਸਾਲ ਤਿੰਨ ਫਰਵਰੀ ਨੂੰ ਫਾਂਸੀ ਲਾ ਕੇ ਆਮਤ ਹੱਤਿਆ ਕਰ ਲਈ। ਪਿੰਡ ਦੀ 3300 ਏਕੜ ਜ਼ਮੀਨ ਬੈਂਕਾਂ ਤੇ ਸ਼ਾਹੂਕਾਰਾਂ ਦੇ ਨਾਂ ਗਹਿਣੇ ਹੈ। ਸਿਰਫ ਸਰਪੰਚ ਤੇ ਦੋ ਹੋਰ ਪਰਿਵਾਰ ਅਜਿਹੇ ਹਨ ਜਿਨ੍ਹਾਂ ਦੀ ਜ਼ਮੀਨ ਉਨ੍ਹਾਂ ਕੋਲ ਸਲਾਮਤ ਹੈ। ਪੁਲਸ ਕੋਲ ਆਤਮ ਹੱਤਿਆ ਰਿਕਾਰਡ ਕਰਾਉਣ ਦੀ ਹਿੰਮਤ ਪੇਂਡੂ ਨਹੀਂ ਕਰ ਸਕਦੇ। ਹਾਲ ਹੀ ’ਚ ਤਰਸੇਮ ਨਾਂ ਦੇ ਬੰਦੇ ਦੀ ਆਤਮ ਹੱਤਿਆ ਦੀ ਸੂਚਨਾ ਪੁਲਸ ਨੂੰ ਦਿੱਤੀ ਤਾਂ ਪੁਲਸ ਦੇ ਚੱਕਰ ’ਚ ਤਿੰਨ ਦਿਨ ਤਕ ਲਾਸ਼ ਦਾ ਸੰਸਕਾਰ ਨਹੀਂ ਹੋ ਸਕਿਆ। ਮੁੱਖ ਮੰਤਰੀ ਦੇ ਭਤੀਜੇ ਤੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਕਹਿੰਦੇ ਹਨ “ਮਨਮੋਹਨ ਸਿੰਘ ਪੰਜਾਬ ਦਾ ਦਰਦ ਨਹੀਂ ਸਮਝਦੇ। ਪ੍ਰਧਾਨ ਮੰਤਰੀ ਬਣਨ ਪਿਛੋਂ ਉਨ੍ਹਾਂ ਨੇ ਪੰਜਾਬ ਦਾ ਲੋੜੀਂਦਾ ਹਿੱਸਾ ਵੀ ਨਹੀਂ ਦਿੱਤਾ,

ਅਸੀਂ ਕੇਂਦਰੀ ਅਨਾਜ ਪੂਲ ਵਿਚ 50% ਦਿੰਦੇ ਹਾਂ, ਉਨ੍ਹਾਂ ਦੇ ਮੁਕਾਬਲੇ ਸਾਨੂੰ ਬਹੁਤ ਘੱਟ ਮਿਲਦਾ ਹੈ। ਕਰਜ਼ਾ ਮੁਆਫੀ ਵਿਚ ਵੀ ਸਾਨੂੰ 1223 ਕਰੋੜ ਹਿੱਸਾ ਮਿਲਿਆ ਹੈ। ਕੇਂਦਰ ਵੀ ਇਸ ਲਈ ਘੱਟ ਜ਼ਿੰਮੇਵਾਰ ਨਹੀਂ ਹੈ।" ਅਧਿਐਨ ਕਰਨ ਵਾਲੇ ਗੁਰਪ੍ਰੀਤ ਸਿੰਘ ਮੁਤਾਬਕ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੇ ਪਰਿਵਾਰ ਅਸੁਰੱਖਿਅਤਾ ਦੇ ਭੈਅ ਨਾਲ ਗ੍ਰਸਿਤ ਹਨ।

ਪੰਜਾਬ 'ਚ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ 'ਤੇ ਹੋਏ ਦੇਸ਼ ਦੇ ਆਪਣੇ ਕਿਸਮ ਦੇ ਪਹਿਲੇ ਤੇ ਵਿਸਥਾਰਿਤ ਅਧਿਐਨ ਦੇ ਮੁਤਾਬਕ ਆਤਮ ਹੱਤਿਆ ਕਰਨ ਵਾਲਿਆਂ 'ਚ ਦੋ ਤਿਹਾਈ ਪੰਜਾਬ ਦੀ ਸ਼ਾਨ ਮੰਨੇ ਜਾਣ ਵਾਲੇ ਜੱਟ ਸਿੱਖ ਹਨ। ਪੰਜਾਬ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਵਿਭਾਗ ਵੱਲੋਂ ਕਰਵਾਏ ਗਏ ਅਧਿਐਨ ਮੁਤਾਬਕ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ 'ਚ 41.50 ਫੀਸਦੀ ਕਰਜ਼ੇ ਹੇਠ ਦਬੇ ਹਨ। ਅਧਿਐਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲਈ ਵੀ ਚੇਤਾਵਨੀ ਦੇਣ ਵਾਲਾ ਹੈ। ਅਧਿਐਨ ਪੰਜਾਬ ਦੇ ਮਾਲਵੇ ਦੇ ਉਸ ਇਲਾਕੇ 'ਤੇ ਹੋਇਆ ਹੈ ਜਿਥੋਂ ਦੇ ਬਾਦਲ ਰਹਿਣ ਵਾਲੇ ਹਨ ਅਤੇ ਜਿੱਥੋਂ ਉਹ ਚੋਣ ਲੜਦੇ ਹਨ।

ਸੰਗਰੂਰ, ਬਠਿੰਡਾ, ਮਾਨਸਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ 'ਤੇ ਹੋਏ ਅਧਿਐਨ ਪੰਜਾਬ ਸਰਕਾਰ ਵਲੋਂ ਕਿਸਾਨਾਂ ਲਈ ਗਠਿਤ ਸਲਾਹਕਾਰ ਸੰਮਤੀ ਦੇ ਪ੍ਰਧਾਨ ਪ੍ਰੋ. ਆਰ. ਐਸ. ਘੁੰਮਣ ਦੀ ਅਗਵਾਈ 'ਚ ਹੋਇਆ ਹੈ। ਆਤਮ ਹੱਤਿਆ ਕਰਨ ਵਾਲੇ 200 ਕਿਸਾਨਾਂ 'ਤੇ ਹੋਏ ਅਧਿਐਨ ਮੁਤਾਬਕ 79.50 ਫੀਸਦੀ ਕਿਸਾਨਾਂ ਨੇ ਆਰਥਿਕ ਤੰਗੀ ਕਾਰਨ ਜ਼ਿੰਦਗੀ ਨੂੰ ਅਲਵਿਦਾ ਕਹਿ ਦਿੱਤਾ। ਕੁਲ 38 ਫੀਸਦੀ ਕਿਸਾਨਾਂ ਨੇ ਫਸਲ ਬਰਬਾਦ ਹੋਣ ਅਤੇ ਕਰਜ਼ੇ ਕਾਰਨ ਆਤਮ ਹੱਤਿਆ ਕੀਤੀ ਹੈ। 11.50 ਫੀਸਦੀ ਕਿਸਾਨਾਂ ਨੇ ਕਰਜ਼ਾ ਨਾ ਚੁਕਾਉਣ 'ਤੇ ਸਮਾਜਿਕ ਬਦਨਾਮੀ ਕਾਰਨ ਆਤਮ ਹੱਤਿਆ ਦਾ ਰਾਹ ਚੁਣਿਆ। ਨਸ਼ੇ ਦੇ ਚਲਦਿਆਂ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੀ ਫੀਸਦੀ 9 ਹੈ, ਅਧਿਐਨ ਨੇ ਉਨ੍ਹਾਂ ਲੋਕਾਂ ਨੂੰ ਵੀ ਦਸ ਦਿੱਤਾ ਹੈ ਜੋ ਕਹਿੰਦੇ ਹਨ ਕਿ ਪੰਜਾਬ ਜ਼ਿਆਦਾਤਰ ਕਿਸਾਨਾਂ ਨੇ ਨਸ਼ੇ ਕਾਰਨ ਆਤਮ ਹੱਤਿਆ ਕੀਤੀ ਹੈ। ਛੋਟੀਆਂ ਹੁੰਦੀਆਂ ਜੋਤਾਂ ਵੀ ਆਤਮ ਹੱਤਿਆ ਦਾ ਵੱਡਾ ਕਾਰਨ ਹਨ। ਅਜਿਹੇ ਬਹੁਤੇ ਕਿਸਾਨਾਂ ਨੇ ਗੈਰ ਸੰਸਥਾਗਤ ਏਜੰਸੀਆਂ ਤੋਂ 24 ਤੋਂ 36 ਫੀਸਦੀ ਵਿਆਜ ਦਰ ਸਲਾਨਾ 'ਤੇ ਕਰਜ਼ਾ ਲਿਆ ਸੀ। ਕਰਜ਼ਦਾਰ ਕਿਸਾਨ ਘੱਟੋ-ਘੱਟ 2.70 ਲੱਖ ਰੁਪਏ ਕਰਜਾ ਸੀ। ਆਤਮ ਹੱਤਿਆ ਕਰਨ ਵਾਲਿਆਂ 'ਚੋਂ 29 ਫੀਸਦੀ ਨੇ ਬੇਟੀਆਂ ਦੀ ਸ਼ਾਦੀ ਲਈ ਟ੍ਰੈਕਟਰ 10 ਤੋਂ 75 ਹਜ਼ਾਰ ਤਕ ਘਾਟੇ ਵਿਚ ਵੇਚ ਦਿੱਤੇ। ਬਠਿੰਡੇ ਦੇ ਚੜ੍ਹਤ ਸਿੰਘ ਮੌੜ ਪਿੰਡ ਦੇ ਇਕ ਕਿਸਾਨ ਨੇ ਦੱਸਿਆ ਕਿ ਲੜਕੀ ਦਾ ਰਿਸ਼ਤਾ ਪੱਕਾ ਕਰਨ ਦਿੱਤਾ ਸੀ, ਲੜਕੇ ਵਾਲੇ ਰੋਜ਼ ਸ਼ਾਦੀ ਲਈ ਦਬਾਅ ਪਾ ਰਹੇ ਸਨ। ਮਜ਼ਬੂਰਨ ਬੈਂਕ ਤੋਂ ਕਰਜ਼ਾ ਲੈ ਕੇ ਟ੍ਰੈਕਟਰ ਖਰੀਦਿਆ, ਅਗਲੇ ਹੀ ਦਿਨ ਗੁਆਂਢੀ ਪਿੰਡ 'ਚ ਵੇਚ ਦਿੱਤਾ ਇਸ ਨਾਲ ਬੇਟੀ ਦੇ ਹੱਥ ਪੀਲੇ ਕਰ ਦਿੱਤੇ। ਚੜ੍ਹਤ ਸਿੰਘ ਮੌੜ ਦੇ ਡੇਢ ਦਰਜਨ ਤੋਂ ਵੱਧ ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਕਿਸਾਨ ਨੇਤਾ ਹਰਜਿੰਦਰ ਸਿੰਘ ਦੱਸਦੇ ਹਨ ਕਿ ਪਿੰਡ 'ਚ ਕਈ ਅਜਿਹੇ ਘਰ ਹਨ ਜਿਨ੍ਹਾਂ ਦੇ ਦੋ-ਦੋ ਬੇਟੇ ਕਰਜ਼ੇ ਦੀ ਬਲੀ ਚੜ੍ਹ ਗਏ ਹਨ। ਦੋ ਬੇਟੇ ਗੁਆਉਣ ਵਾਲੇ 76 ਸਾਲਾਂ ਦੇ ਬਿਹਾਰ ਸਿੰਘ ਦੀ ਹੱਡ ਬੀਤੀ ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਬਕੌਲ ਬਿਹਾਰੀ ਸਿੰਘ ਦੇ 1998 'ਚ

ਪਹਿਲੇ ਬੇਟੇ ਬਾਲ ਕੌਰ ਸਿੰਘ ਨੇ ਆਤਮ ਹੱਤਿਆ ਕਰ ਲਈ ਪਰ ਕਰਜ਼ਾ ਫਿਰ ਵੀ ਨਹੀਂ ਉਤਰਿਆ ਤਾਂ ਅਗਸਤ 2005 ਨੂੰ ਦੂਜੇ ਬੇਟੇ ਗੁਰਚਰਨ ਨੇ ਫਾਂਸੀ ਲੈ ਲਈ। ਭੋਗਾ ਸਿੰਘ ਦਾ ਦੁੱਖ ਵੇਖੀਏ ਬੇਟੇ ਗੁਰਮੇਲ ਸਿੰਘ ਨੇ 9 ਸਤੰਬਰ 2002 ਨੂੰ ਕੀਟਨਾਸ਼ਕ ਪੀ ਕੇ ਜੀਵਨ ਲੀਲਾ ਖਤਮ ਕਰ ਲਈ। ਕੁਝ ਹੀ ਦਿਨਾਂ 'ਚ ਬੇਟੇ ਦੀ ਬਹੂ ਆਪਣੇ ਦੋ ਸਾਲਾਂ ਦੇ ਬੇਟੇ ਨੂੰ ਛੱਡ ਪੇਕੇ ਚਲੀ ਗਈ ਅਤੇ ਦੂਜਾ ਵਿਆਹ ਕਰਵਾ ਲਿਆ। ਖੇਤੀ ਕਿਸਾਨਾਂ ਤੋਂ ਟੁੱਟੇ ਪਹਾੜ ਤੋਂ ਤਾਂ ਖੇਤ ਮਜ਼ਦੂਰ ਵੀ ਨਹੀਂ ਬਚ ਸਕੇ। ਦਲਿਤ ਖੇਤ ਮਜ਼ਦੂਰਾਂ ਨੂੰ ਦਿਹਾੜੀ ਮਿਲਣੀ ਬੰਦ ਹੋ ਗਈ ਤੇ ਉਹ ਦੁਕਾਨਦਾਰਾਂ ਦੇ ਜਾਲ ਵਿਚ ਫਸ ਗਏ। ਸੱਠ ਸਾਲ ਦੇ ਦਲਿਤ ਮਜ਼ਦੂਰ ਮੇਜਰ ਸਿੰਘ ਬੇਟੇ ਬਲਵਿੰਦਰ ਨੇ 23 ਸਾਲ ਦੀ ਉਮਰ ਵਿਚ ਸ਼ਾਦੀ ਤੋਂ ਕੁਝ ਦਿਨ ਬਾਅਦ ਆਤਮ ਹੱਤਿਆ ਕਰ ਲਈ। ਮੇਜਰ ਸਿੰਘ ਦੱਸਦੇ ਹਨ "ਅਜੇ ਸ਼ਾਦੀ ਕੀਤੀ ਹੀ ਸੀ, ਸ਼ਾਦੀ ਦਾ ਕਰਜ਼ਾ ਸਿਰ 'ਤੇ ਸੀ, ਲੈਣਦਾਰ ਦਾ ਰੋਜ਼ ਤਕਾਜਾ ਸੀ। 25 ਦਸੰਬਰ ਸਵੇਰੇ ਬਲਵਿੰਦਰ ਨੇ ਰੇਲਗੱਡੀ ਹੇਠ ਆ ਕੇ ਆਤਮ ਹੱਤਿਆ ਕਰ ਲਈ। ਬਲਵਿੰਦਰ ਦੀ ਪਤਨੀ ਸੁਖਬੀਰ ਦੀ ਸ਼ਾਦੀ ਪਿਛੋਂ ਉਸ ਦੇ ਦਿਉਰ ਨਾਲ ਕਰ ਦਿੱਤੀ। ਪਿੰਡ ਦੇ ਮਜ਼ਦੂਰ ਟਹਿਲ ਸਿੰਘ ਦੇ ਦੋ ਬੇਟੇ ਬੀਰ ਸਿੰਘ ਤੇ ਸੰਧੂਰਾ ਸਿੰਘ ਨੇ ਫਾਹਾ ਲੈ ਲਿਆ। 48.48 ਖੇਤ ਮਜ਼ਦੂਰਾਂ ਨੇ ਕਰਜ਼ਾ ਲੈ ਕੇ ਬੇਟੇ-ਬੇਟੀਆਂ ਦੇ ਹੱਥ ਪੀਲੇ ਕੀਤੇ। ਜਦ 42.42 ਕਿਸਾਨਾਂ ਨੇ ਮਕਾਨ ਬਣਾਇਆ। ਆਤਮ ਹੱਤਿਆ ਸਮੇਂ ਖੇਤ ਮਜ਼ਦੂਰਾਂ ਤੇ ਕ੍ਰਮਵਾਰ ਕਰਜ਼ਾ ਕਮਰਸ਼ੀਅਲ ਸੰਗਤੀਆਂ ਦਾ 8704 ਤੇ ਆੜਤੀਆਂ ਦਾ 42.167 ਰੁਪਏ ਸੀ। ਆਤਮ ਹੱਤਿਆ ਕਰਨ ਵਾਲੇ 80 ਫੀਸਦੀ ਕਿਸਾਨਾਂ ਦੀ ਉਮਰ 18 ਤੋਂ 45 ਸਾਲ ਸੀ। ਉਹ ਛੋਟੇ ਤੇ ਦਰਮਿਆਨੇ ਕਿਸਾਨ ਸਨ। ਕਰਜ਼ੇ ਕਾਰਨ ਹਰਕਿਸ਼ਨਪੁਰਾ ਪਿੰਡ ਪੂਰਾ ਵਿਕਾਊ ਹੈ,। ਇਥੋਂ ਦਾ ਤਾਂ ਹਰ ਪਸ਼ੂ ਵੀ ਕਰਜ਼ੇ ਹੇਠ ਹੈ। ਮੱਲ ਸਿੰਘ ਵਾਲੇ ਦਾ ਵੀ ਇਹੋ ਹਾਲ ਹੈ। ਅਜਿਹੇ ਸੈਂਕੜੇ ਪਿੰਡ ਹਨ। ਬੈਂਕ ਪ੍ਰਬੰਧਕਾਂ ਤੇ ਆੜਤੀਆਂ ਨੇ ਉਨ੍ਹਾਂ ਨੂੰ ਜਨਾਤਕ ਤੌਰ 'ਤੇ ਪਿੰਡ 'ਚ ਬੇਇੱਜ਼ਤ ਕੀਤਾ। ਕਰਜ਼ੇ ਕਾਰਨ ਕਿਸਾਨਾਂ ਨੂੰ ਜ਼ਮੀਨ ਵੇਚਣੀ ਪਈ ਅਤੇ ਬਾਅਦ 'ਚ ਮਜ਼ਦੂਰੀ ਕਰਦਿਆਂ ਉਹ ਹੀਣਭਾਵਨਾ ਦਾ ਸ਼ਿਕਾਰ ਹੋ ਗਏ। ਪੰਜਾਬ ਦੀ ਕਿਸਾਨੀ ਤੇ ਜਵਾਨੀ ਦੋਵੇਂ ਖਤਮ ਹੋਣ ਕੰਢੇ ਹਨ। ਸਰਕਾਰ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਕਰਨਾ ਚਾਹੁੰਦੀ ਹੈ।

# ਡੇਰਾ ਮੁਖੀ ਅਤੇ ਸਿੱਖ ਸੰਗਤ

ਮਈ 2007 ’ਚ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ ਅਤੇ ਸਿੱਖਾਂ ਵਿਚਕਾਰ ਤਿੱਖੀਆਂ ਹਿੰਸਕ ਝੜਪਾਂ ਹੋਈਆਂ। ਝੜਪਾਂ ਦੀ ਸ਼ੁਰੂਆਤ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵੱਲੋਂ ਸਿੱਖਾਂ ਦੇ ਆਖਰੀ ਗੁਰੂ ਦਾ ਸਵਾਂਗ ਰਚਣ ਪਿੱਛੋਂ ਹੋਈ। ਇਸ ਕਾਰਵਾਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਾਰ ਦਿੱਤਾ। ਅਕਾਲ ਤਖ਼ਤ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਇਕ ‘ਹੁਕਮਨਾਮਾ’ ਜਾਰੀ ਕੀਤਾ, ਜਿਸ ’ਚ ਆਦੇਸ਼ ਸੀ ਕਿ ਸਾਰੇ ਸਿੱਖ ਡੇਰਾ ਸੱਚਾ ਸੌਦਾ ਦਾ ਬਾਈਕਾਟ ਕਰਨ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਲਟੀਮੇਟਮ ਦਿੱਤਾ ਕਿ ਦਸ ਦਿਨਾਂ ਅੰਦਰ ਗੁਰਮੀਤ ਸਿੰਘ ਨੂੰ ਗ੍ਰਿਫਤਾਰ ਕਰੋ। ਇਨ੍ਹਾਂ ਸਾਰੀਆਂ ਗੱਲਾਂ ਨੇ ਅੱਗ ’ਚ ਘਿਓ ਦਾ ਕੰਮ ਕੀਤਾ ਅਤੇ ਲੋਕਾਂ ਦੇ ਦਿਮਾਗ ’ਚ ਪੰਜਾਬ ’ਚ ਅੱਤਵਾਦ ਦੀ ਯਾਦ ਤਾਜ਼ਾ ਹੋ ਗਈ। ਹੁਣ ਵੀ ਝੜਪਾਂ ਅਤੇ ਬੰਦ ਨਹੀਂ ਹੋਈਆਂ। ਡੇਰਾ ਮੁਖੀ ਦੇ ਅੰਗ ਰੱਖਿਅਕ ਵੱਲੋਂ ਮੁੰਬਈ ’ਚ ਕੀਤੀ ਗੋਲੀਬਾਰੀ ਨਾਲ ਇਕ ਸਿੱਖ ਦੀ ਮੌਤ ਅਤੇ ਹਰਿਆਣਾ ਦੇ ਮੰਡੀ ਡੱਬਵਾਲੀ ਕਸਬੇ ’ਚ ਡੇਰਾ ਪੈਰੋਕਾਰਾਂ ਵੱਲੋਂ ਇਕ ਹੋਰ ਸਿੱਖ ਨੌਜਵਾਨ ਦਾ ਕਤਲ ਹੋਣ ਨਾਲ ਝਗੜਾ ਹੋਰ ਅੱਗੇ ਵਧ ਰਿਹਾ ਹੈ। ਇਸ ਲਈ ਡੇਰਾ ਮੁਖੀ ਤੇ ਸਿੱਖਾਂ ਵਿਚਕਾਰ ਝਮੇਲੇ ਦੀ ਡੂੰਘਾਈ ਨਾਲ ਛਾਣਬੀਣ ਕਰਨੀ ਬਣਦੀ ਹੈ ਤਾਂ ਕਿ ਦੇਖਿਆ ਜਾ ਸਕ ਕਿ ਇਨ੍ਹਾਂ ਝੜਪਾਂ ਦੇ ਫੌਰੀ ਕਾਰਨਾਂ ਤੋਂ ਇਲਾਵਾ ਹੋਰ ਵੀ ਕਿਹੜੇ ਕਾਰਨ ਕੰਮ ਕਰਦੇ ਹਨ ਕਿ ਇਨ੍ਹਾਂ ਝੜਪਾਂ ਦੇ ਫੌਰੀ ਕਾਰਨਾਂ ਤੋਂ ਇਲਾਵਾ ਹੋਰ ਵੀ ਕਿਹੜੇ ਕਾਰਨ ਕੰਮ ਕਰਦੇ ਹਨ।

ਪੰਜਾਬ ’ਚ ਡੇਰਿਆਂ ਦੀ ਰਵਾਇਤ ਨਵੀਂ ਨਹੀਂ ਹੈ ਬਲਕਿ ਇਹ ਓਨੀ ਹੀ ਪੁਰਾਣੀ ਹੈ ਜਿੰਨੀ ਕਿ ਸਿੱਖ ਧਰਮ। ਇਤਿਹਾਸਕ ਗੁਰੂਆਂ ਦੇ ਕਾਲ ਵਿਚ ਵੀ ਉਦਾਸੀ ਮੀਨਾ, ਧੀਰ-ਮੱਲੀਏ, ਹੁੰਦਲੀ ਅਤੇ ਮਸੰਡੀ ਵੱਖ-ਵੱਖ ਡੇਰੇ ਹੋਂਦ ਵਿਚ ’ਚ ਆਏ। ਇਨ੍ਹਾਂ ਸਾਰੇ ਰਵਾਇਤੀ ਡੇਰਿਆਂ ਦੇ ਹੋਂਦ ਵਿਚ ਆਉਣ ਦਾ ਕਾਰਨ ਇਨ੍ਹਾਂ ਦੇ ਪੈਰੋਕਾਰਾਂ ਦੇ ਗੁਰੂ ਦੀ ਪਦਵੀ ਹਾਸਲ ਕਰਨ ’ਚ ਅਸਫਲਤਾ ਅਤੇ ਅਸੰਤੋਸ਼ ਸੀ। ਬਾਅਦ ਦੇ ਸਮੇਂ ਵਿਚ ਵੀ ਬੰਦਪੰਥੀ, ਨਾਨਕਪੰਥੀ, ਰੇਵਾ ਪੰਥੀ, ਭਕਤ ਪੰਥੀ, ਸੂਤਰਸ਼ਾਹੀ, ਗੁਲਾਜ ਦਾਸੀ, ਨਿਰਮਲੇ ਅਤੇ ਨਿਹੰਗਾਂ ਦੇ ਡੇਰੇ ਹੋਂਦ ਵਿਚ ਆਏ। ਪਰ ਇਨ੍ਹਾਂ ਡੇਰਿਆਂ ਅਤੇ ਪਿਛਲੀ ਸਦੀ ’ਚ ਪੈਦਾ ਹੋਏ ਡੇਰਿਆਂ ’ਚ ਇਕ ਮਹੱਤਵਪੂਰਨ ਫ਼ਰਕ ਹੈ ਕਿ ਪਹਿਲਾਂ ਵਾਲੇ ਡੇਰੇ ਕਦੀ ਵੀ ਦਲਿਤ ਲਾਮਬੰਦੀ ਦੇ ਕੇਂਦਰ ਨਹੀਂ ਬਣ ਸਕੇ। ਇਕ ਅਧਿਐਨ ਅਨੁਸਾਰ ਪੰਜਾਬ ਦੇ 12000 ਪਿੰਡਾਂ ’ਚ ਅੱਜ ਦੀ ਤਰੀਕ ਵਿਚ 9000 ਸਿੱਖ ਤੇ ਗੈਰ-ਸਿੱਖ ਡੇਰਿਆਂ ’ਚ ਵੱਖ-ਵੱਖ ਤਰ੍ਹਾਂ ਦੇ ਰੀਤੀ-ਰਿਵਾਜਾਂ ਦਾ ਪਾਲਣ ਕੀਤਾ ਜਾਂਦਾ ਹੈ। ਰਾਧਾਸੁਆਮੀ, ਸੱਚਾ-ਸੌਦਾ, ਨਿਰੰਕਾਰੀ, ਨਾਮਧਾਰੀ ਦਿਵਿਆ ਜੋਤੀ ਸੰਸਥਾਨ, ਭਨਿਆਰਾ ਵਾਲਾ ਅਤੇ ਰਵਿਦਾਸੀ ਸਭ ਤੋਂ ਵੱਧ ਹਰਮਨਪਿਆਰੇ ਗੈਰ-ਸਿੱਖ ਡੇਰਿਆਂ ਵਿਚੋਂ ਹਨ। ਇਨ੍ਹਾਂ ਡੇਰਿਆਂ ਦੀਆਂ ਸ਼ਾਖਾਵਾਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ’ਚ ਤਾਂ ਹਨ ਹੀ, ਕੁਝ ਦੀਆਂ ਬ੍ਰਾਂਚਾਂ ਤਾਂ ਵਿਦੇਸ਼ਾਂ ਵਿਚ ਵੀ ਹਨ। ਸਿੱਖ ਡੇਰਿਆਂ ਦੇ ਬਹੁਤੇ ਪੈਰੋਕਾਰ ਜਾਟ ਹਨ ਅਤੇ ਗੈਰ-ਸਿੱਖ ਡੇਰਿਆਂ ਦੇ ਜ਼ਿਆਦਾਤਰ

ਪੈਰੋਕਾਰ ਦਲਿਤ, ਪੱਛੜੀਆਂ ਜਾਤੀਆਂ ਤੇ ਗਰੀਬ ਜੱਟ ਸਿੱਖ ਕਿਸਾਨਾਂ ਵਿਚੋਂ ਹਨ। ਸਿੱਖ ਡੇਰਿਆਂ ਦਾ ਮੁੱਖੀ ਕੋਈ ਦਲਿਤ ਕਿਸੇ ਵੀ ਸੂਰਤ ਵਿਚ ਨਹੀਂ ਹੋ ਸਕਦਾ। ਸਿੱਖ ਡੇਰਿਆਂ 'ਚ ਦਲਿਤ ਵਿਅਕਤੀ ਵਧ ਤੋਂ ਵਧ ਹੇਠਾਂ ਸਮਝੇ ਜਾਣ ਵਾਲੇ ਕੰਮ ਜਾਂ ਗੁਰੂ ਗ੍ਰੰਥ ਸਾਹਿਰ ਦਾ ਪਾਠ ਜਾਂ ਕੀਰਤਨ ਕਰ ਸਕਦੇ ਹਨ। ਕੀਰਤਨ ਕਰਨ ਵਾਲਿਆਂ ਨੂੰ ਰਾਗੀ, ਪਾਠ ਕਰਨ ਵਾਲਿਆਂ ਨੂੰ ਗ੍ਰੰਥੀ ਤੇ ਨੌਕਰਾਂ ਵਰਗੇ ਕੰਮ ਕਰਨ ਵਾਲਿਆਂ ਨੂੰ ਸੇਵਾਦਾਰ ਕਿਹਾ ਜਾਂਦਾ ਹੈ। ਬਹੁਤ ਹੀ ਘੱਟ ਜੱਟ ਸਿੱਖ ਇਨ੍ਹਾਂ ਨੂੰ ਕੰਮਾਂ ਨੂੰ ਕਰਦੇ ਹਨ। ਸਿੱਖ ਡੇਰਿਆਂ 'ਚ ਸਿਰਫ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਜਦਕਿ ਗ਼ੈਰ-ਸਿੱਖ ਡੇਰਿਆਂ ਵਿਚ ਇਸ ਤੋਂ ਇਲਾਵਾ ਹੋਰ ਧਾਰਮਿਕ ਪੁਸਤਕਾਂ ਦਾ ਪਾਠ ਵੀ ਕੀਤਾ ਜਾਂਦਾ ਹੈ। ਮੂਰਤੀ ਪੂਜਾ ਤੇ ਇਨਸਾਨੀ ਗੁਰੂਆਂ ਪ੍ਰਤੀ ਭਗਤੀ ਸਬੰਧੀ ਗੈਰ-ਸਿੱਖ ਡੇਰਿਆਂ 'ਚ ਮਨਾਹੀ ਨਹੀਂ ਹੈ। ਸਿੱਖ ਧਰਮ ਦੇ ਗੁਰੂਆਂ ਨੇ ਜਾਤੀ ਤੇ ਕਿਰਿਆ ਕਰਮ ਤੋਂ ਮੁਕਤ ਬਰਾਬਰੀ ਵਾਲੇ ਸਮਾਜ ਦੀ ਕਲਪਨਾ ਕੀਤੀ ਸੀ। ਸਿੱਖ ਧਰਮ ਨੇ ਕੁਝ ਸ਼ੂਦਰ ਜਾਤੀਆਂ ਦੀ ਸਮਾਜਿਕ ਹੈਸੀਅਤ ਨੂੰ ਉਠਾਇਆ ਸੀ। ਜੱਟ ਜੋ ਕਿ ਹਿੰਦੂ ਧਰਮ ਅਨੁਸਾਰ ਸ਼ੂਦਰ ਮੰਨੇ ਜਾਂਦੇ ਸਨ, ਸਿੱਖ ਧਰਮ ਅਨੁਸਾਰ ਸ਼ੂਦਰ ਮੰਨੇ ਜਾਂਦੇ ਸਨ, ਸਿੱਖ ਧਰਮ 'ਚ ਭਾਰੂ ਜਾਤੀ ਵਜੋਂ ਸਥਾਪਤ ਹੋ ਗਏ। ਦਲਿਤ ਸਿੱਖ ਇਸ ਅੰਦਰ ਸਭ ਤੋਂ ਹੇਠਲੀ ਪੌੜੀ 'ਤੇ ਸਨ। ਅੱਜ ਵੀ ਇਹ ਗੁਰਦੁਆਰੇ ਦੇ ਮੁੱਖ ਕਮਰੇ 'ਚ ਬਿਨਾਂ ਰੋਕ-ਟੋਕ ਨਹੀਂ ਘੁੰਮ ਸਕਦੇ। ਦਲਿਤਾਂ ਦੇ ਘਰ ਪਿੰਡ ਦੇ ਮੁੱਖ ਹਿੱਸੇ ਦੇ ਬਾਹਰ ਹੁੰਦੇ ਹਨ। ਦਲਿਤਾਂ ਵੱਲੋਂ ਆਪਣੀ ਹੈਸੀਅਤ ਨੂੰ ਬੇਹਤਰ ਬਣਾਉਣ ਲਈ ਕਿਸੇ ਵੀ ਜੁਝਾਰੂ ਯਤਨ ਨੂੰ ਜੱਟ ਦੇ ਸਮਾਜਿਕ ਬਾਈਕਾਟ ਦਾ ਮੁਕਾਬਲਾ ਕਰਨਾ ਪੈਂਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਤੋਂ ਦੂਰ ਕਰਨ 'ਚ ਯੋਗਦਾਨ ਪਾਇਆ ਹੈ। ਪੰਜਾਬ 'ਚ ਦਲਿਤਾਂ ਦੇ ਉਭਾਰ ਦਾ ਆਪਣਾ ਵਿਕਾਸ ਕ੍ਰਮ ਰਿਹਾ ਹੈ ਜੋ ਕਿ ਜਾਤੀ ਪ੍ਰਬੰਧ ਦੇ ਕਮਜ਼ੋਰ ਪੈਣ ਅਤੇ ਟੁੱਟਣ ਦੇ ਨਾਲ-ਨਾਲ ਅੱਜ ਵੀ ਜਾਰੀ ਹੈ ਪੰਜਾਬ 'ਚ ਮਹਾਰਾਜਾ ਰਣਜੀਤ ਸਿੰਘ (1780-1839) ਦੇ ਰਾਜ ਭਾਗ 'ਚ ਜੱਟਾਂ ਦਾ ਉਭਾਰ ਹਾਕਮ ਜਮਾਤ ਦੇ ਮੁੱਖ ਹਿੱਸੇ ਵਜੋਂ ਹੋਇਆ। ਉਸ ਦੀ ਹਕੂਮਤ ਸਮੇਂ ਸਭ ਵਧ ਆਰਥਿਕ ਜਾਗੀਰਾਂ ਜੱਟ ਸਿੱਖਾਂ ਨੂੰ ਹਾਸਲ ਹੋਈਆਂ। 1857 ਦੇ ਪਹਿਲੇ ਆਜ਼ਾਦੀ ਸੰਗਰਾਮ ਦੀ ਸਿਪਾਹੀ ਬਗਾਵਤ ਨੂੰ ਕੁਚਲਣ 'ਚ ਬ੍ਰਿਟਿਸ਼ ਫੌਜ ਦੇ ਜੱਟ ਸਿੱਖ ਸਿਪਾਹੀਆਂ ਦੀ ਮੁੱਖ ਭੂਮਿਕਾ ਸੀ। ਬਗਾਵਤ ਦੇ ਕੁਚਲੇ ਜਾਣ ਪਿੱਛੋਂ ਜੱਟ ਸਿੱਖਾਂ ਲਈ 'ਸਿੱਖ ਰੈਜੀਮੈਂਟ' ਦੀ ਸਥਾਪਨਾ ਕੀਤੀ ਗਈ। ਫੌਜ ਦੀ ਨੌਕਰੀ ਤੋਂ ਹਾਸਲ ਆਮਦਨ ਦੀ ਵਰਤੋਂ ਜੱਟਾਂ ਨੇ ਆਪਣੀ ਆਰਥਿਕ ਹੈਸੀਅਤ ਸੁਧਾਰਨ 'ਚ ਕੀਤੀ। ਇਹੀ ਪ੍ਰਭਾਵ ਮਜ਼ਬ੍ਹੀ ਸਿੱਖਾਂ 'ਤੇ ਪਿਆ, ਜਿਸ ਸੰਬੰਧੀ ਸਿੱਖ ਰੈਜੀਮੈਂਟ ਤੋਂ ਬਿਲਕੁਲ ਵੱਖ 'ਸਿੱਖ ਲਾਈਟ ਇੰਫੈਂਟਰੀ' ਦੀ ਸਥਾਪਨਾ ਹੋਈ। ਦਲਿਤ ਸਿੱਖਾਂ ਦੀਆਂ ਦੋ ਸਭ ਤੋਂ ਵੱਧ ਜਾਤੀਆਂ ਮਜ਼ਬ੍ਹੀ ਦੇ ਰਾਮਦਾਸੀਏ ਹਨ। ਅੰਗਰੇਜ਼ਾਂ ਨੇ 1901 'ਚ ਪੰਜਾਬ ਲੈਂਡ ਏਲੀਵੇਸ਼ਨ ਐਕਟ' ਬਣਾਇਆ ਜਿਸ ਨੇ ਜੱਟਾਂ ਦੀ ਹੈਸੀਅਤ ਨੂੰ ਹੋਰ ਮਜ਼ਬੂਤ ਕੀਤਾ। ਇਸ ਕਾਨੂੰਨ ਤੇ ਤਹਿਤ ਖੇਤੀ ਦੀ ਜ਼ਮੀਨ ਸਿਰਫ ਕੁਝ ਜਾਤੀਆਂ ਹੀ ਖਰੀਦ ਸਕਦੀਆਂ ਸਨ ਜਾਂ ਲੈ ਸਕਦੀਆਂ ਸਨ। ਅੰਗਰੇਜ਼ਾਂ ਨੇ ਮੁੱਖ ਤੌਰ 'ਤੇ ਜੱਟਾਂ ਨੂੰ ਹੀ ਵਾਹੀਕਾਰ ਜਾਤੀਆਂ ਮੰਨਿਆ ਸੀ। ਹੇਠਲੀਆਂ ਜਾਤਾਂ ਪੈਸਾ ਹੋਣ 'ਤੇ ਵੀ ਜ਼ਮੀਨ ਨਹੀਂ ਖਰੀਦ ਸਕਦੀਆਂ ਸਨ। 1885-1940 ਦੇ ਦੌਰਾਨ ਅੰਗਰੇਜ਼ਾਂ ਨੇ ਕਨਾਲ ਕਾਲੋਨੀਆਂ ਦੀ ਉਸਾਰੀ ਕੀਤੀ। ਇਨ੍ਹਾਂ ਵਿਚੋਂ ਜ਼ਮੀਨ ਫਿਰ

ਜੱਟਾਂ ਨੂੰ ਹੀ ਹਾਸਲ ਹੋਈ ਪਰ ਹੇਠਲੀਆਂ ਜਾਤੀਆਂ ਇਨ੍ਹਾਂ ਕਾਲੋਨੀਆਂ ਦੇ ਆਮ ਮਜ਼ਦੂਰਾਂ ਦੀ ਲੋੜ 3,71,940 ਦੀ ਸੀ ਜੋ 1901 ਵਿਚ ਵਧ ਕੇ 8,32,689 ਹੋ ਗਈ। ਇਨ੍ਹਾਂ ਮਜ਼ਦੂਰ ਵਿਚ ਸਭ ਤੋਂ ਵਧ ਗਿਣਤੀ ਮਜ਼ਹਬੀ ਤੇ ਰਾਮਦਾਸੀਆਂ ਦੀ ਸੀ। ਅਜਿਹੇ ਰੁਜ਼ਗਾਰਾਂ ਨੇ ਜਾਤੀ ਆਧਾਰਤ ਪੇਸ਼ਿਆਂ ਤੋਂ ਦਲਿਤਾਂ ਨੂੰ ਮੁਕਤ ਕਰਵਾ ਕੇ ਜਾਤ-ਪਾਤ ਪ੍ਰਣਾਲੀ ਦੇ ਆਰਥਿਕ ਆਧਾਰ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਫੈਕਟਰੀਆਂ ਅਤੇ ਸ਼ਹਿਰਾਂ ਦੇ ਵਿਕਾਸ ਨੇ ਇਸ ਅਮਲ ਨੂੰ ਹੋਰ ਤੇਜ਼ ਕੀਤਾ। ਪਰ ਬ੍ਰਿਟਿਸ਼ ਹਾਕਮਾਂ ਦੀ ਪੂਰੀ ਇੱਛਾ ਜਾਤ-ਪਾਤ ਪ੍ਰਣਾਲੀ ਨੂੰ ਬਰਕਰਾਰ ਰੱਖਣ ਦੀ ਸੀ ਜੋ ਅੰਗਰੇਜ਼ੀ ਹਕੂਮਤ ਸਮੇਂ ਜਾਤੀ ਪ੍ਰਬੰਧ ਥੋੜ੍ਹਾ ਬਹੁਤ ਕਮਜ਼ੋਰ ਇੱਛਾ ਦੇ ਉਲਟ ਹੀ ਹੋਇਆ। ਦਲਿਤਾਂ 'ਚ ਉਭਰ ਰਹੇ ਮੱਧ ਵਰਗ ਨੇ ਇਸੇ ਦੌਰਾਨ ਸੁਧਾਰ ਅੰਦੋਲਨ ਨੂੰ ਜਨਮ ਦਿੱਤਾ। ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ 'ਚ ਆਦਿ ਧਰਮ ਅੰਦੋਲਨ ਹੋਇਆ, ਜਿਸ ਨੂੰ ਕੀ ਜੱਟਾਂ ਦੇ ਸਮਾਜਿਕ ਬਾਈਕਾਟ ਨੂੰ ਸਹਿਣਾ ਪਿਆ। 1947 ਪਿੱਛੋਂ ਹਕੂਮਤ ਹਾਸਲ ਕਰਨ ਵਾਲੀ ਭਾਰਤੀ ਹਾਕਮ ਜਮਾਤ ਨੇ ਵੀ ਜਾਤੀ ਪ੍ਰਣਾਲੀ ਨੂੰ ਮੁੱਢੋਂ ਖਤਮ ਕਰਨ ਦੀ ਬਜਾਏ ਹੌਲੀ-ਹੌਲੀ ਸੁਧਾਰਾਂ ਰਾਹੀਂ ਜਾਤੀ ਪ੍ਰਬੰਧ ਨੂੰ ਸਰਮਾਏਦਾਰੀ ਵਿਕਾਸ ਦੇ ਅਨੁਕੂਲ ਬਣਾਇਆ। ਪੰਜਾਬ ਹਰੇ ਇਨਕਲਾਬ ਨੂੰ ਲਾਗੂ ਕਰਨ ਵਾਲਾ ਮੋਹਰੀ ਰਾਜ ਰਿਹਾ ਹੈ। ਹਰੇ ਇਨਕਲਾਬ ਨੇ ਪੰਜਾਬ 'ਤੇ ਖੇਤੀ ਨੂੰ ਪੂਰੀ ਤਰ੍ਹਾਂ ਬਾਜ਼ਾਰ 'ਤੇ ਆਧਾਰਿਤ ਕਰ ਦਿੱਤਾ। ਖੇਤਾਂ 'ਚ ਕੰਮ ਕਰਨ ਵਾਲੇ ਲੋਕਾਂ 'ਚ ਵੱਡੀ ਗਿਣਤੀ ਦਲਿਤਾਂ ਦੀ ਸੀ। ਦਲਿਤ ਖੇਤ ਮਜ਼ਦੂਰਾਂ ਤੇ ਮੁਜਾਰਿਆਂ ਨੇ ਆਰਥਿਕ ਆਜ਼ਾਦੀ ਲਈ ਸੰਘਰਸ਼ ਕਰਨਾ ਸ਼ੁਰੂ ਕੀਤਾ।

ਕਈ ਵਾਰੀ ਜਦ ਤੱਕ ਜ਼ਮੀਨ ਮਾਲਕਾਂ ਨੇ ਮਜ਼ਦੂਰੀ ਨਹੀਂ ਵਧਾਈ, ਉਨ੍ਹਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ। ਖੇਤੀ ਤੇ ਮਸ਼ੀਨੀਕਰਨ ਅਤੇ ਦੇਸ਼ ਦੇ ਪਿਛਲੇ ਇਲਾਕਿਆਂ ਤੋਂ ਮਜ਼ਦੂਰਾਂ ਦੇ ਪ੍ਰਵਾਸ ਨੇ ਮਜ਼ਦੂਰੀ ਘਟਾਉਣ ਦਾ ਵੀ ਕੁਝ ਕੰਮ ਕੀਤਾ। ਹੁਣ ਖੇਤੀ 'ਚ ਸਾਲਾਨਾ 75 ਦਿਨਾਂ ਤੋਂ ਵਧ ਦਾ ਰੁਜ਼ਗਾਰ ਨਹੀਂ ਸੀ। ਹੁਣ ਪੰਜਾਬ ਦੇ ਦਲਿਤ ਮਜ਼ਦੂਰਾਂ ਨੂੰ ਰੁਜ਼ਗਾਰ ਲਈ ਹੋਰ ਖੇਤਰ ਲੱਭਣੇ ਪਏ। ਇਸ ਨੇ ਪ੍ਰਭਾਵਸ਼ਾਲੀ ਜਾਤੀਆਂ 'ਤੇ ਉਨ੍ਹਾਂ ਦੀ ਨਿਰਭਰਤਾ ਨੂੰ ਥੋੜ੍ਹਾ ਘੱਟ ਵੀ ਕੀਤਾ ਤੇ ਉਨ੍ਹਾਂ ਅੰਦਰ ਆਤਮ ਸਨਮਾਨ ਦੀ ਕੁਝ ਭਾਵਨਾ ਵੀ ਜਗਾਈ। ਇਸ ਦੌਰਾਨ ਪੂੰਜੀਵਾਦੀ ਵਿਕਾਸ ਅਤੇ ਸਰਕਾਰੀ ਨੌਕਰੀਆਂ 'ਚ ਰਾਖਵੇਂਕਰਨ ਨੇ ਦਲਿਤ 'ਚ ਮੱਧ ਵਰਗ ਦਾ ਆਕਾਰ ਵਧਾਇਆ ਅਤੇ ਇਕ ਨਵੀਂ ਪੂੰਜੀਵਾਦੀ ਜਮਾਤ ਨੇ ਸੱਤਾ 'ਚ ਆਪਣੀ ਹਿੱਸੇਦਾਰੀ ਵਧਾਉਣ ਲਈ ਦਲਿਤ ਚੇਤਨਾ ਦੀਪ ਵਰਤੋਂ ਕੀਤੀ ਅਤੇ ਦਲਿਤ ਮਜ਼ਦੂਰਾਂ-ਮਿਹਨਤਕਸ਼ਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਦਲਿਤ ਚੇਤਨਾ ਵਧਾਉਣ ਅਤੇ ਆਰਥਿਕ ਮਜ਼ਦੂਰੀ ਤੇ ਬੇਹਤਰ ਕੰਮ ਦੀ ਹਾਲਾਤ ਲਈ ਦਲਿਤਾਂ ਦੀ ਮੰਗ ਨੇ ਉਨ੍ਹਾਂ 'ਤੇ ਹੋਣ ਵਾਲੇ ਜਬਰ ਨੂੰ ਕਈ ਗੁਣਾ ਵਧਾ ਦਿੱਤਾ। ਪਿਛਲੇ ਕੁਝ ਸਾਲਾਂ 'ਚ ਸ਼ਾਇਦ ਹੀ ਅਜਿਹਾ ਕੋਈ ਦਿਨ ਲੰਘਦਾ ਹੋਵੇਗਾ, ਜਿਸ ਦਿਨ ਪੰਜਾਬ 'ਚ ਕਿਸੇ ਦਲਿਤ ਦਾ ਸਮਾਜਿਕ ਬਾਈਕਾਟ ਨਾ ਹੋਇਆ ਹੋਵੇ। ਦਲਿਤਾਂ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਲਈ ਬੇਰਹਿਮ ਮਾਰਕੁੱਟ ਤੇ ਔਰਤਾਂ ਨਾਲ ਬਲਾਤਕਾਰ ਦਾ ਮੁਕਾਬਲਾ ਵੀ ਕਰਨਾ ਪੈਂਦਾ ਹੈ। ਇਹ ਸਾਰੀਆਂ ਚੀਜ਼ਾਂ ਮਿਲ ਕੇ ਅਜਿਹੇ ਬਾਰੂਦ ਦਾ ਕੰਮ ਕਰ ਰਹੀਆਂ ਹਨ, ਜਿਸ ਨੂੰ ਸਮੇਂ-ਸਮੇਂ ਸਿਰ ਕੋਈ ਵੀ ਚੰਗਿਆੜੀ ਵਿਸਫੋਟ 'ਚ ਤਬਦੀਲ ਕਰ ਸਕਦੀ

ਹੈ। ਇਨ੍ਹਾਂ ਸਾਰੇ ਵਿਸਫੋਟਾਂ 'ਚ ਅਕਸਰ ਝਗੜੇ ਦੀ ਸ਼ੁਰੂਆਤ ਸਥਾਨਕ ਸੱਤਾ ਦੀਆਂ ਬਣਤਰਾਂ 'ਚ ਹਿੱਸੇਦਾਰੀ ਖਾਤਿਰ ਹੁੰਦੀ ਹੈ। ਪਿੰਡ ਦੀ ਸਮੂਹਿਕ ਜ਼ਮੀਨ 'ਚ ਹਿੱਸੇਦਾਰੀ ਧਾਰਮਿਕ ਸੰਸਥਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਦੀ ਮੈਂਬਰਸ਼ਿਪ, ਪੰਚਾਇਤੀ ਰਾਜ ਸੰਸਥਾਵਾਂ 'ਚ ਦਾਖਲਾ ਆਦਿ ਕਾਰਨ ਹੋਣ ਵਾਲੇ ਝਮੇਲੇ ਜੱਟ-ਦਲਿਤ ਟਕਰਾਅ ਦਾ ਰੂਪ ਲੈ ਲੈਂਦੇ ਹਨ। ਇਨ੍ਹਾਂ ਅਣਗਿਣਤ ਛੋਟੇ ਟਕਰਾਵਾਂ ਤੋਂ ਇਲਾਵਾ ਪਿਛਲੇ ਕੁਝ ਸਾਲਾਂ 'ਚ ਤਿੰਨ ਵੱਡੀਆਂ ਘਟਨਾਵਾਂ ਦੀ ਜਾਣ-ਪਹਿਚਾਣ ਮੌਜੂਦਾ ਡੇਰਾ ਸੱਚਾ ਸੌਦਾ ਵਿਵਾਦ ਨੂੰ ਸਮਝਣ ਲਈ ਜ਼ਰੂਰੀ ਹੈ। ਇਹ ਤਿੰਨ ਘਟਨਾਵਾਂ ਹਨ : ਭਨਿਆਰਾ ਵਾਲਾ ਘਟਨਾਕ੍ਰਮ, ਤੱਲ੍ਹਣ ਘਟਨਾ ਅਤੇ ਮੇਹਮ ਕਾਂਡ। 2001 'ਚ ਪੰਜਾਬ ਦੇ ਇਕ ਡੇਰੇ ਦੇ ਮੁੱਖੀ ਪਿਆਰਾ ਸਿੰਘ ਭਨਿਆਰਾ ਨੇ ਗੁਰੂ ਗੋਬਿੰਦ ਸਿੰਘ ਦੀ ਨਕਲ ਕਰਦਿਆਂ ਉਨ੍ਹਾਂ ਦੀ ਡਰੈਸ (ਵਰਦੀ) 'ਚ ਘੋੜੇ ਦੀ ਸਵਾਰੀ ਕੀਤੀ। ਭਨਿਆਰਾ ਨੇ ਆਦੇਸ਼ ਦਿੱਤਾ ਕਿ ਉਨ੍ਹਾਂ ਦੇ ਲੜਕਿਆਂ ਨੂੰ ਗੁਰੂ ਦੇ ਲੜਕਿਆਂ ਵਾਂਗ 'ਸਾਹਿਬਜ਼ਾਦਾ' ਬੁਲਾਇਆ ਜਾਵੇ। ਉਸ ਨੇ 2004 ਪੰਨਿਆਂ ਦਾ ਇਕ ਵੱਖਰਾ ਗ੍ਰੰਥ ਤੇ ਭਵਸਾਗਰ ਸਮੁੰਦਰ ਲਿਖਿਆ। ਇਸ ਸਭ ਕੁਝ ਨੇ ਪੰਜਾਬ 'ਚ ਝੜਪਾਂ ਦੀ ਇਕ ਲੜੀ ਨੂੰ ਜਨਮ ਦਿੱਤਾ। ਭਨਿਆਰਾ ਜੋ ਕਿ ਖੁਦ ਇਕ ਮਜ੍ਹਬੀ ਸਿੱਖ ਹੈ, ਉਸ ਦੇ ਕਈ ਹਮਾਇਤੀ ਪੰਜਾਬ 'ਚ ਰਾਜਨੀਤੀ ਦੇ ਗਲਿਆਰਿਆਂ ਦੇ ਵੱਡੇ ਖਿਡਾਰੀ ਹਨ। ਉਸ ਦੇ ਪੰਥ ਦੀ ਹਮਾਇਤ ਕਰਨ ਵਾਲਿਆਂ ਵਿਚ ਬੂਟਾ ਸਿੰਘ ਦਾ ਭਾਣਜਾ ਤੇ ਸਾਬਕਾ ਵਿਧਾਇਕ ਜੋਗਿੰਦਰ ਸਿੰਘ ਮਾਨ ਛੇ ਵਾਰੀ ਵਿਧਾਇਕ ਬਣਿਆ ਅਤੇ ਸਾਬਕਾ ਮੰਤਰੀ ਗੁਰਦੇਵ ਸਿੰਘ ਬਾਦਲ ਸਭ ਮਜ੍ਹਬੀ ਸਿੱਖ ਹਨ। ਇਸ ਲਈ ਭਨਿਆਰਾ ਵਾਲਾ ਕਾਂਡ ਨੇ ਜੱਟ-ਦਲਿਤ ਝਗੜੇ ਦਾ ਰੂਪ ਲੈ ਲਿਆ।

ਤੱਲ੍ਹਣ ਦੀ ਘਟਨਾ ਇਕ ਗੁਰਦੁਆਰੇ ਦੀ ਪ੍ਰਬੰਧਕੀ ਸੰਮਤੀ 'ਚ ਦਲਿਤਾਂ ਦੇ ਦਾਖਲੇ ਨੂੰ ਲੈ ਕੇ ਸੀ। ਤੱਲ੍ਹਣ ਦੇ ਜੱਟਾਂ, ਜੋ ਕਿ ਪਿੰਡਾਂ ਦੀ ਆਬਾਦੀ ਦਾ 25 ਫੀਸਦੀ ਹਨ, ਕੋਲ ਪਿੰਡ ਦੀ ਜ਼ਿਆਦਾਤਰ ਖੇਤੀਯੋਗ ਜ਼ਮੀਨ ਹੈ। ਇਸ ਗੁਰਦੁਆਰੇ ਦੀ ਪ੍ਰਬੰਧਕੀ ਸੰਮਤੀ 'ਤੇ ਜੱਟਾਂ ਦਾ ਕਬਜ਼ਾ ਚੱਲਿਆ ਆ ਰਿਹਾ ਸੀ। ਪਿੰਡ 'ਚ ਦਲਿਤਾਂ ਦੀ ਬਹੁਗਿਣਤੀ (72 ਫੀਸਦੀ) ਹੋਣ ਦੇ ਬਾਵਜੂਦ ਉਨ੍ਹਾਂ ਨੂੰ ਗੁਰਦੁਆਰੇ ਦੀ ਪ੍ਰਬੰਧਕੀ ਸੰਮਤੀ ਤੋਂ ਬਾਹਰ ਰੱਖਿਆ ਗਿਆ। ਪ੍ਰਬੰਧਕੀ ਸੰਮਤੀ 'ਚ ਦਲਿਤਾਂ ਦੇ ਦਾਖਲੇ ਦੀਆਂ ਕੋਸ਼ਿਸ਼ਾਂ ਨੂੰ ਜੱਟਾਂ ਨੇ ਅਸਫਲ ਕਰ ਦਿੱਤਾ। ਜਨਵਰੀ 2003 'ਚ ਇਸ ਨੇ ਜੱਟਾਂ ਤੇ ਦਲਿਤਾਂ ਵਿਚਾਲੇ ਖੁੱਲ੍ਹੇ ਝਗੜੇ ਦਾ ਰੂਪ ਲੈ ਲਿਆ।

ਮੇਹਮ ਕਾਂਡ ਦੀ ਤੱਲ੍ਹਣ ਕਾਂਡ ਨਾਲ ਮਿਲਦਾ ਜੁਲਦਾ ਹੈ। ਮੇਹਮ 'ਚ ਝਗੜੇ ਦਾ ਕਾਰਨ ਖਜ਼ਾਨ ਸਿੰਘ ਉਦਾਸੀ ਦੇ ਡੇਰੇ ਨੂੰ ਜੱਟਾਂ ਵੱਲੋਂ ਜਬਰਨ ਕਬਜ਼ੇ 'ਚ ਲੈਣ ਦਾ ਸੀ। ਇਸ ਡੇਰੇ ਦੀ ਦੇਖ-ਰੇਖ ਪਿਛਲੇ ਛੇ ਦਹਾਕਿਆਂ ਤੋਂ ਅਧਰਮੀ ਕਰ ਰਹੇ ਸਨ। ਜੱਟਾਂ ਨੇ ਡੇਰੇ ਦੇ ਸਾਰੇ ਉਦਾਸੀ ਪ੍ਰਤੀਕਾਂ ਨੂੰ ਸਥਾਪਤ ਕੀਤਾ ਅਤੇ ਡੇਰੇ 'ਚ ਸ਼ਰਾਬ ਚੜ੍ਹਾਉਣ ਅਤੇ ਭਗਤਾਂ 'ਚ ਉਸ ਨੂੰ ਪ੍ਰਸ਼ਾਦ ਵਜੋਂ ਵੰਡਣ ਦੀ ਪ੍ਰਥਾ 'ਤੇ ਇਤਰਾਜ਼ ਕੀਤਾ। ਜੱਟਾਂ ਵੱਲੋਂ ਡੇਰੇ ਨੂੰ ਕਬਜ਼ੇ ਵਿਚ ਲੈਣ ਦਾ ਕਾਰਨ ਜ਼ਮੀਨ ਦੀ ਵਧਦੀ ਕੀਮਤ ਅਤੇ ਡੇਰੇ 'ਚ ਪਿਛਲੇ ਕੁਝ ਸਾਲਾਂ 'ਚ ਪ੍ਰਵਾਸੀ ਪੰਜਾਬੀਆਂ ਵੱਲੋਂ ਵੱਡੀ ਮਾਤਰਾ 'ਚ ਚੜ੍ਹਾਏ ਜਾ ਰਹੇ ਚੜ੍ਹਾਵੇ ਸਨ। ਇਹ ਝਗੜਾ ਪੁਲਿਸ ਦੇ ਦਖਲ ਦੀ ਵਜ੍ਹਾ ਨਾਲ ਅੱਗੇ ਨਹੀਂ ਵਧਿਆ, ਸਗੋਂ ਕੇਸ ਅਜੇ ਵੀ ਅਦਾਲਤ 'ਚ ਹੈ।

ਇਨ੍ਹਾਂ ਘਟਨਾਵਾਂ ਦੀ ਅਗਲੀ ਕੜੀ ਵਜੋਂ ਡੇਰਾ ਸੱਚਾ ਸੌਦਾ ਵਿਵਾਦ ਹੈ। ਡੇਰਾ ਸੱਚਾ ਸੌਦਾ ਦੀ ਸਥਾਪਨਾ 1948 'ਚ ਬਲੋਚਿਸਤਾਨ ਤੋਂ ਆਏ ਇਕ ਸ਼ਰਨਾਰਥੀ ਸ਼ਿਆਮ ਮਸਤਾਨਾ ਵੱਲੋਂ ਕੀਤੀ ਗਈ ਸੀ। ਫਰਵਰੀ 2007 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਡੇਰਾ ਸੱਚਾ ਸੌਦਾ ਦੇ ਸੱਤ ਮੈਂਬਰੀ 'ਪੁਲੀਟੀਕਲ ਮਾਮਲੇ ਵਿੰਗ' ਨੇ ਆਪਣੇ ਪੈਰੋਕਾਰਾਂ ਨੂੰ ਆਪਣਾ ਹਰ ਵੋਟ ਕਾਂਗਰਸ ਉਮੀਦਵਾਰਾਂ ਨੂੰ ਦੇਣ ਦਾ ਨਿਰਦੇਸ਼ ਜਾਰੀ ਕੀਤਾ। ਇਸ ਕਾਰਨ ਮਾਲਵਾ ਖੇਤਰ ਦੀਆਂ ਕਈ ਸੀਟਾਂ 'ਤੇ ਕਾਂਗਰਸ ਜਿੱਤ ਗਈ, ਇਹ ਵਜ੍ਹਾ ਹੈ ਕਿ ਡੇਰਾ ਸੱਚਾ ਸੌਦਾ ਖਿਲਾਫ਼ ਜਦ ਹਿੰਸਾ ਭੜਕੀ ਤਾਂ ਪੰਜਾਬ ਸਰਕਾਰ ਨੇ ਉਸ ਨੂੰ ਰੋਕਣ ਲਈ ਫੁਰਤੀ ਤੋਂ ਕੰਮ ਨਹੀਂ ਲਿਆ। ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਬਠਿੰਡਾ ਤੋਂ ਕਾਂਗਰਸੀ ਐਮ. ਐਲ. ਏ. ਹਰਮਿੰਦਰ ਸਿੰਘ ਜੱਸੀ ਅਤੇ ਭਾਰਤ ਇੰਦਰ ਚਹਿਲ (ਅਮਰਿੰਦਰ ਸਿੰਘ ਸਲਾਹਕਾਰ) ਦੇ ਰਿਸ਼ਤੇਦਾਰ ਹਨ। ਗੁਰਮੀਤ ਸਿੰਘ 'ਤੇ ਇਕ ਪੱਤਰਕਾਰ ਰਾਮਚੰਦਰ ਛਤਰਪਤੀ 'ਤੇ ਕਤਲ ਦਾ ਮੁਕੱਦਮਾ ਚੱਲ ਰਿਹਾ ਹੈ। ਇਹ ਪੱਤਰਕਾਰ ਸੱਚਾ ਸੌਦਾ ਦੇ ਅਪਰਾਧੀ ਕਿਰਦਾਰ ਦੀ ਛਾਣਬੀਣ ਕਰ ਰਿਹਾ ਸੀ। ਗੁਰਮੀਤ ਸਿੰਘ ਵੱਲੋਂ ਔਰਤ-ਪੈਰੋਕਾਰਾਂ ਦੇ ਜਿਣਸੀ ਸੋਸ਼ਣ ਦੀ ਸੀ. ਬੀ. ਆਈ. ਛਾਣਬੀਣ ਕਰ ਰਹੀ ਹੈ। ਕੋਈ ਹੈਰਾਨੀ ਨਹੀਂ ਕਿ ਗੁਰਮੀਤ ਸਿੰਘ ਦਲਿਤਾਂ ਦੇ ਅਸੰਤੋਸ਼ ਤੇ ਗੁੱਸੇ ਨੂੰ ਆਪਣੀਆਂ ਪੂੰਜੀਵਾਦੀ ਰਾਜਸੀ ਲਾਲਸਾਵਾਂ ਲਈ ਵਰਤ ਰਿਹਾ ਹੈ। ਡੇਰਾ ਸੱਚਾ ਸੌਦਾ ਦੇ ਲਗਭਗ 70 ਫੀਸਦੀ ਪੈਰੋਕਾਰ ਦਲਿਤ ਹਨ। ਸਿੱਖ ਧਰਮ ਦੇ ਸਿਧਾਂਤਾਂ 'ਚ ਜਾਤੀ ਪ੍ਰਬੰਧ ਦੀ ਗੈਰ-ਮੌਜੂਦਗੀ ਦੇ ਬਾਵਜੂਦ ਵਿਹਾਰ 'ਚ ਜਾਤੀਗਤ ਭੇਦਭਾਵ ਤੇ ਜਾਤੀ ਜਬਰ ਪੰਜਾਬ 'ਚ ਚੱਲਦਾ ਆ ਰਿਹੈ। ਅੰਗਰੇਜ਼ਾਂ ਦੇ ਸਮੇਂ ਹੀ ਜਾਤ ਦੇ ਆਰਥਿਕ ਅਧਾਰ 'ਤੇ ਸੱਟ ਵੱਜਣੀ ਤਾਂ ਸ਼ੁਰੂ ਹੋ ਗਈ ਸੀ। ਜਿਵੇਂ-ਜਿਵੇਂ ਲੋਕ ਆਪਣੀ ਜਾਤ ਤੋਂ ਵੱਖ ਪੇਸ਼ੇ ਨੂੰ ਅਪਣਾਉਣ ਲੱਗੇ, ਤਿਵੇਂ ਤਿਵੇਂ ਜਾਤੀ ਪ੍ਰਬੰਧ ਦਾ ਢਾਂਚਾ ਕੁਝ ਕਮਜ਼ੋਰ ਹੁੰਦਾ ਗਿਆ। ਸਮਾਜ 'ਚ ਬਾਜ਼ਾਰ ਦੇ ਵਿਸਥਾਰ ਅਤੇ ਨਕਦ ਲੈਣ-ਦੇਣ ਨੇ ਵੀ ਹੇਠਲੀਆਂ ਜਾਤਾਂ ਲਈ ਸਮਾਜਿਕ ਗਤੀਸ਼ੀਲਤਾ ਦੀ ਸੰਭਾਵਨਾ ਖੋਲ੍ਹੀ। ਦਲਿਤ ਤੇ ਹੇਠਲੀਆਂ ਜਾਤਾਂ ਦੇ ਲੋਕਾਂ ਨੇ ਸਮਾਜਿਕ ਬਰਾਬਰੀ ਤੇ ਸਮਾਜਿਕ ਮਾਣ ਇੱਜ਼ਤ ਦੀ ਮੰਗ ਕਰਨੀ ਸ਼ੁਰੂ ਕੀਤੀ ਤਾਂ ਜੱਟ ਸਿੱਖਾਂ ਦੇ ਰਵਾਇਤੀ ਜਾਤੀ ਹੰਕਾਰ ਨੂੰ ਸੱਟ ਵੱਜਣੀ ਸ਼ੁਰੂ ਹੋਈ। ਜੱਟਾਂ ਦਰਮਿਆਨ ਪੇਂਡੂ ਸਰਮਾਏਦਾਰੀ ਜਮਾਤ ਨੇ ਇਸ ਚੀਜ਼ ਦੀ ਵਰਤੋਂ ਕਰਕੇ ਆਪਣੇ ਜਮਾਤੀ ਹਿੱਤਾਂ ਨੂੰ ਪੂਰਾ ਕਰਨ ਲਈ ਹੋਰ ਜੱਟਾਂ ਨੂੰ ਲਾਮਬੰਦ ਕੀਤਾ ਅਤੇ ਦਲਿਤਾਂ ਖਿਲਾਫ਼ ਭੜਕਾਇਆ। ਇਸ ਤਰ੍ਹਾਂ ਨਾਲ ਮਜ਼ਦੂਰੀ ਦੀ ਦਰ ਨੀਵੀਂ ਰੱਖਣ ਤੇ ਪੇਂਡੂ ਸੱਤਾ ਸੰਸਥਾਵਾਂ ਤੇ ਧਾਰਮਿਕ ਅਦਾਰਿਆਂ 'ਤੇ ਆਪਣੀ ਪਕੜ ਬਣਾਈ ਰੱਖੀ। ਦਲਿਤਾਂ 'ਚ ਪੈਦਾ ਹੋਏ ਨਵੇਂ ਪੂੰਜੀਪਤੀ ਵਰਗ ਨੇ ਸੱਤਾ 'ਚ ਆਪਣੀ ਹਿੱਸੇਦਾਰੀ ਲਈ ਦਲਿਤ ਮਜ਼ਦੂਰਾਂ-ਮਿਹਨਤਕਸ਼ਾਂ ਦੇ ਰੋਹ ਨੂੰ ਵਰਤਿਆ। ਇਸ ਜਮਾਤ ਨੇ ਕਦੀ ਵੀ ਮਿਹਨਤਕਸ਼ ਮਜ਼ਦੂਰ ਵਰਗ ਦੀਆਂ ਜਮਾਤੀ ਮੰਗਾਂ ਨੂੰ ਨਹੀਂ ਉਠਾਇਆ ਅਤੇ ਨਾ ਹੀ ਇਸ ਲਈ ਇਨ੍ਹਾਂ ਨੂੰ ਲਾਮਬੰਦ ਕੀਤਾ। ਅਜਿਹਾ ਕਰਨ 'ਤੇ ਦਰਅਸਲ ਲੜਾਈ ਉਸ ਦੇ ਖਿਲਾਫ਼ ਹੀ ਮੁੜ ਜਾਂਦੀ। ਇਸ ਕਰਕੇ ਇਨ੍ਹਾਂ ਲੜਾਈਆਂ ਨੂੰ ਠੰਡਾ ਕਰਨ 'ਤੇ ਉਸ ਦਾ ਵੀ ਹਿੱਤ ਸੀ। ਦਲਿਤ-ਜੱਟ ਤਣਾਅ ਸੂਬੇ ਦੀਆਂ ਵੋਟਾਂ ਬਟੋਰੂ ਪਾਰਟੀਆਂ ਲਈ ਵੀ ਫਾਇਦੇਮੰਦ ਸੀ। ਸਭ ਪਾਰਟੀਆਂ ਨੇ ਆਪਣੇ ਚੋਣ ਬੈਂਕ ਲਈ ਡੇਰਿਆਂ ਨੂੰ ਸ਼ਹਿ ਦਿੱਤੀ ਅਤੇ ਉਨ੍ਹਾਂ

ਦੇ ਪੈਰੋਕਾਰਾਂ ਨੂੰ ਆਪਣਾ ਵੋਟ ਬੈਂਕ ਬਣਾਉਣ ਦੀ ਕੋਸ਼ਿਸ਼ ਕੀਤੀ। ਪੂੰਜੀਵਾਦ ਨੇ ਪਹਿਲਾਂ ਹੀ ਲੋਕਾਂ ਦੇ ਜੀਵਨ ਦੇ ਹਰ ਖੇਤਰ ਨੂੰ ਰੁਪਏ ਪੈਸੇ ਦੇ ਕੰਟਰੋਲ 'ਚ ਲੈ ਆਂਦਾ ਸੀ। ਨਿੱਜੀਕਰਨ, ਉਦਾਰੀਕਰਨ ਤੇ ਵਿਸ਼ਵੀਕਰਨ ਨੇ ਲੋਕਾਂ ਦੇ ਜੀਵਨ ਨੂੰ ਹੋਰ ਕਸ਼ਟਦਾਇਕ ਬਣਾ ਦਿੱਤਾ। ਆਪਣੀਆਂ ਸਮੱਸਿਆਵਾਂ ਦਾ ਕੋਈ ਅਸਲਾ ਹੱਲ ਸਮਝ ਨਾ ਆਉਣ ਦੀ ਵਜ੍ਹਾਂ ਕਰਕੇ ਲੋਕ ਤਰ੍ਹਾਂ ਤਰ੍ਹਾਂ ਦੇ ਡੇਰਿਆਂ ਵੱਲ ਖਿੱਚੇ ਗਏ। ਇਨ੍ਹਾਂ ਡੇਰਿਆਂ ਕੋਲ ਏਨੀ ਜਾਇਦਾਦ ਜਮ੍ਹਾਂ ਹੁੰਦੀ ਜਾ ਰਹੀ ਹੈ, ਉਸ ਨੇ ਸੁਭਾਵਿਕ ਤੌਰ 'ਤੇ ਇਸ 'ਚ ਹਿੱਸੇਦਾਰੀ ਲਈ ਕਲੇਸ਼ ਤੇ ਝਗੜਿਆਂ ਨੂੰ ਜਨਮ ਦਿੱਤਾ। ਸਮਾਜ 'ਚ ਜਾਤ-ਪਾਤ ਪ੍ਰਣਾਲੀ ਦਾ ਆਰਥਿਕ ਆਧਾਰ ਤਾਂ ਪਹਿਲਾਂ ਹੀ ਕਮਜ਼ੋਰ ਹੈ। ਇਨ੍ਹਾਂ ਝਗੜਿਆਂ ਨੇ ਜਾਤੀ ਪ੍ਰਬੰਧ ਨੂੰ ਸਮਾਜਿਕ ਤੇ ਸੱਭਿਆਚਾਰਕ ਪੱਧਰ 'ਤੇ ਹੀ ਕਮਜ਼ੋਰ ਕੀਤਾ ਹੈ ਪਰ ਦਲਿਤ-ਮਜ਼ਦੂਰ ਤੇ ਮਿਹਨਤਕਸ਼ ਅਜੇ ਵੀ ਆਪਣੀ ਲੜਾਈ ਸਰਮਾਏਦਾਰੀ ਪਾਰਟੀਆਂ, ਅਮੀਰ ਧਾਰਮਿਕ ਸੰਸਥਾਵਾਂ ਜਾਂ ਦਲਿਤ ਪੂੰਜੀਪਤੀ ਵਰਗ ਦੀ ਅਗਵਾਈ 'ਚ ਲੜ ਰਹੇ ਹਨ। ਇਹ ਇਨ੍ਹਾਂ ਦੀਆਂ ਲੜਾਈਆਂ ਦੀ ਸੀਮਾ ਤੈਅ ਕਰ ਦਿੰਦੇ ਹਨ।

ਡੇਰਾ ਸੱਚਾ ਸੌਦਾ ਝਮੇਲਾ ਚਲਦਾ ਹੋਣ ਕਰਕੇ ਪੰਜਾਬ ਅਜੇ ਵੀ ਬਾਰੂਦ ਦੇ ਢੇਰ 'ਤੇ ਬੈਠਾ ਹੈ। ਨੀਮ ਪੂੰਜੀਵਾਦੀ ਵਿਕਾਸ ਕਾਰਨ ਪੰਜਾਬ 'ਚ ਅੰਤਰ ਵਿਰੋਧ ਵੀ ਤਿੱਖੇ ਹਨ। ਜਾਤੀ ਤੇ ਧਾਰਮਿਕ ਝਗੜਿਆਂ 'ਚ ਲੋਕਾਂ ਦੇ ਉਲਝਣ ਦਾ ਹਾਕਮਾਂ ਨੂੰ ਫਾਇਦਾ ਹੈ। ਮਜ਼ਦੂਰ-ਮਿਹਨਤਕਸ਼ਾਂ ਦੀ ਆਪਸੀ ਏਕਤਾ ਬਣਾਈ ਰੱਖਣ ਦੀਆਂ ਕੋਸ਼ਿਸ਼ਾਂ ਹੋਣਗੀਆਂ ਚਾਹੀਦੀਆਂ ਹਨ।

# ਕੀ ਹੈ ਕੋਸੀ ਨਦੀ ਦੇ ਹੜ ਦਾ ਖੇਤੀ ’ਤੇ ਅਸਰ?

ਉਤਰੀ ਭਾਰਤੀ ਨਦੀਆਂ ਦਾ ਹੜ੍ਹ ਆਮ ਹਾਲਤਾਂ ’ਚ ਖੇਤੀ ਲਈ ਵਰਦਾਨ ਸਾਬਤ ਹੁੰਦਾ ਹੈ। ਕਿਉਂਕਿ ਹੜ੍ਹ ਆਪਣੇ ਨਾਲ ਜਲੋਢ (ਏਲੂਵਿਅਲ) ਮਿੱਟੀ ਲਿਆਉਂਦਾ ਹੈ ਜਿਸ ਨਾਲ ਖੇਤੀ ਦੀ ਉਪਜਾਊ ਸ਼ਕਤੀ ’ਚ ਵਾਧਾ ਹੁੰਦਾ ਹੈ ਪਰ ਕੋਸੀ ਨਦੀ ਨਾਲ ਪੂਰਬੀ ਬਿਹਾਰ ’ਚ ਆਏ ਹੜ੍ਹ ਇਕ ਆਫਤ ਹੈ ਦਰਅਸਲ ਕੋਸੀ ਨਦੀ ਨਾਲ ਆਉਣ ਵਾਲੇ ਹੜ੍ਹ ਉਸ ਦੁਖੀ ਸੁਪਨੇ ਵਰਗਾ ਹੈ ਜੋ ਖਤਮ ਹੋਣ ਤੋਂ ਬਾਅਦ ਵੀ ਡਰਾਉਂਦਾ ਜਾਂ ਸਤਾਉਂਦਾ ਰਹਿੰਦਾ ਹੈ। ਅਨੁਭਵ ਦੱਸਦੇ ਹਨ ਕਿ ਇਹ ਨਦੀ ਆਪਣੇ ਪਾਣੀ ਨਾਲ ਉਨੀ ਤਬਾਹੀ ਨਹੀਂ ਮਚਾਉਂਦੀ ਜਿੰਨੀ ਉਸ ਤੋਂ ਕਈ ਗੁਣਾ ਵੱਧ ਆਪਣੀ ਸਿਲਟ ਨਾਲ ਮਚਾਉਂਦੀ ਹੈ। ਹਾਲਾਂਕਿ ਕਦੀ ਕਦੀ ਅਜਿਹਾ ਵੀ ਵੇਖਿਆ ਗਿਆ ਹੈ ਕਿ ਕੋਸੀ ਦੇ ਹੜ੍ਹ ਨੇ ਵੀ ਕੁਝ ਭੂ-ਖੰਡ ਦੀ ਸ਼ਕਤੀ ਵਧਾਈ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਕਦੀ ਕਦੀ ਕੋਸੀ ਦੀਆਂ ਸਹਾਇਕ ਨਦੀਆਂ ਉਪਜਾਊ ਮਿੱਟੀ (ਸਿਲਟ) ਲਿਆਉਂਦਿਆਂ ਸ਼ਕਤੀ ਵਧ ਜਾਂਦੀ ਹੈ। ਪਰ ਅਗਸਤ ’ਚ ਆਏ ਕੋਸੀ ਨਦੀ ਦੇ ਹੜ੍ਹ ਪਿੱਛੋਂ ਪੂਰਬੀ ਬਿਹਾਰ ਦੇ ਇਕ ਵੱਡੇ ਇਲਾਕੇ ਦੀ ਉਪਜਾਊ ਜ਼ਮੀਨ ਦੇ ਬੰਜਰ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ। ਇਕ ਅਜਿਹਾ ਬੰਜਰ ਜਿਸ ਤੋਂ ਖਹਿੜਾ ਛੁਡਾਉਣ ਵਿਚ ਆਧੁਨਿਕ ਖੇਤੀ ਵਿਗਿਆਨ ਵੀ ਪੂਰੀ ਤਰ੍ਹਾਂ ਸਮੱਰਥ ਨਹੀਂ ਹੈ। ਇਹੀ ਵਜ੍ਹਾ ਹੈ ਕਿ ਜਿਵੇਂ ਜਿਵੇਂ ਹੜ੍ਹ ਦਾ ਪਾਣੀ ਉਤਰ ਰਿਹਾ ਹੈ। ਤਿਵੇਂ ਤਿਵੇਂ ਹੜ੍ਹ ਪ੍ਰਭਾਵਿਤ ਪੂਰਬੀ ਬਿਹਾਰ ਦੇ ਅਰਰਿਆ, ਸੁਪੌਲ, ਮਧੇਪੁਰਾ ਪੂਰਣਿਆਂ ਅਤੇ ਕਟਿਹਾਰ ਜਿਲ੍ਹੇ ਦੇ ਲਗਭਗ ਦਸ ਲੱਖ ਕਿਸਾਨਾਂ ਦੇ ਹੌਸਲੇ ਢਹਿ ਢੇਰੀ ਹੋ ਰਹੇ ਹਨ, ਉਨ੍ਹਾਂ ਦੇ ਘਰ ਪਰਿਵਾਰ ਤਾਂ ਉਜੜ ਹੀ ਚੁੱਕੇ ਹਨ ਨਾਲ ਹੀ ਉਨ੍ਹਾਂ ਦੀ ਖੇਤੀ ’ਤੇ ਵੀ ਗੰਭੀਰ ਸੰਕਟ ਪੈਦਾ ਹੋ ਗਿਆ ਹੈ। ਕੱਲ ਇਥੇ ਫਸਲਾਂ ਲਹਿਰਾ ਰਹੀਆਂ ਸਨ। ਅੱਜ ਉਥੇ ਦੂਰ ਦੂਰ ਤੱਕ ਰੇਤ ਦੇ ਸਫੈਦ ਮੈਦਾਨਾਂ ਤੇ ਟਿਲਿਆਂ ਤੋਂ ਸਿਵਾਏ ਕੁਝ ਵੀ ਨਜ਼ਰ ਨਹੀਂ ਆਓਂਦਾ ਹੈ। ਨਾਲ ਹੀ ਹੜ੍ਹ ਮਾਰੇ ਇਲਾਕਿਆਂ ਦੀ ਜ਼ਮੀਨ ਦੀ ਬਣਾਵਟ ਤੇ ਮਿੱਟੀ ਦੇ ਰਸਾਇਣਾਂ ’ਚ ਆਈਆਂ ਤਬਦੀਲੀਆਂ ਕਾਰਨ ਇਨ੍ਹਾਂ ਜਿਲ੍ਹਿਆਂ ਦੀਆਂ ਹਾਲਤਾਂ ’ਤੇ ਵੀ ਖਤਰਾ ਖੜ੍ਹ ਹੋ ਗਿਆ ਹੈ।

ਦੂਜੇ ਪਾਸੇ ਇਨ੍ਹੀ ਦਿਨੀ ਬਿਹਾਰ ਸਰਕਾਰ ਦਾ ਧਿਆਨ ਕੋਸੀ ਤੱਟ ਬੰਨ੍ਹ ਦੇ ਟੁੱਟਣ ਕਾਰਨ ਆਏ ਹੜ੍ਹ ਨਾਲ ਪ੍ਰਭਾਵਿਤ ਤੇ ਉਜੜ ਚੁੱਕੇ ਲੋਕਾਂ ’ਤੇ ਹੀ ਕੇਂਦਰਿਤ ਹੈ। ਸਰਕਾਰ ਇਨੀ ਦਿਨੀਂ ਜਾਨ ਮਾਲ ਤੇ ਫਸਲਾਂ ਦੇ ਨੁਕਸਾਨ ਦਾ ਜਾਇਜਾ ਲੈਣ ਵਿਚ ਲੱਗੀ ਹੋਈ ਹੈ। ਸ਼ੁਰੂਆਤੀ ਸਰਵੇਖਣਾਂ ਪਿੱਛੋਂ ਅਧਿਕਾਰਿਕ ਤੌਰ ’ਤੇ ਜੋ ਅੰਦਾਜ਼ੇ ਲਾਏ ਜਾ ਰਹੇ ਹਨ ਉਨ੍ਹਾਂ ਮੁਤਾਬਕ ਇਸ ਹੜ ਦਾ ਕਾਰਨ ਪੂਰਵੀ ਬਿਹਾਰ ਦੇ ਪੂਰਨਿਆਂ ਤੇ ਕੋਸੀ ਡਵੀਜਨ ਦੀ ਲਗਭਗ ਦੋ ਲੱਖ ਵਰਗ ਹੈਕਟੇਅਰ ਜ਼ਮੀਨ ’ਚ ਲੱਗੀ ਸਾਉਣੀ ਦੀ ਫਸਲ ਬਰਬਾਦ ਹੋ ਗਈ ਹੈ।

ਬਿਹਾਰ ਸਰਕਾਰ ਦੇ ਖੇਤੀ ਵਿਭਾਗ ਦੇ ਸਕੱਤਰ ਬਾਲਾ ਪ੍ਰਸਾਦ ਅਨੁਸਾਰ ਹੜ੍ਹ ਤੋਂ ਲਗਭਗ 200 ਕਰੋੜ ਰੁਪਏ ਮੁੱਲ ਦੀਆਂ ਸਾਉਣੀ ਦੀਆਂ ਫਸਲਾਂ ਬਰਬਾਦ ਹੋਈਆਂ ਹਨ। ਇਹ ਤਾਂ ਫੌਰੀ ਨੁਕਸਾਨ ਹੈ ਪਰ ਜ਼ਮੀਨ ਦੇ ਬੰਜਰ ਹੋਣ ਕਰਕੇ ਜੋ

ਦੂਰਗਾਮੀ ਨੁਕਸਾਨ ਹੋਣਗੇ, ਉਸ ਦਾ ਅੰਦਾਜ਼ਾ ਲਾਉਣ ਅਜੇ ਕਾਫੀ ਕਠਿਨ ਹੈ ਸਰਕਾਰ ਵੀ ਇਸ ਦਿਸ਼ਾ ਵਿਚ ਅਜੇ ਜ਼ਿਆਦਾ ਧਿਆਨ ਨਹੀਂ ਦੇ ਰਹੀ ਹੈ। ਵੈਸੇ ਰਾਜ ਸਰਕਾਰ ਨੇ ਰੇਤ ਦੇ ਕਾਰਨ ਜ਼ਮੀਨ ਦੀ ਰਸਾਇਣਕ ਤੇ ਭੂਗੋਲਿਕ ਰਚਨਾ 'ਚ ਆਈਆਂ ਤਬਦੀਲੀਆਂ ਦੇ ਅਧਿਐਨ ਲਈ ਬੀਤੇ ਦਿਨੀ ਖੇਤੀ ਵਿਗਿਆਨਕਾਂ ਦੀ ਇਕ ਟੀਮ ਗਠਿਤ ਕੀਤੀ। ਰਜੇਂਦਰ ਖੇਤੀ ਯੂਨੀਵਰਸਿਟੀ, ਪੂਸਾ, ਸਮਅਤੀਪੁਰ (ਬਿਹਾਰ) ਦੇ ਖੇਤੀ ਵਿਗਿਆਨਕ ਡਾ. ਬੀ ਸੀ ਚੌਧਰੀ ਦੀ ਅਗਵਾਈ 'ਚ ਗਠਿਤ ਇਹ ਟੀਮ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਜ਼ਮੀਨ ਦਾ ਮੁੱਦਾ ਪ੍ਰੀਖਣ (ਸਵਾਇਲ ਟੈਸਟ) ਕਰਕੇ ਇਕ ਵਿਸਥਾਰਿਤ ਰਿਪੋਰਟ ਤਿਆਰ ਕਰੇਗੀ ਜਿਸ ਦੇ ਅਧਾਰ 'ਤੇ ਸਰਕਾਰ ਅੱਗੇ ਦੀ ਯੋਜਨਾ ਬਣਾਵੇਗੀ। ਇਸ ਮਾਮਲੇ 'ਤੇ ਬਿਹਾਰ ਦੇ ਖੇਤੀ ਮੰਤਰੀ ਮਾਹਰਾਂ ਦਾ ਡਰ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵੱਡੇ ਪੈਮਾਨੇ 'ਤੇ ਖੇਤੀ ਭੂਮੀ ਰੇਤ ਦੇ ਕਾਰਨ ਬੰਜਰ ਭੂਮੀ 'ਚ ਤਬਦੀਲ ਹੋ ਸਕਦੀ ਹੈ। ਬਿਹਾਰ 'ਚ 'ਜੂਟ-ਜੋਨ' ਦੇ ਨਾਂ ਨਾਲ ਪ੍ਰਸਿਧ ਇਕ ਵੱਡੇ ਇਲਾਕੇ ਦੀ ਜ਼ਮੀਨ ਨੂੰ ਪਹਿਲਾਂ ਵਰਗਾ ਉਪਜਾਊ ਬਣਾਉਣਾ ਲਗਭਗ ਅਸੰਭਵ ਹੈ। ਜ਼ਿਆਦਾਤਰ ਖੇਤੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਬੰਜਰ ਹੋਈ ਜ਼ਮੀਨ ਨੂੰ ਫਿਰ ਤੋਂ ਖੇਤੀਯੋਗ ਬਣਾਉਣਾ ਬੇਹੱਦ ਕਠਿਨ ਤੇ ਖਰਚੀਲਾ ਕੰਮ ਹੈ। ਇਨ੍ਹਾਂ ਜ਼ਮੀਨਾਂ ਨੂੰ ਪੁਰਾਣੀ ਹਾਲਤ 'ਚ ਲਿਆਉਣ ਦਾ ਇਕੋ ਤਰੀਕਾ ਹੈ ਰੇਤ ਨੂੰ ਹਟਾਉਣਾ ਪਰ ਰੇਤ ਏਨੇ ਵੱਡੇ ਇਲਾਕੇ ਵਿਚ ਫੈਲੀ ਹੋਈ ਹੈ ਅਤੇ ਉਸ ਦੀ ਮਾਤਰਾ ਏਨੀ ਵੱਧ ਹੈ ਕਿ ਉਹਨੂੰ ਹਟਾਉਣਾ ਵਿਹਾਰਕ ਨਹੀਂ ਹੈ। ਜੇ ਉਸ ਨੂੰ ਹਟਾ ਵੀ ਦਿੱਤਾ ਜਾਂਦਾ ਹੈ ਕਿ ਰੱਖਿਆ ਕਿਥੇ ਜਾਵੇਗਾ? ਨਦੀ ਦੀ ਮੁਖ ਧਾਰਾ ਦੇ ਆਸਪਾਸ ਦੇ ਇਲਾਕੇ ਦੀ ਜ਼ਮੀਨ ਮੋਟੇ ਤੌਰ 'ਤੇ ਰੇਗਿਸਤਾਨ 'ਚ ਤਬਦੀਲੀ ਹੋ ਚੁੱਕੀ ਹੈ। ਇਨ੍ਹਾਂ ਖੇਤਰਾਂ 'ਚ ਰੇਤ ਦੀ ਮੋਟੀ ਪਰਤ ਜੰਮ ਗਈ ਹੈ। ਮੁਨੀਭਰ ਗਿਣੀਆਂ ਚੁਣੀਆਂ ਫਸਲਾਂ ਨੂੰ ਛੱਡ ਕੇ ਹੋਰ ਫਸਲਾਂ ਹੁਣ ਸ਼ਾਇਦ ਸੌ-ਡੇਢ ਸੌ ਸਾਲਾਂ ਤੱਕ ਨਹੀਂ ਉਗਾਈਆਂ ਜਾ ਸਕਣਗੀਆਂ। ਦਰਅਸਲ ਕੋਸੀ ਨਦੀ ਵੱਲੋਂ ਲਿਆਂਦੀ ਗਈ ਰੇਤ ਦੀ ਰਸਾਇਣਕ ਰਚਨਾ ਐਸੀ ਹੁੰਦੀ ਹੈ ਕਿ ਉਨ੍ਹਾਂ 'ਚ ਫਸਲੀ ਪੌਦਿਆਂ ਦਾ ਉਗਣਾ ਸੰਭਵ ਨਹੀਂ ਹੁੰਦਾ। ਇਨ੍ਹਾਂ 'ਚ ਪੌਦਿਆਂ ਲਈ ਜ਼ਰੂਰੀ ਪੌਸ਼ਿਕ ਤੱਤ ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ ਆਦਿ ਦੀ ਭਾਰੀ ਕਮੀ ਹੁੰਦੀ ਹੈ। ਨਾਲ ਹੀ ਇਹ ਰੇਤ ਬਾਹਰ ਤੋਂ ਦਿੱਤੇ ਜਾਣ ਵਾਲੇ ਪੌਸ਼ਿਕ ਤੱਤਾਂ ਪ੍ਰਤੀ ਵੀ ਰਸਾਇਣਕ ਤੌਰ 'ਤੇ (ਇਨਰਟ) ਹੁੰਦੀ ਹੈ। ਆਮ ਤੌਰ 'ਤੇ ਉਪਜਾਊ ਮਿੱਟੀ ਦੇ ਕਣ ਦਾ ਵਿਆਸ 0.002 ਮਿਲੀ ਮੀਟਰ ਹੁੰਦਾ ਹੈ। ਇਹ ਆਮ ਮਿੱਟੀ ਤੋਂ ਕਈ ਗੁਣਾ ਵੱਧ ਹੈ। ਇਨ੍ਹਾਂ ਰੇਤਲੀਆਂ ਮਿੱਟੀਆਂ 'ਚ ਬੇਪਲ ਤੇ ਕੋਬਾਲ (ਮਿੱਟੀ 'ਚ ਮਿਲੇ ਇਕ ਰਸਾਇਣਕ ਤੱਤ) ਵੀ ਹੁੰਦੇ ਹਨ। ਜਿਨਾਂ ਨਾਲ ਹਾਨੀਕਾਰਕ ਰਸਾਇਣਕ ਕਣ ਵੱਡੀ ਮਾਤਰਾ 'ਚ ਜਮ੍ਹਾ ਹੋਣ ਲੱਗਦੇ ਹਨ। ਹੌਲੀ ਹੌਲੀ ਇਨ੍ਹਾਂ ਆਈਨਾ ਦੀ ਮਾਤਰਾ ਏਨੀ ਵਧ ਜਾਂਦੀ ਹੈ ਕਿ ਮਿੱਟੀ ਸਾਰੇ ਪੋਸ਼ਕ ਤੱਤਾਂ ਦੇ ਪ੍ਰਤੀ ਸੌਂ ਜਾਂਦੀ ਹੈ ਤੇ ਖੇਤੀ ਕਰਨਾ ਸੰਭਵ ਨਹੀਂ ਰਹਿ ਜਾਂਦਾ। ਇਸ ਮਿੱਟੀ ਦੇ ਕਈ ਹੋਰ ਦੋਸ਼ ਵੀ ਹਨ। ਇਨ੍ਹਾਂ ਵਿਚੋਂ ਇਕ ਹੈ ਕੋਸੀ ਵੱਲੋਂ ਲਿਆਂਦੀ ਗਈ ਰੇਤਲੀ ਮਿੱਟੀ 'ਚ ਜਲ ਧਾਰਨ (ਵਾਟਰ ਹੋਲਡਿੰਗ) ਦੀ ਸਿਫਰ ਸਮਰਥਾ। ਜ਼ਿਆਦਾਤਰ ਫਸਲਾਂ ਉਨ੍ਹਾਂ ਮਿੱਟੀਆਂ 'ਚ ਉੱਗ ਸਕਦੀਆਂ ਹਨ ਜਿਨਾਂ ਦੀਆਂ ਮੁਢਲੀਆਂ ਤੇ ਦੂਸਰੀਆਂ ਤਹਿਆਂ ਵਿਚਕਾਰ ਪੀਣ ਦੇ ਕਣ ਮੌਜੂਦ ਰਹਿ ਸਕਣ। ਪੌਦੇ ਇਸੇ ਪਾਣੀ ਤੋਂ ਹੀ ਆਪਣਾ

ਜੀਵਨ ਚੱਕਰ ਪੂਰਾ ਕਰਦੇ ਹਨ। ਪਰ ਕੋਸੀ ਵੱਲੋਂ ਲਿਆਂਦੀ ਗਈ ਰੇਤ 'ਚ ਅੰਤਮੁੱਦਰ ਪਾਣੀ ਠਹਿਰ ਨਹੀਂ ਸਕਦਾ ਇਸ ਲਈ ਇਸ ਉਪਰ ਛੋਟੀਆਂ ਜੜ੍ਹਾਂ ਵਾਲੇ ਫਸਲੀ ਪੌਂਦੇ ਉੱਗ ਨਹੀਂ ਸਕਦੇ। ਸਰਕਾਰ ਨੇ ਪ੍ਰਭਾਵਿਤ ਇਲਾਕਿਆਂ ਦਾ ਪੁਨਰ ਨਿਰਮਾਣ ਦਾ ਜੋ ਪੈਕੇਜ ਤਿਆਰ ਕੀਤਾ ਹੈ ਉਸ 'ਚ ਭੂਮੀ ਦੇ ਸੁਧਾਰ ਦੀਆਂ ਯੋਜਨਾਵਾਂ ਸ਼ਾਮਲ ਨਹੀਂ ਹਨ। 9000 ਹਜ਼ਾਰ ਕਰੋੜ ਦਾ ਇਹ ਪੈਕੇਜ ਸਥਾਈ ਹਾਲਤਾਂ ਦੇ ਨੁਕਸਾਨ ਦੀ ਗੱਲ ਹੀ ਕਰਦਾ ਹੈ। ਜੇ ਸਰਕਾਰ ਲੋਕਾਂ ਨੂੰ ਰਹਿਣ ਲਈ ਘਰ ਬਣਾ ਦਿੰਦੀ ਹੈ ਤਾਂ ਉਨ੍ਹਾਂ ਦੀ ਰੋਟੀ ਰੋਜ਼ੀ ਕਿਥੋਂ ਚਲੇਗੀ? ਜਦ 80 ਲੋਕਾਂ ਦੇ ਰੁਜ਼ਗਾਰ ਦਾ ਸਾਧਨ ਖੇਤੀ ਹੈ। ਹੜ੍ਹ ਨੇ ਸਾਰੀਆਂ ਛੋਟੀਆਂ ਵੱਡੀਆਂ ਨਹਿਰਾਂ ਨੂੰ ਢਹਿ ਢੇਰੀ ਕਰ ਦਿੱਤਾ ਹੈ। ਕਿਸਾਨ ਦੇ 80% ਪਸ਼ੂ ਹੜ੍ਹਾਂ 'ਚ ਰੁੜ ਗਏ ਹਨ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਪੂਰਬੀ ਬਿਹਾਰ ਦੇ ਬਹੁਤੇ ਇਲਾਕਿਆਂ ਦੀ ਖੇਤੀ ਗੰਭੀਰ ਸੰਕਟ ਵਿਚ ਫਸ ਗਈ ਹੈ। ਇਕ ਅਜਿਹਾ ਸੰਕਟ ਜਿਸ ਨਾਲ ਨਿਬੜਨ ਲਈ ਸਰਕਾਰ ਤਹਿ ਦਿਲੋਂ ਤਿਆਰ ਨਹੀਂ ਹੈ?

# ਕੁਦਰਤ ਦੀ ਇਹ ਦੂਹਰੀ ਮਾਰ

ਬਿਹਾਰ ਕੁਦਰਤ ਦੀ ਦੂਹਰੀ ਮਾਰ ਝੱਲ ਰਿਹਾ ਹੈ। ਇਕ ਪਾਸੇ ਕੋਸੀ ਖੇਤਰ ਹੜ੍ਹਾਂ ਨਾਲ ਤਬਾਹ ਹੋ ਰਿਹਾ ਹੈ ਤਾਂ ਦੂਜੇ ਪਾਸੇ ਸੂਬੇ ਦਾ ਬਹੁਤਾ ਇਲਾਕਾ ਸੋਕੇ ਤੋਂ ਪੀੜਤ ਹੈ। ਬਿਹਾਰ ਦੇ ਲੋਕ ਕੋਸੀ ਦੀਆਂ ਬੇਰਹਿਮੀਆਂ ਨਾਲ ਅਜੇ ਤੱਕ ਜੂਝ ਰਹੇ ਹਨ ਕਿ ਸੂਬੇ ਦਾ ਜ਼ਿਆਦਾਤਰ ਇਲਾਕਾ ਸੋਕੇ ਦੀ ਮਾਰ ਹੇਠ ਆ ਗਿਆ। ਲੱਖਾਂ ਹੈਕਟੇਅਰ 'ਚ ਲੱਗੇ ਝੋਨੇ ਦੀ ਫਸਲ ਸੁੱਕ ਰਹੀ ਹੈ। ਸੌਣੀ ਦੀ ਫਸਲ ਦੀ ਬਰਬਾਦੀ ਕਿਨਾਰੇ ਪਹੁੰਚ ਗਈ ਹੈ। ਸੂਬੇ ਦੀ ਇਹ ਸਥਿਤੀ ਸਤੰਬਰ ਮਹੀਨੇ ਵਿਚ ਆਮ ਨਾਲੋਂ 43 ਫੀਸਦੀ ਘੱਟ ਬਾਰਸ਼ ਹੋਣ ਦੀ ਵਜ੍ਹਾ ਕਾਰਨ ਪੈਦਾ ਹੋਈ ਹੈ। ਸੂਬੇ 'ਚ 15 ਵੱਡੀਆਂ ਤੇ 78 ਦਰਮਿਆਨੀਆਂ ਨਹਿਰ ਸਿੰਚਾਈ ਯੋਜਨਾਵਾਂ ਹਨ। ਇਨ੍ਹਾਂ 'ਚ ਔਰੰਗਾਬਾਦ 'ਚ 12 ਭਾਗਲਪੁਰ 'ਚ 31 ਡੇਹਰੀ 'ਚ 4 ਅਤੇ ਪਟਨਾ ਜ਼ਿਲੇ 'ਚ 30 ਦਰਮਿਆਨੀਆਂ ਯੋਜਨਾਵਾਂ ਹਨ। ਜੇ ਇਨ੍ਹਾਂ ਯੋਜਨਾਵਾਂ ਨੂੰ ਹੀ ਸਚਾਰੂ ਢੰਗ ਨਾਲ ਚਲਾਇਆ ਜਾਵੇ ਤਾਂ ਬਹੁਤ ਹੱਦ ਤੱਕ ਸੂਬੇ ਨੂੰ ਸੋਕੇ ਤੋਂ ਬਚਾਇਆ ਜਾ ਸਕਦਾ ਸੀ ਪਰ ਇਨ੍ਹਾਂ ਦੀ ਸਹੀ ਢੰਗ ਨਾਲ ਵਰਤੋਂ ਨਹੀਂ ਹੋ ਰਹੀ ਹੈ। ਮੌਸਮ ਦੀ ਬੇਰੁਖੀ ਨਾਲ ਪਾਣੀ ਲਈ ਹਾਹਾਕਾਰ ਮੱਚੀ ਹੋਈ ਹੈ ਹਾਲਾਂਕਿ ਨਤਿਸ਼ ਸਰਕਾਰ ਦੇ ਆਉਂਦਿਆਂ ਹੀ ਸੂਬੇ ਦੀ ਤਕਦੀਰ ਬਦਲਣ ਲਈ ਇਕ ਯਤਨ ਸ਼ੁਰੂ ਹੋਇਆ ਪਰ ਕੋਸੀ ਇਲਾਕੇ ਦੇ ਹੜ੍ਹ ਤੇ ਬਾਕੀ ਇਲਾਕੇ 'ਚ ਸੋਕੇ ਨੇ ਸਰਕਾਰੀ ਯਤਨ ਫੇਲ੍ਹ ਕਰ ਦਿੱਤੇ। ਸੋਕੇ ਦੇ ਕਹਿਰ ਨਾਲ ਸੂਬੇ ਦੇ ਬਹੁਤੇ ਕਿਸਾਨ, ਤਰਾਹ ਤਰਾਹ ਕਰ ਰਹੇ ਹਨ। ਗੱਲ ਚਾਹੇ ਸੋਨ ਉਚ ਪੱਧਰੀ ਨਹਿਰ ਕਿਨਾਰੇ ਵਸੇ ਔਰੰਗਾਬਾਦ ਜ਼ਿਲੇ 'ਚ ਔਬਰਾ, ਦਾਉਦ ਨਗਰ, ਅਰਬਲ ਤੇ ਪਟਨਾ ਦੇ ਦਿਹਾਤੀ ਇਲਾਕਿਆਂ ਦੀ ਹੋਵੇ ਜਾਂ ਫਿਰ ਉਤਰ ਕੋਇਲ ਸਿੰਚਾਈ ਪ੍ਰੋਜੈਕਟ ਨਾਲ ਸੰਚਿਤ ਹੋਣ ਵਾਲੇ ਔਰੰਗਾਬਾਦ, ਰਫੀਗੰਜ, ਰਬੀਨਗਰ, ਮਦਨਪੁਰ, ਬਾਰੂਣ (2 ਪੰਚਾਇਤ) ਗੁਰੂਆ, ਗਰਾਰੂ ਤੇ ਟਿਕਾਰੀ ਦੀ ਹੋਵੇ ਹਰ ਥਾਂ ਪਾਣੀ ਲਈ ਹਾਹਾਕਾਰ ਮੱਚੀ ਹੋਈ ਹੈ। 'ਚਾਵਲ ਦਾ ਕਟੋਰਾ' ਕਹੇ ਜਾਣ ਵਾਲੇ ਕਸੂਰ, ਭਭੂਆ ਭੋਜਪੁਰ, ਤੇ ਬਕਸਰ ਦੇ ਇਲਾਕੇ ਵੀ ਇਸ ਨਾਲ ਅਛੂਤ ਨਹੀਂ ਰਹੇ। ਧਾਨ ਦੀ ਲਹਿਰਾਉਂਦੀ ਫਸਲ ਵੀ ਮਰ ਰਹੀ ਹੈ। ਕੁੱਲ ਮਿਲਾ ਕੇ ਇਹ ਸਥਿਤੀ ਉਤਰੀ ਬਿਹਾਰ ਦੇ ਗੰਡਕ ਪ੍ਰੋਜੈਕਟ ਨਾਲ ਲਾਭ ਲੈਣ ਵਾਲੇ ਪੂਰਵੀ ਚੰਪਾਰਣ, ਪੱਛਮੀ ਚੰਪਾਰਣ, ਸਾਰਣ, ਸੀਵਾਨ, ਗੋਪਾਲਗੰਜ, ਵੈਸ਼ਾਲੀ, ਮੁਜਫਰਮੁਰ, ਸੀਤਾ ਮੜੀ ਤੇ ਸਮਸਤੀਪੁਰ ਜ਼ਿਲਿਆਂ ਦੀ ਵੀ ਹੈ।

ਹਾਲਤ ਅਜਿਹੇ ਹਨ ਕਿ ਜਹਾਨਾਬਾਦ ਜ਼ਿਲੇ ਦੇ ਕੁਰਥਾ, ਕਰਪੀ, ਕਾਂਕੋ, ਮਖਦਮਪੁਰ, ਕੈਸੂਰ ਜ਼ਿਲ੍ਹੇ ਦੇ ਦੇਵਕੁੰਡ ਦੇ ਨਾਲ ਹੀ ਬਕਸਰ ਜ਼ਿਲ੍ਹੇ ਦੇ ਢੌਸਾ ਇਲਾਕੇ ਦੇ ਦਰਜਨਾਂ ਪਿੰਡਾਂ 'ਚ ਪਾਣੀ ਲਈ ਹਿੰਸਕ ਝੜਪਾਂ ਤੱਕ ਹੋ ਚੁੱਕੀਆਂ ਹਨ। ਕਿਸਾਨਾਂ ਦੇ ਗੁੱਸੇ ਦਾ ਸ਼ਿਕਾਰ ਸਾਸਾਰਾਮ 'ਚ ਦੋ ਦਿਨੀਂ ਦੌਰੇ 'ਤੇ ਆਈ ਕੇਂਦਰੀ ਸਮਾਜਕ ਨਿਆਂ ਤੇ ਅਧਿਕਾਰਿਤਾ ਮੰਤਰੀ ਮੀਰਾ ਕੁਮਾਰ ਨੂੰ ਪਿਆ। ਆਲਮਗੰਜ ਦੀ ਸਭਾ 'ਚ ਕਿਸਾਨਾਂ ਨੇ ਕਰਮਚੰਦ ਸਿੰਚਾਈ ਪ੍ਰੋਜੈਕਟ ਸਬੰਧੀ ਜਮ ਕੇ ਹੰਗਾਮਾ ਕੀਤਾ।

ਗੋਹ ਪ੍ਰਚੰਡ ਦੇ ਝਿਕਟਿਆ ਪੰਚਾਇਤ ਦੇ ਸਾਬਕਾ ਸਰਪੰਚ ਨੰਦ ਲਾਲ ਸਿੰਘ ਅਨੁਸਾਰ ਆਖਰੀ ਪਟਵਨ ਨਾ ਹੋਣ ਕਰਕੇ ਧਾਨ ਦੀ ਲਹਿਰਾਉਂਦੀ ਪਨੀਰੀ ਮਾਰੀ ਗਈ। ਉਨ੍ਹਾਂ ਦੱਸਿਆ ਕਿ ਗੋਹ ਤੇ ਰਫੀਗੰਜ ਇਲਾਕੇ ਵਿਚ ਉਭਰੀ ਕੋਇਲ ਤੇ

ਟਿਕਰਰੀ ਮਾਈਨਰ ਦੇ ਆਸਪਾਸ ਦੇ ਦਰਜਨਾਂ ਪਿੰਡਾਂ ਭਿਆਕਰ ਸੋਕਾ ਆ ਗਿਆ ਹੈ। ਦੁਸ਼ਹਿਰੇ-ਦਿਵਾਲੀ ਤੱਕ ਬਾਰਸ਼ ਨਹੀਂ ਹੋਈ ਇਸ ਕਰਕੇ ਇਸ ਇਲਾਕੇ 'ਚ ਹਾੜੀ ਦੀ ਫਸਲ ਵੀ ਬਿਜਾਈ ਨਹੀਂ ਹੋਈ। ਕਿਉਂਕਿ ਖੇਤਾਂ 'ਚ ਦਰਾੜਾਂ ਪੈ ਗਈਆਂ ਹਨ। ਬਾਰਸ਼ ਨਾ ਹੋਣ ਦੀ ਵਜ੍ਹਾ ਕਰਕੇ ਧਾਨ ਦੀ ਪੈਦਾਵਾਰ 'ਚ ਕਿੰਨਾ ਫਰਕ ਆਵੇਗਾ, ਇਸ ਸਬੰਧੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਿਆ। ਸ਼ੁਰੂ 'ਚ ਅੱਛੀ ਬਾਰਸ਼ ਹੋਣ ਕਾਰਨ ਝੋਨੇ ਦੀ ਅੱਛੀ ਫਸਲ ਹੋਣ ਦੀ ਉਮੀਦ ਸੀ ਪਰ ਸਤੰਬਰ ਦੇ ਸ਼ੁਰੂ 'ਚ ਹੀ ਬਾਰਸ਼ ਨੇ ਧੋਖਾ ਦੇ ਦਿੱਤਾ। ਦੂਜੇ ਪਾਸੇ ਦੋਸ਼ ਪੂਰਨ ਪਾਣੀ ਦੀ ਵੰਡ ਕਾਰਨ ਸੋਨ ਨਹਿਰ ਤੋਂ ਸੰਚਿਤ ਹੋਣ ਵਾਲੇ ਇਲਾਕੇ ਵਿਚ ਵੀ ਧਾਨ ਦੀ ਫਸਲ ਮਾਰੀ ਗਈ। ਨਿਤਿਸ਼ ਕੁਮਾਰ ਜੁਲਾਈ ਮਹੀਨੇ 'ਚ ਹੀ ਕਹਿ ਰਹੀ ਸੀ ਰਾਜਧਾਨੀ ਪਟਨਾ ਡੁੱਬ ਰਹੀ ਹੈ ਪਰ ਉਨ੍ਹੀ ਦਿਨੀ ਵਾਕਿਆ ਹੀ ਸਰਕਾਰ ਦਾ ਇਹ ਬਿਆਨ ਸਹੀ ਸੀ ਤਾਂ ਫਿਰ ਸਤੰਬਰ ਆਉਂਦੇ ਹੀ ਕਿਵੇ ਬਹੁਤੀਆਂ ਸਿੰਚਾਈ ਯੋਜਨਾਵਾਂ 'ਚ ਪਾਣੀ ਦੀ ਘਾਟ ਹੋ ਗਈ? ਕਿਸਾਨਾਂ ਦਾ ਕਹਿਣਾ ਹੈ ਕਿ ਅਗਸਤ ਦੇ ਆਖਰੀ ਦਿਨਾਂ ਤੋਂ ਵੀ ਤਿੱਖੀ ਧੁੱਪ ਹੋਣ ਕਰਕੇ ਖੇਤੀ ਲਈ ਪਾਣੀ ਦੀ ਲੋੜ ਮਹਿਸੂਸ ਕੀਤੀ ਜਾਣ ਲੱਗੀ। ਸਤੰਬਰ ਦੇ ਅੰਤ ਤੱਕ ਇਸ ਨੇ ਭਿਆਕਰ ਰੂਪ ਲੈ ਲਿਆ। ਰਾਜ ਸਿੰਚਾਈ ਨਿਰਦੇਸ਼ਕ ਦਿਨੇਸ਼ ਕੁਮਾਰ ਅਨੁਸਾਰ ਅੰਤਮ ਪਟਵਾਨ ਦੀ ਘਾਟ ਕਾਰਨ ਧਾਨ ਦੀ ਫਸਲ ਨੂੰ ਮਰਨ ਨਹੀਂ ਦਿੱਤਾ ਜਾਵੇਗਾ। ਪਾਣੀ ਲਈ ਮੱਚੀ ਹਾ ਹਾ ਕਾਰ ਨੂੰ ਵੇਖਦਿਆਂ ਸਰਕਾਰ ਉੱਤਰ ਪ੍ਰਦੇਸ਼ ਦੀ ਹਿੰਦਸਾਗਰ ਤੇ ਮੱਧ ਪ੍ਰਦੇਸ਼ ਦੀ ਬਾਂਘ ਸਾਗਰ ਪ੍ਰੋਜੈਕਟ ਤੋਂ ਰੋਜ਼ਾਨਾ 14275 ਕਿਊਸਿਕ ਪਾਣੀ ਖਰੀਦ ਰਹੀ ਹੈ।

ਇਹ ਪਾਣੀ ਪੱਛਮੀ ਸੋਨ ਨਹਿਰ ਵਿਚ 9798 ਕਿਊਸਿਕ ਤੇ ਪੂਰਬੀ ਸੋਨ ਨਹਿਰ ਵਿਚ 4477 ਕਿਊਂਸਕ ਛੱਡਿਆ ਜਾ ਰਿਹਾ ਹੈ ਜਦਕਿ ਗੰਡਕ ਪ੍ਰੋਜੈਕਟ ਦੀ ਮੁਖ ਕੈਨਾਲ 'ਚ ਰੋਜ਼ਾਨਾ 12000 ਕਿਊਸਕ ਪਾਣੀ ਛੱਡਿਆ ਜਾ ਰਿਹਾ ਹੈ। ਇਸ ਨਾਲ ਉੱਤਰ ਪ੍ਰਦੇਸ਼ ਦੇ ਵੀ ਕੁਝ ਹਿੱਸਿਆਂ 'ਚ ਸਿੰਚਾਈ ਹੋ ਰਹੀ ਹੈ। ਸਰਕਾਰ ਦੇ ਇਹ ਦਾਅਵੇ ਜੇ ਸਹੀ ਹਨ ਤਾਂ ਫਿਰ ਕਿਨ੍ਹਾਂ ਹਾਲਤਾਂ ਵਿਚ ਸਰਕਾਰ ਦੇ ਸੂਬੇ ਦੇ ਸਾਰੇ ਹਿੱਸਿਆਂ ਦੇ ਕਿਸਾਨਾਂ ਨੂੰ ਗਰਾਂਟ 'ਤੇ ਡੀਜ਼ਲ ਦਾ ਐਲਾਨ ਕੀਤਾ ਹੈ। ਚੀਫ ਸੈਕਟਰੀ ਵਿਜੈ ਸੰਕਰ ਦਾ ਕਹਿਣਾ ਹੈ ਕਿ 20 ਸਤੰਬਰ ਨੂੰ ਹੀ ਪਾਣੀ ਲਈ ਮੱਚੀ ਹਾ ਹਾ ਕਾਰ ਦੇ ਮੱਦੇ ਨਜ਼ਰ ਸਰਕਾਰ ਨੇ 63 ਕਰੋੜ, 16 ਲੱਖ, 50 ਹਜ਼ਾਰ ਰੁਪਏ ਜਾਰੀ ਕੀਤੇ ਸਨ। ਹਾਲਾਂਕਿ ਜ਼ਮੀਨੀ ਸੱਚਾਈ ਇਹ ਹੈ ਕਿ ਐਲਾਨ ਤੋਂ 15 ਦਿਨਾਂ ਬਾਅਦ ਹੀ ਹੁਣ ਤੱਕ ਜ਼ਿਲਾ ਅਧਿਕਾਰੀਆਂ ਨੂੰ ਕੋਈ ਹੁਕਮ ਨਹੀਂ ਮਿਲੇ ਹਨ। ਸੁਆਲ ਇਹ ਹੈ ਕਿ ਇਸ ਗਰਾਂਟ ਦਾ ਫਾਇਦਾ ਕਿਸਾਨਾਂ ਨੂੰ ਕਦੋਂ ਮਿਲੂ? ਐਲਾਨ ਲਾਗੂ ਹੋਣ ਤੱਕ ਤਾਂ ਮਹੀਨੇ ਲੱਗ ਜਾਂਦੇ ਹਨ। ਪ੍ਰਦੇਸ਼ ਦੀਆਂ ਲਘੂ ਸਿੰਚਾਈ ਯੋਜਨਾਵਾਂ ਕਾਗਜ਼ਾਂ 'ਤੇ ਹਨ। ਇਕੱਲੇ ਬਸਸਰ ਜ਼ਿਲੇ 'ਚ ਲਗਭਗ 120 ਪੰਪਿੰਗ ਸੈਟ ਹਨ ਪਰ ਬਹੁਤੇ ਬੰਦ ਹਨ। ਬਿਜਲੀ ਦੀ ਘਾਟ ਕਰਕੇ 15 ਸਹੀ ਪੰਪ ਸੈਟ ਵੀ ਪਾਣੀ ਨਹੀਂ ਦੇ ਸਕਦੇ ਹਨ। ਸਰਕਾਰ ਤਾਂ 32 ਦੀ ਥਾਂ 15 ਮੈਗਾਵਾਟ ਬਿਜਲੀ ਹੀ ਦੇ ਰਹੀ ਹੈ। ਇਸ ਲਈ ਕਿਊਸਕ ਪਾਣੀ ਦੀਆਂ ਇਹ ਯੋਜਨਾਵਾਂ ਵੀ ਕਿਸਾਨਾਂ ਦਾ ਸਾਥ ਨਹੀਂ ਦੇ ਰਹੀਆਂ ਹਨ। ਕਰਮਨਾਸ਼ਾ ਨਦੀ ਦੇ ਲਾਗੇ ਪੰਪ ਸੈਟ ਵੀ ਜੰਗ ਖਾ ਰਹੇ ਹਨ। ਫਸਲ ਸੜ ਰਹੀ ਹੈ। ਪਾਣੀ ਦੀ ਵੰਡ ਕਾਰਨ ਸੂਬੇ 'ਚ ਦੋ ਵਾਰੀ ਝਗੜਾ ਹੋਇਆ। ਝਾਰਖੰਡ ਸੂਬੇ ਨਾਲ ਵੀ ਪਾਣੀ ਦੀ ਵੰਡ 'ਤੇ ਰੜਕਾ ਜਾਰੀ ਹੈ।

# ਮਲ੍ਹਮ ਦੀ ਬਜਾਏ ਰਾਜਨੀਤੀ

ਮੇਹਰਾਨਗਰ ਸਥਿਤ ਚਾਮੁੰਡਾ ਮਾਤਾ ਮੰਦਰ ਵਿਚ ਨਵਰਾਤਰ ਦੇ ਪਹਿਲੇ ਦਿਨ ਮੱਚੀ ਭਗਦੜ ਵਿਚ ਜਿਸ ਤਰ੍ਹਾਂ ਸੂਰਜ ਨਗਰੀ ਜੋਧਪੁਰ ਦੀ ਮੰਦਭਾਗੀ ਘਟਨਾ ਵਾਪਰੀ। ਉਸ ਨਾਲ ਇਸ ਸ਼ਹਿਰ ਵਿਚ ਫਿਰ ਕਾਲੀ ਦਿਵਾਲੀ ਬਣੇਗੀ। ਫ਼ਰਕ ਏਨਾ ਹੀ ਹੈ ਕਿ ਡੇਢ ਸੌ ਸਾਲ ਪਹਿਲਾਂ ਗੋਪਾਲ ਜੀ ਮੰਦਰ ਕੋਲ ਬਿਜਲੀ ਡਿੱਗਣ ਨਾਲ ਕੋਠਾਰ 'ਚ ਮੌਜੂਦ 8 ਹਜ਼ਾਰ ਟਨ ਬਾਰੂਦ ਫਟਣ ਨਾਲ ਤਿੰਨ ਸੌ ਲੋਕਾਂ ਦੀ ਮੌਤ ਹੋ ਗਈ ਸੀ ਜਦ ਕਿ ਇਸ ਵਾਰੀ ਸਵਾ ਦੋ ਸੌ ਸਰਧਾਲੂ ਅੱਤਵਾਦੀਆਂ ਦੀ ਖੁਰਾਫਤ ਦੀ ਭੇਂਟ ਚੜ੍ਹ ਗਏ। ਲਗਭਗ 25 ਹਜ਼ਾਰ ਲੋਕਾਂ ਦੀ ਭੀੜ 'ਚ ਮੰਦਰ ਕੈਂਪਸ 'ਚ ਬੰਬ ਹੋਣ ਦੀ ਅਫ਼ਵਾਹ ਫੈਲੀ ਤੇ ਭਗਦੜ ਮੱਚ ਗਈ। ਭਗਦੜ ਵੀ ਇੰਨੀ ਜਬਰਦਸਤ ਸੀ ਕਿ ਮੰਦਰ ਦਾ ਭੀੜਾ ਗਲਹਿਰਾ ਬਜ਼ੁਰਗਾਂ ਤੇ ਨੌਜਵਾਨਾਂ ਦੀਆਂ ਲਾਸ਼ਾਂ ਕਾਰਨ ਟੁੱਟ ਗਿਆ।

ਇਸ ਘਟਨਾ ਨੇ ਇਕ ਵਾਰੀ ਫਿਰ ਸਾਬਿਤ ਕਰ ਦਿੱਤਾ ਕਿ ਸੁਸਤ ਪ੍ਰਸ਼ਾਸਨ ਜੈਪੁਰ ਨੇ ਕੋਈ ਸਬਕ ਨਹੀਂ ਸਿਖਿਆ। ਦਿਲਚਸਪ ਗੱਲ ਇਹ ਹੈ ਕਿ ਪ੍ਰਚੇਤਾ ਤੇ ਨੇਤਾ ਦੋਨੋਂ ਹੀ ਅੱਤਵਾਦੀਆਂ ਦੀ ਨਵੀਂ ਘਾਤ ਨੂੰ ਸਮਝਣ ਦੀ ਬਜਾਏ ਵਿਰਲਾਪ ਕਰਨ ਤੱਕ ਤੁਲੇ ਰਹੇ। ਇਸ ਵਾਰ ਅੱਤਵਾਦੀਆਂ ਨੇ ਨਵਾਂ ਹਥਿਆਰ ਅਜਮਾਇਆ ਹੈ ਕਿ ਬੰਬ ਦੀ ਕੀ ਲੋੜ ਹੈ। ਭੀੜ 'ਚ ਅਫ਼ਵਾਹ ਸੁੱਟੋ ਤੇ ਸਰਕ ਜਾਓ। ਲੋਕ ਆਪਣੀ ਮੌਤ ਖੁਦ ਮਰ ਜਾਣਗੇ। ਕਹਿਣ ਦੀ ਲੋੜ ਨਹੀਂ ਕਿ ਇਹ ਹਥਿਆਰ ਕਿੰਨਾ ਸਫਲ ਰਿਹਾ। ਉਧਰ ਘਟੀਆ ਪ੍ਰਬੰਧ ਨੂੰ ਕੋਸਣ ਵਾਲੀ ਰਾਜਪਾਲ ਐੱਸ ਕੇ ਸਿੰਘ ਦੀ ਨੇਕ ਸਲਾਹ ਨੂੰ ਨੇਤਾਵਾਂ ਨੇ ਅਣਗੌਲਿਆਂ ਕਰ ਦਿੱਤਾ। ਆਖਰ ਰਾਜਪਾਲ ਦੀ ਨਸੀਹਤ 'ਚ ਗਲਤ ਕੀ ਸੀ ਕਿ 'ਦੱਖਣੀ ਭਾਰਤ ਵਿਚ ਉੱਤਰੀ ਭਾਰਤ ਦੀ ਮੁਕਾਬਲਾਤਨ ਮੰਦਰਾਂ ਦੀ ਗਿਣਤੀ ਕਾਫੀ ਵੱਧ ਹੈ। ਉਥੇ ਹੀ ਸਰਧਾਲੂ ਵੱਡੀ ਗਿਣਤੀ ਵਿਚ ਇਕੱਠੇ ਹੁੰਦੇ ਹਨ। ਫਿਰ ਉਥੇ ਅਜਿਹੇ ਹਾਦਸੇ ਕਿਉਂ ਨਹੀਂ ਹੁੰਦੇ?' ਭਲਾ ਰਾਜਪਾਲ ਨੂੰ ਵੀ ਕੀ ਪਤਾ ਸੀ ਕਿ ਬਦਅਮਨੀ ਦੇ ਹਾਲਾਤ ਤਾਂ ਵੀ ਆਈ ਪੀ ਸੰਸਦ ਨੂੰ ਕਤਾਰ ਤੋੜ ਕਰਕੇ ਪਹਿਲਾਂ ਦਰਸ਼ਨ ਕਰਾਉਣ ਦੀ ਵਜ੍ਹਾ ਕਾਰਨ ਪੈਦਾ ਹੋਏ ਸਨ।

ਵਿਪੁਲਤਾ ਦੇ ਇਸ ਦੌਰ 'ਚ ਅਫ਼ਸਰਾਂ ਤੇ ਨੇਤਾਵਾਂ ਦੀ ਜੁਬਾਨ 'ਤੇ ਇਹ ਕੜਵਾਹਟ ਰਚ ਮਿਚ ਗਈ ਹੈ ਕਿ ਨੇਕ ਸਲਾਹ ਨਿੰਦਾ ਲੱਗਦੀ ਹੈ। ਰਾਜਪਾਲ ਦੇ ਮਸ਼ਵਰਿਆਂ ਤੋਂ ਭਟਕੇ ਭਾਜਪਾ ਪ੍ਰਧਾਨ ਓਮ ਪ੍ਰਕਾਸ਼ ਮਾਚੁਰ ਜੇ ਅਰਵਾੜ ਦੇ ਜੋਧਪੁਰ ਨੂੰ ਵੇਖ ਆਉਂਦੇ ਤਾਂ ਉਨ੍ਹਾਂ ਨੂੰ ਲੱਗਦਾ ਕਿ ਕਿਵੇਂ ਇਕ ਚਹਿਕਦੇ ਸ਼ਹਿਰ 'ਤੇ ਸਮਸ਼ਾਨ ਬਣਾ ਦਿੱਤੀ ਗਈ। ਥੱਕੇ ਡਰੇ ਲੋਕ ਆਪਣਾ ਇਕ ਨਵਾਂ ਸੰਸਾਰ ਬਣਾਉਣ ਲਈ ਇਕ ਸਰਾਪੀ ਜ਼ਿੰਦਗੀ ਜਿਉਣ ਲਈ ਨਿਕਲ ਪਏ ਹਨ। ਮੰਦਰ ਦੀ ਸਥਾਈ ਵਿਵਸਥਾ ਨੂੰ ਸਮਝੀਏ ਤਾਂ ਮੇਹਰਾਨਗੜ ਕਿਲੇ 'ਚ ਮੰਦਰ ਤੱਕ ਜਾਣ ਲਈ 500 ਫੁੱਟ ਲੰਬਾ ਰਾਹ ਹੈ ਤਿੰਨ ਸੌ ਫੁੱਟ ਤੱਕ ਇਸ ਦੀ ਚੌੜਾਈ ਦਸ ਫੁੱਟ ਹੈ। ਇਸ 'ਚ ਔਰਤ ਤੇ ਮਰਦਾਂ ਲਈ ਵੱਖ ਵੱਖ ਰਾਹ ਬਣਾਉਣ ਲਈ ਕੀਤੀ ਗਈ ਬੇਰੀਕੇ ਡਿੰਗ ਤੋਂ ਫਟ ਕੇ ਇਹ ਪੰਜ ਫੁਟ ਰਹਿ ਜਾਂਦਾ ਹੈ। ਇਸ ਰਾਹ ਦੇ ਦੋਨੋਂ ਪਾਸੇ ਪੱਥਰ ਦੀਆਂ ਬਣੀਆਂ ਕੁੰਡੀਆਂ ਹਨ। ਇਨ੍ਹਾਂ 'ਚ ਦੇਵੀ ਨੂੰ ਚੜ੍ਹਾਉਣ ਲਈ ਨਾਰੀਅਲ ਭੁੰਨਿਆ ਜਾਂਦਾ ਹੈ।

ਪਰ ਜਲਦਬਾਜ਼ੀ 'ਚ ਲੋਕ ਕੰਧ 'ਤੇ ਹੀ ਨਾਰੀਅਲ ਭੰਨ ਦਿੰਦੇ ਹਨ। ਜਿਸਦੇ ਪਾਣੀ ਨਾਲ ਅਗਲਾ 45 ਫੁੱਟ ਦਾ ਵਿਹੜਾ ਤਿਲਕਣ ਵਾਲਾ ਹੋ ਜਾਂਦਾ ਹੈ।

ਇਹ ਮੰਦਰ 400 ਫੁੱਟ ਉੱਚਾਈ 'ਤੇ ਸਥਿਤ 550 ਸਾਲ ਪੁਰਾਣੇ ਮੇਹਰਾਨਗੜ ਦੁਰਗ ਵਿਚ ਹੈ। ਜ਼ਰਜ਼ਰ ਕਿਲੇ ਦੀਆਂ ਕੰਧਾਂ ਵਿਚ ਬਾਲੀਆਂ ਠੋਕ ਕੇ ਬਣਾਏ ਗਏ ਬੈਰੀਕੇਡ ਕਿੰਨੇ ਕੁ ਮਜ਼ਬੂਤ ਹੋ ਸਕਦੇ ਹਨ। ਕਹਿਣ ਦੀ ਲੋੜ ਨਹੀਂ। ਮੰਦਰ ਦਾ ਟਰੱਸਟ ਵੀ ਹੈ ਤੇ ਇਸ ਕੋਲ ਚੜਾਵੇ ਵਜੋਂ ਚੋਖਾ ਪੈਸਾ ਪਹੁੰਚਦਾ ਹੈ। ਹਰ ਮੰਦਰ ਵਾਗੂੰ ਇਸ ਵਿਚ ਵੀ ਮੱਠ ਪ੍ਰਧਾਨ ਦੀ ਕਮਾਈ ਦਾ ਆਪਣਾ ਜ਼ਰੀਆ ਹੈ ਕਿ ਵਿਸ਼ੇਸ ਬੰਦਿਆਂ ਤੋਂ ਵੱਡੀ ਰਕਮ ਵਸੂਲ ਕਰੋ। ਤੇ ਉਨ੍ਹਾਂ ਨੂੰ ਪਹਿਲਾਂ ਦਰਸ਼ਨ ਕਰਵਾਓ। ਜਿਸ ਥਾਂ 'ਤੇ 25000 ਸਰਧਾਲੂ ਇਕੱਠੇ ਹੁੰਦੇ ਹੋਣ ਉਥੇ ਕਿੰਨੀ ਪੁਲਸ ਫੋਰਸ ਹੋਣੀ ਚਾਹੀਦੀ ਹੈ। ਮੁਠੀਭਰ ਪੁਲਿਸ ਜਵਾਨਾਂ ਨੂੰ ਵੇਖ ਕੇ ਵੀ ਘਾਟ ਕਿਸੇ ਨੂੰ ਰੜਕੀ ਨਹੀਂ। ਮੰਦਰ ਪ੍ਰਬੰਧ ਦੇ ਬੰਦੋਬਸਤ ਵਿਚ ਜਿੰਨੇ ਵੀ ਛੇਦ ਸਨ। ਅੱਤਵਾਦੀਆਂ ਨੂੰ ਇਸ ਦੀ ਪੂਰੀ ਜਾਣਕਾਰੀ ਸੀ ਯਾਨੀ ਉਨ੍ਹਾਂ ਨੂੰ ਪਤਾ ਸੀ ਕਿ ਟੁੱਟੀਆਂ ਕੰਧਾਂ 'ਚ ਠੁਕੇ ਬੈਰੀਕੇਡ ਕਿੰਨੇ ਨਾਜੁਕ ਹਨ? ਵੀ ਆਈ ਪੀ ਅੱਗੇ ਲਿਜਾਣ ਲਈ ਕਤਾਰ ਤੋੜ ਦੀ ਰਵਾਇਤ ਦਾ ਫਾਇਦਾ ਕਿਵੇਂ ਉਠਾਇਆ ਜਾ ਸਕਦਾ ਹੈ? ਨਾਰੀਅਲ ਪਾਣੀ ਨਾਲ ਬਣੀ ਤਿਲਕਣ ਉਨ੍ਹਾਂ ਦੇ ਮਕਸਦ ਨੂੰ ਕਿੰਨਾ ਸਫਲ ਬਣਾ ਸਕਦੀ ਹੈ? ਯਾਨੀ ਖਰੂਦੀਆਂ ਲਈ ਮਨਚਾਹਿਆ ਮੈਦਾਨ ਤਿਆਰ ਸੀ। ਉਨ੍ਹਾਂ ਨੇ ਤਾਂ ਸਿਰਫ ਅਫ਼ਵਾਹ ਹੀ ਫੈਲਾਉਣੀ ਸੀ ਜੋ ਉਨ੍ਹਾਂ ਕੀਤੀ ਵੀ। ਮੰਦਰ ਦੇ ਦਰਵਾਜੇ ਤੜਕੇ ਸਾਢੇ ਤਿੰਨ ਵਜੇ ਖੁੱਲੇ ਤੇ ਹਾਦਸਾ 5.30 ਤੋਂ 6 ਦੇ ਦਰਮਿਆਨ ਹੋਇਆ। ਕੀ ਪੁਲਿਸ ਤੇ ਪ੍ਰਸ਼ਾਸਨ ਨੂੰ ਇਨ੍ਹਾਂ ਦੋ ਢਾਈ ਘੰਟਿਆਂ 'ਚ ਪਤਾ ਹੀ ਨਹੀਂ ਲੱਗਿਆ ਕਿ ਪੁਲਿਸ ਫੋਰਸ ਕਾਫੀ ਨਹੀਂ ਹੈ? ਜੇ ਬੰਬ ਰੱਖਣ ਨੂੰ ਅਫ਼ਵਾਹ ਮੰਨਿਆ ਜਾਵੇ ਤਾਂ ਪੁਲਿਸ ਨੇ ਕਿਉਂ ਨਹੀਂ ਸੋਚਿਆ ਕਿ ਇਨੀਂ ਦਿਨੀਂ ਅੱਤਵਾਦੀਆਂ ਦੀ ਸਰਗਰਮੀ ਦੇਖਦਿਆਂ ਅਜਿਹਾ ਕਦੋਂ ਵੀ ਵਾਪਰ ਸਕਦਾ ਹੈ। ਟਰੱਸਟ ਬਹੁਤ ਪੈਸੇ ਚੜ੍ਹਾਵੇ ਵਜੋਂ ਬਟੇਰਦਾ ਹੈ ਤਾਂ ਕੀ ਸੁਰੱਖਿਆ ਪ੍ਰਬੰਧ ਤੇ ਪੈਸੇ ਖਰਚਣੇ ਉਨ੍ਹਾਂ ਦਾ ਫਰਜ਼ ਨਹੀਂ ਪਰ ਇਸ ਨੇ ਤਾਂ ਸਾਢੇ ਪੰਜ ਸੌ ਸਾਲ ਵਿਚ ਧੇਲਾ ਵੀ ਨਹੀਂ ਖਰਚਿਆ। ਤਾਜ਼ੁਬ ਹੈ ਕਿ ਟਰੱਸਟ ਨਾਲ ਜੁੜੇ ਸਾਬਕਾ ਨਰੇਸ਼ ਰਾਜ ਸਿੰਘ ਨੇ ਕਦੀ ਵੀ ਇਸ ਖਾਮੀ ਨੂੰ ਵੇਖਿਆ ਤੱਕ ਨਹੀਂ।

ਮਾਅਰਕੇ ਦੀ ਗੱਲ ਹੈ ਕਿ ਨਿੱਜੀ ਸੁਰੱਖਿਆ ਗਾਰਡ ਵੀ ਹਾਲਤ ਦੀ ਅਹਿਮੀਅਤ ਸਮਝਣ ਦੀ ਬਜਾਏ ਮਟਰਗਸ਼ਤੀ ਕਰ ਰਹੇ ਸਨ। ਪਰ ਅਫ਼ਵਾਹਾਂ ਫੈਲਾਉਣ ਵਾਲਿਆਂ ਨੂੰ ਤਾਂ ਮੌਕਾ ਸੰਸਦ ਜਸਵੰਤ ਸਿੰਘ ਬਿਸ਼ਨੋਈ ਨੂੰ ਕਤਾਰ ਤੋੜ ਕੇ ਦਰਸ਼ਨ ਕਰਾਉਣ ਵੇਲੇ ਮਿਲਿਆ। ਪੁਲਿਸ ਨੇ ਇਸ ਕੰਮ ਲਈ ਰਾਹ ਬਣਾ ਕੇ ਪੂਰਾ ਬਲਾਕ ਖਾਲੀ ਕਰਵਾ ਦਿੱਤਾ। ਇਸ ਬਲਾਕ ਪਿੱਛੇ ਖੜ੍ਹੇ ਲੋਕਾਂ ਨੇ ਵੀ ਮੁਨਾਸਿਬ ਮੌਕਾ ਸਮਝ ਕੇ ਸੈਂਕੜੇ ਹੋਰ ਲੋਕ ਘੁਸ ਗਏ। ਇਸ ਭਗਦੜ ਦੌਰਾਨ ਲੋਕ ਤਿਲਕਣ ਭਰੀ ਢਲਾਨ 'ਚ ਡਿੱਗਦੇ ਗਏ ਤੇ ਇਕ ਦੂਜੇ ਨੂੰ ਕੁਚਲਦੇ ਰਹੇ। ਇਹ ਘਟਨਾ ਕੋਈ ਕੁਦਰਤੀ ਹਾਦਸਾ ਨਹੀਂ ਬਲਕਿ ਪ੍ਰਸ਼ਾਸਣ ਦੇ ਨਿਕੰਮੇਪਣ ਦਾ ਸਬੂਤ ਹੈ ਅਤੇ ਸਾਬਿਤ ਕਰਦੀ ਹੈ ਕਿ ਚਿਕਨੇ ਘੜੇ ਵਾਗੂੰ ਆਪਣੀ ਸਪਾਟਤਾ 'ਚ ਅੱਤਵਾਦੀ ਅਤੇ ਪ੍ਰਸ਼ਾਸਨ ਇਕ ਦੂਜੇ ਦੇ ਹਮਜੋਲੀ ਹਨ। ਇਕ ਧਾਰਮਿਕ ਕੱਟੜਤਾ ਦਾ ਸ਼ਿਕਾਰ ਹੈ ਤੇ ਦੂਜਾ ਧਰਮ ਭੁੱਲ ਚੁੱਕਿਆ ਹੈ।

# ਮੌਸਮੀ ਤੇ ਮੱਛਰਾਂ ਨਾਲ ਫੈਲਣ ਵਾਲੀਆਂ ਬੀਮਾਰੀਆਂ

ਅੱਜਕਲ ਦੇਸ਼ ਦਾ ਵੱਡਾ ਹਿੱਸਾ ਕਈ ਤਰ੍ਹਾਂ ਦੇ ਬੁਖਾਰ ਨਾਲ ਘਿਰਿਆ ਹੋਇਆ ਹੈ। ਵਾਇਰਲ, ਡੇਂਗੂ, ਚਿਕਨਗੁਨੀਆਂ, ਮਲੇਰੀਆ, ਟਾਈਫਾਇਡ ਬੁਖਾਰ ਤੇਜ਼ੀ ਨਾਲ ਫੈਲਿਆ ਹੋਇਆ ਹੈ। ਇਸ ਨਾਲ ਲੱਖਾਂ ਲੋਕ ਪ੍ਰਭਾਵਿਤ ਹੋਏ। ਇਨ੍ਹਾਂ ਦੀ ਚਰਚਾ ਇਥੇ ਕੀਤੀ ਜਾ ਰਹੀ ਹੈ:

**ਵਾਇਰਲ ਬੁਖਾਰ** - ਵਰਖਾ ਰੁੱਖ ਦੇ ਅੰਤ ਵਿਚ ਇਸ ਦਾ ਪ੍ਰਕੋਪ ਹੁੰਦਾ ਹੈ। ਇਸ ਦਾ ਮੁੱਖ ਕਾਰਨ ਇਕ ਤਰ੍ਹਾਂ ਦੇ ਵਿਸ਼ਾਣੂ (ਵਾਇਰਸ) ਨੂੰ ਮੰਨਿਆ ਗਿਆ ਹੈ।

**ਲੱਛਣ** :- ਸਰੀਰ ’ਚ ਦਰਦ ਖਾਸ ਕਰਕੇ ਪਿੰਜਣੀਆਂ ’ਤੇ ਡੰਡੇ ਮਾਰਨ ਵਰਗਾ ਦਰਦ ਕਮਰ ਤੇ ਸਿਰ ’ਚ ਦਰਦ, ਜੀ ਘਬਰਾਉਣਾ, ਮੂੰਹ ਦਾ ਸੁਆਦ ਖਰਾਬ ਹੋਣਾ, ਉਲਟੀ, ਨੀਂਦ ਘੱਟ ਹੋਣੀ, ਬੇਚੈਨੀ ਰਹਿਣੀ, ਚੱਕਰ ਆਉਣੇ, ਦੰਦਾਂ ਦਾ ਖੱਟੇ ਹੋਣਾ, ਗਲਾ ਤੇ ਮੁੱਖ ਸੁੱਕਣਾ, ਵਾਰ ਵਾਰ ਪਿਆਸ ਲੱਗਣੀ, ਟੱਟੀ ਖੁਸ਼ਕ ਹੋਣੀ। ਸਰਦੀ ਲੱਗ ਕੇ ਜਾਂ ਜੋੜਾਂ ’ਚ ਤੇਜ਼ ਦਰਦ ਹੋ ਕੇ ਬੁਖਾਰ ਆਉਣਾ ਕਈ ਰੋਗੀਆਂ ਦੇ ਜੋੜਾਂ ਵਿਚ ਸੋਜ ਵੀ ਮਿਲਦੀ ਹੈ। ਬੁਖਾਰ ਕਈ ਵਾਰੀ ਤਿੰਨ-ਚਾਰ ਫਾਰਨਹੀਟ ਤੱਕ ਵੀ ਹੋ ਜਾਂਦਾ ਹੈ। ਰੋਗੀ ਨੂੰ ਬਹੁਤ ਕਮਜ਼ੋਰੀ ਹੋ ਜਾਂਦੀ ਹੈ। ਸਰੀਰ ’ਚ ਕੰਬਣੀ, ਸਰੀਰ ’ਚ ਖੁਸ਼ਕੀ ਆਦਿ ਲੱਛਣ ਵਾਇਰਲ ਬੁਖਾਰ ’ਚ ਪੈਦਾ ਹੁੰਦੇ ਹਨ।

**ਬਚਾਅ** - ਸਰੀਰ ’ਚ ਪਾਣੀ ਦੀ ਘਾਟ ਨਾ ਹੋਣ ਦਿਉ। ਸਾਫ ਸਫ਼ਾਈ ਦਾ ਧਿਆਨ ਰੱਖੋ। ਦਰਦ ਨਿਵਾਰਕ ਤੇ ਬੁਖਾਰ ਘੱਟ ਕਰਨ ਵਾਲੀ ਦਵਾਈ ਦਿੱਤੀ ਜਾਵੇ। ਭੋਜਨ ਪੌਸ਼ਟਿਕ ਦਿੱਤਾ ਜਾਵੇ।

**ਡੇਂਗੂ ਬੁਖਾਰ** : ਇਹ ਇਕ ਪ੍ਰਕਾਰ ਦੀ ਵਾਇਰਸ (ਫਲੇਵਿ ਵਾਇਰਸ) ਇਨਫੈਕਸ਼ਨ ਹੈ। ਇਹ ਏਡੀਜ਼ ਇਜਿਪਟਾਈ ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਇਕ ਦੂਜੇ ਰੋਗੀ ਤੋਂ ਨਹੀਂ ਫੈਲਦਾ। ਜਿਸ ਮੱਛਰ ’ਚ ਇਹ ਵਾਇਰਸ ਹੁੰਦਾ ਹੈ, ਉਸ ਦੇ ਕੱਟਣ ਨਾਲ ਇਹ ਵਾਇਰਸ ਨਾਲ ਡੇਂਗੂ ਦੇ ਲੱਛਣ ਦੋ ਤੋਂ ਸੱਤ ਦਿਨ ਤੱਕ ਨਜ਼ਰ ਆਉਣ ਲੱਗਦੇ ਹਨ। ਇਸ ਵਾਇਰਸ ਨਾਲ ਦੋ ਤਰ੍ਹਾਂ ਦੇ ਬੁਖਾਰ ਹੁੰਦੇ ਹਨ।

1. ਡੇਂਗੂ ਬੁਖਾਰ 2. ਡੇਂਗੂ ਹੇਮੋਰੇਜਿਕ (ਖੂਨ ਨਿਕਲਣਾ) ਬੁਖਾਰ ਜੋ ਵਧ ਘਾਤਕ ਹੁੰਦਾ ਹੈ।

**ਪਹਿਚਾਣ** :- ਖੂਨ ’ਚ ਸਫੈਦ ਕਣ ਤੇ ਪਲੇਟਲੈਟਸ ਦਾ ਘਟਨਾ। ਲੱਛਣ ਦਿਸਣ ਤੋਂ ਪੰਜ-ਛੇ ਦਿਨ ਬਾਅਦ ਵਾਇਰਸ ਸੀਰੇਲੋਜੀ ਪਾਜ਼ੇਟਿਵ ਹੋਣਾ।

**ਡੇਂਗੂ ਦੇ ਲੱਛਣ** :- ਖੂਨ ’ਚ ਸਫੈਦ ਕਣ ਤੇ ਪਲੇਟਲੈਟਸ ਦਾ ਘਟਣਾ, ਬੁਖਾਰ ਦੇ ਨਾਲ ਤੇਜ਼ ਬਦਨ ਦਰਦ, ਦਰਦ ਏਨਾ ਕਿ ਇਸ ਨੂੰ ‘ਹੱਡੀ ਤੋੜ’ ਬੁਖਾਰ ਵੀ ਕਿਹਾ ਜਾਂਦਾ ਹੈ। ਜੀ ਕੱਚਾ ਹੋਣਾ, ਸਿਰ ਦਰਦ ਮੂੰਹ ਦਾ ਸੁਆਦ ਖਰਾਬ ਹੋਣਾ, ਉਲਟੀ ਹੋਣੀ, ਭੁੱਖ ਨਾ ਲੱਗਣੀ, ਕਮਜ਼ੋਰੀ ਆਉਣੀ।
ਸਰੀਰ ਤੇ ਲਾਲ ਰੰਗ ਦੇ ਦਾਗ ਉਭਰਨ।

**ਡੇਂਗੂ ਹੇਮੋਰੇਜਿਕ** - ਇਸ ’ਚ ਉਪਰੋਕਤ ਲੱਛਣਾਂ ਤੋਂ ਇਲਾਵਾ ਮਸੂੜਿਆਂ ਤੇ ਟੱਟੀ ਵਿਚ ਖੂਨ ਵਗਣਾ, ਵਾਰ ਵਾਰ ਉਲਟੀ ਹੋਣੀ, ਪਿਆਸ ਵਧ ਲੱਗਣੀ, ਮੂੰਹ ਸੁਕਣਾ, ਉਨੀਂਦਰਾ, ਬੇਚੈਨੀ।

**ਬਚਾਅ** - ਲਗਭਗ 5 ਐਮ ਐਮ ਮਾਪ ਦੇ ਕਾਲੇ ਰੰਗ ਦੇ ਸਫੈਦ ਧਾਰੀਆਂ ਵਾਲੇ 'ਏਡਜ਼ ਇਜਪਟਾਈ ਮੱਛਰ' ਦੇ ਕੱਟਣ ਨਾਲ ਡੇਂਗੂ ਹੁੰਦਾ ਹੈ। ਇਹ ਮੱਛਰ ਘਰ ਦੇ ਖੂੰਜਿਆਂ, ਹਨੇਰੇ ਕੋਨਿਆਂ, ਨਮੀ ਵਾਲੀ ਥਾਂ, ਫਰਨੀਚਰ ਦੇ ਹੇਠਾਂ, ਪਰਦਿਆਂ ਆਦਿ 'ਚ ਛੁਪਿਆ ਰਹਿੰਦਾ ਹੈ। ਘਰਾਂ 'ਚ ਰੱਖੇ ਬਰਤਨ ਜਿਨ੍ਹਾਂ 'ਚ ਥੋੜ੍ਹਾ ਜਿਹਾ ਪਾਣੀ ਬਚਿਆ ਹੋਵੇ, ਮੱਛਰ ਦੇ ਵਧਣ ਫੁਲਣ ਲਈ ਕਾਫੀ ਹੁੰਦਾ ਹੈ। ਇਸ ਦੇ ਆਂਡੇ ਬਿਨਾਂ ਪਾਣੀ ਵੀ ਇਕ ਸਾਲ ਤੱਕ ਜਿਉਂਦੇ ਰਹਿ ਸਕਦੇ ਹਨ। ਇਸ ਦੇ ਵਧਣ ਫੁਲਣ ਤੇ ਅੰਡੇ ਦੇਣ ਦੀ ਪਸੰਦੀਦਾ ਜਗ੍ਹਾ ਕੂਲਰ, ਡਰੱਮ, ਜ਼ਾਰ, ਬਾਲਟੀ, ਗੁਲਦਸਤੇ, ਗਮਲਿਆਂ ਹੇਠਾਂ ਰੱਖੀਆਂ ਪਲੇਟਾਂ, ਪੁਰਾਣੇ ਟਾਇਰ, ਫਰਿੱਜ ਹੇਠਾਂ ਰੱਖੀ ਟਰੇਅ, ਬਾਂਸ, ਨਾਰੀਅਲ ਦੇ ਖੋਲ, ਜਾਂ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ ਜਿਨ੍ਹਾਂ 'ਚ ਪਾਣੀ ਇਕੱਠਾ ਹੋ ਜਾਂਦਾ ਹੈ। ਮੱਛਰ ਦੇ ਵਧਣ ਤੇ ਮੱਛਰਾਂ ਦੇ ਬਚਾਅ ਦੇ ਉਪਾਅ ਕਰਨ ਨਾਲ ਰੋਗ ਤੋਂ ਬਚਣਾ ਸੰਭਵ ਹੈ, ਰਾਤ ਨੂੰ ਮੱਛਰਦਾਨੀ ਲਾ ਕੇ ਸੌਣਾ ਚਾਹੀਦਾ ਹੈ।

**ਇਲਾਜ** - ਲੱਛਣਾ ਦੇ ਅਧਾਰ 'ਤੇ ਹਲਕੀ ਦਰਦ ਨਿਵਾਰਕ ਦਵਾਈ ਬੁਖਾਰ ਘੱਟ ਕਰਨ ਲਈ ਦਿੱਤੀ ਜਾਂਦੀ ਹੈ, ਲੋੜੀਂਦਾ ਭੋਜਨ ਕਰੋ। ਖ਼ੂਨ ਵਗਣ ਦੀ ਹਾਲਤ 'ਚ ਤੁਰੰਤ ਡਾਕਟਰ ਨੂੰ ਵਿਖਾਓ ਅਤੇ ਹਸਪਤਾਲ 'ਚ ਭਰਤੀ ਹੋ ਕੇ ਪਲੇਟਲੈਟ ਚੜਵਾਓ। ਪੇਟ ਦਰਦ, ਉਲਟੀ ਦੀ ਸ਼ਿਕਾਇਤ ਹੋਣ 'ਤੇ ਨਸ ਰਾਹੀਂ ਗੁਲੂਕੋਜ਼ ਚੜ੍ਹਾਉਣਾ ਚਾਹੀਦੈ।

**ਚਿਕਨਗੁਨੀਆ** - ਚਿਕਨਗੁਨੀਆ ਦਾ ਮਤਬਲ ਹੈ 'ਕਬਜ਼ੇ ਵਿਚ ਲੈਣਾ' ਜ਼ਿਆਦਾਤਰ ਲੋਕਾਂ ਨੇ ਪਹਿਲੀ ਵਾਰੀ ਇਸ ਦਾ ਨਾਂ ਸੁਣਿਆ ਹੈ। ਬਹੁਤ ਤੇਜ਼ੀ ਨਾਲ ਆਪਣੀ ਹਾਜ਼ਰੀ ਦਰਜ ਕਰਵਾਉਣ ਵਾਲਾ ਇਹ ਰੋਗ ਮੱਛਰਾਂ ਤੋਂ ਵਧਦਾ ਫੁਲਦਾ ਹੈ। ਇਸ ਰੋਗ ਦੇ ਫੈਲਣ ਦੇ ਕਾਰਨ :–

ਜਦ ਚਿਕਨਗੁਨੀਆ ਨਾਲ ਗ੍ਰਸਤ ਕਿਸੇ ਵਿਅਕਤੀ ਨੂੰ ਮੱਛਰ ਕੱਟ ਲੈਂਦਾ ਹੈ ਤਾਂ ਉਸ ਨੂੰ ਇੰਫੈਕਸ਼ਨ ਹੋ ਜਾਂਦੀ ਹੈ, ਉਹ ਇਸ ਰੋਗ ਦਾ ਸ਼ਿਕਾਰ ਹੋ ਜਾਂਦਾ ਹੈ।

**ਬਚਾਅ** - ਮੱਛਰਾਂ ਤੋਂ ਬਚਾਅ ਰੱਖਣਾ ਚਾਹੀਦਾ ਹੈ। ਜਿਨ੍ਹਾਂ ਦਿਨਾਂ 'ਚ ਇਨ੍ਹਾਂ ਦਾ ਕਹਿਰ ਹੋਵੇ, ਉਨ੍ਹਾਂ ਦਿਨਾਂ 'ਚ ਵਿਸ਼ੇਸ਼ ਸਾਵਧਾਨੀ ਵਰਤਣੀ ਚਾਹੀਦੀ ਹੈ। ਕਿਉਂਕਿ ਇਸ ਰੋਗ ਨੂੰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਹੀ ਕੱਟਦਾ ਹੈ ਅਤੇ ਸਾਫ ਪਾਣੀ 'ਤੇ ਪਲਦਾ ਹੈ। ਘਰ 'ਚ ਬਰਤਨਾਂ 'ਚ ਭਰਿਆ ਪਾਣੀ ਢੱਕ ਕੇ ਰੱਖੋ। ਹੱਥ ਪੈਰ ਨੰਗੇ ਨਾ ਰੱਖੋ। ਮੱਛਰਦਾਨੀ ਵਰਤੋ।

**ਲੱਛਣ** - ਬੁਖਾਰ 102.2 ਡਿਗਰੀ ਫਾਰਨਹੀਟ 'ਤੇ ਜਾਂਦਾ ਹੈ, ਜੋੜਾਂ 'ਤੇ ਪੱਠਿਆਂ ਤੇ ਰੀੜ ਦੀ ਹੱਡੀ 'ਚ ਦਰਦ, ਕਦੀ ਕਦੀ ਅੱਖ ਆ ਜਾਂਦੀ ਹੈ ਅਤੇ ਰੋਸ਼ਨੀ 'ਚ ਵੇਖਣ 'ਤੇ ਡਰ ਲੱਗਦਾ ਹੈ। ਜੀ ਕੱਚਾ ਹੁੰਦੈ, ਉਲਟੀ ਆਉਂਦੀ ਹੈ। ਖ਼ੂਨ ਵੀ ਕਦੀ ਕਦੀ ਵਗ ਸਕਦਾ ਹੈ। ਕਦੀ ਕਦੀ ਚਮੜੀ ਤੇ ਲਾਲ ਦਾਗ ਵੀ ਉਭਰ ਆਉਂਦੇ ਹਨ। ਇਹ ਬਿਮਾਰੀ 3 ਤੋਂ 12 ਦਿਨ ਤੱਕ ਰਹਿੰਦੀ ਹੈ ਪਰ ਦਰਦ ਦੀ ਸ਼ਿਕਾਇਤ ਕੁਝ ਹਫ਼ਤਿਆਂ ਤੱਕ ਬਣੀ ਰਹਿ ਸਕਦੀ ਹੈ।

**ਇਲਾਜ** - ਦਰਦ ਨਿਵਾਰਕ ਤੇ ਬੁਖਾਰ ਘਟਾਉਣ ਲਈ ਦਵਾ ਦਿੱਤੀ ਜਾਵੇ ਸਰੀਰ 'ਚ ਪਾਣੀ ਦੀ ਕਮੀ ਨਾ ਹੋਣ ਦਿਉ, ਫਲਾਂ ਦਾ ਰਸ ਤੇ ਪੌਸ਼ਟਿਕ ਭੋਜਨ ਹੀ ਦਿਉ।

# ਕੀ ਬਾਜ਼ਾਰ ਦਾ ਹਰ ਪੰਜਵਾਂ ਨੋਟ ਜਾਹਲੀ ਹੈ?

ਬਾਜ਼ਾਰ ਦੇ ਇਸ ਕੌੜੇ ਸੱਚ ਤੋਂ ਭਾਰਤੀ ਅਣਜਾਣ ਹਨ ਕਿ ਬਜ਼ਾਰ ਦਾ ਹਰ ਪੰਜਵਾਂ ਨੋਟ ਜਾਹਲੀ ਹੈ। ਸਟੇਟ ਬੈਂਕ ਦੀ ਨਵੀਂ ਦਿੱਲੀ ਸ਼ਾਖਾ ਦਾ ਦ੍ਰਿਸ਼ ਹੈ। ਆਪਣੀ ਵਾਰੀ ਦੀ ਉਡੀਕ ਵਿਚ ਸੁਸ਼ਮਾ ਬਾਹਰਵੇ ਨੰਬਰ 'ਤੇ ਸੀ। ਉਸ ਨੂੰ ਆਪਣੇ ਬੱਚੇ ਦੇ ਨਾਮਾਂਕਨ ਲਈ ਡ੍ਰਾਫਟ ਬਣਾਉਣਾ ਸੀ। ਆਖਿਰਕਾਰ ਉਸ ਦੀ ਵੀ ਵਾਰੀ ਆ ਗਈ। ਪਰ ਇਹ ਕੀ? ਉਨ੍ਹਾਂ ਨੋਟਾਂ 'ਤੇ ਫਟਾਫਟ ਮੋਹਰ ਲਾਈ ਜਾ ਰਹੀ ਹੈ, ਉਹ ਨਕਲੀ ਹੋਣ ਦੀ। ਇਕ ਨਹੀਂ, ਦੋ ਨਹੀਂ, ਪੰਜ ਸੌ ਦੇ ਸੱਤ ਨੋਟਾਂ 'ਤੇ। ਉਹ ਰੋਈ, ਪਿੱਟੀ, ਮੈਨੇਜਰ ਨੂੰ ਮਿਲੀ। ਬੱਚੇ ਦੇ ਸਿਰ ਤੇ ਹੱਥ ਰੱਖ ਕੇ ਸਹੁੰ ਖਾਧੀ, ਉਸ ਦੇ ਭਵਿੱਖ ਦੇ ਬਰਬਾਦ ਹੋ ਜਾਣ ਦਾ ਵਾਸਤਾ ਦਿੱਤਾ। ਪਰ ਕਿਸੇ ਨੇ ਇਕ ਨਾ ਸੁਣੀ। ਇਹ ਦ੍ਰਿਸ਼ ਨੂੰ ਵੇਖ ਰਹੇ ਬੈਂਕ ਦੇ ਇਕ ਕਰਮਚਾਰੀ ਨੇ ਦੱਸਿਆ ਕਿ ਜਦੋਂ ਤੋਂ ਬੈਂਕਾਂ 'ਚ ਨਕਲੀ ਨੋਟਾਂ ਨੂੰ ਪਹਿਚਾਨਣ ਦੀ ਮਸ਼ੀਨ ਆਈ ਹੈ। ਉਦੋਂ ਤੋਂ ਰੋਜ਼ਾਨਾ ਦੋ ਚਾਰ ਅਜਿਹੇ ਦ੍ਰਿਸ਼ ਵੇਖਣ ਨੂੰ ਮਿਲ ਜਾਂਦੇ ਹਨ।

ਪਰ ਸੁਸ਼ਮਾ ਨੂੰ ਸਮਝ ਨਹੀਂ ਆਇਆ ਕਿ ਅਸਲੀ ਨੀਅਤ ਨਾਲ ਕਮਾਏ ਗਏ ਨੋਟ ਨਕਲੀ ਕਿਵੇਂ ਹੋ ਗਏ। ਇਹ ਸੁਆਲ ਸਿਰਫ ਸੁਸ਼ਮਾ ਦਾ ਹੀ ਨਹੀਂ ਹੈ ਬਲਕਿ ਉਸ ਵਰਗੇ ਕਰੋੜਾਂ ਲੋਕਾਂ ਦਾ ਹੈ ਜਿਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਬਜ਼ਾਰ ਦਾ ਹਰ ਪੰਜਵਾਂ ਨੋਟ ਜਾਹਲੀ ਹੈ। ਨਕਲੀ ਨੋਟਾਂ ਦੀ ਉਪਲੱਭਤਾ ਬਾਰੇ ਰਿਜ਼ਰਵ ਬੈਂਕ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸਿਰਫ 2007-08 ਵਿਚਕਾਰ ਬੈਂਕਾਂ ਤੋਂ ਗਿਣਤੀ ਵਿਚ ਇਕ ਲੱਖ 95 ਹਜ਼ਾਰ ਨੂੰ 811 ਰੁਪਏ ਜਬਤ ਕੀਤੇ ਗਏ। ਜਿਸ ਵਿਚ ਸਭ ਤੋਂ ਛੋਟਾ ਨੋਟ ਸੌ ਰੁਪਏ ਦਾ ਸੀ। ਜੇ ਇਨ੍ਹਾਂ ਨੋਟਾਂ ਦਾ ਮੁੱਲ ਲਾਇਆ ਜਾਵੇ ਤਾਂ ਉਹ 549 ਲੱਖ 91 ਹਜ਼ਾਰ 180 ਰੁਪਏ ਹੋਵੇਗਾ।

ਸਿਰਫ ਬੈਂਕਾਂ ਤੋਂ ਜਬਤ ਰਾਸ਼ੀ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਨਕਲੀ ਨੋਟਾਂ ਦੀ ਬਜ਼ਾਰ 'ਚ ਕਿੰਨੀ ਉਪਲੱਭਤਾ ਹੈ। ਖ਼ੁਫੀਆ ਵਿਭਾਗ ਦੇ ਅਧਿਕਾਰੀਆਂ ਦੀ ਮੰਨੀਏ ਤਾਂ ਬਜ਼ਾਰ ਵਿਚ ਇਕ ਲੱਖ ਉਨੱਤਰ ਹਜ਼ਾਰ ਕਰੋੜ ਯਾਨੀ 61 ਹਜ਼ਾਰ ਮਿਲੀਅਨ ਨੋਟ ਨਕਲੀ ਹਨ। ਨਕਲੀ ਨੋਟਾਂ ਦੇ ਜਾਲ ਦਾ ਦਾਇਰਾ ਭਾਰਤ ਸਮੇਤ ਪਾਕਿਸਤਾਨ, ਨੇਪਾਲ, ਬੰਗਲਾ ਦੇਸ਼, ਥਾਈਲੈਂਡ, ਦੁਬਈ ਅਤੇ ਸ੍ਰੀਲੰਕਾ 'ਚ ਫੈਲਿਆ ਹੋਇਆ ਹੈ। ਪਰ ਭਾਰਤ ਦੀ ਗੱਲ ਕਰੀਏ ਤਾਂ ਖ਼ੂਫੀਆਂ ਏਜੰਸੀਆਂ ਵੱਲੋਂ ਹੈਦਰਾਬਾਦ ਨੂੰ ਨਕਲੀ ਨੋਟਾਂ ਦੇ ਲੈਣ ਦੇਣ ਦੇ ਇਕ ਮੁਖ ਕੇਂਦਰ ਵਜੋਂ ਟਿਕਿਆ ਜਾ ਰਿਹਾ ਹੈ। ਪੁਲਸ ਸੂਤਰਾਂ ਮੁਤਾਬਕ ਆਂਧਰਾ ਪ੍ਰਦੇਸ਼ ਦੇ ਨਿਜ਼ਾਮਾਬਾਦ, ਕਰੀਮ ਨਗਰ ਤੇ ਕਡੱਪਾ ਆਦਿ ਜ਼ਿਲਿਆਂ ਤੋ ਦੁਬਈ ਜਾਣ ਵਾਲੇ ਕਾਮੇ ਇਕ ਅਰਸੇ ਪਿਛੋਂ ਜਦ ਸਵਦੇਸ਼ ਮੁੜਦੇ ਹਨ ਤੇ ਮਾਫੀਆ ਉਨ੍ਹਾਂ ਦੇ ਸਾਮਾਨ ਦੇ ਨਾਲ ਨਕਲੀ ਨੋਟਾਂ ਦੀਆਂ ਗੱਡੀਆਂ ਭੇਜਦੇ ਹਨ। ਹਵਾਈ ਅੱਡਿਆਂ ਦੀ ਸਖਤ ਸੁਰੱਖਿਆ ਪ੍ਰਬੰਧ ਵੀ ਇਹ ਭੇਦ ਇਸ ਲਈ ਨਹੀਂ ਜਾਣ ਸਕਦਾ ਕਿਉਂਕਿ ਦਲਾਲ ਨਕਲੀ ਨੋਟਾਂ ਦੀਆਂ ਗੱਡੀਆਂ ਨੂੰ ਸੂਟਕੇਸ ਦੇ ਸਭ ਤੋਂ ਹੇਠਲੇ ਹਿੱਸੇ ਵਿਚ ਕਾਰਬਨ 'ਚ ਲਪੇਟ ਕੇ ਰੱਖਦੇ ਹਨ। ਇਸ ਬਾਰੇ ਹੈਦਰਾਬਾਦ ਖ਼ੁਫੀਆ ਦੇ ਐਸ ਪੀ ਬੀ ਸ੍ਰੀ ਨਿਵਾਸਲੂ ਵੱਲੋਂ ਦਿੱਤੀ ਗਈ ਜਾਣਕਾਰੀ ਕਾਬਲੇਗੌਰ

ਹੈ। ਉਨ੍ਹਾਂ ਦੱਸਿਆ ਕਿ 'ਮਾਫੀਆ ਸਰਗਨਾ, ਦਾਊਦ ਦੀ ਡੀ ਕੰਪਨੀ ਦੁਬਈ ਤੋਂ ਹੈਦਰਾਬਾਦ ਦੇ ਰਾਹ ਭਾਰਤ 'ਚ ਨਕਲੀ ਨੋਟਾਂ ਦਾ ਕਾਰੋਬਾਰ ਕਰਦੀ ਹੈ। ਇਸ ਕਾਲੇ ਧੰਦੇ ਵਿਚ ਮੁਖ ਤੌਰ 'ਤੇ ਪੰਜ ਸੌ ਤੇ ਹਜ਼ਾਰ ਦੇ ਨੋਟ ਪਾਕਿਸਤਾਨ ਜਾਂ ਉਸ ਦੇ ਮਿੱਤਰ ਦੇਸ਼ਾਂ ਤੋਂ ਛਪ ਕੇ ਦੁਬਈ ਦੇ ਰਸਤੇ ਭਾਰਤ ਆਉਂਦੇ ਹਨ। ਇਸ ਦਾ ਮਕਸਦ ਭਾਰਤ ਨੂੰ ਆਰਥਕ ਤੌਰ 'ਤੇ ਕੰਮਜ਼ੋਰ ਕਰਨਾ ਤੇ ਅੱਤਵਾਦੀ ਸਰਗਰਮੀਆਂ ਨੂੰ ਅੰਜਾਮ ਦੇਣਾ ਹੈ।' ਪਰ ਉੱਤਰ ਪ੍ਰਦੇਸ਼ ਦੇ ਸਿਧਾਰਥਨਗਰ ਜ਼ਿਲੇ 'ਚ ਮਿਲੇ ਨਕਲੀ ਨੋਟਾਂ ਦੇ ਜ਼ਖੀਰੇ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਧੰਦੇ ਦੀ ਤਾਰ ਭਾਰਤ ਵਾਇਆ ਨੇਪਾਲ ਨਾਲ ਵੀ ਡੂੰਘੀ ਜੁੜੀ ਹੋਈ ਹੈ। ਇਹ ਧੰਦਾ ਏਨਾ ਚੋਖਾ ਰਿਹਾ ਹੈ ਕਿ ਇਸ ਵਿਚ ਇਕ ਸਮੇਂ ਵਿਚ ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਗਿਰਜਾ ਪ੍ਰਸ਼ਾਦ ਕੋਇਰਾਲਾ ਵੀ ਸ਼ਾਮਲ ਰਹੇ ਸਨ। ਕਿਸੇ ਦੇਸ਼ ਦੇ ਪ੍ਰਧਾਨ ਮੰਤਰੀ 'ਤੇ ਲੱਗਿਆ ਇਹ ਦੋਸ਼ ਜਬਰੀ ਮੜਿਆ ਹੋਇਆ ਨਹੀਂ ਹੈ ਬਲਕਿ ਇਕ ਮੁੱਖ ਨੇਪਾਲੀ ਟੈਲੀਵਿਜ਼ਨ 'ਤੇ ਕੀਤਾ ਗਿਆ ਇਕਬਾਲ ਹੈ। ਭਾਰਤੀ ਖੁਫੀਆ ਏਜੰਸੀਆਂ ਮੁਤਾਬਕ ਭਾਰਤ 'ਚ ਪਸਰੇ ਜਾਹਲੀ ਨੋਟਾਂ ਦੇ ਕਾਰੋਬਾਰ ਦਾ ਵੱਡਾ ਹਿੱਸਾ ਅੱਤਵਾਦੀ ਸਰਗਰਮੀਆਂ ਨੂੰ ਸੰਚਾਲਿਤ ਕਰਨ 'ਚ ਵਰਤਿਆ ਜਾਂਦਾ ਹੈ।

ਖ਼ੂਨ ਪਸੀਨੇ ਦੀ ਕਮਾਈ ਨਾਲ ਰੋਟੀ ਰੋਜ਼ੀ ਦਾ ਜੁਗਾੜ ਕਰਨ ਵਾਲੇ ਲੋਕਾਂ ਨੂੰ ਨਹੀਂ ਪਤਾ ਕਿ ਕਿਹੜੀਆਂ ਤਾਕਤਾਂ ਇਸ ਧੰਦੇ ਵਿਚ ਲੱਗੀਆਂ ਹੋਈਆਂ ਹਨ। ਇਸ ਵਿਚ ਦਾਊਦ ਦੇ ਗੁਰਦੇ ਸ਼ਾਮਲ ਹਨ, ਸਿਮੀ-ਹੁਜੀ ਸ਼ਾਮਲ ਹੈ ਜਾਂ ਫਿਰ ਪਾਕਿਸਤਾਨ ਖੁਫੀਆ ਏਜੰਸੀ ਆਈ. ਐਸ. ਆਈ. ਇਸ ਨੂੰ ਚਲਾਉਂਦੀ ਹੈ। ਉਲਟਾ ਦਿੱਲੀ ਦੇ ਸਰਕਾਰੀ ਸਕੂਲ ਵਿਚ ਸਿਖਿਕ ਰਜੇਸ਼ ਪੁੱਛ ਬੈਠਦਾ ਹੈ ਕਿ 'ਲੋਕਾਂ ਦੇ ਕਰੋੜਾਂ ਰੁਪਏ ਦੇ ਖਰਚ 'ਤੇ ਦੇਸ਼ ਦੀ ਦੇਖ ਰੇਖ ਵਿਚ ਲੱਗੀਆਂ ਖੁਫੀਆ ਏਜੰਸੀਆਂ ਏਨੀਆ ਖੱਸੀ ਕਿਉਂ ਹਨ।' ਇਕ ਅੰਕੜੇ ਅਨੁਸਾਰ ਭਾਰਤ 'ਚ ਉਪਲੱਭਤਾ ਕੁਲ ਮੁਦਰਾ ਦਾ ਅਠਾਈ ਫੀਸਦੀ ਨਕਲੀ ਹੈ। ਦੇਸ਼ ਦੇ ਪੂਰਬੀ ਹਿੱਸੇ ਸਿੱਕਮ, ਮਿਜ਼ੋਰਮ ਤੋਂ ਲੈ ਕੇ ਮੱਧ ਪ੍ਰਦੇਸ਼, ਪੱਛਮੀ ਬੰਗਾਲ, ਹੈਦਰਾਬਾਦ, ਬੰਗਲੌਰ ਸਮੇਤ ਗਿਣਤੀ ਕੀਤੀ ਜਾਵੇ ਤਾਂ ਦੇਸ਼ ਦੇ ਸੈਂਕੜੇ ਸ਼ਹਿਰ ਇਸ ਦੀ ਗਿਰਫ਼ਤ ਵਿਚ ਹਨ। ਉੱਤਰ ਪ੍ਰਦੇਸ਼ ਦੇ ਆਗਰਾ ਵਿਚ ਜਿਥੇ ਆਈ ਸੀ ਆਈ ਸੀ ਆਈ ਬੈਂਕ 'ਚ ਨਕਲੀ ਨੋਟਾਂ ਦੀ ਬਰਾਮਦੀ ਹੋਈ ਉਥੇ ਸਿਧਾਰਥ ਨਗਰ ਜ਼ਿਲੇ ਦੀ ਡੁਮਰਿਆ ਗੰਜ ਦੇ ਮਾਮਲੇ ਨੂੰ ਸੂਬਾ ਸਰਕਾਰ ਨੇ ਗੰਭੀਰਤਾ ਨਾਲ ਲੈਂਦਿਆਂ ਹੋਇਆ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰ ਦਿੱਤਾ। ਰਿਜ਼ਰਵ ਬੈਂਕ ਆਫ ਇੰਡਿਆ ਨੇ ਆਸ ਪਾਸ ਦੇ ਸੱਤ ਹੋਰ ਸ਼ਹਿਰਾਂ 'ਚ ਫੈਲੀਆਂ ਸਟੇਟ ਬੈਂਕ ਦੀਆਂ ਸ਼ਾਖਾਵਾਂ ਦੀ ਵਿਆਪਕ ਜਾਂਚ ਕੀਤੀ। ਜਾਂਚ ਦੇ ਇਸ ਸਿਲਸਿਲੇ ਨੇ ਜਾਹਿਰ ਕਰ ਦਿੱਤਾ ਕਿ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਨਕਲੀ ਨੋਟਾਂ ਨੂੰ ਬਜ਼ਾਰ ਵਿਚ ਆਉਣ ਤੋਂ ਨਹੀਂ ਰੋਕਿਆ ਜਾ ਸਕਦਾ। ਇਸ ਵਜ੍ਹਾ ਕਰਕੇ ਪਿਛੇ 20 ਅਗਸਤ ਨੂੰ ਵਿੱਤ ਮੰਤਰਾਲੇ ਨੇ ਆਰ. ਬੀ. ਆਈ. ਨੂੰ ਆਦੇਸ਼ ਦਿੱਤਾ ਕਿ 'ਫੌਰੀ ਪ੍ਰਭਾਵ ਨਾਲ ਸਾਲ 1996 ਅਤੇ ਸਾਲ 2000 'ਚ ਛਪੇ ਨੋਟਾਂ ਦੀ ਸੀਰੀਜ਼ ਨੂੰ ਬੰਦ ਕਰ ਦਿੱਤਾ ਜਾਵੇ।' ਨਾਲ ਹੀ ਰਿਜ਼ਰਵ ਬੈਂਕ ਦੇ ਅਧਿਕਾਰੀਆਂ ਦਾ ਇਹ ਕਹਿਣਾ ਕਿ ਇਸ ਅਮਲ ਵਿਚ ਸਾਲ 1996 ਤੋਂ ਪਹਿਲਾਂ ਦੇ ਨੋਟਾਂ ਨੂੰ ਵੀ ਬਜ਼ਾਰ ਤੋਂ ਰਿਜ਼ਰਵ ਬੈਂਕ ਹਟਾ ਲਵੇਗਾ ਅੱਗੇ ਚੱਲ ਕੇ ਇਨ੍ਹਾਂ ਸੀਰੀਜ਼ ਦੇ ਨਵੇਂ ਨੋਟਾਂ ਜਿਵੇਂ ਦਸ, 20,50,100 ਰੁਪਏ ਨੂੰ ਵੀ

ਚਰਣਬੱਧ ਢੰਗ ਨਾਲ ਹਟਾਇਆ ਜਾਵੇਗਾ। ਰਿਜ਼ਰਵ ਬੈਂਕ ਦੇ ਬੁਲਾਰੇ ਅਲਪਨਾ ਕਿਲ੍ਹਾਵਾਲਾ ਨੇ ਇਸ ਪੂਰੇ ਮਾਮਲੇ ਨੂੰ ਸਪੱਸ਼ਟ ਕਰਦੇ ਹੋਏ ਦੱਸਿਆ ਕਿ 'ਕਰੰਸੀ ਵਾਪਸ ਲੈਣ ਦਾ ਮਤਲਬ ਹੈ – ਇਕ ਨਿਸਚਿਤ ਅਰਸੇ ਪਿਛੋਂ ਉਸ ਸੀਰੀਜ਼ ਦੀ ਮੁਦਰਾ ਚੱਲਣਯੋਗ ਨਹੀਂ ਰਹਿ ਜਾਵੇਗੀ।' ਇਸ ਫੈਸਲੇ ਨਾਲ ਲੋਕਾਂ ਨੂੰ ਰਾਹਤ ਮਿਲੇਗੀ ਜਾਂ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ।

ਇਧਰ ਪੁਲਸ ਤੇ ਖੁਫੀਆ ਵਿਭਾਗ ਨੇ ਉੱਤਰ ਪ੍ਰਦੇਸ਼ 'ਚ ਨਕਲੀ ਨੋਟਾਂ ਦੇ ਨੈੱਟਵਰਕ ਦੇ ਮੱਦੇ ਨਜ਼ਰ ਗ੍ਰਿਫਤਾਰੀਆਂ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ।

ਹਾਲ ਦੀ ਘੜੀ ਸੁਆਲ ਇਹ ਹੈ ਕਿ ਲੋਕ ਨਕਲੀ-ਨੋਟ ਲੈਣ ਦੇਣ ਤੋਂ ਕਿਵੇਂ ਬਚਣ। ਸਰਕਾਰੀ ਉਪਾਆਂ ਵਿਚ ਤਾਂ ਇਸ 'ਤੇ ਜੋਰ ਦਿੱਤਾ ਜਾ ਰਿਹਾ ਹੈ ਕਿ ਬੈਂਕ ਵਧ ਸਾਵਧਾਨੀ ਵਰਤਣ, ਖੁਫੀਆ ਵਿਭਾਗ ਦੇ ਜਾਅਲੀ ਨੋਟਾਂ ਦੇ ਕੰਮ ਕਰਨ ਦੇ ਤਰੀਕੇ 'ਤੇ ਕੰਮ ਕਰੇਗਾ। ਨਾਲ ਹੀ ਭਾਰਤ ਸਰਕਾਰ ਆਸਟਰੇਲੀਆ ਤੋਂ ਪਾਲਿਸਟਰ 'ਤੇ ਨੋਟ ਬਣਾਉਣ ਦਾ ਤਕਨੀਕੀ ਗਿਆਨ ਹਾਸਲ ਕਰੇ। ਪਾਲਿਸਟਰ 'ਤੇ ਨੋਟ ਬਣਾਉਣ ਨਾਲ ਨਕਲੀ ਨੋਟਾਂ ਦਾ ਬਜ਼ਾਰ ਥਮ ਜਾਵੇਗਾ?

# ਕੀ ਭਾਰਤ 'ਚ ਸਭ ਕੁਝ ਵਿਕਾਊ ਹੈ?

ਜਾਰਜ ਬਰਨਾਰਡ ਸ਼ਾਹ ਨੇ ਇਕ ਵਾਰੀ ਖਾਣੇ ਦੀ ਮੇਜ਼ 'ਤੇ ਆਪਣੇ ਕੋਲ ਬੈਠੀ ਖੂਬਸੂਰਤ ਔਰਤ ਤੋਂ ਪੁੱਛਿਆ, ਸ੍ਰੀਮਤੀ ਜੀ ਕੀ ਤੁਸੀਂ ਹਜ਼ਾਰ ਪੌਂਡ ਲੈ ਕੇ ਮੇਰੇ ਨਾਲ ਬਿਸਤਰਾ ਸਾਂਝਾ ਕਰਨ ਲਈ ਤਿਆਰ ਹੋ? ਔਰਤ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ। ਸ਼ਾਹ ਨੇ ਫਿਰ ਪੁੱਛਿਆ ਅਤੇ 50000 ਪੌਂਡ ਦਿਆਂ ਤਾਂ? ਇਹ ਔਰਤ ਨੇ ਕਿਹਾ ਹੋ ਸਕਦਾ ਹੈ, ਸ਼ਾਹ ਦਾ ਅਗਲਾ ਸੁਆਲ ਸੀ ਹੋਰ ਪੰਜ ਪੌਂਡ ਕਿਵੇਂ ਰਹੂ? ਇਸ 'ਤੇ ਔਰਤ ਪੂਰੇ ਗੁੱਸੇ 'ਚ ਬੋਲੀ, ਮਿਸਟਰ ਸ਼ਾਹ ਤੁਸੀਂ ਮੈਨੂੰ, ਸਮਝ ਦੇ ਕੀ ਹੋ? ਸ਼ਾਹ ਦਾ ਜੁਆਬ ਸੀ, ਇਹ ਤਾਂ ਪਤਾ ਲੱਗ ਹੀ ਗਿਆ ਹੈ ਕਿ ਤੁਸੀਂ ਕੀ ਹੋ; ਹੁਣ ਤਾਂ ਸਿਰਫ ਲੈਣ-ਦੇਣ ਹੀ ਤਹਿ ਹੋ ਰਿਹਾ ਹੈ। ਭਾਰਤ ਦੇ ਮਹਾਨ ਸਿੱਖਿਆ ਬਾਜ਼ਾਰ ਵਿਚ ਵੀ ਹਰ ਚੀਜ਼ ਵਿਕਾਊ ਹੈ। ਸਰਕਾਰ, ਮੀਡੀਆ, ਸਿੱਖਿਆ ਸੰਸਥਾਵਾਂ, ਵਿਦੇਸ਼ੀ ਸਿਖਿਅਕ ਵਰਗ, ਵਿਦੇਸ਼ੀ ਯੂਨੀਵਰਸਿਟੀਆਂ ਦੇ ਨਾਲ ਸਹਿਯੋਗ, ਵਿਸ਼ਵਾਸ ਬਣਾਈ ਰੱਖਣ ਲਈ ਕੁਝ ਨਾਵਾਂ ਤੋਂ ਇਲਾਵਾ ਕਾਮਯਾਬ ਰਹੇ ਸਾਬਕਾ ਵਿਦਿਆਰਥੀਆਂ ਦੇ ਨਾਵਾਂ ਦਾ ਪ੍ਰਚਾਰ ਸਿਖਿਆ ਦੀਆਂ ਦੁਕਾਨਾਂ ਦੀ ਕਾਮਯਾਬੀ ਦਾ ਨੁਸਖਾ ਬਣ ਚੁੱਕਿਆ ਹੈ।

ਸੁਆਲ ਸਿਰਫ ਕੀਮਤ ਦਾ ਹੀ ਹੈ। ਤੇ ਤੁਸੀਂ ਇਸ ਵਿਚ ਸੌਦੇਬਾਜ਼ੀ ਕਰ ਸਕਦੇ ਹੋ। ਇਕ ਬਿਜਨਸ ਸਕੂਲ ਦੇ ਇਕ ਟਾਪਰ ਦਾ ਕਹਿਣਾ ਹੈ ਕਿ ਮੈਂ ਆਪਣੀ ਸੰਸਥਾ ਨੂੰ ਧਮਕੀ ਦਿੱਤੀ ਕਿ ਜੇ ਆਪਣੇ ਸਾਬਕਾ ਵਿਦਿਅਰਥੀ ਵਜੋਂ ਸੰਸਥਾ ਦੇ ਪ੍ਰਚਾਰ ਲਈ ਮੇਰੇ ਨਾਂ ਦੀ ਵਰਤੋਂ ਕੀਤੀ ਗਈ ਤਾਂ ਮੈਂ ਕਾਨੂੰਨੀ ਕਾਰਵਾਈ ਕਰਾਗਾਂ ਕਈ ਸਿੱਖਿਆ ਸੰਸਥਾਵਾਂ ਮੈਨੂੰ ਮਿਲਣ ਲਈ ਤਿਗੜਮ ਲਾਉਣ ਲੱਗੀਆਂ, ਕੁਝ ਸਫਾਈ ਦੇਣ ਲਈ ਤੇ ਕੁਝ ਸਲਾਹ ਦੇਣ ਦੀਆਂ ਇਛੁਕ ਸਨ। ਹਾਲਾਂ ਕਿ ਅਧਿਆਪਕਾਂ ਨੇ ਸਹਿਯੋਗ ਦਿੱਤਾ। ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੀਆਂ ਪ੍ਰਤੀਕਿਰਿਆਵਾਂ ਬੇਹੱਦ ਤਿੱਖੀਆਂ ਤੇ ਤੱਲਖ ਰਹੀਆਂ ਪਰ ਬਹੁਤਿਆਂ ਨੇ ਗੱਲ ਫੋਨ 'ਤੇ ਹੀ ਕੀਤੀ, ਆਪਣੀ ਜਾਣਕਾਰੀ ਦੇਣ ਲਈ ਰਜ਼ਾਮੰਦ ਨਹੀਂ ਸਨ। ਇਕ ਵਿਦਿਆਰਥੀ ਦੇ ਪਿਤਾ ਦਾ ਕਹਿਣਾ ਹੈ ਕਿ ਦਿੱਲੀ ਸਥਿਤ ਇਕ ਸੰਸਥਾ ਦੇ ਬੀ ਬੀ ਦੇ ਕੋਰਸ ਵਿਚ ਮੇਰੇ ਬੇਟੇ ਨੇ ਦਾਖਲਾ ਲਿਆ ਬਿਹਾਰ 'ਚ ਆਪਣਾ ਘਰ ਗਹਿਣੇ ਰੱਖ ਕੇ ਮੈਂ 12 ਲੱਖ ਫੀਸ ਦਿੱਤੀ ਅਤੇ ਪਿਛੋਂ ਪਤਾ ਲੱਗਿਆ ਕਿ ਇਸ ਸੰਸਥਾ ਨੂੰ ਤਾਂ ਯੂਨੀਵਰਸਿਟੀ ਤੋਂ ਮਾਨਤਾ ਤੱਕ ਨਹੀਂ ਮਿਲੀ ਹੈ। ਪ੍ਰੇਸ਼ਾਨ ਹੋ ਕੇ ਮੈਂ ਬੇਟੇ ਦਾ ਓਪਨ ਸਕੂਲ ਵਿਚ ਹੀ ਦਾਖਲਾ ਕਰਵਾ ਦਿੱਤਾ। ਦੂਜੇ ਪਾਸੇ ਆਲੇਖ ਸਬੰਧੀ ਜੁੜੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਪ੍ਰਤੀਨਿਧ ਦਾ ਜੁਆਬ ਆਇਆ। ਮਾਪਿਆਂ ਨੂੰ ਸਿਰਫ ਇਸ਼ਤਿਹਾਰਬਾਜ਼ੀ ਦੇਖ ਕੇ ਹੀ ਗੁਮਰਾਹ ਨਹੀਂ ਹੋ ਜਾਣਾ ਚਾਹੀਦਾ। ਬਹੁਤੀਆਂ ਸੰਸਥਾਵਾਂ ਤਾਂ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚਣ ਲਈ ਅਜਿਹਾ ਕਰਦੀਆਂ ਹਨ ਦਰਅਸਲ ਇਹ ਪ੍ਰਬੰਧ ਬਹੁਤ ਹਾਰ ਖਾ ਚੁੱਕਿਆ ਹੈ, ਪ੍ਰਬੰਧ ਤੋਂ ਖੁਦ ਪ੍ਰੇਸ਼ਾਨ ਹੋਏ ਪ੍ਰੋਫੈਸਰ ਦਾ ਕਹਿਣਾ ਹੈ ਕਿ ਪ੍ਰੋਫੈਸਰ ਵਜੋਂ ਕੰਮ ਕਰਦਿਆਂ ਮੈਂ ਖੁਦ ਬਹੁਤ ਬੇਵੱਸ ਦੇਖਿਆ, ਅੰਦਰੋਂ ਰੋਂਦਾ ਸੀ। ਸਮੱਸਿਆ ਸ਼ੁਰੂ ਹੁੰਦੀ ਹੈ ਯੂਨੀਵਰਸਿਟੀ ਗਰਾਂਟਸ ਕਮਿਸ਼ਨ (UGC) ਆਲ ਇੰਡਿਆ ਕਾਊਂਸਲ

ਫਾਰ ਟੈਕਨੀਕਲ ਐਜੂਕੇਸ਼ਨ (AICTE) ਤੇ ਮਨੁੱਖੀ ਵਸੀਲਿਆਂ ਦੇ ਵਿਕਾਸ (HRD) ਮੰਤਰਾਲੇ ਤੋਂ। ਇਕ ਉਦਮੀ ਨੇ ਦੂਰ ਸੰਚਾਰ ਸਿਖਿਆ ਲਈ ਖ਼ੁਦ ਨੂੰ ਰਜਿਸਟਰ ਕਰਵਾਇਆ।

ਉਦੋਂ ਉਸ ਨੂੰ ਕਿਹਾ ਗਿਆ ਕਿ ਇੰਟਰਨੈਟ ਤੋਂ ਉਹ ਕੋਰਸ ਦੀ ਸਮੱਗਰੀ ਲੈ ਸਕੇਗਾ, ਇੰਜ ਹੀ ਲਵੋਂਗੇ ਤਾਂ ਦੇਰ ਲੱਗੂਗੀ। ਸਾਹਿਬ ਤੁਸੀਂ ਮੇਰੀ ਦੇਖਭਾਲ ਕਰੋ। ਅਸੀਂ ਤੁਹਾਡਾ ਕੰਮ ਕਰਵਾ ਦਿਆਂਗੇ। ਜ਼ਾਹਿਰ ਹੈ ਕਿ ਕੰਮ ਬਦਲੇ ਕੁਝ ਚਾਹੀਦਾ ਹੈ। ਦਫ਼ਤਰਸ਼ਾਹੀ ਇਸ ਮਹੱਤਵਪੂਰਨ ਬਰਾਮਦੀ ਦੀ ਲੁੱਟ ਕਰ ਰਹੀ ਹੈ। ਅੱਛੀ ਸੰਸਥਾ ਨੂੰ ਤੰਗ ਕੀਤਾ ਜਾ ਰਿਹਾ ਹੈ ਅਤੇ ਬੁਰੀਆਂ ਸੰਸਥਾਵਾਂ ਉਨ੍ਹਾਂ ਨਾਲ ਮਿਲ ਕੇ ਖੇਡ ਰਹੀਆਂ ਹਨ। ਇਕ ਮਸ਼ਹੂਰ ਸਿੱਖਿਆ ਸਾਸ਼ਤਰੀ ਕਹਿੰਦੇ ਹਨ ਸਾਡੀ ਸਥਿਤੀ ਅਜੀਬ ਹੈ ਜਿਸ ਵਿਚ AICTE ਤੇ UGC ਦੇ ਵਕੀਲ ਇਕ ਨਿੱਜੀ ਵਕੀਲ ਨਾਲ ਕੇ ਪੀ ਆਈ ਐਲ ਪਾਉਂਦੇ ਹਨ, ਪੈਸੇ ਵਸੂਲਣ ਲਈ, ਮੀਡੀਆ ਇਸ ਵਿਚ ਆਉਂਦਾ ਹੈ ਤਾਂ ਡਰਦਿਆਂ ਡਰਦਿਆਂ। ਇਕ ਮੁਖ ਅੰਗਰੇਜ਼ੀ ਅਖਬਾਰ ਦੇ ਸੰਪਾਦਕ ਕਹਿੰਦੇ ਹਨ ਕਿ ਮੈਂ ਆਈ ਐਸ ਬੀ ਵਰਗੇ ਅੱਛੇ ਸੰਸਥਾਨਾਂ ਬਾਰੇ ਨਹੀਂ ਲਿਖ ਸਕਦਾ ਕਿਉਂਕਿ ਇਸ ਨਾਲ ਸਾਡੇ ਇਕ ਵੱਡੇ ਇਸ਼ਤਿਹਾਰ ਦਾਤਾ ਨੂੰ ਨੁਕਸਾਨ ਹੋਵੇਗਾ।' ਇਕ ਦੂਜੇ ਸੰਪਾਦਕ ਕਹਿੰਦੇ ਹਨ 'ਮੇਰੇ ਉੱਪਰ ਦਬਾਅ ਹੈ ਕਿ ਇਕ ਨਿੱਜੀ ਸੰਸਥਾ ਦੇ ਇਸ਼ਤਿਹਾਰ ਨੂੰ ਪਿਹਲੇ ਸਫੇ 'ਤੇ ਛਾਪਾਂ' ਭਰਮ ਪੈਦਾ ਕਰਨ ਵਾਲੇ ਤੱਥਾਂ ਨਾਲ ਲੇਖ ਮੀਡੀਆ 'ਚ ਪਾਏ ਜਾਂਦੇ ਹਨ। ਇਹ ਕੰਮ ਉਨ੍ਹਾਂ ਲਈ ਮੁਸ਼ਕਿਲ ਨਹੀਂ ਹੈ ਤਾਂ ਇਸ਼ਤਿਹਾਰਬਾਜ਼ੀ ਕਰਕੇ ਵਿਸ਼ਵਾਸ ਯੋਗਤਾ ਹਾਸਲ ਕਰਦੇ ਹਨ। ਬਿਜਨਸ ਸਕੂਲਾਂ ਦੀ ਰੈਂਕਿੰਗ ਤੇ ਅਵਾਰਡ ਵਿਕਦੇ ਹਨ। ਕੀਮਤ ਦਿੱਤੀ ਜਾਂਦੀ ਹੈ ਇਸ਼ਤਿਹਾਰ ਰਾਹੀਂ। ਇਕ ਸੰਸਥਾ ਨੇ ਕਿਹਾ ਕਿ ਜੇ ਮੈਨੂੰ ਦੋ ਰੈਂਕ ਉੱਪਰ ਕਰ ਦਿਓ ਤਾਂ ਕਿਸੇ ਦਾ ਧਿਆਨ ਨਹੀਂ ਜਾਣਾ। ਉਹ ਦੂਜੇ ਤਰੀਕੇ ਨਾਲ ਵੀ ਪ੍ਰਕਾਸ਼ਨਾ ਨੂੰ ਭਰਮਾਉਂਦੇ ਹਨ। ਦੇਸ਼ ਇਸ ਖੇਡ ਤੋਂ ਨਿਰਾਸ਼ ਹੈ। ਇਹ ਲੋਕ ਮੋਟੇ ਮੁਨਾਫੇ ਕਮਾ ਰਹੇ ਹਨ। ਕੋਈ ਇਨ੍ਹਾਂ ਤੋਂ ਕੁਝ ਨਹੀਂ ਪੁੱਛ ਸਕਦਾ। ਇਹ ਕੋਈ ਟੈਕਸ ਨਹੀਂ ਦਿੰਦੇ। ਇਸ ਲਈ ਕੋਈ ਕਾਇਦਾ/ਕਾਨੂੰਨ ਨਹੀਂ ਹੈ। ਵਿਦਿ. ਨੂੰ ਨੌਕਰੀ ਦਿਵਾਉਣ ਵਾਲੇ ਇਕ ਕਰੀਬੀ ਸਰੋਤ ਦਾ ਕਹਿਣਾ ਹੈ ਕਿ ਇਹ ਅਖੌਤੀ ਐਮ ਬੀ ਏ ਸੰਸਥਾਵਾਂ ਜੋ ਪੈਦਾ ਕਰ ਰਹੀਆਂ ਹਨ ਉਹ ਸਿਰਫ ਟਾਈ ਲਾਉਣੀ ਜਾਣਦੇ ਹਨ ਤੇ ਜਿਸ ਤਰ੍ਹਾਂ ਦੇ ਮੁਹਾਵਰਿਆਂ 'ਚ ਗੱਲਾਂ ਕਰਦੇ ਹਨ, ਉਨ੍ਹਾਂ ਨਾਲ ਵਧ ਤੋਂ ਵਧ ਇਕ ਬੀਮਾ ਪਾਲਸੀ ਵੇਚੀ ਜਾ ਸਕਦੀ ਹੈ। ਇਕ ਵਿਦਿਆਰਥੀ ਯੂਰਪ ਦੇ ਇਕ ਅਜਿਹੇ ਕੌਮਾਂਤਰੀ ਬਿਜਨਸ ਸਕੂਲ 'ਚ ਗਿਆ, ਜਿਸ ਦੀ ਭਾਰਤ 'ਚ ਬਹੁਤ ਚਰਚਾ ਹੈ ਉਹ ਲਿਖਦਾ ਹੈ 'ਅਸੀਂ ਕਾਲਜ ਅੰਦਰ ਗਏ, ਉਹ 4000 ਵਰਗ ਫੁੱਟ ਦੇ ਮਕਾਨ ਤੋਂ ਵੱਡਾ ਨਹੀਂ ਹੈ ਤੇ ਉਥੇ ਸਾਡੀ ਮੁਲਾਕਾਤ ਸਿਰਫ ਦੋ ਲੋਕਾਂ ਨਾਲ ਹੋਈ। ਇਸ ਵਿਦੇਸ਼ੀ ਸੰਸਥਾ ਨੂੰ ਆਪਣੇ ਦੇਸ਼ 'ਚ ਮਾਨਤਾ ਨਹੀਂ ਹੈ। ਕੁਝ ਸੰਸਥਾਵਾਂ ਆਪਣੀ ਛਵੀ ਬਣਾਉਣ ਲਈ ਆਪਣੇ ਕੈਂਪਸ ਵਿਚ ਕੌਮਾਂਤਰੀ ਪ੍ਰੋਫੈਸਰ ਸੱਦਦੇ ਹਨ। ਪ੍ਰੋਫੈਸਰ ਆਪਣੇ ਨਾਵਾਂ ਦੀ ਵਰਤੋਂ ਦੀ ਕੀਮਤ ਵਸੂਲਦੇ ਹਨ। ਨਵੀਂ ਖੇਡ ਹੈ, ਸਿੱਖਿਆ ਸਲਾਹਕਾਰ ਅਤੇ ਐਗਜ਼ੀਕਿਊਟਿਵ ਦੀ। ਇਕ ਸੰਸਥਾ ਨੇ ਦਾਅਵਾ ਕੀਤਾ ਕਿ ਉਸ ਨੇ ਦੋ ਮੁੱਖ ਸੰਸਾਰਕ ਯੂਨੀਵਰਸਿਟੀ ਅਤੇ ਬਿਸਜਨ ਸਕੂਲ ਨਾਲ ਸਹਿਯੋਗ ਕੀਤਾ ਹੈ। ਜਾਂਚ ਕਰਨ 'ਤੇ ਪਤਾ ਲੱਗਿਆ ਕਿ ਕੋਰਸ 'ਚ ਉਨ੍ਹਾਂ ਦਾ ਸਿਰਫ ਦੋ ਫੀਸਦੀ

ਹਿੱਸਾ ਹੈ। ਜਲਦੀ ਹੀ ਤੁਸੀਂ ਇਹ ਮਹਿਸੂਸ ਕਰਨ ਲੱਗਦੇ ਹੋ ਕਿ ਤੁਹਾਨੂੰ ਠੱਗਿਆ ਜਾ ਰਿਹਾ ਹੈ। ਦਿੱਲੀ 'ਚ ਇਕ ਹੋਰ ਵਿਦਿਆਰਥੀ ਨੇ ਆਤਮ ਹੱਤਿਆ ਕਰ ਲਈ ਹੈ। ਝੂਠ ਨੂੰ ਕੋਈ ਚੁਣੌਤੀ ਨਹੀਂ ਮਿਲ ਰਹੀ ਹੈ। ਭਰਿਸ਼ਟਾਚਾਰ ਜਿੱਤ ਰਿਹਾ ਹੈ, ਢੇਰਾਂ ਦੇ ਢੇਰ ਪੈਸਾ ਆ ਰਿਹਾ ਹੈ। ਬੇਰੁਜ਼ਗਾਰਾਂ ਦੀ ਗਿਣਤੀ ਵਧ ਰਹੀ ਹੈ। ਗਰੀਬ ਲੋਕਾਂ ਨੇ ਆਪਣੇ ਬੱਚਿਆਂ ਦੀ ਸਿੱਖਿਆ ਲਈ ਕਰਜ਼ਾ ਚੁੱਕਣ ਲਈ ਮਜ਼ਬੂਰ ਹਨ। ਜਿਸਦੀ ਵਾਪਸੀ ਦੀ ਕੋਈ ਗਾਰੰਟੀ ਨਹੀਂ।

# ਹਫੜਾ-ਦਫੜੀ ਅਤੇ ਤਣਾਅ

ਗਲਵੱਢ ਮੁਕਾਬਲੇ, ਬੇਰੁਜ਼ਗਾਰੀ, ਪਰਿਵਾਰਿਕ ਕਲੇਸ਼ ਅਤੇ ਮਾਪਿਆਂ ਦੀਆਂ ਆਸਾਂ ਅੱਜ ਦੇ ਨੌਜਵਾਨ ਵਰਗ ਨੂੰ ਤਣਾਅ ਗ੍ਰਸਤ ਬਣਾ ਰਹੀਆਂ ਹਨ। ਉਹ ਮਾਪਿਆਂ ਦੇ ਅਰਮਾਨ ਵੀ ਪੂਰਾ ਕਰਨਾ ਚਾਹੁੰਦੇ ਹਨ, ਪਰ ਏਨੀ ਗੁਜਾਇਸ਼ ਨਹੀਂ ਹੈ। ਮਾਪੇ ਵੀ ਲਾਲਸਾਵਾਂ ਪਾਲ ਲੈਂਦੇ ਹਨ। ਪੇਟ ਬੰਨ੍ਹ ਕੇ ਉਹ ਬੱਚਿਆਂ ਨੂੰ ਪੜ੍ਹਾਉਂਦੇ ਲਿਖਾਉਂਦੇ ਹਨ ਉਨ੍ਹਾਂ ਦਾ ਨਾਂ ਉਹ ਆਸਮਾਨ ’ਤੇ ਦਰਜ ਹੋਇਆ ਵੇਖਣਾ ਚਾਹੁੰਦੇ ਹਨ ਪਰ ਮੌਜੂਦਾ ਸਮਾਜਕ ਢਾਂਚੇ ’ਚ ਉਹੀ ਸਫਲ ਹੋ ਸਕਦਾ ਹੈ ਜਿਸ ਕੋਲ ਸਰੋਤ ਤੇ ਪੈਸਾ ਹੈ। ਥੋੜੇ ਹੀ ਸਫਲ ਹੁੰਦੇ ਹਨ, ਬਾਕੀਆਂ ਦੇ ਹਿੱਸੇ ਆਉਂਦੀ ਹੈ ਸਟ੍ਰੈਸ ਤੇ ਮਾਨਸਿਕ ਤਣਾਅ (ਡਿਪਰੈਸ਼ਨ) ਇਹ ਤਣਾਅ ਜਾਂ ਤਾਂ ਉਨ੍ਹਾਂ ਨੂੰ ਨਸ਼ੇ ਦੀ ਦਰ ’ਦੇ ਲਿਆ ਖੜ੍ਹਾ ਕਰਦਾ ਹੈ ਜਾਂ ਫਿਰ ਅਪਰਾਧ ਦੀ ਦੁਨੀਆਂ ਵੱਲ ਧੱਕ ਦਿੰਦਾ ਹੈ। ਕੁਝ ਸਦਾ ਲਈ ਮੌਤ ਦੀ ਅੰਨੀ ਤੇ ਅੰਤਹੀਣ ਗਲੀ ’ਚ ਗੁੰਮ ਹੋ ਜਾਂਦੇ ਹਨ।

ਅੱਜ ਜਿੰਦਗੀ ਦੇ ਰੰਗ ਢੰਗ ਅਜਿਹੇ ਹੋ ਗਏ ਹਨ ਕਿ ਬੱਚੇ ਦੇ ਪੈਦਾ ਹੋਣ ਦੇ ਨਾਲ ਹੀ ਉਸ ਦੇ ਭਵਿੱਖ ਦੀ ਡਿਜ਼ਾਇਨਗ ਸ਼ੁਰੂ ਹੋ ਜਾਂਦੀ ਹੈ। ਦੁਨੀਆਂ ਦਾਰੀ ਤੋਂ ਬੇਖਬਰ ਬੱਚਾ ਇਨ੍ਹਾਂ ਉਮੀਦਾਂ ਹੇਠ ਹੀ ਦੱਬ ਜਾਂਦਾ ਹੈ। ਅੱਜ ਦੋ ਸਾਲ ਦੀ ਉਮਰ ਵਿਚ ਹੀ ਅਸੀਂ ਬੱਚੇ ਨੂੰ ਪਲੇ-ਵੇਅ ਸਕੂਲ ਵਿਚ ਪਾ ਦਿੰਦੇ ਹਾਂ। ਫਿਰਕਾਵੈਨ ਦਬਾਅ, ਜਿਸ ਵਿਚ ਬੱਚੇ ਦਾ ਬਚਪਨ ਕਿਧਰੇ ਖੋਹ ਜਾਂਦਾ ਹੈ, ਅੱਜ ਇਨਸਾਨ ਆਪਣੀ ਜਿੰਦਗੀ ਅੱਛੀ ਤਰ੍ਹਾਂ ਜਿਉਂ ਨਹੀਂ ਸਕਦਾ। ਦਸਵੀ ਤੱਕ ਅੱਛੇ ਨੰਬਰਾਂ ਦਾ ਦਬਾਅ ਫਿਰ। ਫਿਰ ਅੱਛੇ ਵਿਸ਼ੇ ਚੁਣਨਾ ਤੇ ਉਸ ਤੋਂ ਬਾਅਦ ਅੱਛੇ ਕਾਲਜ ’ਚ ਦਾਖਲੇ ਲਈ ਲਗਾਤਾਰ ਦਬਾਅ। ਉਸ ਤੋਂ ਬਾਅਦ ਅੱਛੀ ਨੌਕਰੀ ਲਈ ਦਬਾਅ ਇਸ ਸਿਲਸਿਲਾ ਬਚਪਨ ਤੋਂ ਸ਼ੁਰੂ ਹੋ ਕੇ ਸਾਰੀ ਜਿੰਦਗੀ ਚੱਲਦਾ ਰਹਿੰਦਾ ਹੈ। ਇਹ ਦਬਾਅ ਜਦ ਹੋਰ ਵਧ ਜਾਂਦਾ ਹੈ ਤਾਂ ਮਨੋਰੋਗ ਦਾ ਰੂਪ ਧਾਰ ਲੈਂਦਾ ਹੈ।

ਸਕੂਲੀ ਬੱਚਿਆਂ ’ਚ ਆਤਮ ਹੱਤਿਆ ਦਾ ਰੁਝਾਨ ਵਧਦਾ ਨਾਕਾਰਤਮਕ ਰੁਝਾਨ ਨੰਬਰ ਘੱਟ ਆਉਣ ’ਤੇ, ਝਗੜਾ ਹੋਣ ’ਤੇ, ਝੂਠ ਫੜੇ ਜਾਣ ਕਰਕੇ ਨਾ ਜਾਣੇ ਕਿੰਨੇ ਕਾਰਨਾਂ ਕਰਕੇ ਅੱਜ ਲਗਾਤਾਰ ਵਧ ਰਿਹਾ ਹੈ। ਇਹ ਸਥਿਤੀ ਨੌਜਵਾਨ ਵਰਗ ਦੀ ਵੀ ਹੈ। ਜਿਥੇ ਅੱਛੇ ਕਾਲਜ ’ਚ ਦਾਖਲੇ ਦਾ ਦਬਾਅ ਨੋਕਰੀ ਦਾ ਤਣਾਅ ਅਤੇ ਪ੍ਰੇਮ-ਪ੍ਰਸੰਗ ਦਾ ਤਣਾਅ ਲਗਾਤਾਰ ਉਨ੍ਹਾਂ ਦਾ ਪਿੱਛਾ ਕਰਦਾ ਰਹਿੰਦਾ ਹੈ। ਪਿੱਛੇ ਕੁਝ ਸਮੇਂ ਤੋਂ ਇਹ ਸਮੱਸਿਆਵਾਂ ਲਗਾਤਾਰ ਵਧ ਰਹੀਆਂ ਹਨ। ਘੱਟਦੇ ਰੁਜ਼ਗਾਰ, ਵਧਦੇ ਮੁਕਾਬਲੇ ਤੇ ਵਿਅਕਤੀ ਦੀਆਂ ਵਧਦੀਆਂ ਜ਼ਰੂਰਤਾਂ ਕਾਰਨ ਅੱਜ ਮੱਧਵਰਗੀ ਜੀਵਨ ਵਿਚ ਫਰਿੱਜ਼, ਟੀ ਵੀ, ਇੰਨਵਰਟਰ, ਏ. ਸੀ. ਗੱਡੀ, ਮੋਬਾਇਲ, ਕੰਪਿਊਟਰ ਇਹ ਸਭ ਚੀਜ਼ਾਂ ਮੁਖ ਜ਼ਰੂਰਤ ਦੇ ਨਾਲ-ਨਾਲ ਸਟੇਟਸ ਸਿੰਬਲ ਵੀ ਬਣਦੀਆਂ ਜਾ ਰਹੀਆਂ ਹਨ। ਫਿਰ ਇਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪੈਸਾ ਵੱਧ ਜ਼ਰੂਰੀ ਹੈ ਤੇ ਪੈਸਾ ਕਮਾਉਣ ਦੀ ਦੌੜ ’ਚ ਕਦੋਂ ਤਣਾਅ ਆ ਘੇਰਦਾ ਹੈ, ਇਸ ਦਾ ਪਤਾ ਹੀ ਨਹੀਂ ਚੱਲਦਾ। ਹੈਦਰਾਬਾਦ ਸਥਿਤੀ ਗਾਂਧੀ ਮੈਡੀਕਲ ਕਾਲਜ, ਦੇ ਮਨੋਰੋਗ ਵਿਭਾਗ ਦੇ ਮੁਖੀ ਪ੍ਰੋ. ਆਰ. ਐਨ, ਸਮੂਹ ਕਹਿੰਦੇ ਹਨ ਕਿ ਉਮੀਦਾਂ ਹੇਠ ਦੱਬੇ ਬੱਚੇ ਸਭ ਤੋਂ ਵੱਧ ਤਣਾਅ

ਸਟੇਟਸ 'ਚ ਅੱਛੇ ਕੱਪੜੇ, ਬਾਈਕਸ, ਤੇ ਮਹਿੰਗੇ ਮੋਬਾਇਲ ਹੈਂਡਸੈਟ ਕਾਰਨ ਹੈ। ਪੜ੍ਹਾਈ ਦੇ ਖਰਚਿਆਂ ਦੇ ਨਾਲ ਹੀ ਮਾਪਿਆਂ ਨੂੰ ਨਾ ਚਾਹੁੰਦੇ ਹੋਏ ਵੀ ਬੱਚਿਆਂ ਦੀਆਂ ਇਹ ਮੰਗਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਇਸ ਦੇ ਨਾਲ ਹੀ ਮਾਪਿਆਂ ਦਾ ਬੱਚਿਆਂ 'ਤੇ ਦਬਾਅ ਵਧ ਜਾਂਦਾ ਹੈ। ਉਹ ਚਾਹੁੰਦੇ ਹਨ ਕਿ ਪੜ੍ਹਾਈ ਪੂਰੀ ਕਰਦੇ ਹੀ, ਬੱਚੇ ਲੱਖਾਂ ਵਿਚ ਖੇਡਣ। ਕਈ ਕੇਸਾਂ 'ਚ ਨੌਜਵਾਨ ਘਰ ਵਾਲਿਆਂ ਦੀਆਂ ਆਸਾਂ 'ਤੇ ਪੂਰਾ ਨਹੀਂ ਉਤਰਦੇ। ਫਿਰ ਉਨ੍ਹਾਂ ਘਰੇ ਝਿੜਕਿਆ ਝੰਬੀ ਕੀਤਾ ਜਾਣ ਲੱਗਦੀ ਹੈ ਘਰ ਵਾਲਿਆਂ ਦਾ ਬਦਲਿਆ ਵਿਚਾਰ ਬੱਚਿਆਂ 'ਚ ਘੁੱਟਣ ਪੈਦਾ ਕਰਦਾ ਹੈ। ਕਈ ਵਾਰੀ ਇਸ ਦੇ ਸਿੱਟੇ ਭਿਆਨਕ ਹੁੰਦੇ ਹਨ। ਉਦਾਸੀ ਕਾਰਨ ਦਿਲ ਦੇ ਰੋਗ, ਸ਼ੂਗਰ, ਮਨੋਰੋਗ ਤੇ ਜੋੜਾਂ ਦੀਆਂ ਬੀਮਾਰੀਆਂ ਵਧ ਜਾਂਦੀਆਂ ਹਨ।

# ਕੈਟ-ਜੀਮੈਟ ਦਾ ਪੈਮਾਨਾ

ਦੋ ਮਹੀਨੇ ਪਹਿਲਾਂ ਜਦ ਇੰਡਿਆ ਇੰਸਟੀਚੂਟ ਆਫ ਟੈਕਨੋਲੋਜੀ (IIT) ਮਦਰਾਸ ਦੇ ਨਿਰਦੇਸ਼ ਐਮ ਐਸ ਅਨੰਤ ਨੇ ਮਾਮਲਾ ਉਠਾਇਆ ਤਾਂ ਇਹ ਇਕ ਸਦਮਾ ਸੀ। ਸਿੱਖਿਆ ਜਗਤ ਦਾ ਹਰ ਬੰਦਾ ਮੰਨਦਾ ਹੈ ਕਿ ਵੱਖ ਵੱਖ ਸੰਸਥਾਵਾਂ 'ਚ ਪ੍ਰਵੇਸ ਪ੍ਰੀਖਿਆਵਾਂ ਦੇ ਰੂਪ 'ਤੇ ਬਹਿਸ ਹੋਵੇ ਪਰ ਖੁੱਲ ਕੇ ਬੋਲਣ ਲਈ ਕੋਈ ਰਾਜ਼ੀ ਨਹੀਂ। ਆਈ. ਆਈ. ਟੀ. ਦੀ ਦਾਖਲਾ ਪ੍ਰਖਿਆ 'ਤੇ ਅਨੰਤ ਦੀ ਟਿੱਪਣੀ ਸੀ। ਇਸ ਵਿਚ ਉਤਰਾ ਪ੍ਰਤਿਭਾਵਾਂ ਨਹੀਂ ਆਉਂਦੀਆਂ ਕਿਉਂਕਿ ਕੋਚਿੰਗ ਲਈ ਨੁਸਖਿਆਂ ਦੇ ਸਹਾਰੇ ਪ੍ਰਵੇਸ ਪ੍ਰੀਖਿਆਵਾਂ ਪਾਸ ਕੀਤੀਆਂ ਜਾ ਰਹੀਆਂ ਹਨ। ਸਿੱਟੇ ਵਜੋਂ ਚੁਣ ਕੇ ਆਉਣ ਵਾਲੇ ਵਿਦਿਆਰਥੀ ਆਈ. ਟੀ. ਦੀਆਂ ਜਰੂਰਤਾਂ ਨੂੰ ਪੂਰਾ ਨਹੀਂ ਕਰਦੇ। ਅਨੰਤ ਨੇ ਆਈ ਆਈ ਟੀ 'ਚ ਦਾਖਲੇ ਲਈ ਹੋਣ ਵਾਲੀ ਸਾਂਝੀ ਪ੍ਰੀਖਿਆ (ਜੇ. ਈ. ਈ.) ਨੂੰ ਮੰਗਦੇ ਹੋਏ ਇਹ ਸੁਆਲ ਉਠਾਇਆ ਸੀ। ਕੁਲ ਮਿਲਾ ਕੇ ਇਹ ਇੰਤਜ਼ਾਮ ਕੰਬਾਇੰਡ ਐਡਮਿਸ਼ਨ ਟੈਸਟ (CAT) ਤੇ ਭਾਰਤ ਦੇ ਦੂਜੇ ਪ੍ਰਮੁੱਖ ਪ੍ਰਬੰਧਕੀ ਸੰਸਥਾਵਾਂ ਦੀਆਂ ਪ੍ਰਵੇਸ਼ ਪ੍ਰੀਖਿਆਵਾਂ 'ਤੇ ਲਾਗੂ ਹੁੰਦਾ ਹੈ। ਪ੍ਰਬੰਧਕੀ ਗੁਰੂ ਤੇ ਜਾਣਕਾਰ ਵੀ 'ਪ੍ਰਤਿਭਾ ਬਨਾਮ ਪ੍ਰਵੇਸ਼' ਦੇ ਦਰਮਿਆਨ ਬਣੇ ਫਾਸਲੇ ਇਤਫ਼ਾਕ ਰੱਖਦੇ ਹਨ। ਜ਼ਾਹਿਰ ਹੈ ਕਿ ਦਾਅ 'ਤੇ ਬਹੁਤ ਕੁਝ ਹੈ ਬੀਤੇ ਕੁਝ ਸਾਲਾਂ ਦੌਰਾਨ ਦੇਸ਼ 'ਚ ਚਮਕਦਾਰ ਕੈਰੀਅਰ ਦੀ ਤਲਾਸ਼ ਨਿਕਲੇ ਨੌਜਵਾਨ ਯੋਧਿਆਂ ਵਿਚਕਾਰ ਕੈਟ ਸਭ ਤੋਂ ਔਖੀ ਯੁੱਧ ਭੂਮੀ ਬਣਿਆ ਹੋਇਆ ਹੈ। ਕੈਟ ਦਾ ਨਾ ਸਿਰਫ ਦੇਸ਼ ਦੇ ਛੇ ਇੰਡਿਅਨ ਇੰਸਟੀਚੂਟ ਆਫ ਮੈਨੇਜਮੈਂਟ (IIM) 'ਚ ਦਾਖਲੇ ਦਾ ਰਾਹ ਹੈ ਬਲਕਿ ਐਸ ਪੀ ਜੈਨ ਇੰਸਟੀਚੂਟ, ਇੰਸਟੀਚੂਟ ਆਫ ਮੈਨਜੇਮੈਂਟ ਐਂਡ ਟੈਕਨੋਲੋਜੀ (IMT) ਗਾਜ਼ੀਆਬਾਦ, ਮੈਨੇਜਮੈਂਟ ਡਿਵੈਲਪਮੈਂਟ ਇੰਸਟੀਚੂਟ (MDI) ਗੁੜਗਾਂਵ, ਮੁਦਰਾ ਇੰਸਟੀਚੂਟ ਆਫ ਕਮਿਊਨੀਕੇਸ਼ਨ ਅਹਿਮਦਾਬਾਦ (MICA) ਨੈਸ਼ਨਲ ਇੰਸਟੀਚੂਟ ਆਫ ਇੰਡਸਟ੍ਰੀਅਲ ਇੰਜਨੀਰਿੰਗ (NIT. ਆਈ. ਈ.) ਤੇ ਦੂਜੇ ਮਹਿੰਗੇ ਬਿਜਨਸ ਸਕੂਲਾਂ ਦਾ ਹਾਈਵੇ ਵੀ ਇਹੀ ਕੈਟ ਹੈ। ਪਿਛਲੇ ਸਾਲ ਕੈਟ ਵਿਚ ਲਗਭਗ 2,50,000 ਵੀ ਇਹੀ ਕੈਂਡੀਡੇਟ ਸ਼ਾਮਲ ਹੋਏ ਸਨ। ਇਸ ਸਾਲ ਇਹ ਗਿਣਤੀ ਹੋਰ ਉੱਪਰ ਜਾ ਸਕਦੀ ਹੈ। ਕੈਟ ਉਪਰ ਹੋਣ ਵਾਲੀ ਇਹ ਬਹਿਸ ਦੂਜੇ ਬਿਜਨਸ ਸਕੂਲ ਇਮਤਿਹਾਨਾਂ 'ਤੇ ਵੀ ਲਾਗੂ ਹੁੰਦੀ ਹੈ। ਮਸਲਨ ਜੇਵਿਅਰ ਅਡਮਿਸ਼ਨ ਟੈਸਟ (XAT) ਜੋ ਪਤ ਸਬੰਧਤ ਬਿਜਨਸ ਸਕੂਲਾਂ ਲਈ ਹੈ, ਦ ਮੈਨੇਜਮੈਂਟ ਇੰਸਟੀਚੂਟ (ਮੈਟ) ਅਤੇ ਕੁਝ ਰਾਜਾਂ ਦੇ ਵੱਖ ਵੱਖ ਪ੍ਰਬੰਧ ਸੰਸਥਾਨਾਂ ਦੇ ਲਈ ਹੋਣ ਵਾਲੇ ਟੈਸਟ ਵੀ ਇਸ ਪ੍ਰਣਾਲੀ ਵਿਚ ਆਉਂਦੇ ਹਨ। ਨਾਂ ਭਾਵੇਂ ਵੱਖਰਾ ਹੋਵੇ ਪਰ ਵਿਦਿਆਰਥੀਆਂ ਦੀ ਕਾਬਲੀਅਤ ਜਾਂਚਣ–ਪਰਖਣ ਦੀਆਂ ਵਿਧੀਆਂ ਇਕੋ ਜਿਹੀਆਂ ਹੀ ਹਨ ਆਖਰ ਦਾਖਲੇ ਦੀ ਮੌਜੂਦਾ ਪ੍ਰਣਾਲੀ ਖਿਲਾਫ਼ ਸ਼ਿਕਾਇਤਾਂ ਕਿਉਂ ਹਨ? ਅੱਵਲ ਤਾਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਸ ਤੋਂ ਉਪਰ ਦੇ ਸਮਾਜਕ ਮੁੱਲ ਉਜਾਗਰ ਨਹੀਂ ਹੁੰਦੇ ਜਿਸ ਦੀ ਸ਼ਿਦਤ ਨਾਲ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਪ੍ਰਬੰਧਕੀ ਗੁਰੂ ਮ੍ਰਤਿਯੂ ਜੇ. ਬੀ. ਆਤ੍ਰੇਯ ਕਹਿੰਦੇ ਹਨ ਬਿਜਨਸ ਸਕੂਲ ਆਫ

ਅਬਜੈਕਟਿਵ ਟੈਸਟ ਤਾਂ ਦੂਰ ਤੱਕ ਜਾਂਦੇ ਹਨ ਪਰ ਭਾਸ਼ਾ ਤੇ ਸੰਪ੍ਰਕੇਸਣ ਦੀ ਯੋਗਤਾ ਨਹੀਂ ਆਂਕ ਸਕਦੇ। ਕਿਸੇ ਬਿਜਨੈਸ 'ਚ ਇਹ ਗੁਣ ਹੋਣੇ ਬੇਹੱਦ ਜ਼ਰੂਰੀ ਹਨ। ਆਈ ਆਈ ਐਸ ਲਖਨਾਊ ਦੇ ਸਾਬਕਾ ਨਿਰਦੇਸ਼ਕ ਉਚ ਪ੍ਰਬੰਧਕ, ਸਿੱਖਿਆ ਸ਼ਾਸਤਰੀ ਤੇ ਐਮ. ਡੀ. ਆਈ ਗੁੜਗਾਵਾਂ ਦੇ ਨਿਰਦੇਸ਼ਕ ਡਾ. ਪ੍ਰੀਤਮ ਸਿੰਘ ਵੀ ਕਹਿੰਦੇ ਹਨ, 'ਦਾਖਲਾ ਪ੍ਰੀਖਿਆ ਦੇ ਸਮੁੱਚੇ ਢਾਂਚੇ ਤੇ ਵਿਦਿਆਰਥੀਆਂ ਨੂੰ ਚੁਨਣ ਦੇ ਅਮਲ 'ਤੇ ਨਵੇਂ ਸਿਰੇ ਤੋਂ ਵਿਚਾਰ ਕੀਤਾ ਜਾਣਾ ਚਾਹੀਦਾ ਹੈ।' ਇਸ ਗੰਭੀਰ ਖਾਮੀ 'ਤੇ ਸਿੰਘ ਦੀ ਗੰਭੀਰ ਟਿੱਪਣੀ ਹੈ 'ਮਹਾਤਮਾ ਗਾਂਧੀ ਵਰਗੇ ਕੈਟ 'ਚ ਸ਼ਾਮਲ ਹੁੰਦੇ ਤਾਂ ਲਾਜਮੀ ਫੇਲ ਹੋ ਜਾਂਦੇ।'

ਮਾਹਰਾਂ ਦਾ ਇਹ ਵੀ ਕਹਿਣਾ ਹੈ ਕਿ 'ਪੱਛਮੀ ਦੇਸ਼ਾਂ ਵਿਚ ਸਭ ਮੈਨੇਜਮੈਂਟ ਸਕੂਲ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਬਿਜਨਸ ਸਕੂਲ 'ਚ ਦਾਖਲੇ ਤੋਂ ਪਹਿਲਾਂ ਵਿਦਿਆਰਥੀ ਕਾਰਪੋਰੇਟ ਜਗਤ ਤੋਂ ਵਾਕਿਫ਼ ਹੋਣ ਜਦ ਕਿ ਭਾਰਤ 'ਚ ਅਸੀਂ ਅਸਿਖਿਅਤ ਨੂੰ ਲੈ ਲੈਂਦੇ ਹਾਂ।' ਕੁਝ ਬਿਜਨੈਸ ਸਕੂਲਾਂ 'ਚ ਇਹ ਸਥਿਤੀ ਬਦਲ ਰਹੀ ਹੈ। ਜਲਦੀ ਹੀ ਸਮੁੱਚੀਆਂ ਸੰਸਥਾਵਾਂ 'ਚ ਐਮ. ਬੀ. ਏ. ਦੇ ਦਾਖਲੇ ਪਿਛੋਂ ਵਿਦਿਆਰਥੀਆਂ ਨੂੰ ਟਰੇਨਿੰਗ ਦੇ ਇਕ ਹੋਰ ਦੌਰ ਵਿਚੋਂ ਦੀ ਲੰਘਣਾ ਪਵੇਗਾ।

ਅਜਿਹੇ ਵਿਚ ਫਿਲਹਾਲ ਆਯੋਜਿਤ ਹੋ ਰਹੀਆਂ ਪ੍ਰੀਖਿਆਵਾਂ ਵਿਦਿਆਰਥੀਆਂ ਦੀ ਅਸਲ ਪ੍ਰਤਿਭਾ ਜਾਂਚਣ ਦੀ ਬਜਾਏ ਸਿਰਫ ਅਕਾਦਮਿਕ ਕਸਰਤ ਬਣ ਕੇ ਰਹਿ ਜਾਂਦੀਆਂ ਹਨ। ਜ਼ਾਹਿਰ ਹੈ ਕਿ ਆਈ ਆਈ ਐਮ ਦਾ ਨਜ਼ਰੀਆ ਕੁਝ ਹੋਰ ਹੋਣਾ ਚਾਹੀਦਾ ਹੈ 'ਵਿਸ਼ਵਾਸ ਹੀਣਤਾ ਪ੍ਰਤੀ ਕੋਈ ਗੰਭੀਰ ਨਹੀਂ ਹੈ। ਕੈਟ ਤੇ ਜੀ ਮੈਟ ਦਾ ਮੂਲ ਢਾਂਚਾ ਇਕੋ ਜਿਹਾ ਹੀ ਹੈ ਅਤੇ 30 ਸਾਲਾਂ ਤੋਂ ਅਜਿਹਾ ਹੀ ਚਲੀ ਜਾ ਰਿਹਾ ਹੈ ਚੁਣੌਤੀ ਇਹ ਹੈ ਕਿ ਉਮੀਦਵਾਰ ਦੀ ਪ੍ਰਤਿਭਾ ਨੂੰ ਪਰਖਣ ਦੀ ਇਨ੍ਹਾਂ ਪ੍ਰੀਖਿਆਵਾਂ ਦੇ ਨਤੀਜਿਆਂ ਵਿਚ ਤਾਂ ਕੋਈ ਤਬਦੀਲੀ ਦੀ ਲੋੜ ਨਹੀਂ ਹੈ ਪਰ ਪ੍ਰੀਖਿਆਵਾਂ ਦੇ ਢੰਗਾਂ 'ਚ ਤਾਂ ਬਦਲਾਅ ਹੋਣਾ ਚਾਹੀਦੈ।' ਢੋਲਕਿਆ ਦੀ ਰਾਇ ਨਾਲ ਅਖੇਤਰ ਜ਼ਰੂਰ ਸਹਿਮਤ ਨਹੀਂ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਬਿਜਨਸ ਸਕੂਲ ਨੂੰ ਪ੍ਰੀਖਿਆਵਾਂ ਦੀ ਜ਼ਿੰਮੇਵਾਰੀ ਦੂਜੀਆਂ ਵੱਖ ਵੱਖ ਸੰਸਥਾਵਾਂ ਨੂੰ ਦੇਣੀ ਚਾਹੀਦੀ ਹੈ। ਤਾਂ ਕੈਟ ਲਈ ਕਿਹੜਾ ਰਾਹ ਅਪਨਾਇਆ ਜਾਵੇ? ਆਖੇਤਰ ਨੂੰ ਲੱਗਦਾ ਹੈ ਕਿ ਆਈ ਆਈ ਐਮ ਨੂੰ ਸਮੁੱਚੀ ਪ੍ਰਤਿਭਾ ਦੀ ਪਰਖ ਲਈ ਸਾਇਕੋਮੈਟ੍ਰਿਕ ਪ੍ਰੀਖਿਆਵਾਂ ਲੈਣੀਆਂ ਚਾਹੀਦੀਆਂ ਹਨ। ਐਮ. ਡੀ. ਆਈ. ਦੇ ਪ੍ਰੀਤਮ ਸਿੰਘ ਨੂੰ ਲੱਗਦਾ ਹੈ ਕਿ 'ਪ੍ਰਬੰਧਕੀ ਪ੍ਰਵੇਸ਼ ਪ੍ਰੀਖਿਆਵਾਂ ਲਈ ਸਿਰਫ ਆਈ ਕਿਊ ਹੀ ਨਹੀਂ ਸਮਾਜਕ ਤੇ ਭਾਵਨਾਤਮਿਕ ਪੱਖ ਨੂੰ ਵੀ ਪਰਖਿਆ ਜਾਣਾ ਚਾਹੀਦਾ ਹੈ।' ਬੇਸ਼ਕ ਆਈ ਆਈ ਐਮ ਵੀ ਬਦਲਾਅ ਚਾਹੁੰਦੇ ਹਨ, ਉਹ ਵੀ ਕਾਗਜ 'ਤੇ ਅਧਾਰਤ ਪ੍ਰੀਖਿਆਵਾਂ ਦੀ ਬਜਾਏ ਆਨ ਲਾਈਨ ਟੈਸਟ ਪ੍ਰਣਾਲੀ ਵੱਲ ਵਧ ਰਹੇ ਹਨ, ਜਿਹੋ ਜਿਹਾ ਜੀ ਮੈਟ ਵਿਚ ਹੁੰਦਾ ਹੈ। ਢੋਲਕਿਆ ਕਹਿੰਦੇ ਹਨ 'ਅਸੀਂ ਇਕ ਅਜਿਹੀ ਸਥਿਤੀ ਦੀ ਗੱਲ ਕਰ ਰਹੇ ਹਾਂ ਜਿਥੇ ਤਲੱਖ ਨੌਜਵਾਨ ਇਮਤਿਹਾਨ 'ਚ ਬੈਠਣਗੇ। ਕੈਟ ਅਜੇ ਸੰਸਾਰਕ ਪੱਧਰ 'ਤੇ ਨਹੀਂ ਪਹੁੰਚ ਸਕਿਆ ਹੈ ਪਰ ਅਜਿਹਾ ਕਰਨ ਪਿੱਛੋਂ ਇਹ ਪਹਿਲੀ ਵਾਰੀ ਕੌਮਾਂਤਰੀ ਪ੍ਰੀਖਿਆ ਪ੍ਰਣਾਲੀ ਦੇ ਕਰਜੇ 'ਤੇ ਆ ਜਾਵੇਗਾ। ਪਰ ਸਾਵਧਾਨੀ ਜ਼ਰੂਰੀ ਹੈ।

# ਆਈ. ਏ. ਐਸ. ਪ੍ਰੀਖਿਆ 'ਚ ਪਾਸ-ਫੇਲ੍ਹ

ਭਾਰਤੀ ਪ੍ਰਸਾਸ਼ਨਿਕ ਸੇਵਾ (ਆਈ. ਏ. ਐਸ.) ਦੀ ਪ੍ਰੀਖਿਆ ਪਾਸ ਕਰਕੇ ਛਤੀਸਗੜ੍ਹ 'ਚ ਤਾਇਨਾਤ ਹੋਏ ਪੰਜ ਅਫਸਰ ਰਾਜ ਸਰਕਾਰ ਦੀ ਇਕ ਛੋਟੀ ਜਿਹੀ ਪ੍ਰੀਖਿਆ ਵੀ ਨਹੀਂ ਪਾਸ ਕਰ ਸਕੇ ਹਨ। ਸਭ ਦੇ ਸਭ ਭਾਰਤੀ ਅਪਰਾਧ ਸੰਚਿਤਾ (CRPC) ਦੀ ਪ੍ਰੀਖਿਆ 'ਚ ਸ਼ਰੇਆਮ ਲੁਟਕ ਰਹੇ ਹਨ। ਇਨ੍ਹਾਂ ਵਿਚੋਂ ਇਕ ਅਫਸਰ ਤਾਂ ਆਈ. ਏ. ਐਸ. ਦੇ ਇਮਤਿਹਾਨ ਵਿਚ ਦੂਜੇ ਨੰਬਰ 'ਤੇ ਰਿਹਾ। ਉਥੇ ਜ਼ਿਆਦਾਤਰ ਟਾਪ 100 ਵਿਚ ਰਹੇ ਹਨ। ਕੋਈ ਨਾਕਾਮ ਰਹਿਣ ਵਾਲੇ ਅਫਸਰਾਂ ਦੀ ਮੰਨੀਏ ਤਾਂ 'ਵਿਧੀ ਵਿਭਾਗ ਦੇ ਇਕ ਵਧੀਕ ਸਕੱਤਰ ਦਾ ਸੋਨੇ ਦਾ ਮੋਰ ਸਾਨੂੰ ਡੁਬੋ ਰਿਹਾ ਹੈ, ਗਹਿਣਿਆਂ ਦੇ ਸ਼ੌਕੀਨ ਉਚ ਅਫਸਰ ਸਾਥੋਂ ਜੂਨੀਅਰਾਂ ਅਫਸਰਾਂ ਤੋਂ ਸੋਨੇ ਦੇ ਬਿਸਕੁਟ ਦੀ ਮੰਗ ਕਰ ਰਹੇ ਹਨ ਜੋ ਅਸੀਂ ਦੇਣ ਨੂੰ ਤਿਆਰ ਨਹੀਂ ਹਾਂ, ਨਤੀਜਾ ਸਭ ਦੇ ਸਾਹਮਣੇ ਹੈ।' ਮਾਮਲਾ ਕੁਝ ਇਸ ਤਰ੍ਹਾਂ ਹੈ, ਨਿਯੁਕਤੀ ਪਿਛੋਂ ਹਰ ਆਈ. ਏ. ਐਸ. ਨੂੰ ਵਿਧੀ ਵਿਭਾਗ ਵੱਲੋਂ ਲਈ ਜਾਣ ਵਾਲੀ ਸੀ. ਆਰ. ਪੀ. ਸੀ. ਦੀ ਪ੍ਰੀਖਿਆ ਪਾਸ ਕਰਨੀ ਲਾਜਮੀ ਹੈ। ਪ੍ਰੀਖਿਆ ਲੈਣ ਦੀ ਜ਼ਿੰਮੇਵਾਰੀ ਗ੍ਰਹਿ ਵਿਭਾਗ ਦੀ ਹੈ। ਪੰਜ ਅਫਸਰ ਲਗਾਤਾਰ ਫੇਲ ਹੋ ਰਹੇ ਹਨ। ਇਨ੍ਹਾਂ ਵਿਚ ਅਮਿਤ ਕਟਾਰੀਆ ਸੱਤ ਵਾਰੀ ਫੇਲ ਹੋ ਚੁੱਕੇ ਹਨ ਜਦਕਿ ਅਭਿਨਾਸ਼ ਚੰਪਾਵਤ, ਰਜਤ ਕੁਮਾਰ, ਮੁਕੇਸ਼ ਬਾਂਸਲ ਏ ਪ੍ਰਕਾਸ਼, ਪੰਜ ਪੰਜ ਵਾਰੀ ਫੇਲ ਹੋ ਚੁੱਕੇ ਹਨ। ਇਸ ਵਾਰੀ ਵੀ ਪ੍ਰੀਖਿਆ ਦਿੱਤੀ ਹੈ ਪਰ ਨਤੀਜਿਆਂ ਬਾਰੇ ਆਸਵੰਦ ਨਹੀਂ ਹਨ। ਮਜ਼ੇ ਦੀ ਗੱਲ ਇਹ ਹੈ ਕਿ ਸੰਨ 2003 ਵਿਚ ਚੰਪਾਵਤ ਨੇ ਆਈ. ਏ. ਐਸ 'ਚ ਦੂਜੀ ਪੁਜੀਸ਼ਨ ਹਾਸਲ ਕੀਤੀ ਸੀ। ਜਦਕਿ ਅਮਿਤ ਕਟਾਰੀਆ ਸੰਨ 2004 'ਚ 18ਵੀਂ, ਸੰਨ 2005 'ਚ ਮੁਕੇਸ਼ ਬਾਂਸਲ 13ਵੀਂ, ਰਾਜਤ ਕੁਮਾਰ 48ਵੀਂ ਤੇ ਐਸ. ਪ੍ਰਕਾਸ਼ 100ਵੀਂ ਲੈ ਕੇ ਆਈ. ਏ. ਐਸ. ਬਣੇ ਹਨ। ਚੰਪਾਵਤ ਤੇ ਬਾਂਸਲ ਦਾ ਕਹਿਣਾ ਹੈ, 'ਅਸੀਂ ਸਭ ਆਈ. ਏ. ਐਸ. ਦੀ ਮਸੂਰੀ ਅਕਾਦਮੀ ਵਿਚ ਸੀ. ਆਰ. ਪੀ. ਸੀ. ਦੀ ਪ੍ਰੀਖਿਆ ਪਹਿਲਾਂ ਹੀ ਪਾਸ ਕਰ ਚੁੱਕੇ ਹਾਂ।' ਆਖਰ ਗੜਬੜ ਹੋ ਕਿਥੇ ਰਹੀ ਹੈ? ਮਿਲੀ ਜਾਣਕਾਰੀ ਮੁਤਾਬਕ ਸਭ ਅਫਸਰ ਮਸਲੇ 'ਤੇ ਪਿਛਲੇ ਮੁਖ ਸਕੱਤਰ ਸ਼ਿਵਰਾਜ ਸਿੰਘ ਨੂੰ ਮਿਲੇ ਸਨ ਪਰ ਗੱਲ ਬਣੀ ਨਹੀਂ। ਹਾਰ ਕੇ ਰਾਇਪੁਰ ਜਿਲਾ ਪੰਚਾਇਤ ਦੇ ਸੀ. ਈ. ਓ ਅਮਿਤ ਕਟਾਰੀਆ ਤੇ ਔਰਤ ਆਈ. ਪੀ. ਐਸ. ਨੇਹਾ ਚੇਪਾਵਤ ਨੇ ਸੂਚਨਾ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਗ੍ਰਹਿ ਵਿਭਾਗ ਤੋਂ ਇਹ ਜਾਨਣਾ ਚਾਹਿਆ। ਸਾਲ 2002 ਤੋਂ 2006 ਵਿਚਕਾਰ ਕਿਹੜੇ ਕਿਹੜੇ ਆਈ. ਏ. ਐਸ. ਅਫਸਰਾਂ ਨੇ ਇਹ ਪ੍ਰੀਖਿਆ ਦਿੱਤੀ ਤੇ ਕਿੰਨੇ ਇਸ ਵਿਚ ਪਾਸ ਹੋਏ? ਮਿਲਿਆ ਜੁਆਬ ਦੇਸ਼ ਦੀ ਸਤਾ ਮਨੋਵਰਤੀ ਦਾ ਖੁਲਾਸਾ ਹੀ ਕਰਦਾ ਹੈ। ਬਦਲੇ 'ਚ ਗ੍ਰਹਿ ਵਿਭਾਗ ਨੇ ਆਪਣੇ ਜੁਆਬ ਵਿਚ ਕਿਹਾ ਇਹ ਜਾਣਕਾਰੀ ਰਾਏਪੁਰ, ਬਿਲਾਸਪੁਰ ਤੇ ਜਗਕਲ ਕਪੂਰ ਦੇ ਪ੍ਰੀਖਿਆ ਕੇਂਦਰਾਂ ਤੋਂ ਹਾਸਲ ਕਰ ਸਕਦੇ ਹੋ। ਇਸ 'ਤੇ ਇਨ੍ਹਾਂ ਵਿਚੋਂ ਇਕ ਅਫਸਰ ਦਾ ਕਹਿਣਾ ਹੈ ਕਿ, ਘੱਟੋ ਘੱਟ ਵਿਧੀ ਜਾਂ ਗ੍ਰਹਿ ਵਿਭਾਗ ਨੂੰ ਇਹ ਤਾਂ ਪਤਾ ਹੀ ਹੋਵੇਗਾ ਕਿ ਪ੍ਰੀਖਿਆ ਕੇਂਦਰਾਂ 'ਚ ਸਿਰਫ ਕੁਰਸੀ ਤੇ ਮੇਜ ਪਏ ਹੁੰਦੇ ਹਨ। ਫਿਰ ਵਿਧੀ ਜਾਂ ਗ੍ਰਹਿ ਵਿਭਾਗ ਦੀ ਜਾਣਕਾਰੀ ਕੋਈ ਪ੍ਰੀਖਿਆ

ਕੇਂਦਰ ਕਿਵੇਂ ਦੇ ਸਕਦਾ ਹੈ?

ਕਟਾਰੀਆ ਨੇ ਇਨ੍ਹਾਂ ਚਾਰ ਸਾਲਾਂ 'ਚ ਹੋਈਆਂ ਪ੍ਰੀਖਿਆਵਾਂ ਦੀਆਂ ਉਤਰ ਕਾਪੀਆਂ ਦੀਆਂ ਫੋਟੋਕਾਪੀਆਂ ਤੇ ਹਾਸਲ ਨੰਬਰਾਂ ਦੇ ਵੇਰਵੇ ਨਾਲ ਹੀ ਇਨ੍ਹਾਂ ਕਾਪੀਆਂ ਨੂੰ ਚੈਕ ਕਰਨ ਵਾਲਿਆਂ ਦੇ ਨਾਂ, ਅਹੁਦੇ ਤੇ ਪੋਸਟਿੰਗ ਦੀ ਥਾਂ ਦਾ ਵੇਰਵਾ ਵੀ ਮੰਗਿਆ ਸੀ। ਇਸ ਸਬੰਧੀ ਗ੍ਰਹਿ ਵਿਭਾਗ ਨੇ ਸੂਚਨਾ ਦੇ ਅਧਿਕਾਰ ਨਿਯਮ ਦੀ ਧਾਰਾ (8) ਜੇ. ਈ. ਦਾ ਹਵਾਲਾ ਦਿੰਦਿਆਂ ਜੁਆਬ ਦਿੱਤਾ, ਮਾਮਲੇ 'ਚ ਲੋਕ ਹਿੱਤ ਦੀ ਹਮਾਇਤ ਨਹੀਂ ਹੁੰਦੀ, ਇਸ ਲਈ ਕਿਸੇ ਵੀ ਪ੍ਰੀਖਿਆ ਦਾ ਬਿਉਰਾ ਮੁਹੱਈਆ ਕਰਵਾਇਆ ਜਾਣਾ ਸੰਭਵ ਨਹੀਂ ਹੈ। ਇਸ 'ਤੇ ਕਟਾਰੀਆ ਨੇ ਮੁਖ ਸਕੱਤਰ ਨੂੰ ਲਿਖੇ ਆਪਣੇ ਪੱਤਰ ਵਿਚ ਗੁਜਾਰਿਸ਼ ਕੀਤੀ, ਭਵਿਖ 'ਚ ਸਾਨੂੰ ਵੀ ਲੋਕਹਿਤ ਨਾਲ ਜੁੜੀਆਂ ਸਰਕਾਰੀ ਯੋਜਨਾਵਾਂ ਦੇ ਅਮਲ ਦਾ ਹੀ ਫਰਜ ਸੰਭਾਲਣਾ ਹੈ ਤਾਂ ਫਿਰ ਗ੍ਰਹਿ ਵਿਭਾਗ ਕਿਵੇਂ ਪ੍ਰਬੰਧਕੀ ਜਾਂ ਹਕੂਮਤੀ ਯੋਜਨਾਵਾਂ ਨੂੰ ਅਮਲ 'ਚ ਲਿਆਉਣ ਦਾ ਹੀ ਕੰਮ ਕਰਦਾ ਹੈ ਤਾਂ ਫਿਰ ਸਾਨੂੰ ਜਾਣਕਾਰੀ ਦੇਣਾ ਕਿਵੇਂ ਲੋਕਹਿੱਤ ਵਿਚ ਨਹੀਂ ਹੈ? ਪਰ ਇਹ ਦਲੀਲ ਬੇਕਾਰ ਗਈ। ਪੀੜਤ ਅਫਸਰਾਂ ਨੇ ਜਾਣਕਾਰੀ ਦਿੱਤੀ 'ਇਸ ਮਾਮਲੇ 'ਤੇ ਅਸੀਂ ਤਬਕੇ ਦਾ ਮੁਖ ਸਕੱਤਰ ਸ਼ਿਵਰਾਜ ਸਿੰਘ ਨੂੰ ਮਿਲੇ ਤੇ ਉਨ੍ਹਾਂ ਨੇ ਦੱਸਿਆ ਸੀ ਕਿ ਸੀ. ਆਰ. ਪੀ. ਸੀ. ਪ੍ਰੀਖਿਆ ਵਿਚ ਪਾਸ ਕਰਾਉਣ ਬਦਲੇ ਵਿਧੀ ਵਿਭਾਗ ਦੇ ਇਕ ਵਧੀਕ ਸਕੱਤਰ ਨੇ ਆਪਣੇ ਸਟੈਨੋ ਰਾਹੀਂ ਸਾਥੋਂ ਸੋਨੇ ਦੇ ਬਿਸਕੁਟ ਮੰਗੇ ਕਿਉਂਕਿ ਸਕੱਤਰ ਸਾਹਿਬ ਨੂੰ ਗਹਿਣਿਆਂ ਦਾ ਸ਼ੌਕ ਹੈ।' ਅਫਸਰ ਕਹਿੰਦੇ ਹਨ, 'ਮੰਗ ਹੁਣ ਵੀ ਜਿਉਂ ਹੀ ਤਿਉਂ ਹੈ ਪਰ ਅਸੀਂ ਜੇ ਨਹੀਂ ਦੇ ਰਹੇ ਤਾਂ ਹਰ ਵਾਰੀ ਫੇਲ ਕੀਤੇ ਜਾ ਰਹੇ ਹਾਂ।'

ਸੂਤਰਾਂ ਮੁਤਾਬਕ ਮੁੱਦੇ 'ਤੇ ਉਸ ਵੇਲੇ ਦੇ ਮੁਖ ਸਕੱਤਰ ਸ਼ਿਵਰਾਜ ਸਿੰਘ ਨੇ ਸਬੂਤ ਮੰਗੇ ਤਾਂ ਇਹ ਅਫਸਰ ਨਹੀਂ ਦੇ ਸਕੇ, ਸਿਟੇ ਵਜੋਂ ਕੋਈ ਵੀ ਕਾਰਵਾਈ ਨਹੀਂ ਹੋਈ। ਜ਼ਾਹਿਰ ਹੈ ਅਜਿਹੀਆਂ ਮੰਗਾਂ ਦਾ ਸਬੂਤ ਕਿਥੋਂ ਆਊ? ਪਰ ਇਕ ਸਿੱਧਾ ਸੁਆਲ ਹੈਰਾਨ ਕਰ ਰਿਹਾ ਹੈ ਕਿ ਆਖਰ ਆਈ. ਏ. ਐਸ. ਦੇ ਪੁਜੀਸ਼ਨ ਹੋਲਡਰ ਇਕ ਮਾਮੂਲੀ ਪਰਚੇ 'ਚ ਫੇਲ ਕਿਵੇਂ ਹੋ ਰਹੇ ਹਨ? ਇਹ ਸੁਆਲਾਂ 'ਤੇ ਖੁਲਾਸੇ ਲਈ ਗ੍ਰਹਿ ਤੇ ਵਿਧੀ ਵਿਭਾਗ ਰਾਜੀ ਨਹੀਂ ਹੈ। ਹਾਲ ਹੀ 'ਚ ਛਤੀਸਗੜ ਦੇ ਮੁਖ ਸਕੱਤਰ ਪੀ. ਜਾਏ ਉਮੇਨ ਨੇ ਕਿਹਾ 'ਵੈਸੇ ਤਾਂ ਮੇਰੇ ਕੋਲ ਇਸ ਕੇਸ ਸਬੰਧੀ ਕੋਈ ਸ਼ਿਕਾਇਤ ਨਹੀਂ ਹੈ ਅਤੇ ਨਾ ਹੀ ਅਜਿਹੇ ਮਾਮਲੇ 'ਤੇ ਗੱਲਬਾਤ ਲਈ ਮੇਰੇ ਪਾਸ ਵਕਤ ਹੀ ਹੈ ਕਿਉਂਕਿ ਬਹੁਤ ਸਾਰੇ ਦੂਜੇ ਜ਼ਰੂਰੀ ਕੰਮ ਵੀ ਹਨ।'

ਜ਼ਾਹਿਰ ਹੈ, ਅਜਿਹੇ ਵਿਚ ਪਿਛਲੀਆਂ ਪ੍ਰੀਖਿਆਵਾਂ ਵਿਚ ਨਾਕਾਮ ਹੋ ਚੁੱਕੇ ਦੰਤੇਵਾੜਾ ਦੇ ਜ਼ਿਲਾ ਪੰਚਾਇਤ ਦੇ ਸੀ. ਈ. ਓ. ਅਵਿਨਾਸ਼ ਚੰਪਾਵਤ, ਰਾਏਪੁਰ ਦੇ ਸੀ. ਈ. ਓ. ਅਮਿਤ ਕਟਾਰੀਆ, ਕੰਕੇਰ ਜ਼ਿਲਾ ਪੰਚਾਇਤ ਦੇ ਸੀ. ਈ. ਓ ਮੁਕੇਸ਼ ਬਾਂਸ਼ਲ ਤੇ ਦੰਤੇਵਾੜਾ ਦੇ ਹੀ ਸਹਾਇਕ ਕਲੈਕਟਰ ਐਸ ਪ੍ਰਕਾਸ਼ ਨੂੰ ਸਮਝ ਨਹੀਂ ਆ ਰਹੀ ਹੈ ਕਿ ਮਾਜਰਾ ਕੀ ਹੈ। ਸੀ. ਆਰ. ਪੀ. ਸੀ. ਦਾ ਪਰਚਾ ਵਿਧੀ ਵਿਭਾਗ ਤਹਿ ਕਰ ਸਕਦਾ ਹੈ ਤੇ ਚੈਕ ਵੀ ਇਸੇ ਵਿਭਾਗ ਦੇ ਅਫਸਰ ਕਰਦੇ ਹਨ। ਗ੍ਰਹਿ ਵਿਭਾਗ ਦੀ ਜ਼ਿੰਮੇਵਾਰੀ ਸਿਰਫ ਪ੍ਰੀਖਿਆ ਦੇ ਆਯੋਜਨ ਤੱਕ ਹੀ ਸੀਮਤ ਹੈ। ਇਸ ਤੋਂ ਪਹਿਲਾਂ ਜਦ ਉਹ ਇਸ ਸਾਲ ਫਰਵਰੀ ਮਹੀਨੇ ਪ੍ਰਮੁਖ ਗ੍ਰਹਿ ਸਕੱਤਰ ਏ. ਕੇ. ਅਸਵਾਲ ਨੂੰ

ਮਿਲੇ ਸਨ ਤਾਂ ਉਨ੍ਹਾਂ ਨੂੰ ਭਰੋਸਾ ਮਿਲਿਆ ਸੀ, ਹੁਣ ਨਿਆਂ ਨਹੀਂ ਹੋਵੇਗਾ। ਹੋਇਆ ਬਿਲਕੁਲ ਉਲਟਾ ਕੁਝ ਦਿਨ ਬਾਅਦ ਹੀ ਕਾਨੂੰਨ ਵਿਭਾਗ ਦੇ ਇਕ ਵਧੀਕ ਸਕੱਤਰ ਦੇ ਸਟੈਨੋ ਨੇ ਇਨ੍ਹਾਂ ਅਫਸਰਾਂ ਨੂੰ ਤਲਬ ਕੀਤਾ। ਫਿਰ ਜਾਣਕਾਰੀ ਦਿੱਤੀ ਕਿ ਜੋ ਪ੍ਰੀਖਿਆ ਤੁਸੀਂ ਲੋਕਾਂ ਨੇ ਦਿੱਤੀ ਹੈ ਉਸ ਦੀਆਂ ਉਤਰ ਕਾਪੀਆਂ ਸਾਹਿਬ ਕੋਲ ਆ ਗਈਆਂ ਹਨ। ਆਪ ਆ ਕੇ ਮਿਲ ਲਵੋ।

ਮਜ਼ੇ ਦੀ ਗੱਲ ਤਾਂ ਇਹ ਕਿ ਰਾਜ ਪ੍ਰਸਾਸਨਿਕ ਸੇਵਾ ਦੇ ਇਸ ਅਫਸਰ ਨੇ ਇਕ ਆਈ. ਏ. ਐਸ. ਨਾਲ ਡੀਲਿੰਗ ਲਈ ਆਪਣੇ ਸਟੈਨੋ ਨੂੰ ਲਾ ਦਿੱਤਾ। ਸਟੈਨੋ ਨੇ ਉਕਤ ਅਫਸਰ ਨੂੰ ਸਮਝਾਇਆ ਤੁਹਾਨੂੰ ਪੰਜਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਸਾਹਿਬ ਸਭ ਸੰਭਾਲ ਲੈਣਗੇ....। ਵੈਸੇ ਤਾਂ ਸਾਹਿਬ ਨੂੰ ਗਹਿਣਿਆਂ ਦਾ ਸ਼ੌਕ ਹੈ ਪਰ ਆਪ ਸੋਨੇ ਦੇ ਬਿਸਕੁਟ ਵੀ ਦੇ ਸਕਦੇ ਹੋ। ਪਰ ਸ਼ਰਤ ਇਕ ਹੋਵੇਗੀ ਕਿ ਇਸ ਵਾਰੀ ਤੁਹਾਨੂੰ ਸਾਰਿਆਂ ਨੂੰ ਸੀ. ਆਰ. ਪੀ. ਸੀ. ਦੀ ਪ੍ਰੀਖਿਆ ਸਾਹਿਬ ਘਰ ਬੈਠ ਕੇ ਦੇਣੀ ਹੋਵੇਗੀ। ਫਿਰ ਕੋਈ ਵੀ ਫੇਲ ਨਹੀਂ ਹੋਵੇਗਾ ਇਨ੍ਹਾਂ ਸੁਣਦਿਆਂ ਹੀ ਤਪੇ ਹੋਏ ਅਫਸਰਾਂ ਨੇ ਪਹਿਲਾਂ ਤਾਂ ਸਟੈਨੋ ਨੂੰ ਖਰੀਆਂ ਖਰੀਆਂ ਸੁਣਾਈਆਂ ਫਿਰ ਇਨਸਾਫ ਦੀ ਖੋਜ ਕਰਨ ਲੱਗੇ।

'ਇਹ ਕੋਈ ਓਪਰੀ ਗੱਲ ਨਹੀਂ ਹੈ ਕਿ ਆਈ ਏ ਐਸ ਦੇ ਪੁਜੀਸ਼ਨ ਹੋਲਡਰ ਰਾਜ ਸਰਕਾਰ ਦੀ ਪ੍ਰੀਖਿਆ ਵਿਚ ਫੇਲ ਹੋ ਜਾਣ' ਇਹ ਗੱਲ ਗ੍ਰਹਿ ਮੰਤਰੀ ਰਾਜ ਵਿਚਾਰ ਨੇਤਾਮ ਕੇ ਕਹੀਂ ਕਿ 'ਕਾਫੀ ਕਠਿਨ ਹੁੰਦੀ ਹੈ ਸੀ ਆਰ ਪੀ ਸੀ ਦੀ ਪ੍ਰੀਖਿਆ' ਰਾਜਾਂ ਦੇ ਮਾਮਲੇ ਦੀ ਜਾਣਕਾਰੀ ਗ੍ਰਹਿ ਮੰਤਰੀ ਨੂੰ ਵੀ ਨਹੀਂ ਹੈ।

ਹਾਲ ਦੀ ਘੜੀ ਜੁਲਾਈ 'ਚ ਹੋਈ ਪ੍ਰੀਖਿਆ ਦੇ ਨਤੀਜਿਆਂ ਦਾ ਇੰਤਜ਼ਾਰ ਹੈ ਤੇ ਇਨ੍ਹਾਂ ਅਫਸਰਾਂ ਨੂੰ ਇਕ ਹੀ ਉਮੀਦ ਹੈ, ਸ਼ਾਇਦ ਵਧੀਕ ਸਕੱਤਰ ਦਾ ਸੋਨੇ ਨਾਲ ਪਿਆਰ ਘੱਟ ਹੋਵੇ ਅਤੇ ਉਨ੍ਹਾਂ ਨੂੰ ਰਾਹਤ ਮਿਲੇ। ਦੇਖੋ ਅੱਗੇ ਊਠ ਕਿਸ ਕਰਵਟ ਬੈਠਦਾ ਹੈ? ਪਰ ਆਈ. ਏ. ਐਸ. ਤੋਂ ਸੋਨੇ ਦੇ ਬਿਸਕੁਟ ਮੰਗਣ ਦੀ ਘਟਨਾ ਹੈ ਭ੍ਰਿਸ਼ਟਾਚਾਰ ਦਾ ਸਿਖਰ।

# ਕੀ ਰੰਗ ਲਿਆਵੇਗੀ ਚਕਲਿਆਂ ’ਤੇ ਸਖ਼ਤੀ

ਹੁਣ ਕੋਠੇ ’ਤੇ ਜਾਣ ਵਾਲਿਆਂ ਦੀ ਸ਼ਾਮਤ ਆਉਣ ਵਾਲੀ ਹੈ, ਵਜਾਹ ਇਹ ਹੈ ਕਿ ਵੇਸਵਾ ਬਿਰਤੀ ’ਤੇ ਰੋਕ ਲਾਉਣ ਲਈ ਸਰਕਾਰ ਜਲਦੀ ਹੀ ਇੱਕ ਐਕਟ ਲਿਆ ਰਹੀ ਹੈ, ਇਸ ਮੁਤਾਬਕ ਜੇ ਕੋਈ ਆਦਮੀ ਕਿਸੇ ਕੋਠੇ ਤੇ ਫੜਿਆ ਗਿਆ ਤਾਂ ਉਸ ਨੂੰ 50 ਹਜ਼ਾਰ ਰੁਪੈ ਜੁਰਮਾਨਾ ਅਤੇ 6 ਮਹੀਨੇ ਕੈਦ ਦੀ ਸਜ਼ਾ ਭੁਗਤਣੀ ਪਵੇਗੀ। ਦੇਸ਼ ’ਚ ਕਰੀਬ ਢਾਈ ਕਰੋੜ ਵੇਸ਼ਵਾਵਾਂ ਚਕਲਾਘਰਾਂ ’ਚ ਜ਼ਿੰਦਗੀ ਬਸਰ ਕਰ ਰਹੀਆਂ ਹਨ। ਇਸ ਤੋਂ ਤਿੰਨ ਗੁਣਾਂ ਗਿਣਤੀ ਉਹਨਾਂ ਦੇ ਬੱਚਿਆਂ ਦੀ ਹੈ। ਅਜਿਹੀ ਹਾਲਤ ਵਿਚ ਇਹ ਸਰਕਾਰ ਫ਼ੁਰਮਾਨ ਦੀ ਇਹਨਾਂ ਨਾਲ ਕੋਠੜੀਆਂ ’ਚ ਰਹਿਣ ਵਾਲੀਆਂ ਵੇਸਵਾਵਾਂ ਤੇ ਇਹਨਾਂ ਦੇ ਮਾਸੂਮ ਬੱਚਿਆਂ ਦੀ ਦੋ ਡੰਗ ਦਹ ਰੋਟੀ ਤਾਂ ਨਹੀਂ ਖੋਹ ਲਵੇਗਾ? ਅਜੇ ਬਾਗ ਗਰਲਜ਼ ਦੀ ਰੋਟੀ ਰੋਜੀ ਖੋਹ ਕੇ ਸਰਕਾਰ ਉਹਨਾਂ ਦੇ ਮੁੜ ਵਸੇਬੇ ਲਈ ਕੋਈ ਵਿਵਸਥਾ ਨਹੀਂ ਕਰ ਸਕੀ ਹੈ ਤੇ ਹੁਣ ਇਹ ਵੇਸ਼ਵਾਵਾਂ ਦੀ ਰੋਟੀ ਖੋਹਣ ਦੇ ਮੂਡ ਵਿਚ ਹੈ।

ਸੀਨ ਇੱਕ ‘ਬਾਬੂ ਜੀ, 1000 ਰੁਪੈ ਦੇ ਦੇਣਾ...ਚਲੋ 50 ਹੀ ਸਹੀ... ਉੱਪਰ ਤਾਂ ਚੱਲੋ। ਬਾਬੂ ਸੁਬਾਹ ਤੋਂ ਖੜੀ ਹਾਂ, ਤਰਸ ਖਾਓ...ਬੱਚੇ ਦੀ ਦਵਾਈ ਲਿਆਉਣੀ ਹੈ... ਅੱਜ ਇਕ ਵੀ ਗਾਹਕ ਪੌੜੀ ਨਹੀਂ ਚੜਿਆ...ਚਲੋ ਤੁਸੀਂ ਵੀਹ ਰੁਪਏ ਹੀ ਦੇ ਦੇਣਾ...“ਉਹ ਗਿੜਗੜਾ ਰਹੀ ਸੀ। ਹਨੇਰਾ ਵੱਧ ਰਿਹਾ ਸੀ। ਸੁਬਾਹ ਤੋਂ ਹੁਣ ਤੱਕ ਅੱਜ ਇੱਕ ਗਾਹਕ ਰੁਕਿਆ ਕੋਠੇ ਤੇ ਹੇਠਾਂ। ਉਹ ਕਿਸੇ ਵੀ ਕੀਮਤ ’ਤੇ ਉਸ ਨੂੰ ਛੱਡਣਾ ਨਹੀਂ ਚਾਹੁੰਦੀ ਸੀ। ਘੱਟ ਘੱਟ ’ਚ ਸੌਦਾ ਤਹਿ ਕਰਨਾ ਚਾਹੁੰਦਾ ਸੀ। ਆਖਰ ਨੂੰ ਗੱਲ 15 ਰੁਪੈ ’ਤੇ ਆ ਕੇ ਮੁੱਕੀ। ਉਹ ਤੇਜ਼ੀ ਨਾਲ ਗਾਹਕ ਨੂੰ ਲੈ ਕੇ ਕੋਠੇ ਦੀਆਂ ਪੌੜੀਆਂ ਚੜ ਗਈ। ਦਸ ਮਿੰਟ ਪਿੱਛੋਂ ਫਿਰ ਵਾਪਸ ਖੜੀ ਸੀ। ਦੂਜੇ ਗਾਹਕ ਦੀ ਤਲਾਸ਼ ਵਿਚ।

ਸੀਨ ਦੋ...“ਉੱਪਰ ਚੱਲੋ...ਵਧੀਆ ਮਾਲ ਹੈ....ਰੇਟ ਬਹੁਤ ਘੱਟ... ਨੇਪਾਲੀ....ਅੱਜ ਹੀ ਆਇਆ ਹੈ....” ਉਹ ਦੋਨੇ ਕਾਲੇ ਜਿਹੇ ਮੁੰਡੇ ਉਸ ਆਦਮੀ ਨੂੰ ਪਟਾ ਕੇ ਕੋਠੇ ’ਤੇ ਲੈ ਗਏ। ਕੁੱਝ ਹੀ ਦੇਰ ’ਚ ਉਹ ਪਿੱਛੋਂ ਉਹ ਪਿਟਿਆ-ਪਿਟਾਇਆ ਜਿਹਾ ਹੇਠਾਂ ਆ ਗਿਆ ਅਤੇ ਲੱਗਿਆ ਗਾਲਾਂ ਕੱਢਣ। ਸ਼ਿਸ਼ਪੰਜ ’ਚ ਸੀ ਕਿ ਕਿਸ ਤੋਂ ਮਦਦ ਮੰਗੇ। ਉੱਪਰ ਲੈ ਜਾ ਕੇ ਦੋਹਾਂ ਨੇ ਦੋ ਹੋਰ ਮੁਸ਼ਟੰਡਿਆਂ ਦੀ ਮਦਦ ਨਾਲ ਉਸ ਦੀ ਘੜੀ, ਚੈਨ, ਬਟੂਆ, ਸਭ ਕੱਢ ਲਿਆ। ਹਣ ਜੇ ਉਹ ਆਪਣੇ ਨਾਲ ਹੋਈ ਲੁੱਟ ਦੀ ਰਪਟ ਦਰਜ ਕਰਵਾਉਣ ਥਾਣੇ ਗਿਆ ਤਾਂ ਵੱਖਰੀ ਝਾੜ ਝੰਬ ਕਰਨਗੇ ਕਿ ਕੋਠੇ ’ਤੇ ਚੜਿਆ ਹੀ ਕਿਉਂ? ਕਹਿਣਗੇ ਇਸ ਨੂੰ ਚੁੱਕ ਕੇ ਹਵਾਲਾਤ ’ਚ ਬੰਦ ਕਰ ਦਿਉ। ਹੇਠਾਂ ਦੁਕਾਨਦਾਰ ਉਸ ਨੂੰ ਵੇਖ ਕੇ ਹੱਸ ਰਹੇ ਸਨ। ਉਹ ਚੁੱਪਚਾਪ ਅੱਗੇ ਵੱਧ ਗਿਆ।

ਸੀਨ ਤਿੰਨ....“ਚੱਲ.....ਉੱਪਰ ਜਾ.......ਫਿਰ ਹੇਠਾਂ ਉੱਤਰੀ ਤਾਂ ਬੰਦ ਕਰ ਦਿਆਂਗਾ.....” ਸਿਪਾਹੀ ਡੰਡਾ ਘੁਮਾਉਂਦਾ ਬੁੜਬੜਾਇਆ। “ਸਾਹਿਬ ਬਸ ਇੱਕ ਗਾਹਕ ਮਿਲ ਜਾਵੇ, ਫਿਰ ਨਹੀਂ ਉਤਰੂੰਗੀ......” ਉਸਨੇ ਮਿੰਨਤ ਕੀਤੀ। “ਚੱਲ

ਚੱਲ"....ਉਸ ਨੇ ਡੰਡੇ ਨਾਲ ਘੂਰ ਕੇ ਉਸ ਨੂੰ ਪੌੜੀਆਂ ਚੜ੍ਹਾ ਦਿੱਤਾ। ਉਹ ਦੋ ਤਿੰਨ ਪੌੜੀਆਂ ਉੱਪਰ ਚੜ੍ਹੀ। ਸਿਪਾਹੀ ਅੱਗੇ ਚਲਾ ਗਿਆ। ਉਹ ਫਿਰ ਹੇਠਾਂ ਵਾਲੀ ਪੌੜੀ 'ਤੇ ਆ ਖੜੀ ਹੋਈ।

ਦਿੱਲੀ ਦੀ ਜੀ. ਬੀ. ਰੋਡ 'ਤੇ ਕੁੱਝ ਪਲ ਖੜੇ ਹੋ ਜਾਓ। ਇਹ ਦ੍ਰਿਸ਼ ਆਮ ਵੇਖਣ ਨੂੰ ਮਿਲਣਗੇ। ਕਦੀ ਬ੍ਰਿਟਿਸ਼ ਕੁਲੈਕਟਰ ਦੇ ਨਾਂ ਤੇ ਪਈ ਗਰਿਸਟਨ ਬੇਸਟਨ ਰੋਡ ਅੱਜ ਜੀ. ਬੀ. ਰੋਡ ਦੇ ਨਾਂ ਨਾਲ ਮਸ਼ਹੂਰ ਹੈ। ਜੀ. ਬੀ. ਰੋਡ ਮਤਲਬ ਜਿਸਮ ਦੀ ਮੰਡੀ। ਇੱਥੋਂ ਲੰਘਣ ਵਾਲੇ ਆਦਮੀਆਂ ਦੀ ਨਜ਼ਰ ਜਿੱਥੇ ਉੱਪਰ ਕੋਠਿਆਂ ਦੀ ਜਾਲੀਦਾਰ ਖਿੜਕੀਆਂ 'ਤੇ ਲਟਕੀਆਂ ਵੇਸਵਾਵਾਂ ਵੱਲ ਗੱਡੀ ਰਹਿੰਦੀ ਹੈ ਜਦ ਕਿ ਉਥੋਂ ਲੰਘਣ ਵਾਲੀਆਂ ਔਰਤਾਂ ਸੜਕ ਤੋਂ ਨੀਵੀਂ ਪਾ ਕੇ ਜਲਦੀ ਲੰਘਣ ਦੀ ਕੋਸ਼ਿਸ਼ ਕਰਦੀਆਂ ਹਨ। ਇਥੇ 20 ਇਮਾਰਤਾਂ ਹਨ ਜਿਨ੍ਹਾਂ 'ਚ ਵੇਸਵਾਵਾਂ  ਦੇ ਕੋਠੇ ਹਨ। ਪਹਿਲਾਂ ਇੱਥੇ 96 ਕੋਠੇ ਹੁੰਦੇ ਸਨ ਹੁਣ ਸਵਾ ਸੌ ਦੇ ਕਰੀਬ ਹਨ। ਹਰ ਕੋਠੇ ਦੀ ਕੋਠਾ ਮਾਲਕਣ ਵੱਖਰੀ ਹੈ। ਕਾਲੇ ਕੋਰੀਡੋਰ 'ਚ ਸਿੱਧੀਆਂ ਖੜੀਆਂ ਪਤਲੇ ਪੱਧਰ ਦੀਆਂ ਪੌੜੀਆਂ ਦੂਜੀ ਤੇ ਤੀਜੀ ਮੰਜ਼ਿਲ 'ਤੇ ਲੈ ਜਾਂਦੀਆਂ ਹਨ। ਕਰੀਬ 500 ਵੇਸ਼ਵਾਵਾਂ ਇੱਥੇ ਛੋਟੇ ਛੋਟੇ ਕਮਰਿਆਂ 'ਚ ਤੂੜੀਆਂ ਹਨ। ਪੱਥਰ ਦੀਆਂ ਸਲੈਬਾਂ ਦੇ ਚਾਰੇ ਪਾਸੇ ਲਾਏ ਪਰਦੇ ਪਿੱਛੇ ਇਹ ਗਾਹਕਾਂ ਨੂੰ ਭੁਗਤਾਉਂਦੀਆਂ ਹਨ। ਇਹਨਾਂ 'ਚੋਂ ਕਰੀਬ 3000 ਵੇਸਵਾਵਾਂ ਤਾਂ ਇੱਥੋਂ ਦੀਆਂ ਸਥਾਈ ਵਸਨੀਕ ਹਨ, ਬਾਕੀ ਕਰੀਬ ਦੋ ਹਜ਼ਾਰ ਵੇਸਵਾਵਾਂ ਰੋਜ਼ਾਨਾ ਸੁਬਾਹ ਇੱਥੇ ਆਉਂਦੀਆਂ ਹਨ ਤੇ ਰਾਤ ਪੈਣ 'ਤੇ 'ਕੰਮ' ਨਿਪਟਾ ਕੇ ਘਰ ਸਮਾਜ 'ਚ ਵਾਪਸ ਚੱਲੀਆਂ ਜਾਂਦੀਆਂ ਹਨ। ਜੀ. ਬੀ. ਰੋਡ ਦੀਆਂ ਬਿਲਡਿੰਗਾਂ 'ਚ ਉੱਪਰ ਕੋਠੇ ਅਤੇ ਹੇਠਾਂ ਬਹੁਤ ਵੱਡੀ ਹਾਰਡਵੇਅਰ ਮਾਰਕੀਟ ਹੈ ਜਿੱਥੇ ਪੰਪ ਸੈੱਟ ਟਾਇਲਟ ਸੀਟਾਂ, ਟਾਇਲਜ਼ ਵਰਗੀਆਂ ਵਸਤਾਂ ਥੋਕ ਦੇ ਭਾਅ ਵਿਕਦੀਆਂ ਹਨ। ਇੱਥੇ ਨੇੜੇ ਹੀ ਪੁਲਿਸ ਚੌਂਕੀ ਵੀ ਹੈ। ਕਹਿੰਦੇ ਹਨ ਕਿ ਮੁਗਲ ਕਾਲ ਵਿਚ ਦਿੱਲੀ 'ਚ ਅਜੇਹੇ ਪੰਜ ਰੈਡ ਲਾਈਟ ਏਰੀਆ ਹੁੰਦੇ ਸਨ। ਪਰ ਬ੍ਰਿਟਿਸ਼ ਹਕੂਮਤ ਦੌਰਾਨ ਜੀ. ਬੀ. ਰੋਡ 'ਤੇ ਚਕਲਾ ਘਰ ਨੂੰ ਛੱਡ ਕੇ ਬਾਕੀ ਚਾਰ ਬੰਦ ਕਰਵਾ ਦਿੱਤੇ ਗਏ ਅੱਜ ਜੀ. ਬੀ. ਰੋਡ ਦੀਆਂ ਵੇਸਵਾਵਾਂ ਖਾਸ ਤਕਲੀਫ ਵਿਚ ਹਨ। ਲਗਭਗ ਹਰ ਵੇਸਵਾ ਕੋਲ ਦੋ ਚਾਰ ਬੱਚੇ ਹਨ। ਗ੍ਰਾਹਕਾਂ ਦੀ ਘਾਟ ਹੈ। ਰੋਜ਼ੀ ਰੋਟੀ ਦੇ ਲਾਲੇ ਹਨ ਕਦੀ ਕਦੀ ਤਾਂ ਪੰਜ ਦਸ ਰੁਪੈ ਵਿਚ ਹੀ ਦੇਹ ਵੇਚਣ ਵਿਚ ਤਿਆਰ ਹੋਣਾ ਪੈਂਦਾ ਹੈ।

ਇਕ ਪਾਸੇ ਇਲਾਕੇ ਦੀ ਪੁਲਿਸ ਨੱਕ 'ਚ ਦਮ ਕਰੀ ਰੱਖਦੀ ਹੈ ਤੇ ਦੂਜੇ ਪਾਸੇ ਲੁਟੇਰੇ, ਗੁੰਡਿਆਂ ਦੀ ਫੌਜ ਝਾਂਸਾ ਦੇ ਕੇ ਇਹਨਾਂ ਗਾਹਕਾਂ ਨੂੰ ਲੁੱਟ ਲੈਂਦੀ ਹੈ। ਇਲਾਕੇ ਦੀ ਪੁਲਿਸ ਤੇ ਇਹਨਾਂ ਗੁੰਡਿਆਂ ਦੀ ਆਪਸੀ ਮਿਲੀਭੁਗਤ ਹੈ। ਲੁੱਟ ਦੇ ਮਾਲ ਦਾ ਅੱਧਾ ਹਿੱਸਾ ਹਰ ਸ਼ਾਮ ਨੇੜੇ ਦੇ ਥਾਣੇ ਵਿਚ ਪਹੁੰਚ ਜਾਂਦਾ ਹੈ। ਦੂਜੇ ਪਾਸੇ ਇੱਕ ਸਰਕਾਰੀ ਫੁਰਮਾਨ ਇਹਨਾਂ ਵੇਸਵਾਵਾਂ ਨੂੰ ਜਿਉਂਦੇ ਜੀ ਮੌਤ ਦੇ ਮੂੰਹ ਵਿਚ ਧੱਕਣ ਵਾਲਾ ਹੈ। ਪਿਛਲੇ ਦਿਨੀਂ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਦੀ ਪ੍ਰਧਾਨਗੀ 'ਚ ਮੰਤਰੀਆਂ ਦੇ ਇਕ ਗਰੁੱਪ ਨੇ ਦੇਸ਼ 'ਚ ਵੇਸਵਾ ਬ੍ਰਿਤੀ 'ਤੇ ਰੋਕ ਲਾਉਣ ਦੀ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਹਰੀ ਝੰਡੀ ਦੇ ਦਿੱਤੀ ਹੈ। ਇੱਕ ਬਿੱਲ ਅਨੈਤਿਕ ਸਰਗਰਮੀਆਂ ਰੋਕੂ ਕਾਨੂੰਨ (ਸੋਧ) 2006 'ਚ ਮਹਿਲਾ  ਦੇ ਬਾਲ ਵਿਕਾਸ ਮੰਤਰਾਲੇ ਵੱਲੋਂ ਸੰਸਦ ਵਿਚ ਪੇਸ਼ ਕੀਤਾ ਗਿਆ ਸੀ ਜੋ ਕਿ ਪਿਛਲੇ ਦੋ ਸਾਲਾਂ ਤੋਂ ਪੈਂਡਿੰਗ

ਪਿਆ ਸੀ। ਹੁਣ ਇਸ ’ਚ ਸੋਧ ਕਰਕੇ ਲਾਗੂ ਹੋ ਸਕਦੈ। ਸਰਕਾਰ ਦੇਹ ਦੇ ਸੌਦਾਗਰਾਂ ’ਤੇ ਸ਼ਿਕੰਜਾ ਕੱਸਣ ਦੀ ਸੋਚਦੀ ਹੈ। ਕਿਉਂਕਿ ਇਸ ਐਕਟ ਦੇ ਲਾਗੂ ਹੋਣ ਦਾ ਮਤਲਬ ਗਾਹਕਾਂ ਨੂੰ ਸਜਾ ਦਾ ਡਰ ਵਿਖੇ ਕੇ ਸਰਕਾਰ ਵੇਸਵਾਵਾਂ ਦੀ ਭੁੱਖ ਤੇ ਗਰੀਬੀ ਨਾਲ ਹੱਤਿਆ ਕਰਵਾਵੇਗੀ। ਭਾਰਤ ’ਚ ਤਿੰਨ ਲੱਖ ਛੋਟੇ ਵੱਡੇ ਚਕਲਘਰਾਂ ’ਚ ਕਰੀਬ ਢਾਈ ਕਰੋੜ ਵੇਸਵਾਵਾਂ ਹਨ। ਦੇਸ਼ ’ਚ ਕਰੀਬ 1100 ਵੱਡੇ ਰੈੱਡ ਲਾਈਟ ਏਰੀਆ ਹਨ।

ਇਸ ਐਕਟ ਦੇ ਲਾਗੂ ਹੋਣ ਨਾਲ ਤਿੰਨ ਕਰੋੜ ਔਰਤਾਂ ਤੇ ਇਹਨਾਂ ਦੇ ਬੱਚਿਆਂ ਲਈ ਰੋਟੀ ਕੱਪੜਾ ਕਿੱਥੋਂ ਆਵੇਗਾ? ਇਹਨਾਂ ਦੇ ਮੁੜ ਵੇਸੇਬੇ ਦੀ ਗੱਲ ਤਹਿ ਕੀਤੇ ਬਿਨਾਂ ਇਹਨਾਂ ਦੇ ਗਾਹਕਾਂ ’ਤੇ ਪਾਬੰਦੀ ਲਾ ਕੇ ਇਹਨਾਂ ਦੇ ਮੂੰਹੋ ’ਚੋਂ ਰੋਟੀ ਖੋਹਣ ਵਾਲੀ ਸਰਕਾਰ ਕੀ ਇਸ ਗੱਲ ਦੀ ਗਰੰਟੀ ਦੇ ਸਕਦੀ ਹੈ ਕਿ ਅਜੇਹਾ ਕਰਕੇ ਉਹ ਵੇਸ਼ਵਾ ਬ੍ਰਿਤੀ ਦੀ ਜੜ੍ਹ ਖਤਮ ਕਰ ਦੇਵੇਗੀ?

ਕਿਰਤ ਤੇ ਰੁਜ਼ਗਾਰ ਮੰਤਰੀ ਆਸਕਰ ਫਰਨਾਂਡਿਜ਼ ਦੀ ਮੰਨੀਏ ਤਾਂ ਇਸ ਨਾਲ ਕਿਸੇ ਤਰ੍ਹਾਂ ਦੇਹ ਵਪਾਰ ਨਹੀਂ ਰੁਕਣਾ, ਸਿਰਫ ਇਸ ਦਾ ਰੂਪ ਹੀ ਬਦਲੇਗਾ। ਫਰਨਾਂਡਿਜ਼ ਕਹਿੰਦੇ ਹਨ ਦੇਹ ਵਪਾਰ ਮੌਜੂਦਾ ਪ੍ਰਬੰਧ ’ਚ ਕਦੀ ਵੀ ਖਤਮ ਨਹੀਂ ਕੀਤਾ ਜਾ ਸਕਦਾ, ਜਦ ਤੱਕ ਇਨਸਾਫ ਹੈ। ਇਹ ਧੰਦਾ ਚੱਲਦਾ ਰਹੇਗਾ। ਬਾਈਬਲ 32 ਵਿਚ ਦੇਹ ਵਪਾਰ ਦਾ ਜ਼ਿਕਰ ਮਿਲਦਾ ਹੈ। ਮੈਂ ਜਲਦੀ ਹੀ ਇਸ ਸੰਬੰਧੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਸੰਤੁਲਿਤ ਕਰਕੇ ਰੁਖ ਅਖਤਿਆਰ ਕਰਨ ਲਈ ਕਹੂੰਗਾ। ਜ਼ਰੂਰਤ ਸਮਾਜ ’ਚ ਸੁਧਾਰ ਕਰਨ ਦੀ ਹੈ, ਦੇਹ ਵਪਾਰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਦੀ ਨਹੀਂ।”

ਦੂਜੇ ਪਾਸੇ ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜੇਸ਼ਨ (ਨੈਕੋ) ਦੇ ਡਾਇਰੈਕਟਰ ਜਨਰਲ ਕੇ. ਐਸ. ਰਾਓ ਦਾ ਵੀ ਇਹੀ ਫਿਕਰ ਹੈ ਕਿ ਇਸ ਏਡਜ਼/ਐੱਚ. ਆਈ. ਵੀ. ਦੀ ਰੋਕਥਾਮ ਦਾ ਬਹਾਨਾ ਬਣਾ ਕੇ ਵੇਸ਼ਵਾ ਬਿਰਤੀ ’ਤੇ ਰੋਕ ਲਾਉਣ ਦੀ ਗੱਲ ਹੋ ਰਹੀ ਹੈ। ਉਸ ਐਕਟ ਦੇ ਲਾਗੂ ਹੋਣ ਨਾਲ ਰਿਜਲਟ ਵੱਧ ਖਤਰਨਾਕ ਹੋ ਜਾਣਗੇ। ਅਜੇ ਤਾਂ ਗਿਣੇ ਚਣੇ ਚਕਲਾਘਰਾਂ ਤੇ ਨਜ਼ਰ ਰੱਖੀ ਜਾ ਸਕਦੀ ਹੈ ਸਮੇਂ ਸਮੇਂ ਸਿਰ ਸਵੈ ਸੇਵੀ ਸੰਸਥਾਵਾਂ ’ਤੇ ਡਾਕਟਰਾਂ ਦੀਆਂ ਟੀਮਾਂ ਜਾ ਕੇ ਉਹਨਾਂ ਦੀ ਸਿਹਤ ਵਗੈਰਾ ਦੀਆਂ ਜਾਣਕਾਰੀਆਂ ਇਕੱਠੀਆਂ ਕਰ ਲੈਂਦੀ ਹੈ। ਉਹਨਾਂ ਨੂੰ ਨਿਰੋਧ ਤੇ ਕੰਡੋਮ ਆਦਿ ਦੇ ਪੈਕਟ ਮੁਫ਼ਤ ਮੁਹੱਈਆਂ ਕਰਵਾ ਦਿੱਤੇ ਜਾਂਦੇ ਹਨ। ਜੇ ਚਕਲਾਘਰਾਂ ਦੇ ਦਾਖਲੇ ਸੰਬੰਧੀ ਗਾਹਕਾਂ ’ਤੇ ਰੋਕ ਲਾ ਦਿੱਤੀ ਗਈ ਤਾਂ ਵੇਸ਼ਵਾਵਾਂ ਉਥੋਂ ਨਿਕਲ ਕੇ ਜਾਣਗੀਆਂ ਤਾਂ ਸਮਾਜ ਵਿਚ ਹੀ ਤੇ ਫਿਰ ਇਹ ਪੇਸ਼ਾ ਚੋਰੀ ਛਿਪੇ ਜਾਰੀ ਰਹੇਗਾ। ਇਸ ਨਾਲ ਏਡਜ਼ ਕੰਟਰੋਲ ਤੇ ਕੋਈ ਮਦਦ ਨਹੀਂ ਮਿਲਣੀ, ਸਵੀਡਨ ’ਚ ਪਾਬੰਦੀ ਲਾਉਣ ਦੇ ਬਾਵਜੂਦ ਵੇਸ਼ਵਾ ਬਿਰਤੀ ਰੋਕਣ ’ਚ ਕਾਮਯਾਬੀ ਨਹੀਂ ਮਿਲੀ। ਜਿਹਨਾਂ ਨੂੰ ਰੋਕਿਆ ਗਿਆ ਉਹ ਧੰਦਾ ਕਰਨ ਨਾਰਵੇ ਚੱਲੀਆਂ ਗਈਆਂ। ਪੇਡ ਸੈਕਸ ਦੀ ਮੰਗ ਇਸ ਮੁਨਾਫਾਖੋਰ ਪ੍ਰਬੰਧ ’ਚ ਤਾਂ ਰਹੇਗੀ, ਸਪਲਾਈ ਕਰਨ ਵਾਲੇ ਕੋਈ ਨਾ ਕੋਈ ਰਾਹ ਕੱਢ ਹੀ ਲੈਣਗੇ। ਪੁਲਿਸ ਵੀ ਤਾਂ ਸੁਹਿਰਦ ਨਹੀਂ ਹੈ।

ਦੂਜੇ ਪਾਸੇ ਏਸ ਐਕਟ ਨੂੰ ਲਾਗੂ ਕਰਾਉਣ ਲਈ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਦੀ ਮੁਚੀ ਰੇਣੂਕਾ ਚੌਧਰੀ ਆਪਣਾ ਪੂਰਾ ਜ਼ੋਰ ਲਾ ਰਹੀ ਹੈ ਹਾਲਾਂਕਿ ਉਹਨਾਂ ਦੀ ਇਸ ਪਹਿਲ ਤੇ ਸਰਕਾਰੀ ਅਮਲੇ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ

ਹੈ। ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਦੀ ਸੈਂਟਰਲ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਖਰੈਤੀ ਲਾਲ ਭੋਲਾ ਕਹਿੰਦੇ ਹਨ ਕਿ "ਅਸੀਂ ਜਾਣਦੇ ਹਾਂ ਸੰਸਦ 'ਚ ਸਾਰੇ ਮੰਤਰੀ ਇਸ ਸੁਧਾਰ ਲਈ ਰਾਜੀ ਨਹੀਂ ਹੋਣਗੇ, ਇਸ ਬਿੱਲ ਦੇ ਪਾਸ ਹੋਣ ਨਾਲ ਔਰਤਾਂ ਦੀ ਤਸਕਰੀ 'ਚ ਕਮੀ ਆਵੇਗੀ ਤੇ ਏਡਜ਼ ਰੋਕਣ 'ਚ ਵੀ ਮਦਦ ਮਿਲੇਗੀ।" ਏਸ਼ੀਆ ਪੈਸਫਿਕ ਏਰੀਆ 'ਚ ਇਕ ਨਿਊਟਰਲ ਕਮਿਸ਼ਨ ਵੱਲੋਂ ਜਿਸ ਦੇ ਮੁਚੀ ਸੀ. ਰੰਗਾਰਾਜਨ ਪ੍ਰਧਾਨ ਮੰਤਰੀ ਦੇ ਮੁੱਖ ਸਲਾਹਕਾਰ ਵੀ ਹਨ ਪਹਿਲੀ ਵਾਰੀ ਏਡਜ਼ ਐੱਚ. ਆਈ. ਵੀ. ਤੇ ਕੀਤੀ ਸਟੱਡੀ ਰਿਪੋਰਟ ਜਾਰੀ ਕੀਤੀ ਗਈ ਜਿਸ ਮੁਤਾਬਕ ਏਡਜ਼ ਦਾ ਵਾਇਰਸ ਪੈਸੇ ਦੇ ਕੇ ਸੈਕਸ ਕਰਨ ਵਾਲਿਆਂ ਰਾਹੀਂ ਤੇਜ਼ੀ ਨਾਲ ਫੈਲਦਾ ਹੇ। ਭਾਰਤ 'ਚ ਲਗਭਗ ਸਾਢੇ ਸੱਤ ਕਰੋੜ ਮਰਦ ਵੇਸ਼ਵਾਵਾਂ ਕੋਲ ਜਾਂਦੇ ਹਨ।

ਜਾਰਜ ਫਰਨਾਂਡੀਜ਼ ਕਹਿੰਦੇ ਹਨ "ਜਿਸ ਦਿਨ ਸੀ ਰੰਗਾਰਾਜਨ ਨੇ ਇਹ ਰਿਪੋਰਟ ਪੇਸ਼ ਕੀਤੀ ਸੀ, ਮੈਂ ਉਸੇ ਦਿਨ ਦੇਹ ਵਪਾਰ ਨੂੰ ਕਾਨੂੰਨੀ ਠਹਿਰਾਏ ਜਾਣ ਦੀ ਗੱਲ ਕਹੀ ਸੀ। ਪਰ ਇਸ ਵਪਾਰ ਨੂੰ ਕਾਨੂੰਨ ਤੌਰ 'ਤੇ ਵਾਜਬ ਠਹਿਰਾਉਣ ਦੀ ਮੰਗ ਤਾਂ ਚਕਲਾਘਰਾਂ ਦੀਆਂ ਵੇਸ਼ਵਾਵਾਂ ਵੀ ਕਰਦੀਆਂ ਹਨ ਕਿ ਜੇ ਲਾਇਸੰਸ ਮਿਲ ਜਾਵੇ ਤਾਂ ਪੁਲਿਸ ਉਹਨਾਂ ਨੂੰ ਬਲੈਕਮੇਲ ਨਹੀਂ ਕਰ ਸਕੇਗੀ ਤੇ ਉਹਨਾਂ ਦੇ ਬੱਚੇ ਭੁੱਖੇ ਮਰਨੋ ਬਚ ਜਾਣਗੇ।

ਪਿਛੇ ਜਿਹੇ ਹੀ ਇੱਕ ਸਮਾਜ ਸੇਵੀ ਸੰਸਥਾ ਨੇ ਡਾਕਟਰਾਂ ਦੀ ਟੀਮ ਨਾਲ ਆਕੇ 4 ਗੁਪਤ ਦੀ ਜਾਂਚ ਦੇ ਨਾਂ 'ਤੇ 70 ਵੇਸ਼ਵਾਵਾਂ ਦਾ ਬਲੱਡ ਸੈਂਪਲ ਲਿਆ ਜਿਸ ਜਾਂਚ ਪਿੱਛੋਂ ਪਾਇਆ ਗਿਆ ਕਿ ਉਹਨਾਂ ਵਿਚੋਂ 32 ਵੇਸ਼ਵਾਵਾਂ ਐਚ. ਆਈ. ਵੀ. ਪਾਜੇਟਿਵ ਹਨ। ਜੇ ਅਜਿਹੀਆਂ ਔਰਤਾਂ ਸਮਾਜ 'ਚ ਘੁਮਣਗੀਆਂ ਤਾਂ ਏਡਜ਼ ਹੋਰ ਵਧ ਫੈਲੇਗੀ। ਹੁਣ ਜਦ ਦੇਹ ਦੇ ਖਰੀਦਦਾਰਾਂ ਤੇ ਤਸਕਰਾਂ ਉੱਪਰ ਸ਼ਿਕੰਜਾ ਕੱਸਣ ਦੀ ਚਰਚਾ ਗਰਮ ਹੈ ਤਾਂ ਵੇਸਵਾਵਾਂ 'ਚ ਵੀ ਖਲਬਲੀ ਮਚੀ ਹੈ। ਉਹ ਕਹਿੰਦੀਆਂ ਹਨ "ਜੇ ਕੋਠੇ ਖ਼ਤਮ ਕੀਤੇ ਜਾਂਦੇ ਹਨ ਤਾਂ ਘੱਟੋ ਘੱਟ ਪਹਿਲਾਂ ਉਹਨਾਂ ਦੇ ਪੁਨਰਵਾਸ ਦਾ ਪ੍ਰਬੰਧ ਤਾਂ ਹੋਵੇ ਅਸੀਂ ਕੀ ਭੁੱਖੇ ਮਰਾਂਗੇ? ਸਾਡੇ ਬੱਚੇ ਭੁੱਖੇ ਮਰਨਗੇ? ਕੀ ਸਾਡੇ ਬੱਚਿਆਂ ਲਈ ਰੋਟੀ ਕੱਪੜਾ ਤੇ ਦਵਾਦਾਰੂ ਨਹੀਂ ਚਾਹੀਦੀ?

ਜੇ ਸਰਕਾਰ ਚਾਹੁੰਦੀ ਹੈ ਕਿ ਅਸੀਂ ਦੇਹ ਵਪਾਰ ਛੱਡ ਦੇਈਏ ਤਾਂ ਸਾਨੂੰ ਨੌਕਰੀ ਦੇ ਦੇਵੇ ਤਾਂ ਕਿ ਅਸੀ ਪੇਟ ਭਰ ਸਕੀਏ।' ਅੱਧਖੜ ਉਮਰ ਦੀ ਬਿਮਲਾ ਦੇਵੀ ਦੀ ਮੰਗ ਹੈ ਕਿ ਸਰਕਾਰ ਪਹਿਲਾਂ ਕੋਠੇ ਦੀ ਹਰੇਕ ਔਰਤ ਨੂੰ 5-5 ਲੱਖ ਰੁਪੈ ਦੇਵੇ ਤੇ ਨੌਕਰੀ ਵੀ, ਇਸ ਤੋਂ ਬਾਅਦ ਹੀ ਧੰਦੇ 'ਤੇ ਰੋਕ ਲਾਵੇ। ਇਹ ਕੋਠਾ ਨੰ. 9 ਦੀ ਮਾਲਕ ਗੁੱਸੇ ਨਾਲ ਬੋਲਦੀ ਹੈ, "ਕੀ ਫਿਲਮਾਂ ਵਾਲੇ, ਫੈਸ਼ਨ ਵਾਲੇ, ਬਿਊਟੀ ਪਾਰਲਰ ਵਾਲੇ ਧੰਦਾ ਨਹੀਂ ਕਰ ਰਹੇ? ਜਾਓ ਪਹਿਲਾਂ ਉੱਥੋਂ ਬੰਦ ਕਰਵਾਓ। ਉੱਥੇ ਪੈਸੇ ਹੈ ਤਾਂ ਪੁਲਿਸ ਦੀ ਹਿੰਮਤ ਨਹੀਂ ਧੰਦਾ ਬੰਦ ਕਰਵਾਉਣ ਦੀ। ਇੱਥੇ ਅਸੀਂ ਅਣਪੜ੍ਹ ਹਾਂ, ਗਰੀਬ ਹਾਂ ਤਾਂ ਸਭ ਤੁਰੇ ਆਉਂਦੇ ਹਨ, ਡੰਡਾ ਲੈ ਕੇ। ਉਥੇ ਪੌੜ੍ਹੀਆਂ ਲਿਖੀਆਂ ਪਟਰ ਪਟਰ ਅੰਗਰੇਜ਼ੀ ਬੋਲਣ ਵਾਲੀਆਂ ਹਨ ਤਾਂ ਪੁਲਿਸ ਉਥੇ ਫਟਕਦੀ ਵੀ ਨਹੀਂ।" ਦਰਅਸਲ ਹਕੀਕਤ ਵੀ ਇਹੋ ਹੈ। ਡਾਢੇ ਦਾ ਸੱਤੀ ਵਿਹੀ ਸੌ ਹੁੰਦਾ ਹੈ। ਇਸੇ ਦਿੱਲੀ ਸਾਈਬਰ ਕੈਫੇ ਅਤੇ ਪਾਸ਼ ਇਲਾਕਿਆਂ ਦੀਆਂ ਬਹੁ ਮੰਜਲੀਆਂ ਇਮਾਰਤਾਂ ਵਿਚ ਰੰਗੀਨ ਪਰਦਿਆਂ ਪਿੱਛੇ ਦੇਹ ਦਿਖਾਉਣ ਵਾਲੇ ਕਈ ਚਮਕੀਲੇ ਚੇਹਰਿਆਂ ਨਾਲ ਰਾਤ ਦੀ

ਸਿਆਹੀ 'ਚ ਨੇਤਾਵਾਂ, ਅਧਿਕਾਰੀਆਂ, ਰਾਈਸਜਾਦਿਆਂ ਦੀਆਂ ਰਾਤਾਂ ਰੰਗੀਨ ਹੰਦੀਆਂ ਹਨ ਜਿਹਨਾਂ 'ਤੇ ਸ਼ਿਕੰਜਾ ਕੱਸਣਾ ਪੁਲਿਸ ਦੇ ਵੱਸ ਦਾ ਰੋਗ ਨਹੀਂ। ਉਹਨਾਂ ਦੀ ਜੋਰ ਅਜਮਾਈ ਜਾਂ ਧੱਕਾ ਚੱਲਦਾ ਹੈ ਜਾਂ ਪੰਜ ਦਸ ਰੁਪੈ 'ਚ ਜਿਸਮ ਵੇਚ ਕੇ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨ ਵਾਲੀਆਂ ਗਰੀਬ ਵੇਸਵਾਵਾਂ ਤੇ ਹੀ ਹੈ। ਸਰਕਾਰ ਦੀਆਂ ਨੀਤੀਆਂ ਵੀ ਗਰੀਬਾਂ ਦੇ ਖਿਲਾਫ ਹੀ ਜਾਂਦੀਆਂ ਹਨ। ਮਹਾਂਰਾਸ਼ਟਰ ਸਰਕਾਰ ਨੇ ਲੱਖਾਂ ਡਾਂਸਰਾਂ ਬਾਰ ਗਰਲਜ਼ ਨੂੰ ਘਰ ਤੋਂ ਬਾਹਰ ਕੀਤਾ ਪਰ ਕੀ ਸਰਕਾਰ ਇਹ ਦਾਅਵਾ ਕਰ ਸਕਦੀ ਹੈ ਕਿ ਇਸ ਪਿੱਛੋਂ ਕਾਲ ਗਰਲਜ਼ ਸੱਭਿਆਚਾਰ ਖ਼ਤਮ ਹੋ ਜਾਵੇਗਾ? ਹੁਣ ਅਜੇਹਾ ਕੁਝ ਚਕਲਾਘਰਾਂ 'ਤੇ ਸ਼ਿਕੰਜਾ ਕੱਸਣ ਤੋਂ ਬਾਅਦ ਵੀ ਹੋਵੇਗਾ। ਪਹਿਲਾਂ ਬਾਰ ਗਰਲਜ਼ ਆਪਣੇ ਹੱਕਾਂ ਲਈ ਸੜਕਾਂ 'ਤੇ ਨਿਕਲੀਆਂ, ਹੁਣ ਵੇਸਵਾਵਾਂ ਦੀ ਵਾਰੀ ਹੈ।

ਸਰਕਾਰ ਇਹਨਾਂ ਦੇ ਪੁਨਰਵਾਸ ਲਈ ਤਾਂ ਕੁੱਝ ਕਰਨਾ ਨਹੀਂ ਚਾਹੁੰਦੀ ਬਸ ਫੋਕੀ ਸ਼ੋਹਰਤ ਖੱਟਣ ਤੇ ਰਸਮੀ ਕਾਰਵਾਈ ਤੱਕ ਹੀ ਸੀਮਤ ਹੈ। ਅਸਲ ਵਿਚ ਜਦ ਤੱਕ ਬਰਾਬਰੀ ਤੇ ਅਧਾਰਤ ਸਮਾਜ ਨਹੀਂ ਸਿਰਜਿਆ ਜਾਂਦਾ, ਔਰਤ ਨੂੰ ਬਰਾਬਰ ਦੇ ਹੱਕ ਨਹੀਂ ਮਿਲਦੇ, ਜਿਸਮਫਰੋਸ਼ੀ ਦਾ ਪੱਕਾ ਹੱਲ ਨਹੀਂ ਨਿਕਲਣਾ।

# ਉਦਾਰੀਕਰਨ ਦਾ ਸਿੱਟਾ ਹੈ ਮਹਿੰਗਾਈ

ਦੇਸ਼ 'ਚ ਸਿਰਫ਼ 10-15 ਲੱਖ ਲੱਖ ਪ੍ਰੀਵਾਰਾਂ ਤੱਕ ਸੀਮਤ ਹੈ ਇਸ ਦਾ ਫਾਇਦਾ। ਸਰਕਾਰੀ ਅੰਕੜਿਆਂ ਤੋਂ ਮਹਿੰਗਾਈ ਦੇ ਮੌਜੂਦਾ ਦੌਰ ਦਾ ਸਹੀ ਮੁਲਾਅਕ੍ਣ ਨਹੀਂ ਹੁੰਦਾ। ਇਹ ਅੰਕੜੇ ਨਹੀਂ ਦਸਦੇ ਕਿ ਸੰਨ 1990-91 ਦੇ ਮੁਕਾਬਲੇ ਲਗਾਤਾਰ ਘਟਦੇ ਹੋਏ ਰੁਪਏ ਦਾ ਅਸਲੀ ਮੁੱਲ ਇਸ ਮਈ ਤੱਕ ਸਿਰਫ 32 ਪੈਸੇ ਰਹਿ ਗਿਆ ਹੈ। ਮਹਿੰਗਾਈ ਵਧਣ ਦੀ ਦਰ ਬਦਲੀ ਹੈ। ਉਦਾਰੀਕਰਨ ਦੌਰਾਨ ਪਰ ਮਹਿੰਗਾਈ ਲਗਾਤਾਰ ਵਧ ਰਹੀ ਹੈ। ਅਸਲੀਅਤ ਇਹ ਹੈ ਕਿ ਯੂ. ਪੀ. ਏ. ਸਰਕਾਰ ਦੇ ਮੰਤਰੀ ਸਾਫ ਸਾਫ ਕਹਿੰਦੇ ਹਲ ਕਿ ਉਹ ਕੌਮੀ ਆਮਦਨ ਦੇ ਵਾਧੇ ਨੂੰ ਮਹਿੰਗਾਈ ਕੰਟਰੋਲ ਤੋਂ ਕਿਤੇ ਵੱਧ ਮਹੱਤਵਪੂਰਨ ਮੰਨਦੇ ਹਨ। ਆਖਰ ਕਿਉਂ? ਉੱਤਰ ਸਪੱਸ਼ਟ ਹੈ। ਵਿਧਮਾਨ ਬਚਤ ਨਿਵੇਸ਼ ਅਤੇ ਤਕਨੀਕੀ ਯੋਗਤਾਵਾਂ ਸਰਕਾਰ ਵਿਚ ਪੈਂਠ ਬਾਜ਼ਾਰ ਵਿਚ ਸਾਖ ਤੇ ਕਾਰੋਬਾਰੀ ਅਨੁਭਵ ਮੁੱਖ ਤੌਰ ਤੇ ਦੇਸ਼ ਦੇ 10 ਤੋਂ 15 ਲੱਖ ਪ੍ਰੀਵਾਰਾਂ ਤੱਕ ਸੀਮਤ ਹੈ। ਬਜ਼ਾਰ 'ਚ ਮੰਗ ਦਾ ਵੱਡਾ ਭਾਗ ਵੀ 15 ਕਰੋੜ ਆਬਾਦੀ ਤੋਂ ਆਉਂਦਾ ਹੈ। ਇਸ ਲਈ ਆਰਥਿਕ ਵਾਧੇ 'ਚ ਹਿੱਸੇਦਾਰੀ ਕਰਤਾ ਅਤੇ ਖਪਤਕਾਰ ਦੋਨੋਂ ਤਰ੍ਹਾਂ ਨਾਲ ਇਹਨਾਂ ਮੁਠੀਭਰ ਹੱਥਾਂ 'ਚ ਸਿਮਟੀ ਰਹਿੰਦੀ ਹੈ।

ਕੀਮਤ ਨਿਰਧਾਰਣ ਵੀ ਇਹਨਾਂ ਤਬਕਿਆਂ ਨੂੰ ਆਰਥਕ, ਸਮਾਜਿਕ ਤਾਕਤ ਰਾਹੀਂ ਤਹਿ ਹੁੰਦਾ ਹੈ। ਇਹਨਾਂ ਲਈ ਬਜ਼ਾਰ ਦੀ ਕੀਮਤ ਸਿਰਫ਼ 'ਦੇਹ' ਯਾਨੀ ਹੱਥ ਚੋਂ ਨਿਕਲਿਆ ਬਾਹਰੀ ਮੁਦਰਕ ਪ੍ਰਵਾਰ ਘੱਟ ਅਤੇ 'ਪ੍ਰਾਪਤੀ' ਯਾਨੀ ਲੋਕਾਂ ਦੇ ਖਰਚ ਰਾਹੀਂ ਮਿਲੀ ਮੁਦਰਿਤ ਆਮਦਨੀ ਜ਼ਿਆਦਾ ਹੈ ਵਧਦੀ ਕੌਮੀ ਆਮਦਨੀ ਦਾ ਮੁਕਾਬਲਤਨ ਵੱਡਾ ਭਾਗ ਇਹਨਾਂ ਕੰਪਨੀਆਂ ਵਪਾਰੀਆਂ, ਸਨਅੱਤਕਾਰਾਂ, ਵਿੱਤੀ ਸੰਸਥਾਵਾਂ ਦੇ ਸਿਰਮੌਰ ਤੇ ਮਾਹਰ ਲੋਕਾਂ ਨੂੰ ਮਿਲਦਾ ਹੈ। ਵਧੀਆ ਕੀਮਤਾਂ ਇਹਨਾਂ ਲੋਕਾਂ ਦੇ ਖਰਚੇ ਤੋਂ ਵੱਧ ਇਹਨਾਂ ਦੀ ਵਿਤੀ ਆਮਦਨ ਵਧਦੀ ਹੈ। ਇਸ ਲਈ ਇਹ ਤਬਕੇ ਦੀ ਕੌਮੀ ਆਮਦਨ ਤੇ ਕੀਮਤ ਦੋਨਾਂ ਦੇ ਵਧਣ ਨਾਲ ਹੋਰ ਵੱਧ ਮਾਲਾਮਾਲ ਹੋ ਜਾਂਦੇ ਹਨ ਬਾਕੀ ਭਾਰਤੀਆਂ ਦੀ ਕੰਗਾਲੀ ਦਾ ਆਟਾ ਇਸ ਕਿਰਦਾਰ ਦੀ ਰਾਸ਼ਟਰੀ ਆਮਦਨ ਤੇ ਮਹਿੰਗਾਈ ਵਾਧੇ ਨਾਲ ਵੱਧ ਗਿੱਲਾ ਹੋ ਜਾਂਦਾ ਹੈ। ਸਾਡੇ ਬਜ਼ਾਰਵਾਦੀ ਫੰਡੇ ਇਸ ਤਰ੍ਹਾਂ ਦੀ ਉਨਤੀ ਨੂੰ 'ਸਿਕੇ ਦੇ ਫੈਲਾਅ ਤੇ ਕੰਟਰੋਲ' ਤੋਂ ਵੱਧ ਇਸ ਛੋਟੀ ਜਿਹੀ ਘੱਟ ਗਿਣਤੀ ਪਦ ਅਧਿਕਾਰੀ ਕੰਪਨੀ ਅਤੇ ਧਨੀ ਕਾਰੋਬਾਰੀ ਵਪਾਰੀ ਤਬਕਿਆਂ ਦੀ ਅਮੀਰੀ ਤੇ ਤਾਕਤ ਨੂੰ ਆਮ ਆਦਮੀ ਦੇ ਹਿੱਤਾਂ ਤੇ ਘੱਟ ਘਟ ਮਨੁੱਖ ਅਧਿਕਾਰਾਂ ਤੋਂ ਕਿਤੇ ਵੱਧ ਤਰਜੀਹੀ ਮੰਨਦੇ ਹਨ। ਉਦਾਰੀ ਕਰਨ ਸੰਸਾਰੀਕਰਨ ਸਮਰਥ ਹਾਕਮ ਇਸ ਲਈ ਸੀਮਤ ਮਹਿੰਗਾਹੀ 'ਚ ਲਗਾਤਾਰ ਵਾਧੇ ਨੂੰ ਗ੍ਰੋਥ ਕੀਮਤ ਮੰਨਦੇ ਹਨ ਅਤੇ ਜਨਤਾ ਨੂੰ ਇਸ ਸਥਿਤੀ ਨੂੰ ਸਹਿਣਾ ਸਿੱਖਣ ਦੀ ਸਲਾਹ ਦਿੰਦੇ ਹਨ। ਇਸ ਬੀਅਰ ਤੇ ਲੋ ਵਿਰੋਧੀ ਸਮਰਪਿਤਤਾ ਦਾ ਸਿੱਟਾ ਹੈ ਕਿ ਪਿਛਲੇ ਕੁਝ ਮਹੀਨਿਆਂ ਵਿਚ ਮਹਿੰਗਾਹੀ ਕੰਟਰੋਲ ਕਰਨ ਲਈ ਐਲਾਨੈ ਕਦਮ ਅਸਫਲ ਰਹੇ ਹਨ। ਉਲਟੇ ਮਹਿੰਗਾਈ ਤੇਜ਼ੀ ਨਾਲ ਵਧੀ ਹੈ। ਹਾਂ ਸ਼ਾਇਦ ਇਹ ਕਿਹਾ ਜਾ ਸਕੇ ਕਿ ਜੇ ਉਹ ਉਪਾਅ ਵੀ ਨਹੀਂ ਕੀਤੇ ਜਾਂਦੇ ਤਾਂ ਪਾਣੀ ਸਿਰ ਤੋਂ ਹੋਰ ਉੱਪਰ ਨਿਕਲ ਜਾਂਦਾ।

ਕੀਮਤ ਫੈਲਾਅ ਦੀ ਰਾਜਨੀਤੀ ਅਤੇ ਅਰਥਨੀਤੀ ਦੇ ਕਈ ਹੋਰ ਪਹਿਲੂ ਵੀ ਗੌਰ ਕਰਨ ਦੇ ਕਾਬਿਲ ਹਨ। ਪਹਿਲੀ ਗੱਲ ਇਹ ਹੈ ਕਿ ਬਜ਼ਾਰਾਂ ਦੀਆਂ ਤਾਕਤਾਂ ਨੂੰ ਕੰਟਰੋਲ ਮੁੱਲ ਰੱਖ ਕੇ ਕੀਮਤਾਂ ਸਥਿਰ ਜਾਂ ਵਾਜਬ ਨਹੀਂ ਰੱਖੀਆਂ ਜਾ ਸਕਦੀਆਂ। ਇਹ ਸਿਰਫ ਇਕ ਕਲਪਨਾ ਹੈ ਕਿ ਵਧੀਆ ਕੀਮਤਾਂ ਨਾਲ ਹਾਸਲ ਮੁਨਾਫੇ ਅਤੇ ਮੰਗ ਦੀ ਪ੍ਰੇਰਣਾ ਨਾਲ ਪੈਦਾਵਾਰ ਵਧੇਗੀ ਅਤੇ ਕੀਮਤਾਂ ਫਿਰ ਡਿੱਗ ਪੈਣਗੀਆਂ। ਪਿਛਲੇ ਕਈ ਦਹਾਕਿਆਂ ਤੋਂ ਕੀਮਤਾਂ ਲਗਾਤਾਰ ਵਧੀਆਂ ਹਨ। ਸਿਰਫ ਕੁਝ ਨਵੀਂ ਤਕਨੀਕ ਨਾਲ ਪੈਦਾ ਕੀਤੀਆਂ ਚੀਜ਼ਾਂ ਦੇ ਭਾਵਾਂ ਨੂੰ ਛੱਡ ਕੇ ਰੁਪਏ ਦਾ ਦੋ ਤਿਹਾਈ ਮੁੱਲ ਪਿਛਲੇ 18 ਸਾਲਾਂ ’ਚ ਘਟ ਚੁੱਕਿਆ ਹੈ। ਇਸ ਦੌਰਾਨ ਗੈਰ ਬਰਾਬਰੀ ਵਿਚ ਵਾਧਾ ਹੋਇਆ ਹੈ। ਇਸ ਦਾ ਇਕ ਵੱਡਾ ਤੇ ਵਿਵਾਦਰਹਿਤ ਕਾਰਨ ਰੁਪਏ ਦੇ ਮੁੱਲ ’ਚ ਭਾਰੀ ਗਿਰਾਵਟ ਹੈ। ਨਾਲ ਹੀ ਸਾਡੇ ਇਥੇ ਵਧੀਆ ਹੋਈਆਂ ਕੀਮਤਾਂ ਵਿਚ ‘ਰੈਚੇਟ’ ਰੁਝਾਣ ਵੇਖਿਆ ਜਾ ਰਿਹਾ ਹੈ। ਭਾਵ ਉਹ ਇਕ ਵਾਰ ਜਿਸ ਉਚਾਈ ਤੇ ਪਹੁੰਚ ਜਾਂਦੀਆਂ ਹਨ ਉਥੇ ਸਪਲਾਈ ਵਧਣ ਦੇ ਬਾਵਜੂਦ ਕੀਮਤਾਂ ਉਥੇ ਹੀ ਖੜੀਆਂ ਰਹਿੰਦੀਆਂ ਹਨ। ਇਹ ਰੁਝਾਣ ਵਿਸ਼ੇਸ਼ ਤੌਰ ’ਤੇ ਮੈਨੂੰਫੈਕਚਰਿੰਗ ਸੈਕਟਰ ਯਾਨੀ ਕਲ ਕਾਰਖਾਨਿਆਂ, ਕੰਪਨੀਆਂ ਦੇ ਸਮਾਨ ’ਚ ਨਜ਼ਰ ਆਉਂਦਾ ਹੈ। ਇਸ ਖੇਤਰ ਦੇ ਸਮਾਨ ਦਾ ਵਜਣ ਵੀ ਸਾਡੇ ਥੋਕ ਦੇ ਭਾਵਾਂ ਦੇ ਸੂਚਕਾਂ ’ਚ ਸ਼ਾਮਲ (ਦੋ ਤਿਹਾਈ) ਹੈ। ਇਸ ਖੇਤਰ ’ਚ ਅਜਾਰੇਦਾਰੀ ਨੀਮ ਅਜ਼ਾਰੇਦਾਰੀ ਰੁਝਾਣ ਮੌਜੂਦ ਹਨ। ਹਾਲ ਦੀ ਮਹਿੰਗਾਈ ਵਿਚ ਸੀਮੇਂਟ, ਸਟੀਲ, ਦਵਾਈਆਂ ਆਦਿ ਦੀ ਉੱਚੀ ਤੇ ਤੇਜ਼ੀ ਨਾਲ ਵਧਦੀਆਂ ਕੀਮਤਾਂ ਖੁਦ ਸਰਕਾਰੀ ਲੋਕਾਂ ਨੇ ਮਿੱਲ ਮਾਲਕਾਂ ਦੀ ਮਿਲੀਭੁਗਤ (ਕਾਰਟੇਲਾਈਜੇਸ਼ਨ) ਦਾ ਸਿੱਟਾ ਦਸਿਆ ਹੈ। ਦਵਾਈਆਂ ਦੇ ਭਾਵਾਂ ’ਚ ਵਾਧੇ ਦਾ ਕਾਰਨ ਡਬਲਯੂ. ਟੀ. ਓ. ਦੇ ਕਰਾਰ ਨਾਲ ਉਪਜੇ ਹਾਲਾਤ ਵੀ ਹਨ। ਕਿਸੇ ਵੀ ਵਪਾਰੀ ਤੋਂ ਪੁੱਛ ਲਓ, ਮਾਲ ਤੇ ਛਪੀ ਘਟੋ ਘੱਟ ਪ੍ਰਚੂਨ ਕੀਮਤ ਵਾਰ ਵਾਰ ਵਧਾਈ ਜਾਂਦੀ ਹੈ ਅਤੇ ਘਟਾਈ ਕਦੀ ਨਹੀਂ ਜਾਂਦੀ।

ਊਰਜਾ ਕੀਮਤਾ ਦਾ ਵਧਣਾ ਕੋਈ ਸਰਕਾਰੀ ਘਟਨਾ ਨਹੀਂ ਹੈ ਬਲਕਿ ਪਿਛਲੇ ਤਿੰਨ ਸਾਲਾਂ ਤੋਂ ਜਾਰੀ ਹੈ। ਪਰ ਸਾਡੇ ਇਥੇ ਪ੍ਰਮਾਣੂ ਕਰਾਰ ਵਰਗੀਆਂ ਬੇਤੁਕੀਆਂ ਨੀਤੀਆਂ ਤੋਂ ਇਲਾਵਾ ਊਰਜਾ ਮੰਗ ਘਟ ਕਰਨ ’ਤੇ ਕੋਈ ਧਿਆਨ ਨਹੀਂ ਦਿੱਤਾ ਗਿਆ। ਬਜ਼ਾਰਵਾਦੀ ਦੁਰਗ੍ਰਹਿਆਂ ਨੇ ਪ੍ਰਤੱਖ ਕੀਮਤ ਕੰਟਰੋਲ ਤੇ ਜਨਤਕ ਵੰਡ ਦਾ ਵਿਕਲਪ ਹੀ ਖਤਮ ਕਰ ਦਿੱਤਾ। ਗਰੀਬਾਂ ਦੀਆਂ ਜ਼ਰੂਰਤਾ ਸਹੀ ਕੀਮਤ ਤੇ ਪੂਰੀਆਂ ਕਰਨਾ ਬਜ਼ਾਰ ਦੀਆਂ ਮਹਿੰਗਾਈ ਪਸੰਦ ਤਾਕਤਾਂ ਦੀ ਪਸੰਦ ਨਹੀਂ ਹੈ। ਇਸ ਲਈ ਉਹਨਾਂ ਦੇ ਦਬਦਬਾਅ ਵਾਲੀ ਸਰਕਾਰ ਮਹਿੰਗਾਈ ਕੰਟਰੋਲ ਨੂੰ ਘੱਟ ਤਰਜੀਹ ਦੇਣ ਦੇ ਆਪਣੇ ਨਿਸ਼ਚੈ ਤੇ ਬਜਿਦ ਹੈ। ਕਾਲੇ ਧਨ ਨਾਲ ਲਿਬੜਿਆ ਅਰਥਚਾਰੇ ਅੰਦਰ ਮੁਦਰਿਕ ਨੀਤੀ ਦਾ ਅਸਰ ਸੀਮਤ ਹੁੰਦਾ ਹੈ। ਪ੍ਰਚੂਨ ਵਪਾਰ ਤੇ ਬਜ਼ਾਰ ’ਚ ਵੱਡੀਆਂ ਦੇਸ਼ੀ ਵਿਦੇਸ਼ੀ ਕੰਪਨੀਆਂ ਦੇ ਆਉਣ ਅਤੇ ਖੇਤੀ ਵਸਤਾਂ ’ਚ ਵਾਅਦਾ ਵਪਾਰ ਸ਼ੁਰੂ ਕਰਨ ਨਾਲ ਮਹਿੰਗਾਈ ਦੀ ਲਪਟ ਹੋਰ ਵੱਧ ਇਕਰਾਲ ਹੋਈ। ਵੱਡੇ ਸਟੋਰਾਂ, ਵਪਾਰੀਆਂ ਨੇ ਅਨਾਜ ਦੀ ਵੱਡੀ ਮਾਤਰਾ ਇਕੋਵਾਰੀ ਖਰੀਦ ਕੇ ਬਜ਼ਾਰ ’ਚ ਸਪਲਾਈ ਘਟਾ ਦਿੱਤੀ। ਖੇਤੀ ’ਚ ਅਨਾਜ ਦਾ ਰਕਬਾ ਘਟਿਆ ਹੈ। ਫੁਲਾਂ ਫਲਾਂ ਊਰਜਾ, ਖੇਤੀ, ਬਾਸਮਤੀ ਤੇ ਹੋਰ ਮਹਿੰਗੇ ਅਨਾਜ ਦੀ ਵਧਦੀ ਪੈਦਾਵਾਰ ਅਤੇ ਬਰਮਾਦ ਦੇਸ਼ ’ਚ ਮੋਟੇ

ਅਨਾਜ਼ਾਂ, ਦਾਲਾਂ ਤੇ ਤਿਲਹਨ ਦੀ ਪੈਦਾਵਾਰ ਘਟਾਉਂਦੇ ਹਨ। ਸਰਕਾਰ ਵਲੋਂ ਛੋਟੇ ਤੇ ਸੀਮਤ ਕਿਸਾਨਾਂ ਨੂੰ ਕੌਮੀ ਅਤੇ ਪ੍ਰੀਵਾਰਿਕ ਅਨਾਜ ਸੁਰੱਖਿਆ ਦੀ ਧੁਰੀ ਨਾ ਬਣਾਉਣਾ ਅਤੇ ਖੇਤੀ 'ਚ ਵੱਡੀ ਕੰਪਨੀਆਂ ਨੂੰ ਵਧਾਉਣਾ, ਪ੍ਰੋਜੈਕਟਾਂ ਲਈ ਉਪਜਾਊ ਤੇ ਸਿੰਚਾਈ ਯੋਗ ਜਮੀਨ ਲੈਣ ਲਈ ਜਬਰਦਸਤੀ, ਗੋਲੀ ਤੇ ਧੋਖਾਧੜੀ ਤਕ ਦਾ ਸਹਾਰਾ ਲੈਣਾ ਇਸ ਦਾ ਕਾਰਨ ਹੈ। ਉਚੀਆਂ ਹੋਰ ਕੀਮਤਾਂ ਨੂੰ ਲੰਮੇ ਸਮੇਂ ਦਾ ਰੁਝਾਣ ਬਣਾਉਂਦੇ ਹਨ। ਸਿੱਧੀ ਗੱਲ ਹੈ ਵਧਦੀ ਗੈਰ ਬਰਾਬਰੀ ਪਿਛਲੇ 20 ਸਾਲਾਂ ਦੀਆਂ ਨੀਤੀਆਂ ਦਾ ਸਭ ਤੋਂ ਮੁੱਖ ਤੇ ਸਭ ਤੋਂ ਜ਼ਿਆਦਾ ਖਤਰਨਾਕ ਨਤੀਜਾ ਹੈ। ਵਧਦੀ ਕੌਮੀ ਆਮਦਨ, ਅਕਾਸ਼ ਛੂੰਹਦੀਆਂ ਕੀਮਤਾਂ, ਵਧਦੀ ਬੇਰੁਜ਼ਗਾਰੀ, ਵਧਦੀ ਸਮਾਜਿਕ ਬੇਚੈਨੀ ਤੇ ਹਿੰਸਾ, ਅਪਰਾਧ ਤੇ ਆਪਾਧਾਪੀ ਦਾ ਵਧਦਾ ਗ੍ਰਾਫ ਉਦਾਰੀਕਰਨ ਦੀ ਅਸਲੀ ਪਹਿਚਾਨ ਹੈ। ਸਾਡੇ ਉਦਾਰੀਕਰਨ ਦੇ ਹਾਮੀ ਭੁੱਲ ਜਾਂਦੇ ਹਨ ਕਿ ਇਸ ਨੀਤੀ ਦੇ ਵੱਡੇ ਦਾਅਵੇਦਾਰ ਅਮਰੀਕੀ ਸਾਬਕਾ ਰਾਸ਼ਟਰਪਤੀ ਰੋਨਾ ਲਡਰੀਗਨ ਤਕ ਨੇ ਕਿਹਾ ਸੀ ਕਿ ਮਹਿੰਗਾਈ ਦੀ ਵਧਦੀ ਦਰ ਸੜਕ ਤੇ ਚਲ ਰਹੇ ਰਾਹਗੀਰਾਂ ਦੀ ਕੁਟਮਾਰ ਕਰਨ ਵਾਲੇ ਬਦਮਾਸ਼ਾਂ ਵਾਂਗੂੰ ਹਿੰਸਕ, ਹਥਿਆਰਬੰਦ ਡਕੈਤਾਂ ਵਾਂਗੂੰ ਖੌਫ ਨਾਲ ਤੇ ਸੁਪਾਰੀ ਹਤਿਆਰਿਆਂ ਵਾਂਗੂੰ ਮੌਤ ਦਾ ਪੈਗਾਮ ਲਿਆਉਂਦੀ ਹੈ।

# ਬੀਮਾਰੀ, ਅਤਿਆਚਾਰ ਤੇ ਅਸੁਰੱਖਿਅਤ ਨਾਲ ਜੂਝਦੀਆਂ ਔਰਤਾਂ

ਦਿੱਲੀ ਦੀਆਂ ਗਰੀਬ ਬਸਤੀਆਂ ਵਿਚ ਰਹਿਣ ਵਾਲੀ 35 ਸਾਲਾ ਸਿਆਮਾ ਕੁਮਾਰੀ ਨੂੰ ਜਦ ਪਤਾ ਚਲਿਆ ਕਿ ਉਹਨਾਂ ਦੀ ਖੱਬੀ ਛਾਤੀ ਵਿੱਚ ਕੈਂਸਰ ਹੈ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਹੀ ਨਿਕਲ ਗਈ। ਆਪਣੀ ਹਾਲਤ ’ਤੇ ਰੋਂਦਿਆਂ ਉਹ ਆਪਣੇ ਬੱਚਿਆਂ ਬਾਰੇ ਚਿੰਤਤ ਹੋ ਗਈ ਤੇ ਦੁਖੀ-ਉਦਾਸ ਰਹਿਣ ਲੱਗੀ। ਤਦ ਇਸ ਇਲਾਕੇ ’ਚਕੰਮ ਕਰਨ ਵਾਲੀ ਇਕ ਸੰਸਥਾ ਨੂੰ ਉਹਨਾਂ ਬਾਰੇ ਪਤਾ ਲੱਗਿਆ ਅਤੇ ਉਹਨਾਂ ਨੂੰ ਤੁਰੰਤ ਸ਼ਾਮ ਨੂੰ ਆਪਣੀ ਮੋਬਾਇਲ ਸਿਹਤ ਵੈਨ ਰਾਹੀਂ ਮੁਫਲਾ ਇਲਾਜ ਦੇਣਾ ਸ਼ੁਰੂ ਕੀਤਾ ਤੇ ਫਿਰ ਉਹਨਾਂ ਨੂੰ ਸਫਦਰ ਜੰਗ ਹਸਪਤਾਲ ’ਚ ਪੂਰੇ ਇਲਾਜ ਲਈ ਭੇਜ ਦਿੱਤਾ। ਹੁਣ ਸ਼ਿਆਮਾ ਹੌਲੀ-ਹੌਲੀ ਠੀਕ ਹੋ ਰਹੀ ਹੈ ਅਤੇ ਆਪਣੇ ਪਰਿਵਾਰ ਦੇ ਨਾਲ-ਨਾਲ ਆਪਣੇ ਆਸ ਪਾਸ ਦੇ ਲੋਕਾਂ ਨੂੰ ਵੀ ਉਹਨਾਂ ਦੀ ਸਿਹਤ ਪ੍ਰਤੀ ਸੁਚੇਤ ਰਹਿਣ ਲਈ ਪ੍ਰੇਰਿਤ ਕਰ ਰਹੀ ਹੈ। 16 ਸਾਲਾਂ ਕਿਰਨ ਦੀ ਪੜ੍ਹਾਈ ਅੱਠਵੀਂ ਪਿੱਛੋਂ ਉਸ ਦੇ ਮਾਪਿਆਂ ਨੇ ਪੈਸਿਆਂ ਦੀ ਘਾਟ ਤੇ ਸਮਾਜਕ ਦਬਾਅ ਕਾਰਨ ਛੱਡਵਾ ਦਿੱਤੀ। ਉਸ ਨੂੰ ਸਮਝ ਨਹੀਂ ਆਇਆ ਕਿ ਕਿਉਂ ਲੜਕੀ ਹੋਣ ਕਾਰਨ ਉਸ ਦੀ ਪੜ੍ਹਾਈ ਰੋਕੀ ਜਾ ਰਹੀ ਹੈ ਤੇ ਉਸ ਦੇ ਭਰਾਵਾਂ ਨੂੰ ਪੜ੍ਹਾਇਆ ਜਾ ਰਿਹਾ ਹੈ ਨਾਲ ਹੀ ਉਹਨਾਂ ਦੇ ਮਾਪਿਆਂ ਨੇ ਉਸ ਨੂੰ ਪੜ੍ਹਾਈ ਛੱਡ ਕੇ ਘਰ ਦਾ ਕੰਮ ਕਰਨ ਦੀ ਨਸੀਹਤ ਦੇ ਦਿੱਤੀ ਤਾਂ ਕਿ ਉਸ ਲਈ ਅੱਛਾ ਲੜਕਾ ਮਿਲ ਸਕੇ। ਉਹਨਾਂ ਦਿਨ ਕਿਰਣ ਸਵਾਭਮਾ ਟੀਮ ਦੇ ਸੰਪਰਕ ਵਿੱਚ ਆਈ ਤੇ ਉਸ ਦੀ ਕਾਰਜਸ਼ਾਲਾ ਵਿਚ ਆਉਣ ਲੱਗੀ। ਇਕ ਵਰਕਸ਼ਾਪਾਂ ਤੋਂ ਉਸ ਨੂੰ ਬਹੁਤ ਪ੍ਰੇਰਣਾ ਮਿਲੀ ਤੇ ਉਸ ਨੇ ਆਪਣੀ ਪੜ੍ਹਾਈ ਦਾ ਖਰਚਾ ਖੁਦ ਕੱਢਣ ਦਾ ਫੈਸਲਾ ਲਿਆ। ਅੱਜ ਉਹ ਆਪਣੇ ਤੋਂ ਛੋਟੀਆਂ ਜਮਾਤਾਂ ਦੇ ਬੱਚਿਆਂ ਨੂੰ ਪੜ੍ਹਾਉਂਦੀ ਹੈ ਤੇ ਖੁਦ ਵਾ ਪੜ ਰਹੀ ਹੈ ਅਤੇ ਨਾਲ ਹੀ ਲੜਕੀਆਂ ਨੂੰ ਉਹਨਾਂ ਪ੍ਰਤੀ ਹੋਣ ਵਾਲੇ ਗਲਤ ਫੈਸਲਿਆਂ ਬਾਬਤ ਸੁਚੇਤ ਵੀ ਕਰ ਰਹੀ ਹੈ।

ਇਹ ਕਹਾਣੀ ਕਿਸੇ ਇਕ ਸ਼ਿਆਮਾ ਜਾਂ ਕਿਰਨ ਦੀ ਨਹੀਂ ਬਲਕਿ ਉਹਨਾਂ ਸਭ ਔਰਤਾਂ ਤੇ ਲੜਕੀਆਂ ਦੀ ਕਹਾਣੀ ਹੈ ਜੋ ਸਮਾਜ ਦੀਆਂ ਕਠਿਨਾਈਆਂ ਨਾਲ ਜੂਝਣ ਦੀ ਹਿੰਮਤ ਰੱਖਦੀਆਂ ਹਨ। ਉਹਨਾਂ ਨੂੰ ਸਿਰਫ ਇਕ ਮਦਦਗਾਰ ਚਾਹੀਦਾ ਹੈ ਜੋ ਉਹਨਾਂ ਦੇ ਅਧਿਕਾਰਾਂ, ਸਿਹਤ ਤੇ ਸਿੱਖਿਆ ਅਤੇ ਗੱਲਾਂ ਨਾਲ ਉਹਨਾਂ ਦੀ ਜਾਣ ਪਹਿਚਾਣ ਕਰਵਾਏ ਤੇ ਉਹਨਾਂ ਨੂੰ ਉਹਨਾਂ ਦੇ ਸਵਾਭੀਮਾਨ ਪ੍ਰਤੀ ਜਾਗਰੂਕ ਕਰੇ, ਇਸ ਕੰਮ ਨੂੰ ਕਰਨ ਦਾ ਬੀੜਾ ਉਠਾਇਆ ਹੈ ਸਮਾਈਲ ਫਾਊਂਡੇਸ਼ਨ ਨਾਂ ਦੀ ਸੰਸਥਾ ਨੇ ਆਪਣੇ ਇਕ ਬਹੁਤ ਹੀ ਵਿਸ਼ੇਸ਼ ਪ੍ਰੋਗਰਾਮ ਸਵਾਭੀਮਾਨ ਰਾਹੀਂ। ਸਵਾਭੀਮਾਨ, ਔਰਤਾਂ ਤੇ ਲੜਾਈਆਂ ਲਈ ਚਲਾਇਆ ਜਾਣ ਵਾਲਾ ਇਕ ਪ੍ਰੋਗਰਾਮ ਹੈ ਜਿਸ ਦਾ ਮੁੱਖ ਉਦੇਸ਼ ਔਰਤਾਂ ਦੀ ਮਜ਼ਬੂਤੀ ਨੂੰ ਉਤਸ਼ਾਹਿਤ ਕਰਨਾ ਹੈ ਅਤੇ ਔਰਤਾਂ ਨੂੰ ਇਕ

ਸਨਮਾਨਿਤ ਤੇ ਬਾਇਜਤ ਜੀਵਨ ਜੀਉਣ ਲਈ ਪ੍ਰੇਰਿਤ ਕਰਨਾ ਹੈ। ਵੈਸੇ ਵੇਖਿਆ ਜਾਵੇ ਤਾਂ ਸਾਡੇ ਦੇਸ਼ 'ਚ ਔਰਤਾਂ ਦੋ ਜਮਾਤਾਂ 'ਚ ਵੰਡੀਆਂ ਹਨ ਇਕ ਸਾਧਨ ਭਰਪੂਰ ਅਮੀਰ ਤੇ ਖਾਂਦਾ ਪੀਂਦਾ ਵਰਗ ਤੇ ਦੂਜਾ ਸਾਧਨਹੀਣ ਗਰੀਬ ਵਰਗ ਹਰ ਕਿਸੇ ਨੂੰ ਲੱਗਦਾ ਹੈ ਕਿ ਸਾਧਨ ਭਰਪੂਰ ਸਾਰੀਆਂ ਖੁਸ਼ਹਾਲ ਔਰਤਾਂ ਸਨਮਾਨਯੋਗ ਜੀਵਨ ਜਿਉਂ ਰਹੀਆਂ ਹਨ ਪਰ ਸੱਚਾਈ ਇਹ ਹੈ ਕਿ ਉਹਨਾਂ ਪਿੱਛੋਂ ਬਹੁਤੀਆਂ ਔਰਤਾਂ ਕਿਸੇ ਨਾ ਕਿਸੇ ਰੂਪ 'ਚ ਕਿਤੇ ਨਾ ਕਿਤੇ ਕਿਸੇ ਕਾਰਣ ਦਬੀਆਂ ਹੋਈਆਂ ਹਨ। ਉਥੇ ਦੂਜੇ ਪਾਸੇ ਸਾਧਨਹੀਣ ਔਰਤਾਂ ਦੀ ਆਪਣੀ ਰੋਜਮਰਾ ਦੀ ਜ਼ਿੰਦਗੀ ਵਿਚ ਸਿਹਤ ਸਿਖਿਆ, ਭੇਦ ਭਾਵ ਨਾਲ ਜੁੜੀਆਂ ਹੋਈਆਂ ਇਹਨਾਂ ਪ੍ਰੇਸ਼ਾਨੀਆਂ ਦਾ ਉਹਨਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ ਕਿ ਉਹ ਉਸ ਨੂੰ ਵੀ ਆਪਣੀ ਕਿਸਮਤ ਮੰਨ ਕੇ ਜੀਵਨ ਜਿਉਂਦੀਆਂ ਰਹਿੰਦੀਆਂ ਹਨ।

ਅੱਜ ਵੀ ਸਾਡੇ ਦੇਸ਼ ਵਿਚ ਸਿਰਫ 53.63 ਫੀ ਸਦੀ ਔਰਤਾਂ ਹੀ ਪੜੀਆਂ ਲਿਖੀਆਂ ਹਨ ਤੇ ਇਹਨਾਂ ਵਿਚੋਂ ਵੀ ਕਿੰਨੀਆਂ ਆਪਣੇ ਅਧਿਕਾਰਾਂ ਨੂੰ ਸਮਝਦੀਆਂ ਹਨ ਤੇ ਉਹਨਾਂ ਲਈ ਅਵਾਜ਼ ਉਠਾਉਂਦੀਆਂ ਹਨ? ਸਿਖਿਆ ਦੀ ਇਹ ਕਮੀ ਉਹਨਾਂ ਦੀ ਸਿਹਤ, ਆਤਮ-ਸਨਮਾਨ, ਆਤਮਵਿਸ਼ਵਾਸ ਨਾਲ ਖਿਲਵਾੜ ਕਰ ਰਹੀ ਹੈ। 2001 ਦੀ ਮਰਦਸ਼ੁਮਾਰੀ ਮੁਤਾਬਕ ਦੇਸ਼ ਨਾਲ ਖਿਲਵਾੜ ਕਰ ਰਹੀ ਹੈ। 2001 ਦੀ ਆਤਮਸ਼ੁਮਾਰੀ ਮੁਤਾਬਕ ਦੇਸ਼ ਦੇਸ਼ ਦੀ ਸ਼ਹਿਰੀ ਆਬਾਦੀ ਦਾ 16 ਫੀ ਸਦੀ ਭਾਗ ਝੁਗੀਆਂ ਝੌਂਪੜੀਆਂ ਵਿੱਚ ਰਹਿੰਦਾ ਹੈ। ਇਹ ਇਲਾਕੇ ਸਿਹਤ, ਸਿਖਿਆ, ਸਾਫ ਪਾਣੀ, ਬਿਜਲੀ ਆਦਿ ਦੀ ਬਦਹਾਲ ਸਥਿਤੀ ਦਾ ਦਰਸ਼ਨ ਕਰਵਾਉਂਦੇ ਹਨ। ਇਹਨਾਂ ਇਲਾਕਿਆਂ ਵਿੱਚ ਅੱਛੀ ਸਿਹਤ ਸੇਵਾ ਕਦੀ ਮੁਹੱਈਆ ਨਹੀਂ ਹੁੰਦੀ ਇਹੀ ਕਾਰਨ ਇਥੇ ਜ਼ਿਆਦਾਤਰ ਔਰਤਾਂ ਛੇ ਲੜਕੀਆਂ ਉਹਨਾਂ ਬੀਮਾਰੀਆਂ ਨਾਲ ਗ੍ਰਸਿਤ ਰਹਿੰਦੀਆਂ ਹਨ, ਜੋ ਅਸਾਨੀ ਨਾਲ ਠੀਕ ਹੋ ਸਕਦੀਆਂ ਹਨ। ਇਥੇ ਪੰਜ 'ਚੋਂ ਇਕ ਬੱਚੇ ਨੂੰ ਜਨਮ ਦੇਣ ਵਾਲੀ ਲੜਕੀ ਦੀ ਉਮਰ 14 ਸਾਲ ਸਾਲਾਂ ਵਿਚਕਾਰ ਹੁੰਦੀ ਹੈ ਜੋ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਇਥੇ ਲੜਕੀਆਂ ਦਾ ਵਿਆਹ ਛੋਟੀ ਉਮਰ ਵਿੱਚ ਕੀਤਾ ਜਾਂਦਾ ਹੈ। ਇਹ ਕਿੰਨੀ ਸ਼ਰਮਨਾਕ ਗੱਲ ਇਹ ਹੈ ਕਿ ਜਿਸ ਉਮਰ 'ਚ ਲੜਕੀ ਆਪਣੇ ਆਪ ਨੂੰ ਸਮਝਣ ਲਾਇਕ ਹੁੰਦੀ ਹੈ ਉਸੇ ਉਮਰ 'ਚ ਉਸ ਉਪਰ ਘਰ-ਗ੍ਰਹਿਸਥੀ ਬਾਲ ਬੱਚਿਆਂ ਦਾ ਬੋਝ ਲੱਦ ਦਿੱਤਾ ਜਾਂਦਾ ਹੈ। ਅਜੇਹੀ ਹਾਲਤ ਵਿੱਚ ਉਹ ਆਪਣੀ ਸਿਹਤ ਬਾਰੇ ਸੋਚੇ ਜਾਂ ਘਰ-ਪ੍ਰੀਵਾਰ ਦਾ ਭਾਰ ਢੋਵੇ। ਇਸ ਪ੍ਰਕਾਰ ਦੀਆਂ ਅਨੇਕਾਂ ਇਡੰਬਾਨਾ 'ਚ ਜਿਉਂਦੀ ਲੜਕੀ ਕਦ ਰੋਗਾਂ 'ਚ ਘਿਰ ਜਾਂਦੀ ਹੈ ਪਤਾ ਹੀ ਨਹੀਂ ਲੱਗਦਾ।

ਸਿਹਤ ਪ੍ਰਤੀ ਅਗਿਆਨਤਾ ਦਾ ਇਹ ਆਲਮ ਹੈ ਕਿ ਦੇਸ਼ 'ਚ ਤਕਰੀਬਨ 5.4 ਮਿਲੀਅਨ ਨੌਜਵਾਨ (15-24 ਸਾਲ) ਮੈਓ ਆਈ ਵੀ (ਏਡਜ਼) ਤੋਂ ਪੀੜਤ ਹਨ ਜਿਹਨਾਂ ਵਿਚੋਂ 57 ਫੀ ਸਦੀ ਔਰਤਾਂ ਹਨ ਇਹਨਾਂ ਵਿਚੋਂ ਸਿਰਫ 36 ਫੀ ਸਦੀ ਔਰਤਾਂ ਨੂੰ ਐਚ. ਆਈ. ਵੀ. ਦੀ ਸਹੀ ਜਾਣਕਾਰੀ ਹੈ। ਸਾਡੇ ਸਮਾਜ 'ਚ ਔਰਤਾਂ ਦਾ ਹਮੇਸ਼ਾ ਤੋਂ ਹੀ ਸਨਮਾਨ ਕੀਤਾ ਜਾਂਦਾ ਹੈ ਇਹ ਦੁਖਦਾਈ ਗੱਲ ਹੈ ਕਿ ਅਸੀਂ ਆਪਣੀਆਂ ਹੀ ਕਦਰਾਂ ਕੀਮਤਾਂ ਨੂੰ ਭੁੱਲਦੇ ਜਾ ਰਹੇ ਹਾਂ। ਸਾਡੀ ਸੰਸਥਾ ਸਮਾਈਲ ਫਾਊਂਡੇਸ਼ਨ

ਬੱਚਿਆਂ ਵਿਸ਼ੇਸ਼ ਕਰਕੇ ਔਰਤਾਂ ਦੀ ਸਿਖਿਆ ਸਿਹਤ ਤੇ ਅਧਿਕਾਰਾਂ ਪ੍ਰਤੀ ਜਾਗਰੂਕ ਬਣਾਉਣ ਲਈ ਕੰਮ ਕਰਦੀ ਹੈ। ਸਾਡੇ ਇਸ ਪ੍ਰੋਗਰਾਮ ਸਭਾਵੀਮਾਨ ਰਾਹੀਂ ਅਸੀਂ ਲੜਕੀਆਂ ਤੇ ਔਰਤਾਂ ਨੂੰ ਏਨਾ ਮਜਬੂਤ ਬਣਾਉਣਾ ਚਾਹੁੰਦੇ ਹਾਂ ਕਿ ਉਹ ਜੀਵਨ ਦੇ ਕਿਸੇ ਵੀ ਮੋੜ 'ਤੇ ਪਿਛੇ ਨਾ ਰਹਿ ਜਾਣ ਤੇ ਉਹਨਾਂ ਦੇ ਕਦਮ ਕਿਸੇ ਵੀ ਹਾਲਤ 'ਚ ਨਾ ਡਗਮਗਾਉਣਾ' ਇਹ ਕਹਿਣਾ ਹੈ ਸਵਾਭੀਮਾਨ ਦੀ ਪ੍ਰੋਗਰਾਮ ਡਾਇਰੈਕਟਰ ਮੀਨਾ ਬਤਮ ਦਾ। ਸਭਾਵੀਮਾਨ ਪ੍ਰੋਗਰਾਮ 2005 'ਚ ਸ਼ੁਰੂ ਹੋਇਆ। ਔਰਤਾਂ ਨੂੰ ਪੂਰੀ ਯੋਗਤਾ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ। ਚਾਹੇ ਉਹ ਆਪਣੇ ਘਰ ਵਿਚ ਹੋਣ ਜਾਂ ਆਫਿਸ 'ਚ ਜਾਂ ਬਿਰਾਦਰੀ ਵਿੱਚ ਇਸ ਲਈ ਇਹ ਪ੍ਰੋਗਰਾਮ ਬਣਾਇਆ ਗਿਆ ਹੈ। ਔਰਤਾਂ ਤੇ ਲੜਕੀਆਂ ਦੀ ਕੁਸ਼ਲਤਾ ਨੂੰ ਵਧਾਉਣ ਲਈ ਤੇ ਉਸ ਨਾਲ ਸਬੰਧਤ ਸਾਰੀ ਜਾਣਕਾਰੀ ਦੇ ਕੇ ਉਹਨਾਂ ਦਾ ਆਤਮ ਵਿਸਵਾਸ ਵਧਾਉਣ ਲਈ ਇਹ ਕੀਤਾ ਜਾਂਦਾ ਹੈ। ਇਸ ਪ੍ਰੋਗਰਾਮ ਤਹਿਤ ਵੱਖ ਵੱਖ ਇਲਾਕਿਆਂ ਵਿਚ ਸਭਾਵੀਮਾਨ ਰੋਲ ਮਾਡਲ ਬਣਾਈ ਗਈ ਹੈ। ਸਮਾਈਲ ਫਾਊਂਡੇਸ਼ਨ ਦੇ ਸਹਿਯੋਗ ਨਾਲ ਸਭਾਵੀਮਾਨ ਵਰਕਰਾਂ ਵੱਲੋਂ ਸਰਗਰਮੀਆਂ ਜਾਰੀ ਹਨ।

# ਅਕਾਲ ਤਖ਼ਤ ਦੇ ਅਰਥ ਤੇ ਮਰਿਆਦਾ

ਸਿੱਖ ਧਰਮ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ 1600 'ਚ ਅੰਮ੍ਰਿਤਸਰ ਦੇ ਸਵਰਨ ਮੰਦਰ ਦੇ ਐਨ ਸਾਹਮਣੇ ਅਕਾਲ ਤਖਤ ਦੀ ਉਸਾਰੀ ਸ਼ੁਰੂ ਕਰਵਾਈ। ਪਹਿਲਾਂ ਇਹ 'ਅਕਾਲ ਬੁੰਗਾ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਥੇ ਇਕ ਚਬੂਤਰੇ 'ਤੇ ਲਕੜੀ ਦੇ ਤਖਤੇ 'ਤੇ ਵਿਰਾਜਮਾਨ ਗੁਰੂ ਸਾਹਿਬ ਸ਼ਰਧਾਲੂਆਂ ਦੀ ਸ਼ਕਾਇਤਾਂ ਸੁਣਦੇ ਸਨ। ਉਸ ਦੇ ਠੀਕ ਸਾਹਮਣੇ ਸ਼ਾਸਤਰ ਵਿਦਿਆ ਤੇ ਕੁਸ਼ਤੀ ਦਾ ਅਭਿਆਸ ਹੁੰਦਾ ਸੀ। ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਅਕਾਲ ਤਖ਼ਤ ਮੁਕੰਮਲ ਹੋਇਆ। ਅਕਾਲ ਤਖ਼ਤ ਦੁਨਿਆਦੀ ਬਾਦਸ਼ਾਹਤ ਦੀ ਥਾਂ 'ਅਕਾਲ ਪੁਰਖ' ਦੀ ਸੱਚੀ ਬਾਦਸ਼ਾਹਤ ਦਾ ਪ੍ਰਤੀਕ ਹੈ। ਇਸ ਨੂੰ ਰੱਬੀ ਤਖ਼ਤ ਵੀ ਕਹਿੰਦੇ ਹਨ। ਅਕਾਲ ਤਖ਼ਤ ਸਮੇਂ ਤੇ ਸਥਾਨ ਦੀ ਸੀਮਾ ਤੋਂ ਪਰੇ ਹੈ। ਸਿੱਖ ਧਰਮ ਤੇ ਸਿਆਸਤ ਨੂੰ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ ਪਰ ਇਸ ਦਾ ਸੰਕਲਪ ਇਹ ਕਦੀ ਨਹੀਂ ਸੀ ਜੋ ਅੱਜ ਬਣ ਗਿਆ ਹੈ। ਸ੍ਰੀ ਦਰਬਾਰ ਸਾਹਿਬ (ਗੋਲਡਨ ਟੈਂਪਲ) ਦੇ ਚਾਰੇ ਦਰਵਾਜ਼ੇ ਸਭ ਧਰਮਾ ਲਈ ਖੁੱਲ੍ਹੇ ਹਨ। ਅਕਾਲ ਤਖ਼ਤ ਅੰਦਰ ਜਾਲੀਦਾਰ ਘੇਰੇ ਵਿਚ ਅੰਮ੍ਰਿਤਧਾਰੀ ਸਿੱਖ ਹੀ ਜਾ ਸਕਦੇ ਹਨ। ਇਹ ਸ਼ੁੱਧ ਰੂਪ 'ਚ ਅੰਮ੍ਰਿਤ ਧਾਰੀਆਂ ਲਈ ਬਣਾਈ ਗਈ ਇਮਾਰਤ ਹੈ। ਸ੍ਰੀ ਦਰਬਾਰ ਸਾਹਿਬ ਨਿਮਰਤਾ ਦਾ ਪ੍ਰਤੀਕ ਵੀ ਹੈ। ਇਸ ਲਈ ਇਸ ਦੀ ਸਤਹਿ ਬਾਹਰ ਦੀ ਸਤਹਿ ਤੋਂ ਨੀਵੀਂ ਹੈ। ਇਸ ਵਿਸ਼ਾਲ ਇਮਾਰਤ ਦੇ ਗੁੰਬਦਾਂ ਦੀ ਬਣਾਵਟ ਅਕਾਲ ਤਖ਼ਤ ਦੇ ਗੁੰਬਦਾਂ ਦੇ ਮੁਕਾਬਲੇ ਘੱਟ ਉੱਚੀ ਤੇ ਲੰਬੀ ਹੈ। ਇਹ ਧਰਮ ਤੇ ਸ਼ਰਧਾ ਦੀ ਪ੍ਰਤੀਕ ਹੈ। ਅਕਾਲ ਤਖ਼ਤ ਦੀ ਇਮਾਰਤ ਉਚਾਈ 'ਤੇ ਹੈ। ਇਸ ਦੇ ਗੁੰਬਦ ਉੱਚੇ ਸੰਘੇ ਹਨ। ਇਹ ਇਮਾਰਤ ਸੱਤਾ ਤੇ ਸ਼ਕਤੀ ਦੀ ਪ੍ਰਤੀਕ ਹੈ। ਸ੍ਰੀ ਦਰਬਾਰ ਸਾਹਿਬ ਬੈਠਣ ਵਾਲਿਆਂ ਅਕਾਲ ਤਖ਼ਤ ਦੀ ਇਮਾਰਤ ਨਹੀਂ ਦਿਸਦੀ ਹੈ। ਇਸ ਦੇ ਮੂਹਰੇ ਦਰਸ਼ਨੀ ਡਿਊਡੀ ਆ ਜਾਂਦੀ ਹੈ। ਜਦਕਿ ਅਕਾਲ ਤਖ਼ਤ 'ਚ ਬੈਠਣ ਵਾਲਿਆਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਬਰਾਬਰ ਦਿਸਦੀ ਰਹਿੰਦਾ ਹੈ। ਇਸ ਦੇ ਪਿੱਛੇ ਵੀ ਗੁਰੂ ਸਾਹਿਬ ਦੀ ਦੂਰਦ੍ਰਿਸ਼ਟੀ ਸੀ ਕਿ ਰਾਜਨੀਤੀ ਦੇ ਕੇਂਦਰ ਅਕਾਲ ਤਖ਼ਤ 'ਚ ਬੈਠਣ ਵਾਲਿਆਂ ਨੂੰ ਧਾਰਮਿਕ ਸੱਤਾ ਦੇ ਕੇਂਦਰ ਦਰਬਾਰ ਸਾਹਿਬ ਲਗਾਤਾਰ ਦਿਸਦੇ ਰਹਿਣ। ਇਸ ਦਾ ਅਰਥ ਹੈ ਕਿ ਰਾਜਨੀਤੀ ਕਰਦੇ ਸਮੇਂ ਧਰਮ ਸਾਹਮਣੇ ਰਹਿਣਾ ਚਾਹੀਦਾ ਹੈ ਪਰ ਧਾਰਮਕ ਕੰਮ ਕਰਦਿਆਂ ਰਾਜਨੀਤੀ ਨਜ਼ਰ ਨਹੀਂ ਆਉਣੀ ਚਾਹੀਦੀ। ਅਕਾਲ ਤਖ਼ਤ ਦੇ ਸਾਹਮਣੇ ਲੱਗੇ ਦੋ ਨਿਸ਼ਾਨ ਸਾਹਿਬ ਵੀ ਸਿਆਸਤ ਤੇ ਧਰਮ ਦੇ ਪ੍ਰਤੀਕ ਹਨ। ਇਕ ਨਿਸ਼ਾਨ ਸਾਹਿਬ ਦੂਸਰੇ ਤੋਂ ਵੱਡਾ ਹੈ। ਧਰਮ ਰਾਜਨੀਤੀ ਤੋਂ ਵੱਡਾ ਹੈ ਪਰ ਦੋਨੋਂ ਨਾਲੋ ਨਾਲ ਹਨ ਇਕ ਦੂਜੇ ਨਾਲ ਜੁੜੇ ਵੀ। ਦੋਨਾਂ ਵਿਚ ਦੂਰੀ ਹੋਵੇਗੀ ਤਾਂ ਸਿਰਫ਼ ਉਨੀ ਜਿੰਨੀ ਦੋਹਾਂ ਨਿਸ਼ਾਨ ਸਾਹਿਬ ਵਿਚਕਾਰ ਹੈ। ਸਿੱਖੀ 'ਚ ਧਰਮ ਤੇ ਰਾਜਨੀਤੀ ਵੱਖ ਵੱਖ ਨਹੀਂ ਹਨ। ਸ੍ਰੀ ਦਰਬਾਰ ਸਾਹਿਬ ਵੀ ਧਰਮ ਤੇ ਰਾਜਨੀਤੀ ਯਾਨੀ ਮੀਰੀ ਪੀਰੀ ਦਾ ਕੇਂਦਰ ਤੇ ਪ੍ਰਤੀਕ ਹੈ। ਜੋਤਿ ਜੁਗਤਿ ਕਹੋ, ਮੀਰੀ ਪੀਰੀ ਹੋਵੇ ਜਾਂ ਸੰਤ ਸਿਪਾਹੀ ਦਾ ਸੰਕਲਪ ਇਹ ਤਿੰਨੋਂ ਸਿੱਖ ਮਾਨਸਿਕਤਾ ਨਾਲ ਜੁੜੇ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਛੇ ਗੁਰੂਆਂ ਦੀ ਬਾਣੀ ਦਰਜ ਹੈ, ਚਾਰ ਦੀ ਨਹੀਂ। ਇਹਨਾਂ

ਚਾਰਾਂ ਚੋਂ ਤਿੰਨ ਗੁਰੂ ਸਾਹਿਬ ਨੇ ਨਿਜੀ ਤੌਰ ਤੇ ਯੁੱਧਾਂ 'ਚ ਸ਼ਿਰਕਤ ਕੀਤੀ ਸੀ। ਸਿੱਖ ਧਰਮ 'ਚ ਦਸ ਗੁਰੂਟਾ ਦਾ ਇਕੋ ਜਿਹਾ ਸਨਮਾਨ ਹੈ। ਹੋਰਨਾਂ ਧਰਮਾਂ 'ਚ ਕੋਈ ਇਕ ਸਰਵਉਚ ਹੁੰਦਾ ਹੈ ਪਰ ਸਿਖ ਧਰਮ 'ਚ 'ਪੰਚ ਪ੍ਰਧਾਨੀ' ਦੀ ਵਿਵਸਥਾ ਹੈ। ਕਿਸੇ ਇਕ ਦੇ ਹੱਥ ਮੁਕੰਮਲ ਸੱਤਾ ਨਹੀਂ ਹੁੰਦੀ। ਪੰਥਕ ਸੰਗਠਨ ਦੇ ਕੇਂਦਰ ਵਜੋਂ ਅਕਾਲ ਤਖਤ ਹੀ ਸਤਾ ਦਾ ਸਰਭਉੱਚ ਕੇਂਦਰ ਹੈ। ਇਸ ਨੂੰ ਖੁਦ ਗੁਰੂ ਸਾਹਿਬ ਨੇ ਸਥਾਪਤ ਕੀਤਾ ਸੀ।

ਹੋਰ ਚਾਰ ਤਖ਼ਤ ਸਿੱਖ ਸੰਗਤ ਨੇ ਬਾਅਦ ਵਿਚ ਸਥਾਪਤ ਕੀਤੇ। ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਤਖਤ ਸ੍ਰੀ ਪਟਨਾ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਦੇੜ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਹੈ। ਇਹ ਚਾਰੇ ਤਖ਼ਤ ਅਕਾਲ ਤਖ਼ਤ ਦੇ ਪ੍ਰਚਾਰ ਪਸਾਰ ਲਈ ਇਸ ਦੇ ਵਿਸਥਾਰ ਵਜੋਂ ਵੇਖੇ ਜਾਂਦੇ ਹਨ। ਅਕਾਲ ਤਖ਼ਤ ਦੇ ਜਥੇਦਾਰ ਨੂੰ ਦੇਸ਼ ਦੀ ਕੋਈ ਅਦਾਲਤ ਤਲਬ ਨਹੀਂ ਕਰ ਸਕਦੀ। ਜਥੇਦਾਰ ਸਿੱਖ ਧਰਮ 'ਚ ਸਰਭਉੱਚ ਨੇਤਾ ਮੰਨੇ ਜਾਂਦੇ ਹਨ। ਇਸ ਲਈ ਦੇਸ਼ ਦੇ ਕਾਨੂੰਨ ਤੋਂ ਉੱਪਰ ਹਨ। ਸਿੱਖ ਧਰਮ 'ਚ ਸਜ਼ਾ ਦੇਣ ਦੀ ਰਵਾਇਤ ਜ਼ਿਆਦਾ ਸਖਤ ਨਹੀਂ ਹੈ। ਜ਼ਿਆਦਾਤਰ ਦੋਸ਼ੀਆਂ ਨੂੰ ਮੁਆਫ਼ ਕੀਤਾ ਜਾਂਦਾ ਹੈ। ਜੋ ਸਜ਼ਾ ਦਿੱਤੀ ਜਾਂਦੀ ਹੈ। ਉਹ ਬਹੁਤ ਘੱਟ ਤੇ ਨਰਮ ਹੁੰਦੀ ਹੈ। ਬਾਅਦ 'ਚ ਇਸ ਸਜ਼ਾ ਨੂੰ ਤਨਖਾਹ ਦਾ ਨਾਂ ਦਿੱਤਾ ਗਿਆ। ਤਖ਼ਤ ਸਿਰਫ਼ ਆਕੜ, ਹੰਕਾਰ ਨਾਲ ਚੂਰ ਕਿਸੇ ਵਿਅਕਤੀ ਨੂੰ ਗਲਤੀ ਦਾ ਅਹਿਸਾਸ ਕਰਵਾ ਕੇ ਦੁਬਾਰਾ ਸਿੱਖੀ ਨਾਲ ਜੋੜਨ ਦਾ ਅਮਲ ਹੈ। ਇਸ ਵਿਚ ਸਬੰਧਤ ਵਿਅਕਤੀ ਨੂੰ ਕੀਰਤਨ ਪਾਠ ਸੁਨਣ, ਸ਼ਰਧਾਲੂਆਂ ਦੇ ਬਰਤਨ ਧੋਣ, ਜੁੱਤੇ ਸਾਫ਼ ਕਰਨ, ਪ੍ਰੀਕਰਮਾ ਦੀ ਸਫਾਈ ਵਰਗੇ ਕੰਮ ਸੌਂਪੇ ਜਾਂਦੇ ਹਨ। ਸ਼ਰਧਾਲੂ ਖੁਸ਼ੀ ਖੁਸ਼ੀ ਇਹਨਾਂ ਨੂੰ ਪੂਰਾ ਕਰਦੇ ਹਨ। ਕੋਈ ਵੀ ਵਿਅਕਤੀ ਆਪਣੀ ਦੁਨਿਅਵੀ ਤਾਕਤ ਪਿੱਛੇ ਛੱਡ ਕੇ ਅਕਾਲ ਤਖ਼ਤ ਦੇ ਸਾਹਮਣੇ ਆਉਂਦਾ ਹੈ। ਉਹ ਸਿਰਫ਼ ਸ਼ਰਧਾਲੂ ਸਿੱਖ ਹੁੰਦਾ ਹੈ ਅਤੇ ਆਪਣੇ ਸਮਾਜਕ ਰੁਤਬੇ ਨਾਲ ਅਕਾਲ ਤਖ਼ਤ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ ਹੈ। ਅਕਾਲ ਤਖ਼ਤ ਤੋਂ ਤਨਖਾਹੀਆ (ਮੁਜਰਿਮ) ਕਰਾਰ ਦਿੱਤੇ ਗਏ ਵਿਅਕਤੀ ਦਾ ਸੰਪੂਰਨ ਸਿੱਖ ਸਮਾਜ ਬਾਈਕਾਟ ਕਰ ਦਿੰਦਾ ਹੈ। ਕਿਸੇ ਨੂੰ ਤਨਖਾਹੀਆਂ ਕਰਾਰ ਦੇਣ ਤੋਂ ਪਹਿਲਾਂ ਪੰਜ ਜਥੇਦਾਰ ਭਰਪੂਰ ਵਿਚਾਰ ਵਟਾਂਦਰਾ ਕਰਦੇ ਹਨ। ਜ਼ਰੂਰੀ ਨਹੀਂ ਕਿ ਉਹ ਸਾਰੇ ਤਖ਼ਤਾਂ ਤੋਂ ਲਾਜ਼ਮੀ ਹੁੰਦਾ ਹੈ। ਇਕ ਵੀ ਜਥੇਦਾਰ ਦੇ ਅਸਹਿਮਤ ਹੋਣ ਤੇ ਦੂਸਰੇ ਉਸ ਨੂੰ ਦਲੀਲਾਂ ਨਾਲ ਸਹਿਮਤ ਕਰਦੇ ਹਨ ਫੈਸਲੇ ਬਹੁਮਤ ਨਾਲ ਨਹੀਂ ਬਲਕਿ ਸਰਭਸੰਮਤੀ ਨਾਲ ਹੁੰਦੇ ਹਨ। ਫੈਸਲਾ ਅਕਾਲ ਤਖ਼ਤ ਦੇ ਜਥੇਦਾਰ ਹੀ ਸੁਣਾਉਂਦੇ ਹਨ। ਜਿਥੇ ਫੈਸਲਾ ਕੀਤਾ ਜਾ ਸੁਣਾਇਆ ਜਾਂਦਾ ਹੈ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੁੰਦਾ। ਬਾਅਦ 'ਚ ਅਕਾਲ ਤਖ਼ਤ ਨੂੰ ਕਿਸੇ ਨਿਜ਼ੀ ਮਕਸਦ ਲਈ ਵਰਤਿਆ ਜਾਣ ਲੱਗਿਆ ਤੇ ਅਸੂਲਾਂ 'ਚ ਗਿਰਾਵਟ ਕਿਵੇਂ ਆਈ ਉਹ ਕਿਸੇ ਤੋਂ ਗੁਝੀ ਨਹੀਂ ਹੈ। ਇਸ ਨਾਲ ਸਬੰਧਤ ਵਿਵਾਦ 1978 ਤੋਂ ਪਿੱਛੋਂ ਹੀ ਸ਼ੁਰੂ ਹੋਇਆ। 1978 ਨੂੰ ਸ੍ਰੀ ਦਰਬਾਰ ਸਾਹਿਬ ਕੈਂਪਸ ਵਿਚ ਨਿਰੰਕਾਰੀ ਸਿੱਖ ਝਗੜੇ 'ਚ 18 ਸਿੱਖ ਮਾਰੇ ਗਏ ਸਨ। ਨਿਰੰਕਾਰੀ ਨੂੰ ਪੰਥ 'ਚੋਂ ਕੱਢਣ ਦਾ ਹੁਕਮ ਅਕਾਲ ਤਖ਼ਤ ਤੋਂ ਹੀ ਜਾਰੀ ਹੋਇਆ ਸੀ ਤੇ ਅੱਜ ਵੀ ਕਾਇਮ ਹੈ। 1984 ਦੇ ਅਪ੍ਰੇਸ਼ਨ ਬਿਲਊ ਸਟਾਰ ਪਿੱਛੋਂ ਤਾਂ ਅਕਾਲ ਤਖ਼ਤ ਦੀ ਮਰਿਆਦਾ ਨੂੰ ਵਾਰ ਵਾਰ ਠੇਸ ਪਹੁੰਚਾਈ ਗਈ। ਜਲੰਧਰ

ਤੋਂ ਛੱਪਣ ਵਾਲੇ ਇਕ ਪੰਜਾਬੀ ਅਖਬਾਰ ਨੇ ਸੰਪਾਦਕ ਦੇ ਖਿਲਾਫ਼ ਜਦ ਉਸ ਵੇਲੇ ਦੇ ਜਥੇਦਾਰ ਭਾਈ ਰਣਚੀਤ ਸਿੰਘ ਨੇ ਹੁਕਮਨਾਮਾ ਜਾਰੀ ਕੀਤਾ ਤੇ ਉਹਨਾਂ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਗਿਆ ਤਾਂ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਸ. ਜੀ. ਪੀ ਰਾਹੀਂ ਜਥੇਦਾਰ ਭਾਈ ਰਣਜੀਤ ਸਿੰਘ ਦੀ ਹੀ ਛੁਟੀ ਕਰ ਦਿੱਤੀ। ਇਸ ਦੌਰਾਨ ਤਿਨ ਤਖ਼ਤਾਂ ਦੇ ਜਥੇਦਾਰਾਂ ਵਿਚ ਝਮੇਲਾ ਵੀ ਕਾਫੀ ਵੱਧ ਗਿਆ। ਆਪਣੇ ਦੋ ਸਾਲ 40 ਦਿਨ ਦੇ ਕਾਰਜ ਕਾਲ 'ਚ ਜਥੇਦਾਰ ਰਣਜੀਤ ਸਿੰਘ ਨੇ 12 ਹੁਕਮਨਾਮੇ ਜਾਰੀ ਕੀਤੇ ਸਨ। ਇਸ 'ਤੇ ਉਕਤ ਅਖਬਾਰ ਦੇ ਸੰਪਾਦਕ ਨੇ ਸੰਪਾਦਕੀ 'ਚ ਅਕਾਲ ਤਖ਼ਤ ਨੂੰ ਥਾਣਾ ਬਣਾਉਣ ਵਰਗੀ ਗੱਲ ਲਿਖੀ ਸੀ।

ਇਸ ਤਰ੍ਹਾਂ ਐਸ ਜੀ ਪੀਸੀ ਦਾ ਪ੍ਰਧਾਨ ਜੰਗੀਰ ਕੌਰ ਨੂੰ ਪੰਥ ਤੋਂ ਕੱਢਣ ਵਾਲੇ ਅਕਾਲ ਤਖਤ ਦੇ ਜਥੇਦਾਰ ਪੂਰਨ ਸਿੰਘ ਨੂੰ ਜੰਗੀਰ ਕੌਰ ਨੇ ਉਦੋਂ ਹਟਾ ਦਿੱਤਾ ਜਦ ਉਹ ਅਕਾਲ ਤਖਤ ਤੋਂ ਕੌਮ ਨੂੰ ਸੰਬੋਧਨ ਕਰ ਰਹੇ ਸਨ। ਭਾਈ ਪੂਰਨ ਸਿੰਘ ਤੋਂ ਬਾਅਦ ਆਏ ਜਥੇਦਾਰ ਜੋਗਿੰਦਰ ਸਿੰਘ ਵਿਧਾਂਤੀ ਵੀ ਹਟਾ ਦਿੱਤੇ ਗਏ। ਪ੍ਰੋ. ਦਰਸ਼ਨ ਸਿੰਘ ਰਾਗੀ 'ਤੇ ਪ੍ਰੋ. ਮਨਜੀਤ ਸਿੰਘ ਵੀ ਜਥੇਦਾਰ ਦੇ ਅਹੁਦੇ ਤੋਂ ਇਸੇ ਤਰ੍ਹਾਂ ਹਟਾਏ ਗਏ ਸਨ ਪਰ ਇਹਨਾਂ ਕੇਸਾਂ 'ਚ ਸਿਰਫ ਰਾਜਨੀਤੀ ਹੀ ਹਾਵੀ ਰਹੇ ਧਰਮ ਨੂੰ ਕੋਈ ਥਾਂ ਨਹੀਂ ਦਿੱਤੀ ਗਈ। ਜਾਣਕਾਰਾਂ ਅਨੁਸਾਰ ਅੱਜ ਵੀ ਇਹ ਫੈਸਲਾ ਨਹੀਂ ਹੋ ਸਕਿਆ ਕਿ ਆਖਰ ਜਥੇਦਾਰ ਦੀ ਚੋਣ ਹੋਵੇ ਕਿਵੇਂ? ਉਹ ਕਦੋਂ ਤੱਕ ਅਹੁਦੇ 'ਤੇ ਰਹਿ ਸਕਦੇ ਹਨ। ਉਨ੍ਹਾਂ ਨੂੰ ਹਟਾਇਆ ਕਿਵੇਂ ਜਾ ਸਕਦਾ ਹੈ ਆਦਿ ਜਥੇਦਾਰ ਦੀ ਚੋਣ ਸਿੱਖ ਸੰਗਤ ਨੇ ਕਰਨੀ ਹੁੰਦੀ ਹੈ। ਸਿੱਖਾਂ ਦੀ ਸਰਭਉੱਚ ਸੰਸਥਾ ਐਸਜੀਪੀਸੀ ਹੈ। ਇਸ ਉੱਪਰ ਅਕਾਲੀ ਦਲ ਦਾ ਦਬਦਬਾ ਹੈ। ਇਸ ਲਈ ਉਹ ਜਿਸ ਨੂੰ ਚਾਹੁਣ ਹਟਾ ਸਕਦੇ ਹਨ, ਜਿਸ ਨੂੰ ਚਾਹੁਣ ਬਿਠਾ ਸਕਦੇ ਹਨ। ਧਰਮ ਦੇ ਨਾਂ 'ਤੇ ਰਾਜਨੀਤੀ ਹੋ ਰਹੀ ਹੈ। ਸਤਾ ਦਾ ਨਸ਼ਾ ਹੀ ਕਾਇਮ ਹੈ। ਕਦਰਾਂ ਕੀਮਤਾਂ ਗਾਇਬ ਹਨ। ਅਕਾਲ ਤਖਤ ਦੇ ਅਰਥ ਤੇ ਮਰਿਆਦਾ ਦੋਨੋ ਬਦਲ ਗਏ ਹਨ। ਇਸ ਦਾ ਨੀਤਜਾ ਪੂਰੀ ਤਰ੍ਹਾਂ ਸਿਖ ਕੌਮ ਭੁਗਤੇਗੀ।

# ਹੜ੍ਹ ਅਤੇ ਸਰਕਾਰ

ਪੰਜਾਬ ਦੀ ਸਰਕਾਰ ਤੇ ਪ੍ਰਸ਼ਾਸ਼ਨ ਕਿੰਨੇ ਮੁਸਤੈਦ ਹਨ ਅਤੇ ਕਿੰਨੇ ਜ਼ੁੰਮੇਵਾਰ ਇਸ ਦੀ ਪੋਲ ਉਦੋਂ ਖੁਲ੍ਹਦੀ ਹੈ ਜਦ ਲੋਕਾਂ ਨੂੰ ਕਿਸੇ ਕੁਦਰਤੀ ਕਰੋਪੀ ਦਾ ਮੁਕਾਬਲਾ ਕਰਨਾ ਪੈਂਦਾ ਹੈ। ਅਜ ਕਲ੍ਹ ਪੰਜਾਬ ਦੇ 8 ਜ਼ਿਲੇ ਜੜ੍ਹਾਂ ਤੋਂ ਪ੍ਰਭਾਵਿਤ ਹਨ। ਬਰਸਾਤ ਨੇ ਚਿਹਰਿਆਂ ਨੂੰ ਵੀ ਬੇਘਰ ਕਰ ਦਿੱਤਾ ਹੈ। ਜੇ ਮੁਖ ਮੰਤਰੀ ਤੇ ਉਹਨਾਂ ਦੇ ਸਾਥੀ ਮੰਤਰੀ ਪੰਜਾਬ ਦੇ ਲੋਕਾਂ ਪ੍ਰਤੀ ਭੋਰਾਭਰ ਵੀ ਫਿਕਰਮੰਦ ਹੁੰਦੇ ਤਾਂ ਹੜ੍ਹਾਂ ਦੇ ਵਿਨਾਸ਼ ਨੂੰ ਰੋਕਿਆ ਜਾ ਸਕਦਾ ਹੈ। ਜਿਵੇਂ ਜਿਵੇਂ ਪੰਜਾਬ ਦੇ ਲੋਕਾਂ ਦੇ ਘਰਾਂ 'ਚ ਹੜਾਂ ਦਾ ਪਾਣੀ ਵੜਨ ਲੱਗਿਆ ਤਿਵੇਂ ਤਿਵੇਂ ਪ੍ਰਸਾਸ਼ਕਾਂ ਤੇ ਹਾਕਮਾਂ ਦੀ ਲਾਹਪ੍ਰਵਾਹੀ ਤੋਂ ਪਰਦਾ ਉਠਦਾ ਗਿਆ। ਇਸ ਸਮੇਂ ਪੰਜਾਬ ਦੇ ਸੈਂਕੜੇ ਪਿੰਡ ਹੜ੍ਹਾਂ ਤੋਂ ਪ੍ਰਭਾਵਿਤ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਬੱਚੇ, ਔਰਤਾਂ, ਬਜ਼ੁਰਗ ਤੇ ਨੌਜਵਾਨ ਬੇਘਰ ਅਤੇ ਨਾ ਹੀ ਬੀਮਾਰੀਆਂ ਨਾਲ ਸਿਝਣ ਲਈ ਦਵਾ ਦਾਰੂ ਦਾ ਕੋਈ ਬੰਦੋਬਸਤ। ਜੇ ਸਰਕਾਰ ਨੇ ਸਮੇਂ ਸਿਰ ਰਾਜ ਤੇ ਬਰਸਾਤੀ ਨਦੀ ਨਾਲਿਆਂ ਦੀ ਸਫਾਈ ਕਰਵਾਈ ਹੁੰਦੀ ਤਾਂ ਅੱਜ ਪੰਜਾਬ ਹੜ੍ਹਾਂ ਦੀ ਲਪੇਟ 'ਚ ਕਦੀ ਨਾ ਆਉਂਦਾ। ਰਾਜ 'ਚ ਹੜ੍ਹ ਬਚਾਓ ਕੰਮਾਂ ਲਈ ਸਾਰੇ ਜਿਲਾ ਪ੍ਰਸ਼ਾਸ਼ਨਾ ਨੇ ਸਰਕਾਰ ਤੋਂ ਕਈ ਸਾਲ ਪਹਿਲਾਂ 132 ਕਰੋੜ ਦੀ ਰਾਸ਼ੀ ਜਾਰੀ ਕਰਨ ਦੀ ਮੰਗ ਕੀਤੀ ਸੀ। ਇਸ ਵਿਚੋਂ 55 ਕਰੋੜ ਰੁਪਏ ਬਰਸਾਤੀ ਨਦੀ ਨਾਲਿਆਂ ਦੀ ਮੁਰੰਮਤ ਤੇ ਖਰਚ ਹੋਣੇ ਸਨ ਪਰ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਰਹੀ। ਨਦੀ ਨਾਲਿਆਂ ਦੀ ਸਫਾਈ ਦਾ ਕੰਮ ਦੇਸ਼ ਭਰ 'ਚ ਜਨਵਰੀ ਫਰਵਰੀ ਤੋਂ ਸ਼ੁਰੂ ਹੋ ਕੇ ਮਈ ਜੂਨ ਦੇ ਅੰਤ ਤੱਕ ਚਲਦਾ ਹੈ। ਇਸ ਸਾਲ ਅਜੇਹਾ ਹੋਇਆ ਕਿ ਅਕਤੂਬਰ ਨਵੰਬਰ 'ਚ ਦਿੱਤੀਆਂ ਹੋਈਆਂ ਅਰਜੀਆਂ ਤੇ ਸੰਬੰਧਤ ਮੰਤਰਾਲੇ ਨੇ ਅਪ੍ਰੈਲ ਤਕ ਕੋਈ ਕਾਰਵਾਈ ਹੀ ਨਹੀਂ ਕੀਤੀ ਇਸ ਪਿਛੋਂ ਪੰਚਾਇਤ ਤੇ ਜ਼ਿਲਾ ਪ੍ਰੀਸ਼ਦ ਚੋਣਾਂ ਕਾਰਨ ਕੋਡ ਆਫ਼ ਕੰਡਕਟ ਲਾਗੂ ਹੋ ਗਿਆ। ਸਿੱਟੇ ਵਜੋਂ ਨਦੀਆਂ ਨਾਲਿਆਂ ਦੀ ਸਫਾਈ ਵਾਲੀ ਗਰਾਂਟ ਜੁਲਾਈ 'ਚ ਹੀ ਜਾਰੀ ਹੋ ਸਕੀ ਜਦਕਿ ਇਸ ਸਾਲ ਬਰਸਾਤ ਸਮੇਂ ਤੋਂ ਕਾਫੀ ਪਹਿਲਾਂ ਸ਼ੁਰੂ ਹੋ ਗਈ ਸੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਰਕਾਰ ਦੀ ਤਰਫੋਂ ਹੜ੍ਹ ਪੀੜਤਾਂ ਲਈ ਇਕ ਕਰੋੜ ਦੀ ਰਾਸ਼ੀ ਜਾਰੀ ਕਰਨ ਦਾ ਐਲਾਨ ਕੀਤਾ ਹੈ। ਪਰ ਜਿਨ੍ਹਾਂ ਨੁਕਸਾਨ ਲੋਕਾਂ ਦਾ ਹੋਇਆ ਹੈ ਇਸ ਲਈ ਉਸ ਦੀ ਭਰਪਾਈ ਹੋਣੀ ਮੁਸ਼ਕਿਲ ਹੈ। ਉਧਰ ਭਾਖੜਾ ਬਿਆਸ ਪ੍ਰਬੰਦਕੀ ਬੋਰਡ ਚੇਅਰਮੈਨ ਯੂ.ਸੀ ਮਿਸ਼ਰਾ ਨੇ ਸਾਫ਼ ਕਿਹਾ ਕਿ ਪੰਜਾਬ 'ਚ ਪਹਿਲਾਂ ਹੀ ਹੜ੍ਹਾਂ ਦੀ ਸਥਿਤੀ ਬਣੀ ਹੋਈ ਹੈ। ਜੇ ਬਰਸਾਤ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਸਾਨੂੰ ਡੈਮ ਨੂੰ ਬਚਾਉਣ ਲਈ ਪਾਣੀ ਛੱਡਣਾ ਪਵੇਗਾ। ਜਲੰਧਰ, ਮੋਗਾ, ਫਿਰੋਜ਼ਪੁਰ ਤੇ ਕਪੂਰਥਲਾ 'ਚ ਹੜ੍ਹਾਂ ਨੇ ਏਨੀ ਤਬਾਹੀ ਮਚਾਈ ਹੈ ਕਿ ਮਦਦ ਲਈ ਫੌਜ ਬਲਾਉਣੀ ਪਈ। ਫਿਰੋਜ਼ਪੁਰ ਦੇ ਕਰੀਬ 600 ਲੋਕਾਂ ਨੇ ਰੇਲਵੇ ਟਰੈਕ ਦਾ ਆਸਰਾ ਲਿਆ ਹੋਇਆ ਹੈ। ਸਰਕਾਰ ਦੀ ਗੰਭੀਰਤਾ ਦਾ ਮੰਜਰ ਇਹ ਹੈ ਕਿ ਰਾਜ ਦੇ ਮੁੱਖ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਨ ਨਿਕਲਦੇ ਹਨ ਤਾਂ ਲੋੜੀਂਦੇ ਫੰਡਾਂ ਲਈ ਲੋਕਾਂ ਦੀ ਬੇਨਤੀ ਸੁਨਣ ਦੀ ਬਜਾਏ ਆਪਣੇ ਮੰਤਰੀ ਸੰਤਰੀਆਂ ਨਾਲ ਸਲਾਹ ਕਰਕੇ ਨਵੀ ਰਲੀਜ਼ ਹੋਈ ਫਿਲਮ ਵੇਖਣ ਚਲੇ ਜਾਂਦੇ ਹਨ।

ਅਫ਼ਸੋਸ ਨਾਇਕ ਇਕ ਪਹਿਲੂ ਇਹ ਹੈ ਕਿ ਲੋਕ ਅਜੇ ਉਹਨਾਂ ਹੀ ਹੱਥ ਵੱਲ ਮਦਦ ਲਈ ਵੇਖ ਰਹੇ ਹਨ ਜੋ ਉਹਨਾਂ ਨੂੰ ਇਹ ਹੜ੍ਹ ਵੱਲ ਧੱਕਣ ਲਈ ਜੁੰਮੇਵਾਰ ਹਨ। ਨਦੀ ਨਾਲਿਆਂ ਦੀ ਸਫਾਈ ਵਿਚ ਲਾਹਪ੍ਰਵਾਹੀ ਇਸ ਸਾਲ ਹੀ ਨਹੀਂ ਹੋਈ ਬਲਕਿ ਪਿਛਲੇ ਸਾਲ ਵੀ ਸਰਕਾਰ ਨੇ ਇਸ ਕੰਮ ਲਈ ਸਿਰਫ਼ 24 ਕਰੋੜ ਰੁਪਏ ਹੀ ਜਾਰੀ ਕੀਤੇ ਸਨ। ਜਦਕਿ ਇਸ ਲਈ ਹਰ ਸਾਲ 60 ਕਰੋੜ ਰੁਪਏ ਦੀ ਲੋੜ ਹੁੰਦੀ ਹੈ। ਅਜੇਹੀ ਹਾਲਾਤ 'ਚ ਹੁਣ ਆਮ ਜਨਤਾ ਕੀਹਦੇ ਮੂੰਹ ਵਾਲ ਵੇਖੇ।

# ਕੁੱਖ ਨਾ ਬਣੇ ਭਾੜੇ ਦਾ ਸੌਦਾ

ਕਿਰਾਏ ਦੀ ਕੁੱਖ ਯਾਨੀ ਸਰੋਗੇਟ ਭਾਵ ਇਵਜੀ ਮਾਤਰਿਤਵ ਨੂੰ ਕਾਨੂੰਨੀ ਦਾਇਰੇ 'ਚ ਲਿਆਉਣ ਦੀ ਤਿਆਰੀ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਸਰੋਗੇਟ ਮਾਤਾ ਯਾਨੀ ਕਿਰਾਏ ਤੇ ਕੁੱਖ ਦੇਣ ਵਾਲੀ ਔਰਤ ਦੀ ਸੇਵਾ ਉਦੋਂ ਹੀ ਲਈ ਜਾਂਦੀ ਹੈ, ਜਦ ਕੋਈ ਔਰਤ ਖੁਦ ਸੰਤਾਨ ਪੈਦਾ ਕਰਨ ਦੇ ਅਯੋਗ ਹੁੰਦੀ ਹੈ ਅਤੇ ਉਸ ਨੂੰ ਆਪਣਾ ਭਰੂਣ ਪਾਲਣ ਲਈ ਦੂਜੀ ਔਰਤ ਦੀ ਕੁੱਖ ਦੀ ਲੋੜ ਹੁੰਦੀ ਹੈ। ਇਸ ਮਸੌਦੇ ਨੂੰ ਪਿਛਲੇ ਦਿਨੀਂ ਦਿੱਲੀ 'ਚ ਹੋਈ ਇਕ ਮੀਟਿੰਗ 'ਚ ਬਾਲ ਤੇ ਮਹਿਲਾ ਵਿਕਾਸ ਮੰਤਰਾਲੇ, ਸਿਹਤ ਮੰਤਰਾਲੇ, ਇੰਡੀਅਨ ਕਾਊਸਲਿੰਗ ਆਫ ਮੈਡੀਕਲ ਰਿਸਰਚ ਤੇ ਵੱਖ-ਵੱਖ ਮਹਿਲਾ ਸੰਗਠਨਾਂ ਦੇ ਨੁਮਾਇਦੇ ਸ਼ਾਮਲ ਹਨ। ਇਸ ਮਸੌਦੇ 'ਤੇ ਕੋਈ ਗੰਭੀਰ ਸੁਆਲ ਤੇ ਚਿੰਤਾਵਾਂ ਉਭਰ ਕੇ ਸਾਹਮਣੇ ਆਈਆਂ ਹਨ। ਇਹ ਸਾਰਾ ਮਾਮਲਾ ਜਿੰਨੀ ਤੇਜ਼ੀ ਨਾਲ ਕਾਰੋਬਾਰੀ ਲੈਣ-ਦੇਣ ਦਾ ਹਿੱਸਾ ਬਣ ਗਿਆ। ਉਸ ਨਾਲ ਉਸ ਵਿੱਚ ਵੱਡੇ ਪੈਮਾਨੇ ਤੇ ਗਰੀਬ ਔਰਤਾਂ ਦੇ ਸ਼ੋਸ਼ਣ ਦਾ ਡਰ ਵਧਦਾ ਜਾ ਰਿਹੈ। ਇਸ ਨਾਲ ਜੁੜਿਆ ਇੱਕ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਅਨਾਥ ਬੱਚਿਆਂ ਦੀ ਫੌਜ ਵਾਲੇ ਭਾਰਤ ਵਰਗੇ ਦੇਸ਼ਾਂ ਵਿੱਚ ਗੋਦ ਲੈਣ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਬੱਚਿਆਂ ਵਿਚ ਆਪਣਾ ਅੰਸ਼ ਦੇਖਣ ਦੇ ਲਾਲਚ ਨੂੰ ਬਜ਼ਾਰ ਤੇ ਪ੍ਰਜਨਨ ਕਲੀਨਿਕ ਪੂਰਾ ਕਰ ਰਹੇ ਹਨ।

ਅਜੇ ਤੱਕ ਕਿਰਾਏ 'ਤੇ ਕੁੱਖ ਦਾ ਭਾਰਤ ਵਿੱਚ ਅਰਥ ਹੈ ਪ੍ਰਜਨਣ 'ਚ ਸਰੀਰਕ ਰੂਪ ਨਾਲ ਅਯੋਗ ਜੋੜੇ ਵੱਲੋਂ ਆਪਣਾ ਬੱਚਾ ਪੈਦਾ ਕਰਨ ਲਈ ਕਿਸੇ ਔਰਤ ਦੀ ਕੁੱਖ ਕਿਰਾਏ 'ਤੇ ਲੈਣਾ। ਮੂਲ ਰੂਪ 'ਚ ਤਾਂ ਇਸ ਵਿਧੀ ਦਾ ਵਿਕਾਸ ਵਿਗਿਆਨਕਾਂ ਨੇ ਉਹਨਾਂ ਔਰਤਾਂ ਨੂੰ ਰਾਹਤ ਪਹੁੰਚਾਉਣ ਲਈ ਕੀਤਾ ਸੀ ਜਿਹਨਾਂ ਦੀ ਅਪਾਣੀ ਕੁੱਖ ਜੈਵਿਕ ਕਾਰਨਾਂ ਕਰਕੇ ਬੱਚੇ ਦਾ ਵਿਕਾਸ ਕਰਨ ਦੇ ਯੋਗ ਨਹੀਂ ਹੁੰਦੀ। ਯਾਨੀ ਜਦ ਔਰਤ ਦਾ ਸਰੀਰ ਗਰਭਧਾਰਨ 'ਚ ਸਾਥ ਨਹੀਂ ਦਿੰਦਾ ਜਾਂ ਗਰਭ ਅਵਸਥਾ ਦੇ ਸ਼ੁਰੂਆਤੀ ਦੌਰ ਵਿਚ ਉਸ ਨੂੰ ਆਈ. ਵੀ. ਐਫ. ਯਾਨੀ ਇੱਕ ਵਿਟਰੋ ਫਰਟੀਲਾਈਜੇਸ਼ਨ ਕਿਹਾ ਜਾਦਾ ਹੈ। ਮਾਂ ਦੇ ਅੰਡੇ ਤਾਂ ਪਿਤਾ ਦੇ ਸੁਕਰਾਣੂਆਂ ਦਾ ਵਿਸ਼ੇਚਨ (ਫਰਟੀਲਾਈਜੇਸ਼ਨ) ਪ੍ਰਯੋਗਸ਼ਾਲਾ 'ਚ ਇੱਕ ਟੈਸਟ ਟਿਊਬ 'ਚ ਕਰਵਾਇਆ ਜਾਂਦਾ ਹੈ। ਕਈ ਵਾਰੀ ਤਾਂ ਮਾਂ ਦਾ ਡਿੰਬ ਨਾ ਮਿਲਣ ਦੀ ਸੂਰਤ 'ਚ ਕਿਸੇ ਹੋਰ ਔਰਤ ਦਾ ਡਿੰਬ (ਅੰਡਾ) ਵੀ ਲਿਆ ਜਾਂਦਾ ਹੈ। ਇਸ ਵਿਸ਼ੇਚਨ ਨਾਲ ਤਿਆਰ ਹੋਣ ਵਾਲੇ ਭਰੂਣ ਨੂੰ ਖੁਦ ਮਾਂ ਦੀ ਕੁੱਖ ਥਾਂ ਤੇ ਕਿਰਾਏ ਦੀ ਕੁੱਖ ਯਾਨੀ ਇਵਾਜ਼ੀ ਮਾਂ ਦੀ ਬੱਚੇਦਾਨੀ ਨੂੰ ਸਥਾਪਤ ਕਰ ਦਿੱਤਾ ਜਾਂਦਾ ਹੈ। ਬੱਚਾ ਖੁੱਲੀ ਹਵਾ 'ਚ ਸਾਹ ਲੈਣ ਤੋਂ ਪਹਿਲਾਂ ਤੱਕ ਦਾ ਸਾਰਾ ਸਮਾਂ ਉਸ ਕੁੱਖ ਵਿਚ ਗੁਜਾਰਦਾ ਹੈ। ਜਿਹੋ ਜਿਹਾ ਕਿ ਜਿਵੇਂ ਆਮ ਗਰਭ ਅਵਸਥਾ ਵਿੱਚ ਹੁੰਦਾ ਹੈ। ਸੰਸਾਰ 'ਚ ਭਾਰਤ ਨੂੰ ਛੱਡ ਕੇ ਕਿਧਰੇ ਵੀ ਇਸ ਪੂਰੇ ਅਮਲ 'ਚ ਪੈਸੇ ਦਾ ਲੈਣ-ਦੇਣ ਸ਼ਾਮਲ ਨਹੀਂ ਹੈ।

ਸਾਰੇ ਦੇਸ਼ਾਂ ਵਿੱਚ ਇਵਜੀ ਇਹ ਕੰਮ ਸਵੈ-ਇੱਛਾ ਨਾਲ ਦਇਆ ਜਾਂ ਸਹਾਰਾ ਭਾਵਨਾ ਨਾਲ ਕੀਤਾ ਜਾਂਦਾ ਹਾਂ। ਪੈਸੇ ਲਈ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਇਸ

ਵਿਚ ਕੋਈ ਵਿਚੋਲਾ ਜਾਂ ਏਜੰਟ ਸ਼ਾਮਲ ਹੁੰਦਾ ਹੈ। ਭਾਰਤ ਵਿੱਚ ਉਲਟ ਹੋ ਰਿਹਾ ਹੈ ਅਤੇ ਇਸ ਲਈ ਬਕਾਇਦਾ ਇਸ਼ਤਿਹਾਰਬਾਜੀ ਕੀਤੀ ਜਾ ਰਹੀ ਹੈ। ਵੱਖਰੇ ਕਲੀਨਿਕ ਬਣ ਗਏ ਹਨ। ਗੁਜਰਾਤ ਦੇ ਆਣਕ-ਖੇੜਾ ਇਲਾਕੇ ਨੂੰ ਕਿਰਾਏ ਦੀ ਕੁੱਖ ਦੀ ਰਾਜਧਾਨੀ ਵਜੋਂ ਮੰਨਿਆ ਜਾਂਦਾ ਹੈ। ਪ੍ਰਸਤਾਵਿਤ ਬਿੱਲ ਦੇ ਮਸੌਦਾ ਦਸਤਾਵੇਜ਼ 'ਤੇ ਚਰਚਾ ਕਰਨ ਤੋਂ ਪਹਿਲਾਂ ਕੁਝ ਉਦਾਹਰਣਾ 'ਤੇ ਨਜ਼ਰ ਮਰੀਏ ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਸਮੇਂ ਕਿਸ ਬੇਮੁਹਾਰੇ ਢੰਗ ਨਾਲ ਗਰੀਬ ਤੇ ਘੱਟ ਉਮਰ ਦੀਆਂ ਲੜਕੀਆਂ ਦੇ ਨਾਲ ਖਿਲਵਾੜ ਹੋ ਰਿਹਾ ਹੈ।

1. ਬੰਗਲੌਰ ਦੀ ਇੱਕ ਮਸ਼ਹੂਰ ਆਈ. ਟੀ. ਫਰਮ 'ਚ ਕੰਮ ਕਰਨ ਵਾਲੀ ਸ਼ਵੇਤਾ (ਬਦਲਿਆ ਹੋਇਆ ਨਾਂ) ਨੇ ਦੱਸਿਆ ਕਿ ਕਿਉਂਕਿ ਉਹ ਬੱਚਾ ਪੈਦਾ ਕਰਨ ਲਈ ਆਪਣੇ ਕੈਰੀਅਰ 'ਚ ਅੜਿੱਕਾ ਨਹੀਂ ਪਾਉਣਾ ਚਾਹੁੰਦੀ ਸੀ, ਇਸ ਲਈ ਉਸ ਨੇ ਸਰੋਗੇਟ ਮਾਂ (ਕਿਰਾਏ ਦੀ ਕੁੱਖ) ਰਾਹੀਂ ਆਪਣਾ ਬੱਚਾ ਪੈਦਾ ਕਰਵਾਇਆ। ਜਦ ਉਸ ਤੋਂ ਪੁੱਛਿਆ ਗਿਆ ਕਿ ਇਸ ਦੀ ਬਜਾਏ ਉਸ ਨੇ ਬੱਚਾਂ ਗੋਦ ਲੈਣ ਦੇ ਵਿਕਲਪ ਬਾਰੇ ਕਿਉਂ ਨਹੀਂ ਸੋਚਿਆ ਤਾਂ ਉਸ ਨੇ ਫਟਾਫਟ ਕਿਹਾ ਆਪਣਾ ਅੰਸ਼ ਵੀ ਤਾਂ ਬੱਚੇ ਵਿੱਚ ਹੋਣਾ ਚਾਹੀਦਾ ਹੈ।

2. ਨੋਇਡਾ 'ਚ ਰਹਿਣ ਵਾਲੀ ਪਾਰੁਲ (ਬਦਲਿਆ ਹੋਇਆ ਨਾਂ) ਨੇ ਬਹੁਤ ਸਹਿਜਤਾ ਨਾਲ ਮੰਨਿਆ ਕਿ ਉਹ ਦੋ ਵਾਰੀ ਕਿਰਾਏ 'ਤੇ ਕੁੱਖ ਅਮਰੀਕਾ 'ਚ ਵਸੇ ਇੱਕ ਪ੍ਰਵਾਸੀ ਭਾਰਤੀ ਜੋੜੇ ਨੂੰ ਦੇ ਚੁੱਕੀ ਹੈ। ਪਹਿਲੀ ਵਾਰ 'ਚ ਪ੍ਰਯੋਗ ਸਫਲ ਨਹੀਂ ਹੋਇਆ ਜਦ ਕਿ ਦੂਜੀ ਵਾਰੀ ਲੜਕੀ ਹੋਈ। ਇਸ ਬਦਲੇ ਉਸ ਨੂੰ ਕਰੀਬ 3.5 ਲੱਖ ਰੁਪਏ ਮਿਲੇ। ਜਿਸ ਦੀ ਉਸ ਨੂੰ ਆਪਣੇ ਬੱਚੇ ਦੀ ਪੜ੍ਹਾਈ ਅਤੇ ਕਰਜਾ ਚੁਕਾਉਣ ਲਈ ਸਖ਼ਤ ਲੋੜ ਸੀ। ਹਾਲਾਂਕਿ ਉਸ ਨੇ ਮੰਨਿਆ ਸ਼ੁਰੂ 'ਚ ਬਹੁਤ ਦਿੱਕਤ ਹੁੰਦੀ ਸੀ ਬੱਚਾ ਦੁੱਧ ਨਹੀਂ ਛੱਡਦਾ ਸੀ। ਮੈਂ ਬਹੁਤ ਹੀ ਪ੍ਰੇਸ਼ਾਨ ਹੋ ਜਾਂਦੀ ਸੀ। ਫਿਰ ਪੱਥਰ ਰੱਖ ਲਿਆ, ਅਮੀਰੀ 'ਚ ਪਲੇਗਾ।' ਆਸ ਪਾਸ ਥੋੜੀ ਬਹੁਤ ਤਿਰਛੀ ਨਜ਼ਰ ਵੇਖਣ 'ਤੇ ਨਜ਼ਰ ਆਉਂਦਾ ਹੈ ਕਿ ਬਹੁਤ ਤੇਜ਼ੀ ਨਾਲ ਇਸ ਰਿਵਾਜ਼ ਨੂੰ ਗਰੀਬ ਔਰਤਾਂ ਨਾਲ ਮੱਧ ਵਰਗ ਤੱਕ ਦੀਆਂ ਘੱਟ ਉਮਰ ਦੀਆਂ ਲੜਕੀਆਂ ਵਿਚਕਾਰ ਵਿਕਲਪਿਕ ਆਮਦਨ ਰਾਹੀਂ ਵਿਕਸਤ ਕੀਤਾ ਜਾ ਰਿਹਾ ਹੈ। ਕਿਰਾਏ ਦੀ ਕੁੱਖ ਰਾਹੀਂ ਵਿਦੇਸ਼ਾਂ 'ਚ ਵਸੇ ਬਾਂਝ (ਬੇਔਲਾਦ) ਭਾਰਤੀਆਂ ਲਈ ਇੱਕ ਬਜ਼ਾਰ ਬਣਾਇਆ ਜਾ ਰਿਹਾ ਹੈ। ਇਸ ਲਈ ਖੁੱਲੇਆਮ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ। ਜਿਸ ਵਿੱਚ ਸ਼ਾਦੀ ਦੇ ਇਸ਼ਤਿਹਾਰਾਂ ਵਾਗੂੰ ਬਕਾਇਦਾ ਲਿਖਿਆ ਹੁੰਦਾ ਹੈ ਕਿ ਸਰਗੋਟ ਮਾਂ ਗੋਰੀ-ਸੁੰਦਰ-ਪੜੀ ਲਿਖੀ ਤੇ ਹੁਨਰਮੰਦ ਹੈ। ਸਾਲ 2005 'ਚ ਇਸ ਪ੍ਰਸੰਗ 'ਚ ਸਿਹਤ ਮੰਤਰਾਲੇ ਤੇ ਭਾਰਤੀ ਮੈਡੀਕਲ ਖੋਜ ਪ੍ਰੀਸ਼ਦ ਵੱਲੋਂ ਤਿਆਰ ਦਿਸ਼ਾ-ਨਿਰਦੇਸ਼ਾਂ ਦੀ ਇਹ ਸਰਾਸਰ ਉਲੰਘਣਾ ਹੈ। ਇਸ ਬੇ-ਲਗਾਮ ਬਜ਼ਾਰ ਨੂੰ ਕੰਟਰੋਲ ਕਰਨ ਅਤੇ ਔਰਤ ਦੀ ਸਿਹਤ ਤੇ ਪੈਦਾ ਹੋਣ ਵਾਲੇ ਬੱਚੇ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਇੱਕ ਕਾਨੂੰਨ ਦੀ ਮੰਗ ਲੰਮੇ ਸਮੇਂ ਤੋਂ ਉਠ ਰਹੀ ਸੀ। ਇਸ ਲੜੀ 'ਚ ਇਸ ਮਸੌਦੇ ਨੂੰ ਤਿਆਰ ਕੀਤਾ ਗਿਆ ਅਤੇ ਸਿਹਤ ਮੰਤਰਾਲੇ ਦੀ ਮੰਨੀਏ ਤਾਂ ਜਲਦੀ ਹੀ ਇਸ ਨੂੰ ਵੈਬਸਾਈਟ 'ਤੇ ਪਾ ਦਿੱਤਾ ਜਾਵੇਗਾ। ਡਾ. ਆਰ. ਐਸ. ਸ਼ਰਮਾ ਵੱਲੋਂ ਤਿਆਰ ਕੀਤੇ ਗਏ ਇਸ ਮਸੌਦੇ ਦੇ ਸ਼ੁਰੂ

ਮਹਾਂਭਾਰਤ 'ਚ ਸਰੋਗੇਟ ਮਾਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਨਾਲ ਵਸੁਦੇਵ ਅਤੇ ਦੇਵਕੀ ਲਈ ਰੋਹਿਣੀ ਨੇ ਇਹ ਭੂਮਿਕਾ ਨਿਭਾਈ ਅਤੇ ਬਲਰਾਮ ਦਾ ਜਨਮ ਹੋਇਆ।

ਪ੍ਰਸਤਾਵਿਤ ਬਿੱਲ ਦੇ ਮਸੌਦੇ 'ਚ ਵਰਤੇ ਗਏ ਕਈ ਸ਼ਬਦਾਂ ਅਤੇ ਵਿਵਸਥਾਵਾਂ 'ਤੇ ਔਰਤ ਜਥੇਬੰਦੀਆਂ ਜਨ ਸਿਹਤ ਮਾਹਰਾਂ ਤੇ ਕਾਨੂੰਨੀ ਜਾਣਕਾਰਾਂ ਨੂੰ ਸਖ਼ਤ ਇਤਰਾਜ ਹਨ। ਮਸੌਦੇ ਇਤਰਾਜ ਹਨ। ਮਸੌਦੇ ਵਿੱਚ ਸਰੋਗੇਸੀ ਦੀ ਵਿਆਖਿਆ ਕਰਦਿਆਂ ਕਿਹਾ ਗਿਆ ਹੈ ਕਿ ਇਸ ਨੂੰ ਆਮ ਤੌਰ 'ਤੇ ਉਹਨਾਂ ਰੋਗੀਆਂ ਲਈ ਮੰਨਿਆ ਜਾਏਗਾ ਜਿਹਨਾਂ ਲਈ ਸਰੀਰਕ ਜਾਂ ਡਾਕਟਰੀ ਤੌਰ 'ਤੇ ਬੱਚਾ ਪੈਦਾ ਕਰਨ ਨਾ ਇਛੁਕ ਅਸੰਭਵ ਹੈ। ਇਸ ਦੇ ਨਾਲ-ਨਾਲ ਇਵਜੀ ਮਾਤਰਿਤਵ ਦੇ ਪ੍ਰਸੰਗ 'ਚ ਅਧਿਕਾਰ ਤੇ ਫਰਜ਼ ਦੇ ਅਧਿਆਇ ਮਿਲ ਸਕਦਾ ਹੈ।' ਅਣਇਛਕ ਸ਼ਬਦ ਤੇ ਆਰਥਕ ਮੁਆਵਜ਼ੇ ਦਾ ਵਿਰੋਧ ਹੋ ਰਿਹਾ ਹੈ। ਅਣਇਛਕ ਸ਼ਬਦ ਦਾ ਵਿਰੋਧ ਕਰਨ ਵਾਲੇ ਇਸ ਦੀ ਆੜ 'ਚ ਸਰੀਰਕ ਤੌਰ 'ਤੇ ਪ੍ਰਜਨਨ 'ਚ ਯੋਗ ਅਮੀਰ ਜੋੜਿਆਂ (ਦੇਸ਼ੀ-ਵਿਦੇਸ਼ੀ) ਵੱਲੋਂ ਦੇਸ਼ ਦੀਆਂ ਗਰੀਬ ਔਰਤਾਂ ਕੀਤੇ ਜਾਣ ਦਾ ਡਰ ਦਰਸਾ ਰਹੇ ਹਨ। ਇਸ ਬਾਰੇ ਵਕੀਲਾਂ ਦੀ ਇੱਕ ਜਥੇਬੰਦੀ ਲਾਇਰਜ਼ ਕਲੈਕਟਿਵ ਦੀ ਅਸਿਮਤਾ ਦਾ ਕਹਿਣਾ ਹੈ ਕਿ ਬਾਂਝ-ਨਾਇਛਕ ਸ਼ਬਦ ਬਹੁਤ ਇਤਰਾਜ਼ਯੋਗ ਹੈ ਕਿਉਂਕਿ ਇਹ ਸਰੋਗੇਸੀ ਦਾ ਮੂਲ ਉਦੇਸ਼ ਨੂੰ ਹੀ ਖਾਰਜ ਕਰ ਦਿੰਦਾ ਹੈ। ਇਸ ਤਕਨੀਕ ਦਾ ਵਿਕਾਸ ਉਹਨਾਂ ਜੋੜਿਆਂ ਲਈ ਕੀਤਾ ਗਿਆ ਹੈ ਕਿ ਜੋ ਸਰੀਰਕ ਜਾਂ ਡਾਕਟਰੀ ਵਜੋਂ ਪ੍ਰਜਨਨ ਕਰਨ 'ਚ ਅਯੋਗ ਹੈ ਜਦ ਕਿ ਨਾਇਛੁਕ ਸ਼ਬਦ ਉਹਨਾਂ ਨਾ ਚਾਹੁਣ ਵਾਲੇ ਲੋਕਾਂ ਲਈ ਵਿਧਾਨਿਕ ਰਾਸਤਾ ਖੁੱਲ ਜਾਵੇਗਾ ਜੋ ਪੈਸੇ ਦੇ ਜ਼ੋਰ 'ਤੇ ਔਰਤ ਦੀ ਕੁੱਖ (ਬੱਚੇਦਾਨੀ) ਕਿਰਾਏ 'ਤੇ ਲੈਣਾ ਆਪਣਾ ਸੁਗਲ ਸਮਝਣ ਲਗਣਗੇ।

ਮਸੌਦੇ 'ਚ ਇਹ ਵੀ ਕਿਹਾ ਗਿਆ ਹੈ ਕਿ ਕੋਈ ਵੀ ਇਵਜੀ ਮਾਂ ਤਿੰਨ ਵਾਰੀ ਤੋਂ ਵੱਧ ਸਫਲ ਜਾਣੇਪਾ (ਇਸ ਤਕਨੀਕ ਰਾਹੀਂ) ਨਹੀਂ ਕਰੇਗੀ। ਇਹ ਵਿਵਸਥਾ ਵੀ ਦਿੱਕਤ ਪੂਰਨ ਹੈ, ਕਿਉਂਕਿ ਇਵਜੀ ਮਾਂ ਬਣਨ ਲਈ ਜ਼ਰੂਰੀ ਹੈ ਕਿ ਉਹ ਪਹਿਲਾਂ ਮਾਂ ਹੋਵੇ ਅਤੇ ਸਰੋਗੇਸੀ ਰਾਹੀਂ ਸਫਲਤਾਪੂਰਵਕ ਤਿੰਨ ਵਾਰੀ ਮਾਂ ਬਣਨ ਦੀ ਇਜਾਜ਼ਤ ਦੇਣ ਦਾ ਮਤਲਬ ਹੋਵੇਗਾ ਕਿ ਉਸ ਔਰਤ ਨੂੰ 5-6 ਵਾਰੀ ਗਰਭਧਾਰਨਾ ਪਵੇਗਾ। ਇਸ ਬਾਰੇ ਮਹਿਲਾ ਜਥੇਬੰਦੀ ਸਾਮਾ ਦੀ ਸਰੋਜਨੀ ਦਾ ਕਹਿਣਾ ਹੈ 'ਸਰੋਗੇਸੀ 'ਚ 30 ਫੀਸਦੀ ਕੇਸਾਂ 'ਚ ਹੀ ਸਫਲਤਾ ਮਿਲਦੀ ਹੈ ਯਾਨੀ 70 ਕੇਸ ਅਸਫਲ ਹੁੰਦੇ ਹਨ। ਕਾਨੂੰਨ ਤਿੰਨ ਸਫਲ ਪ੍ਰਜਨਨ ਦੀ ਵਿਵਸਥਾ ਔਰਤਾਂ ਨੂੰ ਅਣਗਿਣਤ ਵਾਰੀ ਗਰਭਾਰਨ ਲਈ ਧੱਕੇਗਾ, ਜੋ ਖਤਰਨਾਕ ਹੋਵੇਗਾ। ਇਸ ਲਈ ਜ਼ਰੂਰੀ ਹੈ ਕਿ ਪ੍ਰਸਤਾਵਿਤ ਕਾਨੂੰਨ 'ਚ ਅਜਿਹੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ ਤੇ ਸਪੱਸ਼ਟ ਭਾਸ਼ਾ ਲਿਖੀ ਜਾਵੇ। ਪ੍ਰਸਤਾਵਿਤ ਬਿੱਲ 'ਚ ਲਿਖਿਆ ਗਿਆ ਹੈ ਕਿ 21 ਸਾਲ ਤੋਂ ਘੱਟ ਤੇ 45 ਸਾਲ ਤੋਂ ਵੱਧ ਉਮਰ ਦੀ ਔਰਤ ਇਵਜੀ ਮਾਂ ਬਣਨ ਯੋਗ ਨਹੀਂ ਹੈ। ਇਸ ਦਾ ਪਾਲਣ ਹੋਣ ਨਾਲ ਘੱਟੋ-ਘੱਟ ਇਸ ਸਮੇਂ ਜਿਸ ਤਰ੍ਹਾਂ ਘੱਟ ਉਮਰ ਦੀ ਔਰਤ ਇਵਜੀ ਮਾਂ ਬਣਨ ਯੋਗ ਨਹੀਂ ਹੈ। ਇਸ ਦਾ ਪਾਲਣ ਹੋਣ ਨਾਲ ਘੱਟੋ-ਘੱਟ ਇਸ ਸਮੇਂ ਜਿਸ ਤਰ੍ਹਾਂ ਘੱਟ ਉਮਰ ਦੀਆਂ ਲੜਕੀਆਂ ਸਿਰੋਗੇਟ ਮਾਂ ਬਣ ਰਹੀਆਂ ਹਨ, ਉਸ

ਤੇ ਕੁਝ ਲਗਾਮ ਕਸੀ ਜਾ ਸਕੇਗੀ। ਮਸੌਦੇ ਅਨੁਸਾਰ ਸਰੋਗੇਟੀ 'ਚ ਪੈਦਾ ਹੋਏ ਬੱਚੇ ਦੇ ਜਨਮ ਪ੍ਰਮਾਣ ਪੱਤਰ 'ਚ ਉਸ ਦੇ ਅਣੂਵਾਂਸਿਕ ਮਾਤਾ-ਪਿਤਾ ਦਾ ਨਾਂ ਹੋਣਾ ਚਾਹੀਦਾ ਹੈ। ਇਸ 'ਚ ਵੀ ਇਕ ਦਾਅ ਪੇਚ ਹੈ। ਕਈ ਕੇਸਾਂ ਵਿੱਚ ਡਿੰਬ ਜਾਂ ਸੁਕਰਾਣੂ ਬਾਹਰੋਂ ਲਿਆ ਜਾਂਦਾ ਹੈ ਅਤੇ ਉਸ ਦੀ ਪਹਿਚਾਣ ਗੁਪਤ ਹੁੰਦੀ ਹੈ। ਨਾਲ ਹੀ ਬਹੁਤੀਆਂ ਇਵਜੀ ਮਾਵਾਂ ਆਪਣੀ ਪਹਿਚਾਣ ਛੁਪਾਈ ਰੱਖਣਾ ਚਾਹੁੰਦੀਆਂ ਹਨ ਅਤੇ ਇਹ ਵਿਵਸਥਾ ਬੇਇਮਾਨੀ ਹੈ। ਕੁਲਹਿੰਦ ਜਮਹੂਰੀ ਔਰਤ ਸੰਮਤੀ (ਇਛਵਾ) ਦੀ ਸਕੱਤਰ ਸੁਧਾ ਨੇ ਸਿਰੋਗੇਟ ਮਾਤਰਿਤਵ ਨੂੰ ਮੈਡੀਕਲ ਸੈਰ ਸਪਾਟਾ ਵਧਣ ਨਾਲ ਜੋੜਣ ਦਾ ਵਿਰੋਧ ਕੀਤਾ ਹੈ। ਉਹਨਾਂ ਕਿਹਾ ਕਿ ਪ੍ਰਸਤਾਵਿਤ ਬਿੱਲ 'ਚ ਇਵਜੀ ਮਾਂ ਦੀ ਸਿਹਤ ਤੇ ਭਵਿੱਖ ਦੀ ਸੁਰੱਖਿਆ ਦੀਆਂ ਲੋੜੀਂਦੀਆਂ ਵਿਵਸਥਵਾਂ ਨਹੀਂ ਹਨ।

ਇਸ ਦੇ ਨਾਲ ਹੀ ਪ੍ਰਜਨਨ ਯੋਗਤਾ ਸਬੰਧੀ ਜੋ ਸਮਾਜਕ ਦਬਾਅ ਔਰਤਾਂ ਝੱਲਦੀਆਂ ਹਨ ਉਹਨਾਂ ਨੂੰ ਤੋੜਨ ਦੀ ਲੋੜ ਹੈ। ਅਜੇਹਾ ਹੀ ਮੰਨਣਾ ਹੈ ਜਨ ਸਿਹਤ ਵਿਸ਼ਿਆਂ 'ਤੇ ਲੰਮੇ ਸਮੇਂ ਤੋਂ ਸਰਗਰਮ ਪ੍ਰੋ-ਇਮਰਾਨਾ ਕਾਰ ਦਾ। ਇਮਰਾਨਾ ਅਨੁਸਾਰ ਕੁੱਖ ਕਿਰਾਏ 'ਤੇ ਲੈਣਾ ਹੀ ਔਰਤ ਦਾ ਸ਼ੋਸ਼ਣ ਹੈ ਤੇ ਉਸ ਦੇ ਵਿਅਕਤੀਤਵ ਦੀ ਮਾਨਹਾਨੀ ਕਰਨ ਵਾਲਾ ਹੈ। ਸਿੱਧੀ ਜਿਹੀ ਗੱਲ ਹੈ ਕਿ ਜਦ ਦੇਸ਼ ਵਿੱਚ ਅੰਗ ਬਦਲੀ ਸਬੰਧੀ ਸਖ਼ਤ ਕਾਨੂੰਨ ਹੈ ਜੋ ਕਿਸੇ ਵੀ ਤਰ੍ਹਾਂ ਦੇ ਕਾਰੋਬਾਰੀ ਲੈਣ-ਦੇਣ ਨੂੰ ਅਪਰਾਧ ਮੰਨਦਾ ਹੈ ਤਦ ਔਰਤ ਦੀ ਕੁੱਖ ਨੂੰ ਕੁਝ ਪੈਸਿਆਂ ਲਈ ਖਰੀਦਣ ਤੇ ਰੋਕ ਲਈ ਪ੍ਰਸਤਾਵਿਤ ਕਾਨੂੰਨ 'ਚ ਸੁਧਾਰ ਦੀ ਮੰਗ ਜਾਇਜ਼ ਲੱਗਦੀ ਹੈ, ਕਿਉਂਕਿਕੁੱਖ ਦਾ ਕਾਰੋਬਾਰੀ ਲੈਣ-ਦੇਣ ਵੀ ਉਨ੍ਹਾਂ ਹੀ ਅਪਰਾਧ ਹੋਣਾ ਚਾਹੀਦਾ ਹੈ ਜਿੰਨ੍ਹਾਂ ਕਿਸੇ ਮਨੁੱਖੀ ਅੰਗ ਦਾ ਲੈਣ-ਦੇਣ।

# ਰਾਇਲਟੀ ਸ਼ੋਅ

'ਬੇਵਰਲੇ ਹਿਲਜ ਵਾਲੇ ਆਪਣਾ ਕੂੜਾ ਕਰਕਟ ਸੁੱਟਦੇ ਨਹੀਂ ਉਸ ਤੋਂ ਟੈਲੀਵਿਜ਼ਨ ਸ਼ੋ ਤਿਆਰ ਕਰ ਲੈਂਦੇ ਹਨ।'

ਪ੍ਰਸਿੱਧ ਸਮਾਜ ਸਾਸ਼ਤਰੀ ਵੁੜੀਏਲਨ ਦਾ ਇਹ ਕਥਾਨ ਭਾਰਤੀ ਟੀ. ਵੀ. ਪ੍ਰੋਗਰਾਮ 'ਤੇ ਬਿਲੁਕਲ ਖਰਾ ਉਤਰਦਾ ਹੈ। ਇਹ ਉਸਦਾ ਪੈਕੇਜਿੰਗ ਪ੍ਰੋਸੈਸਿੰਗ 'ਤੇ ਪਬਲਸਿਟੀ ਦਾ ਜ਼ਮਾਨਾ ਹੈ ਤਾਂ ਹੀ ਤਾਂ ਬਹੁਕੌਮੀ ਕੰਪਨੀਆਂ 10 ਪੈਸੇ ਦੇ ਆਲੂ ਵੀਹ ਰੁਪਏ 'ਚ ਵੇਚਦੀਆਂ ਹਨ। ਭਾਰਤੀ ਟੀ. ਵੀ. ਬਜ਼ਾਰ ਮਾਰਕਿਟਿੰਗ 'ਚ ਇਸ ਫੰਡੇ ਨੂੰ ਸਮਝ ਲਿਆ ਹੈ। ਜਿਉਂ ਹੀ ਸੋਪ ਉਪੇਰਿਆਂ 'ਚ ਸੱਸ ਬਹੂ ਦੀ ਝੱਗ ਘਟੀ ਹੈ। ਉਹਨਾਂ ਨੇ ਰਿਆਟਿਲਟੀ ਸ਼ੋ ਦਾ ਰੁੱਖ ਕਰ ਲਿਆ। ਹੁਣ ਹਾਲਤ ਇਹ ਹੈ ਕਿ ਕਬਾੜ ਅਮਰੀਕੀ ਪ੍ਰੋਗਰਾਮਾਂ ਦੀ 'ਰੀ ਸਾਈਕਲਿੰਗ' ਕਰਕੇ ਰਿਆਇਲਟੀ, ਟਾਕ ਐਂਡ ਟਲੈਂਟ ਸ਼ੋ ਤਿਆਰ ਕਰਨ 'ਚ ਟੀ. ਵੀ. ਗੁਰੂਆਂ ਦੀ ਮੁਹਾਰਤ ਹਾਸਲ ਕਰ ਲਈ ਹੈ। ਸੱਸ ਬਹੂ, ਸਾਜਿਸਾਂ, ਭੂਤ-ਪਿਸਾਚ ਵਗੈਰਾ ਨੇਪਥ 'ਚ ਜਾ ਰਹੇ ਹਨ। ਚਾਂਦੀ ਕੁੱਟ ਰਿਹਾ ਹੈ ਰਿਇਲਟੀ ਬਜਾਰ ਚਾਰ ਸੌ ਕਰੋੜ ਰੁਪਏ ਤੋਂ ਉਪਰ ਜਾ ਪਹੁੰਚੇ ਇਸ ਕਾਰੋਬਾਰ 'ਤੇ ਕਬਜਾ ਕਰਨ ਦੇ ਲਈ ਚੈਨਲਾਂ ਵਿੱਚ ਗਲਵੱਢ ਮੁਕਾਬਲਾ ਚੱਲ ਰਿਹਾ ਹੈ। ਤਰ੍ਹਾਂ ਤਰ੍ਹਾਂ ਦੇ ਟੋਟਕੇ ਅਜਮਾਏ ਜਾ ਰਹੇ ਹਨ। ਰੀਇਲਟੀ ਯਾਨੀ ਅਸਲੀਅਤ ਦੇ ਨਾਂ 'ਤੇ ਚੱਲਣ ਵਾਲੇ ਇਹਨਾਂ ਸ਼ੋਆਂ 'ਚ ਸਭ ਕੁਝ ਨਕਲੀ ਹੈ, ਅਸਲੀ ਹੈ ਤਾਂ ਬੱਸ ਪੈਸਾ। ਜੱਜ ਅਸਲੀ ਹਨ ਪਰ ਉਹਨਾਂ 'ਚ ਹੋਣ ਵਾਲੀ ਤਕਰਾਰ ਅਤੇ ਤੂੰ-ਤੂੰ, ਮੈਂ-ਮੈਂ ਨਕਲੀ ਹੈ। ਇੰਲਿਮੀਨੇਟ ਕੀਤੇ। ਗਏ ਕਲਾਕਾਰਾਂ ਦੇ ਹੰਝੂ ਤੇ ਹਿਚਕੀਆਂ ਅਸਲੀ ਹਨ ਪਰ ਉਹਨਾਂ ਨੂੰ ਕੀਤੇ ਗਏ ਕਲਾਕਾਰਾਂ ਦੇ ਹੰਝੂ ਤੇ ਹਿਚਕੀਆਂ ਅਸਲੀ ਹਨ ਪਰ ਉਹਨਾਂ ਨੂੰ ਦਿਲਾਸਾ ਦੇਣ ਵਾਲੇ ਹੱਥ ਨਕਲੀ ਹਨ ਕਿਉਂਕਿ ਉਹ ਖਾਤਮੇ (ਇਲੀਮੀਨੇਸ਼ਨ) ਦੀ ਵੀ ਮਾਰਕਟਿੰਗ ਕਰਕੇ ਆਪਣੇ ਪ੍ਰੋਗਰਾਮ ਨੂੰ ਪ੍ਰਗਟ ਕਰਨੋਂ ਨਹੀਂ ਉਕਦੇ। ਇਹਨਾਂ ਪ੍ਰੋਗਰਾਮ 'ਚ ਹੋਣ ਵਾਲੀ ਕਰੋੜਾਂ ਦੀ ਕਮਾਈ ਅਸਲੀ ਹੈ ਪਰ ਨਵੇਂ ਕਲਾਕਾਰਾਂ ਨੂੰ ਮੰਚ ਮੁਹੱਈਆ ਕਰਵਾਉਣ ਦੇ ਦਾਅਵੇ ਨਕਲੀ ਹਨ। ਵਜਾਹ ਸਾਫ ਹੈ ਸ਼ਾਨ, ਸ਼੍ਰੇਆ ਘੋਪਾਲ ਅਤੇ ਸੁਨਿਧੀ ਚੌਹਾਨ ਵਰਗੇ ਮੁਠੀਭਰ ਆਰਟਿਸਟਾਂ ਨੂੰ ਛੱਡ ਦਿੱਤਾ ਜਾਏ ਤਾਂ ਟੇਲੈਂਟ ਹੰਟ ਨਾਲ ਜੁੜੇ ਵੱਖ-ਵੱਖ ਸੌ ਦੇ ਜ਼ਿਆਦਾਤਰ ਵਿਜੇਤਾ ਕੁਝ ਮਹੀਨਿਆਂ ਬਾਅਦ ਗੁਮਨਾਮੀ ਦੇ ਹਨੇਰੇ 'ਚ ਧੱਕ ਦਿੱਤੇ ਗਏ। ਅੱਜ ਉਹਨਾਂ ਦਾ ਕੋਈ ਅਤਾ ਪਤਾ ਨਹੀਂ ਹੈ। ਦਰਅਸਲ ਸਾਰੀ ਖੇਡ ਪੈਸੇ ਦੀ ਹੈ। ਰਿਅਲਟੀ ਸੋ ਦੇ ਇਵੇਂਟ ਮੈਨੇਜਰ ਟੀ. ਵੀ. ਸੀਨ ਤੇ ਅਜੇਹਾ ਇੰਦਰਜਾਅ ਬੁਣਦੇ ਹਨ ਕਿ ਸਾਹਮਣੇ ਬੈਠਾ ਦਰਸ਼ਕ ਉਹਨਾਂ ਦੇ ਫੰਦੇ 'ਚ ਫਸ ਜਾਂਦਾ ਹੈ। ਲੱਖਾਂ ਤੋਂ ਲੈ ਕੇ ਕਰੋੜਾਂ ਦੇ ਇਨਾਮ ਵਾਲੇ ਇਹਨਾਂ ਪ੍ਰੋਗਰਾਮਾਂ ਦੀ ਮਾਰਕਿਟਿੰਗ ਨੂੰ ਕੁਝ ਅਜੇਹਾ ਆਕਾਰ ਦਿੱਤਾ ਜਾਂਦਾ ਹੈ ਕਿ ਸਭ ਕੁਝ ਚੈਨਲ ਦਾ ਹੁੰਦਾ ਹੈ। ਟੀ. ਆਰ. ਪੀ. ਵਧਾਉਣ ਦੀਆਂ ਸਾਰੀਆਂ ਤਰਕੀਬਾਂ ਵਿਚਕਾਰ ਐਸ. ਐਮ. ਐਸ. ਪਏ, ਇਸ ਲਈ ਖੇਤਰਵਾਦ ਦੇ ਜ਼ਹਿਰੀਲੇ ਬੀਜ ਬੀਜੇ ਜਾਂਦੇ ਹਨ। ਵਾਇਸ ਆਫ ਇੰਡੀਆ 'ਚ ਯੂ. ਪੀ. ਬਨਾਮ ਪੰਜਾਬ ਨੂੰ ਲੋਕ ਭੁੱਲੇ ਨਹੀਂ ਹਨ। ਅਸਲ

ਵਿੱਚ ਭਾਰਤ ’ਚ ਰਿਟਿਲਟੀ ਸ਼ੋ ਦੀ ਨੀਹ 90 ਦੇ ਦਹਾਕੇ ’ਚ ਜੀ-ਚੈਨਲ ਨੇ ਰੱਖੀ ਸੀ। ਤਿੰਨ ਸਤੰਬਰ 1993 ਨੂੰ ਜਦ ‘ਅੰਤਰਾਕਸ਼ੀ’ ਨੂੰ ਲਾਂਚ ਕੀਤਾ ਗਿਆ ਸੀ ਤਦ ਕਿਸੇ ਨੂੰ ਯਕੀਨ ਨਹੀਂ ਸੀ ਕਿ 600 ਏਪੀਸੋਡ ਦੇ ਨਾਲ ਇਹ ਪ੍ਰੋਗਰਾਮ ਦੇਸ਼ ਭਰ ’ਚ ਸਲਾਹਿਆ ਜਾਵੇਗਾ।

ਇਸ ਪਿਛੋਂ ‘ਸਾ-ਰੇ-ਗਾ-ਮਾ’ ਵੀ ਖਾਸ ਹਰਮਨ ਪਿਆਰਾ ਹੋਇਆ। ਇਹ ਉਹ ਦੌਰ ਸੀ, ਜਦ ਦੇਸ਼ ਵਿੱਚ ਸਿਰਫ ਟੀ. ਵੀ. ਸਿਸਟਮ ਦਾ ਪਸਾਰ ਹੋ ਰਿਹਾ ਸੀ, ਇਹਨਾਂ ਦੋਹਾਂ ਪ੍ਰੋਗਰਾਮਾਂ ਦੀ ਇੱਕ ਵੱਡੀ ਖ਼ੂਬੀ ਸੀ, ਇਹਨਾਂ ਦੇ ਕੰਸੇਪਟ ਦਾ ਸੁੱਧ ਭਾਰਤੀ ਹੋਣਾ।

ਪਿਛੋਂ ਸਾਲਾਂ ਬੱਧੀ ਕਿਤੇ ਕਤਾਈਂ ਰਿਆਲਿਟੀ ਸੋ ਆਉਂਦੇ ਰਹੇ, ਜਾਂਦੇ ਰਹੇ ਪਰ ਸਫਲਤਾ ਦੇ ਝੰਡੇ ਗੱਡੇ ‘ਕੌਣ ਬਣੇਗਾ ਕਰੋੜਪਤੀ-ਪਾਰਟ ਵੱਨ’ ਅਤੇ ਟਲੈਂਟ ਹੰਟ ਸੋ ‘ਇੰਡੀਅਨ ਆਈਡਲ’ ਨੇ। ਇਹ ਉਹ ਦੌਰ ਸੀ ਜਦ ‘ਸੱਸ ਬਹੂ ਆ’ ਅਤੇ ਸਾਜਿਸ਼ਾਂ’ ਕਮਾ ਕੇ ਟੀ. ਵੀ. ਪ੍ਰੋਡਿਊਸਰਾਂ ਅਤੇ ਚੈਨਲਾਂ ਦੀਆਂ ਤਿਜੌਰੀਆਂ ਭਰ ਰਹੀਆਂ ਸਨ। ਇਹੀ ਵਜਾਹ ਹੈ ਕਿ ਚੈਨਲਾਂ ਨੇ ਰਿਆਇਲਟੀ ਸ਼ੋ ’ਤੇ ਧਿਆਨ ਨਹੀਂ ਦਿੱਤਾ। ਏਕਤਾ ਕਪੂਰ ਅਤੇ ਉਹਨਾਂ ਦੇ ਫੈਮਿਲੀ ਡ੍ਰਾਮਾ ਫਾਰਮੂਲਿਆਂ ਨਾਲ ਜਦ ਲੋਕ ਉਭਰਨ ਲੱਗੇ ਤਦ ਕੰਪਨੀਆਂ ਨੇ ਰਿਇਲਟੀ ਸ਼ੋ ਵੱਲ ਸਿਫਟ ਹੋਣਾ ਸ਼ੁਰੂ ਕੀਤਾ।

ਅੱਜ ਆਲਮ ਇਹ ਹੈ ਕਿ ਰਿਇਲਟੀ ਤੇ ਟੇਲੈਂਟ ਜੰਟ ਨਾਲ ਜੁੜੇ ਪ੍ਰੋਗਰਾਮਾ ਦਾ ਕਾਰੋਬਾਰ ਦਿਨ-ਦੁੱਗਣੀ-ਰਾਤ ਚੌਗੁਣੀ ਛਾਲ ਮਾਰ ਰਿਹਾ ਹੈ। 2006 ’ਚ ਇਸ ‘ਧੰਦੇ’ ਨੇ 168 ਫੀਸਦੀ ਦਾ ਜੰਪ ਲਿਆ ਅਤੇ 2007 ਵਿੱਚ 225 ਕਰੋੜ ਦਾ ਕਾਰੋਬਾਰ ਹੋਇਆ। ਅੱਜ ਇਹਨਾਂ ਪ੍ਰੋਗਰਾਮਾਂ ਦਾ ਰਿਅਸਲ ਕਾਰੋਬਾਰ ਚਾਰ ਸੌ ਕਰੋੜ ਪਾਰ ਕਰ ਗਿਆ ਹੈ ਅਤੇ ਕਮਾਈ ਦਾ ਗਰਾਫ ਤੇਜੀ ਨਾਲ ਵਧਣ ਵੱਲ ਜਾ ਰਿਹਾ ਹੈ।

# ਹੜ੍ਹ ਦੀ ਕਰੋਪੀ

ਕਸਬਾ ਪਿੰਡ ਨੇਪਾਲ ਦੀ ਸਰਹੱਦ 'ਤੇ ਸਥਿਤ ਹੈ। ਇਸ ਪਿੰਡ 'ਚ ਕੋਸੀ ਨਦੀ ਦੀ ਜਲਧਾਰਾ ਨੂੰ ਕੰਟਰੋਲ ਕਰਨ ਲਈ 12.01 ਕਿ. ਮੀ. 'ਤੇ 12. 10 ਕਿ. ਮੀ. 'ਤੇ ਤੱਟ ਬੰਨ ਬਣੇ ਹਨ। 6 ਅਗਸਤ ਨੂੰ ਇਹਨਾਂ ਤੱਟ ਬੰਨਾ ਵਿਚ ਦਰਾੜ ਵੇਖੀ ਗਈ। ਬਿਹਾਰ ਜਲ ਸਾਧਨ ਵਿਭਾਗ ਦੇ ਚੀਫ ਇੰਜਨੀਅਰ ਈ. ਸਤਿਆ ਨਰਾਇਣ ਨੇ 9 ਅਗਸਤ ਨੂੰ ਫੈਕਸ ਭੇਜ ਕੇ ਇਹਨਾਂ 'ਚ ਦਰਾੜ ਪੈਣ ਦੀ ਸੂਚਨਾ ਕੋਸੀ ਪ੍ਰੋਜੈਕਟ ਦੇ ਲਾਈਨਿੰਗ ਇੰਜਨੀਅਰ ਅਰੁਣ ਕੁਮਾਰ ਨੂੰ ਭੇਜੀ। ਉਥੇ ਕੋਈ ਸੁਣਵਾਈ ਨਾ ਹੋਣ 'ਤੇ 14 ਅਗਸਤ ਨੂੰ ਉਹਨਾਂ ਨੇ ਫਿਰ ਫੈਕਸ ਭੇਜੀ ਪਰ ਕੋਈ ਗੰਭੀਰਤਾ ਨਹੀਂ ਦਿਖਾਈ ਗਈ। 15 ਅਗਸਤ ਨੂੰ ਉਹਨਾਂ ਦੇ ਦੁਬਾਰਾ ਭੇਜੇ ਗਏ ਪ੍ਰਤ 'ਤੇ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ ਤਾਂ ਉਹਨਾਂ ਨੇ 16 ਅਗਸਤ ਨੂੰ ਬਿਹਾਰ ਸਰਕਾਰ ਸਮੇਤ 11 ਅਧਿਕਾਰੀਆਂ ਨੂੰ ਟੈਲੀਗ੍ਰਾਮ ਭੇਜ ਕੇ ਕਿਹਾ ਕਿ ਹੁਣ ਵੀ ਪੁਖਤਾ ਕਦਮ ਨਹੀਂ ਉਠਾਇਆ ਗਿਆ ਜਾਂਦਾ ਹੈ ਤਾਂ ਕਿਸੇ ਵੱਡੀ ਤਬਾਹੀ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਪਿੱਛੋਂ 18 ਅਗਸਤ ਨੂੰ ਜੋ ਕੁਝ ਹੋਇਆ ਉਸ ਨੂੰ ਪੂਰੀ ਦੁਨੀਆਂ ਨੇ ਵੇਖਿਆ। ਉਤਰੀ ਤੇ ਮੱਧ ਬਿਹਾਰ ਦੇ 15 ਜ਼ਿਲਿਆਂ 'ਚ 1000 ਪਿੰਡ ਪਾਣੀ 'ਚ ਡੁੱਬ ਗਏ, ਜਿਨ੍ਹਾਂ ਦੀ ਜੇਬ 'ਚ ਦੇਣ ਲਈ 2000 ਰੁਪਏ ਸਨ, ਉਹ ਕਿਸ਼ਤੀਆਂ 'ਚ ਚੜ੍ਹ ਕੇ ਸੁਰੱਖਿਅਤ ਥਾਵਾਂ 'ਤੇ ਪੁੱਜ ਗਏ। ਜੋ ਨਹੀਂ ਦੇ ਸਕੇ ਉਹ ਡੁੱਬ ਕੇ ਮਰ ਗਏ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ 10 ਦਿਨਾਂ ਦਾ ਸਮਾਂ ਘੱਟ ਸੀ, ਬੰਨਾ ਦੀ ਮੁਰੰਮਤ ਲਈ? ਕੀ ਸਰਕਾਰੀ ਪ੍ਰਸ਼ਾਸਨ ਦਾ ਇਸ ਨੂੰ ਕੁਦਰਤੀ ਆਫਤ ਕਹਿਣਾ, (ਕਹਿ ਦੇਣਾ) ਕਿ ਕੋਸੀ ਆਪਣੇ 120 ਸਾਲਾ ਪੁਰਾਣੇ ਰਾਤ ਤੇ ਵਗਣ ਲੱਗੀ ਸੀ ਇਸ ਲਈ ਬਿਹਾਰ 'ਚ ਹੜ੍ਹ ਆਇਆ। ਕੋਈ ਝੂਠ ਨਹੀਂ ਦੇਸ਼ ਦੇ ਰਾਜਸੀ ਨੇਤਾ ਤੇ ਉੱਚ ਅਧਿਕਾਰੀ ਕਦੋਂ ਤਕ ਆਪਣੀ ਲਾਪਰਵਾਹੀ ਤੇ ਗੈਰ ਜੁੰਮੇਵਾਰੀ ਕਾਰਨ ਜਨਤਾ ਦੀ ਜਿੰਦਗੀ ਨਾਲ ਖਿਲਵਾੜ ਕਰਦੇ ਰਹਿਣਗੇ? 10 ਦਿਨਾਂ 'ਚ ਜੇ ਸਰਕਾਰ ਚਾਹੁੰਦੀ ਤਾਂ ਕੀ ਤੋਂ ਕੀ ਕਰ ਦਿੰਦੀ। ਤੱਟ ਬੰਨਾਂ ਦੀ ਮੁਰੰਮਤ ਹੋ ਸਕਦਾ ਸੀ ਨਵੇਂ ਬੰਨ ਬਣ ਸਕਦੇ ਸਨ। ਜਿਨਾਂ ਇਲਾਕਿਆਂ 'ਚ ਹੜ੍ਹ ਆਇਆ ਉਥੋਂ ਅਬਾਦੀ ਨੂੰ ਹਟਾ ਕੇ ਸੁਰੱਖਿਅਤ ਥਾਵਾਂ 'ਤੇ ਭੇਜਿਆ ਜਾ ਸਕਦਾ ਸੀ ਪਰ ਕਿਸੇ ਨੇ ਨਹੀਂ ਕੀਤਾ ਨਾ ਬਿਹਾਰ ਸਰਕਾਰ ਨੇ ਤੇ ਨਾ ਕੇਂਦਰ ਸਰਕਾਰ ਨੇ ਇਹ ਸਾਡਾ ਦੇਸ਼ ਹੀ ਹੈ ਜੋ ਸਰਕਾਰਾਂ ਨੂੰ ਇਸ ਤਰ੍ਹਾਂ ਦੀਆਂ ਲਾਹਪਰਵਾਹੀਆਂ ਵਰਤਣ ਦੀ ਛੁੱਟ ਦੇ ਕੇ ਜਨਤਾ ਨੂੰ ਭਿਅੰਕਰ ਤਰਾਸਦੀ 'ਚ ਧੱਕ ਦਿੰਦਾ ਹੈ। ਜਦ ਕੇਂਦਰ ਸਰਕਾਰ ਨੇ ਇਸ ਨੂੰ 'ਕੁਦਰਤੀ ਆਫਤ' ਐਲਾਨ ਕਰ ਦਿੱਤਾ ਹੈ ਸਰਕਾਰ ਸੈਨਾ ਤੇ ਗੈਰ ਸਰਕਾਰੀ ਸੰਗਠਨਾ ਵਲੋਂ ਚਲਾਏ ਜਾ ਰਹੇ ਰਾਹਤ ਕੰਮ 'ਆਟੇ 'ਚ ਲੂਣ ਸਾਬਤ ਹੋ ਰਹੇ ਹਨ।' ਪਹਿਲਾਂ ਲੋਕ ਹੜਾਂ 'ਚ ਮਾਰੇ ਗਏ ਹੁਣ ਲੋਕ ਗੰਦਾ ਪਾਣੀ ਪੀਣ ਦਵਾਈ ਤੇ ਭੋਜਨ ਨਾ ਮਿਲਣ ਕਰਕੇ ਮਰ ਰਹੇ ਹਨ ਬਿਹਾਰ ਦੇ ਸੁਪਾਲ ਤੇ ਸਹਿਰਸਾ ਜਿਲੇ 'ਚ 32 ਲੋਕ ਹੜ ਪਿਛੋਂ ਡਾਇਰੀਆਂ ਨਾਲ ਮਰ ਗਏ ਹਨ ਜਿਨ੍ਹਾਂ ਵਿਚ 18 ਬੱਚੇ ਹਨ। ਇਹ ਤਾਂ ਹਨ ਸਾਡੇ ਦੇਸ਼ ਦੇ ਹਾਲਤਾਂ ਦੇਸ਼ ਨੂੰ ਵਿਕਸਤ ਰਾਸ਼ਟਰ ਬਣਾਉਣ ਦੀ ਗੱਲ ਕਹਿਣ ਵਾਲਿਆਂ ਦੀ ਹਕੀਕਤਾਂ ਇਹ ਹੈ ਮਗਰਮੱਛ ਦੇ ਹੰਝ ਵਹਾਉਣ ਵਾਲਿਆਂ ਦੀ ਹਕੀਕਤ।

# ਕੀ ਮੰਦੀ ਦੇ ਦੌਰ 'ਚੋਂ ਗੁਜਰ ਰਿਹਾ ਹੈ ਹਵਾਈ ਉਡਾਣ ਉਦਯੋਗ?

ਆਰਥਿਕ ਮੰਦੇ ਦੀ ਮਾਰ ਨਾਲ ਜੇ ਕੋਈ ਖੇਤਰ ਸਭ ਤੋਂ ਵੱਧ ਜ਼ਖ਼ਮੀ ਹੈ ਤਾਂ ਉਹ ਹੈ ਹਵਾਈ ਉਡਾਣ ਉਦਯੋਗ। ਪਹਿਲੇ ਏਵੀਏਸ਼ਨ ਟ੍ਰਬਾਈਨ ਫਿਊਲ ਦੇ ਮੁੱਲ 'ਚ ਹੋਏ ਵਾਧੇ ਦਾ ਸਪੱਸ਼ਟ ਅਸਰ ਹਵਾਈ ਯਾਤਰਾ ਕਰਨ ਵਾਲਿਆਂ 'ਤੇ ਪਿਆ ਅਤੇ ਮੁਸਾਫਰਾਂ ਦੀ ਗਿਣਤੀ 10 ਫੀਸਦੀ ਘੱਟ ਗਈ। ਸਿੱਟੇ ਵਜੋਂ ਹਵਾਈ ਕੰਪਨੀਆਂ ਨੂੰ ਘਾਟੇ ਦਾ ਸ਼ਿਕਾਰ ਹੋਣਾ ਪਿਆ। ਹੁਣ ਇਸ ਘਾਟੇ ਨੂੰ ਘੱਟ ਕਰਨ ਲਈ ਹਵਾਈ ਉਡਾਣ ਉਦਯੋਗ 'ਚ 60 ਫੀਸਦੀ ਦੀ ਹਿੱਸੇਦਾਰੀ ਰੱਖਣ ਵਾਲੀਆਂ ਦੋ ਹਵਾਈ ਕੰਪਨੀਆਂ ਜੈਟ ਏਅਰਵੇਜ਼ ਤੇ ਕਿੰਗਫਿਸ਼ਰ ਦਾ ਰਲੇਵਾ ਹੋਇਆ। ਨਾਲ ਹੀ ਜਹਾਜੀ ਕੰਪਨੀਆਂ ਨੇ ਹਵਾਈ ਸੇਵਾਵਾਂ 'ਚ ਕਟੌਤੀ ਕਾਰਨ ਕਰਮਚਾਰੀਆਂ ਦੀ ਛਾਂਟੀ ਅਤੇ ਬਿਨਾ ਤਨਖਾਹ ਸੇਵਾ ਮੁਕਤੀ ਕਰਨ ਦਾ ਫੈਸਲਾ ਲਿਆ। ਸ਼ੋਰ ਸ਼ਰਾਬੇ ਤੇ ਮੁਜਾਹਰੇ ਪਿਛੋਂ ਜੈੱਟ ਏਅਰਵੇਜ਼ ਨੇ ਛਾਂਟੀ ਕੀਤੇ 1900 ਕਰਮਚਾਰੀਆਂ ਨੂੰ ਮੁੜ ਨੌਕਰੀ 'ਤੇ ਰੱਖ ਲਿਆ। ਜੇ ਤੱਥਾਂ 'ਤੇ ਗੌਰ ਕਰੀਏ ਤਾਂ ਆਉਣ ਵਾਲੇ ਸਮੇਂ 'ਚ ਹਵਾਈ ਉਡਾਣ ਉਦਯੋਗ 'ਚ ਇਸ ਤੋਂ ਵੀ ਸੰਖਿਆ 'ਚ ਕਰਮਚਾਰੀਆਂ ਦੀ ਛਾਂਟੀ ਹੋਣੀ ਤਹਿ ਹੈ। ਜੈਟ ਏਅਰਵੇਜ਼ ਕਿੰਗਫਿਸ਼ਰ ਏਅਰਲਾਈਨਜ਼ ਅਤੇ ਏਅਰ ਇੰਡੀਆ (ਉਹਨਾਂ ਕੋਲ ਕੁਲ ਮਿਲਾ ਕੇ 300 ਤੋਂ ਵੱਧ ਜਹਾਜ ਹਨ) ਕੁਲ ਮਿਲਾ ਕੇ 30 ਜਹਾਜ ਆਪਣੇ ਬੇੜਿਆਂ ਤੋਂ ਬਾਹਰ ਕਰ ਰਹੀਆਂ ਹਨ ਜ਼ਾਹਿਰ ਹੈ ਕਿ ਇਸ ਨਾਲ ਰੁਜਗਾਰ ਵੀ ਖੁਸਣਗੇ। ਤਕਰੀਬਨ 20 ਫੀਸਦੀ ਵਾਧੂ ਮੁਸਾਫਰ ਸਮਰੱਥਾ ਵਾਲੇ ਇਸ ਉਦਯੋਗ 'ਚ ਸਿਰਫ 50 ਫੀਸਦੀ ਸੀਟਾਂ ਹੀ ਭਰ ਰਹੀਆਂ ਹਨ। ਜੇ ਕਿਰਾਏ 'ਚ 10 ਫੀ ਸਦੀ ਵਾਧਾ ਕੀਤਾ ਜਾਵੇ ਅਤੇ 80 ਫੀਸਦੀ ਸੀਟਾਂ ਭਰ ਜਾਣ ਤਾਂ ਲਾਗਤ ਵਸੂਲ ਹੋ ਜਾਵੇਗੀ।" ਇੰਟਰਨੈਸ਼ਨਲ ਏਅਰ ਟ੍ਰੈਵਲਜ਼ ਐਸੋਸੀਏਸ਼ਨ ਅਨੁਸਾਰ ਵਿੱਤੀ ਸਾਲ 2008-09 ਦੌਰਾਨ ਦੇਸ਼ 'ਚ ਏਅਰਲਾਈਨਜ਼ ਦਾ ਕੁਲ ਅਨੁਮਾਨਿਤ ਘਾਟਾ ਕਰੀਬ 2950 ਕਰੋੜ ਰੁਪਏ ਦਾ ਹੈ। ਸਾਲ 2009 ਦੇ ਅੰਤ ਇਸ ਘਾਟੇ ਦਾ ਵਧ ਕੇ 8000 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ ਜੋ ਪਿਛਲੇ ਸਾਲ ਦੇ ਮੁਕਾਬਲੇ 100 ਫੀ ਸਦੀ ਵੱਧ ਹੋਵੇਗਾ ਆਉਣ ਵਾਲੇ ਸਮੇਂ ਦੌਰਾਨ ਇਸ ਤਰ੍ਹਾਂ ਦੇ ਘਾਟੇ ਤੋਂ ਬਚਣ ਲਈ ਵੱਖ-ਵੱਖ ਜਹਾਜੀ ਕੰਪਨੀਆਂ ਵੱਖ ਵੱਖ ਨੀਤੀਆਂ ਬਣਾ ਰਹੀਆਂ ਹਨ। ਜੈਟ ਨੇ ਅਨਿਯਮਤ ਕਰਿਊ ਕਰਮਚਾਰੀਆਂ ਦੀ ਕਾਰਜਕਾਲ ਘੱਟ ਕਰਨ ਅਤੇ ਹੋਰ ਜਹਾਜ ਏਜੰਸੀਆਂ ਲਈ ਜਾਣ ਵਾਲੇ ਪਾਇਲਾਟਾਂ ਦੀ ਗਿਣਤੀ ਘਟਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਕਾਰਜਕਾਲ ਘਟਣ ਨਾਲ ਕਰਮਚਾਰੀਆਂ ਦਾ ਆਨ-ਫਲਾਈਟ ਭੱਤਾ ਘਟੇਗਾ ਅਤੇ ਕੁੱਲ ਤਨਖਾਹ 'ਚ ਕਮੀ ਹੋ ਜਾਵੇਗੀ। ਇਸ ਤੋਂ ਇਲਾਵਾ ਤਨਖਾਹ ਸਬੰਧੀ ਭੱਤਿਆਂ ਦੇ ਨਾਲ ਬਾਹਰ ਹੋਟਲਾਂ ਵਿੱਚ ਰਹਿਣ ਦੀਆਂ ਸਹੂਲਤਾਂ 'ਚ ਕਟੌਤੀ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਕੰਪਨੀਆਂ ਨੇ ਆਪਣੇ ਪਾਇਲਾਟਾਂ ਦੀ ਤਨਖਾਹ 'ਚ ਕਾਫੀ ਕਟੌਤੀ

ਕੀਤੀ ਹੈ।

ਜੈੱਟ ਕੋਲ ਹਾਲ ਦੀ ਘੜੀ 700 ਐਸੇ ਪਾਇਲਾਟ ਹਨ ਜਿਹਨਾਂ ਦੀ ਗਿਣਤੀ ਆਉਣ ਵਾਲ ਸਮੇਂ ਦੌਰਾਨ ਘੱਟ ਹੋ ਜਾਵੇਗੀ। ਸੀਨਅਰ ਕੈਬਿਨ ਕਰਿਊ ਨੂੰ ਕੌਮਾਂਤਰੀ ਉਡਾਣਾ ਤੋਂ ਹਟ ਕੇ ਘਰੇਲੂ ਉਡਾਣਾਂ ’ਚ ਲਾਇਆ ਜਾਵੇਗਾ। ਇਸ ਤਰ੍ਹਾਂ ਨਾਲ ਕੰਪਨੀ ਵੱਖ ਵੱਖ ਉਪਾਅ ਕਰਕੇ ਫਿਹਾਲ ਆਪਣੇ ਖਰਚਿਆਂ ’ਚ 30 ਤੋਂ 40 ਫੀਸਦੀ ਦੀ ਕਟੌਤੀ ਕਰਨਾ ਚਾਹੁੰਦੀ ਹੈ ਨਾਲ ਹੀ ਚੈਕ-ਇਨ-ਬੈਗੇਜ ’ਤੇ ਟੈਕਸ ਵਧਾਉਣ ’ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਹਨਾਂ ਸਭ ਕਟੌਤੀਆਂ ਦੇ ਨਾਲ ਇਕ ਪਾਸੇ ਜਿਥੇ ਹਵਾਈ ਜਹਾਜ ਕੰਪਨੀਆਂ ਮੁਸਾਫਰਾਂ ਦੀ ਗਿਣਤੀ ਵਧਾਉਣਾ ਚਾਹੁੰਦੀਆਂ ਣਨ ਉਥੇ ਦੂਜੇ ਪਾਸੇ ਆਪਣੇ ਵਧਦੇ ਘਾਟੇ ਨੂੰ ਘੱਟ ਕਰਨਾ ਚਾਹੁੰਦੀਆਂ ਹਨ। ਦੇਖਣਾ ਇਹ ਹੈ ਕਿ ਆਉਣ ਵਾਲੇ ਸਮੇਂ ’ਚ ਇਹ ਖੇਤਰ ਆਪਣਾ ਟੀਚਾ ਹਾਸਲ ਕਰ ਸਕੇਗਾ ਜਾਂ ਨਹੀਂ।

# ਸਿਰ ਦੇ ਵਾਲਾਂ ਦੀ ਸਮੱਸਿਆ ਤੇ ਹੱਲ

ਨੌਜਵਾਨਾਂ ਦੀ ਇੱਛਾ ਹੁੰਦੀ ਹੈ ਕਿ ਉਸ ਦੇ ਸਿਰ ਦੇ ਵਾਲ ਕਾਲੇ ਸੰਘਣੇ ਤੇ ਮੁਲਾਇਮ ਹੋਣ। ਲਹਿਰਾਉਂਦੀਆਂ ਕਾਲੀਆਂ ਜੁਲਫਾਂ ਹਰ ਮੁਟਿਆਰ ਦੀ ਇੱਛਾ ਹੁੰਦੀਆਂ ਹਨ। ਜੇ ਜਵਾਨੀ 'ਚ ਹੀ ਸਿਰ ਦੇ ਵਾਲ ਝੜਨ ਲੱਗਣ ਜਾਂ ਸਫੈਦ ਹੋਣ ਲੱਗਣ ਤਾਂ ਨੌਜਵਾਨਾਂ ਦੇ ਮਨ 'ਚ ਹੀਣ ਭਾਵਨਾ ਪੈਦਾ ਹੋ ਜਾਂਦੀ ਹੈ। ਜਦਕਿ ਜੇ ਵਾਲ ਸੰਘਣੇ ਕਾਲੇ ਤੇ ਮੁਲਾਇਮ ਹੋਣ ਤਾਂ ਆਤਮਵਿਸ਼ਵਾਸ ਪੈਦਾ ਕਰਦੇ ਹਨ। ਕੰਘੀ ਕੀਤੇ ਵਾਲਾਂ ਨਾਲ ਵਿਅਕਤੀ ਆਕ੍ਰਿਸ਼ਤ ਲੱਗਦਾ ਹੈ ਪਰ ਜੇ ਸਿਰ ਦੇ ਵਾਲਾਂ 'ਚ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਉਹ ਕਿਉਂ ਹੁੰਦੀ ਹੈ? ਇਸ ਦੇ ਪ੍ਰਸੰਗ 'ਚ ਉਤਰਦਾਈ ਕਾਰਨ ਕੀ ਹੈ? ਇਹ ਲਾਜਮੀ ਜਾਨਣਾ ਚਾਹੀਦਾ ਹੈ। ਜਦ ਸਿਰ ਦੇ ਵਾਲਾਂ ਨੂੰ ਵਾਜਬ ਪੋਸ਼ਣ ਨਹੀਂ ਮਿਲਦਾ ਤਦ ਸਮੱਸਿਆ ਪੈਦਾ ਹੁੰਦੀ ਹੈ। ਸਿਰ ਦੇ ਵਾਲਾਂ ਦਾ ਪੋਸ਼ਣ ਅਕਸਰ ਆਹਾਰ ਭੋਜਨ ਤੇ ਪੀਣ ਵਾਲੇ ਪਦਾਰਥਾਂ ਤੋਂ ਮਿਲਦਾ ਹੈ। ਜਦ ਸਰੀਰ 'ਚ ਪੋਸ਼ਟਿਕ ਤੱਤਾਂ ਦੀ ਕਮੀ ਹੋ ਜਾਂਦੀ ਹੈ ਤਾਂ ਸਿਰ ਦੇ ਵਾਲਾਂ ਦੀ ਸਮੱਸਿਆ ਸ਼ੁਰੂ ਹੁੰਦੀ ਹੈ। ਪੋਸ਼ਟਿਕ ਤੱਤਾਂ ਦੀ ਕਮੀ ਤੋਂ ਇਲਾਵਾ ਮਾਨਸਿਕ ਤਣਾਅ ਚਿੰਤਾ, ਕ੍ਰੋਧ, ਈਰਖਾ, ਦਵੇਸ਼, ਘ੍ਰਿਣਾ ਆਦਿ ਭਾਵਨਾਵਾਂ ਜੋ ਹਨ ਤੇ ਉਲਟਾ ਅਸਰ ਪਾਉਂਦੀਆਂ ਹਨ ਇਸ ਲਈ ਉਤਰਦਾਈ ਕਾਰਨ ਹਨ। ਇਸ ਤੋਂ ਇਲਾਵਾ ਤੇਲ, ਸਾਬਣ, ਸੈਂਪੂ ਦੀ ਸਮੇਂ ਤਬਦੀਲੀ ਕਰਨੀ ਚਾਹੀਦੀ ਹੈ। ਇਸ਼ਤਿਹਾਰਬਾਜ਼ੀ ਵੇਖ ਕੇ ਜਾਂ ਸੁਣ ਕੇ ਹੀ ਸਾਬਣ ਤੇਲ, ਸੈਂਪੂ ਬਦਲਦੇ ਨਹੀਂ ਰਹਿਣਾ ਚਾਹੀਦਾ। ਤੇਜ਼ ਮਿਰਚ, ਮਸਾਲੇ ਕਾਫੀ ਦੀ ਵੱਧ ਮਾਤਰਾ ਵਿਚ ਵਰਤੋਂ ਵੀ ਨਹੀਂ ਕਰਨੀ ਚਾਹੀਦੀ। ਗਹਿਰੀ ਨੀਂਦ ਨਾ ਆਉਣਾ ਵੀ ਇਸ ਦਾ ਕਾਰਨ ਹੈ। ਦੂਜੇ ਸ਼ਬਦਾਂ 'ਚ ਪਾਚਨ ਪ੍ਰਣਾਲੀ ਦਾ ਵਿਗਾੜ ਨੂੰ ਵੀ ਇਸ ਸਮੱਸਿਆ ਲਈ ਉਤਰਦਾਈ ਮੰਨਿਆ ਜਾ ਸਕਦਾ ਹੈ। ਬੰਦਾ ਜੋ ਖਾਂਦਾ-ਪੀਂਦਾ ਹੈ ਉਸ ਦਾ ਪਾਚਣ ਪ੍ਰਣਾਲੀ ਵਿੱਚ ਜਾ ਕੇ ਪਾਚਣ ਹੁੰਦਾ ਹੈ ਅਤੇ ਪਾਚਣ ਤੋਂ ਰਸ ਬਣਦਾ ਹੈ ਅਤੇ ਇਹ ਰਸ ਹੀ ਪੂਰੇ ਸਰੀਰ ਨੂੰ ਪੋਸ਼ਣ ਦਿੰਦਾ ਹੈ। ਜਦ ਕਿਸੇ ਕਾਰਨ ਪਾਚਣ ਪ੍ਰਣਾਲੀ 'ਚ ਵਿਗਾੜ ਆ ਜਾਂਦਾ ਹੈ ਤਾਂ ਵਰਤੇ ਗਏ ਭੋਜਨ ਤੇ ਪੀਣ ਵਾਲੇ ਪਦਾਰਥਾਂ ਦਾ ਸਮੁੱਚਾ ਪਾਚਨ ਨਹੀਂ ਹੁੰਦਾ ਤਾਂ ਸਰੀਰ ਨੂੰ ਤਾਕਤ ਨਹੀਂ ਮਿਲਦੀ ਪੋਸ਼ਣ ਦੀ ਘਾਟ ਕਾਰਨ ਦੁਰਬਲਤਾ ਆ ਜਾਂਦੀ ਹੈ। ਜਿਸ ਕਾਰਨ ਵਾਲਾਂ ਦੀਆਂ ਜੜ੍ਹਾਂ ਕਮਜ਼ੋਰ ਹੋ ਜਾਂਦੀਆਂ ਹਨ। ਵਾਲ ਸਮੇਂ ਤੋਂ ਪਹਿਲਾਂ ਸਫੈਦ ਹੋਣ ਲੱਗਦੇ ਹਨ ਤੇ ਉਹਨਾਂ 'ਚ ਵਿਗਾੜ ਪੈਦਾ ਹੋ ਜਾਂਦੇ ਹਨ। ਸਿਰ ਦੇ ਵਾਲਾਂ ਦਾ ਸਮੇਂ ਤੋਂ ਪਹਿਲਾਂ ਸਫੈਦ ਹੋਣਾ ਤੇ ਟੁੱਟਣਾ ਇਸ ਦਾ ਕਾਰਨ ਸਿੱਕਰੀ ਡੈਂਡਰਫਟ ਵੀ ਹੋ ਸਕਦਾ ਹੈ। ਸਿਕਰੀ ਦੀ ਸਮੱਸਿਆ ਸਫਾਈ ਦੀ ਘਾਟ ਕਾਰਨ ਪੈਦਾ ਹੁੰਦੀ ਹੈ। ਜੋ ਵਾਲਾਂ ਦੀ ਸਫਾਈ ਨਹੀਂ ਰੱਖਦੇ, ਸਿਰ ਦੀ ਤੇਲ ਨਾਲ ਮਾਲਿਸ਼ ਨਹੀਂ ਕਰਦੇ ਉਹਨਾਂ ਨੂੰ ਇਹ ਸਮੱਸਿਆ ਰਹਿੰਦੀ ਹੈ। ਜੇ ਕਿਸੇ ਮੁਟਿਆਰ ਜਾਂ ਨੌਜਵਾਨ ਦੇ ਸਿਰ ਦੇ ਵਾਲਾਂ ਦੀ ਸਮੱਸਿਆ ਹੋਵੇ ਤਾਂ ਚਿੰਤਾ ਕਰਨ ਦੀ ਥਾਂ ਇਹ ਸਮੱਸਿਆ ਦੂਰ ਕਰਨ ਦਾ ਉਪਾਅ ਕਰਨਾ ਚਾਹੀਦਾ ਹੈ।

ਸਿਰਫ ਇਸ਼ਤਿਹਾਰਬਾਜੀ ਦੇ ਅਧਾਰ ਤੇ ਤੇਲ ਸਾਬਣ ਸੈਂਪੂ ਦੀ ਵਰਤੋਂ ਨਾਲ ਇਹ ਸਮੱਸਿਆ ਦੂਰ ਹੋ ਸਕਦੀ ਹੈ। ਇਹ ਇਕ ਭੁਲੇਖਾ ਪਾਊ ਵਿਚਾਰ ਹੈ। ਬਦਲ ਬਦਲ ਕੇ ਨੁਕਸਾਨ ਤੇਲ ਸੈਂਪੂ ਵਰਤਨ ਨਾਲ ਸਮੱਸਿਆ ਸੁਲਝਣ ਦੀ ਥਾਂ ਗੁੰਝਲਦਾਰ ਹੋ ਜਾਂਦੀ ਹੈ। ਪਹਿਲਾਂ ਤਾਂ ਚਿੰਤਾ ਨੂੰ ਚਿੰਤਨ ਵਿੱਚ ਬਦਲੋ। ਸਾਕਾਰਾਤਮਕ ਵਿਚਾਰਧਾਰਾ ਅਪਣਾਓ। ਇਹ ਸੋਚੋ ਕਿ ਜੇ ਕੋਈ ਸਮੱਸਿਆ ਹੈ ਤਾਂ ਉਸ ਦਾ ਕਾਰਨ ਖੋਜਣ ਵਿੱਚ ਹੀ ਇਸ ਦਾ ਉਪਾਅ ਹੈ, ਪਰ ਹੋ ਸਕਦਾ ਹੈ। ਇਸ ਵਿੱਚ ਕੁਝ ਸਮਾਂ ਲੱਗੇ। ਜੇ ਵਾਲਾਂ 'ਚ ਸਿਕਰੀ ਹੈ ਜਾਂ ਵਾਲ ਝੜਦੇ ਹਨ, ਸਫੈਦ ਹੋ ਰਹੇ ਹਨ ਤਾਂ ਸਭ ਤੋਂ ਪਹਿਲਾਂ ਸਫਾਈ 'ਤੇ ਧਿਆਨ ਦੇਣਾ ਚਾਹੀਦਾ ਹੈ। ਸਿਰ ਦੇ ਵਾਲਾਂ ਨੂੰ ਸਾਬਣ ਆਦਿ ਨਾਲ ਧੋਣ ਦੀ ਬਜਾਏ ਰੀਠਾ ਸ਼ਿਕਾਕਾਈ ਤੇ ਆਂਵਲੇ ਨਾਲ ਧੋਣਾ ਚਾਹੀਦਾ ਹੈ। ਇਹਨਾਂ ਨੂੰ ਪੀਸ ਕੇ ਰਾਤ ਨੂੰ ਕਿਸੇ ਮਿੱਟੀ ਦੇ ਬਰਤਨ 'ਚ ਭਿਉਂ ਦਿਉ। ਸਵੇਰੇ ਇਸ ਨਾਲ ਵਾਲਾਂ ਨੂੰ ਧੋਵੋ। ਸਿਰ 'ਤੇ ਕਦੀ ਗਰਮ ਪਾਣੀ ਨਾ ਪਾਓ ਫਿਰ ਸਿਰ ਦੇ ਵਾਲਾਂ ਦੇ ਨਾਲ ਨਾਲ ਅੱਖਾਂ 'ਤੇ ਵੀ ਮਾੜਾ ਅਸਰ ਕਰਦਾ ਹੈ। ਹੇਅਰ ਡਾਈ ਕਲਫ ਦੀ ਵਰਤੋਂ ਕਰਨੀ ਵੀ ਠੀਕ ਨਹੀਂ ਹੈ। ਇਸ ਵਿੱਚ ਰਸਾਇਣਾ ਦਾ ਮਿਸ਼ਰਣ ਹੁੰਦਾ ਹੈ। ਇਸ ਨਾਲ ਵਾਲਾਂ ਦੀਆਂ ਜੜ੍ਹਾਂ ਕਮਜ਼ੋਰ ਹੋ ਸਕਦੀਆਂ ਹਨ। ਇਸ ਰਾਹੀਂ ਚਮੜੀ ਨੂੰ ਵੀ ਨੁਕਸਾਨ ਹੁੰਦਾ ਹੈ। ਵਾਲਾਂ ਨੂੰ ਤੇਲ ਦੀ ਮਾਲਿਸ਼ ਹਮੇਸ਼ਾ ਇਕ ਹੀ ਤੇਲ ਦੀ ਵਰਤੋਂ ਕਰੋ। ਤੇਲ ਬਦਲ ਬਦਲ ਕੇ ਨਾ ਵਰਤੋ। ਸਵੇਰ ਦੀ ਸੈਰ ਕਰੋ। ਵਾਤਾਵਰਣ ਸ਼ਾਂਤ ਰੱਖੋ। ਸਰੀਰ ਨੂੰ ਸੁੱਧ ਆਕਸੀਜਨ ਮਿਲੇ ਤਾਂ ਪੂਰੇ ਦਿਨ ਫੁਰਤੀ ਰਹਿੰਦੀ ਹੈ। ਸੁੱਧ ਪਾਣੀ ਵਰਤੋਂ ਤਾਜੇ ਫਲ, ਉਬਾਲੇ ਆਂਡੇ, ਦੁੱਧ, ਫਲਾਂ ਦਾ ਰਸ, ਅੰਕ੍ਰਿਤ ਪੁੰਗਰੇ ਹੋਏ ਮੂੰਗ, ਛੋਲੇ ਆਦਿ ਲਵੋ। ਘੱਟ ਖਾਣਾ ਸਿਰਫ ਰਸਮ ਪੂਰੀ ਕਰਨ ਲਈ ਹੀ ਨਾ ਖਾਓ। ਦੁਪਹਿਰੇ ਰੋਜਾਨਾ ਨਿਸਚਤ ਸਮੇਂ ਹਲਕਾ, ਤਾਜਾ ਤੇ ਪੌਸਟਿਕ ਖਾਣਾ ਲਓ। ਭੋਜਨ 'ਚ ਸਫਾਈ ਦਾ ਧਿਆਨ ਰੱਖੋ। ਭੋਜਨ ਖੂਬ ਚਬਾ ਕੇ ਖਾਓ। ਜੇ ਸਰੀਰ ਨੂੰ ਸੰਪੂਰਨ ਭੋਜਨ ਮਿਲੇ ਤਾਂ ਵਾਲ ਵੀ ਸਿਹਤਮੰਦ ਰਹਿਣਗੇ।

# ਹਿਮਾਚਲ ਦਾ ਫੂਡ ਸਪਲਾਈ ਨਿਗਮ

ਜਦ ਵਾੜ ਹੀ ਖੇਤ ਨੂੰ ਖਾਣ ਲੱਗੇ ਤਾਂ ਉਸ ਖੇਤ ਦਾ ਉਜੜਨਾ ਤਹਿ ਹੈ। ਹਿਮਾਚਲ ਦੇ ਜ਼ਿਆਦਾਤਰ ਨਿਗਮ ਤੇ ਬੋਰਡ ਘਾਟੇ ਵਿਚ ਹਨ। ਕੁਝ ਦੀ ਹਾਲਤ ਤਾਂ ਏਨੀ ਬੁਰੀ ਹੈ ਕਿ ਉਹਨਾਂ ਨੂੰ ਬੰਦ ਕਰ ਦੇਣਾ ਵੱਧ ਫਾਇਦੇਮੰਦ ਹੋਵੇਗਾ। ਜੋ ਨਿਗਮ ਲਾਭਦਾਇਕ ਹਨ, ਉਹਨਾਂਨੂੰ ਵੀ ਭ੍ਰਿਸ਼ਟਾਚਾਰ ਦਾ ਘੁਣ ਖੋਖਲਾ ਕਰ ਰਿਹਾ ਹੈ। ਅਜੇ ਹੀ ਹਾਲਤ 'ਚ ਉਹਨਾਂ ਦਾ ਵੀ ਘਾਟ ਵਾਲਿਆਂ ਦੀ ਕਤਾਰ 'ਚ ਸ਼ਮਾਲ ਜੋਣਾ ਤਹਿ ਹੈ। ਅਜੇ ਹੀ ਇਕ ਕਾਰਪੋਰੇਸ਼ਨ ਨਿਗਮ ਹੈ ਫੂਡ ਤੇ ਸਪਲਾਈ ਨਿਗਮ। ਸਸਤਾ ਰਾਸ਼ਣ, ਰਸੋਈਗੈਸ ਮਿਟੀ ਦਾ ਤੇਲ ਤੇ ਹਸਪਤਾਲਾਂ ਵਿਚ ਦਵਾਈਆਂ ਵੇਚਣ ਵਾਲੇ ਇਸ ਨਿਗਮ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਸਸਤੀਆਂ ਚੀਜਾਂ ਮੁਹਈਆ ਕਰਾਉਣਾ ਹੈ, ਪਰ ਰਾਜਸੀ ਆਗੂਆਂ ਦੀ ਛਤਰਸ਼ਾਇਆ ਹੇਠ ਨਿਗਮ ਦੇ ਕੁਝ ਅਧਿਕਾਰੀ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਨਿਗਮ ਦਾ ਪੈਸਾ ਉਡਾ ਰਹੇ ਹਨ।

ਨਿਗਮ ਦੇ ਭੱਟਾ ਕੁਫਰ ਖੇਤਰੀ ਦਫ਼ਤਰ 'ਚ ਤੈਨਾਤ ਖੇਤਰੀ ਪ੍ਰਬੰਧਕ ਆਰ ਜੀ ਪਟਿਆਲ 'ਤੇ ਵੀ ਅਹੁਦੇ ਦੀ ਦੁਰਵਰਤੋਂ ਕਰਕੇ ਨਿਗਮ ਦੇ ਲੱਖਾਂ ਰੁਪਏ ਲੁਟਣ ਤੇ ਡਕਾਰਨ ਦੇ ਦੋਸ਼ ਫੂਡ ਤੇ ਸਪਲਾਈ ਮੰਤਰੀ ਐਸ਼ ਘਟਾਲਾ ਨੇ ਲਾਏ ਹਨ। ਪਟਿਆਲ ਨੂੰ ਵੀਰਭੱਦਰ ਸਰਕਾਰ ਵਿਚ ਫੂਡ-ਸਪਲਾਈ ਮੰਤਰੀ ਰਹੇ ਸਿੰਘੀ ਰਾਮ ਦਾ ਖਾਸ ਬੰਦਾ ਮੰਨਿਆ ਜਾਂਦਾ ਸੀ। ਯਾਦ ਰਹੇ ਆਪਣੀ ਧੀ ਨੂੰ 10+2 ਦਾ ਝੂਠਾ ਸਰਟੀਫੀਕੇਟ ਦਿਵਾਉਣ ਸ਼ਬੰਧੀ ਸਿੰਘੀ ਰਾਮ ਨੂੰ ਵਿਜੀਲੈਂਸ ਨੇ ਗ੍ਰਿਫਤਾਰ ਕੀਤਾ ਸੀ। ਅਜਕਲ ਉਹ ਜਮਾਨਤ 'ਤੇ ਹੈ। ਮੰਨਿਆ ਜਾਂਦਾ ਹੈ ਕਿ ਸਿੰਘੀ ਰਾਮ ਦੀ ਛਤਰਸਾਇਆ 'ਚ ਹੀ ਪਟਿਆਲ ਨੇ ਫੂਡ-ਸਪਲਾਈ ਨਿਗਮ ਨੂੰ ਲੱਖਾਂ ਦਾ ਚੂਨਾ ਲਾਇਆ ਹੈ। ਭਾਜਪਾ ਦੇ ਸੱਤਾ 'ਚ ਆਉਣ ਪਿੱਛੋਂ ਸ਼ਕਾਇਤਾਂ ਦੇ ਆਧਾਰ 'ਤੇ ਫੂਡ-ਸਪਲਾਈ ਮੰਤਰੀ ਐਸ਼ ਧਵਾਲਾ ਨੇ 23 ਅ੍ਰਪੈਲ ਨੂੰ ਸ਼ਿਮਲਾ ਕੱਲ ਭੱਟਾ ਕੁਫਰ ਵਿਚ ਨਿਗਮ ਦੇ ਖੇਤਰੀ ਦਫਤਰ ਦਾ ਨਿਰੀਖਣ ਕੀਤਾ ਤੇ ਭਰਿਸ਼ਟਾਚਾਰ ਦੇ ਕਈ ਕੇਸ ਫੜੇ। ਸਮਝਿਆ ਜਾਂਦਾ ਹੈ ਕਿ ਨਿਗਮ ਦੇ ਕਿਸੇ ਅਫਸਰ ਨੇ ਇਸ ਘਪਲੇ ਦਾ ਕੱਚਾ ਚਿੱਠਾ ਮੰਤਰੀ ਸਾਹਮਣੇ ਖੋਹਲਿਆ ਹੈ। ਇਸ ਕਾਰਨ ਠੇਸ਼ ਧਵਾਲਾ ਕੁਝ ਹੀ ਘੰਟਿਆਂ ਵਿਚ ਕਰੀਬ 13 ਲੱਖ ਰੁਪਏ ਦੇ 53 ਕੇਸ ਫੜਨ 'ਚ ਸਫਲ ਰਹੇ ਜਿਥੇ ਖੇਤਰ ਪ੍ਰਬੰਧਕ ਨੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਪੈਸਾ ਖਰਚਿਆ ਸੀ। ਧਵਾਲਾ ਦਾ ਮੰਨਣਾ ਹੈ ਕਿ ਇਸ ਵਿਚ ਕਈ ਵਾਊਚਰ ਫਰਜੀ ਹਨ। ਵਿਆਪਕ ਜਾਂਚ ਹੀ ਸਚਾਈ ਉਜਾਗਰ ਕਰ ਸਕੇਗੀ। ਮਜ਼ੇ ਦੀ ਗੱਲ ਇਹ ਹੈ ਕਿ ਉਹ ਸਾਰਾ ਪੈਸਾ ਮਾਲੀ ਸਾਲ 2006-07 'ਚ ਕਢਵਾਇਆ ਗਿਆ ਅਤੇ ਇਸ ਅਧਿਕਾਰੀ ਨੇ ਪੈਸਾ ਮੌਜ-ਮਸਤੀ 'ਚ ਉਡਾਇਆ ਅਤੇ ਨਿਗਮ ਦੇ ਆਲਾ ਅਫਸਰਾਂ ਨੂੰ ਕੰਨੋਕੰਨੀ ਖਬਰ ਤਕ ਨਹੀਂ ਹੋਣ ਦਿੱਤੀ। ਫੜੀਆਂ ਗਈਆ ਮਦਾਂ ਅਨੁਸਾਰ ਸਭ ਤੋਂ ਪਹਿਲਾਂ 8 ਮਈ 2006 ਨੂੰ ਆਰ ਜੀ ਪਟਿਆਲ ਨੇ ਕਰਮਚਾਰੀ ਕਲਿਆਣ ਦੇ ਨਾਂ 'ਤੇ 5455 ਰੁਪਏ ਖਰਚ ਕਰਕੇ ਚਾਹ ਪਾਰਟੀ ਆਯੋਜਿਤ ਕੀਤੀ ਸੀ। ਨਿਗਮ ਅਨੁਸਾਰ ਖੇਤਰੀ ਪ੍ਰਬੰਧਕ ਸਲਾਨਾ ਕਰਮਚਾਰੀ ਕਲਿਆਣ 'ਤੇ ਸਿਰਫ ਪੰਜ ਹਜ਼ਾਰ ਰੁਪਏ ਹੀ ਖਰਚ ਸਕਦੇ ਹਨ ਜਦ ਕਿ ਮਹਿਮਾਨ

ਨਿਵਾਜੀ ਤੇ ਲੋਕ ਸਪੰਰਕ 'ਤੇ ਉਹ ਸਾਲ ਭਰ 'ਚ ਸਿਰਫ 3 ਹਜ਼ਾਰ ਅਤੇ ਕਿਸੇ ਮੀਟਿੰਗ ਦੇ ਆਯੋਜਨ 'ਤੇ ਵੱਧ ਤੋਂ ਵੱਧ ਇਕ ਹਜ਼ਾਰ ਰੁਪਏ ਖਰਚਣ ਦਾ ਅਧਿਕਾਰ ਰਖਦੇ ਹਨ। ਇਸ ਪਿਛੋਂ ਤਾਂ ਕਰਮਚਾਰੀ ਕਲਿਆਣ ਦੇ ਨਾਂ 'ਤੇ ਫਜ਼ੂਲਖਰਚੀ ਦਾ ਤਾਤਾਂ ਲਗ ਗਿਆ। 13 ਜੂਨ 2006 ਨੂੰ ਸਟਾਫ ਨੂੰ ਲੰਚ ਕਰਵਾਉਣ 'ਤੇ 9521 ਰੁਪਏ ਮਹਾਂ ਪ੍ਰਬੰਧਕ ਚਿਰੰਜੀ ਲਾਲ ਗੁਪਤਾ ਦੀ ਸੇਵਾ ਮੁਕਤੀ ਪਾਰਟੀ 'ਤੇ 7846 ਰੁਪਏ ਖਰਚ ਕਰ ਦਿੱਤੇ। ਦਸਦੇ ਹਨ ਕਿ ਇਕ ਦਿਨ 'ਚ ਪਟਿਆਲ ਨੇ ਨਿਗਮ ਦਾ 25367 ਰੁਪਿਆ ਉਡਾ ਦਿੱਤਾ। ਜੁਲਾਈ 2006 'ਚ ਇਹ ਸਿਲਸਲਾ ਬਦਸੂਤਰ ਚਲਦਾ ਰਿਹਾ। ਖੇਤਰੀ ਪ੍ਰਬੰਧਕ ਨੇ 5 ਜੁਲਾਈ ਨੂੰ ਸਟਾਫ ਦੇ ਲੰਚ 'ਤੇ 5096 ਰੁਪਏ ਅਤੇ 18 ਜੁਲਾਈ ਨੂੰ ਦਫਤਰ ਕੰਟੀਨ 'ਚ ਚਾਹ ਆਦਿ 'ਤੇ 8640 ਰੁਪਏ ਖਰਚੇ ਇਸ ਤਰ੍ਹਾਂ 22 ਅਗਸਤ 2006 'ਚ ਕੰਟੀਨ ਰਾਹੀ ਚਾਹ ਆਦਿ 'ਤੇ 5730 ਰੁਪਏ ਅਤੇ ਟੈਕਸੀ ਖਰਚੇ ਵਜੋਂ 3450 ਰੁਪਏ ਕਢਵਾਏ ਗਏ ਜਦ ਕਿ ਇਸ ਦਫਤਰ 'ਚ ਵਾਹਨਾ ਦਾ ਪੂਰਾ ਪ੍ਰਬੰਧ ਹੈ।

ਆਰ ਜੀ ਪਟਿਆਲ ਨੇ ਅਕਤੂਬਰ 2006 'ਚ ਫਜ਼ੂਲਖਰਚੀ ਦੀ ਹੱਦ ਕਰ ਦਿੱਤੀ। 17 ਅਤੇ 27 ਅਕਤੂਬਰ ਨੂੰ ਉਹਨਾਂ ਨੇ ਕਰਮਚਾਰੀਆ ਨੂੰ ਦਿਵਾਲੀ ਦੇ ਤੋਹਫਿਆਂ ਅਤੇ ਮਿਠਾਈ ਦੇ ਨਾਂ 'ਤੇ 198,329 ਰੁਪਏ ਖਰਚੇ। ਮਜ਼ੇ ਦੀ ਗੱਲ ਹੈ ਕਿ 17 ਅਕਤੂਬਰ ਨੂੰ ਜਿਥੇ ਦਿਵਾਲੀ ਨੂੰ ਨਕਦ 116700 ਰੁਪਏ ਮੁਲਾਜਮਾਂ 'ਚ ਵੰਡੇ ਵਿਖਾਏ ਗਏ ਹਨ ਉਥੇ ਇਸੇ ਦਿਨ ਕਰਮਚਾਰੀ ਦੇ ਖਾਣੇ 'ਤੇ 13184 ਰੁਪਏ ਖਰਚੇ ਗਏ। ਇਸ ਤੋਂ ਇਲਾਵਾ 18 ਅਕਤੂਬਰ ਨੂੰ ਦਿਵਾਲੀ ਮੌਕੇ ਕਰਮਚਾਰੀਆਂ ਨੂੰ ਨਕਦ ਭੁਗਤਾਨ ਦੇ ਬਹਾਨੇ 66300 ਰੁਪਏ ਅਤੇ 19 ਅਕਤੂਬਰ ਨੂੰ ਇਸੇ ਮਦ 'ਚ 1,10800 ਅਤੇ 21600 ਰੁਪਏ ਕਢਵਾਏ ਗਏ। ਇਸ ਤਰਾਂ ਦਿਵਾਲੀ 'ਤੇ ਨਗਦ ਭੁਗਤਾਨ ਦੇ ਵੱਖ-ਵੱਖ ਕੇਸਾਂ ਵਿਚ 315400 ਰੁਪਏ ਦਾ ਖਰਚ ਦਰਸਾਇਆ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਨਿਯਮ ਦੇ ਖਾਤੇ ਵਿਚ ਲਗਾਤਾਰ ਵਾਧੂ ਪੈਸੇ ਨਕਦ ਕਢਵਾਏ ਜਾਂਦੇ ਰਹੇ ਪਰ ਨਿਗਮ ਦੇ ਉਚ ਅਧਿਕਾਰੀ ਕੁੰਭ ਕਰਨੀ ਨੀਦੇ ਸੁੱਤੇ ਰਹੇ। ਅਜਿਹਾ ਲੱਗਦਾ ਹੈ ਕਿ ਇਸ ਅਧਿਕਾਰੀ ਨੂੰ ਪ੍ਰਬੰਧਕੀ ਬੋਰਡ ਤੋਂ ਵੱਧ ਅਧਿਕਾਰ ਹਾਸਲ ਹਨ, ਜਿਸ ਕਾਰਣ ਉਹ ਖੁਲ੍ਹ ਕੇ ਪੈਸਾ ਲੁਟਾ ਰਿਹਾ ਸੀ ਜਾਂ ਸਭ ਕੁਝ ਉਚ ਅਧਿਕਾਰੀਆਂ ਦੀ ਸਹਿਮਤੀ ਨਾਲ ਹੁੰਦਾ ਰਿਹਾ। 31 ਅਕਤੂਬਰ 2006 ਨੂੰ ਪਟਿਆਲ ਨੇ ਜਨਤਕ ਵੰਡ ਦੀ ਮੀਟਿੰਗ ਕਰਵਾਉਣ 'ਤੇ 4600 ਰੁਪਏ ਖਰਚੇ ਜਦ ਕਿ ਉਸ 'ਤੇ ਉਹ ਸਿਰਫ 1000 ਰੁਪਿਆ ਹੀ ਖਰਚ ਸਕਦੇ ਸਨ। ਪਟਿਆਲ ਨੇ 29 ਨਵੰਬਰ ਨੂੰ ਇਕ ਵਾਰੀ ਫਿਰ ਦਰਿਆ ਦਿਲੀ ਵਿਖਾਉਦਿਆ ਦਿਵਾਲੀ ਦੀ ਮਠਿਆਈ ਤੇ ਨਾਂ 'ਤੇ 20065 ਰੁਪਏ ਖਰਚੇ ਅਤੇ ਕਰਮਚਾਰੀ ਕਲਿਆਣ ਤਹਿਤ 25 ਦਸੰਬਰ 2006 ਨੂੰ ਸ਼ਿਮਲਾ, ਕੁਮਾਰਸੇਨ ਜੁਬੱਲ ਅਤੇ ਚੰਡੀਗੜ੍ਹ ਲਈ ਟੈਕਸੀਆਂ ਕਿਰਾਏ 'ਤੇ ਲਈਆਂ ਅਤੇ ਇਸ ਮਦ 'ਚ 6600 ਰੁਪਏ ਦਾ ਭੁਗਤਾਨ ਦਰਸਾਇਆ ਗਿਆ ਹੈ। ਇਸ ਤਰਾਂ ਦਿਵਾਲੀ ਦੇ ਨਾਂ 'ਤੇ ਸਿਰਫ ਉਪਰੋਕਤ ਰਾਸ਼ੀ ਹੀ ਨਹੀਂ ਖਰਚ ਕੀਤੀ ਗਈ ਬਲ ਕਿ 20 ਅਕਤੂਬਰ ਨੂੰ ਨਕਦ ਭੁਗਤਾਨ ਲਈ28200 ਰੁਪਏ, 21ਅਕਤੂਬਰ ਨੂੰ ਤੋਹਫਿਆਂ ਲਈ 90,905 ਅਤੇ 30 ਦਸੰਬਰ ਨੂੰ ਫਿਰ ਦਿਵਾਲੀ ਦੇ ਤੋਹਫਿਆ ਤੇ ਨਾਂ 'ਤੇ 47502 ਰੁਪਏ ਖਰਚੇ ਗਏ ਇਸ ਤਰਾਂ ਦੀਵਾਲੀ ਤੋਹਫਿਆਂ ਦੇ ਨਾਂ 'ਤੇ ਹੀ ਨਿਗਮ

ਦੇ ਖੇਤਰੀ ਦਫਤਰ ਨੇ 481057 ਰੁਪਏ ਉਡਾ ਦਿੱਤੇ। ਦਸਿਆ ਜਾਂਦਾ ਹੈ ਕਿ ਚਾਹ ਪਾਣੀ ਦੇ ਨਾਂ 'ਤੇ ਆਰ ਜੀ ਪਟਿਆਲ ਨੇ 31 ਅਗਸਤ 2006 ਨੂੰ 4650, 30 ਦਸੰਬਰ ਨੂੰ 8566 ਰੁਪਏ, ਇਸੇ ਦਿਨ 1351 ਰੁਪਏ ਅਤੇ 1885 ਰੁਪਏ ਵੀ ਖਰਚੇ ਗਏ। 21 ਦਸੰਬਰ ਨੂੰ ਕਰਮਚਾਰੀ ਕਲਿਆਣ ਦੇ ਨਾਂ 'ਤੇ 52430 ਰੁਪਏ ਖਰਚੇ ਗਏ। 30 ਦਸੰਬਰ 2006 ਦਾ ਦਿਨ ਵੀ ਨਿਗਮ ਦੇ ਖਜਾਨੇ 'ਤੇ ਭਾਰੀ ਪਿਆ।ਜਦ ਖੇਤਰੀ ਦਫਤਰ ਨੇ ਕਰਮਚਾਰੀ ਕਲਿਆਣ ਦੇ ਨਾਂ 'ਤੇ ਵੱਖ-ਵੱਖ 31912 ਰੁਪਏ, 11562 ਰੁਪਏ , ਭੱਟਾ ਕੁਫਰ ਦਫਤਰ ਦੇ ਉਦਘਾਟਨ 'ਤੇ 16500 ਰੁਪਏ, ਮਮਘੁਰ 'ਚ ਉਚ ਮਹਿਮਾਨਾ ਦੇ ਭੋਜਨ 'ਤੇ 6453 ਰੁਪਏ, ਪੀ ਓ 'ਚ ਦਫਤਰ ਉਦਘਾਟਨ 'ਤੇ 16830 ਰੁਪਏ ਅਤੇ ਸਾਂਗਲਾ 'ਚ ਫੂਡ ਤੇ ਸਪਲਾਈ ਮੰਤਰੀ ਤੇ ਸੁਆਗਤ 'ਤੇ 6363 ਰੁਪਏ ਖਰਚ ਕੀਤੇ ਗਏ। ਇਸੇ ਦਿਨ ਤਿੰਨ ਵੱਖ-ਵੱਖ ਵਾਊਚਰਾਂ ਨਾਲ ਕਰਮਚਾਰੀ ਕਲਿਆਣ ਦੇ ਨਾਂ 'ਤੇ 27300 ਰੁਪਏ, 38940 ਰੁਪਏ, ਖਰਚੇ ਗਏ।

ਇਹ ਸਿਲਸਲਾ ਇਥੇ ਵੀ ਬੰਦ ਨਹੀਂ ਹੋਇਆ। 15 ਜਨਵਰੀ 2007 ਨੂੰ ਕਰਮਚਾਰੀ ਕਲਿਆਣ ਦੇ ਨਾਂ 'ਤੇ 6,707, 16 ਮਾਰਚ 2007 ਨੂੰ 12172, 30 ਮਾਰਚ ਨੂੰ 5810 ਅਤੇ 31 ਮਾਰਚ ਨੂੰ 6232 ਰੁਪਏ ਖਰਚੇ ਗਏ। ਇਸ ਤੋਂ ਇਲਾਵਾ ਪਟਿਆਲ ਨੇ ਉਦਘਾਟਨ ਦੇ ਨਾਂ 'ਤੇ 13 ਜੂਨ 2006 ਨੂੰ 16205 ਰੁਪਏ ਅਤੇ ਹਾਟ ਕੋਟੀ ਮੰਦਰ 'ਚ 28 ਸਤੰਬਰ ਨੂੰ ਭੰਡਾਰਾ ਲਾਉਣ 'ਤੇ 27380 ਰੁਪਏ ਖਰਚ ਕੀਤੇ। ਖੇਤਰੀ ਪ੍ਰਬੰਧਕ ਨੇ ਦਫਤਰ ਦੇ ਰਖ ਰਖਾਅ, ਫਰਨੀਚਰ ਖਰੀਦ ਅਤੇ ਵਾਹਨਾਂ ਦੀ ਮੁਰੰਮਤ 'ਤੇ ਆਪਣੀ ਅਧਿਕਾਰ ਸੀਮਾ ਤੋਂ ਵੱਧ ਖਰਚ ਕੀਤਾ।

ਖੇਤਰੀ ਪ੍ਰਬੰਧਕ ਇਕ ਸਮੇਂ 'ਚ ਰਖ ਰਖਾਅ ਜਾਂ ਫਰਨੀਚਰ ਖਰੀਦ 'ਤੇ ਵੱਧ ਤੋਂ ਵੱਧ 2000 ਰੁਪਏ ਅਤੇ ਵਾਹਨ ਮੁਰੰਮਤ 'ਤੇ 3000 ਰੁਪਏ ਖਰਚ ਕਰ ਸਕਦੇ ਹਨ। ਪਰ ਪਟਿਆਲ ਨੇ 22 ਅਕਤੂਬਰ 2006 ਨੂੰ ਵਾਊਚਰ ਨੂੰ ਜੇ 392 ਰਾਹੀਂ ਫਰਨੀਚਰ ਆਦਿ 'ਤੇ 40,500 ਰੁਪਏ ਅਤੇ 31 ਅਕਤੂਬਰ ਨੂੰ ਮੋਦਾਮ ਦੀ ਮੁਰੰਮਤ 'ਤੇ ਵਾਊਚਰ ਨੂੰ ਜੇ 399 ਰਾਹੀਂ 46,839 ਰੁਪਏ ਖਰਚ ਕਰ ਸੁੱਟੇ। ਗੱਲ ਇਥੇ ਹੀ ਖਤਮ ਨਹੀਂ ਹੋਈ 5 ਮਈ 2006 ਨੂੰ ਦੋ ਵਾਹਨਾ ਦੇ ਰਖ ਰਖਾਅ 'ਤੇ 61,239 ਰੁਪਏ ਅਤੇ ਹੋਰ ਵਾਹਨਾ 'ਤੇ 9500 ਰੁਪਏ ਖਰਚੇ ਗਏ। ਇਸ ਤੋਂ ਇਲਾਵਾ 31 ਅਕਤੂਬਰ ਨੂੰ ਵਾਹਨ ਮੁਰੰਮਤ 'ਤੇ 18653 ਰੁਪਏ 27 ਦਸੰਬਰ 2006 ਨੂੰ 3252 ਰੁਪਏ, 31 ਮਾਰਚ 2007 ਨੂੰ 22614 ਰੁਪਏ ਅਤੇ 31ਮਾਰਚ ਨੂੰਹੀ 11958 ਰੁਪਏ ਖਰਚ ਕੀਤੇ ਗਏ। ਫੂਡ ਸਪਲਾਈ ਮੰਤਰੀ ਰਮੇਸ ਧਵਾਲਾ ਨੇ ਨਿਗਮ ਦੇ ਪ੍ਰਬੰਧਕ ਨਿਰਦੇਸ਼ਕ ਨੂੰ 2 ਮਈ, 2008 ਨੂੰ ਭੇਜੀ ਫੈਕਸ ਵਿਚ, ਜਿਥੇ ਖੇਤਰੀ ਪ੍ਰਬੰਧਕ ਆਰ ਜੀ ਪਟਿਆਲ ਵਲੋਂ ਇਕ ਹੀ ਸਾਲ ਵਿਚ ਲੱਖਾਂ ਖਰਚਣੇ ਅਤੇ ਆਪਣੀ ਅਧਿਕਾਰ ਸੀਮਾ ਦੀ ਉਲੰਘਣਾ ਕਰਨ ਦਾ ਮਾਮਲਾ ਉਠਾਇਆ ਹੈ ਉਥੇ ਇਹ ਵੀ ਸ਼ੱਕ ਦਰਸਾਇਆ ਗਿਆ ਹੈਅ ਕਿ ਇਹਨਾਂ 'ਚ ਕਈ ਖਰਚੇ ਫਰਜੀ ਹਨ। ਧਵਾਲਾ ਨੇ ਪ੍ਰਬੰਧਕ ਨਿਰਦੇਸ਼ਕ ਨੂੰ ਦੋ ਮਹੀਨਿਆਂ ਅੰਦਰ ਮਹਾਂ ਕੇਖਾਕਾਰ ਤੋਂ ਇਸ ਦਫ਼ਤਰ ਦੇ ਪਿਛਲੇ ਤਿੰਨ ਸਾਲਾਂ ਦਾ ਵਿਸੇਸ਼ ਵਿਸਥਾਰਿਤ ਆਡਿਸ ਕਜਵਾਉਣ ਦੇ ਨਿਰਦੇਸ਼ ਦਿੱਤੇ ਹਨ। ਤਾਂ ਕਿ ਸਮੁੱਚੇ ਮਾਮਲੇ ਤੋਂ ਪਰਦਾ ਉਠ ਸਕੇ। ਉਹਨਾਂ ਦਾ ਦੋਸ਼ ਹੈ ਕਿ ਰਿਕਾਰਡ ਫਰੋਲਣ 'ਤੇ ਕਿਧਰੇ ਵੀ ਇਹ ਜਾਣਕਾਰੀ ਨਹੀਂ ਮਿਲੀ ਕਿ ਪਟਿਆਲ ਨੇ ਇਸ ਕਿਸਮ ਦੇ ਭਾਰੀ ਖਰਚਿਆਂ

ਲਈ ਮੁਖ ਦਫ਼ਤਰ ਤੋਂ ਮੰਨਜੂਰੀ ਲਈ ਹੋਵੇ। ਇਹ ਨਿਯਮਾਂ ਦੀ ਉਲੰਘਣਾ ਹੈ। ਫੂਡ ਤੇ ਸਪਲਾਈ ਮੰਤਰੀ ਨੇ ਜਿਥੇ ਖੇਤਰੀ ਪ੍ਰਬੰਧਕ ਨੂੰ ਫੋਮ ਬਦਲਣ ਲਈ ਕਿਹਾ ਹੈ ਉਥੇ ਉਸ ਖਿਲਾਫ ਕਾਰਵਾਈ ਦਾ ਵੀ ਸੁਝਾਅ ਦਿੱਤਾ ਹੈ।

ਭਰਿਸ਼ਟਾਚਾਰ ਦੀ ਜਾਂਚ ਬਹੁਤ ਜ਼ਰੂਰੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਜਦੋਂ ਨਿਗਮ ਪ੍ਰਬੰਧਕ ਦੇ ਨੱਕ ਹੇਠ ਸ਼ਿਮਲੇ ਵਿਚ ਹੀ ਖੇਤਰੀ ਅਧਿਕਾਰੀ ਨਿਯਮ ਨੂੰ ਲੱਖਾਂ ਦਾ ਚੂਨਾ ਲਾ ਰਿਹਾ ਸੀ ਤਾਂ ਵੱਖ-ਵੱਖ ਹੇਠਲੇ ਦਫ਼ਤਰ 'ਤੇ ਨਿਗਾਹ ਰਖਣ ਲਈ ਤੈਨਾਤ ਉਚ ਅਫਸਰ ਕੀ ਕਰ ਰਹੇ ਸਨ।

# ਵਪਾਰੀਕਰਨ ਅਤੇ ਭਾਰਤੀ ਸੰਚਾਰ ਨਿਗਮ

ਲਗਦਾ ਹੈ ਖੱਬਿਆਂ ਵਲੋਂ ਹਮਾਇਤ ਵਾਪਸ ਲੈਣ ਪਿਛੋਂ ਹੌਲੀ ਹੌਲੀ ਹੀ ਸਹੀ ਕੇਂਦਰ ਸਰਕਾਰ ਨੇ ਆਰਥਕ ਸੁਧਾਰਾਂ ਦੀ ਡਗਰ ’ਤੇ ਕਦਮ ਵਧਾਉਣਾ ਤੇਜ ਕਰ ਦਿੱਤਾ ਹੈ। ਸਰਕਾਰੀ ਖੇਤਰ ਦੀ ਦੂਰ ਸੰਚਾਰ ਕੰਪਨੀ ਭਾਰਤ ਸੰਚਾਰ ਨਿਗਮ ਲਿਮਟਿਡ (ਬੀ ਐਸ ਐਨ ਐਲ) ਦੇ 10 ਫੀ ਸਦੀ ਸ਼ੇਅਰ ਖੁਲ੍ਹੇ ਬਜ਼ਾਰ ’ਚ ਵੇਚਣ ਲਈ ਪਬਲਿਕ ਇਸ਼ੂ ਆਈ ਪੀ ਓ ਲਿਆਉਣ ਦੀ ਦਿਸ਼ਾ ਵਿਚ 3 ਅਗਸਤ ਨੂੰ ਮਹੱਤਵਪੂਰਨ ਪ੍ਰਗਤੀ ਹੋਈ। ਬੀ ਐਸ ਐਨ ਐਲ ਦੇ ਬੋਰਡ ਨੇ ਇਸ ਸੁਝਾਅ ਨੂੰ ਹਰੀ ਝੰਡੀ ਦੇ ਦਿੱਤੀ। ਇਸ 10 ਫੀ ਸਦੀ ਹਿਸੇਦਾਰੀ ਨੂੰ ਵੇਚ ਕੇ ਕੰਪਨੀ ਬਜ਼ਾਰ ਤੋਂ 40 ਹਜ਼ਾਰ ਕਰੋੜ ਰੁਪਏ ਉਗਮ ਹੋਣ ਦੀ ਯੋਜਨਾ ਬਣਾ ਚੁਕੀ ਹੈ। ਹਾਲਾਂ ਕਿ ਇਸ ਬਾਰੇ ਅੰਤਿਮ ਫੈਸਲਾ ਸਰਕਾਰ ਹੀ ਕਰੇਗੀ। ਕੰਪਨੀ ਦੇ ਮਜ਼ਦੂਰ ਸੰਗਠਨ ਇਸ ਤਰ੍ਹਾਂ ਦੇ ਕਿਸੇ ਵੀ ਸੁਝਾਅ ਦਾ ਖੁੱਲ੍ਹਾ ਵਿਰੋਧ ਕਰ ਰਹੇ ਹਨ। ਅਤੇ ਉਹਨਾਂ ਦੀ ਸਹਿਮਤੀ ਬਿਨਾਂ ਪ੍ਰਬੰਧਕ ਦੀ ਇਹ ਯੋਜਨਾ ਸਿਰੇ ਚੜ ਸਕੇਗੀ ਜਾਂ ਨਹੀਂ। ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਕੰਪਨੀ ਦੇ ਇਕ ਉਚ ਅਧਿਕਾਰੀ ਅਨੁਸਾਰ ਪ੍ਰਬੰਧਕਾਂ ਨੂੰ ਮਜ਼ਦੂਰ ਸੰਗਠਨਾਂ ਵਲੋਂ ਖੜੇ ਕੀਤੇ ਜਾਣ ਵਾਲੇ ਅੜਕਿਆਂ ਦਾ ਅਹਿਸਾਸ ਹੈ ਅਤੇ ਇਸ ਲਈ ਮਜ਼ਦੂਰਾਂ ਨੇਤਾਵਾਂ ਨਾਲ ਗਲਬਾਤ ਕੀਤੀ ਜਾ ਰਹੀ ਹੈ ਮਜ਼ਦੂਰ ਜਥੇਬੰਦੀਆਂ ਦੀ ਸਹਿਮਤੀ ਮਿਲਣ ਪਿਛੋਂ ਇਸ ਪ੍ਰਸਤਾਵ ਨੂੰ ਦੂਰ ਸੰਚਾਰ ਵਿਭਾਗ ਪਾਸ ਮੰਨਜੂਰੀ ਲਈ ਭੇਜਿਆ ਜਾਵੇਗਾ। ਵੈਸੇ ਕੇਂਦਰੀ ਸੰਚਾਰ ਮੰਤਰੀ ਏ ਰਾਜਾ ਦਾ ਕਹਿਣਾ ਹੈ ਕਿ ਇਸ ਕਿਸਮ ਦਾ ਪ੍ਰਸਤਾਵ ਅਜੇ ਉਹਨਾਂ ਕੋਲ ਨਹੀਂ ਆਇਆ ਹੈ ਇਸ ਲਈ ਉਹ ਕੋਈ ਟਿਪਣੀ ਨਹੀਂ ਕਰ ਸਕਦੇ। ਹਾਲਾਂ ਕਿ ਰਾਜਾ ਨੇ ਇਹ ਵੀ ਕਿਹਾ ਕਿ ਬੀ ਐਸ ਐਨ ਐਲ ਪ੍ਰਬੰਦ ਮਜੂਦਰ ਜਥੇਬੰਦੀਆਂ ਨਾਲ ਗਲਬਾਤ ਕਰ ਰਿਹਾ ਹੈ। ਧਿਆਨ ਦੇਣ ਯੋਗ ਹੈ ਕਿ ਬੀ ਐਸ ਐਨ ਐਲ ਦਾ ਕੁਲ ਬਾਜ਼ਾਰ ਮੁੱਲ 4 ਲੱਖ ਕਰੋੜ ਰੁਪਏ ਅੰਕਿਆ ਗਿਆ ਹੈ ਅਤੇ ਇਸ ਹਿਸਾਬ ਨਾਲ ਇਸ ਦੇ 10 ਫੀ ਸਦੀ ਹਿੱਸੇ ਦਾ ਮੁੱਲ 40 ਹਜ਼ਾਰ ਕਰੋੜ ਰੁਪਏ ਹੋਵੇਗਾ। ਜੇ ਇਹ ਆਈ ਪੀ ਓ ਆਇਆ ਤੇ ਸਫਲ ਵੀ ਰਿਹਾ ਤਾਂ ਇਹ ਦੇਸ਼ ਦਾ ਸਭ ਤਂ ਵੱਡਾ ਆਈ ਪੀ ਓ ਸਾਬਤ ਹੋਵੇਗਾ ਅਤੇ ਤਦ ਬੀ ਐਸ ਐਨ ਐਲ ਦੇਸ਼ ਦੀ ਸਭ ਤੋਂ ਵੱਡੀ ਦੂਰ ਸੰਚਾਰ ਕੰਪਨੀ ਬਣ ਸਕਦੀ ਹੈ। ਪਹਿਲਾ ਇਹ ਗੱਲ ਕਹੀ ਗਈ ਸੀ ਕਿ ਬੀ ਐਸ ਐਲ ਐਲ ਨੂੰ ਸਰਕਾਰੀ ਨਵਰਤਨ ਕੰਪਨੀ ਦਾ ਦਰਜਾ ਦਿਤੇ ਜਾਣ ਅਤੇ ਵੱਡੇ ਪੈਮਾਨੇ ’ਤੇ ਵਿਸਥਾਰ ਪ੍ਰੋਗਰਾਮ ਲਈ ਬਜ਼ਾਰ ’ਚ ਸੁਚੀ ਬੱਧ ਹੋਣਾ ਪਵੇਗਾ। ਇਸ ਅਧਾਰ ’ਤੇ ਪ੍ਰਬੰਦ ਕਿਰਤ ਜਥੇਬੰਦੀਆਂ ਨਾਲ ਆਈ ਪੀ ਓ ਲਈ ਸਹਿਮਤੀ ਮੰਗ ਰਿਹਾ ਸੀ ਪਰ ਕਿਰਤ ਸੰਗਠਨਾਂ ਦਾ ਕਹਿਣਾ ਹੈ ਕਿ ਨਵਰਤਨ ਕੰਪਨੀ ਦਾ ਦਰਜਾ ਦਿਤੇ ਜਾਣ ਜਾਂ ਵਿਸਥਾਰ ਲਈ ਬਜ਼ਾਰ ਵਿਚ ਸੂਚੀ ਬੱਧ ਹੋਣਾ ਕੋਈ ਸ਼ਰਤ ਨਹੀਂ ਹੈ ਕਿਉਂਕਿ ਐਸ ਏ ਐਲ ਨੂੰ ਬਿਨਾਂ ਸੂਚੀ ਵੱਧ ਹੋਇਆ ਇਹ ਦਰਜਾ ਹਾਸਲ ਹੈ। ਕਿਸੇ ਜੁਮਾਨੇ ’ਚ ਦੇਸ਼ ਦੀ ਸਭ ਤੋਂ ਵੱਡੀ ਦੂਰ ਸੰਚਾਰ ਕੰਪਨੀ ਬੀ ਐਸ ਐਲ ਐਲ ਦਾ ਪ੍ਰਬੰਦ ਇਹਨੀਂ ਦਿਨੀਂ ਵਿਕਾਸ ਤੇ ਵਿਸਥਾਰ ਯੋਜਨਾਵਾਂ ਲਈ ਪੈਸੇ ਦੀ ਕਮੀ ਦਾ ਰੋਣਾ ਰੋ ਰਿਹਾ ਹੈ। ਹਾਲਾਂ ਕਿ ਪਿਛਲੇ ਦਿਨੀ ਸਾਲ ’ਚ ਕੰਪਨੀ ਨੇ

7805 ਕਰੋੜ ਰੁਪਏ ਦਾ ਸ਼ੁੱਧ ਮੁਨਾਫਾ ਕਮਾਇਆ ਸੀ ਪਰ ਨਿਜੀ ਖੇਤਰ ਦੀ ਦੂਰ ਸੰਚਾਰ ਕੰਪਨੀ ਏਅਰਟੈਲ, ਵੋਡਾ ਫੋਨ ਅਤੇ ਰਿਲਾਇੰਸ ਆਦਿ ਨੇ ਉਸਨੂੰ ਮੋਬਾਇਲ ਸੇਵਾ ਦੇ ਖੇਤਰ ਵਿਚ ਪਿਛੇ ਛੱਡ ਦਿੱਤਾ ਹੈ। ਇਹਨਾਂ ਕੰਪਨੀਆਂ ਦੇ ਮੁਕਾਬਲੇ ਲਈ ਬੀ ਐਸ ਐਨ ਐਲ ਨੂੰ ਵੱਡੇ ਪੈਮਾਨੇ 'ਤੇ ਨਿਵੇਸ਼ ਕਰਨ ਦੀ ਜਰੂਰਤ ਹੈ ਅਤੇ ਇਸ ਮਾਮਲੇ ਵਿਚ 10 ਫੀ ਸਦੀ ਹਿਸੇਦਾਰੀ ਵੇਚਣਾ ਉਸਨੂੰ ਸਭ ਤੋਂ ਬੇਹਤਰ ਤਰੀਕਾ ਲੱਗ ਰਿਹਾ ਹੈ। ਸਾਲ 2008-09 'ਚ ਕੰਪਨੀ ਵੱਖ-ਵੱਖ ਵਿਕਾਸ ਯੋਜਨਾਵਾਂ 'ਤੇ ਕੁਲ 18 ਹਜ਼ਾਰ ਕਰੋੜ ਰੁਪਏ ਖਰਚ ਕਰਨ ਦੀ ਤਿਆਰੀ ਵਿਚ ਹੈ ਜਦ ਕਿ ਸਾਲ 2010 ਤਕ ਕੁਲ 60000 ਕਰੋੜ ਰੁਪਏ ਨਿਵੇਸ਼ ਦੀ ਯੋਜਨਾ ਹੈ।

ਕੰਪਨੀ ਦੇ ਕੋਲ ਅਜੇ ਕਰੀਬ 30 ਹਜ਼ਾਰ ਕਰੋੜ ਰੁਪਏ ਦੀ ਨਕਦੀ ਹੈ। ਜੋ ਫੌਰੀ ਨਿਵੇਸ਼ 'ਚ ਕੰਮ ਆਉਣਗੇ। ਜਾਹਿਰ ਹੈ ਕਿ ਭਵਿੱਖ ਦੀਆਂ ਯੋਜਨਾਵਾਂ ਲਈ ਕੰਪਨੀ ਨੂੰ ਹੋਰ ਪੈਸੇ ਦੀ ਲੋੜ ਪਵੇਗੀ ਪਰ ਉਸ ਨੂੰ ਆਈ ਪੀ ਓ ਲਿਆਉਣ 'ਚ ਕਾਮਯਾਬੀ ਮਿਲੇਗੀ ਜਾਂ ਨਹੀਂ ਇਹ ਤਰ੍ਹਾਂ ਕਿਰਤ ਜਥੇਬੰਦੀਆਂ ਦੇ ਰੁਖ 'ਤੇ ਨਿਰਭਰ ਕਰੇਗਾ। ਵੈਸੇ ਬਜ਼ਾਰ ਦੀ ਅਨਿਸ਼ਚਤਤਾ ਨੂੰ ਵੇਖਦੇ ਹੋਏ ਤਰੁੰਤ ਆਈ ਪੀ ਓ ਲਿਆਉਣ ਦਾ ਫੈਸਲਾ ਸ਼ਾਇਦ ਕੰਪਨੀ ਖੁਦ ਹੀ ਟਾਲ ਸਕਦੀ ਹੈ ਕਿਉਂਕਿ ਬਜ਼ਾਰ ਦੀ ਅਨਿਸ਼ਚਤਤਾ ਦੇ ਚੱਕਰ ਵਿਚ ਰਿਲਾਇੰਸ ਪਾਵਰ ਦੇ ਆਈ ਪੀ ਓ ਦਾ ਹਸ਼ਰ ਸਭ ਦੇਖ ਚੁੱਕੇ ਹਨ।

ਬਾਜ਼ਾਰ ਦੀ ਅਨਿਸ਼ਚਤਤਾ ਦੇ ਕਾਰਨ ਹੀ ਦੇਸ਼ ਦੇ ਸਭ ਤੋਂ ਵੱਡੇ ਕਮੋਡਿਟੀ ਐਕਸਚੇਂਜ, ਮਲਟੀ ਕਮੋਡਿਟੀ ਐਕਸਚੇਂਜ ਨੇ ਆਈ ਪੀ ਓ ਲਿਆਉਣ ਦਾ ਫੈਸਲਾ ਟਾਲ ਦਿੱਤਾ ਹੈ। ਐਕਸਚੇਂਜ ਮੁਤਾਬਕ ਬਜ਼ਾਰ ਦੀ ਸਥਿਤੀ ਅਤੇ ਮਰਚੈਂਟ ਬੈਕਰ ਦੀ ਸਲਾਹ ਨੂੰ ਧਿਆਨ 'ਚ ਰੱਖਦੇ ਹੋਇਆ ਐਮ. ਸੀ. ਐਕਸ ਨੇ ਆਈ ਪੀ ਓ ਲਿਆਉਣ ਦੀ ਯੋਜਨਾ ਮੁਲਤਵੀ ਕਰ ਦਿੱਤੀ ਹੈ। ਐਕਸਚੇਂਜ ਨੂੰ ਸੇਬੀ ਤੋ ਆਈ ਪੀ ਓ ਲਿਆਉਣ ਦੀ ਮੰਨਜੂਰੀ ਮਿਲ ਗਈ ਸੀ। ਐਸ ਸੀ ਐਕਸ ਆਪਣੇ ਆਈ ਪੀ ਓ ਰਾਹੀਂ 70 ਕਰੋੜ ਰੁਪਏ ਉਗਰਾਹੁਣ ਦੀ ਯੋਜਨਾ ਬਣਾ ਰਿਹਾ ਹੈ। ਹੁਣ ਇਹ ਆਈ ਪੀ ਓ ਕਦੋਂ ਆਵੇਗਾ ਇਸ ਬਾਰੇ ਬਾਅਦ ਵਿਚ ਐਲਾਨ ਕਰੇਗਾ। ਹਾਲਾਂ ਕਿ ਬਜ਼ਾਰ ਦੇ ਸੂਤਰਾਂ ਦਾ ਕਹਿਣਾ ਹੈ ਕਿ 11 ਅਗਸਤ ਦੇ ਪਿਛੋਂ ਐਸ ਸੀ ਐਕਸ ਸੇਬੀ ਨੂੰ ਨਵਾਂ ਡ੍ਰਾਫਟ ਪ੍ਰੋਸਪੈਕਟਸ ਸੌਂਪ ਸਕਦਾ ਹੈ।

# ਡਾਕ ਵਿਭਾਗ ਦੀਆਂ ਜ਼ਮੀਨਾਂ ਅਤੇ ਬਹੁਕੌਮੀ ਕੰਪਨੀਆਂ

ਰੇਲ ਮੰਤਰਾਲੇ ਦੇ ਨਕਸ਼ੇ ’ਤੇ ਚਲਦਿਆਂ ਡਾਕ ਵਿਭਾਗ ਦੀਆਂ ਆਪਣੀਆਂ ਜ਼ਮੀਨਾਂ ਦੀ ਵਪਾਰਕ ਵਰਤੋਂ ਦੀ ਯੋਜਨਾ ’ਤੇ ਜਲਦੀ ਹੀ ਅਮਲ ਕੀਤਾ ਜਾ ਰਿਹਾ ਹੈ। ਇਸ ਨੇ ਪੋਸਟਲ ਡਿਵੈਲਪਮੈਂਟ ਕਾਰਪੋਰੇਸ਼ਨ ਨਾਮ ਹੇਠ ਇਕ ਕਾਰਪੋਰੇਟ ਅਦਾਰਾ ਖੜਾ ਕਰ ਲਿਆ ਗਿਆ ਹੈ। ਜਿਸ ਦੇ ਨਾਂ ਉਹ ਆਪਣੀ ਸਾਰੀ ਰੀਅਲ ਇਸਟੇਟ (ਜਮੀਨੀ ਜਾਇਦਾਦ) ਕਰ ਦੇਵੇਗਾ ਅਤੇ ਇਹ ਕਾਰਪੋਰੇਸ਼ਨ ਡਾਕ ਵਿਭਾਗ ਦੀ ਫਾਲਤੂ ਬੇਕਾਰ ਪਈਆਂ ਜ਼ਮੀਨਾਂ ਦੀ ਵਪਾਰਕ ਵਰਤੋਂ ਦਾ ਖਾਕਾ ਤਿਆਰ ਕਰੇਗਾ। ਇਹਨਾਂ ਜ਼ਮੀਨਾਂ ’ਤੇ ਮਲਟੀਪਲੈਕਸ, ਛਾਪਿੰਗ ਮਾਲ, ਕਾਰਪੋਰੇਟ ਦਫਤਰ ਵਪਾਰਕ ਕਮਪਲੈਕਸ ਬਿਜਨਸ ਟਾਵਰ ਆਦਿ ਖੜੇ ਹੋਣਗੇ ਅਤੇ ਜੋ ਬਹੁਕੌਮੀ ਡਿਵੈਲਪਰਾਂ ਦੇ ਨਾਲ ਅਕਾਸ਼ ਛੂੰਹਦੀਆਂ ਇਮਾਰਤਾਂ ਬਣਗੀਆਂ ਉਹਨਾਂ ਦੀ ਮਾਲ ਕਾਰਪੋਰੇਟ ਅਦਾਰਿਆਂ ਕੋਲ ਹੋਵੇਗੀ। ਪੀ. ਡੀ. ਸੀ. ਇਸ ਆਜ਼ਾਦ ਗੱਠਜੋੜ ਹੋਵੇਗਾ ਜਿਸ ਕੋਲ ਸਾਰੇ ਵਿੱਤੀ ਅਧਿਕਾਰ ਹੋਣਗੇ ਅਤੇ ਜੋ ਕਾਰਪੋਰੇਟ ਡਿਵੈਲਪਰਾਂ ਦੇ ਨਾਲ ਸਾਂਝੇ ਅਦਾਰੇ ਖੜੇ ਕਰਕੇ ਉਹਨਾਂ ਰਾਹੀਂ ਡਾਕ ਵਿਭਾਗ ਦੀ ਸਾਰੀ ਰੀਅਲ ਅਸਟੇਟ ਨੂੰ ਇਸ ਤਰ੍ਹਾਂ ਵਿਕਸਤ ਕਰੇਗਾ ਕਿ ਉਸ ਦੀ ਵਪਾਰਕ ਵਰਤੋਂ ਹੋ ਸਕੇ। ਦਰਅਸਲ ਦੇਸੀ ਵਿਦੇਸੀ ਕੰਪਨੀਆਂ ਦੀ ਗਿਰਝੀ ਨਜ਼ਰ ਡਾਕ ਵਿਭਾਗ ਦੀ ਬੇਹੱਦ ਕੀਮਤੀ ਜ਼ਮੀਨ ’ਤੇ ਲੱਗੀ ਹੋਈ ਹੈ, ਖਾਸ ਕਰਕੇ ਉਹਨਾਂ ਜ਼ਮੀਨਾਂ ’ਤੇ ਜੋ ਜੋ ਮਹੱਤਵਪੂਰਨ ਸ਼ਹਿਰੀ ਇਲਾਕਿਆਂ ’ਤੇ ਮਹਾਂਨਗਰਾਂ ਵਿੱਚ ਸਥਿਤ ਹੈ। ਡਾਕ ਵਿਭਾਗ ਦੀ ਜ਼ਮੀਨ ਦਿੱਲੀ ’ਚ ਕਨਾਟ ਪਲੇਸ ਵਿੱਚ ਸਥਿਤ ਹੈ ਅਤੇ ਮੁੰਬਈ ’ਚ ਨਰੀਮਨ ਪੁਆਇੰਟ ’ਤੇ ਨਵੀਂ ਦਿੱਲੀ ’ਚ ਚਣਕਿਆਪੁਰੀ ’ਚ ਵੀ ਡਾਕ ਵਿਭਾਗ ਦੀ ਜ਼ਮੀਨ ਹੈ। ਨਵੀਂ ਦਿੱਲੀ ਮੁੰਬਈ ਕਲਕੱਤਾ ’ਚ ਇਹ ਸਭ ਜ਼ਮੀਨਾ ਖਾਸ ਕਰਕੇ ਰੀਅਲ ਇਸਟੇਟ ਕਾਰੋਬਾਰੀਆਂ ਦੇ ਨਿਸ਼ਾਨੇ ’ਤੇ ਹਨ। ਬਹੁਕੌਮੀ ਕੰਪਨੀਆਂ ਮਦਰਾਸ ’ਚ ਵੀ ਉਹਨਾਂ ਜ਼ਮੀਨਾਂ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੀਆਂ ਹਨ ਅਤੇ ਹਥਿਆਉਣਾ ਚਾਹੁੰਦੀਆਂ ਹਨ। ਉਹਨਾਂ ਦੇ ਦਬਾਅ ’ਚ ਆ ਕੇ ਡਾਕ ਵਿਭਾਗ ਦੇਸ਼ ਭਰ ’ਚ ਸ਼ਹਿਰੀ ਇਲਾਕਿਆਂ ਤੇ ਮਹਾਂਨਗਰਾਂ ’ਚ ਫੈਲੀਆਂ 1700 ਤੋਂ ਵੱਧ ਜਾਇਦਾਦਾਂ ਦੀ ਵਪਾਰਕ ਵਰਤੋਂ ਲਈ ਨਿਸ਼ਾਨਦੇਹੀ ਕਰ ਚੁੱਕਿਆ ਹੈ। ਇਹਨਾਂ ਜ਼ਮੀਨਾਂ ਨੂੰ ਬਹੁਕੌਮੀ ਕੰਪਨੀਆਂ ਡਿਵੈਲਪਰਾਂ ਨਾਲ ਸਾਂਝੇ ਅਦਾਰੇ ਖੜੇ ਕਰਕੇ ਵਪਾਰਕ ਢੰਗ ਨਾਲ ਵਿਕਸਤ ਕੀਤਾ ਜਾਣਾ ਹੈ ਤੇ ਇਹਨਾਂ ’ਤੇ ਬਣਗੇ ਵਪਾਰਕ ਕਪਲੈਕਸ ਜਿਹਨਾਂ ’ਚ ਬਹੁਕੌਮੀ ਕੰਪਨੀਆਂ ਦੀ ਤੂਤੀ ਬੋਲੇਗੀ ਤੇ ਉਹਨਾਂ ਦਾ ਕਾਰੋਬਾਰ ਚੱਲੇਗਾ। ਪ੍ਰਸਤਾਵਿਤ ਸਯੁੰਕਤ ਅਦਾਰਿਆਂ ਦਾ ਰੂਪ ਨੈਸ਼ਨਲ ਟੈਕਸਟਾਈਲ ਕਾਰਪੋਰੇਸ਼ਨ ਦੀ ਮੁੰਬਈ ਸਥਿਤ ਜ਼ਮੀਨੀ ਜਾਇਦਾਦਾਂ ਲਈ ਅਪਣਾਈ ਗਈ ਤਰਜ ’ਤੇ ਹੋਵਗਾ। ਡਾਕ ਵਿਭਾਗ ਆਪਣੀਆਂ ਜ਼ਮੀਨਾਂ ਦੀ ਵਰਤੋਂ ਖੁਦ ਨਾ ਕਰਕੇ ਉਹਨਾਂ ਬਹੁਕੌਮੀ ਕੰਪਨੀਆਂ ਨੂੰ ਦੇਣ ਲਈ ਬਜਿਦ ਹੈ। ਇਹਨਾਂ ਕੰਪਨੀਆਂ ’ਤੇ ਵੀ ਕਾਰਪੋਰਟ ਘਰਾਣਿਆਂ, ਸਮੂਹਾਂ ਦੇ ਝੰਡੇ ਗੱਡਣਗੇ, ਜਿਹਨਾਂ ਦੀ ਔਕਾਤ ਡਾਕ ਵਿਭਾਗ ਤੋਂ ਕਾਫੀ ਘੱਟ ਹੋਏਗੀ। ਹੈਰਾਨੀ ਹੈ ਕਿ ਦੇਸ਼ ’ਚ ਕਾਰਪੋਰੇਟ ਕੋਰੀਅਰ ਕੰਪਨੀਆਂ ਫੈਲਦੀਆਂ

ਜਾ ਰਹੀਆਂ ਹਨ। ਇਹਨਾਂ ’ਚੋਂ ਬਹੁਤਿਆਂ ਦਾ ਨੈਟਵਰਕ ਡਾਕ ਵਿਭਾਗ ਦੇ ਨੈਟਵਰਕ ਮੂਹਰੇ ਕਿਧਰੇ ਵੀ ਮੁਕਾਬਲਾ ਨਹੀਂ ਕਰ ਸਕਦਾ ਅਤੇ ਨਾ ਹੀ ਏਨੀ ਇਸ ਦੀ ਔਕਾਤ ਹੈ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਉਹ ਡਾਕ ਵਿਭਾਗ ਦੇ ਨੈਟਵਰਕ ਤੇ ਹੀ ਟਿਕੀਆਂ ਹਨ। ਡਾਕ ਵਿਭਾਗ ਦੇ ਨੈਟਵਰਕ ਦੀ ਵਰਤੋਂ ਕਰਕੇ ਉਸ ਨੂੰ ਹੀ ਚੂਨਾ ਲਾ ਰਹੀਆਂ ਹਨ। ਬੈਕਿੰਗ ਦੂਰ ਸੰਚਾਰ, ਬੀਮਾ, ਬਿਜਲੀ, ਐਕਸਪ੍ਰੈਸ ਹਾਈਵੇ, ਟਰਾਂਸਪੋਰਟ ਹਵਾਈ ਸੇਵਾਵਾਂ ’ਤੇ ਬਹੁਕੌਮੀ ਕੰਪਨੀਆਂ ਹਾਵੀ ਹੁੰਦੀਆਂ ਜਾ ਰਹੀਆਂ ਹਨ। ਰੇਲਵੇ ’ਚ ਵੀ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਦੇ ਨਾਂ ’ਤੇ ਕਾਰਪੋਰੇਟ ਘਰਾਣੇ, ਸਮੂਹ ਘੁਸ ਰਹੇ ਹਨ। ਹੁਣ ਉਹਨਾਂ ਦੇ ਨਿਸ਼ਾਨੇ ’ਤੇ ਡਾਕ ਵਿਭਾਗ ਹੈ। ਡਾਕ ਸੇਵਾਵਾਂ ’ਚ ਵੀ ਕਾਰਪੋਰੇਟ ਕੁਰੀਅਰ ਕੰਪਨੀਆਂ ਦੀ ਵਧਦੀ ਘੁਸਪੈਂਠ ਕਾਰਨ ਡਾਕ ਵਿਭਾਗ ਦਾ ਦਾਇਰਾ ਸੁੰਗੜਦਾ ਜਾ ਰਿਹਾ ਹੈ। ਹੁਣ ਉਹ ਜ਼ਮੀਨ ਨੂੰ ਬਹੁਕੌਮੀ ਕੰਪਨੀਆਂ ਦੇ ਹਵਾਲੇ ਕਰਕੇ ਆਪਣੀ ਹੋਂਦ ਬਚਾਉਣੀ ਚਾਹੁੰਦਾ ਹੈ। ਦੇਖਦੇ ਹਾਂ ਬਕਰੇ ਦੀਆਂ ਕਦੋਂ ਤੱਕ ਖੈਰ ਮਨਾਉਂਦੀ ਹੈ।

ਭਾਰਤ ਸਰਕਾਰ ਨੂੰ ਇਹ ਨਹੀਂ ਭੁੱਲਣਾ ਨਹੀਂ ਚਾਹੀਦਾ ਕਿ ਡਾਕ ਵਿਭਾਗ ਦੇ ਸਮਾਜਿਕ ਸਰੋਕਾਰ ਵੀ ਹਨ। ਉਹ ਸਿਰਫ ਇਕ ਵਪਾਰਕ ਕਾਰੋਬਾਰ ਹੀ ਨਹੀਂ ਹੈ। ਉਸ ਦਾ ਕੰਮ ਹੈ ਦੇਸ਼ ਦੇ ਲੋਕਾਂ ਦੀ ਸੇਵਾ ਕਰਨ। ਉਹ ਲੋਕਾਂ ਦੀ ਬਾਖੂਬੀ ਸੇਵਾ ਕਰ ਸਕਦਾ ਹੈ। ਪੈਸਾ ਇਕ ਥਾਂ ਤੋਂ ਦੂਜੀ ਥਾਂ ਜਲਦੀ ਪਹੁੰਚਾ ਕੇ ਸਸਤਾ ਮਾਧਿਅਮ ਬਣਦਾ ਹੈ। ਸਰਕਾਰ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਇਨ੍ਹਾਂ ਯੁਕਤਾਂ ਤਕਨੀਕਾਂ ਨਾਲ ਡਾਕ ਵਿਭਾਗ ਲੋਕ ਸੇਵਾ ਦਾ ਇਕ ਕਾਰਗਰ ਮਾਧਿਅਮ ਬਣ ਸਕਦਾ ਹੈ। ਉਹ ਆਪਣੇ ਪੜ੍ਹੇ ਲਿਖੇ ਕਾਰਜਕੁਸ਼ਲ ਤੇ ਸਮਰਪਿਤ ਕਰਮੀਆਂ ਦੀ ਫੌਜ ਦੇ ਆਸਰੇ ਕਿਸ ਤਰ੍ਹਾਂ ਬਹੁਕੌਮੀ ਉਸਾਰੀ ਵਿੱਚ ਆਪਣੀ ਭੂਮਿਕਾ ਅਦਾ ਕਰ ਸਕਦਾ ਹੈ। ਇਹ ਦੇਖਣਾ ਸਰਕਾਰ ਦਾ ਕੰਮ ਹੈ। ਸਰਕਾਰ ਲੋਕਾਂ ਦੀ ਪ੍ਰਤੀਨਿਧ ਹੈ ਤਾਂ ਦੇਸ਼ ਨੂੰ ਵੇਚਣ ਲਈ ਨਹੀਂ ਹੈ ਆਪਣੀਆਂ ਸੇਵਾਵਾਂ ਨੂੰ ਨਿੱਤ ਨਵੀਆਂ ਛੂਹਾਂ ਦੇਣ ਲੋਕਾਂ ਲਈ ਸੌਖਾ ਬਣਾਉਣ ਵਾਸਤੇ ਜਦ ਕਦੀ ਡਾਕ ਵਿਭਾਗ ਆਪਣਾਂ ਵਿਸਥਾਰ ਕਰਨਾ ਚਾਹੇਗਾ ਤਦ ਉਸ ਦੀਆਂ ਯੋਜਨਾਵਾਂ ਲਈ ਜ਼ਮੀਨ ਦੀ ਲੋੜ ਪੈਣੀ ਹੈ। ਇਸ ਸਥਿਤੀ ’ਚ ਉਹ ਆਪਣੇ ਨੂੰ ਲਾਚਾਰ ਬੇਵਸ ਮਹਿਸੂਸ ਕਰੇਗਾ ਤੇ ਇਸ ਹਾਲਤ ’ਚ ਉਸ ਦਾ ਬਹੁਕੌਮੀ ਕਰਨ ਜਾਂ ਕਹਿ ਲਵੋ ਸਾਮਰਾਜੀਕਰਨ ਹੋ ਜਾਵੇਗਾ।

# ਪੈਸਿਆਂ ਦੀ ਬਾਂਦਰ ਵੰਡ

ਇਹ ਕਿਸੇ ਯੋਜਨਾ ਲਈ ਮਿਲੇ ਪੈਸੇ ਦੀ ਬਾਂਦਰਵੰਡ ਦਾ ਸਭ ਤੋਂ ਵੱਡਾ ਨਮੂਨਾ ਹੈ ਜਿਸ ਵਿਚ ਨਾ ਸਿਰਫ ਚਹੇਤੀਆਂ ਕੰਪਨੀਆਂ ਨੂੰ ਕੰਮ ਦਿੱਤੇ ਗਏ ਬਲਕਿ ਉਹਨਾਂ ਦੀ ਮਾਲੀ ਹਾਲਤ ਹੋਰ ਸੁਧਰੇ ਇਸ ਲਈ ਬਿਜਲੀ ਮਹਿਕਮੇ ਦੇ ਆਲ੍ਹਾ ਅਫਸਰਾਂ ਨੇ ਕਈ ਤਰਾਂ ਦੇ ਜੋੜ-ਜਗਤ ਕੀਤੇ। ਵਸਤਾਂ ਦੇ ਭੁਗਤਾਨ 'ਚ ਏਨੀ ਉਦਾਰਤਾ ਵਿਖਾਈ ਕਿ ਤਿੰਨ-ਸਾਢੇ ਤਿੰਨ ਸੌ ਗੁਣਾਂ ਵੱਧ ਦਰਾਂ 'ਤੇ ਭੁਗਤਾਨ ਕੀਤਾ ਗਿਆ। ਸ਼ੋਰ ਸ਼ਰਾਬਾ ਮਚਾਉਣ ਜਾਂ ਫਿਰ ਮਹਾਂਲੇਖਾਕਾਰ ਦੀ ਰੀਪੋਟਰ  ਵਿਚ ਇਸ ਅੰਧੇਰ ਗਰਦੀ ਦੇ ਉਜਾਗਰ ਹੋਣ 'ਤੇ ਵੀ ਕੰਨ 'ਤੇ ਜੂੰ ਨਹੀਂ ਸਰਕੀ। ਗੋਲਮਾਲ ਦੇ ਚਲਦਿਆਂ ਪੇਂਡੂ ਬਿਜਲੀਕਰਨ ਦਾ ਕੰਮ ਸਿਰਫ ਕਾਗਜਾਂ ਤਕ ਹੀ ਸਿਮਟ ਕੇ ਰਹਿ ਗਿਆ ਹੈ। ਰਾਜ 'ਚ ਬਿਜਲੀਕਰਨ ਦੇ ਸਿੱਟੇ ਕੰਮ ਦੀ ਰਫਤਾਰ ਤੋਂ ਵੀ ਸਮਝੇ ਜਾ ਸਕਦੇ ਹਨ। ਇਸ ਯੋਜਨਾ ਤਹਿਤ 22,300 ਪਿੰਡਾਂ ਦੇ ਬਿਜਲੀਕਰਨ ਦਾ ਟੀਚਾ ਰਖਿਆ ਸੀ ਪਰ ਜਨਵਰੀ 2007 ਨੂੰ ਰਾਜਪਾਲ ਵਲੋਂ ਸਦਨ 'ਚ ਦਿੱਤੇ ਗਏ ਭਾਸ਼ਣ ਦੇ ਦਸਤਾਵੇਜ ਮੁਤਾਬਕ "ਸ਼ਤ-ਪ੍ਰਤੀਸ਼ਤ ਪੇਂਡੂ ਬਿਜਲੀਕਰਨ ਦੀ ਯੋਜਨਾ ਵਿਚ 30,800 ਪਿੰਡ ਦੇ ਟੀਚੇ ਵਿਰੁੱਧ 18489 ਪਿੰਡ ਦਾ ਬਿਜਲੀਕਰਨ ਹੋਇਆ ਹੈ ਜਦ ਕਿ ਭਾਰਤ 'ਚ ਇਸੇ ਅਰਸੇ ਦੌਰਾਨ ਸਿਰਫ 3891 ਪਿੰਡਾਂ ਦਾ ਹੀ ਬਿਜਲੀਕਰਨ ਹੋਇਆ। ਇਸ ਟੀਚੇ ਨੂੰ ਹਾਸਲ ਕਰਨ ਲਈ ਕੀ-ਕੀ ਖੇਡ ਖੇਡੀ ਗਈ? ਕਿਸ ਪਾਸੇ ਕਾਗਜੀ ਖਾਨਾਪੂਰਤੀ ਹੋਈ? ਇਹ ਜਾਣਕਾਰੀ ਕੰਨ ਖੜੇ ਕਰ ਦੇਣ ਵਾਲੀ ਹੈ। ਦਿਲਚਸਪ ਇਹ ਹੈ ਕਿ ਇਸ ਯੋਜਨਾ ਤਹਿਤ ਕਈ ਅਜੇਹੇ ਪਿੰਡਾਂ ਦਾ ਚੋਣ ਕੀਤੀ ਹੈ ਜਿਥੇ ਬਿਜਲੀ ਪਹਿਲਾਂ ਹੀ ਚਲਦੀ ਹੈ ਜਦ ਕਿ ਚੋਣ ਸਿਰਫ ਉਹਨਾਂ ਪਿੰਡਾਂ ਦੀ ਹੀ ਹੋਣੀ ਸੀ ਜਿੱਥੇ ਬਿਜਲੀ ਉਕਾ ਹੀ ਨਹੀਂ। ਏਨਾ ਹੀ ਨਹੀਂ ਬਿਜਲੀ ਮਹਿਕਮੇ ਦੇ ਕਾਰਸਤਾਨ ਅਫਸਰਾਂ ਨੇ ਸੂਬੇ ਦਾ ਭੂਗੋਲ ਹੀ ਬਦਲ ਦਿੱਤਾ ਹੈ। ਉਹਨਾਂ ਨੇ ਬੰਦਰਵੰਡ ਕਾਣੀਵੰਡ ਕਰਨ ਲਈ ਪਿੰਡਾਂ ਦੀ ਗਿਣਤੀ ਹੀ ਵਧਾ ਦਿੱਤੀ ਹੈ। ਮਸਲਨ, ਸ਼ਾਵਸਤੀ ਅਤੇ ਬਹਰਾਈਚ 'ਚ 204, ਲਖਨਊ ਤੇ ਹਰਮੋਦੀ33-33, ਉਨਾਵ 'ਚ 86, ਬਰੇਲੀ 'ਚ 26 ਅਤੇ ਲਖੀਮਪੁਰ 'ਚ 80 ਪਿੰਡਾਂ ਦੀ ਗਿਣਤੀ ਨਿਰਧਾਰਿਤ ਸੰਖਿਆ ਤੋਂ ਵੱਧ ਵਿਖਾਈ ਗਈ ਹੈ ਅਤੇ ਬਿਜਲੀਕਰਨ 'ਚ ਗੋਲਮਾਲ ਕਰਕੇ ਵੱਡਾ ਟੀਚਾ ਹਾਸਲ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਕੰਮ ਦਾ ਠੇਕਾ 14 ਕੰਪਨੀਆਂ ਨੂੰ ਦਿੱਤਾ ਗਿਆ ਪਰ ਕੰਮ ਦੀ ਵੰਡ ਹੀ ਏਨੇ ਬੇਢੰਗੇ ਢੰਗ ਨਾਲ ਕੀਤੀ ਗਈ ਕਿ ਕਿਸੇ ਕੰਪਨੀ ਨੂੰ ਇਕ ਨਾਲ ਦੇ ਪੁਰਜੇ ਨਹੀਂ ਮਿਲ ਸਕੇ ਪਰ ਇਸ ਵਿਚ ਕੰਮ ਕਰਨ ਵਾਲੀਆਂ ਕੰਪਨੀਆਂ ਦਾ ਵੀ ਹਿਤ ਸੀ। ਜਿਹਨਾਂ 14 ਵੱਡੇ ਸਨਅਤਕਾਰਾਂ ਨੂੰ ਬਿਜਲੀਕਰਨ ਦਾ ਠੇਕਾ ਦਿੱਤਾ ਗਿਆ। ਉਹਨਾਂ ਵਿਚ ਕਈਆਂ ਕੋਲ ਉਸ ਦਾ ਲੋੜੀਂਦਾ ਤਜ਼ਰਬਾ ਵੀ ਨਹੀਂ ਸੀ। ਸਭ ਤੋਂ ਵੱਧ 17 ਜ਼ਿਲ੍ਹਿਆਂ ਦਾ ਕੰਮ ਰਿਲਾਇੰਸ ਏਨਰਜੀ ਲਿਮਟਿਡ ਨੂੰ ਮਿਲਿਆ ਤਾਂ ਸਭ ਤੋਂ ਘੱਟ ਜ਼ਿਲ੍ਹੇ ਜਿਸ ਕੰਪਨੀ ਨੂੰ ਮਿਲੇ, ਜਿਸ ਖਿਲਾਫ ਸੀਬੀਆ ਦੀ ਜਾਂਚ ਪਹਿਲਾਂ ਹੀ ਹੈ। ਹਰਿਆਣਾ ਰਾਜ 'ਚ ਇਹ ਕੰਪਨੀ ਕਾਲੀ ਸੂਚੀ 'ਚ ਸ਼ਾਮ ਹੈ। ਦਿਲਚਸਪ ਹੈ ਕਿ ਇਹਨਾਂ ਵੱਡੀਆਂ ਕੰਪਨੀਆਂ ਨੇ ਵੀ ਇਹ ਕੰਮ ਛੋਟੇ ਠੇਕੇਦਾਰ ਤੋਂ ਕਰਵਾਏ। ਇਹਨਾਂ ਕੰਪਨੀਆਂ ਦੇ ਕੰਮਕਾਜ ਅਤੇ ਗੁਣਵਣਤਾ ਦਾ 'ਮਈਟਸ' ਤੇ

ਬਿਜਲੀ ਸੁਰਖਿਆ ਡਾਇਰੈਕਟੋਰੇਟ ਨੂੰ ਸੌਂਪੀ ਗਈ ਹੈ। ਜਿਹਨਾਂ ਨੂੰ ਨਮੂਨੇ ਵਜੋਂ 510 ਪਿੰਡ ਕਰਵਾਏ ਗਏ ਕੰਮਾਂ ਦੀ ਜਾਂਚ ਕਰਨੀ ਸੀ। ਅਜੇ ਤੱਕ ਇਹਨਾਂ ਸੰਸਥਾਵਾਂ ਨੇ ਜਿਹਨਾਂ 322 ਪਿੰਡਾਂ 'ਚ ਜਾਂਚ ਕੀਤੀ ਹੈ ਉਹਨਾਂ ਵਿਚੋਂ 147 ਪਿੰਡਾਂ 'ਚ ਕੰਮ ਸਟੈਂਡਰਡ ਮੁਤਾਬਕ ਨਹੀਂ ਮਿਲੇ। ਏਡੇ ਮੇਡੇ ਖੰਭੇ ਤਾਂ ਲਗਾਏ ਹੀ ਗਏ ਹਨ, ਖੰਭਿਆਂ ਦੀ ਨੰਬਰਿੰਗ ਵੀ ਨਹੀਂ ਹੋਈ ਹੈ। ਐਨਰਜੀ ਮੀਟਰ ਨਹੀਂ ਹਨ ਤਾਂ ਸੁਰਖਿਆ ਪੈਮਾਨਿਆਂ ਨੂੰ ਅਣਗੌਹਲਿਆਂ ਕਰਦਿਆਂ ਸਮੁੱਚੀ ਅਰਥਿੰਗ ਬਿਨਾਂ ਹੀ ਟਰਾਂਸਫਾਰਮ ਲਾ ਦਿੱਤੇ ਗਏ ਹਨ। ਦਰਖਤਾਂ ਤੋਂ ਤਾਰ ਦੀ ਦੂਰੀ ਨੂੰ ਵੀ ਧਿਆਨ 'ਚ ਨਹੀਂ ਰਖਿਆ ਗਿਆ।

ਹੈਦਰਾਬਾਦ ਦੀ ਇਕ ਕੰਪਨੀ ਨੇ, ਖੰਭੇ ਘੱਟ ਡੂੰਘਾਈ 'ਤੇ ਲਾਏ ਹਨ। ਘਟੀਆ ਟਰਾਂਸਫਾਰਮ ਜੜ ਦਿੱਤੇ। ਪਿੰਡ ਅੰਦਰ ਵਿਛਾਈਆਂ ਗਈਆਂ ਤਾਰਾਂ ਹੇਠ ਗਾਈਡਿਲ ਲਾਈਨ ਬਿਜਲੀ ਦੀਆਂ ਤਾਰਾਂ ਹੇਠ ਝੂਲਾ ਨਹੀਂ ਪਾਇਆ ਗਿਆ। ਟਰਾਂਸਫਾਰਮ ਦੀ ਮਖੀ ਲਈ ਤੜਿਤ ਚਾਲਕ ਯੰਤਰ ਵੀ ਬੁੰਦੇਲ ਖੰਡ ਇਲਾਕੇ 'ਚ ਜਾਂਚ ਰਿਪੋਟਰ ਦਸਦੀ ਹੈ, 'ਕਈ ਅਜੇਹੇ ਪਿੰਡ ਹਨ ਜਿਥੇ ਬਿਜਲੀ ਦੀ ਲਾਈਨ ਪਾਉਣ ਲਈ ਖੰਭੇ ਤਾਂ ਲਾਏ ਗਏ ਪਰ ਖੰਭਿਆਂ ਤੇ ਤਾਰ ਗਾਇਬ ਹੈ। ਟਰਾਂਸਫਾਰਮ 'ਚ ਤੇਲ ਨਹੀਂ ਹੈ।' ਯੋਜਨਾ ਲਾਗੂ ਕਰਨ 'ਚ ਗੜਬੜ ਦੇ ਦੋਸ਼ 'ਚ ਚਿੱਤਰਕੁੱਟ ਮੰਡਲ ਦੇ ਮੁਖੀ ਸਾਮੇਂਦਰ ਪ੍ਰਤਾਪ ਸਿੰਘ ਨੂੰ ਮੁਅਤਲ ਕਰਨਾ ਪਿਆ। ਵਰਨਣ ਯੋਗ ਹੈ ਕਿ 2005 'ਚ ਬੰਦੇਲਖੰਡ ਦੇ ਸੱਤ ਰਸਤਿਆਂ ਬਾਂਤਾ, ਝਾਂਸੀ, ਹਮੀਰਪੁਰ, ਲਲਿਤਪੁਰ, ਉਰਈ, ਚਿੱਤਰਕੁਟ ਤੇ ਮਹੋਬਾ ਦੇ ਲਗਭਗ 1600 ਪਿੰਡਾਂ ਵਿਚ ਰੋਸ਼ਨੀ ਪਹੁੰਚਾਉਣ ਦਾ ਟੀਚਾ ਸੀ। ਜਿਸਨੂੰ ਪੂਰਾ ਕਰਨ ਲਈ ਦੋ ਅਰਬ ਰੁਪਏ ਮਿਲੇ ਸਨ। 5002 ਬਿਜਲੀ ਕ੍ਰਿਤ ਪਿੰਡਾਂ 'ਚ 1884 ਬਿਜਲੀ ਕਾਰਜ ਪੂਰਾ ਹੋਣ ਬਾਰੇ ਪ੍ਰਮਾਣ-ਪੱਤਰ ਜਮਾ ਕਰਵਾਉਣ 'ਤੇ ਸੁਰਖਿਆ ਡਾਇਰੈਕਟੋਰੇਟ ਦੇ ਕਰਮਚਾਰੀਆਂ ਨੇ ਅਸੰਤੋਸ਼ ਜਾਹਰ ਕੀਤਾ ਰਾਇਬਰੇਲੀ 'ਚ 562 ਕਾਰਜ ਪੂਰਤੀ ਪ੍ਰਮਾਣ ਪੱਤਰ ਵਿਰੁੱਧ ਬਿਜਲੀ ਸੁਰਖਿਆ ਵਲੋਂ 126 ਪਿੰਡਾਂ ਦਾ ਨਿਰੀਖਣ ਕੀਤੇ ਜਾਣ 'ਤੇ ਕੰਮ ਠੀਕ ਨਹੀਂ ਮਿਲਿਆ ਜਾਂਚ ਪਿਛੋਂ ਪਾਵਰ ਕਾਰਪੋਰੇਸ਼ਨ ਪ੍ਰਬੰਧਕਾਂ ਨੂੰ ਸੌਂਪੀ ਗਈ। ਰਿਪੋਟਰ ਨੂੰ ਨਾਮਜਦ ਏਜੰਸੀਆਂ ਨੇ ਕਿਹਾ ਹੈ ਬਿਜਲੀਕਰਨ 'ਚ ਬਹੁਤ ਸਾਰੀਆਂ ਖਾਮੀਆਂ ਹਨ। ਕੰਮ ਕਰਵਾਉਣ ਵਾਲੀਆਂ ਸੰਸਥਾਵਾਂ ਨੇ ਪੈਮਾਨਿਆਂ ਨੂੰ ਡਾਕ 'ਤੇ ਰੱਖ ਕੇ ਕੰਮ ਕਰਵਾਏ ਹਨ। ਰਾਜੀਵ ਗਾਂਧੀ ਪੇਂਡੂ ਬਿਜਲੀਕਰਨ ਦੀ ਇਸ ਸਕੀਮ ਵਿਚ ਕੇਂਦਰ ਵਲੋਂ 2300 ਕਰੋੜ ਰੁਪਏ ਅਲਾਟ ਹੋਏ ਸਨ ਜਦ ਕਿ ਅਧਿਕਾਰੀਆਂ ਨੇ ਕੰਮ ਅਲਾਟ 3300 ਕਰੋੜ ਰੁਪਏ ਦਾ ਕਰ ਦਿੱਤਾ ਬਜਟ ਵਧਣ ਦਾ ਕਾਰਨ ਕੰਮ ਜਾਂ ਸਮਾਨ ਦੀਆਂ ਦਰਾਂ 'ਚ ਵਾਧੇ ਦੀ ਬਜਾਏ ਆਪਣੀ ਮਨਪਸੰਦੀਦਾ ਕੰਪਨੀ ਨੂੰ ਵੱਧ ਫਾਇਦਾ ਪਹੁੰਚਾਉਣ ਲਈ ਕਈ ਗੁਣਾਂ ਵੱਧ ਦਰਾਂ 'ਤੇ ਟੈਂਡਰ ਦੇਣ ਦੇ ਨਾਲ ਹੀ ਸਪਲਾਈ ਕੀਤੇ ਗਏ ਸਮਾਨਾਂ ਦੀਆਂ ਦਰਾਂ ਵਿਚ ਕਈ ਗੁਣਾਂ ਇਜਾਫਾ ਕਰਕੇ ਭੁਗਤਾਨ ਕਰਨਾ ਹੈ। ਵਰਨਣ ਯੋਗ ਹੈ ਕਿ ਪੇਂਡ ਬਿਜਲੀਕਰਨ ਅਤੇ ਦੋਹਰੀ ਪ੍ਰਣਾਲੀ ਨਿਯੋਜਨ ਸੰਗਠਨ ਰੇਸਪੋ ਸਮਾਨਾਂ ਦੀਆਂ ਦਰਾਂ ਨਿਰਧਾਰਿਤ ਕਰਦਾ ਹੈ ਪਰ ਇਸ ਨੂੰ ਨਕਾਰਦੇ ਹੋਇਆਂ ਮੂੰਹ ਮੰਗਿਆ ਤੇ ਮਨਚਾਹਿਆ ਭੁਗਤਾਨ ਹੋਇਆ। ਕਈ ਕੇਸਾਂ ਵਿਚ ਤਾਂ ਰੇਸਪੋ ਦੀ ਦਰਾਂ ਨਿਰਧਾਰਿਤ ਕੀਤੀਆਂ ਉਸ ਨਾਲ 355 ਫੀਸਦੀ ਤਕ ਵੱਧ ਦਰ 'ਤੇ ਠੇਕੇ ਦਿੱਤੇ ਗਏ। ਇਕ ਪ੍ਰਬੰਧਕ ਨਿਰਦੇਸ਼ਕ ਦੇ ਕਾਰਜਕਾਲ ਵਿਚ ਭੁਗਤਾਨ ਕੀਤੇ ਕੁਝ ਰੇਟ ਗੌਰ ਕਰਨ ਵਾਲੇ ਹਨ। ਮਹਾਂ ਪ੍ਰਬੰਧਕ

ਸਾਮਗਰੀ ਨੇ ਸਟਾਕ ਇਸ਼ੂ ਰੇਟ 5 ਐਮ. ਵੀ. ਏ. ਟਰਾਂਸਫਾਰਮ ਦਾ ਮੁਲ 16,31000 ਰੁਪਏ ਤਹਿ ਕੀਤਾ ਜਦ ਕਿ ਹੈਦਰਾਬਾਦ ਦੀ ਹੀ ਇਕ ਹੋਰ ਕੰਪਨੀ ਨੇ ਇਸੇ ਟ੍ਰਾਂਸਫਾਅਰ ਦੀ ਸਪਲਾਈ ਦਾ ਮੁਲ 42, 43, 677 ਰੁਪਏ ਤਹਿ ਕੀਤਾ। ਇਸ ਕੰਪਨੀ ਨੇ 5 ਐਮ. ਵੀ. ਏ. ਸਬ-ਸਟੇਸ਼ਨ ਦੇ ਯੂਨਿਟ ਲਾਉਣ ਦੀ ਲਾਗਤ 410.15 ਲੱਖ ਲਈ ਜਦ ਕਿ ਇਸ ਦਾ ਰੇਸਪੋ ਦਰ 240 ਲੱਖ ਹੈ। ਪੀ ਸੀ ਸੀ ਪੋਲ ਦਾ ਸਟਾਕ ਇਸ਼ੂ ਰੇਟ 180 ਰੁਪਏ ਹੀ ਹੈ ਜਦ ਕਿ ਸਬੰਧਤ ਕੰਪਨੀ ਦੀ ਸਪਲਾਈ ਦਰ 13068 ਰੁਪਏ ਹੈ। ਵਧ ਦਰਾਂ ਦੇਣ ਦੀ ਕੁਝ ਹੋਰ ਮਿਸਾਲਾਂ ਸਾਹਮਣੇ ਰੱਖੀਆਂ ਜਾ ਸਕਦੀਆਂ ਹਨ। 33 ਕੇਵੀ ਸਿੰਗਲ ਟ੍ਰਾਂਸਫਾਅਰ ਦਾ ਕੰਟੋਲ ਪੈਨਲ ਰੇਸਪੋ ਦਰ 62,500 ਰੁਪਏ ਹੈ ਪਰ ਇਸ ਲਈ 28,4,660 ਰੁਪਏ ਦਿੱਤੇ ਗਏ। ਪੀ ਵੀ ਸੀ ਦੇ 1000 ਮਿ.ਮੀ. 630 ਮਿ.ਮੀ. 400 ਮਿ.ਮੀ., 240 ਮਿ. ਮੀ. ਦੇ ਕੇਵਲ ਦੀ ਰੇਸਮੋ ਦਰ 460, 310, 190 ਅਤੇ 120 ਰੁਪਏ ਹੈ। ਜਦ ਕਿ ਇਸ ਦੇ ਲਈ ਭੁਗਤਾਨ ਪਾਵਰ ਕਾਰਪੋਰੇਸ਼ਨ ਦੇ ਅਫਸਰਾਂ ਦੀ ਮੇਹਰਬਾਨੀ ਕਾਰਨ ਕ੍ਰਮਵਾਰ 560, 455, 300 ਤੇ 200 ਰੁਪਏ ਕੀਤੇ ਗਏ। ਇਹੀ ਨਹੀਂ 400 ਕੇ. ਵੀ. ਅਤੇ 100 ਕੇ ਵੀ ਟ੍ਰਾਂਸਫਾਅਰ ਦੀ ਦਰ 1,57,500 ਰੁਪਏ 91500 ਰੁਪਏ ਅਤੇ 47500 ਰੁਪਏ ਸੀ ਪਰ ਇਸ ਲਈ ਭੁਗਤਾਨ 2,29000, 137,500,65000 ਰੁਪਏ ਕੀਤਾ ਗਿਆ? ਤਕਰੀਬਨ 51ਫੀ ਸਦੀ ਦੀ ਵੱਧ ਦਰ ’ਤੇ 33 ਕੇ ਵੀ ਸੀ ਟੀ ਆਊਟ ਡੋਰ ਲਿਆ ਗਿਆ। ਗਿਆਰਾਂ ਕੇ ਵੀ ਦੇ ਆਊਟ ਗੋਇੰਗ ਸਿਵਚ ਗਿਅਰ 52 ਫੀਸਦੀ ਵੱਧ ਰੇਟ ’ਤੇ ਖਰੀਦੇ ਗਏ ਅਤੇ 24 ਬੋਲਟ ਦੀ ਬੈਟਰੀ, ਚਾਰਜਰ ਅਤੇ ਕੈਬਿਨੇਟ ਦੇ ਨਾਲ ਰੇਸਪੋ ਦਰ ਮੁਤਾਬਕ 34,400 ਰੁਪਏ ’ਚ ਮਿਲਣੀ ਚਾਹੀਦੀ ਸੀ ਪਰ ਬਿਜਲੀ ਵਿਭਾਗ ਦੇ ਆਲਾ ਹੁਕਮਰਾਨਾ ਨੇ ਇਸ ਦੇ ਲਈ ਬਹੁਤ ਵੱਧ ਭੁਗਤਾਨ ਕੀਤਾ। ਕੰਪਨੀਆਂ ਨੂੰ ਬੈਟਰੀ ਲਈ15,8,999 ਰੁਪਏ ਦਿੱਤੇ ਗਏ। ਕਿਊਬਿਕ ਬਾਕਸ ਵਿਚ 162 ਫੀਸਦੀ ਤਕ ਵੱਧ ਦਰ ਦਿੱਤੀ ਗਈ। ਇਹ ਤਾਂ ਕੁਝ ਮਿਸਾਲਾਂ ਹੀ ਹਨ। ਇਹਨਾਂ ਭੁਗਤਾਨ ਦੇ ਅਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਤਕਰੀਬਨ 1500 ਕਰੋੜ ਰੁਪਏ ਗੈਰ ਜਰੂਰੀ ਖਰਚ ਕੀਤੇ ਗਏ। ਉਤਰ ਪ੍ਰਦੇਸ਼ ਬਿਜਲੀ ਮਜ਼ਦੂਰ ਯੂਨੀਅਨ ਦੇ ਸ਼ਿਕਾਇਤ ਪ੍ਰਤ ਦੇ ਪੰਨਾ 2 ’ਤੇ ਦੋਸ਼ ਲਾਇਆ ਗਿਆ ਹੈ ਪੇਂਡੂ ਬਿਜਲੀਕਰਨ ਪ੍ਰਣਾਲੀ ਨਿਯੋਜਨ ਸੰਗਠਨ ਰੇਸਪੋ ਨੇ ਜੋ ਦਰਾਂ ਨਿਰਧਾਰਿਤ ਕੀਤੀਆਂ, ਉਸ ਨੂੰ ਨਿਕਾਰਦਿਆਂ ਹੋਇਆਂ ਦੀਪਕ ਸਿੰਘਲ, ਮੁਖਕਮ ਪ੍ਰਬੰਧਕ ਨਿਰਦੇਸ਼ਕ ਸਮੇਤ ਕਈ ਹੋਰ ਲੋਕਾਂ ਨੇ ਟੈਂਡਰ ਦੀ ਫਾਇਨਲ ਡੀਲ ਡੁਬਈ ’ਚ ਕੀਤੀ। ਮਹਾਂ ਲੇਖਾਕਾਰ  ਸੀ ਏ ਜੀ ਨੇ 11 ਟੈਂਡਰ ’ਚ ਜਿਸ ਦੀ ਸੰਪੂਰਨ ਲਗਨ ਰੇਸਮੋ ਦੀ ਦਰ 54,303.91 ਲੱਖ ਅੰਕੀ ਹੈ, ਜਿਸ ਦੇ ਪ੍ਰਸੰਗ ’ਚ ਕੰਪਨੀ ਨੇ ਵੱਖ-ਵੱਖ ਫਰਮਾ ਦੇ ਨਾਲ 76234.58 ਲੱਖ ਦਾ ਸਮਝੌਤਾ ਕੀਤਾ ਹੈ। ‘ਪਹਿਲੀ ਨਜ਼ਰ ਇਸ ਦੇ ਅਨੁਸਾਰ 2123067 ਲੱਖ ਭਾਵ 213 ਕਰੋੜ ਰੁਪਏ ਵੱਧ ਦਿੱਤੇ ਗਏ।’ ਮਹਾਂਲੇਖਾਕਾਰ ਦੀ ਰੀਪੋਟ ’ਚ ਇਹ ਵੀ ਲਿਖਿਆ ਹੈ ਜਨਪਦ ਉਨ੍ਹਾਂ ਹਿੱਤ ਮੇਂ ਏ.ਬੀ.ਬੀ.ਲਿ. ਨੂੰ 761 ਪਿੰਡਾਂ ਦੇ ਬਿਜਲੀਕਰਨ ਤੇ ਹੋਰ ਕੰਮ ਹਿੱਤ 5602 529 ਲੱਖ ਦਾ ਇਕਰਾਰ ਕੀਤਾ ਜਦ ਕਿ ਰੇਸਪੋ ਦੇ ਸਾਲ 2005-06 ਦੀਆਂ ਦਰਾਂ ’ਤੇ ਅਧਾ ਇਸ ਸਾਲ ਦੀ ਲਾਗਤ 3656.42 ਲੱਖ ਆਉਂਦੀ ਹੈ। ਇਸ ਤਰ੍ਹਾਂ 53 ਫੀਸਦੀ ਉਚੀਆ ਦਰਾਂ ’ਤੇ ਕੰਮ ਦੇਣ ਨਾਲ 20 ਕਰੋੜ ਦਾ ਗੋਲਮਾਲ ਸਿੱਧ ਹੋ ਗਿਆ।’ ਅਫਸਰਾਂ ਨੇ ਟੈਂਡਰ ਦੇ ਘੱਟ ਘੱਟ

ਕਰ ਨੂੰ ਖਤਮ ਕਰਕੇ ‘ਟਰਨ ਦੀ’ ਯੋਜਨਾ ਲਾਗੂ ਕਰਕੇ ਵੀ ਕੰਪਨੀਆਂ ਨੂੰ ਲਾਭ ਪਹੁੰਚਾਇਆ। ਰਾਜ ’ਚ ਹੋਏ ਇਸ ਘਪਲੇ ਮੁਤਾਬਕ ਭਾਜਪਾ ਦੇ ਸੰਸਦ ਭਾਨੂੰਪ੍ਰਤ ਸਿੰਘ ਬੀਤੇ ਸਾਲ 14 ਮਈ ਤੋਂ ਲਗਾਤਾਰ ਰਾਸ਼ਟਰਪਤੀ ਨੂੰ ਪ੍ਰਤ ਲਿਖ ਕੇ ਦਸਦੇ ਆ ਰਹੇ ਹਨ। ਪੇਂਡੂ ਬਿਜਲੀਕਰਨ ਨੂੰ ਇੰਨੇ ਵੱਡੇ ਪੈਮਾਨੇ ’ਤੇ ਕਰਵਾਏ ਜਾਣ ਦੀ ਅਜੇ ਕੋਈ ਤੁਕ ਵੀ ਨਹੀਂ ਕਿਉਂਕਿ ਸੂਬੇ ’ਚ ਵਰਤਮਾਨ ਬਿਜਲੀ ਦੀ ਉਪਲੱਭਤਾ ਨੂੰ ਵੇਖਦਿਆਂ ਇਹ ਸਿਰਫ ਸ਼ੋ-ਪੀਸ ਸਿੱਧ ਹੋਵੇਗਾ। ਇਸ ਸਾਰੇ ਮਾਮਲੇ ਦੀ ਸੀ ਬੀ ਆਈ ਜਾਂਚ ਦੀ ਜ਼ਰੂਰਤ ਹੈ। ਇਹਨਾਂ ਲੋਕਾਂ ਨੇਜਨਤਾ ਦੇ ਖ਼ੂਨ ਪਸੀਨੇ ਦੀ ਗਾੜ੍ਹੀ ਕਮਾਈ ਨਾਲ ਜਿਸ ਤਰ੍ਹਾਂ ਆਪਣੀਆਂ ਜੇਬਾਂ ਭਰੀਆਂ ਹਨ ਉਹ ਸਭ ਸੀ ਬੀ ਆਈ ਜਾਂਚ ਨਾਲ ਸ਼ਾਇਦ ਸਾਹਮਣੇ ਆ ਜਾਵੇ।

# ਅਪ੍ਰੇਸ਼ਨ ਥੀਏਟਰ ਦੀ ਕਰਾਮਾਤ

ਹੈਰਾਨ ਹੋਣ ਦੀ ਕੋਈ ਲੋੜ ਨਹੀਂ ਜੇ ਤੁਹਾਨੂੰ ਇਹ ਸੁਨਣ ਨੂੰ ਮਿਲੇ ਕਿ ਅਪ੍ਰੇਸ਼ਨ ਥੀਏਟਰ 'ਚ ਸਿਰਫ ਗੋਲੀਆਂ ਕੱਢੀਆਂ ਹੀ ਨਹੀਂ ਜਾਂਦੀਆਂ ਗੋਲੀਆਂ ਫਿਟ ਵੀ ਕੀਤੀਆਂ ਜਾਂਦੀਆਂ ਹਨ। ਹੁਣ ਸੁਆਲ ਇਹ ਹੈ ਕਿ ਇਸ ਦਾ ਮਕਸਦ ਕੀ ਹੋ ਸਕਦਾ ਹੈ? ਜੁਆਬ ਹੈ ਕਿ ਅਪ੍ਰੇਸ਼ਨ ਥੀਏਟਰ ਵਿਚ ਹੋਈ ਕਾਰਗੁਜਾਰੀ ਨਾਲ ਬੜੀ ਅਸਾਨੀ ਨਾਲ ਧਾਰਾ 307 ਦੇ ਨਾਂ ਨਾਲ ਵੀ ਜਾਣਦੇ ਹਾਂ। ਇਹ ਖੇਡ ਇਹਨੀ ਦਿਨੀ ਹਸਪਤਾਲਾ 'ਚ ਵੱਧ ਫੁਲ ਰਹੀ ਹੈ। ਭਾਰਤੀ ਦੰਡ ਵਿਧਾਨ 1860 ਦੀ ਦਫਾ 307 ਦੇ ਤਹਿਤ ਉਹਨਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾਦਾ ਹੈ ਜੋ ਕਿਸੇ ਬੰਦੇ 'ਤੇ ਗੋਲੀ ਨਾਲ ਜਾਂ ਕਿਸੇ ਹੋਰ ਹਥਿਆਰ ਨਾਲ ਜਾਨ ਤੋਂ ਮਾਰਨ ਦੀ ਨੀਅਤ ਨਾਲ ਹਮਲਾ ਕਰਦੇ ਹਨ। ਗੋਲੀ ਲੱਗਣ ਵਾਲਾ ਜੇ ਬਚ ਜਾਵੇ ਤਾਂ ਨਿਸ਼ਚੇ ਹੀ ਗੋਲੀ ਮਾਰਨ ਵਾਲੇ ਖਿਲਾਫ ਧਾਰਾ 307 ਦਾ ਅਪਰਾਧ ਤਹਿ ਹੁੰਦਾ ਹੈ। ਇਹ ਬਹੁਤ ਹੀ ਸੰਗੀਨ ਕਿਸਮ ਦਾ ਅਪਰਾਧ ਹੈ ਜਿਸ 'ਚ ਦੋਸ਼ੀ ਦੀ ਜਮਾਨਤ ਵੀ ਸੌਖੀ ਤਰ੍ਹਾਂ ਨਹੀਂ ਹੁੰਦੀ ਤੇ ਉਸਨੂੰ ਕਈ ਮਹੀਨੇ ਜੇਹਲ 'ਚ ਰਹਿਣਾ ਪੈਂਦਾ ਹੈ। ਈਟਾ ਜ਼ਿਲ੍ਹੇ ਦੇ ਸਰਕਾਰੀ ਹਸਪਤਾਲ ਦਾ ਇਕ ਵਾਰਡ ਬੁਆਏ 47 ਸਾਲਾ ਅਨਾਰ ਸਿੰਘ ਇਸ ਧਾਰਾ 307 ਦੇ ਅਪਰਾਧ ਨੂੰ ਬਿਨ੍ਹਾਂ ਬੰਦੂਕ ਗੋਲੀ ਚਲਾਏ ਸਿਰਫ ਸ਼ਿਕਾਰ (ਜਿਸ ਨੂੰ ਗੋਲੀ ਲਗਣੀ ਹੈ) ਨੂੰ ਹਸਪਤਾਲ 'ਚ ਬੁਲਾ ਕੇ ਸਿਰਫ ਦਸ ਹਜ਼ਾਰ ਰੁਪਏ ਬਦਲੇ ਸਾਬਤ ਕਰ ਦਿੰਦਾ ਹੈ। ਉਹ ਅਪਰੇਸ਼ਨ ਥੀਏਟਰ 'ਚ ਲੈ ਜਾਂ ਕੇ ਉਸ ਵਿਅਕਤੀ ਦੇ ਸ਼ਰੀਰ 'ਚ ਗੋਲੀਆਂ ਫਿੱਟ ਕਰ ਦਿੰਦਾ ਹੈ ਜੋ ਕਿਸੇ ਦੇ ਖਿਲਾਫ 307 ਦਾ ਮਕਦਮਾ ਬਣਾਉਣ ਚਾਹੁੰਦਾ ਹੈ। ਅਨਾਰ ਸਿੰਘ ਦੀ ਸਿਫਾਈ ਨਾਲ ਕੀਤੀ ਇਸ ਕਰਾਮਾਤ ਕਾਰਨ ਲਗਭਗ 1000 ਜਾਂ ਇਸ ਤੋਂ ਵੀ ਵੱਧ ਧਾਰਾ 307 ਦੇ ਫਰਜ਼ੀ ਮੁਕਦਮੇ ਉਤਰ ਪ੍ਰਦੇਸ, ਰਾਜਸਥਾਨ, ਮੱਧ ਪ੍ਰਦੇਸ ਤੇ ਦਿੱਲੀ ਵਿਚ ਬਣ ਚੁੱਕੇ ਹਨ ਅਤੇ ਹਜ਼ਾਰਾ ਵਿਅਕਤੀ ਆਪਸੀ ਦੁਸ਼ਮਣੀ ਕਾਰਨ ਜੇਹਲਾਂ ਵਿਚ ਹਨ ਜਾਂ ਜਮਾਨਤਾਂ 'ਤੇ ਹਨ।

ਈਟਾ ਜ਼ਿਲ੍ਹਾ ਮੈਜਿਸਟਰੇਟ ਗੌਰਵ ਦਿਆਲ ਤੇ ਉਚ ਪੁਲਸ ਅਧਿਕਾਰੀ ਸਤੇਂਦਰ ਵੀਰ ਸਿੰਘ ਦਾ ਕਹਿਣਾ ਹੈ ਕਿ ਓਹਨਾਂ ਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਧਾਰਾ 307 ਨੂੰ ਵੀ ਫਰਜੀ ਢੰਗ ਨਾਲ ਬਣਾਇਆ ਜਾ ਸਕਦਾ ਹੈ। ਸਤੇਂਦਰ ਵੀਰ ਸਿੰਘ ਦੇ ਕਹਿਣ ਅਨੁਸਾਰ ਸਰਕਾਰੀ ਹਸਪਤਾਲ ਦਾ ਵਾਰਡ ਅਟੈਂਡੇਂਟ ਅਨਾਰ ਸਿੰਘ ਹੀ ਫਰਜੀ ਢੰਗ ਨਾਲ ਸ਼ਰੀਰ 'ਚ ਗੋਲੀਆਂ ਲਾਉਣ (ਪੈਲੇਟ ਇੰਮਪਲਾਂਟੇਸ਼ਨ) ਦਾ ਸਰਜਨ ਹੈ ਅਤੇ ਉਹ ਆਪਣੇ 25 ਸਾਲਾਂ ਲੜਕੇ ਅਨਿਲ ਨੂੰ ਨਾਲ ਰੱਖਣਾ ਹੈ ਜੋ ਉਸ ਹਸਪਤਾਲ ਦਾ ਹੀ ਮੁਲਾਜਮ ਹੈ। ਇਹਨਾ ਦੋਹਾਂ ਨਾਲ ਇਸ ਗੈਂਗ ਵਿਚ ਤੀਜਾ ਬੰਦਾ ਰਾਮ ਖਿਲਾੜੀ ਯਾਦਵ ਵੀ ਹੈ ਜੋ ਪੇਸ਼ੇ ਤੋਂ ਵਕੀਲ ਹੈ ਅਤੇ ਅਨਾਰ ਸਿੰਘ ਲਈ ਗਾਹਕ ਘੇਰ ਕੇ ਲਿਆਉਂਦਾ ਹੈ। ਉਸ ਕੋਲ ਅਦਾਲਤ 'ਚ ਅਜੇਹੇ ਲੋਕ ਆਉਂਦੇ ਹਨ ਜੋ ਆਪਣੇ ਕਿਸੇ ਨਾ ਕਿਸੇ ਦੁਸ਼ਮਣਾ ਵਿਰੁੱਧ ਧਾਰਾ 307 ਬਣਾਈ ਜਾਂਦੀ ਹੇ ਤੇ ਫਿਰ ਹੁੰਦਾ ਹੈ ਸਿਲਾਸਲਾ ਨਿਰਦੋਸ਼ ਲੋਕਾਂ ਨੂੰ ਜੇਹਲ ਭੇਜਣ ਦਾ ਵਧੀਕ ਪੁਲਸ ਸੁਪਰਡੈਟ ਐਮ ਐਮ ਬੇਗ ਨੇ ਇਸ ਕਾਂਡ ਨੂੰ ਉਦੋਂ ਉਜਾਗਰ ਕੀਤਾ ਜਦ ਜ਼ਿਲ੍ਹਾ

ਮੈਜਿਸਟ੍ਰੇਟ ਗੌਰਵ ਦਿਆਲ ਕੋਲ ਸਮਰਤਨ ਨਾਮਕ ਵਿਅਕਤੀ ਨੇ ਸ਼ਕਾਇਤ ਕੀਤੀ ਕਿ ਉਸ ਨੂੰ ਪੁਲਸ ਫਰਜੀ ਢੰਗ ਨਾਲ 307 ਦੇ ਮੁਕਦਮੇ 'ਚ ਜੇਲ੍ਹ ਭੇਜ ਰਹੀ ਹੈ। ਪਹਿਲਾਂ ਤਾਂ ਜ਼ਿਲ੍ਹਾ ਮੈਜਿਸਟਰੇਟ ਨੇ ਇਸ ਨੂੰ ਸਰਸਰੀ ਲਿਆ ਪਰ ਸਮਰਤਨ ਨੇ ਜਦ ਜ਼ਿਲ੍ਹਾ ਮੈਜਿਸਟਰੇਟ ਗੌਰਵ ਦਿਆਲ ਮੂਹਰੇ ਇਹ ਸਿੱਧ ਕਰ ਦਿੱਤਾ ਕਿ ਜਿਸ ਦਿਨ ਨੂੰ ਅਧਾਰ ਬਣਾ ਕੇ ਪੁਲਸ ਉਸ ਖਿਲਾਫ ਧਾਰਾ 307 ਦੇ ਫਰਜੀ ਮੁਕੱਦਮੇ 'ਚ ਜੇਲ ਭੇਜ ਰਹੀ ਹੈ, ਉਸ ਦਿਨ ਤਾਂ ਉਹ ਆਪਣੇ ਪਿੰਡ ਬਨਿਆਧਾਰਾ 'ਚ ਸੀ। ਫਿਰ ਗੋਲੀ ਉਸ ਨੇ ਕਦੋਂ ਤੇ ਕਿਵੇਂ ਚਲਾ ਦਿੱਤੀ? ਇਸ ਗੱਲ ਨੇ ਪ੍ਰਸਾਸ਼ਨ ਨੂੰ ਵੀ ਪ੍ਰੇਸ਼ਾਨ ਕਰ ਦਿੱਤਾ ਕਿ ਜਦ ਗੋਲੀ ਚਲਾਉਣ ਵਾਲਾ ਵਿਅਕਤੀ ਮੌਕੇ 'ਤੇ ਹੀ ਨਹੀਂ ਸੀ ਤਾਂ ਫਿਰ ਗੱਲੀ ਕਿਵੇਂ ਚਲਾ ਦਿੱਤੀ? ਹੁਣ ਗੱਲ ਆਉਂਦੀ ਹੈ ਛਾਨਬੀਨ ਦੀ ਸ਼ੁਰੂਆਤੀ ਛਾਨਬੀਨ ਸਮਰਤਨ ਨੇ ਹੀ ਕੀਤੀ ਅਤੇ ਪੁਲਸ ਤੇ ਪ੍ਰਸਾਸ਼ਨ ਨੂੰ ਵਿਸਵਾਸ਼ 'ਚ ਲੈ ਲਿਆ।

ਮਮਰਤਨ ਈਟਾ ਜਿਲ੍ਹੇ ਵਿਚ ਜੈਤਪੁਰ ਠਾਣੇ ਦੇ ਖੇਤਰ 'ਚ ਪਿੰਡ ਬਨਿਆਧਾਰਾ ਦਾ ਰਹਿਣ ਵਾਲਾ ਹੈ। ਇਸ ਪਿੰਡ ਦੇ ਹੀ ਸਰਕਾਰੀ ਰਾਸ਼ਣ ਦੀ ਦੁਕਾਨ ਕਰਨ ਵਾਲੇ ਮਮਸਨੇਹੀ ਨਾਲ ਦੁਸ਼ਮਣੀ ਚਲ ਰਹੀ ਹੈ ਅਤੇ ਮੁਕਦਮੇ ਬਾਜੀ ਵੀ ਚਲ ਰਹੀ ਹੈ। ਮਮਸਨੇਹੀ ਨੇ ਦੋ ਮਹੀਨੇ ਪਹਿਲਾਂ ਥਾਣੇ 'ਚ ਇਕ ਮੁਕਦਮਾ ਲਿਖਵਾਇਆ ਕਿ ਮਮਰਤਨ ਤੇ ਰਾਮਾਨੰਦ ਨੇ ਉਸ ਨੂੰ ਗੋਲੀ ਮਾਰੀ। ਜਿਸ ਵਿਚ ਉਹ ਵਾਲ ਵਾਲ ਬਚ ਗਏ। ਇਸ ਮੁਕਦਮੇ 'ਚ ਪੁਲਸ ਦੋਹਾ ਨੂੰ ਜੇਹਲ ਭੇਜ ਰਹੀ ਸੀ ਪਰ ਜ਼ਿਲ੍ਹਾ ਮੈਜਿਸਟਰੇਟ ਗੌਰਵ ਦਿਆਲ ਤੇ ਉਚ ਪੁਲਸ ਅਧਿਕਾਰੀ ਸਤੇਂਦਰਵੀਰ ਸਿੰਘ ਨੇ ਦਖਲ ਅੰਦਾਜੀ ਕਾਰਨ ਇਨ੍ਹਾਂ ਦੋਹਾਂ ਨੂੰ ਜੇਹਲ ਨਹੀਂ ਭੇਜਿਆ ਗਿਆ ਅਤੇ ਜਾਂਚ ਚਲਦੀ ਰਹੀ ਕਿ ਆਖਰਕਾਰ ਗੋਲੀ ਚੱਲੀ ਕਿਵੇਂ? ਗੋਲੀ ਚਲਣ ਦੀ ਅਵਾਜ਼ ਸਿਰਫ ਇਕ ਘੰਟੇ ਨੂੰ ਹੀ ਕਿਉਂ ਸੁਣੀ? ਜਦਕਿ ਜਿਥੇ ਗੋਲੀ ਚਲਾਈ ਗਈ ਸੀ ਉਹ ਭੀੜ ਭੜੱਕੇ ਵਾਲਾ ਸੀ। ਜਿਸ ਅਨੰਦ ਨਾਂ ਦੇ ਬੰਦੇ ਨੂੰ ਗੱਲੀ ਦੀ ਆਵਾਜ਼ ਸਣਾਈ ਦਿੱਤੀ ਉਸ ਵਿਰੁੱਧ ਵੀ ਰਾਮਰਤਨ ਨੇ ਗ੍ਰਾਮ ਵਿਕਾਸ ਦਾ ਫੰਡ ਹੜੱਪਣ ਦੀ ਸ਼ਿਕਾਇਤ ਕੀਤੀ ਹੋਈ ਸੀ।

ਕਿਸੇ ਤਰ੍ਹਾਂ ਰਾਮਰਤਨ ਨੂੰ ਵਾਰਡ ਬੁਆਏ ਅਨਾਰ ਸਿੰਘ ਦਾ ਪਤਾ ਲੱਗਿਆ ਕਿ ਅਨਾਰ ਸਿੰਘ ਫਰਜੀ ਢੰਗ ਨਾਲ ਗੋਲੀ ਸਰੀਰ 'ਚ ਫਿਟ ਕਰਨ ਦਾ ਕੰਮ ਕਰਦਾ ਹੈ। ਫਿਰ ਕੀ ਸੀ। ਉਸ ਨੇ ਅਸ਼ੋਕ ਨਾਂ ਦੇ ਆਦਮੀ ਨੂੰ ਅਨਾਰ ਸਿੰਘ ਕੋਲ ਭੇਜਿਆ ਅਨਾਰ ਸਿੰਘ ਉਸ ਦੇ ਸਰੀਰ ਗੋਲੀ ਫਿਟ ਕਰਨ ਲਈ 15 ਹਜ਼ਾਰ ਰੁਪਏ ਬਦਲੇ ਤਿਆਰ ਹ ਗਿਆ। ਰਾਮਰਤਨ ਨੇ 30 ਜੁਲਾਈ 2008 ਨੂੰ ਜ਼ਿਲ੍ਹਾ ਮੈਜਿਸਟਰੇਟ ਤੇ ਪੁਲਸ ਨੂੰ ਆਪਣੇ ਵਿਸਵਾਸ਼ 'ਚ ਲਿਆ ਅਤੇ ਵਧੀਕ ਪੁਲਸ, ਮੁਖੀ ਐਮ. ਐਮ. ਬੇਰਾ ਨੂੰ ਜ਼ਿਲ੍ਹਾ ਮੈਜਿਸਟਰੇਟ ਨੇ 500 ਤੇ 100 ਰੁਪਏ ਦੇ ਨੋਟਾਂ 'ਤੇ ਦਸਖ਼ਤ ਕਰਕੇ ਦਿੱਤੇ ਜੋ ਅਨਾਰ ਸਿੰਘ ਦੇ ਫਰਜੀ ਸ਼ਿਕਾਰ ਬਣੇ ਅਸ਼ੋਕ ਨੂੰ ਦਿੱਤੇ ਗਏ। ਅਸ਼ੋਕ ਨੇ ਰੁਪਏ ਅਨਾਰ ਸਿੰਘ ਨੂੰ ਦੇ ਦਿੱਤੇ। ਅਨਾਰ ਸਿੰਘ ਨੇ ਇਸ ਮਹੀਨੇ ਸ਼ੁਰੂ ਦੇ ਦਿਨਾਂ ਵਿਚ ਹੀ ਉਸ ਦੇ ਸ਼ਰੀਰ 'ਚ ਗੋਲੀ ਫਿਟ ਕਰਨ ਨੂੰ ਕਿਹਾ। ਨਿਰਾਧਿਤ ਸਮੇਂ 'ਤੇ ਅਨਾਰ ਸਿੰਘ ਅਸ਼ੋਕ ਨੂੰ ਬਲਾਇਆ। ਪੁਲਸ ਨੇ ਜਦੋਂ ਅਨਾਰ ਸਿੰਘ ਨੂੰ ਫੜਿਆ ਤਾਂ ਅਨਾਰ ਸਿੰਘ ਅਸ਼ੋਕ ਦੇ ਸ਼ਰੀਰ 'ਚ ਤਿੰਨ ਗੋਲੀਆਂ ਫਿਟ ਕਰ ਚੁੱਕਾ ਸੀ। ਪੁਲਸ ਨੇ ਅਨਾਰ ਸਿੰਘ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਅਤੇ ਉਸ ਦੇ ਬੇਟੇ ਨੂੰ ਵੀ ਫੜ ਲਿਆ। ਜ਼ਿਲ੍ਹਾ ਮੈਜਿਸਟ੍ਰੇਟ

ਗੌਰਵ ਸਿੰਘ ਨੇ ਗ੍ਰਿਫਤਾਰੀ ਸਮੇਂ ਇਕ ਮੈਜਿਸਟਰੇਟ ਦੀ ਵੀ ਡਿਊਟੀ ਲਾਈ ਸੀ। ਜਿਸ ਅਸ਼ੋਕ ਦੇ ਸ਼ਰੀਰ ਵਿਚ ਮੌਕੇ 'ਤੇ ਹੀ ਫਰਜੀ ਢੰਗ ਨਾਲ ਗੋਲੀ ਫਿਟ ਕੀਤੇ ਗਏ। ਪੁਲਸ ਨੇ ਏਨਾ ਦੀ ਵਕੀਲ ਰਾਮ ਖਿਲਾੜੀ ਯਾਦਵ ਨੂੰ ਵੀ ਗ੍ਰਿਫਤਾਰ ਕਰਕੇ ਜੇਹਲ ਭੇਜ ਦਿੱਤਾ। ਜਿਨ੍ਹਾਂ ਕਾਰਨ ਲੋਕਾਂ ਦੀ ਧਾਰਾ 307 'ਚ ਜਮਾਨਤ ਨਹੀਂ ਸੀ ਹੁੰਦੀ ਉਹ ਖੁਦ ਜਮਾਨਤ ਲਈ ਤਰਸ ਰਹੇ ਹਨ।

ਪੁਲਸ ਅਨੁਸਾਰ ਵਾਰਡ ਬੁਆਏ ਅਨਾਰ ਸਿੰਘ ਦੇ ਕਾਰਖਾਨਿਆਂ ਦੀ ਲਿਸਟ ਕਾਫ਼ੀ ਲੰਬੀ ਹੈ। ਉਸ ਦੇ ਸਬੰਧ ਉਹਨਾਂ ਡਕੈਤਾਂ ਨਾਲ ਵੀ ਹਨ ਜੋ ਪੁਲਸ ਦੀ ਗੋਲੀ ਨਾਲ ਮੁਠਭੇੜ 'ਚ ਜ਼ਖਮੀ ਹੋ ਜਾਦੇ ਸਨ। ਉਹਨਾਂ ਦੀਆਂ ਗੋਲੀਆਂ ਨੂੰ ਵੀ ਅਨਾਰ ਸਿੰਘ ਅਪਰੇਸ਼ਨ ਥੀਏਟਰ 'ਚ ਲਿਜਾ ਕੇ ਕੱਢਦਾ ਹੁੰਦਾ ਸੀ ਅਤੇ ਉਹਨਾਂ ਨਿਕਲੀਆਂ ਹੋਈਆਂ ਗੋਲੀਆਂ ਨੂੰ ਵੀ ਉਹ ਪੁਲਸ ਨੂੰ ਵੇਚ ਦਿੰਦਾ ਸੀ ਜਿਸ ਨਾਲ ਪੁਲਸ ਵਿਭਾਗ ਵਿਚ ਵੀ ਉਸ ਦੀ ਅੱਛੀ ਪਹਿਚਾਣ ਬਣੀ ਹੋਈ ਸੀ। ਉਹ ਬਦਮਾਸ਼ਾਂ ਤੋਂ ਗੋਲੀਆਂ ਖਰੀਦਿਆ ਵੀ ਕਰਦਾ ਸੀ ਜਿਹਨਾਂ ਨੂੰ ਉਹ ਆਪਣੇ ਸ਼ਿਕਾਰ ਬਣੇ ਲੋਕਾਂ ਦੇ ਸਰੀਰ 'ਚ ਫਿਟ ਕਰਨ ਲਈ ਵਰਤਦਾ ਸੀ। ਅਸ਼ੋਕ ਦੇ ਸਰੀਰ 'ਚ ਫਿਟ ਕੀਤੀਆਂ ਗਈਆਂ ਗੋਲੀਆਂ ਨੂੰ ਉਸ ਨੇ ਮੰਨਿਆ ਅਤੇ ਵਕੀਲ ਰਾਮ ਖਿਲਾੜੀ ਯਾਦਵ ਨੇ ਵੀ ਪੁਲਸ ਦੇ ਸਾਹਮਣੇ ਆਪਣਾ ਜੁਰਮ ਕਬੂਲ ਕੀਤਾ ਕਿ ਉਹ ਗਾਹਕ ਫਸਾ ਕੇ ਅਨਾਰ ਸਿੰਘ ਨੂੰ ਦਿੰਦਾ ਸੀ। ਰੁਪਏ ਅਨਾਰ ਸਿੰਘ ਹੀ ਤਹਿ ਕਰਦਾ ਸੀ ਅਤੇ ਕਿਸੇ ਨੂੰ ਇਹਨਾਂ ਪਤਾ ਨਹੀਂ ਸੀ ਕਿ ਉਹ ਸੂਤਰ ਨੇ ਦਸਿਆ ਕਿ ਅਨਾਰ ਸਿੰਘ ਨਾਲ ਫਰਜੀ 307 ਧਾਰਾ ਬਣਾਉਣ ਵਾਲਿਆਂ ਵਿਚ ਦਿੱਲੀ ਤੇ ਉਤਰ ਪ੍ਰਦੇਸ਼ ਦੇ ਕਈ ਪੁਲਸ ਅਧਿਕਾਰੀ ਵੀ ਹਨ। ਜਿਨ੍ਹਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਅਨਾਰ ਸਿੰਘ ਫਰਜੀ ਢੰਗ ਨਾਲ ਗੋਲੀ ਚਲਣ ਦੀ ਗੱਲ ਸਾਬਤ ਕਰ ਸਕਦਾ ਹੈ ਅਤੇ ਬਦਮਾਸਾਂ ਨੂੰ ਫਸਾਉਣ ਦੇ ਚੱਕਰ ਵਿਚ ਪੁਲਸ ਆਪਣਿਆਂ ਨੂੰ ਹੀ ਜਖਮੀ ਵਿਖਾਉਂਦੀ ਹੈ। ਇਹ ਕਮਾਲ ਅਨਾਰ ਸਿੰਘ ਦਾ ਹੀ ਹੁੰਦਾ ਹੈ।

ਬਕੌਲ ਅਨਾਰ ਸਿੰਘ ਪੁਲਸ ਦੇ ਕਈ ਆਲਾ ਅਫਸਰਾਂ ਤਾਂ ਵੀਰਤਾ ਦੇ ਤਗਮੇ ਵੀ ਲਵਾ ਚੁੱਕੇ ਹਨ। ਜਿਨ੍ਹਾਂ ਨੂੰ ਮੁੜ ਭੇੜ 'ਚ ਕਦੀ ਚੋਟ ਨਹੀਂ ਲੱਗੀ। ਕਿਉਂਕਿ ਉਹਨਾਂ ਦੇ ਸਰੀਰ 'ਚ ਲੱਗੀਆਂ ਗੋਲੀਆਂ ਨੂੰ ਅਨਾਰ ਸਿੰਘ ਨੇ ਹੀ ਫਰਜੀ ਢੰਗ ਨਾਲ ਫਿਟ ਕੀਤਾ ਸੀ। ਅਨਾਰ ਸਿੰਘ ਨੇ ਉਹਨਾਂ ਪੁਲਸ ਅਧਿਕਾਰੀਆਂ ਦੇ ਨਾਂ ਖੋਹਲਣ ਤੋਂ ਮਨਾ ਕਰ ਦਿੱਤਾ ਜਿਨ੍ਹਾਂ ਨੂੰ ਉਸ ਕਾਰਨ ਹੀ ਰਾਸ਼ਟਰਪਤੀ ਤੋਂ ਵੀਰਤਾ ਦੇ ਪੁਰਸਕਾਰ ਹਾਸਲ ਹੋਏ ਸਨ। ਏਟਾ ਜ਼ਿਲ੍ਹੇ ਦਾ ਕੋਈ ਪੁਲਸ ਕਰਮਚਾਰੀ ਜਾਂ ਅਧਿਕਾਰੀ ਅਜੇ ਨਹੀਂ ਹੋਵੇਗਾ ਜੋ ਅਨਾਰ ਸਿੰਘ ਦੇ ਨਾਂ ਤੋਂ ਵਾਕਿਫ ਨਾ ਹੋਵੇ। ਲਖਨਊ 'ਚ ਤਾਇਨਾਤ ਇਕ ਪੁਲਸ ਦੇ ਆਲਾ ਅਧਿਕਾਰੀ ਦਾ ਕਹਿਣਾ ਹੈ ਕਿ ਅਨਾਰ ਸਿੰਘ ਇਕ ਨਹੀਂ ਕਈ ਹਨ। ਸਰਕਾਰੀ ਹਸਪਤਾਲਾਂ 'ਚ ਤਾਂ ਅਨਾਰ ਸਿੰਘ ਨਾਜਾਨੇ ਕਿੰਨੇ ਹੀ ਭਰੇ ਹੋਏ ਹਨ। ਜਿਹਨਾ ਦਾ ਨਾਂ ਇਸ ਤਰਾਂ ਦਾ ਹੈ। ਗਾਜੀਆਬਾਦ 'ਚ ਇਕ ਮੁੱਠਭੇੜ ਪਿੱਛੋਂ ਇਕ ਦਰੋਗਾ ਇਥੇ ਸਥਾਨਕ ਪ੍ਰਾਈਵੇਟ ਹਸਪਤਾਲਾਂ 'ਚ ਭਰਤੀ ਹੋ ਗਿਆ। ਪਤਾ ਲੱਗਿਆ ਕਿ ਉਸ ਦੇ ਹੱਥ 'ਚ ਗੋਲੀ ਲੱਗ ਗਈ ਸੀ ਪਰ ਜਦ ਉਸ ਨੂੰ ਪਤਾ ਲੱਗਿਆ ਕਿ ਉਚ ਪੁਲਸ ਅਧਿਕਾਰੀ ਨੇ ਉਸ ਦੇ ਨਾ ਦੀ ਸਿਫਾਰਸ਼ ਇਨਾਮ ਲਈ ਨਹੀਂ ਕੀਤੀ ਤਾਂ ਉਹ ਹਸਪਤਾਲ ਤੋਂ ਛੱਟੀ ਲੈ ਕੇ ਘਰ ਆ ਗਿਆ। ਅਨਾਰ

ਸਿੰਘ ਵਰਗੇ ਕਿਸੇ ਵਿਅਕਤੀ ਤੋਂ ਉਸ ਨੇ ਵੀ ਗੋਲੀ ਫਿਟ ਕਰਵਾ ਲਈ ਸੀ ਜੋ ਬਾਅਦ 'ਚ ਉਸ ਨੇ ਕੱਢ ਦਿੱਤੀ। ਉਤਰ ਪ੍ਰਦੇਸ਼ 'ਚ ਬਰੇਲੀ 'ਚ ਤੈਨਾਤ ਇਕ ਪੁਲਸ ਦੇ ਆਲਾ ਅਫਸਰ ਨੂੰ ਇਸੇ ਅਨਾਰ ਸਿੰਘ ਦੀ ਕ੍ਰਿਪਾ ਨਾਲ ਇਨਾਮ ਤੇ ਤੋਹਫੇ ਹਾਸਲ ਹੋਏ ਕਿਉਂਕਿ ਇਹ ਅਧਿਕਾਰੀ ਏਟਾ 'ਚ ਤਾਇਨਾਤ ਰਹਿ ਚੁਕਿਆ ਸੀ। ਉਚ ਪੁਲਸ ਮੁੱਖੀ ਸਤੈਂਦਰ ਵੀਰ ਸਿੰਘ ਦਾ ਕਹਿਣਾ ਹੈ ਕਿ ਘੱਟੋ ਘੱਟ ਏਟਾ ਜ਼ਿਲ੍ਹੇ ਦੇ ਪਿਛਲੇ ਕੁਝ ਸਾਲਾਂ 'ਚ ਧਾਰਾ 307 ਦੇ ਮੁਕਦਮਿਆਂ ਦੀ ਦੁਬਾਰਾ ਜਾਂਚ ਹੋਣੀ ਚਾਹੀਦੀ ਹੈ ਅਤੇ ਫਰਜੀ ਢੰਗ ਨਾਲ ਬਣੀ ਧਾਰਾ 307 ਦੇ ਮੁਕਦਮਿਆਂ 'ਚ ਜੋ ਬਿਨਾਂ ਵਜਾਹ ਹੀ ਜੇਹਲਾਂ 'ਚ ਬੰਦ ਹਨ, ਉਹਨਾਂ ਨੂੰ ਬਾਹਰ ਕੱਢਿਆ ਜਾਣਾ ਚਾਹੀਦਾ ਹੈ।

# ਹਰਿਆਣੇ ਦਾ ਗੁਰਦੁਆਰਾ ਪ੍ਰਬੰਧ

ਇਸ ਵਕਤ ਦੀ ਨਜ਼ਾਕਤ ਨੂੰ ਵੇਖਦਿਆਂ ਉਠਾਇਆ ਗਿਆ ਸਮਝਦਾਰੀ ਭਰਿਆ ਕਦਮ ਕਹੀਏ ਜਾਂ ਫਿਰ ਕੁਝ ਹੋਰ - ਫਿਲਹਾਲ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ 'ਤੇ ਪੰਜਾਬ ਤੇ ਹਰਿਆਣਾ ਵਿਚਕਾਰ ਝਮੇਲਾ ਟਲ ਗਿਆ ਹੈ। ਇਹ ਚਿੰਗਆੜੀ ਅਜੇ ਉਸ ਸਮੇਂ ਗਰਮ ਸੁਆਹ ਦੇ ਹੇਠਾਂ ਹੈ ਜਿਸ ਦੇ ਫਿਲਹਾਲ ਠੰਡਾ ਹੋਣ ਦੇ ਆਸਾਰ ਨਹੀਂ ਦਿਖ ਰਹੇ। ਲਾਮਬੰਦ ਹਰਿਆਣਵੀ ਸਿੱਖਾਂ ਦੇ ਤੇਵਰ ਤਿੱਖੇ ਬਣੇ ਹੋਏ ਹਨ। ਇਨ੍ਹਾਂ ਨੂੰ ਵੱਖਰੀ ਐਸ. ਜੀ. ਪੀ. ਸੀ. ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ। ਉਹੀ ਤੇਵਰ ਚੰਡੀਗੜ੍ਹ ਤੋਂ ਲੈ ਕੇ ਦਿੱਲੀ ਤੱਕ ਕਾਂਗਰਸੀ ਸਰਕਾਰਾਂ 'ਤੇ ਦਬਾਅ ਦਾ ਕੰਮ ਕਰ ਰਹੇ ਹਨ। 'ਇਧਰ ਖੂਹ, ਉਧਰ ਖਾਤਾ' ਵਾਲੀ ਹਾਲਤ ਤਾਂ ਚੋਣ ਮੈਨੀਫੈਸਟੋ 'ਚ ਅਜਿਹਾ ਵਾਅਦਾ ਕਰਕੇ ਕਦਮ ਅੱਗੇ ਕਦਮ ਵਧਾਇਆ ਤੇ ਹੁਣ ਪ੍ਰਧਾਨ ਮੰਤਰੀ ਦੀ ਦਖਲ ਅੰਦਾਜੀ ਪਿੱਛੋਂ ਕਦਮ ਰੋਕ ਲਏ। ਆਉਣ ਵਾਲੇ ਦਿਨ ਹਰਿਆਣਾ ਤੇ ਪੰਜਾਬ ਖਾਸ ਕਰਕੇ ਸਿੱਖਾਂ ਤੇ ਉਨ੍ਹਾਂ ਦੀ ਰਾਜਨੀਤੀ ਦੇ ਲਿਹਾਜ ਨਾਲ ਕਾਫੀ ਅਹਿਮ ਹਨ। ਇਸ ਦੌਰਾਨ ਦਬਾਅ ਦੀ ਰਾਜਨੀਤੀ ਦੇ ਨਵੇਂ ਨਵੇਂ ਤੇਵਰ ਦੇਖਣ ਨੂੰ ਮਿਲ ਸਕਦੇ ਹਨ ਪਰ ਤਾਜਾ ਹਾਲਾਤ 'ਚ ਹਰਿਆਣਾ ਵਿਧਾਨ ਸਭਾ 'ਚ ਪਹਿਲਾਂ ਐਸ. ਜੀ. ਪੀ. ਸੀ. ਸਬੰਧੀ ਬਿੱਲ ਤੇ ਚੱਠਾ ਕਮੇਟੀ ਦੀ ਰਿਪੋਰਟ 'ਤੇ ਅਨਿਸ਼ਚਤਾ ਦੀ ਤਲਵਾਰ ਲਟਕ ਗਈ ਹੈ। ਦੋਵੇਂ ਹੀ ਹਾਲਤਾਂ ਇਲਾਕੇ ਲਈ ਘੱਟ ਵਿਸਫੋਟਿਕ ਨਹੀਂ ਹੋਣਗੀਆਂ। ਜੇ ਬਿੱਲ ਲਿਆਂਦਾ ਗਿਆ ਤਾਂ ਪੰਜਾਬ 'ਚ ਇਸ ਦੀ ਤਿੱਖੀ ਪ੍ਰਤੀਕਿਰਿਆ ਹੋਵੇਗੀ ਜੇ ਨਾਂ ਲਿਆਂਦਾ ਗਿਆ ਤਾਂ ਹਰਿਆਣੇ ਦੇ ਸਿੱਖ ਭੜਕ ਸਕਦੇ ਹਨ। ਅਲੱਗ ਐਸ. ਪੀ. ਜੀ. ਸੀ. ਸਮਰਥਕਾਂ ਨੇ ਵਿਧਾਨ ਸਭਾ ਸੈਸ਼ਨ ਵਿਚ ਬਿੱਲ ਲਿਆਉਣ ਦਾ ਅਲਟੀਮੇਟਮ ਦਿੱਤਾ ਸੀ। ਸਿੱਖ ਇਤਿਹਾਸ ਗਵਾਹ ਹੈ ਕਿ ਜਦ ਕਦੀ ਦੋ ਵਿਰੋਧੀ ਆਹਮਣੇ ਸਾਹਮਣੇ ਹੁੰਦੇ ਹਨ ਤਾਂ ਅਣਹੋਣੀ ਹੁੰਦੀ ਹੈ।

ਵਰਨਣਯੋਗ ਹੈ ਕਿ ਹੁੱਡਾ ਸਰਕਾਰ ਨੇ 2005 'ਚ ਸੱਤਾ 'ਚ ਆਉਂਦੇ ਹੀ ਚੁਣਾਵੀ ਵਾਅਦਿਆਂ ਤਹਿਤ ਹਰਿਆਣਾ ਦੇ ਲਈ ਵੱਖ ਐਸ ਜੀ ਪੀ ਸੀ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣ ਲਈ ਉਸ ਵੇਲੇ ਦੇ ਵਿਧਾਨ ਸਭਾ ਸਪੀਕਰ ਹਰਮਿੰਦਰ ਸਿੰਘ ਚੱਠਾ (ਹੁਣ ਖੇਤੀ ਮੰਤਰੀ) ਦੀ ਪ੍ਰਧਾਨਗੀ 'ਚ ਕਮੇਟੀ ਬਣਾਈ ਸੀ। ਕਮੇਟੀ ਪਿਛਲੇ ਚਾਰ ਸਾਲਾਂ ਤੋਂ ਹਰਿਆਣਾ ਦੀਆਂ ਸਿੱਖ ਸੰਗਤਾਂ ਤੇ ਬੁਧੀਜੀਵੀਆਂ ਨਾਲ ਗੱਲ ਕਰਦੀ ਰਹੀ। ਅਜੇ ਤੱਕ ਕਮੇਟੀ ਦੇ ਗਠਨ ਰਸਮੀ ਕਾਰਵਾਈ ਸਮਝਿਆ ਜਾਂਦਾ ਸੀ, ਇਸ ਲਈ ਪੰਜਾਬ ਦੇ ਅਕਾਲੀ ਤੇ ਐਸ. ਜੀ. ਪੀ. ਸੀ. ਵੀ ਰਸਮੀ ਤੌਰ ਤੱਕ ਹੀ ਇਸ ਦਾ ਵਿਰੋਧ ਕਰਦੇ ਰਹੇ ਪਰ ਜਿਉਂ ਹੀ ਭੁਪਿੰਦਰ ਸਿੰਘ ਹੁੱਡਾ ਨੇ ਚੱਠਾ ਨੂੰ 15 ਦਿਨਾਂ ਦੇ ਅੰਦਰ ਰਿਪੋਰਟ ਪੇਸ਼ ਕਰਨ ਨੂੰ ਕਿਹਾ, ਤਿਉਂ ਹੀ ਪੰਜਾਬ ਤੇ ਹਰਿਆਣਾ 'ਚ ਇਹ ਮੁੱਦਾ ਭਖ ਗਿਆ। ਪੰਜਾਬ ਦੇ ਅਕਾਲੀਆਂ ਨੇ ਪ੍ਰਤੀਕਿਰਿਆ 'ਚ 30 ਅਗਸਤ ਨੂੰ ਕਰਨਾਲ 'ਚ ਰੈਲੀ ਕਰਨ ਦਾ ਐਲਾਨ ਕਰ ਦਿੱਤਾ। ਦੂਜੇ ਪਾਸੇ ਵੱਖ ਐਸ ਜੀ ਪੀ ਸੀ ਸਮਰਥਕਾਂ ਨੇ ਇਸੇ ਦਿਨ ਸ਼ਕਤੀ ਪ੍ਰਦਰਸ਼ਨ ਦਾ ਐਲਾਨ ਕਰਦਿਆਂ ਹੁੱਡਾ, ਸਰਕਾਰ ਨੂੰ ਐਲਟੀਮੇਂਟ ਦੇ ਦਿੱਤਾ ਨਾਰਾਜ਼ ਅਕਾਲੀਆਂ ਨੇ ਸਿੱਧਾ

ਸੋਨੀਆ ਗਾਂਧੀ 'ਤੇ ਨਿਸ਼ਾਨਾ ਸੇਧਦੇ ਹੋਏ ਦੋਸ਼ ਲਾਇਆ ਕਿ ਸਿੱਖਾਂ ਦੀ ਏਕਤਾ ਤੇ ਜਥੇਬੰਦੀ ਨੂੰ ਤੋੜਨ ਲਈ ਉਨ੍ਹਾਂ ਨੇ ਹੀ ਹੁੱਡਾ ਨੂੰ ਨਿਰਦੇਸ਼ ਦਿੱਤੇ ਹਨ। ਇਸ ਦੌਰਾਨ ਅਕਾਲੀ ਪ੍ਰਧਾਨ ਮੰਤਰੀ ਨੂੰ ਮਿਲੇ ਤੇ ਉਨ੍ਹਾਂ ਨੂੰ ਦਖਲ ਦੇਣ ਲਈ ਕਿਹਾ। ਹੁੱਡਾ ਨੇ ਵੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਹਰਿਆਣੇ ਲਈ ਵੱਖਰੀ ਐਸ. ਜੀ. ਪੀ. ਸੀ. ਸਬੰਧੀ ਆਪਣਾ ਪੱਖ ਰੱਖਿਆ। ਬਾਅਦ 'ਚ ਹੁੱਡਾ ਨੇ ਹਰਿਆਣੇ ਦੀ ਕਮੇਟੀ ਤੇ ਐਸ ਜੀ ਪੀ ਸੀ ਨੂੰ 30 ਅਗਸਤ ਦੀਆਂ ਰੈਲੀਆਂ ਰੱਦ ਕਰਦਿਆਂ ਅਪੀਲ ਕੀਤੀ ਕਿ ਉਹ ਸੰਜਮ ਵਰਤਣਾ ਪ੍ਰਧਾਨ ਮੰਤਰੀ ਦੇ ਭਰੋਸੇ 'ਤੇ ਪੰਜਾਬ ਦੇ ਅਕਾਲੀਆਂ ਨੇ ਕਰਨਾਲ ਰੈਲੀ ਰੱਦ ਕਰ ਦਿੱਤੀ। ਮੰਨਿਆ ਜਾ ਰਿਹਾ ਹੈ ਕਿ ਹੁੱਡਾ ਨੂੰ ਕੇਂਦਰ ਤੋਂ ਸੰਕੇਤ ਮਿਲੇ ਹਨ ਕਿ ਇਸ ਸੰਵੇਧਨਸ਼ੀਲ ਮਾਮਲੇ 'ਤੇ ਜਲਦਬਾਜ਼ੀ ਨਾ ਕੀਤੀ ਜਾਵੇ। ਹਰਿਆਣੇ ਲਈ ਵੱਖਰੀ ਐਸ ਜੀ ਪੀ ਸੀ ਦੀ ਮੰਗ ਹਰਿਆਣੇ ਦੇ ਜਨਮ ਨਾਲ ਜੁੜੀ ਹੋਈ ਹੈ ਪਰ ਕੁਝ ਰਾਜਸੀ ਤੇ ਪੰਥ ਕਾਰਨਾਂ ਕਰਕੇ ਇਹ ਹਾਸ਼ੀਏ 'ਤੇ ਹੀ ਰਹੀ। 2005 'ਚ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਇਸ ਨੂੰ ਆਪਣੇ ਮੈਨੀਫੈਸਟੋ 'ਚ ਸ਼ਾਮਲ ਕਰ ਲਿਆ। ਸਾਫ ਸੀ ਕਿ ਕਾਂਗਰਸ ਦੀਆਂ ਨਜ਼ਰਾਂ ਅੰਬਾਲਾ ਤੋਂ ਕੈਥਲ ਹੁੰਦੇ ਹੋਇਆਂ ਫਤਹਿਬਾਦ ਤੇ ਸਿਰਸਾ ਤੱਕ ਦੇ ਨਿਰਣਾਇਕ ਸਿੱਖ ਵੋਟਰਾਂ 'ਤੇ ਸਨ। ਕਾਂਗਰਸ ਹਕੂਮਤ 'ਚ ਆਈ ਪਰ ਉਦੋਂ ਇਹ ਮੰਨਿਆ ਗਿਆ ਕਿ ਇਹ ਵੀ ਰਸਮੀ ਵਾਅਦਾ ਹੀ ਸਾਬਤ ਹੋਵੇਗਾ। ਪਰ ਲੋਕ ਸਭਾ ਦੀਆਂ ਅਗਾਮੀ ਚੋਣਾਂ ਦੇ ਮੱਦੇ ਨਜ਼ਰ ਕਾਂਗਰਸ ਫਿਰ ਸਰਗਰਮ ਹੋਈ ਤਾਂ ਅਕਾਲੀਆਂ ਨੇ ਵੀ ਮੁੱਛਾਂ ਨੂੰ ਤਾਅ ਦੇਣਾ ਸ਼ੁਰੂ ਦਿੱਤਾ। ਦੋਨੋਂ ਪੱਖਾਂ ਦੇ ਵਿਰੋਧੀ ਤਰਕ ਹਨ। ਹਰਿਆਣਵੀ ਸਿੱਖ ਸੰਗਤ ਮਹਿਸੂਸ ਕਰਦੀ ਹੈ ਕਿ ਪੰਥਕ ਮਾਮਲਿਆਂ 'ਚ ਪੰਜਾਬ ਹਰਿਆਣਾ ਦੇ ਸਿੱਖਾਂ ਨੂੰ ਆਪਣੀ ਜਾਗੀਰ ਮੰਨ ਕੇ ਚੱਲਦਾ ਹੈ। ਹਰਿਆਣੇ ਦੇ ਗੁਰਦੁਆਰਿਆਂ ਦੀ ਭਾਰੀ ਆਮਦਨ ਪੰਜਾਬ 'ਚ ਲੱਗ ਜਾਂਦੀ ਹੈ। ਹਰਿਆਣੇ ਦੇ ਸਿੱਖ ਇਸ ਦਾ ਵਿਰੋਧ ਕਰਦੇ ਹਨ। ਤਾਂ ਉਨ੍ਹਾਂ ਦੀ ਆਵਾਜ਼ ਦਬਾ ਦਿੱਤੀ ਜਾਂਦੀ ਹੈ।

ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਤਰਕ ਹੈ ਕਿ ਹਰਿਆਣਾ ਸਰਕਾਰ ਪੂਰੇ ਦੇਸ਼ ਵਿਚ ਸਿੱਖਾਂ ਦੀ ਅਟੁੱਟ ਜਥੇਬੰਦੀ ਨਾਲ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਵਰਨਣਯੋਗ ਹੈ ਕਿ ਐਸ ਜੀ ਪੀ ਸੀ 'ਚ ਹਰਿਆਣਾ ਦੇ 11 ਮੈਂਬਰ ਹਨ, ਅਤੇ ਫੌਰੀ ਤੌਰ 'ਤੇ ਇਨ੍ਹਾਂ ਵਿਚੋਂ 6 ਮੈਂਬਰ ਹਰਿਆਣੇ ਦੇ ਸਿੱਖਾਂ ਨਾਲ ਸਰਗਰਮ ਹਨ। ਐਸ ਜੀ ਪੀ ਸੀ ਸਮਰਥਕ ਅਜਿਹੇ ਕਿਸੇ ਨੂੰ ਵੀ ਰਿਆਇਤ ਦੇਣ ਦੇ ਮੂੜ 'ਚ ਨਹੀਂ ਹਨ। ਉਧਰ ਅਕਾਲੀ ਦਲ ਨੇ ਦਾਅਵਾ ਕੀਤਾ ਹੈ ਕਿ ਹਰਿਆਣਾ ਦੇ ਗੁਰਦੁਆਰਿਆਂ ਤੋਂ ਹੋਣ ਵਾਲੀ ਆਮਦਨ ਦੇ ਮੁਕਾਬਲੇ ਐਸ ਜੀ ਪੀ ਸੀ ਉਥੇ ਦੋ ਗੁਣਾ ਵਧ ਖਰਚ ਕਰ ਰਹੀ ਹੈ।

ਅਕਾਲੀ ਦਲ ਦੇ ਸਕੱਤਰ ਤੇ ਪੰਜਾਬ ਦੇ ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਨੇ 1 ਅਪ੍ਰੈਲ 2003 ਤੋਂ 31 ਜੁਲਾਈ 2008 ਤੱਕ ਹਰਿਆਣਾ ਦੇ ਗੁਰਦੁਆਰਿਆਂ ਤੋਂ ਐਸ ਜੀ ਪੀ ਸੀ ਵੱਲੋਂ ਲਏ ਪੈਸੇ ਤੇ ਹਰਿਆਣਾ 'ਚ ਖਰਚ ਦਾ ਬਿਉਰਾ ਦਿੰਦੇ ਦੱਸਿਆ ਕਿ ਹਰਿਆਣੇ ਦੇ ਸੱਤ ਗੁਰਦਵਾਰੇ ਗੁਰਦੁਆਰਾ ਕਾਨੂੰਨ ਦੀ ਧਾਰਾ 85 ਅਤੇ 19 ਗੁਰਦੁਆਰੇ ਧਾਰਾ 87 ਦੇ ਤਹਿਤ ਆਉਂਦੇ ਹਨ। ਐ ਜੀ ਪੀ ਸੀ ਨੂੰ ਹਰਿਆਣੇ ਦੇ ਸਭ ਗੁਰਦੁਆਰਿਆਂ ਤੋਂ ਇਸ ਅਰਸੇ 'ਚ 146329449

ਰੁਪਏ ਹਾਸਲ ਹੋਏ ਜਦਕਿ ਐਸ ਜੀ ਪੀ ਸੀ ਨੇ ਇਸ ਦੌਰਾਨ ਹਰਿਆਣੇ ’ਤੇ 27887900 ਰੁਪਏ ਖਰਚ ਕੀਤੇ। ਅਮਰਿੰਦਰ ਸਿੰਘ ਅਨੁਸਾਰ ਹਰਿਆਣੇ ’ਚ ਵੱਖ ਐਸ ਜੀ ਪੀ ਸੀ ਦਾ ਫੈਸਲਾ ਹਰਿਆਣੇ ਦੇ ਸਿੱਖਾਂ ਨੇ ਕਰਨਾ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਨੁਸਾਰ ਇਸ ਮਾਮਲੇ ਨੂੰ ਮਿਲ ਬੈਠ ਕੇ ਹੱਲ ਕਰਨਾ ਚਾਹੀਦਾ ਹੈ ਤਾਂ ਕਿ ਸਿੱਖ ਕੌਮ ਵੰਡੀ ਨਾ ਜਾਵੇ। ਜਥੇਦਾਰ ਬਲਵੰਤ ਸਿੰਘ ਨੰਦਗੜ ਅਨੁਸਾਰ ਐਸ ਜੀ ਪੀ ਸੀ ਸਰਭਧਾਰਮਕ ਸੰਸਥਾ ਹੈ ਤੇ ਸਿੱਖ ਕੌਮ ਦੀ ਅਗਵਾਈ ਕਰਨ ਦੇ ਕਾਬਲ ਹੈ। ਅਗਲੀਆਂ ਕਮੇਟੀਆਂ ਬਣਨ ਨਾਲ ਕੌਮ ਵੰਡੀ ਜਾਵੇਗੀ। ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਦਾ ਕਹਿਣਾ ਹੈ ਕਿ ਹਰਿਆਣੇ ਦੇ ਸਿੱਖਾਂ ਦੀ ਇਸ ਮੰਗ ਲਈ ਐਸ ਜੀ ਪੀ ਸੀ ਦੋਸ਼ੀ ਹੈ। ਜੇ ਸਮੇਂ ਸਿਰ ਹਰਿਆਣੇ ਦੇ ਸਿੱਖਾਂ ਦੇ ਗਿਲੇ ਸ਼ਿਕਵੇ ਦੂਰ ਕਰਦੀ ਤਾਂ ਇਹ ਨੌਬਤ ਨਾ ਆਉਂਦੀ ਐਸ ਜੀ ਪੀ ਸੀ ਦੀ ਵੰਡ ਰੋਕਣ ਲਈ ਦੋਨਾਂ ਪੱਖਾਂ ਵਿਚ ਏਕਤਾ ਕਾਇਮ ਕਰਨ ਦੀ ਲੋੜ ਹੈ।

# ਪਾਣੀ ਦੇ ਮਾਰੇ ਹੇਠ ਕਿੰਨਾ ਕੁ ਬੇਹਾਲ ਹੈ ਬੁੰਦੇਲਖੰਡ?

ਸੋਕੇ ਨਾਲ ਲਗਾਤਾਰ ਝੁਲਸਦਾ ਰਿਹਾ ਬੁੰਦੇਲਖੰਡ ਇਨ੍ਹਾਂ ਦਿਨਾਂ 'ਚ ਜ਼ੋਰਦਾਰ ਬਾਰਸ਼ ਕਾਰਨ ਬੇਹਾਲ ਹੈ। ਕਿਸਾਨਾਂ ਦੇ ਖਿੜੇ ਚਿਹਰੇ ਮੁਰਝਾਉਣ ਲੱਗੇ ਹਨ। ਖਰੀਫ ਦੀ ਫਸਲ ਸਬੰਧੀ ਉਮੀਦਾਂ 'ਤੇ ਪਾਣੀ ਫਿਰਦਾ ਨਜ਼ਰ ਆਉਂਦਾ ਹੈ। ਕਿਸ਼ਤਾਂ 'ਚ ਹੋਈ ਮੂਸਲਾਧਾਰ ਬਾਰਸ਼ ਗਰੀਬਾਂ ਲਈ ਕਹਿਰ ਬਣ ਚੁੱਕੀ ਹੈ। ਕੱਚੇ ਮਕਾਨ ਢਹਿ ਜਾਣ ਕਰਕੇ ਸੈਂਕੜੇ ਗਰੀਬ ਪਰਿਵਾਰ ਸੜਕਾਂ 'ਤੇ ਆ ਗਏ ਹਨ ਉਧਰ ਮਿੱਟੀ ਦੇ ਗੁਬਾਰਿਆਂ 'ਚ ਭਰੇ ਰਹੇ ਤਲਾਬਾਂ 'ਚ ਉਫਨਦਾ ਪਾਣੀ ਸਮੱਸਿਆ ਬਣ ਗਿਆ ਹੈ। ਰਵਾਇਤੀ ਖੇਤੀ ਨੂੰ ਬਿਹਤਰ ਮੰਨਣ ਵਾਲੇ ਲਾਮਾ ਪਿੰਡ ਦੇ ਕਿਸਾਨ ਅਤੇ ਤਿੰਦਵਾਰੀ ਵਿਧਾਨ ਸਭਾ ਖੇਤਰ ਤੋਂ ਦੋ ਵਾਰੀ ਵਿਧਾਇਕ ਰਹੇ ਜਗਨਨਾਥ ਸਿੰਘ ਪਰਮਾਰ ਅਨੁਸਾਰ 'ਇਥੇ ਤਬਾਹੀ ਦਾ ਮੰਜਰ ਦਿਸ ਰਿਹਾ ਹੈ, ਸਾਉਣੀ ਦੀ ਫਸਲ ਸਬੰਧੀ ਨਿਰਾਸ਼ਾਪੂਰਣ ਹਾਲਾਤ ਪੈਦਾ ਹੋ ਗਏ ਹਨ। ਖੇਤਾਂ ਵਿਚ ਨੱਕੋ ਨੱਕ ਪਾਣੀ ਭਰ ਗਿਆ ਹੈ ਮਿੱਟੀ ਗਹਿਰਾਈ ਤੱਕ ਪੋਲੀ ਹੋ ਗਈ ਹੈ। ਹੱਲ ਚਲਾਉਣਾ ਮੁਸ਼ਕਿਲ ਹੋ ਗਿਆ ਹੈ। ਲੋਕ ਖੇਤ ਜੋਤ ਨਹੀਂ ਸਕਦੇ, ਬਿਜਾਈ ਨਹੀਂ ਕਰ ਸਕਦੇ। ਜਿਨ੍ਹਾਂ ਕੋਸ਼ਿਸ਼ ਕੀਤੀ ਉਨ੍ਹਾਂ ਦਾ ਬੀਜ ਬੇਕਾਰ ਗਿਆ ਬੀਤੇ ਪੰਜ ਸਾਲਾਂ ਵਿਚ ਬੂੰਦ ਬੂੰਦ ਪਾਣੀ ਲਈ ਲੋਕ ਕਿਸ ਕਦਰ ਤਰਸੇ ਸਨ ਉਨ੍ਹਾਂ ਬੁਜ਼ਦਿਲਾਂ ਲਈ ਮੌਨਸੂਨ ਮੇਹਰਬਾਨ ਹੈ। ਇਸ ਨਾਲ ਕਸ਼ਟ ਤਾਂ ਹੁੰਦਾ ਹੈ ਪਰ ਰਾਹਤ ਵੀ ਮਿਲੀ ਹੈ। ਪਾਣੀ ਦੀ ਘਾਟ ਕਾਰਨ ਮਿੱਟੀ ਦਾ ਉਰਵਕਤਾ ਦੀ ਕਮੀ ਸਾਲ 2001 ਤੋਂ 2005 ਦੌਰਾਨ ਐਨ ਆਈ ਦੀ ਜਾਂਚ ਤੋਂ ਪਤਾ ਲੱਗਦਾ ਹੈ। ਮਿੱਟੀ 'ਚ ਜੋ ਆਰਗੇਨਿਕ ਕਾਰਬਨ 0.8 ਫੀਸਦੀ ਤੋਂ ਵਧ ਹੋਣਾ ਚਾਹੀਦਾ ਸੀ ਉਹ ਘੱਟ ਕੇ 0.3 ਫੀਸਦੀ ਦੇ ਆਸ ਪਾਸ ਰਹਿ ਗਿਆ ਹੈ ਇਸ ਤਰ੍ਹਾਂ ਉਪਲੱਭਦ ਫਾਸਫੇਟ 40 ਕਿ. ਗ੍ਰਾ ਪ੍ਰਤੀ ਹੈਕਟੇਅਰਕੇ ਤੋਂ ਘਟ ਕੇ 20 ਕਿ. ਗ੍ਰਾ. ਪ੍ਰਤੀ ਹੈਕਟੇਅਰ , ਪੋਟਾਸ਼ 250 ਤੋਂ 150 ਕਿ ਗ੍ਰਾ. ਪ੍ਰਤੀ ਹੈਕਟੇਅਰ, ਗੰਧਕ 15 ਪੀ ਪੀ ਐਮ ਤੋਂ 0.6 ਪੀ. ਪੀ. ਐਮ ਤੱਕ ਪਹੁੰਚ ਗਿਆ ਹੈ। ਪਰ ਇਸ ਬਾਰਸ਼ ਨੂੰ ਵੇਖ ਮਿੱਟੀ ਦੀ ਗੁਣਵਣਤਾ ਦੀ ਜਾਂਚ ਕਰਨ ਵਾਲੇ ਕਹਿੰਦੇ ਹਨ ਇਸ ਨਾਲ ਕੁਝ ਸੁਧਾਰ ਆਵੇਗਾ। ਡਿੱਕਤ ਹੈ ਜਲਥਲ ਦੀ। ਚਾਰ ਸਾਲਾਂ ਤੋਂ ਸੋਕੇ ਕਾਰਨ ਭੁਖਮਰੀ ਦਾ ਮੁਕਾਬਲਾ ਕਰਦੇ ਕਿਸਾਨਾ ਨੂੰ ਲੱਗਿਆ ਸੀ ਕਿ ਫਸਲਾਂ ਬੀਜ ਕੇ ਹੁਣ ਤੱਕ ਹੋਈ ਬਰਬਾਦੀ ਦੀ ਕੁਝ ਪੂਰਤੀ ਕਰ ਲੈਣਗੇ ਪਰ ਲਗਾਤਾਰ ਹੋ ਰਹੀ ਬਾਰਸ਼ ਨੇ ਉਨ੍ਹਾਂ ਦੇ ਹੱਥ ਬੰਨ੍ਹ ਰੱਖੇ ਹਨ। 30-40 ਫੀਸਦੀ ਕਿਸਾਨ ਹੀ ਝੋਨਾ ਬੀਜ ਸਕੇ ਹਨ। ਪਾਣੀ ਨਾਲ ਫਿਰ ਸਭ ਬਰਬਾਦ ਹੋ ਰਿਹਾ ਹੈ। ਖੇਤਾਂ 'ਚ ਪਾਣੀ ਹੀ ਪਾਣੀ ਹੈ। ਘਰੇ ਬੀਜ ਰੱਖਿਆ ਪਰ ਕਿਸਾਨ ਬੀਜ ਨਹੀਂ ਸਕੇ। ਬੀਤੇ ਸਾਲਾਂ 'ਚ ਪਾਣੀ ਦੀ ਘਾਟ ਕਾਰਨ ਪੈਦਾਵਾਰ 'ਚ ਭਾਰਤੀ ਗਿਰਾਵਟ ਆਈ। ਬੁੰਦੇਲਖੰਡ 'ਚ 14 ਲੱਖ 50 ਹਜ਼ਾਰ ਹੈਕਟੇਅਰ 'ਚ ਹੀ ਖੇਤੀ ਹੁੰਦੀ ਹੈ। ਇਸ ਨਾਲ ਵੀ ਸਿਰਫ 18 ਫੀਸਦੀ ਜ਼ਮੀਨ ਦੀ ਹੀ ਸਿੰਚਾਈ ਹੁੰਦੀ ਹੈ। ਪਿਛਲੇ ਸਾਲ ਹਾੜੀ ਦੀ ਫਸਲ ਬਹੁਤ ਘੱਟ ਹੋਈ ਪਰ ਜੂਨ ਤੋਂ ਲੈ ਕੇ ਹੁਣ ਤੱਕ 600 ਮਿ. ਮੀ ਬਾਰਿਸ਼ ਹੋ ਚੁੱਕੀ ਹੈ। ਜਿਸ ਕਾਰਨ ਸਾਉਣੀ ਦੀ ਫਸਲ ਦੇ ਬੀਜ ਖੇਤਾਂ 'ਚ ਨਹੀਂ ਟਿਕ ਸਕਦੇ। ਤਿਲ, ਮੂੰਗ, ਮੂੰਗਫਲੀ ਲਿਆ ਕੇ ਰੱਖੇ ਹਨ ਪਰ ਬਾਰਿਸ਼ ਨਾ ਰੁਕਣ

ਕਾਰਨ ਬਿਜਾਈ ਨਹੀਂ ਹੋ ਰਹੀ ਬਾਰਿਸ਼ ਨੇ ਕਿਸਾਨਾ ਦੀਆਂ ਉਮੀਦਾਂ 'ਤੇ ਸਿਰਫ ਪਾਣੀ ਹੀ ਨਹੀਂ ਫੇਰਿਆ ਬਲਕਿ ਸਮੇਂ 'ਤੇ ਮਾਨਸੂਨ ਆ ਜਾਣ ਨਾਲ ਕੰਮ ਦੀ ਆਸ 'ਚ ਪਿੰਡ ਟਿਕੇ ਰਹਿ ਗਏ ਇਨ੍ਹਾਂ ਖੇਤੀ ਮਜ਼ਦੂਰਾਂ ਲਈ ਵੀ ਸੰਕਟ ਖੜ੍ਹਾ ਕਰ ਦਿੱਤਾ ਹੈ। ਪਹਿਲਾਂ ਸੋਕਾ ਸੀ ਤਾਂ ਮਜ਼ਦੂਰ ਕੰਮ ਕਰਨ ਬਾਹਰ ਗਏ ਸਨ ਪਰ ਹੁਣ ਪਾਣੀ ਇੰਨਾ ਬਰਸਿਆ ਕਿ ਕੋਈ ਕੰਮ ਨਹੀਂ ਕਰ ਸਕਦੇ। ਇਥੋਂ ਦੇ ਕਿਸਾਨਾਂ ਨੂੰ ਲਗਾਤਾਰ ਹੋ ਰਹੀ ਬਾਰਸ਼ ਕਾਰਨ ਸਾਉਣੀ ਦੀ ਫਸਲ ਨਾ ਬੀਜ ਸਕਣ ਦਾ ਜ਼ਰੂਰ ਥੋੜ੍ਹਾ ਦੁੱਖ ਹੈ ਪਰ ਇਸ ਤੋਂ ਵੀ ਵਧ ਦੁੱਖ ਧਾਂਦਲੀਆ ਦਾ ਹੈ ਜਿਸ ਦੀ ਗਵਾਹੀ ਤਲਾਬ ਤੇ ਟੁੱਟੇ ਬੰਨਾ ਰਾਹੀਂ ਪਾਣੀ ਵਗਣ ਦਾ ਵਰਤਾਰਾ ਹੈ। ਤਲਾਬ ਲੋਕਾਂ ਲਈ ਪੁਰਾਣੇ ਸਮੇਂ ਫਾਇਦੇਮੰਦ ਰਹੇ ਹਨ। ਮਹੋਬਾ, ਬਾਂਦਾ ਹਮੀਰਪੁਰ ਦੇ ਤਿੰਨ ਜ਼ਿਲ੍ਹਿਆਂ 'ਚ ਹੀ 252 ਛੋਟੇ-ਵੱਡੇ ਬੰਨ ਹਨ ਜਿਨ੍ਹਾਂ 'ਚ 17 ਹੈਕਟੇਅਰ ਤੋਂ ਵਧ ਭੂਮੀ ਸਿੰਜੀ ਜਾਂਦੀ ਹੈ। ਪਰ ਇਨ੍ਹਾਂ ਬੰਨਾਂ ਦੇ ਰੱਖ ਰਖਾਅ ਲਈ ਸਿਰਫ ਤਿੰਨ ਲੱਖ ਦਾ ਹੀ ਬਜਟ ਹੈ। ਨਤੀਜੇ ਵਜੋਂ ਸਭ ਬੰਨ ਟੁੱਟ ਚੁੱਕੇ ਹਨ। ਬੰਨਾਂ ਦਾ ਰਖਾਅ ਫੰਡਾਂ ਦੀ ਘਾਟ ਕਾਰਨ ਪਿਛੋਂ ਤਿੰਨ ਸਾਲਾਂ ਤੋਂ ਨਹੀਂ ਹੋ ਸਕਿਆ। ਸਰਕਾਰ ਜਲ ਪ੍ਰਬੰਧ ਜ਼ੀਰੋ ਹੈ। ਜੇ ਪ੍ਰਾਚੀਨ ਕਾਲ ਤਲਾਬ ਨਾ ਹੁੰਦੇ ਤਾਂ ਇਥੋਂ ਦੇ ਲੋਕ ਮਰ ਹੀ ਗਏ ਹੁੰਦੇ। ਤਲਾਬਾਂ ਨਾਲ ਹੀ ਇਥੋਂ ਦਾ ਜੀਵਨ ਚੱਲਦਾ ਹੈ। ਸਰਕਾਰੀ ਤੰਤਰ ਸਿਫ਼ਰ ਬਰਾਬਰ ਹੈ। ਸੋਕੇ ਦੀ ਮਾਰ ਝੱਲਦੇ ਰਹੇ ਬੁੰਦੇਲ ਖੰਡ ਦੇ ਲੋਕਾਂ ਨੂੰ ਰਾਹਤ ਦੇਣ ਲਈ ਸਰਕਾਰ ਨੇ 9000 ਹਜ਼ਾਰ ਕਰੋੜ ਰੁਪਏ ਨਾਲ ਮੱਲ੍ਹਮ ਲਾਉਣ ਬਾਰੇ ਸੋਚਿਆ ਹੈ। ਪਹਿਲਾਂ ਤੋਂ ਬਣੇ ਬੰਨਾਂ ਨੂੰ ਜੇ ਥੋੜੇ ਜਿਹੇ ਪੈਸਿਆਂ ਨਾਲ ਵੀ ਠੀਕ ਕਰ ਲਿਆ ਜਾਂਦਾ ਤਾਂ ਆਉਣ ਵਾਲੇ ਸਮੇਂ 'ਚ ਬੁੰਦੇਲਖੰਡ ਦੇ ਲੋਕਾਂ ਦੀ ਝੋਲੀ ਭਰ ਜਾਂਦੀ। ਬਾਰਸ਼ ਦੇ ਦੁੱਖ-ਸੁੱਖ ਕਾਰਨ ਬੁੰਦੇਲਖੰਡ ਦੇ ਲੋਕ ਕਰਜ਼ਾ ਮੁਆਫ਼ੀ ਦੇ ਕਾਗਜ਼ ਹੀ ਨਹੀਂ ਪੂਰੇ ਹੋਏ ਭੋਲੇ-ਭਾਲੇ ਕਿਸਾਨ ਉਲਝੇ ਹੋਏ ਹਨ। ਕੇਂਦਰ ਦੀ ਕਰਜਾ ਮੁਆਫੀ ਯੋਜਨਾ ਆਈ ਤਾਂ ਭੁੱਖ ਪਿਆਸ ਦੀ ਮਾਰ ਝੱਲ ਰਹੇ ਬੁੰਦੇਲਖੰਡ ਨੇ ਰਾਹਤ ਦੀ ਆਸ ਲਈ ਚਿਤ੍ਰਕੂਟ, ਬਾਂਦਾ ਤੇ ਹਮੀਰਪੁਰ, ਮਹੋਬਾ ਦੇ ਚਾਰ ਜ਼ਿਲ੍ਹਿਆਂ ਵਿਚ ਹੀ ਕਰੀਬ 45000 ਤੋਂ ਵਧ ਕਿਸਾਨ ਕ੍ਰੇਡਿਟ ਕਾਰਡ ਹਨ ਜਿਨ੍ਹਾਂ ਤੇ ਕਰੋੜਾਂ ਰੁਪਏ ਦਾ ਕਰਜਾ ਹੈ। ਲੋਕ ਖੇਤੀ ਦਾ ਕੰਮ ਛੱਡ ਕੇ ਬੈਂਕਾ ਦੇ ਚੱਕਰ ਲਾ ਰਹੇ ਹਨ ਪਰ ਹਮੇਸ਼ਾਂ ਨਿਰਾਸ਼ਾ ਹੀ ਹੱਥ ਲੱਗਦੀ ਹੈ। ਬੈਂਕਾਂ ਦੀ ਸੂਚੀ 'ਚ ਅਨੇਕਾਂ ਗਲਤੀਆਂ ਵੀ ਹਨ। ਕਰਜੇ ਦੀ ਚੱਕੀ 'ਚ ਪਿਸਨੇ ਨੂੰ ਸਰਾਪੇ ਬੁੰਦੇਖੰਡ ਦੇ ਲੋਕਾਂ ਤੋਂ ਅਨੇਕਾਂ ਸੂਚਨਾਵਾਂ ਮਿਲਦੀਆਂ ਹਨ। ਹੱਥਾਂ 'ਚ ਪਾਸ ਬੁੱਕਾਂ ਤੇ ਕਿਸਾਨ ਸਰਕਾਰੀ ਨਿਯਮ ਨਾ ਸਮਝ ਸਕਣ ਕਰਕੇ ਵੀ ਹੈ। ਬੁੰਦੇਲਖੰਡ ਦੇ ਦਰਦ ਕਰਜ ਮੁਆਫੀ ਦੇ ਸਰਕਾਰੀ ਨਿਯਮ ਨਾ ਸਮਝਣ ਕਰਕੇ ਵੀ ਹੈ। ਬੁੰਦੇਲਖੰਡ ਦੇ ਦਰਦ 'ਤੇ ਮਗਰਮੱਛ ਦੇ ਹੰਝੂ ਬਹਾਉਣ ਵਾਲੀ ਸੂਬੇ ਦੀ ਸਰਕਾਰ ਨੇ ਹੁਣ ਇਨ੍ਹਾਂ ਦੇ ਇਤਿਹਾਸਕ ਤੋਂ ਜੇ ਸਬਕ ਸਿੱਖਣਾ ਹੁੰਦਾ ਤਾਂ ਪੰਜ-ਪੰਜ ਸਾਲ ਬੂੰਦ-ਬੂੰਦ ਪਾਣੀ ਲਈ ਤਰਸਦੇ ਬੁੰਦੇਲਖੰਡ 'ਚ ਏਨੀ ਬਾਰਸ਼ ਪਿਛੋਂ ਅਗਲੇ ਪੰਜ ਸਾਲਾਂ ਦਾ ਬੰਦੋਬਸਤ ਕਰ ਲਿਆ ਹੁੰਦਾ।

# ਗੁਰਦਿਆਂ ਦੀ ਸਮੱਸਿਆ

ਉਂਜ ਤਾਂ ਮਨੁੱਖੀ ਸਰੀਰ ਦਾ ਹਰ ਅੰਗ ਹੀ ਮਹੱਤਵਪੂਰਨ ਹੁੰਦਾ ਹੈ ਅਤੇ ਸਰੀਰ ਦੇ ਸੁਚਾਰੂ ਢੰਗ ਨਾਲ ਕੰਮ ਕਰਨ 'ਚ ਹਰ ਅੰਗ ਦੀ ਆਪਣੀ ਖਾਸ ਭੂਮਿਕਾ ਹੁੰਦੀ ਹੈ ਅਤੇ ਸਰੀਰ ਦੇ ਜਿਸ ਅੰਗ 'ਤੇ ਸਰੀਰ ਦੇ ਸਾਰੇ ਅੰਗਾਂ ਦਾ ਕੁਝ ਨਾ ਕੁਝ ਭਾਰ ਪੈਂਦਾ ਹੈ, ਉਹ ਹੈ ਕਿਡਨੀ ਜਾਂ ਗੁਰਦਾ। ਸ਼ਾਇਦ ਇਸ ਲਈ ਸਰੀਰ ਵਿਚ ਦੋ ਗੁਰਦੇ ਹੁੰਦੇ ਹਨ ਤਾਂ ਕਿ ਜੇ ਕੋਈ ਇਕ ਖਰਾਬ ਵੀ ਹੋ ਜਾਵੇ ਤਾਂ ਸਰੀਰ ਦਾ ਕੰਮ ਚੱਲਦਾ ਰਹੇ। ਗੁਰਦਾ ਇਕੋ ਵੇਲੇ ਕਈ ਮਹੱਤਵਪੂਰਨ ਕੰਮਾਂ ਨੂੰ ਅੰਜਾਮ ਦਿੰਦਾ ਹੈ ਅਤੇ ਸਰੀਰ 'ਚ ਜ਼ਰੂਰੀ ਤੱਤਾਂ ਦੀ ਪੂਰਤੀ ਨੂੰ ਯਕੀਨੀ ਬਣਾਉਂਦਾ ਹੈ। ਇਸ 'ਚ ਖਰਾਬੀ ਆਉਣ 'ਤੇ ਸਰੀਰ ਕੰਮ ਕਰਨਾ ਬੰਦ ਕਰ ਦਿੰਦਾ ਹੈ ਅਤੇ ਇਸ ਦਾ ਇਲਾਜ ਇੰਨਾ ਮਹਿੰਗਾ ਹੈ। ਕਿ ਭਾਰਤ 'ਚ 90 ਫੀਸਦੀ ਤੋਂ ਵਧ ਮਰੀਜ਼ ਇਹ ਖਰਚ ਸਹਿਣ ਨਹੀਂ ਕਰ ਸਕਦੇ। ਇਕ ਮੋਟੇ ਅੰਦਾਜੇ ਮੁਤਾਬਕ ਅਜੇ ਦੇਸ਼ 'ਚ ਕਰੀਬ ਇਕ ਲੱਖ ਨਵੇਂ ਮਰੀਜ਼ ਅਜਿਹੇ ਹਨ ਜਿਨ੍ਹਾਂ ਦੇ ਦੋਨੋਂ ਗੁਰਦੇ ਖਰਾਬ ਹੋ ਚੁੱਕੇ ਹਨ ਅਤੇ ਉਨ੍ਹਾਂ ਨੂੰ ਜਿਉਂਦੇ ਰਹਿਣ ਲਈ ਜਾਂ ਤਾਂ ਸਾਰੀ ਜ਼ਿੰਦਗੀ ਲਾਇਲਸਸ ਕਰਵਾਉਣਾ ਪਵੇਗਾ ਜਾਂ ਫਿਰ ਗੁਰਦਾ ਨਵਾਂ ਲਾਉਣਾ (ਟਰਾਂਸਪਲਾਂਟੇਸ਼ਨ ਕਰਵਾਉਣੀ) ਪਵੇਗਾ। ਦੇਸ਼ 'ਚ ਅੰਗ ਬਦਲੀ (ਆਰਗਨ ਟਰਾਂਸਪਲਾਂਟੇਸ਼ਨ) ਦੀ ਰਫ਼ਤਾਰ ਸੁਸਤ ਹੈ, ਇਸ ਲਈ ਡਾਇਲਸਸ ਹੀ ਕਾਰਗਰ ਉਪਾਅ ਹੈ ਅਤੇ ਇਹ ਇੰਨਾ ਮਹਿੰਗਾ ਹੈ ਕਿ ਜ਼ਿਆਦਾਤਰ ਮਰੀਜ਼ ਇਸ ਬਾਰੇ ਸੋਚ ਵੀ ਨਹੀਂ ਸਕਦੇ। ਦਿੱਲੀ ਦੀ ਆਲ ਇੰਡਿਆ ਇੰਸਟੀਚੂਟ ਆਫ ਮੈਡੀਕਲ ਸਾਇੰਸਜ਼ (ਏਮਜ਼) ਦੇ ਨੈਫਰੋਲੋਜੀ (ਗੁਰਦਾ ਰੋਗ) ਵਿਭਾਗ ਦੇ ਮੁਖੀ ਡਾਕਟਰ ਐਸ ਸੀ ਤਿਵਾੜੀ ਅਨੁਸਾਰ ਕਿਡਨੀ ਸਰੀਰ ਦਾ ਸਪਲਾਈ ਪੂਰਾ ਕਰਨ ਵਾਲਾ ਅੰਗ ਹੈ। ਸਰੀਰ ਦੇ ਜ਼ਹਿਰੀਲੇ ਪਦਾਰਥਾਂ ਨੂੰ ਖੂਨ ਤੋਂ ਵੱਖ ਕਰਕੇ ਸਰੀਰ 'ਚੋਂ ਬਾਹਰ ਕੱਢਣਾ, ਹੱਡੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਨਾ, ਅਮਲ ਜਾਂ ਐਸਡ (ਤੇਜਾਬ) ਦੀ ਮਾਤਰਾ ਨੂੰ ਕੰਟਰੋਲ ਕਰਨਾ ਅਤੇ ਖੂਨ ਦੇ ਦਬਾਅ ਨੂੰ ਕਾਬੂ ਵਿਚ ਰੱਖਣਾ ਇਸ ਅੰਗ ਦੇ ਮੁੱਖ ਕੰਮ ਹਨ। ਕਈ ਕਾਰਨਾਂ ਕਰਕੇ ਸਰੀਰ ਦੇ ਜ਼ਰੂਰੀ ਤੱਤਾਂ ਦੀ ਲੋੜ ਵਧ ਜਾਂਦੀ ਹੈ ਅਤੇ ਫਿਰ ਸਪਲਾਈ ਕਰਤਾ ਅੰਗ ਹੋਣ ਦੀ ਵਜ੍ਹਾ ਕਰਕੇ ਗੁਰਦੇ 'ਤੇ ਜ਼ੋਰ ਵਧਣ ਲੱਗਦਾ ਹੈ। ਇਸ ਕਾਰਨ ਸਪਲਾਈ ਜ਼ਿਆਦਾ ਪ੍ਰਭਾਵਿਤ ਹੁੰਦੀ ਹੈ। ਡਾਕਟਰੀ ਭਾਸ਼ਾ ਵਿਚ ਇਸ ਨੂੰ ਸਪਲਾਈ ਚੇਂਜ ਡਿਸ ਆਰਡਰ ਕਹਿੰਦੇ ਹਨ। ਸਾਡੇ ਦੇਸ਼ 'ਚ ਸਿਹਤ ਨੂੰ ਲੈ ਕੇ ਜਾਗਰੂਕਤਾ ਦੀ ਬੇਹੱਦ ਕਮੀ ਹੈ। ਇਸ ਲਈ ਕਿਡਨੀ ਨਾਲ ਜੁੜੀ ਕਿਸੇ ਵੀ ਬਿਮਾਰੀ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਉਹ 40 ਫੀਸਦੀ ਤੋਂ ਵਧ ਖਰਾਬ ਹੋ ਚੁੱਕੀ ਹੁੰਦੀ ਹੈ। ਜਿਥੋਂ ਤੱਕ ਕਿਡਨੀ ਖਰਾਬ ਹੋਣ ਦਾ ਸਵਾਲ ਹੈ, ਡਾ. ਤਿਵਾਰੀ ਇਕ ਭਰਮ ਦੂਰ ਕਰਦੇ ਹਨ। ਉਨ੍ਹਾਂ ਅਨੁਸਾਰ ਕਿਡਨੀ ਫੇਲ ਹੋਣ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਕਿਡਨੀ ਦੇ ਕੰਮ ਕਰਨ ਦੀ ਯੋਜਨਾ ਘੱਟ ਹੋ ਸਕਦੀ ਹੈ ਪਰ ਕਿਡਨੀ ਫੇਲ ਕਦੇ ਨਹੀਂ ਹੁੰਦੀ ਹੈ। ਦਿੱਲੀ ਦੇ ਰਾਕਲੈਂਡ ਹਸਪਤਾਲ ਦੇ ਉਘੇ ਨੇਫਰੋਲੋਜਿਸਟ ਡਾ. ਵਿਕਰਮ ਕਾਲੜਾ ਅਨੁਸਾਰ ਦੇਸ਼ ਵਿਚ ਗੰਭੀਰ ਬਿਮਾਰੀਆਂ ਦੀ ਵਧਦੀ ਗਿਣਤੀ ਕਾਰਨ ਵੀ ਕਿਡਨੀ ਦੀ ਖਰਾਬੀ ਵਧ ਰਹੀ ਹੈ ਦਰਅਸਲ ਸੂਗਰ ਦੀ ਬਿਮਾਰੀ, ਹਾਈ ਬਲੱਡ ਪ੍ਰੈਸ਼ਰ

ਵਰਗੀਆਂ ਬਿਮਾਰੀਆਂ ਕਾਰਨ ਕਿਡਨੀ ਵਿਚ ਖਰਾਬੀ ਆਉਂਦੀ ਹੈ, ਇਨ੍ਹਾਂ ਦੋ ਬਿਮਾਰੀਆਂ ਦੇ 25 ਤੋਂ 40 ਫੀਸਦੀ ਮਰੀਜ਼ਾਂ ਦੀ ਕਿਡਨੀ ਵੀ ਖਰਾਬ ਹੋ ਜਾਂਦੀ ਹੈ। ਇਕ ਅਧਿਐਨ ਅਨੁਸਾਰ ਦੇਸ਼ ਦੇ ਪੇਡੂ ਖੇਤਰ ਵਿਚ 3.8 ਫੀਸਦੀ ਤੇ ਸ਼ਹਿਰੀ ਖੇਤਰਾਂ ’ਚ 11.8 ਫੀਸਦੀ ਮਰੀਜ਼ ਸੂਗਰ ਦੀ ਬਿਮਾਰੀ ਦਾ ਸ਼ਿਕਾਰ ਹੋ ਚੁੱਕੇ ਹਨ। ਹਾਈ ਬਲੱਡ ਪ੍ਰੈਸ਼ਰ ਦੇ ਮਾਮਲੇ ਵਿਚ ਦੇਖੀਏ ਤਾਂ ਸ਼ਹਿਰੀ ਖੇਤਰਾਂ ਵਿਚ 20-40 ਫੀਸਦੀ ਬਾਲਗ ਅਬਾਦੀ ਅਤੇ ਪੇਂਡੂ ਖੇਤਰਾਂ ਵਿਚ 12-17 ਫੀਸਦੀ ਬਾਲਗ ਅਬਾਦੀ ਹਾਈ ਬਲੱਡ ਪ੍ਰੈਸਰ ਨਾਲ ਪੀੜਤ ਹੈ। ਇਸ ਦਾ ਮਤਲਬ ਹੋਇਆ ਕਿ ਕਿਡਨੀ ਦੇ ਮਰੀਜ਼ਾਂ ਦੀ ਘੱਟੋ ਘੱਟ ਗਿਣਤੀ ਡੇਢ ਕਰੋੜ ਦੇ ਆਸਪਾਸ ਹੋਵੇਗੀ। ਕਿਡਨੀ ’ਚ ਖਰਾਬੀ ਹੋਣ ਦਾ ਮੁੱਖ ਕਾਰਨ ਤਾਂ ਸਾਡੀ ਜੀਵਨ ਸ਼ੈਲੀ ਹੀ ਹੈ। ਡਾ. ਕਾਲਰਾ ਅਨੁਸਾਰ ਵਧਦਾ ਵਜ਼ਣ, ਖਾਣੇ ’ਚ ਵਧ ਨਮਕ ਦੀ ਵਰਤੋਂ, ਕਸਰਤ ਤੋਂ ਦੂਰੀ, ਆਕਸੀਜਨ ਦੀ ਘਾਟ, ਹਰ ਛੋਟੀ ਮੋਟੀ ਬੀਮਾਰੀ ’ਚ ਦਵਾਈਆਂ ਦੀ ਵਰਤੋਂ ਕਿਡਨੀ ਖਰਾਬ ਕਰ ਦਿੰਦੇ ਹਨ ਜੇ ਲੋਕ ਜੀਵਨਸ਼ੈਲੀ ਵਿਚ ਥੋੜਾ ਜਿਹਾ ਵੀ ਸੁਧਾਰ ਲਿਆਉਣ ਤਾਂ ਉਨ੍ਹਾਂ ਨੂੰ ਕਿਡਨੀ ਦੀ ਖਰਾਬੀ ਵਰਗੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਗੁਰਦੇ ਦੀ ਖਰਾਬੀ ਦੀ ਇੰਨੇ ਵਧ ਕੇਸ ਇਸ ਲਈ ਆ ਰਹੇ ਹਨ ਕਿ ਮਰੀਜ਼ਾਂ ਨੂੰ ਪਹਿਲਾਂ ਇਹ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਦੇ ਗੁਰਦੇ ਖਰਾਬ ਹੋ ਰਹੇ ਹਨ। ਡਾ. ਤਿਵਾੜੀ ਅਨੁਸਾਰ ਉਹ ਆਪਣੇ ਹਰ ਮਰੀਜ਼ ਨੂੰ ਸਹੀ ਸਲਾਹ ਦਿੰਦੇ ਹਨ ਕਿ ਉਹ ਆਪਣੀ ਕਿਡਨੀ ਨੂੰ ਜਾਣਨ। ਛੋਟੇ ਛੋਟੇ ਲੱਛਣਾਂ ’ਤੇ ਧਿਆਨ ਰੱਖਣ ਤਾਂ ਉਨ੍ਹਾਂ ਨੂੰ ਇਸ ਸਬੰਧੀ ਜਾਣਕਾਰੀ ਮਿਲ ਸਕਦੀ ਹੈ। ਉਦਾਹਰਣ ਵਜੋਂ ਪੇਸ਼ਾਬ ਬੇਹੱਦ ਘੱਟ ਜਾਂ ਵਧ ਆਉਣਾ, ਪੇਸ਼ਾਬ ’ਚ ਖ਼ੂਨ ਆਉਣਾ ਤੇ ਜਲਣ ਹੋਣੀ, ਕਮਰ ’ਚ ਕਿਨਾਰੇ ਜਾਂ ਪਿੱਛੇ ਦਰਦ, ਅੱਖਾਂ ਹੇਠ ਸੋਜ, ਭੁੱਖ ਘੱਟ ਲੱਗਣੀ, ਆਮ ਬੰਦੇ ਦਾ ਬਲੱਡ ਪ੍ਰੈਸਰ ਅਚਾਨਕ ਵਧਣਾ ਆਦਿ ਲੱਛਣਾਂ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਕਿਡਨੀ ’ਚ ਕੋਈ ਗੜਬੜ ਹੋ ਰਹੀ ਹੈ। ਇਸ ਵਿਚੋਂ ਕਈ ਲੱਛਣ ਕਿਡਨੀ ’ਚ ਪੱਥਰੀ ਦੀ ਜਾਣਕਾਰੀ ਦਿੰਦੇ ਹਨ। ਜੇ ਕਿਸੇ ਬੰਦੇ ਨੂੰ ਇਹ ਸਾਰੇ ਲੱਛਣ ਦਿਸਦੇ ਹੋਣ ਤਾਂ ਉਸ ਨੂੰ ਕਿਡਨੀ ਨਾਲ ਸਬੰਧਿਤ ਗਲੋਮੇਰੂਲਰ ਫਿਲਟਰੇਸ਼ਨ ਰੇਟ (ਜੀ. ਐਫ. ਆਰ) ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਨਾਲ ਇਹ ਪਤਾ ਲੱਗ ਜਾਵੇਗਾ ਕਿ ਕਿਡਨੀ ਦੀ ਹਾਲਤ ਕਿਹੋ ਜਿਹੀ ਹੈ। ਇਹ ਇਕ ਸੌਖੀ ਜਾਂਚ ਹੈ ਅਤੇ ਇਸ ਨੂੰ ਨਿਯਮਤ ਤੌਰ ’ਤੇ ਕਰਵਾਉਣਾ ਚਾਹੀਦਾ ਹੈ। ਵੈਸੇ ਕਿਡਨੀ ਨਾਲ ਸਬੰਧਿਤ ਮੁੱਖ ਬਿਮਾਰੀਆਂ ਹਨਃ ਹਾਈ ਬਲੱਡ ਪ੍ਰੈਸ਼ਰ, ਕਿਡਨੀ ਕੈਂਸਰ, ਕਿਡਨੀ ’ਚ ਪੱਥਰੀ, ਪੇਸ਼ਾਬ ’ਚ ਪ੍ਰੋਟੀਨ ਆਉਣੀ ਅਤੇ ਪੇਸ਼ਾਬ ਦੇ ਰਾਹ ’ਚ ਜਲਣ।

ਡਾ. ਕਾਲਰਾ ਅਨੁਸਾਰ ਜਿਥੋਂ ਤੱਕ ਇਲਾਜ ਦਾ ਸਬੰਧ ਹੈ ਤਾਂ ਕਿਡਨੀ ’ਚ ਕੰਮ ਕਰਨ ਦੀ ਰਫ਼ਤਾਰ ਰੁਕ ਜਾਣ ਦੀ ਹਾਲਤ ’ਚ ਸਰੀਰ ਨੂੰ ਸੁਚਾਰੂ ਰੱਖਣ ਲਈ ਦੋ ਹੀ ਤਰੀਕੇ ਹੁੰਦੇ ਹਨ। ਪਹਿਲਾਂ ਜ਼ਿੰਦਗੀ ਭਰ ਡਾਇਲਸਸ ਕਰਵਾਉਂਦੇ ਰਹਿਣਾ ਜਿਸ ਵਿਚ ਮਸ਼ੀਨ ਦੀ ਮਦਦ ਨਾਲ ਗੰਦੇ ਤੱਤਾਂ ਨੂੰ ਸਰੀਰ ਤੋਂ ਬਾਹਰ ਕੱਢਿਆ ਜਾਂਦਾ ਹੈ ਅਤੇ ਦੂਜਾ ਕਿਡਨੀ ਬਦਲੀ ਕਿਸੇ ਮਰੀਜ਼ ਲਈ ਕਿਸੇ ਮਰੀਜ਼ ਲਈ ਕਿਹੜਾ ਇਲਾਜ ਸਹੀ ਰਹੇਗਾ ਇਹ ਡਾਕਟਰ ਹੀ ਤਹਿ ਕਰਦੇ ਹਨ। ਇਸ ਲਈ ਉਮਰ ਪਰਿਵਾਰ ’ਚ ਕਿਡਨੀ ਦਾਨੀਆਂ ਦੀ ਸਥਿਤੀ, ਮਰੀਜ਼ ਦੇ ਸਰੀਰ ’ਚ ਐਂਟੀਬਾਡੀਜ਼ ਦੀ ਮੌਜੂਦਗੀ ਆਦਿ ਦਾ ਵਿਸਲੇਸ਼ਣ ਕੀਤਾ ਜਾਂਦਾ ਹੈ ਕਿਉਂਕਿ ਐਂਟੀਬਾਡੀਜ਼ ਹੀ ਇਹ ਤੈਅ ਕਰਦੇ

ਹਨ ਕਿ ਟਰਾਂਸਪਲਾਟੇਸ਼ਨ (ਕਿਡਨੀ ਤਬਦੀਲੀ) 'ਚ ਜੋਖਿਮ ਵਧ ਜਾਂਦਾ ਹੈ। ਜਾਂ ਟਰਾਂਸਪਲਾਂਟ ਤੇ ਡਾਇਲਸਸ 'ਚ ਤੁਲਨਾ ਕੀਤੀ ਜਾਵੇ ਤਾਂ ਟਰਾਂਸਪਲਾਂਟ ਦਾ ਖਰਚਾ ਇਕ ਵਾਰੀ ਹੀ ਆਉਂਦਾ ਹੈ ਅਤੇ ਇਸ ਦਾ ਕਾਰਨ ਇਹ ਹੈ ਕਿ ਡਾਇਲਸਸ ਦੇ ਮੁਕਾਬਲੇ ਬੇਹਤਰ ਬਦਲ ਹੈ।

ਇਸ ਨਾਲ ਇਹ ਸਫਲ ਟਰਾਂਸਪਲਾਂਟ ਪਿਛੋਂ ਮਰੀਜ਼ ਨੂੰ ਹਫਤੇ 'ਚ ਤਿੰਨ ਵਾਰੀ ਮਸ਼ੀਨ ਨਾਲ ਖੂਨ ਸਾਫ ਕਰਾਉਣ 'ਤੇ ਨਿਰਭਰ ਨਹੀਂ ਰਹਿਣਾ ਪੈਂਦਾ। ਅਪ੍ਰੇਸ਼ਣ ਪਿੱਛੋਂ ਮਰੀਜ਼ ਦੇ ਖਾਣ ਪੀਣ 'ਤੇ ਅਕਸਰ ਕੋਈ ਬੰਦਸ਼ ਨਹੀਂ ਲਾਈ ਜਾਂਦੀ। ਸਰੀਰ ਇੰਨਾ ਦੁਰਸਤ ਮਹਿਸੂਸ ਕਰਦਾ ਹੈ ਕਿ ਮਰੀਜ਼ ਆਮ ਦੀ ਤਰ੍ਹਾਂ ਕੰਮ 'ਤੇ ਜਾ ਸਕਦਾ ਹੈ ਜਿਵੇਂ ਉਹ ਬਿਮਾਰੀ ਤੋਂ ਪਹਿਲਾਂ ਜਾਂਦਾ ਸੀ। ਕਿਡਨੀ ਦੀ ਬਿਮਾਰੀ ਵਾਲੇ ਮਰੀਜ਼ਾਂ ਵਿਚ ਆਮ ਤੌਰ 'ਤੇ ਦਿਸਣ ਵਾਲੇ ਲੱਛਣ ਅਨੀਮੀਆ (ਖੂਨ ਦੀ ਕਮੀ) ਸਫਲ ਟਰਾਂਸਪਲਾਂਟ ਤੋਂ ਬਾਅਦ ਖਤਮ ਹੋ ਜਾਂਦੀ ਹੈ। ਔਰਤਾਂ ਦੇ ਕੇਸਾਂ ਵਿਚ ਕਿਡਨੀ ਫੇਲ ਹੋ ਜਾਣ 'ਤੇ ਡਾਇਲਸਸ ਦਾ ਬਦਲ ਚੁਣਨ 'ਤੇ ਔਰਤਾਂ 'ਚ ਅੰਡਾਣੂ ਬਣਨੇ ਬੰਦ ਹੋ ਜਾਂਦੇ ਹਨ ਜਿਸ ਕਾਰਨ ਉਹ ਗਰਭਵਤੀ ਨਹੀਂ ਹੋ ਸਕਦੀਆਂ ਪਰ ਟਰਾਂਸਪਲਾਂਟ ਪਿਛੋਂ ਉਹ ਔਰਤ ਗਰਭਧਾਰਨ ਕਰ ਸਕਦੀ ਹੈ।

ਕਿਡਨੀ ਦੀ ਬਿਮਾਰੀ 'ਚ ਆਯੁਰਵੈਦਿਕ ਦੇ ਲਾਭ ਮਿਲਣ ਦੇ ਦਾਅਵੇ ਵੀ ਕੀਤੇ ਜਾਂਦੇ ਹਨ। ਆਯੂਰਵੈਦਿਕ ਦਵਾਈਆਂ ਦਾ ਨਕਾਰਤਮਕ ਅਸਰ ਨਹੀਂ ਪੈਂਦਾ ਬਲਕਿ ਇਸ ਵਿਚ ਜੜੀ ਬੂਟੀਆਂ ਦੀ ਵਰਤੋਂ ਹੁੰਦੀ ਹੈ। ਮੂਲੀ ਦਾ ਸਾਗ, ਸ਼ਵੇਤ ਵੱਟੀ ਤੇ ਪੁਨਰਵਾ ਆਦਿ ਦੀ ਵਰਤੋਂ ਫਾਇਦੇਮੰਦ ਹੁੰਦੀ ਹੈ। ਕਿਡਨੀ ਦੀ ਯੋਗਤਾ ਵਧਣ ਨਾਲ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਵੀ ਆਪਣੇ ਆਪ ਠੀਕ ਹੋ ਜਾਂਦੀਆਂ ਹਨ, ਇਹ ਜ਼ਰੂਰ ਹੈ ਕਿ ਆਯੂਰਵੈਦਿਕ ਦਵਾਈਆਂ ਪ੍ਰਹੇਜ ਦੇ ਨਾਲ ਹੀ ਅਸਰ ਕਰਦੀਆਂ ਹਨ। ਇਸ ਲਈ ਜੀਵਨ ਸ਼ੈਲੀ ਵਿਚ ਸੁਧਾਰ ਸਭ ਤੋਂ ਜ਼ਰੂਰੀ ਹੋ ਜਾਂਦਾ ਹੈ। ਖਾਣ-ਪੀਣ 'ਚ ਬਹੁਤ ਸਾਰੀਆਂ ਚੀਜ਼ਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ, ਜਿਸ ਤੇ ਸਖਤੀ ਨਾਲ ਅਮਲ ਕਰਨਾ ਪੈਂਦਾ ਹੈ।

# ਖਣਿਜ ਭੰਡਾਰਾਂ ਦੀ ਲੁੱਟ

ਮੱਧ ਪ੍ਰਦੇਸ਼ ਦੇ ਵੱਖ ਵੱਖ ਜਿਲਿਆਂ ਵਿਚ ਖਣਿਜ ਭੰਡਾਰਾਂ ਦੀ ਲੁੱਟ ਜਾਰੀ ਹੈ। ਚੰਬਲ, ਮਹਾਕੌਸ਼ਲ ਅਤੇ ਵਿੰਧਯ ਖੇਤਰ 'ਚ ਇਹ ਲੁੱਟ ਜ਼ਿਆਦਾ ਹੀ ਹੈ। ਇਹ ਖੇਤਰਾਂ 'ਚ ਲੁੱਟ ਮਾਫੀਆ ਪੂਰੀ ਤਰ੍ਹਾਂ ਸਰਗਰਮ ਹੈ ਜੋ ਕਿ ਨਾ ਸਿਰਫ ਖਣਿਜ ਭੰਡਾਰ ਦੀ ਨਜਾਇਜ ਲੁੱਟ ਕਰਕੇ ਖੇਤੀ ਯੋਗ ਜ਼ਮੀਨ ਨੂੰ ਬੰਜਰ ਬਣਾਉਣ ਤੇ ਉਤਾਰੂ ਹੈ ਬਲਕਿ ਰਾਜ ਪ੍ਰਬੰਧ ਨੂੰ ਵੀ ਭਾਰੀ ਹਰਜਾਨਾ ਪਹੁੰਚਾ ਰਿਹਾ ਹੈ। ਖਣਿਜ ਭੰਡਾਰ ਦੀ ਬੇਰੋਕਟੋਕ ਲੁੱਟ ਕਾਰਨ ਜੰਗਲ ਦੀ ਹਰਿਆਲੀ ਅਤੇ ਵਾਤਾਵਰਣੀ ਸੰਤੁਲਨ ਵਿਗੜਨ ਦਾ ਖਤਰਾ ਵਧ ਗਿਆ ਹੈ। ਰਾਜ 'ਚ ਖਣਿਜ ਜਾਇਦਾਦ ਦੀ ਲੁੱਟ ਬਾਰੇ ਜਬਲਪੁਰ ਹਾਈ ਕੋਰਟ 'ਚ ਦਾਇਰ ਇਕ ਜਨਹਿਤ ਪਟੀਸ਼ਨ ਦੇ ਜੁਆਬ ਵਿਚ ਮੰਡਲ ਨੇ ਦੱਸਿਆ ਕਿ ਰਾਜ 'ਚ ਕੁਲ ਖਾਣਾ ਲਗਭਗ 4192 ਹਨ। ਇਨ੍ਹਾਂ 'ਚ 2 ਹੈਕਟੇਅਰ ਤੋਂ ਵਧ ਵਾਲੀਆਂ ਖਾਣਾਂ ਲਗਭਗ 3562 ਹਨ ਪਰ ਇਨ੍ਹਾਂ ਵਿਚੋਂ ਕੁਲ 2697 ਖਾਣਾ ਨੂੰ ਸੰਚਾਲਿਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਅਰਥਾਤ ਇਹ ਖਾਣਾਂ ਨਜਾਇਜ਼ ਢੰਗ ਨਾਲ ਚਲਾਈਆਂ ਜਾ ਰਹੀਆਂ ਹਨ। ਹਾਈ ਕੋਰਟ ਨੇ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਹੁਣ ਰਾਜ ਸਰਕਾਰ ਦੇ ਖਣਿਜ ਵਿਭਾਗ ਨੂੰ ਇਹ ਨਜਾਇਜ਼ ਖਾਣਾਂ ਤੁਰੰਤ ਬੰਦ ਕਰਵਾਉਣ ਲਈ ਕਿਹਾ ਹੈ। ਵੈਸੇ ਸੂਬੇ ਦੇ ਸਾਰੇ ਜ਼ਿਲ੍ਹਿਆਂ 'ਚ ਕੁੱਲ ਮਿਲਾ ਕੇ ਖਣਿਜ ਜਾਇਦਾਦ ਦੀ ਨਜਾਇਜ਼ ਲੁੱਟ ਹੋ ਰਹੀ ਹੈ ਪਰ ਭਿੰਡ, ਗਵਾਲੀਅਰ, ਮੁਰੈਨਾ, ਜਬਲਪੁਰ, ਦਇਆ ਰੀਵਾ, ਸੀਧੀ, ਸੁਹਿਲੋਡ, ਅਨੂਪਪੁਰ, ਉਮਰਿਆ, ਧਾਰ, ਝਬੂਆ ਆਦਿ ਵਿਚ ਖਣਿਜਾਂ ਦੀ ਨਜਾਇਜ਼ ਖੁਦਾਈ ਅਤੇ ਚੋਰੀ ਦੀਆ ਘਟਨਾਵਾਂ ਆਮ ਹੁੰਦੀਆਂ ਹਨ। ਰੀਵਾ ਦੇ ਕਰੀਬ 60 ਕਿ.ਮੀ. ਮਾਊਗੰਜ, ਦੇ ਵਣਾਂ ਅੰਦਰ ਪੱਥਰਾਂ ਦੀ ਨਜਾਇਜ਼ ਖੁਦਾਈ ਜ਼ੋਰਾਂ 'ਤੇ ਚੱਲ ਰਹੀ ਹੈ। ਮਾਊਗੰਜ, ਬਿੱਲੀਘਾਟ, ਹਨੂਮਨਾ, ਹਰਦੋਲ ਤੋਂ ਲੈ ਕੇ ਚਾਕਘਾਟ ਤੱਕ ਫੈਲੇ ਜੰਗਲਾਂ 'ਚ ਕਈ ਦਰਜਨ ਨਜਾਇਜ਼ ਖਾਣਾਂ ਚੱਲ ਰਹੀਆਂ ਹਨ। ਉਤਰਪ੍ਰਦੇਸ਼ ਦੀ ਸਰਹੱਦ ਨਜ਼ਦੀਕ ਹੋਣ ਕਰਕੇ ਉਥੋਂ ਦੇ ਖਣਿਜ ਮਾਫੀਆ ਇਸ ਵਣਾਂ ਚਲੀ 'ਚ ਘਸ ਆਏ ਹਨ ਅਤੇ ਪੱਥਰਾਂ ਦੀ ਤਾਬੜਤੋੜ ਖੁਦਾਈ ਕਰ ਰਹੇ ਹਨ ਜਿਨ੍ਹਾਂ ਨੂੰ ਰੋਕਣ ਦੀ ਹਿੰਮਤ ਵਣ ਤੇ ਖਣਿਜ ਵਿਭਾਗ ਨਹੀਂ ਵਿਖਾ ਰਿਹਾ ਹੈ। ਸ਼ਹਿਡੋਲ ਸੰਭਾਗ ਦੇ ਤਹਿਤ ਸ਼ਹਿਡੋਲ, ਅਨੂਪਪੁਰ, ਤੇ ਉਮਰਿਆ ਜ਼ਿਲ੍ਹਿਆਂ 'ਚ ਆਏ ਦਿਨ ਖਣਿਜ ਚੋਰੀ ਦੇ ਕੇਸ ਉਜਾਗਰ ਹੁੰਦੇ ਰਹਿੰਦੇ ਹਨ। ਇਥੇ ਸੋਨ ਨਦੀ ਦੇ ਕਿਨਾਰੇ ਮੁਰੂਮ ਦੀ ਨਜਾਇਜ਼ ਖੁਦਾਈ ਜ਼ੋਰਾਂ 'ਤੇ ਚੱਲ ਰਹੀ ਹੈ। ਹਥੌੜਿਆਂ ਦੀ ਮਾਰ ਨਾਲ ਸੋਨ ਦਾ ਕਿਨਾਰਾ ਛੱਲਣੀ ਹੋ ਗਿਆ ਹੈ। ਇਥੋਂ ਤੱਕ ਕਿ ਨਦੀ ਦੀ ਸ਼ਕਲ ਵੀ ਵਿਗੜ ਗਈ ਹੈ। ਖਣਿਜ ਵਿਭਾਗ ਨੇ ਉਥੇ ਛਾਪਾ ਮਾਰ ਕਾਰਵਾਈ ਕਰਕੇ 25 ਟਰਾਲੀਆਂ ਗਿੱਟੀ ਬਰਾਮਦ ਕੀਤੀ ਵੀ ਹੈ। ਜਬਲਪੁਰ ਵਿਚ ਖਣਿਜ ਦੀ ਨਜਾਇਜ਼ ਲੁੱਟ ਅਤੇ ਕਾਲਾ ਬਾਜ਼ਾਰੀ ਦੀਆਂ ਸ਼ਿਕਾਇਤਾਂ 'ਚ ਤੇਜ਼ੀ ਆਉਣ 'ਤੇ ਕਲੈਕਟਰ ਸੰਜੇ ਦੂਬੇ ਨੇ ਕਰੈਸ਼ਰ ਮਾਲਕਾਂ ਤੇ ਨਜਾਇਜ਼ ਖੁਦਾਈ ਚਲਾਉਣ ਵਾਲਿਆਂ ਖਿਲਾਫ਼ ਕਾਰਵਾਈ ਦੀ ਸੋਚੀ ਹੈ। ਪਹਾੜਾਂ ਅਤੇ ਚਟਾਨਾਂ ਨੂੰ ਚਕਨਾਚੂਰ ਕਰਕੇ ਕਰੋੜਾਂ ਦੀ ਕਮਾਈ ਕਰਨ ਵਾਲੇ ਕਰੈਸ਼ਰ ਮਾਲਕਾਂ ਕੋਲ ਪੱਥਰਾਂ

ਦੀਆਂ ਖਾਣਾਂ ਦੀ ਲੀਜ਼ ਨਹੀਂ ਹੈ। ਸਭ ਸਰਕਾਰੀ ਜ਼ਮੀਨ ਤੋਂ ਪੱਥਰ ਕੱਢ ਕੇ ਆਪਣਾ ਧੰਦਾ ਚਲਾ ਰਹੇ ਹਨ। ਕੁਲ 36 ਕਰੈਸ਼ਰਾਂ ਖਿਲਾਫ਼ ਕਾਨੂੰਨੀ ਕਾਰਵਾਈ ਹੋਈ ਵੀ ਹੈ। ਸੂਬੇ 'ਚ ਖਣਿਜ ਮਾਫੀਆ ਦਾ ਹੌਸਲਾ ਇਸ ਹੱਦ ਤੱਕ ਵਧਿਆ ਹੋਇਆ ਹੈ ਕਿ ਇਸ ਦਾ ਅੰਦਾਜਾ 6 ਮਹੀਨੇ ਪਹਿਲਾਂ ਮਰੈਨਾ ਜਿਲੇ 'ਚ ਵਾਪਰੀ ਘਟਨਾ ਨਾਲ ਭਲੀਭਾਂਤ ਲਗਾਇਆ ਜਾ ਸਕਦਾ ਹੈ। ਜਿਸ 'ਚ ਪੱਥਰਾਂ ਦੀ ਨਜਾਇਜ਼ ਖੁਦਾਈ ਕਰ ਰਹੇ ਖਣਿਜ ਮਾਫੀਆ ਨੇ ਕਲੈਕਟਰ ਆਕਾਸ਼ ਤ੍ਰਿਪਾਠੀ ਵਾਲ ਵਾਲ ਬਚੇ ਸਨ। ਦਰਅਸਲ ਇੱਥੇ ਖਣਿਜ ਮਾਫੀਆ ਬੰਦੂਕ ਦੀ ਨੋਕ 'ਤੇ ਪੁਰਾਤੱਤਵ ਮਹੱਤਵ ਵਾਲੇ ਬਟੇਸ਼ਵਰ ਮੰਦਰ ਦੇ ਨੇੜੇ ਉਚੀ ਪਹਾੜੀ 'ਤੇ ਨਜਾਇਜ਼ ਖੁਦਾਈ ਲਈ ਵਿਸਫੋਟ ਕਰਵਾ ਰਹੇ ਹਨ ਜਿਸ ਨਾਲ ਮੰਦਰ ਨੂੰ ਹਰਜਾ ਪਹੁੰਚ ਰਿਹਾ ਸੀ।

# ਫੌਜ ਦੀ ਸ਼ਰਾਬ ਦਾ ਗੋਰਖਧੰਦਾ ਕਿਵੇਂ?

ਕੇਂਦਰ ਸਰਕਾਰ ਨੇ ਫੌਜੀ ਅਧਿਕਾਰੀਆਂ, ਫੌਜੀਆਂ, ਸਾਬਕਾ ਫੌਜੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਈ ਸਹੂਲਤਾਂ ਦੇ ਰੱਖੀਆਂ ਹਨ। ਇਨ੍ਹਾਂ ਵਿਚ ਕੰਟੀਨ ਸੇਵਾ ਵੀ ਸ਼ਾਮਲ ਹੈ। ਕੰਟੀਨ ਦੇ ਰਾਹੀਂ ਮਿਲਣ ਵਾਲੇ ਸਮਾਨ 'ਤੇ ਜਿਥੇ ਟੈਕਸਾਂ ਦੀ ਛੋਟ ਹੈ, ਉਥੇ ਸਮਾਨ ਵੀ ਬਾਜ਼ਾਰ ਨਾਲੋਂ ਸਸਤਾ ਮਿਲਦਾ ਹੈ, ਇਸ ਕਾਰਨ ਨਾ ਸਿਰਫ ਇਸ ਸਹੂਲਤਾਂ ਦੇ ਲਾਭਪਾਤਰੀਆਂ ਬਲਕਿ ਦੁਕਾਨਦਾਰਾਂ ਵਿਚ ਵੀ ਕੰਟੀਨ ਤੋਂ ਸਮਾਨ ਖਰੀਦ ਕੇ ਲਾਭ ਕਮਾਉਣ ਦੀ ਲਲਕ ਰਹਿੰਦੀ ਹੈ। ਕੰਟੀਨ 'ਚ ਮਿਲਣ ਵਾਲੇ ਸਮਾਨ 'ਚ ਸਭ ਤੋਂ ਵਧ ਮੰਗ ਸ਼ਰਾਬ ਦੀ ਰਹਿੰਦੀ ਹੈ ਜੋ ਬਾਜ਼ਾਰ ਤੋਂ ਕਰੀਬ ਅੱਧੇ ਮੁੱਲ 'ਚ ਮਿਲਦੀ ਹੈ। ਇਹੀ ਕਾਰਨ ਹੈ ਕਿ ਜਿਥੇ ਜਿਥੇ ਸਮੇਂ ਸਮੇਂ 'ਤੇ ਕੰਟੀਨ ਦਾ ਸਮਾਨ ਸਿਵਲੀਅਨਾ ਨੂੰ ਵੇਚਣ ਦੀਆਂ ਸ਼ਿਕਾਇਤਾਂ ਆਉਂਦੀਆਂ ਹਨ ਉਥੇ ਸ਼ਰਾਬ ਦੇ ਨਜਾਇਜ਼ ਵਪਾਰ ਦਾ ਮਾਮਲਾ ਵੀ ਉਛਲਦਾ ਰਹਿੰਦਾ ਹੈ। ਅਜਿਹੇ ਦੋਸ਼ ਲੱਗਦੇ ਰਹੇ ਹਨ ਕਿ ਪਾਲਮਪੁਰ ਤੋਂ ਕੰਟੀਨ ਸਟੋਰ ਡਿਪਾਰਟਮੈਂਟ ਕਰਮੀ ਜਦ ਦੂਰ-ਦਰਾੜੇ ਦੇ ਖੇਤਰਾਂ ਵਿਚ ਸ਼ਰਾਬ ਤੇ ਸਮਾਨ ਵੇਚਣ ਜਾਂਦੇ ਹਨ ਉਥੇ ਆਪਣੇ ਏਜੰਟਾਂ ਦੇ ਰਾਹੀਂ ਖੂਬ ਹੱਥ ਰੰਗਦੇ ਹਨ। ਇਸ ਨਾਲ ਜਿਥੇ ਸੈਨਿਕਾਂ ਨੂੰ ਮਿਲਣ ਵਾਲੀ ਸਹੂਲਤ ਦੀ ਦੁਰਵਰਤੋਂ ਹੋ ਰਹੀ ਹੈ ਉਥੇ ਕੇਂਦਰ ਸਰਕਾਰ ਨੂੰ ਹਰ ਸਾਲ ਕਰੋੜਾਂ ਰੁਪਏ ਦਾ ਚੂਨਾ ਲੱਗਦਾ ਹੈ। ਪਾਲਮਪੁਰ ਤੋਂ ਜੈ ਸਿੰਘਪੁਰ, ਚੜਿਆਰ, ਤੇ ਧੁਰਲ ਵਰਗੇ ਖੇਤਰਾਂ ਵਿਚ ਹਰ ਮਹੀਨੇ ਨਿਸ਼ਚਿਤ ਤਰੀਕਾਂ 'ਤੇ ਇਹ ਸਮਾਨ ਗੱਡੀਆਂ ਰਾਹੀਂ ਜਾਂਦਾ ਹੈ ਅਤੇ ਹਰ ਸਟੇਸ਼ਨ 'ਤੇ ਇਕ ਦਿਨ ਵਿਚ ਲੱਖਾਂ ਦੀ ਵਿਕਰੀ ਹੁੰਦੀ ਹੈ। ਨਿਰੰਤਰ ਅਜਿਹੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਪਾਲਮਪੁਰ ਕੰਟੀਨ ਦੇ ਕੁਝ ਅਧਿਕਾਰੀ ਅਤੇ ਕਰਮਚਾਰੀ ਇਨ੍ਹਾਂ ਥਾਵਾਂ 'ਤੇ ਆਪਣੇ ਏਜੰਟਾਂ ਰਾਹੀਂ ਸਮਾਨ ਤੇ ਸ਼ਰਾਬ ਲੋਕਾਂ ਨੂੰ ਵੇਚਦੇ ਹਨ। ਉਹ ਸ਼ਰਾਬ ਦੀ ਹਰ ਬੋਤਲ 'ਤੇ ਦਸ ਤੋਂ ਵੀਹ ਰੁਪਏ ਕਮਾਉਂਦੇ ਹਨ। ਇਸ ਬਾਬਤ ਜਦ ਵੀ ਫੌਜੀ ਅਧਿਕਾਰੀਆਂ ਤੋਂ ਪੁੱਛਿਆ ਗਿਆ ਤਾਂ ਉਹ ਇਨ੍ਹਾਂ ਦੋਸ਼ਾਂ ਨੂੰ ਮੁਢੋ ਹੀ ਖਾਰਜ ਕਰਦੇ ਰਹੇ। ਆਖਰ 19 ਜੁਲਾਈ ਨੂੰ ਇਸ ਭਰਿਸ਼ਟਾਚਾਰ ਦਾ ਭਾਂਡਾ ਤਦ ਫੁਟਿਆ ਜਦ ਕੁਝ ਪੱਤਰਕਾਰਾਂ ਨੇ ਸਿਟੰਗ ਆਪ੍ਰੇਸ਼ਨ 'ਚ ਕੰਟੀਨ ਕਰਮਚਾਰੀ ਨਾਲ ਸੌਦੇਬਾਜ਼ੀ (ਮੁੱਲ-ਭਾਅ) ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਤਾਂ ਪੈਸੇ ਲੈ ਕੇ ਇਕ-ਇਕ ਬੋਤਲ ਦਿੱਤੀ ਜਾਣ ਲੱਗੀ ਫਿਰ ਸਿਲਸਿਲਾ ਚਾਰ ਬੋਤਲਾਂ ਤੱਕ ਜਾ ਪਹੁੰਚਿਆ ਨਜ਼ਰ ਤੋਂ ਬਚਣ ਲਈ ਇਹ ਏਜੰਟ ਗੱਡੀ ਤੋਂ ਰਸੀਦ ਲੈ ਕੇ ਬਾਅਦ 'ਚ ਉਸ ਰਸੀਦ ਨਾਲ ਪੈਸੇ ਦੇ ਕੇ ਸ਼ਰਾਬ ਲੈ ਜਾਂਦੇ ਰਹੇ। ਜਦ ਇਕ ਏਜੰਟ ਸ਼ਰਾਬ ਦੀ ਪੇਟੀ ਲੈ ਜਾਣ ਲੱਗਿਆ ਤਾਂ ਪ੍ਰਤਕਾਰਾਂ ਨੇ ਰੋਕ ਕੇ ਪੁੱਛਿਆ। ਉਸ ਕੋਲ ਕੋਈ ਜੁਆਬ ਨਹੀਂ ਸੀ ਕਿ ਉਸ ਨੇ ਸ਼ਰਾਬ ਕਿਵੇਂ ਲਈ ਹੈ। ਝਮੇਲਾ ਵਧਣ 'ਤੇ ਮਾਮਲਾ ਕੰਟੀਨ ਜੇ. ਸੀ. ਓ. ਵਿਜੇ ਸਿੰਘ ਕੋਲ ਲਿਆਂਦਾ ਗਿਆ। ਉਸ ਨੇ ਵੇਚੀ ਗਈ ਸ਼ਰਾਬ ਵਾਪਸ ਲੈ ਕੇ ਏਜੰਟਾਂ ਨੂੰ ਪੈਸਾ ਮੋੜ ਦਿੱਤਾ। ਇਸ ਦੌਰਾਨ ਫੌਜੀ ਕਰਮਚਾਰੀ ਕੁਲਜੀਤ ਸਿੰਘ ਨੇ ਮੰਨਿਆ ਸੀ ਕਿ ਉਸ ਬੰਦੇ ਨੂੰ ਬਿਨਾਂ ਕਾਰਡ ਦੇ ਹੀ ਸ਼ਰਾਬ ਵੇਚੀ ਗਈ ਸੀ। ਜਾਂਚ ਤੋਂ ਪਤਾ ਲੱਗਿਆ ਕਿ ਕੁਲਜੀਤ ਸਿੰਘ ਨੇ ਰਾਇਲ ਆਰਮੀ ਵਿਸਕੀ ਦੀ ਪੇਟੀ 1680 ਰੁਪਏ ਦੀ ਵੇਚੀ ਸੀ।

ਇਹ ਵਿਸਕੀ ਬਜ਼ਾਰ 'ਚ ਨਹੀਂ ਮਿਲਦੀ ਅਤੇ ਕੰਟੀਨ ਰੇਟ 'ਤੇ ਇਸ ਤੋਂ ਵੀ ਘੱਟ ਵਿਚ ਮਿਲਦੀ ਹੈ। ਇਸ ਬਾਰੇ ਪਾਲਮਪੁਰ ਫੌਜੀ ਪ੍ਰਸਾਸ਼ਨ ਦੇ ਅਫਸਰਾਂ ਕਰਨਲ ਖਰਿਆਲ ਅਤੇ ਕਰਨਲ ਸ਼ਰਮਾ ਨੇ ਦੱਸਿਆ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ, ਉਹ ਜਾਂਚ ਕਰਨਗੇ ਤੇ ਕਾਰਵਾਈ ਹੋਵੇਗੀ।

ਇਸ ਤਰ੍ਹਾਂ ਕੁਝ ਮਹੀਨੇ ਪਹਿਲਾਂ ਜਦ ਕੰਟੀਨ ਦੇ ਵਾਹਨ ਜੈ ਸਿੰਘ ਪੁਰ 'ਚ ਸਿਵਲੀਅਨਾਂ ਨੂੰ ਸ਼ਰਾਬ ਵੇਚ ਰਹੇ ਸਨ ਤਾਂ ਉਥੇ ਸ਼ਰਾਬ ਦੇ ਠੇਕੇਦਾਰਾਂ ਨੇ ਵਿਰੋਧ ਕੀਤਾ ਸੀ। ਇਸ ਸਬੰਧੀ ਫੌਜ ਦੇ ਅਫਸਰਾਂ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਤੋਂ ਸਾਬਤ ਹੁੰਦਾ ਹੈ ਕਿ ਇਸ ਖੇਡ ਵਿਚ ਨਾ ਸਿਰਫ ਹੇਠਲੀ ਪੱਧਰ ਦੇ ਬਲਕਿ ਉਚ ਅਧਿਕਾਰੀ ਵੀ ਕਿਸੇ ਨਾ ਕਿਸੇ ਤਰ੍ਹਾਂ ਦੋਸ਼ੀ ਹਨ। ਧੁਰਲ ਖੇਤਰ ਦੇ ਸ਼ਰਾਬ ਦੇ ਠੇਕੇਦਾਰ ਰਾਜੀਵ ਜਸਵਾਲ ਅਨੁਸਾਰ ਇਹ ਧੰਦਾ ਕਾਫੀ ਅਰਸੇ ਤੋਂ ਚੱਲ ਰਿਹਾ ਹੈ ਪਰ ਸ਼ਿਕਾਇਤਾਂ ਦੇ ਬਾਵਜੂਦ ਸੈਨਿਕ ਅਧਿਕਾਰੀ ਕਾਰਵਾਈ ਕਰਨ 'ਚ ਰੁਚੀ ਨਹੀਂ ਰੱਖਦੇ। ਜਸਵਾਲ ਅਨੁਸਾਰ ਇਸ ਸਾਲ ਉਨ੍ਹਾਂ ਨੂੰ ਸਾਲ 'ਚ ਕਰੀਬ ਅੱਠ ਲੱਖ ਰੁਪਏ ਦਾ ਚੂਨਾ ਲੱਗ ਰਿਹਾ ਹੈ। ਆਬਕਾਰੀ ਵਿਭਾਗ ਦੇ ਸੇਵਾ ਮੁਕਤ ਅਧਿਕਾਰੀ ਬੀ. ਐਸ. ਰਾਣਾ ਨੇ ਦੱਸਿਆ ਕਿ ਜਦ ਉਹ ਪਾਲਮਪੁਰ 'ਚ ਤਾਇਨਾਤ ਸਨ ਤਾਂ ਉਨ੍ਹਾਂ ਨੇ ਫੌਜ ਦੇ ਅਧਿਕਾਰੀਆਂ ਕੋਲ ਇਹ ਮਾਮਲਾ ਉਠਾਇਆ ਸੀ ਪਰ ਉਹ ਟਾਲ ਗਏ ਸਨ। ਧੁਰਲ 'ਚ ਤੈਨਾਤ ਆਬਕਾਰੀ ਅਧਿਕਾਰੀ ਨਵਲ ਕੁਮਾਰ ਨੇ ਦੱਸਿਆ ਕਿ ਮਾਮਲਾ ਸਾਹਮਣੇ ਆਉਣ 'ਤੇ ਉਹ ਇਸ ਦੀ ਜਾਂਚ ਕਰਨਗੇ। ਉਨ੍ਹਾਂ ਅਨੁਸਾਰ ਕੰਟੀਨ ਦੀ ਸ਼ਰਾਬ ਨਜਾਇਜ਼ ਤਰੀਕੇ ਨਾਲ ਵੇਚਣ ਦੀ ਸੂਚਨਾ ਉਨ੍ਹਾਂ ਨੂੰ ਮਿਲੀ ਸੀ ਤੇ ਉਨ੍ਹਾਂ ਨੇ ਫੌਜੀ ਕਰਮੀਆਂ ਨੂੰ ਇਸ 'ਤੇ ਰੋਕ ਲਾਉਣ ਨੂੰ ਕਿਹਾ ਸੀ। ਇਸ ਮਾਮਲੇ ਨੂੰ ਜਾਂਚ ਅਧੀਨ ਲਿਆ ਕੇ ਦੋਸ਼ੀਆਂ 'ਤੇ ਕਾਰਵਾਈ ਹੋਣ ਨਾਲ ਭਰਿਸ਼ਟਾਚਾਰ ਨੰਗਾ ਹੋ ਜਾਣਾ ਹੈ।

# ਨਕਲੀ ਨੋਟਾਂ ਦੀ ਸੌਗਾਤ

ਥਾਰ ਐਕਸਪ੍ਰੈਸ ਦੇ ਬਿਹਤਰ ਸੰਚਾਲਨ ਲਈ ਕਹਿਣ ਨੂੰ ਤਾਂ ਇੰਟੈਲੀਜੈਂਸ ਬਿਊਰੋਂ, ਸੀ. ਆਈ. ਡੀ., ਰਾਜਸਥਾਨ ਪੁਲਿਸ, ਰੇਲਵੇ ਪੁਲਿਸ, ਆਰ. ਪੀ. ਐਫ ਵਰਗੀਆਂ ਕਈ ਏਜੰਸੀਆਂ ਕੰਮ ਕਰ ਰਹੀਆਂ ਹਨ ਪਰ ਇਨ੍ਹਾਂ ਵਿਚ ਆਪਸੀ ਤਾਲਮੇਲ ਦੀ ਘਾਟ ਸਾਫ਼ ਨਜ਼ਰ ਆਉਂਦੀ ਹੈ। ਨਕਲੀ ਨੋਟਾਂ ਦੀ ਖੇਪ ਦੇ ਇਸ ਮਾਮਲੇ ਪਿਛੋਂ ਮੰਨਿਆ ਜਾ ਰਿਹਾ ਹੈ ਕਿ ਇਹ ਰੇਲ ਵੱਡੀ ਗਿਣਤੀ ਵਿਚ ਜਾਅਲੀ ਨੋਟ ਭਾਰਤ ਪਹੁੰਚਾਉਣ ਦਾ ਜ਼ਰੀਆ ਬਣ ਚੁਕੀ ਹੈ। ਭਾਰਤ-ਪਾਕਿਸਤਾਨ ਵਿਚਕਾਰ ਚਲਣ ਵਾਲੀ ਥਾਰ ਐਕਸਪ੍ਰੈਸ ਦੀ ਸੁਰੱਖਿਆ ਸਬੰਧੀ ਸਮੀਖਿਆ ਜ਼ਰੂਰ ਕੀਤੀ ਜਾਂਦੀ ਹੈ ਪਰ ਨਤੀਜੇ ਉਮੀਦ ਅਨੁਸਾਰ ਨਹੀਂ ਨਿਕਲਦੇ।

ਥਾਰ ਐਕਸਪ੍ਰੈਸ ਦੇ ਬਿਹਤਰ ਸੰਚਾਲਨ ਲਈ ਕਹਿਣ ਨੂੰ ਤਾਂ ਇੰਟੈਲੀਜੈਂਸ ਬਿਊਰੋ, ਸੀ. ਆਈ. ਡੀ., ਰਾਜਸਥਾਨ ਪੁਲਿਸ, ਰੇਲਵੇ ਪੁਲਿਸ, ਆਰ. ਪੀ. ਐਫ਼ ਵਰਗੀਆਂ ਕਈ ਏਜੰਸੀਆਂ ਕੰਮ ਕਰ ਰਹੀਆਂ ਹਨ ਪਰ ਇਨ੍ਹਾਂ ਵਿਚ ਆਪਸੀ ਤਾਲਮੇਲ ਦੀ ਘਾਟ ਸਾਫ਼ ਨਜ਼ਰ ਆਉਂਦੀ ਹੈ। ਨਕਲੀ ਨੋਟਾਂ ਦੀ ਖੇਪ ਦੇ ਇਸ ਮਾਮਲੇ ਪਿਛੋਂ ਮੰਨਿਆ ਜਾ ਰਿਹਾ ਹੈ ਕਿ ਇਹ ਰੇਲ ਵੱਡੀ ਗਿਣਤੀ ਵਿਚ ਜਾਅਲੀ ਨੋਟ ਭਾਰਤ ਪਹੁੰਚਾਉਣ ਦਾ ਜ਼ਰੀਆ ਬਣ ਚੁਕੀ ਹੈ। ਭਾਰਤ-ਪਾਕਿਸਤਾਨ ਵਿਚਕਾਰ ਚਲਣ ਵਾਲੀ ਥਾਰ ਐਕਪ੍ਰੈਸ ਦੀ ਸੁਰੱਖਿਆ ਸਬੰਧੀ ਸਮੀਖਿਆ ਜ਼ਰੂਰ ਕੀਤੀ ਜਾਂਦੀ ਹੈ ਪਰ ਨਤੀਜੇ ਉਮੀਦ ਅਨੁਸਾਰ ਨਹੀਂ ਨਿਕਲਦੇ।

ਥਾਰ ਐਕਸਪ੍ਰੈਸ ਜਾਲੀ ਨੋਟ ਪਹੁੰਚਾਉਣਾ ਦਾ ਸਾਧਨ ਬਣ ਗਈ ਹੈ। ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਨੂੰ ਹੋਰ ਵੱਧ ਮਜ਼ਬੂਤ ਬਣਾਉਣ ਲਈ ਮੁਨਾਬਾਵ-ਖੋਖਰਾਪਾਰ ਰਸਤੇ 'ਤੇ ਚਲ ਰਹੀ ਥਾਰ ਐਕਸਪ੍ਰੈਸ ਨਾਲ ਪਾਕਿਸਤਾਨ ਤੋਂ ਨਕਲੀ ਨੋਟ ਆਉਣ ਦੀਆਂ ਘਟਨਾਵਾਂ ਚਿੰਤਾਜਨਕ ਹਨ। ਇਸ ਰੇਲ ਰਾਹੀਂ ਹੁਣ ਤੱਕ ਕਰੀਬ 55 ਲੱਖ ਰੁਪਏ ਦੇ ਜਾਅਲੀ ਨੋਟ ਬਰਾਮਦ ਕੀਤੇ ਜਾ ਚੁੱਕੇ ਹਨ। ਮੰਨਿਆ ਜਾ ਰਿਹਾ ਹੈ ਕਿ ਇਸ ਪਿਛੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ. ਐਸ. ਆਈ. ਦਾ ਹੱਥ ਹੈ। ਤਾਜ਼ਾ ਘਟਨਾ 29 ਮਾਰਚ ਦੀ ਰਾਤ ਦੀ ਹੈ। ਜਦ ਪਾਕਿ ਦੀ ਸਰਹੱਦ 'ਤੇ ਸਥਿਤ ਰਾਜਸਥਾਨ ਦੇ ਬਾਰਮੇਰ ਜ਼ਿਲ੍ਹੇ ਦੇ ਮੁਨਾਬਾਵ ਰੇਲਵੇ ਸਟੇਸ਼ਨ 'ਤੇ ਪਾਕਿਸਤਾਨੀ ਮੂਲ ਦੇ ਇਕ ਬਜ਼ੁਰਗ ਜੋੜੇ ਨੂੰ ਇਕ ਲੱਖ 85 ਹਜ਼ਾਰ ਦੇ ਨਕਲੀ ਨੋਟਾਂ ਨਾਲ ਗ੍ਰਿਫ਼ਤਾਰ ਕੀਤਾ ਗਿਆ। ਥਾਰ ਐਕਸਪ੍ਰੈਸ ਰਾਹੀਂ ਆਏ ਬਜ਼ੁਰਗਾਂ ਨਾਰੂ ਮਲ 'ਤੇ ਉਸ ਦੀ ਪਤਨੀ ਨੂਰਾਂ ਨੇ ਇਹ ਰੁਪਏ ਉਮਰਕੋਟ 'ਚ ਰੋਸ਼ਨ ਲਾਲ ਨੋਹੜੀ ਨਾਂ ਦੇ ਜ਼ਿੰਮੀਦਾਰ ਤੋਂ ਲਏ ਸਨ। ਇਸ ਬਦਲੇ ਉਨ੍ਹਾਂ ਨੇ ਉਸ ਨੂੰ 2 ਲੱਖ 30 ਹਜ਼ਾਰ ਰੁਪਏ ਪਾਕਿਸਤਾਨੀ ਕਰੰਸੀ ਦਿੱਤੀ ਸੀ। ਨਾਰੂ ਮਲ ਨੇ ਦੱਸਿਆ ਕਿ ਇਨ੍ਹਾਂ ਰੁਪਿਆਂ ਨਾਲ ਉਹ ਜੈਪੁਰ ਵਿਚ ਅਪਣੇ ਰਿਸ਼ਤੇਦਾਰ ਲਈ ਜ਼ਮੀਨ ਖ਼ਰੀਦਣਾ ਚਾਹੁੰਦੇ ਸਨ। ਉਹ ਇਥੇ ਰਹਿਣ ਲਈ 45 ਦਿਨ ਦਾ ਵੀਜ਼ਾ ਲੈ ਕੇ ਆਏ ਸਨ। ਭਾਰਤੀ ਅਧਿਕਾਰੀ ਪਾਕਿਸਤਾਨ ਤੋਂ ਨਕਲੀ ਨੋਟਾਂ ਦੇ ਭਾਰਤ ਆਉਣ ਦੀਆਂ ਘਟਨਾਵਾਂ ਨੂੰ ਪਾਕਿਸਤਾਨੀ ਖੁਫ਼ੀਆ ਏਜੰਸੀ ਦੀ ਸਾਜ਼ਿਸ਼ ਦਸਦੇ ਹਨ। ਜੈਪੁਰ ਦੇ ਕਸਟਮ ਅਧਿਕਾਰੀ ਡਾ.ਅਨੂਪ ਸਵਰੂਪ ਇਸ ਨੂੰ ਆਰਥਕਤਾ

’ਤੇ ਸਿੱਧਾ ਹਮਲਾ ਮੰਨ ਰਹੇ ਹਨ।

ਜਾਅਲੀ ਨੋਟ ਭਾਰਤ ਆਉਣ ਦਾ ਪਹਿਲੀ ਪ੍ਰਗਟਾਵਾ ਦੋ ਸਾਲ ਪਹਿਲਾਂ ਉਦੋਂ ਹੋਇਆ ਜਦ 26 ਜੁਲਾਈ 2006 ਨੂੰ ਪਾਕਿਸਤਾਨ ’ਚ ਰਹਿਣ ਵਾਲਾ ਹਿੰਦੂ ਨਾਗਰਿਕ ਟੀਕਮਦਾਸ ਸੌ ਰੁਪਏ ਦੇ ਉਨੱਤੀ ਨਕਲੀ ਨੋਟ ਲੈ ਕੇ ਇਸੇ ਰੇਲ ਰਾਹੀਂ ਜੋਧਪੁਰ ਆਇਆ ਸੀ। ਸੂਚਨਾ ਮਿਲਣ ’ਤੇ ਜੋਧਪੁਰ ਸ਼ਹਿਰ ਪੁਲਿਸ ਨੇ ਟੀਕਮਦਾਸ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਤੋਂ ਪੁਛਗਿੱਛ ਕਰਨ ’ਤੇ ਪਤਾ ਚਲਿਆ ਕਿ ਦਸ ਹਜ਼ਾਰ ਰੁਪਏ ਦੀ ਨਕਲੀ ਮੁਦਰਾ ਨਾਲ ਉਸ ਨੇ ਆਪਣੇ ਟੈਲੀਫ਼ੋਨ ਦਾ ਬਿੱਲ ਅਦਾ ਕਰ ਦਿੱਤਾ ਅਤੇ ਕਿਸੇ ਨੂੰ ਭਿਣਕ ਵੀ ਨਾ ਲੱਗੀ। ਇਸ ਦੇ ਕੁੱਝ ਹੀ ਦਿਨਾਂ ਬਾਅਦ 20 ਅਗੱਸਤ ਨੂੰ ਇਕ ਹੋਰ ਪਾਕਿ ਨਾਗਰਿਕ ਕਰਮਾ ਪ੍ਰਜਾਪਤ ਤੋਂ ਉਨਤਾਲੀ ਸੌ ਰੁਪਏ ਦੇ ਜਾਅਲੀ ਨੋਟ ਬਰਾਮਦ ਕੀਤੇ ਗਏ। ਥਾਰ ਐਕਸਪ੍ਰੈਸ ਰਾਹੀਂ ਜਾਣ ਵਾਲੇ ਜਾਅਲੀ ਨੋਟਾਂ ਦੀ ਸਭ ਤੋਂ ਵੱਡੀ ਖੇਪ ਜੂਨ 2007 ’ਚ ਬਰਾਮਦ ਹੋਈ ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪਾਕਿਸਤਾਨ ਤੋਂ ਨਕਲੀ ਨੋਟ ਦੀ ਖੇਪ ਲਿਆਉਣ ਵਾਲੇ ਇਥੋਂ ਸਾਫ਼ ਬਚ ਨਿਕਲੇ। ਨੋਟ ਲਿਆਉਣ ਵਾਲੇ ਤਿੰਨ ਲੋਕ, ਮਹੁੰਮਦ ਨਈਮ, ਮੁਹੰਮਦ ਅਸਲਿਮ ਤੇ ਵਸੀਮ ਨੂੰ ਤਾਂ ਕਈ ਦਿਨ ਬਾਅਦ 24 ਜੂਨ ਨੂੰ ਦਿੱਲੀ ਦੇ ਨਿਜ਼ਾਮੂਦੀਨ ਰੇਲਵੇ ਸਟੇਸ਼ਨ ਤੋਂ ਗਿਫ਼ਤਾਰ ਕੀਤਾ ਗਿਆ। ਇਸ ਤੋਂ ਬਾਅਦ 18 ਨਵੰਬਰ 2007 ਨੂੰ ਉਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ’ਚ ਰਹਿਣ ਵਾਲੇ ਮਾਂ ਬੇਟੇ ਪਾਕਿਸਤਾਨ ਤੋਂ ਜੱਤਿਆਂ ਦੇ ਤਲੇ ਅੰਦਰ 19 ਲੱਖ 54 ਹਜ਼ਾਰ ਦੇ ਨਕਲੀ ਨੋਟ ਮੁਨਾਬਾਵ ਸਟੇਸ਼ਨ ਤੋਂ ਪਾਰ ਕਰ ਕੇ ਜੋਧਪੁਰ ਤੱਕ ਲੈ ਆਏ ਜਦ ਕਿ ਇਸ ਸਾਲ 9 ਫ਼ਰਵਰੀ ਨੂੰ ਹੁਸੈਨ ਖ਼ਾਂ ਨਾਂ ਦੇ ਇਕ ਵਿਅਕਤੀ ਤੋਂ ਸਾਢੇ ਛੇ ਹਜ਼ਾਰ ਅਤੇ ਸ਼ਬੀਰ ਤੋਂ ਪੰਜ ਸੌ ਰੁਪਏ ਦੇ ਜਾਅਲੀ ਨੋਟ ਬਰਾਮਦ ਕੀਤੇ ਗਏ। ਇਸ ਤੋਂ ਇਲਾਵਾ ਮਾਰਚ ਦੇ ਪਹਿਲੇ ਹਫ਼ਤੇ ’ਚ ਇਕ ਭਾਰਤੀ ਨਾਗਰਿਕ ਮੇਹਰਦੀਨ ਨੂੰ ਪੰਜ ਸੌ ਰੁਪਏ ਦੇ ਨਕਲੀ ਨੋਟਾਂ ਨਾਲ ਗ੍ਰਿਫ਼ਤਾਰ ਕੀਤਾ ਗਿਆ। ਕਸਟਮ ਅਧਿਕਾਰੀ ਮੰਨਦੇ ਹਨ ਕਿ ਪਾਕਿ ਖੁਫ਼ੀਆ ਏਜੰਸੀਆਂ ਜਾਅਲੀ ਨੋਟਾਂ ਨੂੰ ਭਾਰਤ ਭੇਜਣ ਲਈ ਅਨਪੜ੍ਹ ਯਾਤਰੀਆਂ ਨੂੰ ਅਪਣਾ ਮੋਹਰਾ ਬਣਾ ਰਹੀਆਂ ਹਨ। ਨਿਯਮ ਅਨੁਸਾਰ, ਵਿਦੇਸ਼ ਤੋਂ ਆਉਣ ਵਾਲਾ ਕੋਈ ਵੀ ਨਾਗਰਿਕ ਭਾਰਤੀ ਮੁਦਰਾ ਵਜੋਂ ਸਿਰਫ਼ 5 ਹਜ਼ਾਰ ਰੁਪਏ ਹੀ ਲਿਜਾ ਸਕਦਾ ਹੈ। ਬਾਕੀ ਰਕਮ ਉਸ ਨੂੰ ਭਾਰਤੀ ਸਰਹੱਦ ’ਚ ਮੁਦਰਾ ਤਬਾਦਲੇ ਦੇ ਦਫ਼ਤਰ ’ਚ ਤਬਦੀਲੀ ਕਰਵਾਉਣੀ ਹੁੰਦੀ ਹੈ। ਪਰ ਥਾਰ ਐਕਸਪ੍ਰੈੱਸ ਦੇ ਜ਼ਿਆਦਾਤਰ ਯਾਤਰੀ ਅਨਜਾਣ ਲੋਕਾਂ ਤੋਂ ਮੁਦਰਾ ਤਬਦੀਲੀ ਕਰਵਾ ਲੈਂਦੇ ਹਨ ਜੋ ਜ਼ਿਆਦਾਤਰ ਆਈ.ਐਸ. ਆਈ. ਦੇ ਏਜੰਟ ਹੁੰਦੇ ਹਨ।

ਖ਼ੁਫ਼ੀਆ ਏਜੰਸੀਆਂ ਨੂੰ ਇਹ ਜਾਣਕਾਰੀ ਵੀ ਮਿਲੀ ਹੈ ਕਿ ਜਾਅਲੀ ਨੋਟਾਂ ਦੀ ਵਰਤੋਂ ਸਰਹੱਦੀ ਇਲਾਕੇ ਵਿਚ ਜ਼ਮੀਨ ਖ਼ਰੀਦਣ ਲਈ ਕੀਤੀ ਜਾ ਰਹੀ ਹੈ। ਪਿਛਲੇ ਦਿਨੀਂ ਜੋਧਪੁਰ ਤੋਂ ਫੜੇ ਗਏ ਇਕ ਪ੍ਰਪਾਰਟੀ ਡੀਲਰ ਰਵੀ ਮਾਲਾਮਾਨੀ ਨੇ ਵੀ ਦਸਿਆ ਸੀ ਕਿ ਕੋਈ ਉਸ ਨੂੰ 145000 ਦੇ ਜਾਅਲੀ ਨੋਟ ਦੇ ਗਿਆ ਸੀ। ਅਧਿਕਾਰਤ ਸੂਤਰ ਦਸਦੇ ਹਨ ਕਿ ਇਨ੍ਹਾਂ ਘਟਨਾਵਾਂ ਨੂੰ ਦੇਖਦੇ ਹੋਏ, ਮੁਨਬਵ ਰੇਲਵੇ ਸਟੇਸ਼ਨ ’ਤੇ ਸੁਰੱਖਿਆ ਦੇ ਨਾਂ ’ਤੇ ਥਾਰ ਐਕਸਪ੍ਰੈਸ ਦੀ ਉਘ ਸੁਘ 18 ਫਰਵਰੀ 2007 ਪਿਛੋਂ ਜਾ ਕੇ ਲੱਗੀ ਜਦ ਸਮਝੌਤਾ ਐਕਸਪ੍ਰੈਸ ’ਚ ਬੰਬ ਧਮਾਕਾ ਹੋਇਆ ਸੀ। ਥਾਰ ਐਕਸਪ੍ਰੈਸ

ਦੇ ਬਿਹਤਰ ਸੰਚਾਲਨ ਲਈ ਕਹਿਣ ਨੂੰ ਤਾਂ ਇੰਟੈਲੀਜੈਂਸ ਬਿਊਰੋਂ, ਸੀ. ਆਈ. ਡੀ., ਰਾਜਸਥਾਨ ਪੁਲਿਸ, ਰੇਲਵੇ ਪੁਲਿਸ, ਆਰ. ਪੀ. ਐਫ ਵਰਗੀਆਂ ਕਈ ਏਜੰਸੀਆਂ ਕੰਮ ਕਰ ਰਹੀਆਂ ਹਨ ਪਰ ਇਨ੍ਹਾਂ ਵਿਚ ਆਪਸੀ ਤਾਲਮੇਲ ਦੀ ਘਾਟ ਸਾਫ਼ ਨਜ਼ਰ ਆ ਆਉਂਦੀ ਹੈ। ਨਕਲੀ ਨੋਟਾ ਦੀ ਖੇਪ ਦੇ ਇਸ ਮਾਮਲੇ ਪਿਛੋਂ ਮੰਨਿਆ ਜਾ ਰਿਹਾ ਹੈ ਕਿ ਇਹ ਰੇਲ ਵੱਡੀ ਗਿਣਤੀ ਵਿਚ ਜਾਅਲੀ ਨੋਟ ਭਾਰਤ ਪਹੁੰਚਾਉਣ ਦਾ ਜ਼ਰੀਆ ਬਣ ਚੁੱਕੀ ਹੈ। ਭਾਰਤ-ਪਾਕਿਸਤਾਨ ਵਿਚ ਚੱਲਣ ਵਾਲੀ ਥਾਰ ਐਕਪ੍ਰੈਸ ਦੀ ਸੁਰੱਖਿਆ ਸਬੰਧੀ ਸਮੀਖਿਆ ਜ਼ਰੂਰ ਕੀਤੀ ਜਾਂਦੀ ਹੈ ਪਰ ਨਤੀਜੇ ਉਮੀਦ ਅਨੁਸਾਰ ਨਹੀਂ ਨਿਕਲਦੇ। ਸਮਝੌਤਾ ਐਕਸਪ੍ਰੈਸ ਦੀ ਘਟਨਾ ਅਤੇ ਨਕਲੀ ਨੋਟਾਂ ਦੇ ਆਉਣ ਦੇ ਮਾਮਲੇ ਤੋਂ ਪਹਿਲਾਂ ਮੁਨਾਬਾਵ ਤਕ ਦੌਰਾ ਕਰਨ ਪਿਛੋਂ ਸੀ. ਆਈ. ਡੀ. ਵਲੋਂ ਇਕ ਸਿਫ਼ਾਰਸ਼ਾਂ ਸਹਿਤ ਰੀਪੋਰਟ ਰਾਜ ਤੇ ਕੇਂਦਰ ਸਰਕਾਰ ਨੂੰ ਭੇਜੀ ਗਈ ਪਰ ਇਸ ’ਤੇ ਅਮਲ ਨਹੀਂ ਹੋਇਆ।

# ਓਬਾਮਾ ਦਾ ਰਾਸ਼ਟਰਪਤੀ ਬਣਨਾ

ਬਰਾਕ ਓਬਾਮਾ ਦੇ ਅਮਰੀਕਾ ਦਾ ਰਾਸ਼ਟਰਪਤੀ ਚੁਣੇ ਜਾਣ ਨਾਲ ਪੂੰਜੀਵਾਦੀ ਮੀਡੀਆ ਵਲੋਂ ਐਸਾ ਮਾਹੌਲ ਬਣਾਇਆ ਜਾ ਰਿਹਾ ਹੈ ਕਿ ਹੁਣ ਪੂਰੀ ਦੁਨੀਆ ਬਦਲਣ ਵਾਲੀ ਹੈ। ਅਮਰੀਕਾ 'ਚ ਰੰਗਭੇਦ ਦਾ ਅੰਤ ਹੋ ਜਾਵੇਗਾ ਅਤੇ ਓਬਾਮਾ ਦੀ ਅਗਵਾਈ 'ਚ ਇਕ ਨਵੀਂ ਦੁਨੀਆਂ ਕਾਇਮ ਹੋਵੇਗੀ। ਜਲਦੀ ਹੀ ਅਮਰੀਕੀ ਸੈਨਾ ਹਟ ਜਾਵੇਗੀ ਅਤੇ ਅਜਿਹੀਆਂ ਹੀ ਕਿੰਨੀਆਂ ਹੀ ਆਸਾਂ ਉਮੀਦਾਂ ਜਾਹਰ ਕੀਤੀਆਂ ਜਾ ਰਹੀਆਂ ਹਨ। ਕੀ ਇਹਨਾਂ 'ਚ ਕੋਈ ਸੱਚਾਈ ਹੈ? ਨਹੀਂ ਓਬਾਮਾ ਅਮਰੀਕੀ ਸਾਮਰਾਜ ਦਾ ਹੀ ਨਵਾਂ ਚਿਹਰਾ ਹੈ। ਓਬਾਮਾ ਇਕ ਅਜਿਹੀ ਪਲਾਸਟਿਕ ਸਰਜਰੀ ਦਾ ਨਾਂ ਹੈ ਜਿਸ ਜ਼ਰੀਏ ਅਮਰੀਕੀ ਸਾਮਰਾਜਵਾਦ ਦੇ ਕਰੂਪ ਚਿਹਰੇ ਨੂੰ ਸੁੰਦਰ ਰੂਪ 'ਚ ਬਦਲਿਆ ਜਾਵੇ। ਓਬਾਮਾ ਦੀਆਂ ਨੀਤੀਆਂ 'ਚ ਬੁਸ਼ ਦੀਆਂ ਨੀਤੀਆਂ ਤੋਂ ਕੋਈ 'ਗੁਣਾਤਮਕ ਫਰਕ' ਆਉਣ ਵਾਲਾ ਹੈ? ਨਹੀਂ ਕਿਉਂਕਿ ਆਮ ਤੌਰ 'ਤੇ ਵੀ ਅਤੇ ਖਾਸ ਤੌਰ 'ਤੇ ਵੀ ਰਾਜ ਦੀਆਂ ਨੀਤੀਆਂ ਵਿਅਕਤੀਆਂ ਦੇ ਬਦਲ ਜਾਣ ਜਾਂ ਕਿਸੇ ਦੂਜੀ ਪਾਰਟੀ ਦੇ ਹਕੂਮਤ 'ਚ ਆਉਣ ਨਾਲ ਹੀ ਨਹੀਂ ਬਦਲ ਜਾਂਦੀਆਂ, ਜੋ ਫਰਕ ਆ ਸਕਦਾ ਹੈ, ਉਹ ਨੀਤੀਆਂ ਨੂੰ ਲਾਗੂ ਕਰਨ ਦੇ ਤਰੀਕਿਆਂ ਅਤੇ ਉਹਨਾਂ ਨੀਤੀਆਂ ਨੂੰ ਨਵਾਂ ਨਾਂ ਦੇਣ ਦੇ ਰੂਪ 'ਚ ਆ ਸਕਦਾ ਹੈ। ਵਕਤ ਦੀ ਜਰੂਰਤ ਦੇ ਅਨੁਸਾਰ ਏਨਾ ਹੀ ਹੋ ਸਕਦਾ ਹੈ ਕਿ ਨਵੇਂ ਹਕੂਮਤੀ ਰਾਜ ਦੀ ਜਰੂਰਤ ਦੇ ਹਿਸਾਬ ਨਾਲ ਕੁਝ ਤਬਦੀਲੀ ਕਰੇ ਪਰ ਇਸ ਸਭ ਦੇ ਵਿਚ ਇਕ ਚੀਜ਼ ਲਗਾਤਾਰ ਕਾਇਮ ਰਹਿਣੀ ਹੈ ਕਿ ਅਮਰੀਕੀ ਸਾਮਰਾਜਵਾਦ ਦੇ ਹਿੱਤ ਕੀ ਹਨ? ਉਹ ਹਿੱਤ ਹੀ ਹਨ ਜੋ ਕਿਸੇ ਬੁਸ਼ ਜਾਂ ਓਬਾਮਾ ਨੂੰ ਰਾਹ ਦਿਖਾਉਂਦੇ ਹਨ। ਫਰਕ ਸਿਰਫ ਏਨਾ ਹੀ ਆ ਸਕਦਾ ਹੈ ਕਿ ਕਿਸੇ ਸਮੇਂ 'ਮੁਕਤ ਵਪਾਰ' ਦਾ ਨਾਹਰਾ ਲਾਉਣ ਵਾਲੇ ਹਾਕਮ ਦੀ ਥਾਂ 'ਤੇ ਅਉਣ ਵਾਲਾ ਨਵਾਂ ਹਾਕਮ ਦੇਖੇ ਕਿ ਇਹ ਨਾਹਰਾ ਵਾਜਬ ਜਾਂ ਢੁੱਕਵਾਂ ਨਹੀਂ ਹੈ। ਇਸ ਵਕਤ 'ਰਾਖਵੀਆਂ ਨੀਤੀਆਂ' ਨੂੰ ਅਪਣਾਇਆ ਜਾਵੇ। ਅਮਰੀਕਾ 'ਚ ਫਿਲਹਾਲ ਐਸਾ ਹੀ ਹੋ ਰਿਹਾ ਹੈ। ਰਿਪਬਲੀਕਨ ਪਾਰਟੀ ਅਤੇ ਓਬਾਮਾ ਦੀਆਂ ਨੀਤੀਆਂ 'ਚ ਕੁਝ ਐਸਾ ਹੀ ਫਰਕ ਵੇਖਿਆ ਜਾ ਸਕਦਾ ਹੈ। ਅਮਰੀਕਾ 'ਚ ਵਧਦੇ ਮੰਦੇ ਨੇ ਅਮਰੀਕੀ ਹਾਕਮ ਨੂੰ ਰੀਗਨ ਬੁਸ਼ ਕਾਲੀਨ ਨੀਤੀਆਂ ਨੂੰ ਬਦਲਣ ਲਈ ਮਜਬੂਰ ਕਰ ਦਿੱਤਾ ਹੈ। ਰਿਪਬਲੀਕਨ ਪਾਰਟੀ ਤੇ ਜਾਰਜ ਬੁਸ਼ ਦੀਆਂ ਨੀਤੀਆਂ ਤੋਂ ਡੈਮੋਕਰੇਟਿਕ ਪਾਰਟੀ ਤੇ ਓਬਾਮਾ ਦੀਆਂ ਨੀਤੀਆਂ 'ਚ ਕੁਝ ਹੀ ਫਰਕ ਦੇਖਣ ਨੂੰ ਮਿਲੇਗਾ। ਵਧਦੀ ਬੇਰੁਜਗਾਰੀ ਨੇ ਸਮਾਜ ਨੂੰ ਡੂੰਘੇ ਸੰਕਟ 'ਚ ਧੱਕ ਦਿੱਤਾ ਹੈ। ਦਿਵਾਲੀਆ ਹੁੰਦੇ ਬੈਂਕ ਤੇ ਨਿਵੇਸ਼ ਸੰਸਥਾਵਾਂ ਦੀ ਐਸੀ ਦੁਰਦਸ਼ਾ ਹੋਈ ਕਿ ਬੁਸ਼ ਸਰਕਾਰ ਨੂੰ ਸੱਤ ਸੌ ਅਰਬ ਡਾਲਰ ਦੀ ਤੁਰੰਤ ਸਹਾਇਤਾ ਦਾ ਐਲਾਨ ਕਰਨਾ ਪਿਆ ਅਤੇ ਕਈ ਵਿੱਤੀ ਸੰਸਥਾਵਾਂ ਨੂੰ ਅਮਰੀਕੀ ਸਰਕਾਰ ਨੇ ਜਬਤ ਕਰ ਲਿਆ ਹੈ। ਇਸ ਤਰ੍ਹਾਂ ਇਰਾਕ ਵਿੱਚ ਅਮਰੀਕੀ ਸਾਮਰਾਜਵਾਦ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਹੁਣ ਉਹ ਕਿਸੇ ਤਰ੍ਹਾਂ 'ਸਨਮਾਨਜਨਕ' ਵਾਪਸੀ ਦਾ ਰਾਹ ਲੱਭ ਰਿਹਾ ਹੈ। ਇਰਾਕ ਤੇ ਅਮਰੀਕੀ ਕਬਜ਼ੇ ਦਾ ਪੂਰੀ ਦੁਨੀਆਂ ਦੇ ਨਾਲ ਨਾਲ ਅਮਰੀਕੀ ਜਨਤਾ ਨੇ ਵੀ ਤਿੱਖਾ ਵਿਰੋਧ ਕੀਤਾ ਸੀ। ਚਾਰ ਹਜ਼ਾਰ

ਤੋਂ ਵੱਧ ਅਮਰੀਕੀ ਸੈਨਿਕ ਹੁਣ ਤਕ ਮਾਰੇ ਜਾ ਚੁੱਕੇ ਹਨ ਤੇ ਪੰਜਾਹ ਹਜ਼ਾਰ ਤੋਂ ਵੱਧ ਗੰਭੀਰ ਜਖਮੀ ਹੋਏ ਹਨ। ਅਮਰੀਕਾ ਦੀ ਬਣਾਈ ਕਠਪੁਤਲੀ ਸਰਕਾਰ ਵੀ ਆਏ ਦਿਨ ਅਜਿਹੇ ਫੈਸਲੇ ਲੈਂਦੀ ਹੈ ਜੋ ਅਮਰੀਕੀ ਹਾਕਮਾ ਤੇ ਸਨਿਕ ਕਮਾਂਡਰਾਂ ਨੂੰ ਨਹੀਂ ਸੁਖਾਂਦੀ ਹੈ।

ਅਜਿਹੇ 'ਚ ਬਰਾਕ ਓਬਾਮਾ ਅਮਰੀਕੀ ਹਿੱਤਾਂ ਦੀ ਰਾਖੀ ਕਰਦੇ ਹੋਏ ਕਿਸੇ ਤਰ੍ਹਾਂ ਨਾਲ ਅਮਰੀਕੀ ਸੈਨਾ ਨੂੰ ਵਾਪਸ ਬੁਲਾਵੇਗਾ ਵੈਸੇ ਵੀ ਇਰਾਕ 'ਤੇ ਕਬਜ਼ੇ ਦੌਰਾਨ ਸਾਥ ਦੇਣ ਵਾਲੇ ਕਈ ਦੇਸ਼ਾਂ ਨੇ ਇਰਾਕ ਤੋਂ ਆਪਣੀ ਸੈਨਾ ਨੂੰ ਵਾਪਸ ਬੁਲਾ ਲਿਆ ਹੈ। ਅਫਗਾਨਿਸਤਾਨ ਤੋਂ ਅਮਰੀਕੀ ਕਬਜ਼ੇ ਨੂੰ ਬਰਾਕ ਓਬਾਮਾ ਬਣਾਈ ਰੱਖਣਾ ਚਾਹੁੰਦਾ ਹੈ ਤਾਂ ਇਰਾਕ ਦੇ ਸ਼ਾਂਤੀਪੂਰਨ ਪ੍ਰਮਾਣੂ ਊਰਜਾ ਦੇ ਪ੍ਰੋਗਰਾਮ ਇਹ ਰੋਕਣਾ ਚਾਹੀਦਾ ਹੈ। ਇਜ਼ਰਾਇਲ-ਫਿਲਿਸਤੀਨ ਬਾਰੇ ਓਬਾਮਾ ਦੀ ਨੀਤੀ ਬੁਸ਼ ਦੇ ਐਲਾਨਾ ਅਨੁਸਾਰ ਜਾਂ ਕੋਈ ਨਵਾਂ ਮੋੜ ਗ੍ਰਹਿਣ ਕਰ ਸਕਦੀਆਂ ਹਨ? ਇਸ ਦੀ ਕੋਈ ਸੰਭਾਵਨਾ ਹੈ? ਫਿਲਸਤੀਨ ਦੇ ਇਕ 'ਸਵੈਨਿਰਭਰ ਦੇਸ਼' ਦੀ ਬੁਨਿਆਦ ਸਾਲਾਂ ਤੋਂ ਫਿਲਸਤੀਨ ਜਨਤਾ ਆਪਣੀਆਂ ਕੁਰਬਾਨੀਆਂ ਨਾਲ ਰੱਖ ਰਹੀ ਹੈ। ਉਥੋਂ ਹੀ ਇਹ ਦੇਸ਼ ਧਰਤੀ 'ਚ ਹੋਂਦ ਗ੍ਰਹਿਣ ਕਰੇਗਾ ਨਾ ਕਿ ਕਿਸੀ ਬੁਸ਼ ਜਾਂ ਓਬਾਮਾ ਦੇ ਰਹਿਮੋਕਰਮ ਨਾਲ।

ਓਬਾਮਾ ਚਾਹੁੰਦੇ ਹੋਏ ਵੀ ਸ਼ਾਂਤਾ ਕਲਾਜ ਦੀ ਭੂਮਿਕਾ ਨਹੀਂ ਨਿਭਾ ਸਕਦਾ ਹੈ। ਅਮਰੀਕਾ ਦੀ ਹਥਿਆਰ ਬਣਾਉਣ ਤੋਂ ਲੈ ਕੇ ਤੇਲ ਖੇਤਰਾਂ 'ਤੇ ਕਬਜੇ ਕਰਨ ਵਾਲੀਆਂ ਕੰਪਨੀਆਂ ਪੁਰਾਣੇ ਯੁੱਧ ਖੇਤਰਾਂ 'ਚ ਉਲਝਾਏਗੀ ਅਤੇ ਨਵੇਂ ਯੁੱਧ ਖੇਤਰਾਂ ਦਾ ਨਿਰਮਾਣ ਕਰੇਗੀ। ਰੂਸ ਤੋਂ ਲੈ ਕੇ ਫਰਾਂਸ ਤਕ ਸਾਰੀਆਂ ਸਾਮਰਾਜੀ ਸ਼ਕਤੀਆਂ ਦੇ ਆਪਸ ਅੰਤਰ ਵਿਰੋਧ ਓਬਾਮਾ ਦੇ ਆਫਿਸ 'ਚ ਮਹਾਤਮਾ ਗਾਂਧੀ ਦੀ ਫੋਟੋ ਮੰਗਣ ਨਾਲ ਹੱਲ ਨਹੀਂ ਹੋ ਸਕਦੇ ਹਨ। ਇਹ ਅੰਤਰ ਵਿਰੋਧ ਲਗਾਤਾਰ ਧਰਤੀ ਵਿੱਚ ਨਵੇਂ ਨਵੇਂ ਤਣਾਅ ਕੇਂਦਰਾਂ ਨੂੰ ਜਨਮ ਦੇਣਗੇ।

ਓਬਾਮਾ ਦੇ ਅਖੌਤੀ ਕ੍ਰਿਸ਼ਮਈ ਵਿਅਕਤੀਤਵ ਜਾਂ ਜ਼ੋਰਦਾਰ ਭਾਸ਼ਣ ਕਰਕੇ ਰਾਹੀਂ ਪੂੰਜੀਵਾਦੀ ਮੀਡੀਅਮ ਇਕ ਅਜਿਹੇ ਨਾਇਕ ਨੂੰ ਸਥਾਪਤ ਕਰਨਾ ਚਾਹੁੰਦਾ ਹੈ। ਜੋ ਉਹਨਾਂ ਦੇ ਸਮਾਜ ਨੂੰ ਗਤੀ ਤੇ ਜੀਵਨ ਪ੍ਰਦਾਨ ਕਰ ਸਕੇ। ਮਿਥਕੀ ਰੂਪ ਦੇਣ ਲਈ ਓਬਾਮਾ ਦੇ ਜੀਵਨ ਬਾਰੇ ਕਈ ਕਹਾਣੀਆਂ ਪ੍ਰਚਾਰੀਆਂ ਜਾ ਰਹੀਆਂ ਹਨ। ਅਮਰੀਕਾ ਦੇ ਇਤਿਹਾਸ 'ਚ ਕੀ ਇਹ ਪਹਿਲੀ ਵਾਰੀ ਹੋ ਰਿਹਾ ਹੈ? ਨਹੀਂ ਇਹ ਚਾਲ ਕਈ ਵਾਰ ਦੁਹਰਾਈ ਜਾ ਚੁੱਕੀ ਹੈ। ਬਿਲ ਕਲਿੰਟਨ ਜਿੰਮੀ ਕਾਰਟਰ ਵਰਗੇ ਡੈਮੋਕਰੇਟਾਂ ਤੋਂ ਲੈ ਕੇ ਰੀਗਨ ਵਰਗੇ ਰਾਪਬਲੀਕਨ ਸਮੇਤ ਕਈ ਰਾਸ਼ਟਰਪਤੀ ਐਨੇ ਹੀ ਨਜਜ਼ਾਰੇ ਵਿਖਾਉਂਦੇ ਹੋਏ ਹਾਕਮ ਬਣਦੇ ਰਹੇ ਹਨ। ਸਾਡੇ ਦੇਸ਼ 'ਚ ਕੀ 'ਰਾਜੀਵ ਗਾਂਧੀ' ਵੀ. ਪੀ. ਸਿੰਘ, ਅਟਲਬਿਹਾਰੀ ਵਾਜਪਾਈ ਨੂੰ ਮੀਡੀਆ ਨੇ ਭਾਰਤੀ ਪੂੰਜੀਵਾਦ ਦੇ ਨਵੇਂ ਤਾਰਣਹਰਾਂ ਵਜੋਂ ਪੇਸ਼ ਨਹੀਂ ਕੀਤਾ ਸੀ। ਐਮਰਜੰਸੀ ਪਿਛੋਂ ਸੱਤਾ 'ਚ ਆਈ ਜਨਤਾ ਪਾਰਟੀ ਨੂੰ ਇਸ ਰੂਪ 'ਚ ਨਹੀਂ ਪੇਸ਼ ਕੀਤਾ ਗਿਆ ਸੀ ਕਿ ਇਹ ਕਾਂਗਰਸ ਨੂੰ ਮਾੜੀ ਹਕੂਮਤ ਤੋਂ ਭਾਰਤੀ ਸਮਾਜ ਨੂੰ ਮੁਕਤ ਕਰਕੇ ਕਿਸੇ ਨਵੀਂ ਸਥਿਤੀ ਵੱਲ ਲੈ ਜਾਵੇਗੀ। ਦੁਨੀਆ ਜਾਂ ਅਮਰੀਕਾ ਦਾ ਕਾਇਆ ਕਲਪ ਡੈਮੋਕਰੇਟਿਕ ਧਿਰਾਂ ਨਹੀਂ ਕਰ ਸਕਦੀਆਂ ਹਨ। ਇਹ ਕੰਮ ਸਿਰਫ ਤੇ ਸਿਰਫ ਮੇਹਨਤਕਸ਼ ਲੋਕ ਹੀ ਕਰ ਸਕਦੇ ਹਨ। ਐਸੀ ਜਨਤਾ

ਪੂੰਜੀਵਾਦ ਤੇ ਸਾਮਰਾਜਵਾਦ ਦੀ ਕਬਰ ਖੋਦ ਸਕਦੀ ਹੈ। ਓਬਾਮਾ ਇਕ ਐਸੀ ਪਾਰਟੀ ਦਾ ਨੇਤਾ ਹੈ ਜੋ ਰਿਪਬਲੀਕਨ ਪਾਰਟੀ ਤੋਂ ਕਿਸੇ ਵੀ ਮਾਮਲ 'ਚ ਘੱਟ ਸਾਮਰਾਜੀ ਨੀਤੀਆਂ ਦੀ ਹਮਾਇਤੀ ਨਹੀਂ ਹੈ। ਕਲਿੰਟਨ ਦੇ ਸਮੇਂ ਨੂੰ ਯਾਦ ਕਰਨਾ ਕਾਫੀ ਹੋਵੇਗਾ। ਇਰਾਕ 'ਚ ਕਲਿੰਟਨ ਦੇ ਕਾਲ 'ਚ ਵੀ ਭਾਰਤੀ ਬੰਬਾਰੀ ਕੀਤੀ ਗਈ ਸੀ ਜਿਸ 'ਚ ਸੈਂਕੜੇ ਨਾਗਰਿਕ ਮਾਰੇ ਗਏ ਸਨ। ਯੂਗੋਸਲਾਵੀਆ ਦੇ ਟੁੱਟ ਜਾਣ 'ਚ ਨਿਭਾਈ ਭੂਮਿਕਾ ਦਾ ਜ਼ਿਕਰ ਕਰਨਾ ਕਾਫੀ ਹੋਵੇਗਾ।

# ਸਾਮਰਾਜੀ ਪ੍ਰਬੰਧ ਦਾ ਸੰਕਟ

ਅੱਜ ਵਿਸ਼ਵੀ ਅਰਥਚਾਰਾ ਗੰਭੀਰ ਸੰਕਟ 'ਚੋਂ ਲੰਘ ਰਿਹਾ ਹੈ। ਸਭ ਇਹ ਮੰਨ ਰਹੇ ਹਨ ਕਿ ਇਹ 1930 ਦੇ ਦਹਾਕੇ ਦੀ ਮੰਦੀ ਪਿਛੋਂ ਇਹ ਅੱਜ ਤਕ ਦਾ ਸਭ ਤੋਂ ਗੰਭੀਰ ਸੰਕਟ ਹੈ। ਦੂਜੇ ਪਾਸੇ ਵਿਤੀ ਤੰਤਰ ਦੀ ਪ੍ਰਜੀਵਤਾ, ਸਮਾਜਿਕ ਸੜਿਆਂਦ ਅਤੇ ਅਪਰਾਧਿਕ ਕਿਰਦਾਰ ਪੂਰੀ ਤਰ੍ਹਾਂ ਉਜਾਗਰ ਹੋ ਗਿਆ ਹੈ। ਇਹ ਲੱਛਣ ਉਸ ਬੁਰਜੂਆ ਨਿੱਜੀ ਪੂੰਜੀਵਾਦੀ ਖੋਹ ਖਿੰਝ ਦਾ ਸਿੱਟਾ ਹੈ ਜਿਸ ਦੀ ਇਤਿਹਾਸ 'ਚ ਕੋਈ ਦੂਜੀ ਮਿਸਾਲ ਨਹੀਂ ਮਿਲਦੀ ਹੈ। ਅਜਿਹੇ ਸਮੇਂ 'ਚ ਵੱਖ-ਵੱਖ ਸਾਮਰਾਜੀ ਸ਼ਕਤੀਆਂ ਵਲੋਂ ਆਪਣੇ ਵੱਡੇ ਬੈਂਕਾਂ ਤੇ ਵਿਤੀ ਸੰਸਥਾਵਾਂ ਜਮਾਨਤ ਦੇ ਕੇ ਸੰਕਟ ਤੋਂ ਬਿਹਾਰ ਲਿਆਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸ ਦੇ ਲਈ ਉਹ ਨਵੀਂ-ਕੀਂਸਵਾਦੀ ਆਰਥਿਕ ਨੀਤੀਆਂ ਦਾ ਸਹਾਰਾ ਲੈ ਰਹੀਆਂ ਹਨ। ਯਾਨੀ ਕਿ ਮੌਜੂਦਾ ਸੰਕਟ ਨੇ ਕੌਮਾਂਤਰੀ ਪੱਧਰ 'ਤੇ ਨਵ-ਉਦਾਰਵਾਦੀਆਂ ਨੀਤੀਆਂ ਦੀ ਵਾਜਬੀਅਤ ਨੂੰ ਭਾਰੀ ਧੱਕਾ ਪਹੁੰਚਇਆ ਹੈ। ਪੂਰੀ ਦੁਨੀਆਂ ਦੀ ਹਾਕਮ ਜਮਾਤ ਜੋ ਹੁਣ ਤਕ ਮੁਕਤ ਬਾਜ਼ਾਰ ਨਿੱਜੀ ਉਦਮ ਤੇ ਵਿਅਕਤੀਗਤ ਆਤਮ ਨਿਰਭਰਤਾ ਦੇ ਉਪਦੇਸ਼ ਦਿੰਦਿਆਂ ਥਕਦੇ ਨਹੀਂ ਸਨ ਅੱਜ ਅਰਥਚਾਰੇ 'ਚ ਰਾਜ ਦੇ ਦਖਲ ਤੇ ਬਾਜ਼ਾਰ ਨੂੰ ਨਿਯਮਤ ਕੰਟਰੋਲ ਕਰਨ ਦੀ ਗੁਣਗਾਣ ਕਰਨ ਲੱਗੇ ਹਨ। ਅਸਲ ਵਿੱਚ ਜਿਵੇਂ ਕਿ ਪਹਿਲਾਂ ਹੀ ਸਪੱਸ਼ਟ ਹੋ ਚੁੱਕਿਆ ਹੈ ਕਿ ਇਹ ਸੰਕਟ ਵਿਤੀ ਕੁਲੀਨਤੰਤਰ ਦੇ ਟੀਸੇ 'ਤੇ ਬੈਠੇ ਲੋਕਾਂ ਵਲੋਂ ਜਾਇਦਾਦ ਦੇ ਸੱਟੇ ਦੇ ਇਕ ਖਾਸ ਰੂਪ ਨਾਲ ਪੈਦਾ ਹੋਇਆ ਹੈ। ਇਸ ਵਿਚ ਜਾਇਦਾਦ ਦਾ ਕੰਮ ਕਰੀਬ ਕਰੀਬ ਪੂਰੀ ਤਰ੍ਹਾਂ ਅਸਲੀ ਮੁੱਲ ਦੇ ਉਤਪਾਦਨ ਦੇ ਅਮਲ ਤੋਂ ਅਲੱਗ ਹੋ ਚੁੱਕਿਆ ਹੈ। ਲੈਨਿਨ ਨੇ 'ਸਾਮਰਾਜਵਾਦ ਪੂੰਜੀਵਾਦ ਦੀ ਸਰਬ ਉਚਤਮ ਵਿਵਸਥਾ' ਨਾਂ ਦੀ ਰਚਨਾ 'ਚ 1916 'ਚ ਇਸ ਨੂੰ ਮਰਨਕੰਢੇ ਪੂੰਜੀਵਾਦ ਦੀ ਇਕ ਲਾਜਮੀ ਵਿਸ਼ੇਸ਼ਤਾ ਵਜੋਂ ਪ੍ਰਭਾਸ਼ਿਤ ਕੀਤਾ ਹੈ। ਸੁਭਾਵਿਕ ਤੌਰ 'ਤੇ ਅੱਜ ਸਾਮਰਾਜੀ ਪੂੰਜੀਪਤੀਆਂ ਦੀ ਇਹ ਪ੍ਰਜੀਵਤਾ ਬਹੁਤ ਵੱਡੇ ਪੈਮਾਨੇ 'ਤੇ ਵਧ ਗਈ ਹੈ। ਲੈਨਿਨ ਦੇ ਜਮਾਨੇ ਦੇ ਮੁਕਾਬਲਤਨ ਕਈ ਗੁਣਾ ਜ਼ਿਆਦਾ ਹੋ ਗਈ ਹੈ। ਇਸ ਦੇ ਨਾਲ ਨਾਲ ਵਧੀ ਹੈ। ਵਿਤੀ ਸੱਟੇਬਾਜੀ ਰੁਝਾਣ ਉਦਯੋਗ ਦੇ ਇੱਕ ਵੱਡੇ ਹਿੱਸੇ ਦਾ ਖਾਤਮਾ ਅਤੇ ਉਸਾਰੀ ਦੀ ਦੁਨੀਆਂ ਦੇ ਐਸੇ ਖਿੱਤਿਆਂ ਵਿੱਚ ਸਮਾਨਾਂਤਰ ਜਿਥੇ ਸਸਤੀ ਮਜਦੂਰੀ ਮਿਲਦੀ ਹੈ। ਸਾਮਰਾਜੀ ਅਰਥਚਾਰੇ ਦੇ ਪੈਦਾਵਾਰੀ ਅਧਾਰ 'ਚ ਇਹ ਪਤਨ ਵਿਸ਼ਵੀ ਸੰਕਟ ਦਾ ਸਭ ਤੋਂ ਤਿੱਖਾ ਰੂਪ ਹੈ। ਪਰ ਨਵ-ਕੀਂਸਵਾਦੀ ਜੋ ਜਾਇਦਾਦ ਦੇ ਨਿੱਜੀ ਕਬਜੇ ਦੇ ਕੱਟੜ ਸਮਰਥਕ ਹਨ, ਉਹਨਾਂ ਪਾਸ ਇਸ ਦਾ ਕੋਈ ਹੱਲ ਨਹੀਂ ਹੈ। ਤੱਥ ਇਹ ਹੈ ਕਿ ਦੂਜੀ ਸੰਸਾਰ ਜੰਗ ਲਈ ਯੁੱਧ ਸਮਗਰੀ ਦੇ ਉਤਪਾਦਨ ਤੋਂ ਅਰਥਚਾਰੇ 'ਚ ਪੈਦਾ ਹੋਈ ਉਤੇਜਨਾ ਕਾਰਨ ਅਮਰੀਕਾ 'ਚ ਕੀਨਸਵਾਦ ਦਾ ਤਜਰਬਾ ਸੰਭਵ ਹੋ ਸਕਿਆ ਸੀ। ਇਸ ਜੰਗ ਦੌਰਾਨ ਅਮਰੀਕਾ ਨੇ ਅਪਾਣੀ ਆਧੁਨਿਕ ਉਤਪਾਦਨ ਪ੍ਰਣਾਲੀ ਦੀ ਉਚਤਾ ਦਾ ਇਜ਼ਹਾਰ ਕੀਤਾ ਸੀ ਅਤੇ ਟੈਂਕਾਂ ਜੰਗੀ ਜਹਾਜਾਂ ਬੁਲੇਟ ਦੀ ਉਸਾਰੀ ਤੇ ਆਪਣੇ ਸੈਨਿਕਾਂ ਨੂੰ ਸਾਜੋ ਸਮਾਨ ਨਾਲ ਲੈਸ ਕਰਨ ਸਬੰਧੀ ਉਹ ਜਰਮਨੀ ਤੇ ਜਪਾਨ ਕਿਤੇ ਅੱਗੇ ਰਿਹਾ ਸੀ। ਜੰਗ ਦੇ ਖਾਤਮੇ ਪਿਛੋਂ ਅਮਰੀਕੀ ਸਾਮਰਾਜ

ਦਾ ਸਰਭਉੱਚ ਸ਼ਕਤੀ ਸਥਾਪਤ ਹੋਈ ਸੀ ਅਤੇ ਇਸ ਦੇ ਮੂਲ ’ਚ ਸੀ ਉਸ ਦਾ ਜੰਗ ਮੁਖੀ ਉਤਪਾਦਨ ਤੇ ਨਾਲ ਹੀ ਉਸ ਦੀ ਫੌਜੀ ਉਚਤਾ। ਦੂਜੀ ਸੰਸਾਰ ਜੰਗ ਪਿਛੋਂ ਦੇ ਸਮੇਂ ਦੌਰਾਨ ਦੁਨੀਆਂ ’ਚ ਵਿਕਣ ਵਾਲੀਆਂ ਹਰੇਕ ਪੰਜ ਕਾਰਾਂ ਪਿੱਛੇ ਚਾਰ ਅਮਰੀਕਾ ’ਚ ਬਣਦੀਆਂ ਹਨ।

ਅਮਰੀਕਾ ਜਿਥੇ ਦੁਨੀਆਂ ਦੀ ਕੁਲ ਆਬਾਦੀ ਦਾ ਸਿਰਫ 6 ਫੀਸਦੀ ਆਬਾਦੀ ਰਹਿੰਦੀ ਹੈ, ਉਥੇ ਦੁਨੀਆਂ ਦੀਆਂ 50 ਫੀਸਦੀ ਵਸਤਾਂ ਦੀ ਪੈਦਾਵਾਰ ਤੇ ਖਪਤ ਕੀਤੀ ਜਾਂਦੀ ਸੀ। ਉਸ ਦਾ ਸੋਨੇ ਦਾ ਭੰਡਾਰ ਦੁਨੀਆਂ ਦੇ ਕੁਲ ਸੋਨੇ ਦੇ ਭੰਡਾਰ ਦਾ 70 ਫੀਸਦੀ ਸੀ। ਸਾਲ 1940 ’ਚ ਅਮਰੀਕਾ ਦੀ ਸਕਲ ਘਰੇਲੂ ਪੈਦਾਵਾਰ 100 ਬਿਲੀਅਨ ਡਾਲਰ ਸੀ ਜੋ 1950 ’ਚ 300 ਬਿਲੀਅਨ ਅਤੇ 1960 ਵਿੱਚ 500 ਬਿਲੀਅਨ ਡਾਲਰ ਹੋ ਗਿਆ ਸੀ। ਯਾਨੀ ਕਿ ਦੋ ਦਹਾਕਿਆਂ ਦਰਮਿਆਨ ਪੰਜ ਗੁਣਾ ਵਾਧਾ ਹੋਇਆ ਸੀ। ਅੱਜ ਪਤਨਸ਼ੀਲ ਅਮਰੀਕੀ ਅਰਥਚਾਰਾ ਇਹਨਾਂ ਸਾਰੇ ਫਾਇਦਿਆਂ ਤੋਂ ਵਾਂਝਾ ਹੈ ਤੇ ਇਸ ਲਈ ਕੀਨਸਵਾਦੀ ਦਵਾਈਆਂ ਦੀ ਨਵੇਂ ਸਿਰੇ ਤੋਂ ਵਰਤੋਂ ਕਰਨ ’ਚ ਅਸਮਰਥ ਹੈ।

ਸਭ ਥਾਵਾਂ ’ਤੇ ਅਮਰੀਕੀ ਕਰਜੇ ਵਿੱਚ ਵਾਧਾ ਤੇ ਚਾਲਨ ਦੇ ਪ੍ਰਚਲਨ ਨਾਲ ਵਿਤੀ ਪੂੰਜੀ ’ਚ ਜੋ ਬੇਲਗਾਮ ਵਿਸਥਾਰ ਹੋਇਆ ਸੀ। ਕੀਂਸਵਾਦੀ ਨੁਕਸੇ ਨਿਸ਼ਚਤ ਤੌਰ ’ਤੇ ਉਸ ’ਤੇ ਅਧਾਰਤ ਸਨ। ਇਸ ਦੀ ਵਜਾਹ ਕਾਰਨ ਸਿੱਕੇ ਦੇ ਫੈਲਾਅ ’ਚ ਬੇਥਾਅ ਵਾਧਾ ਹੋਇਆ। ਸਿੱਟੇ ਵਜੋਂ ‘ਸਿੱਕੇ ਦੇ ਫੈਲਾਅ’ (ਪੈਦਾਵਾਰ ’ਚ ਸਥਿਰਤਾ ਤੇ ਸਿੱਕੇ ਦਾ ਫੈਲਾਅ) ਦੇ ਦਬਾਅ ’ਚ 1970 ਦੇ ਦਹਾਕੇ ’ਚ ਕੀਂਸਵਾਦੀ ਘਾਟੇ ਦੇ ਨਾਲ ਖਰਚ ਦੀਆਂ ਨੀਤੀਆਂ ਨੇ ਦਮ ਤੋੜ ਦਿੱਤਾ। ਇਹ ਇਸ ਗੱਲ ਦੀ ਹਰੀ ਝੰਡੀ ਸੀ ਕਿ ਅਮਰੀਕੀ ਵਿਤੀ ਪੂੰਜੀਪਤੀਆਂ ਨੇ ਅਮਰੀਕਾ ਦੀ ਮਜ਼ਦੂਰ ਜਮਾਤ ਤੇ ਦੁਨੀਆਂ ਦੀ ਲੁੱਟੀ ਜਾਂਦੀ ਜਨਤਾ ’ਤੇ ਹਮਲਾ ਕਰਕੇ ਆਪਣੀ ਜਾਇਦਾਦ ਤੇ ਕੌਮਾਂਤਰੀ ਸਥਿਤੀ ਦੀ ਰਾਖੀ ਕਰਨ ਦਾ ਫੈਸਲਾ ਲੈ ਲਿਆ ਸੀ। ਇਹ ਦੁਨੀਆਂ ਦੇ ਪੱਧਰ ’ਤੇ ਸਮਾਜਵਾਦ ਤੇ ਕੌਮੀ ਮੁਕਤੀ ਅੰਦੋਲਨਾ ਦੇ ਉਭਾਰ ਦੀ ਪਿੱਠ ਭੂਮੀ ਵਿੱਚ ਰੁਜ ਵੇਲਟ ਵਲੋਂ ‘ਨਿਊ ਡੀਲ’ ਦੇ ਤਹਿਤ ਸ਼ੁਰੂ ਕੀਤੇ ਗਏ ਮਜ਼ਦੂਰਾਂ ਦੇ ਨਾਲ ‘ਅਸਥਾਈ ਸਮਝੌਤੇ’ ਦੇ ਅੰਤ ਦਾ ਸੰਕੇਤ ਸੀ।

ਇਸ ਪਿਛੋਂ ਥੈਚਰਵਾਦ ਤੇ ਰੀਗਨਵਾਦ ਦਾ ਦੌਰ ਆਇਆ। ਉਹਨਾਂ ਦਾ ਮੁੱਖ ਮਕਸਦ ਸੀ ਮਜ਼ਦੂਰ ਜਮਾਤ ਵੱਲੋਂ ਪਿਛਲੇ 40 ਸਾਲਾਂ ’ਚ ਹਾਸਲ ਆਰਥਿਕ ਤੇ ਰਾਜਸੀ ਪ੍ਰਾਪਤੀਆਂ ਨੂੰ ਵਾਪਸ ਖੋਹ ਲਿਆ। ਇਸ ਮਕਸਦ ਨੂੰ ਹਾਸਲ ਕਰਨ ਲਈ ਉਹਨਾਂ ਅਮਰੀਕੀ ਉਦਯੋਗ ਨੂੰ ਬੰਦ ਕਰ ਦਿੱਤਾ ਗਿਆ। ਜਿਥੇ ਮੁਨਾਫੇ ਦੀ ਦਰ ਜ਼ਿਆਦਾ ਨਹੀਂ ਰਹਿ ਗਈ ਸੀ ਅਤੇ ਵੱਡੇ ਪੈਮਾਨੇ ਦੀ ਬੇਰੁਜ਼ਗਾਰੀ ਦੀ ਵਲੋਂ ਯੂਨੀਅਨਾ ’ਤੇ ਹਮਲਾ ਕਰਨ ਤੇ ਮਜ਼ਦੂਰ ਵਰਗ ਦੇ ਵਿਰੋਧ ਨੂੰ ਤੋੜਨ ਲਈ ਕੀਤਾ ਗਿਆ। ਇਹ ਅਮਰੀਕਾ ਦਾ ਅਖੌਤੀ ‘ਵਿ ਉਦਯੋਗੀਕਰਨ ਅਮਰੀਕੀ ਪੂੰਜੀ ਦੇ ਨਿਵੇਸ਼ ਦੇ ਉਤਪਾਦਨ ਰੂਪਾਂ ਨਾਲੋਂ ਫੈਸਲਾਕੁੰਨ ਸਬੰਧ ਤੋੜ ਕੇ ਜਾਇਦਾਦ ਢਾਂਚੇ ਦੇ ਸ਼ੁਧ ਸੱਟਾ। ਸਵਰੂਪ ਗ੍ਰਹਿਣ ਕਰ ਲੈਣ ਦਾ ਸੂਚਕ ਸੀ। ਇਥੇ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਪਹਿਲੀ ਸੰਸਾਰ ਜੰਗ ਪਿੱਛੋਂ ਪੂੰਜੀਪਤੀ ਜਮਾਤ ਨੇ ਅਮਰੀਕੀ ਮਜ਼ਦੂਰ ਜਮਾਤ ’ਤੇ ਹਮਲਾ ਸ਼ੁਰੂ ਕਰ ਦਿੱਤਾ ਸੀ ਅਤੇ ਜਿਸ ਦਾ ਅੰਤ ਮਹਾਂਮੰਦੀ ਦੇ ਪਹਿਲੇ ਸਾਲ ਵਿੱਚ ਹੋਇਆ ਸੀ।

ਇਹ ਅਮਰੀਕੀ ਪੂੰਜੀਵਾਦ ਦੇ ਚੜ੍ਹਦੇ ਸਿਤਾਰੇ ਦਾ ਸਮਾਂ ਸੀ। ਅਮਰੀਕਾ ਉਦਯੋਗਾਂ ਦੀ ਅਵਨੀਤੀ ਤੇਜ ਹੋਣ ਦੀ ਪਿੱਠਭੂਮੀ ਵਿੱਚ ਮਜ਼ਦੂਰ ਵਰਗ 'ਤੇ ਹਮਲਾ ਹੋਇਆ। ਇਸ ਦੌਰ 'ਚ ਅਮਰੀਕਾ ਦੇ ਉਦਯੋਗਿਕ ਅਧਾਰ ਦੀ ਨਾਜ਼ੁਕ ਪ੍ਰਤਿਸ਼ਠਾ ਦੇ ਉਲਟ ਰੂਪ ਅਖਤਿਆਰ ਕਰ ਲਿਆ ਸੀ। ਇਸ ਦੌਰਾਨ, 'ਉਤਰ-ਉਦਯੋਗਿਕ ਸਮਾਜ' ਦੇ ਉਦਭਾਵ ਦੀ ਪ੍ਰਸ਼ੰਸ਼ਾ 'ਚ ਮਗਨ ਮੀਡੀਆ ਅਤੇ ਅਖੌਤੀ ਵਿਦਵਾਨਾ ਨੇ ਨਵ-ਅਨੁਰਾਦ ਨੀਤੀਆਂ ਨੂੰ ਵੈਧਤਾ ਮੁਹੱਈਆ ਕਰ ਦਿੱਤੀ ਸੀ। ਅਸਲ 'ਚ 1980 ਦੇ ਦਹਾਕੇ ਵਿੱਚ ਅਮਰੀਕੀ ਸਾਮਰਾਜ ਦੀ ਨੀਂਹ ਵਿੱਚ ਵਿਨਾਸਕਾਰੀ ਖੋਖਲਾਪਣ ਆ ਚੁਕਿਆ ਸੀ 1981 ਤੋਂ 1986 ਦੇ ਮੱਧ ਵਿਸ਼ਵੀ ਬਰਾਮਦ 'ਚ ਅਮਰੀਕੀ ਹਿੱਸੇਦਾਰੀ 'ਚ 20 ਫੀਸਦੀ ਤੋਂ ਵੱਧ ਦੀ ਗਿਰਾਵਟ ਆਈ ਅਤੇ ਇਹ 13.8 ਫੀਸਦੀ ਰਹਿ ਗਈ। ਸਾਲ 1973 ਤੋਂ 1983 ਦੇ ਮੱਧ ਤੱਕ ਅਮਰੀਕੀ ਇਸਪਾਤ ਉਤਪਾਦਨ 'ਚ 44 ਫੀਸਦੀ ਦੀ ਗਿਰਾਵਟ ਆਈ। ਰੀਗਨ ਪ੍ਰਸ਼ਾਸ਼ਨ ਦੇ ਮਤਾ-ਹਿਤ ਰਾਸ਼ਟਰੀ ਕਰਜ਼ਾ ਦੁੱਗਣੇ ਤੋਂ ਵੱਧ ਹੋ ਗਿਆ। ਸੰਖੇਪ ਵਿਚ ਕਿਹਾ ਜਾਏ ਤਾਂ ਸਾਮਰਾਜੀ ਵਿਸ਼ਵੀ ਅਰਥਚਾਰੇ ਦਾ ਬੇਲਗਾਮ ਵਿਤੀਕਰਣ ਉਸ ਸਮੇਂ ਤੋਂ ਆਰੰਭ ਹੋਇਆ। ਉਦਯੋਗਿਕ ਜਗਤ 'ਚ ਕਟੌਤੀ ਦੀਆਂ ਲਹਿਰਾਂ ਵਿਚਕਾਰ ਆਰਥਿਕ ਜੀਵਨ 'ਚ ਵਿਤੀ ਸੱਟੇਬਾਜੀ ਨੇ ਜ਼ਿਆਦਾ ਵੱਡੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਅਤੇ ਇਸ ਨੇ ਇਕ ਨਵਾਂ ਤੇ ਜ਼ਿਆਦਾ ਪ੍ਰਜੀਵੀ ਕਿਰਦਾਰ ਅਖਤਿਆਰ ਕਰ ਲਿਆ। ਸੱਟੇ ਦਾ ਇਕ ਬੁਲਬੁਲਾ ਫੁੱਟਦਾ ਸੀ ਤਾਂ ਦੂਜਾ ਫੁਲਦਾ ਸੀ। ਪੂਰਵੀ ਏਸ਼ੀਆ ਦੇ ਅਰਥਚਾਰੇ ਦੇ ਢਹਿਣ ਪਿੱਛੋਂ ਡਾਟ ਕਾਮ ਦਾ ਬੁਲਬੁਲਾ ਫੁਲਦਾ ਫੱਟਦਾ ਰਿਹਾ। ਇਸ ਤੋਂ ਤੁਰੰਤ ਬਾਅਦ ਸਬ-ਪ੍ਰਾਈਮ ਗਹਿਣਾ (ਮਕਾਨ ਆਦਿ ਲਈ ਗਹਿਣੇ ਰੱਖ ਕੇ ਕਰਜੇ ਦੇ ਕਾਰੋਬਾਰ) ਦਾ ਬੁਲਬੁਲਾ ਫੁਲਿਆ। ਬੰਧਕ ਰੱਖ ਕੇ ਕਰਜ਼ ਅਮਰੀਕੀ ਬੈਂਕਿੰਗ ਦਾ ਨਵਾਂ ਮਾਡਲ ਬਣ ਗਿਆ। ਇਹ ਇਸ ਸੋਚ 'ਤੇ ਅਧਾਰਤ ਸੀ ਕਿ ਕਰਜੇ 'ਚ ਨਿਰੰਤਰ ਵਾਧਾ ਜੋਖਿਮ ਭਰਿਆ ਤੇ ਵੱਧ ਫਾਇਦੇਮੰਦ ਨਿਵੇਸ਼ ਦੇ ਵਿਸਥਾਰ ਦੀ ਕੋਈ ਸੀਮਾ ਨਹੀਂ ਹੋਵੇਗੀ। ਕਿਉਂਕਿ ਇਹ ਬੈਂਕ ਬਹੁਤੇ ਕਰਜ਼ੇ ਨੂੰ ਦੁਨੀਆਂ ਦੇ ਹੋਰਾਂ ਨਿਵੇਸ਼ਕਾਂ 'ਤੇ ਪਾ ਸਕਣਗੇ। ਆਰਥਿਕ ਪ੍ਰਜੀਵਤਾ 'ਚ ਭਾਰੀ ਵਿਸਥਾਰ ਤੇ ਸਮਾਜ ਦੀ ਚੋਟੀ ਤੇ ਬੈਠੇ ਮੁੱਠੀ ਭਰ ਲੋਕਾਂ ਦੇ ਹੱਥਾਂ 'ਚ ਜਾਇਦਾਦ ਦਾ ਪਹਿਲਾਂ ਤੋਂ ਕਿਤੇ ਵੱਧ ਕੇਂਦਰੀਕਰਨ ਦਰਮਿਆਨ ਇਕ ਜੈਵਿਕ ਰਿਸ਼ਤਾ ਹੈ। ਬੇਲਗਾਮ ਸੱਟੇਬਾਜ਼ੀ ਤੇ ਰਾਜਸੀ ਪ੍ਰਤੀਕ੍ਰਿਆ ਦੇ ਇਸ ਵਾਤਾਵਰਣ ਵਿਚ ਚੀਫ ਐਗਜ਼ੀਕੁਟਿਵ ਆਫੀਸਰ (CEO) ਦੀਆਂ ਤਨਖਾਹਾਂ ਛਾਲਾਂ ਮਾਰ ਕੇ ਵਧੀਆਂ। ਸਮਾਜਕ ਜਾਇਦਾਦ ਦਾ ਪਹਿਲਾਂ ਤੋਂ ਵੱਧ ਹਿੱਸਾ ਮਜ਼ਦੂਰ ਜਮਾਤ ਤੋਂ ਖੋਹ ਕੇ ਅਮੀਰਾਂ ਨੂੰ ਦੇ ਦਿੱਤਾ ਗਿਆ। ਟ੍ਰੇਡਯਨੀਅਨਾਂ ਦੀ ਤਾਕਤ ਵਿਰੁੱਧ ਦੇ ਸਾਧਨ ਤੋਂ ਵਾਂਝਾ ਕਰ ਦਿੱਤਾ। ਲੋਕਾਂ ਦੀ ਕਾਰਜ ਸ਼ਕਤੀ ਬੇਹੱਦ ਹੇਠਲੇ ਪੱਧਰ 'ਤੇ ਪਹੁੰਚ ਗਈ। ਇਸ ਸਮੁੱਚੀ ਪਿੱਠਭੂਮੀ 'ਚ ਮੌਜੂਦਾ ਸੰਕਟ ਨੇ ਜਨਮ ਲਿਆ ਹੈ। ਇਸ ਪ੍ਰਸੰਗ 'ਚ ਸੁਧਾਰਵਾਦੀ ਤੇ ਨਵਕੀਂਸਵਾਦੀ ਦੋਨੋਂ ਕਿਸਮਾਂ ਨੇ ਹਾਕਮ ਜਮਾਤ ਦੀ ਇਹ ਉਮੀਦ ਕਿ ਕੀਂਸਵਾਦ ਦੀ ਇਕ ਹੋਰ ਖੁਰਾਕ ਤੇ ਨਿਯਮਤ ਪੂੰਜੀਵਾਦ ਅਫਰਾ-ਤਫਰੀ ਨੂੰ ਖ਼ਤਮ ਕਰ ਸਕਦੀ ਹੈ ਤੇ ਵਿਵਸਥਾ ਨੂੰ ਸਥਾਈ ਬਣਾ ਸਕਦੀ ਹੈ ਸਿਰਫ਼ ਇਕ ਸੁਪਨਾ ਹੈ। ਮੌਜੂਦਾ ਸੰਕਟ ਦਾ ਮੂਲ ਕਾਰਨ ਸਾਮਰਾਜਵਾਦ 'ਚ ਸਮੋਏ ਅੰਤਰ ਵਿਰੋਧ ਹਨ। ਯਾਨੀ ਕਿ ਪੈਦਾਵਾਰ ਦੇ ਸਮਾਜਕ ਰੂਪ ਤੇ ਨਿਜੀ ਮਾਲਕੀ 'ਚ ਅੰਤਰ ਵਿਰੋਧ ਹੈ ਜਿਸ ਨੇ

ਅੱਜ ਬੇਹੱਦ ਤਿੱਖਾ ਰੂਪ ਲੈ ਲਿਆ ਹੈ। ਇਸ ਨੂੰ ਕੀਂਸਵਾਦ (ਅਰਥਚਾਰੇ 'ਚ ਰਾਜਸੀ ਦਖ਼ਲ ਅੰਦਾਜ਼ੀ) ਦੀ ਕਿੰਨੀ ਵੀ ਖ਼ੁਰਾਜ ਕਿਉਂ ਨਾ ਦਿੱਤੀ ਜਾਵੇ ਜਾਂ ਕਿੰਨਾ ਵੀ ਰਾਜਸੀ ਕੰਟਰੋਲ ਕਿਉਂ ਨਾ ਕੀਤਾ ਜਾਵੇ, ਉਹ ਇਸ ਅੰਤਰਵਿਰੋਧ ਦਾ ਹੱਲ ਕੱਢਣ 'ਚ ਸਮਰੱਥ ਨਹੀਂ ਹੈ ਕਿਉਂਕਿ ਇਹ ਤਾਂ ਇਸ ਦੀ ਜੜ੍ਹ 'ਚ ਸਮੋਇਆ ਹੋਇਆ ਹੈ। ਡੂੰਘੇ ਤੋਂ ਡੂੰਘੇ ਰੂਪਾਂ 'ਚ ਸੰਕਟਾਂ ਦਾ ਵਾਰ ਵਾਰ ਉਭਰ ਕੇ ਸਾਹਮਣੇ ਆਉਣਾ ਲਾਜਮੀ ਹੈ। ਜ਼ਰੂਰਤ ਤਾਂ ਇਸ ਗੱਲ ਦੀ ਹੈ ਕਿ ਸਾਮਰਾਜੀ ਪੈਦਾਵਾਰੀ ਸਬੰਧਾਂ ਨੂੰ ਤਹਿਸ ਨਹਿਸ ਕੀਤਾ ਜਾਵੇ ਅਤੇ ਨਾਲ ਹੀ ਸੱਟੇ ਦੇ ਬੁਲਬੁਲੇ ਨੂੰ ਭੰਨ ਦਿੱਤਾ ਜਾਵੇ ਤੇ ਸਮਾਜਵਾਦ ਦਾ ਯੁੱਗ ਸ਼ੁਰੂ ਕੀਤਾ ਜਾਵੇ। ਪਰ ਹਾਕਮ ਜਮਾਤ ਤੇ ਸੁਧਾਰਵਾਦੀ ਨਵ-ਕੀਂਸਵਾਦ ਨੂੰ ਇਕ ਵਿਚਾਰਧਾਰਾ ਵਜੋਂ ਵਰਤ ਕੇ, ਪੂਰੇ ਮਸਲੇ ਤੋਂ ਲੋਕਾਂ ਦਾ ਧਿਆਨ ਲਾਂਭੇ ਲਿਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਜਿਵੇਂ ਕਿਤੇ ਪੂੰਜੀਵਾਦ ਦੇ ਤਹਿਤ ਕੰਟਰੋਲ ਤੇ ਸਾਕਾਰ ਦੀ ਦਖਲ ਅੰਦਾਜੀ ਬਿਨ੍ਹਾਂ ਹੀ ਸਾਰਾ ਸੰਕਟ ਪੈਦਾ ਹੋਇਆ ਹੈ। ਉਹ ਇਸ ਇਤਿਹਾਸਕ ਤੱਥ 'ਤੇ ਪਰਦਾ ਪਾ ਰਹੇ ਹਨ ਕਿ ਦੂਜੀ ਸੰਸਾਰ ਜੰਗ ਪਿਛੋਂ ਲਗਭਗ ਪੰਜਾਹ ਸਾਲਾਂ ਤਕ ਕੀਂਸਵਾਦੀ ਇਲਾਜ ਕੀਤਾ ਸੀ। ਜਿਸ ਨਾਲ ਅਰਥਚਾਰੇ ਦੀਆਂ ਰਗਾਂ 'ਚ ਵਿਤੀ ਬੁਲਬਲਿਆਂ ਦੀ ਬੱਲੇ ਬੱਲੇ ਹੋਈ ਸੀ। ਵਿਚਾਰਕ ਪੱਧਰ 'ਤੇ ਅੱਜ ਸਾਮਰਾਜਵਾਦ ਨਵ-ਕੀਂਸਵਾਦ ਨੂੰ ਵਾਜਬੀਅਤ ਮੁਹਈਆ ਕਰਨ ਦੀ ਕੋਸ਼ਿਸ਼ ਵਿਚ ਹੈ। ਇਸ ਦਾ ਖੁਲਾਸਾ ਇਸ ਗੱਲ ਨਾਲ ਹੁੰਦਾ ਹੈ ਕਿ ਇਸ ਸਾਲ ਅਰਥ ਸ਼ਾਸ਼ਤਰ ਲਈ ਨੋਬਲ ਪੁਰਸਕਾਰ ਪ੍ਰਿੰਸਟਨ ਯੂਨੀਵਰਸਿਟੀ ਦੇ ਪਾਲ ਕੁਰਗਮੇਨ ਨੂੰ ਦਿੱਤਾ ਗਿਆ ਹੈ। ਜੋ ਨਵ-ਅਨੁਵਾਦ ਵਾਦਿਆਂ ਵੱਲੋਂ ਪ੍ਰਚਾਰੇ ਜਾਂਦੇ ਕਠਮੁੱਲਾਪਨ ਦਾ ਪਤਨ ਹੈ। ਨਵ-ਉਸਾਰੀ ਦੇ ਖੇਤਰ ਵਿਚ ਅਤੇ ਨਾਲ ਹੀ ਨਾਲ ਪੂੰਜੀਵਾਦੀ ਆਰਥਿਕ ਚਿੰਤਨ ਦ ਖੇਤਰ ਵਿੱਚ ਨਵ-ਕੀਂਸਵਾਦ ਨੂੰ ਅੱਜ ਲੋੜੀਂਦੀ ਨੁਮਾਇੰਦਗੀ ਦਿੱਤੀ ਜਾ ਰਹੀ ਹੈ। ਅੱਜ ਸਾਮਰਾਜ ਜਿਸ ਸੰਕਟ ਨਾਲ ਜੂਝ ਜਿਹਾ ਹੈ, ਉਸ ਤੋਂ ਪਾਰ ਲੰਘਣ ਲਈ ਉਹਨਾਂ ਅਰਥਸਾਸ਼ਤਰੀਆਂ ਦੀਆਂ ਵੀ ਵਿਆਪਕ ਸੇਵਾਵਾਂ ਲੈਣ ਤੋਂ ਨਹੀਂ ਝਿਜਕ ਰਿਹਾ ਹੈ ਜੋ ਆਪਣ ਵਿਸਲੇਸ਼ਣ 'ਚ ਮਾਕਰਸਵਾਦੀ ਪ੍ਰਣਾਲੀ ਦੀ ਵਰਤੋਂ ਕਰਦੇ ਹਨ। ਇਸ ਦੀ ਇਕ ਮਿਸਾਲ ਇਹ ਹੈ ਕਿ ਭਾਰਤੀ ਖੱਬੇਪੱਖੀ ਅਰਥਸਾਸ਼ਤਰੀ ਪ੍ਰਭਾਤ ਪਟਨਾਇਕ ਨੂੰ ਸੰਯੁਕਤ ਰਾਸ਼ਟਰ ਵੱਲੋਂ ਸੰਗਠਿਤ ਕਮੇਟੀ ਵਿੱਚ ਸ਼ਾਮਲ ਕੀਤਾ ਜਾਣਾ, ਇਸ ਦਾ ਗਠਨ ਮੌਜੂਦਾ ਕੌਮਾਂਤਰੀ ਅਰਥਚਾਰੇ ਦਾ ਅਧਿਐਨ ਕਰਨ ਤੇ ਉਸ ਸਬੰਧੀ ਆਪਣੇ ਸੁਝਾਅ ਦੇਣ ਲਈ ਕੀਤਾ ਗਿਆ ਹੈ। ਮਜ਼ੇਦਾਰ ਗੱਲ ਇਹ ਹੈ ਕਿ ਇਸ ਕਮੇਟੀ ਦੇ ਚੇਅਰਮੈਨ ਹੋਰ ਕੋਈ ਨਹੀਂ ਬਲਕਿ ਜੋਸਿਫ ਸਿਟਗ੍ਰਿਲਜ ਹਨ ਜੋ ਸੰਸਾਰ ਬੈਂਕ ਦੇ ਸਾਬਕਾ ਅਰਥ-ਸ਼ਾਸਤਰੀ ਰਹੇ ਹਨ ਅਤੇ ਉਹ ਵੀ ਵਿਤੀ ਸੱਟੇਬਾਜੀ ਦੇ ਆਲੋਚਕ ਹਨ। ਜੇ ਇਹ ਵੇਖਿਆ ਜਾ ਰਿਹਾ ਹੈ ਕਿ ਸਾਮਰਾਜੀ ਦੁਨੀਆਂ ਕੀਂਸਵਾਦੀ ਨੁਕਸੇ ਨੂੰ ਦੁਬਾਰਾ ਅਜਮਾਉਣ ਅਗਵਾਈ ਵਾਲੀ ਸਾਮਰਾਜੀ ਅਰਥਚਾਰਾ 1930 ਦੇ ਦਹਾਕੇ ਦੇ ਮੁਕਾਬਲਤਨ ਜਦ ਪਹਿਲੀ ਵਾਰੀ ਕੀਂਸਵਾਦੀ ਦਵਾਈ ਦੀ ਵਰਤੋਂ ਕੀਤੀ ਗਈ ਸੀ ਅੱਜ ਕਈ ਗੁਣਾ ਵੱਧ ਪ੍ਰਜੀਵੀ ਤੇ ਮਰਨਕੰਡੇ ਹੋ ਚੁੱਕੀ ਹੈ। ਅੱਜ ਪ੍ਰਬੰਧ ਏਨਾ ਕੈਂਸਰ ਪੀੜਤ ਹੋ ਚੁੱਕਿਆ ਹੈ ਕਿ ਉਸ 'ਚ ਉਹਨਾਂ ਕੀਨਸਵਾਦੀ ਦਵਾਈਆਂ ਨਾਲ ਸੁਧਾਰ ਦੀ ਗੁੰਜਾਇਸ਼ ਘੱਟ ਹੋ ਗਈ ਹੈ ਜਿਸ ਨੂੰ ਸਾਮਰਾਜਵਾਦ ਨੇ 1970 ਦੇ ਦਹਾਕੇ 'ਚ ਖਾਰਜ ਕਰ ਦਿੱਤਾ ਸੀ। ਖਾਸ ਕਰਕੇ ਅੱਜ ਅਮਰੀਕੀ ਅਰਥਚਾਰਾ ਵੱਧ ਕਮਜ਼ੋਰ

ਹੋ ਚੁੱਕਿਆ ਹੈ ਤੇ ਉਹ ਕੌਮਾਂਤਰੀ ਪੱਧਰ ’ਤੇ ਕੀਂਸਵਾਦ ਲਈ ਜ਼ਰੂਰੀ ਨਿਯਮਾਂ ਨੂੰ ਲਾਗੂ ਕਰਨ ਲਈ ਪਹਿਲਾਂ ਵਰਗੀ ਹਾਲਤ ਵਿੱਚ ਨਹੀਂ ਹੈ ਡਾਲਰ ਦੀ ਕੀਮਤ ਘਟ ਰਹੀ ਹੈ, ਅਮਰੀਕਾ ਦਾ ਪੈਦਾਵਾਰੀ ਸਮਰੱਥਾ ਵਿੱਚ ਮੁਕਾਬਲਤਨ ਖੋਰਾ ਲੱਗਿਆ ਹੈ। ਵਿਤੀ ਬੁਲਬੁਲੇ ਫੁੱਟ ਰਹੇ ਹਨ ਆਦਿ ਦੂਜੇ ਪਾਸੇ ਅਮਰੀਕਾ ’ਚ ਕੀਂਸਵਾਦੀ ਨੀਤੀਆਂ ਕਾਰਗਰ ਨਹੀਂ ਹੋਣਗੀਆਂ ਕਿਉਂਕਿ ਅੱਜ ਜਨਤਕ ਖੇਤਰ ਲਈ ਸਾਧਨਾ ਦਾ ਜੁਗਾੜ ਕਰ ਸਕਣਾ ਮੁਸ਼ਕਲ ਹੈ। ਪਹਿਲਾਂ ਪੈਦਾਵਾਰ ਦੀ ਖੜੋਤ ਦੀ ਹਾਲਤ ਵਿੱਚ ਵਾਧੂ ਟੈਕਸ ਉਗਰਾਹੁਣਾ ਸੰਭਵ ਨਹੀਂ ਹੈ। ਦੂਜੇ ਸਿਕੇ ਦੇ ਫੈਲਾਅ ਦੀ ਵਿਆਪਕ ਉੱਚੀ ਦਰ ਦੀਆਂ ਹਾਲਤਾਂ ਵਿੱਚ ਘਾਟੇ ਦਾ ਵਿਤੀ ਬਜਟ ਸੰਭਵ ਨਹੀਂ ਹੈ ਕਿਉਂਕਿ ਇਸ ਨਾਲ ਹਾਲਾਤ ਹੋਰ ਵਿਗੜਨਗੇ। ਦੂਜੇ ਸ਼ਬਦਾਂ ਵਿਚ ਅੜਿੱਕੇ (ਖੜੋਤ) ਤੇ ਸਿਕੇ ਦੇ ਫੈਲਾਅ ਦੇ ਨਾਲ ਨਾਲ ਬਣੇ ਰਹਿਣ ਦੀਆਂ ਵਸਤੂਗਤ ਹਾਲਤਾਂ ’ਚ ਸਿਥਰਾਂਸਫਿਤੀ ਦੀ ਹਾਲਤ ’ਚ 1970 ਦੇ ਦਹਾਕੇ ਵਿਚ ਕੀਂਸਵਾਦ ਨੂੰ ਖਾਰਜ ਕੀਤਾ ਗਿਆ ਸੀ। ਅੱਜ ਵੀ ਉਹੀ ਵਸਤੂਗਤ ਸਥਿਤੀਆਂ ਬਣੀਆਂ ਹੋਈਆਂ ਹਨ। ਤੀਜਾ ਇਕ ਬਦਲ ਬਚਦਾ ਹੈ ਹੋਰਾਂ ਦੇਸ਼ਾਂ ਤੋਂ ਉਧਾਰ ਲੈਣਾ। ਇਸ ਨਾਲ ਕਰਜੇ ਦਾ ਬੋਝ ਹੋਰ ਵਧ ਜਾਵੇਗਾ ਜੋ ਪਹਿਲਾਂ ਹੀ ਅੰਤਿਮ ਸੀਮਾ ਤਕ ਪਹੁੰਚ ਗਿਆ ਹੈ ਅਤੇ 12 ਟ੍ਰਿਲੀਅਨ ਡਾਲਰ ਨੂੰ ਪਾਰ ਕਰ ਗਿਆ ਹੈ। ਇਸ ਲਈ ਨਵ-ਕੀਂਸਵਾਦੀ ਇਲਾਜ ਦਾ ਸਾਰਾ ਬੋਝ ਇਕਵਾਰੀ ਫਿਰ ਮੇਹਨਤਕਸ਼ ਲੋਕਾਂ ਦੇ ਮੋਢਿਆਂ ’ਤੇ ਆਵੇਗਾ। ਅੱਜ ਕੌਮਾਂਤਰੀ ਪ੍ਰੋਲੇਤਾਰੀ ਲਈ ਢੁੱਕਵਾਂ ਸਮਾਂ ਹੈ ਕਿ ਉਹ ਪਤਨਸ਼ੀਲ ਸਾਮਰਾਜੀ ਦੁਨੀਆਵੀ ਪ੍ਰਬੰਧ ਨੂੰ ਤਹਿਸ ਨਹਿਸ ਕਰਨ ਦੇ ਆਪਣੇ ਇਤਿਹਾਸਕ ਕਾਰਜ ਲਈ ਪੂਰਾ ਕਰਨ ਲਈ ਉਠਣ।

# ਪੰਦਰਵੀਂ ਲੋਕ ਸਭਾ ਚੋਣਾਂ-ਸੀਮਾ ਤੇ ਸੰਭਾਵਨਾਵਾਂ

ਪੰਦਰੁਵੀ ਲੋਕ ਸਭਾ ਚੋਣਾਂ ਸਾਡੇ ਦੇਸ਼ ਦੇ ਇਤਿਹਾਸ ਵਿਚ ਇਕ ਨਾਜੁਕ ਸਮੇਂ ਹੋਣ ਜਾ ਰਹੀਆਂ ਹਨ। ਸਮੁੱਚਾ ਸਾਮਰਾਜੀ ਪ੍ਰਬੰਧ ਖਾਸ ਕਰਕੇ ਅਮਰੀਕੀ ਸਾਮਰਾਜ ਆਪਣੇ ਹੁਣ ਤੱਕ ਦੇ ਸਭ ਤੋਂ ਡੂੰਘੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਦੂਜੇ ਪਾਸੇ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਨੇ ਪਿਛਲੇ ਪੰਜ ਸਾਲਾਂ ਦੀ ਹਕੂਮਤ ਦੇ ਸਿਟੇ ਵਜੋਂ ਸਾਡਾ ਦੇਸ਼ ਗੰਭੀਰ ਸੰਕਟ ਦੀ ਜਕੜ ਵਿਚ ਹੈ। ਇਹ ਸਰਕਾਰ ਨਵ-ਉਦਾਰਵਾਦੀ ਨੀਤੀਆਂ 'ਤੇ ਅਮਲ ਕਰਦੀ ਰਹੀ ਹੈ ਅਤੇ ਸਾਡੇ ਦੇਸ਼ ਦੇ ਅਰਥਚਾਰੇ ਨੂੰ ਵਿਸ਼ਵੀ ਵਿਤੀ ਪੂੰਜੀ ਦੇ ਨਾਲ ਜੋੜਦੀ ਗਈ ਹੈ ਜਿਸ 'ਤੇ ਦਿਨੋ ਦਿਨ ਪ੍ਰਜੀਵੀ ਕਿਰਦਾਰ ਹਾਵੀ ਹੁੰਦਾ ਗਿਆ ਹੈ। ਇਹੀ ਸਾਰੇ ਸੰਕਟ ਦੀ ਵਜਾਹ ਹੈ। ਸਿਟੇ ਵਜੋਂ ਸੌ ਸਾਲ ਲੰਬੀ ਸਾਮਰਾਜ ਵਿਰੋਧੀ ਲੜਾਈ ਦੌਰਾਨ ਵੇਖੇ ਸੁਪਨੇ ਚਕਨਾਚੂਰ ਹੋ ਰਹੇ ਹਨ। ਦੇਸ਼ ਦੀ ਆਜਾਦੀ ਲਈ ਸੰਘਰਸ਼ ਕਰਦੇ ਹੋਇਆ ਜਨ ਅੰਦੋਲਨਾ ਦੀ ਨਜ਼ਰ 'ਚ ਸੀ ਸਾਮਰਾਜੀ ਸਿਕੰਜੇ ਤੋਂ ਮੁਕਤ ਭਾਰਤ, ਇੱਕ ਫੈਡਰਲ ਜਮਹੂਰੀ, ਆਤਮ ਨਿਰਭਰ ਤੇ ਧਰਮ ਨਿਰਪੱਖ ਗਣਰਾਜ ਇਕ ਐਸਾ ਜੀਵਤ ਸਮਾਜ ਜਿਸ ਨੇ ਬਸਤੀਵਾਦੀ ਤੇ ਜਾਗੀਰੂ ਸਬੰਧਾਂ ਤੋਂ ਨਾਤਾ ਤੋੜ ਲਿਆ ਹੋਵੇ, ਇਕ ਅਜਿਹਾ ਭਾਰਤ ਜਿਥੇ ਧਰਮ ਨਿਰਪੱਖ ਜਮਹੂਰੀ ਕੀਮਤਾਂ ਤੇ ਲੋਕਾਂ ਦੇ ਸਾਰੇ ਤਬਕਿਆਂ ਲਈ ਸਭ ਖੇਤਰਾਂ ਵਿਚ ਸਮਾਜਕ ਆਰਥਕ ਬਰਾਬਰੀ ਵਧ ਫੁਲ ਸਕੇ। ਪਰ ਅੱਜ 1947 ਕੀ ਸੱਤਾ ਬਦਲੀ ਦੇ ਛੇ ਦਹਾਕਿਆਂ ਬਾਅਦ ਸਾਮਰਾਜ ਵਿਰੋਧੀ, ਜਾਗੀਰਦਾਰ ਵਿਰੋਧੀ ਸੰਘਰਸ਼ਾਂ ਰਾਹੀਂ ਵਿਕਸਤ ਕੌਮੀ ਏਕਤਾ ਤੇ ਜਮਹੂਰੀ ਮੁੱਲਾਂ ਦਾ ਤਿਆਗ ਕਰ ਦਿੱਤਾ ਗਿਆ ਹੈ। ਜਨਤਾ ਦਾ ਵਿਆਪਕ ਬਹੁਮਤ ਲਗਾਤਾਰ ਦਰਿਦਰ ਹੁੰਦਾ ਜਾ ਰਿਹਾ ਹੈ। ਜਦ ਕਿ ਮੁਠੀਭਰ ਲੋਕ ਅਮੀਰ ਤੋਂ ਅਮੀਰ ਹੁੰਦੇ ਜਾ ਰਹੇ ਹਨ। ਹਾਕਮ ਜਮਾਤ ਤੇ ਉਨ੍ਹਾਂ ਦੀਆਂ ਨੁਮਾਇੰਦਾ ਪਾਰਟੀਆਂ ਵਲੋਂ ਅਮਲ 'ਚ ਲਿਆਂਦੀਆਂ ਗਈਆਂ ਸਾਮਰਾਜੀ ਵਿਸਵੀਕਰਨ ਦੀਆਂ ਨੀਤੀਆਂ ਤਹਿਤ ਦੇਸ਼ ਲਗਾਤਾਰ ਬਰਬਾਦੀ ਵੱਲ ਵਧਦਾ ਜਾ ਰਿਹਾ ਹੈ। ਸਾਡੇ ਦੇਸ਼ ਨੂੰ ਅਮਰੀਕੀ ਸਾਮਰਾਜ ਦਾ ਗੁਲਾਮ ਬਣਾ ਦਿੱਤਾ ਹੈ।

ਯੂ. ਪੀ. ਏ. ਸਰਕਾਰ ਦੀ ਪੰਜ ਸਾਲ ਦੀ ਹਕੂਮਤ ਦੇ ਸਿਟੇ :- ਚੌਦਵੀ ਲੋਕ ਸਭਾ ਦੀਆਂ ਚੋਣਾ 2004'ਚ ਹੋਈਆਂ ਸਨ। ਉਸ ਸਮੇਂ ਭਾਜਪਾ ਦੀ ਅਗਵਾਈ ਵਾਲੀ ਰਾਜਗ ਸਰਕਾਰ ਦੇ ਛੇ ਸਾਲਾਂ ਦੇ ਰਾਜ ਭਾਗ ਨੇ ਦੇਸ਼ ਨੂੰ ਇਕ ਖਤਰਨਾਕ ਹਾਲਤ ਵਿੱਚ ਧੱਕ ਦਿੱਤਾ ਸੀ। ਉਸ ਨੇ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਤੇਜੀ ਨਾਲ ਲਾਗੂ ਕੀਤਾ ਸੀ ਅਤੇ ਗੁਜਰਾਤ ਕਤਲੇਆਮ ਸਮੇਤ ਫਿਰਕੂ ਫਾਸੀਵਾਦ ਨੂੰ ਤੇਜ ਕੀਤਾ ਸੀ। ਹਾਲਾਂਕਿ ਭਾਜਪਾ ਦੀ ਅਗਵਾਈ ਨੇ 'ਭਾਰਤ ਉਦੈ' ਦੀ ਜਬਰਦਸਤ ਮੁਹਿੰਮ ਚਲਾ ਕੇ ਆਪਣੀਆਂ ਲੋਕ ਵਿਰੋਧੀ ਨੀਤੀਆਂ 'ਤੇ ਪੜਦਾ ਪਾਉਣ ਦੀ ਕੋਸ਼ਿਸ਼ ਕੀਤੀ ਸੀ ਫਿਰ ਵੀ ਹੋਰ ਉਸਦੇ ਸਹਿਯੋਗੀ ਚੋਣਾ ਹਾਰ ਗਏ। ਕਾਂਗਰਸ ਦੀ ਅਗਵਾਈ ਵਾਲੇ ਮੋਰਚੇ ਦੀ ਸਰਕਾਰ ਘੱਟੋ ਘੱਟ ਸਾਂਝੇ ਪ੍ਰੋਗਰਾਮ ਦੇ ਅਧਾਰ 'ਤੇ ਸੱਤਾ ਵਿੱਚ ਆਈ ਅਤੇ ਇਹ ਦਾਅਵਾ ਕੀਤਾ ਕਿ ਉਹ ਰਾਜਗ ਸਰਕਾਰ ਦੀਆਂ ਨੀਤੀਆਂ ਨੂੰ ਉਲਟਾ ਦੇਵੇਗੀ। ਪਰ ਇਕ ਦਮ ਸ਼ੁਰੂ ਤੋਂ ਹੀ ਉਸ ਨੇ ਸਾਮਰਾਜੀ

ਵਿਸ਼ਵੀਕਰਨ ਉਦਾਰੀਕਰਨ ਤੇ ਨਿਜੀਕਰਨ ਦੀਆਂ ਨੀਤੀਆਂ ਨੂੰ ਤੇਜ਼ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਾਡੇ ਦੇਸ਼ ਦੇ ਬੂਹਿਆਂ ਨੂੰ ਵਿਸ਼ਵੀ ਵਿਤੀ ਪੂੰਜੀ ਤੇ ਬਹੁਕੌਮੀ ਕੰਪਨੀਆਂ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤਾ। ਯੂ. ਪੀ. ਏ. ਸਰਕਾਰ ਨੇ ਖੇਤੀ ਵਸਤਾਂ ਦੀ ਖਰੀਦ ਦੇ ਖੇਤਰ ਵਿੱਚ ਸਨਅਤੀ 'ਘਰਾਨਿਆ' ਤੇ ਬਹੁ ਕੌਮੀ ਕੰਪਨੀਆਂ ਨੂੰ ਦਾਖਲ ਹੋਣ ਦਿੱਤਾ ਜਦ ਕਿ ਸਰਕਾਰੀ ਸੰਸਥਾਵਾਂ ਖੇਤੀ ਵਸਤਾਂ ਦੀ ਖਰੀਦ ਤੋਂ ਪਿੱਛੇ ਹਟਦੀਆਂ ਗਈਆਂ। ਇਸ ਸਰਕਾਰ ਨੇ ਜਨਤਕ ਵੰਡ ਪ੍ਰਣਾਲੀ ਨੂੰ ਹੋਰ ਕਮਜ਼ੋਰ ਕਰ ਦਿੱਤਾ। ਕੌਮਾਂਤਰੀ ਬਾਜ਼ਾਰ ਨੇ ਜਨਤਕ ਵੰਡ ਪ੍ਰਣਾਲੀ ਨੂੰ ਹੋਰ ਕਮਜ਼ੋਰ ਕਰ ਦਿੱਤਾ। ਕੌਮਾਂਤਰੀ ਬਾਜ਼ਾਰ ਭਾਅ ਦੇ ਨਾਲ ਤਾਲਮੇਲ ਬਿਠਾਉਣ ਦੇ ਬਹਾਨੇ ਪੈਟਰੋਲੀਅਮ ਵਸਤਾਂ ਦੀਆਂ ਕੀਮਤਾਂ 'ਚ ਵਾਰ ਵਾਰ ਵਾਧਾ ਕੀਤਾ। ਜਿਸ ਨਾਲ ਸਿੱਕੇ ਦਾ ਫੈਲਾਅ ਵਧਿਆ ਤੇ ਮੁੱਲ ਵਾਧਾ ਦਹਾਈ ਦੇ ਅੰਕ ਨੂੰ ਪਾਰ ਕਰ ਗਿਆ। ਸਿੱਖਿਆ ਇਲਾਜ ਆਦਿ ਖੇਤਰਾਂ ਦਾ ਨਿਜੀਕਰਣ ਤੇਜ਼ ਹੋ ਗਿਆ ਤੇ ਉਹਨਾਂ ਨੂੰ ਬਾਜ਼ਾਰ ਦੀਆਂ ਸ਼ਕਤੀਆਂ ਦੇ ਹੱਥ ਸੌਂਪਿਆ ਜਾਣ ਲੱਗਿਆ। ਸਭ ਜਨ-ਕਲਿਆਣ ਦੇ ਪ੍ਰੋਗਰਾਮਾਂ 'ਚ ਹੋਰ ਕਟੌਤੀ ਕਰ ਦਿੱਤੀ ਗਈ ਜਾਂ ਉਹਨਾਂ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ।

ਮਜ਼ਦੂਰ ਵਰਗ, ਆਦੀਵਾਸੀਆਂ, ਦਲਿਤਾਂ ਤੇ ਹੋਰ ਸਭ ਪੀੜਤ ਤਬਕਿਆਂ ਦੇ ਅਧਿਕਾਰਾਂ ਨੂੰ ਖੋਹ ਲਿਆ ਗਿਆ। ਇਥੋਂ ਤਕ ਕਿ ਮੌਜੂਦਾ ਭੂਮੀ ਹੱਦ ਬੰਦੀ ਕਨੂੰਨਾ ਨੂੰ ਵੀ ਉਲਟਾ ਦਿੱਤਾ ਗਿਆ ਤੇ ਸਨਅਤੀ ਘਰਾਨਿਆਂ ਭੋਇੰ ਮਾਫੀਆ ਦੇ ਹੱਥਾਂ 'ਚ ਭੂਮੀ ਦੇ ਕੇਂਦਰੀਕਰਨ ਨੂੰ ਉਤਸ਼ਾਹਿਤ ਕੀਤਾ ਗਿਆ। ਹਜ਼ਾਰਾਂ ਦੀ ਤੈਦਾਦ 'ਚ ਕਾਰਖਾਨਿਆਂ ਦੀ ਬੰਦੀ ਹੁੰਦੀ ਰਹੀ। ਬਰਾਮਦ ਮੁਖੀ ਸਨਅਤਾਂ ਦੇ ਨਾਂ 'ਤੇ ਆਮਤ ਨਿਰਭਰਤਾ ਦੀ ਬਲੀ ਦਿੱਤੀ ਗਈ। ਸੂਚਨਾ ਟੈਕਨੋਲੋਜੀ ਤੇ ਸੇਵਾ ਖੇਤਰ 'ਤੇ ਇਕ ਤਰਫਾ ਜੋਰ ਦਿੱਤਾ ਗਿਆ। ਸਭ ਖੇਤਰਾਂ ਵਿੱਚ ਬਹੁਕੌਮੀ ਨਿਗਮਾਂ ਦੇ ਦਾਖਲੇ ਨੂੰ ਹੋਰ ਸੌਖਾ ਬਣਾ ਦਿੱਤਾ ਗਿਆ। ਸੱਟਾ ਤੇ ਪਰਜੀਵੀ ਪੂੰਜੀ ਨੂੰ ਖੁੱਲ੍ਹ ਕੇ ਖੇਡਣ ਦੀ ਛੁੱਟੀ ਦਿੱਤੀ ਗਈ। ਅਮਰੀਕੀ ਸਾਮਰਾਜਵਾਦ ਦੇ ਨਾਲ ਰਣਨੀਤਕ ਸਬੰਧਤ ਸਥਾਪਤ ਕਰਨ ਦੇ ਨਾਂ 'ਤੇ ਬਚੀ ਖੁਚ ਪ੍ਰਭੂਸੱਤਾ ਦੀ ਦਾਅ 'ਤੇ ਲਾ ਦਿੱਤੀ ਗਈ। ਸਾਰੀਆਂ ਫੌਜੀ ਸੰਧੀਆਂ ਕੀਤੀਆਂ ਗਈਆਂ ਜਿਨ੍ਹਾਂ 'ਚ ਸਭ ਤੋਂ ਉਪਰ ਸੀ ਭਾਰਤ-ਅਮਰੀਕਾ ਪ੍ਰਮਾਣੂ ਕਰਾਰ ਇਸ ਕਾਰਨ ਭਾਰਤ ਸਰਕਾਰ ਨੇ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ (IAEA) ਵਿੱਚ ਅਤੇ ਹੋਰ ਖੇਤਰਾਂ 'ਚ ਅਮਰੀਕੀ ਨਿਰਦੇਸ਼ਾਂ ਦੀ ਪਾਲਣਾ ਕੀਤੀ ਗਈ। ਇਸ ਲਈ ਬੇਹੱਦ ਲਾਭਦਾਇਕ ਇਰਾਕ-ਪਾਕਿ ਭਾਰਤ ਕੁਦਰਤੀ ਗੈਸ ਪਾਈਪ ਲਾਈਨ ਨੂੰ ਵੀ ਵੱਟੇ ਖਾਤੇ ਪਾ ਦਿੱਤਾ ਗਿਆ। ਇਹਨਾਂ ਸਾਰੇ ਕਾਰਨਾਂ ਕਰਕੇ ਗੁਆਂਢੀ ਦੇਸ਼ਾਂ ਨਾਲ ਸਬੰਧ ਖਰਾਬ ਹੋਏ ਹਨ। ਸਾਡੇ ਦੇਸ਼ ਦੀ ਵਿਦੇਸ਼ੀ ਨੀਤੀ ਦਾ ਭੋਰਾ ਭਰ ਜੋ ਜਮਹੂਰੀ ਅੰਸ ਸੀ, ਉਸਨੂੰ ਵੀ ਨਸ਼ਟ ਕਰ ਦਿੱਤਾ ਗਿਆ। ਇਹਨਾਂ ਸਭ ਨੀਤੀਆਂ ਦੀ ਵਜ੍ਹਾ ਕਾਰਨ ਹੋਇਆ ਇਹ ਕਿ ਸਾਡੇ ਦੇਸ਼ ਦੀ ਬੁਲਬੁਲ ਅਰਥਿਕਤਾ ਵੀ ਹਿਚਕੋਲੇ ਖਾਣ ਲੱਗੀ ਹੈ ਅਤੇ ਸਕਲ ਘਰੇਲੂ ਉਤਪਾਦ ਦੀ ਵਿਕਾਸ ਤੇ ਸਨਅਤੀ ਵਿਕਾਸ ਦੀ ਉਚੀ ਦਰ ਦੇ ਦਾਅਵੇ ਵੀ ਹਵਾ 'ਚ ਉਡ ਗਏ। ਉਦਾਰਵਾਦੀ ਨੀਤੀਆਂ ਨੇ ਲੋਕਾਂ ਦੀ ਬਹੁ ਗਿਣਤੀ ਨੂੰ ਆਰਥਿਕ ਤੌਰ 'ਤੇ ਤਬਾਹ ਕੀਤਾ ਅਤੇ ਮੁੱਠੀਭਰ ਲੋਕਾਂ ਨੂੰ ਅਮੀਰ ਬਣਾਇਆ ਹੈ। ਉਥੇ ਸੰਘ ਪਰਵਿਾਰ ਦੀ ਫਿਰਕਾਪ੍ਰਸਤ ਮੁਹਿੰਮ ਦਾ ਵਿਰੋਧ ਕਰਨ ਦੇ ਸਰਕਾਰੀ ਦਾਅਵਿਆਂ ਦੇ ਉਲਟ ਇਸ ਦੀ ਆਪਣੀਆਂ ਫਿਰਕਾਪ੍ਰਸਤੀ ਨੂੰ ਹਵਾ ਦੇਣ

ਵਾਲੀਆਂ ਨੀਤੀਆਂ ਨੇ ਦੇਸ਼ ਦੇ ਜੀਵਨ ਦੇ ਹਰੇਕ ਖੇਤਰ ਵਿੱਚ ਫਿਰਕਾਪ੍ਰਸਤੀ ਨੂੰ ਖਤਰਨਾਕ ਪੱਧਰ ਤੱਕ ਪਹੁੰਚਾ ਦਿੱਤਾ ਗਿਆ ਹੈ ਅਤੇ ਰਾਜ ਮਸ਼ੀਨਰੀ ਵਲੋਂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਦ ਕਿ ਸੰਘ ਪਰਿਵਾਰ ਨੂੰ ਉੜੀਸਾ ਤੇ ਹੋਰ ਥਾਵਾਂ ਤੇ ਗੁਜਰਾਤ ਕਤਲੇਆਮ ਵਰਗੇ ਕੰਮਾਂ ਲਈ ਜਿੰਮੇਵਾਰ ਹੋਣ ਦੇ ਬਾਵਜੂਦ ਖੁੱਲ੍ਹੀ ਛੁੱਟੀ ਰੱਖੀ ਹੈ। ਜਾਤੀਗਤ ਵੰਡ ਤੇ ਦਲਿਤਾਂ ਆਦੀਵਾਸੀਆਂ ਉਪਰ ਜਬਰ ਤੇਜ਼ ਹੋ ਗਿਆ ਹੈ। ਵਧਦੇ ਨਾ ਬਰਾਬਰ ਵਿਕਾਸ ਨੂੰ ਬਹਾਨਾ ਬਣਾ ਕੇ ਤੰਗ ਨਜ਼ਰ ਸ਼ਕਤੀਆਂ ਤਾਕਤਵਾਰ ਹੋ ਰਹੀਆਂ ਹਨ। ਉਥੇ ਉਹਨਾਂ ਦੀ ਲੁੱਟ ਕਰਨ ਦੇ ਨਾਂ ’ਤੇ ਕਈ ਸਾਰੇ ਇਲਾਕਿਆਂ ’ਚ ਫੌਜ ਤੈਨਾਤ ਕੀਤੀ ਗਈ ਹੈ ਅਤੇ ਅੰਧਾਧੁੰਦ ਰਾਜਸੀ ਅੱਤਵਾਦ ਮਚਾਇਆ ਜਾ ਰਿਹਾ ਹੈ। ਇਹਨਾਂ ਸਭ ਗੱਲਾਂ ਨਾਲ ਕੌਮੀ ਏਕਤਾ ਨੂੰ ਖੋਰਾ ਲੱਗਿਆ ਹੈ ਅਤੇ ਦੇਸ਼ ’ਚ ਸਥਿਰਤਾ ਪੈਦਾ ਕਰਨ ਵਾਲੀਆਂ ਤਾਕਤਾਂ ਮਜ਼ਬੂਤ ਹੋਈਆਂ ਹਨ। ਅਮਰੀਕੀ ਸਾਮਰਾਜ ਵੀ ਚਾਹੁੰਦਾ ਹੈ ਕਿ ਅਜਿਹੇ ਜਿਹੀ ਸਥਿਤੀ ਪੈਦਾ ਹੋਵੇ।

ਯੂ. ਪੀ. ਏ. ਸਰਕਾਰ ਦੇ ਪੰਜ ਸਾਲਾਂ ਵਿੱਚ ਸਭ ਸਮਾਜਕ ਭਲਾਈ ਦੇ ਕੰਮਾਂ ’ਚ ਕਟੌਤੀ ਹੁੰਦੀ ਵੇਖੀ ਗਈ ਹੈ। ਬੇਰੁਜਗਾਰੀ ਬੇਤਹਾਸ਼ਾ ਵਧੀ ਹੈ। ਕੀਮਤ ਅਸਮਾਨ ਛੂਹਣ ਲੱਗੀਆਂ ਹਨ। ਜਮਹੂਰੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਕਾਲੇ ਕਾਨੂੰਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਭਰਿਸ਼ਟਾਚਾਰ ਨੇ ਸਭ ਖੇਤਰਾਂ ਵਿੱਚ ਸਰਬਵਿਆਪੀ ਰੂਪ ਧਾਰ ਲਿਆ ਹੈ। ਔਰਤਾਂ ਤੇ ਬੱਚਿਆਂ ਦੀ ਲੁੱਟ ਤੇ ਜਬਰ ਤੇਜ ਹੋ ਗਿਆ ਹੈ। ‘ਵਿਕਾਸ ਨੀਤੀ’ ਨਾਲ ਹੋ ਰਹੇ ਵਿਨਾਸ਼ਕਾਰਨ ਵਾਤਾਵਰਣ ਹੋਰ ਪ੍ਰਦੂਸ਼ਿਤ ਹੋ ਰਿਹਾ ਹੈ। ਗਰੀਬੀ ਰੇਖਾ ਤੋਂ ਹੇਠਾ ਰਹਿਣ ਵਾਲੇ ਲੋਕਾਂ ਦੀ ਗਿਣਤੀ ਤੇਜੀ ਨਾਲ ਵਧ ਰਹੀ ਹੈ।

1947 ਤੋਂ ਪਿੱਛੋਂ ਦੇ ਦਹਾਕਿਆਂ ਵਿੱਚ ਵਿਸ਼ੇਸ਼ ਤੌਰ ’ਤੇ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ’ਤੇ ਅਮਲ ਦੀ ਸ਼ੁਰੂਆਤ ਪਿਛੋਂ ਇਕ ਤਾਕਤਵਾਰ ਸਨਅਤੀ ਜਮਾਤ ਵਜੋਂ ਸਾਹਮਣੇ ਆ ਰਹੇ ਵੱਡੇ ਪੂੰਜੀਪਤੀ ਵਰਗ ਦੀ ਸਾਮਰਾਜਵਾਦ ਖਾਸ ਕਰਕੇ ਅਮਰੀਕੀ ਸਾਮਰਾਜ ਪ੍ਰਤੀ ਆਪਣੀ ਅਧੀਨਤਾ ਵਧ ਗਈ ਹੈ ਅਤੇ ਉਹ ਉਸ ਨਾਲ ਪਹਿਲਾਂ ਨਾਲੋਂ ਵੱਧ ਸਹਿਯੋਗ ਕਰਨ ਲੱਗੇ ਹਨ। ਇਸ ਅਮਲ ਵਿੱਚ ਭਰਿਸ਼ਟਾਚਾਰ ਰਾਹੀਂ ਅਤੇ ਵਿਸ਼ਵੀ ਪੂੰਜੀ ਦੇ ਹਿੱਤਾਂ ਨਾਲ ਸਮਝੌਤਾ ਕਰਕੇ ਆਪਣੀ ਤਜੌਰੀ ਭਰ ਮੋਟੇ ਹੁੰਦੇ ਜਾ ਰਹੇ ਹਨ। ਹਾਲਾਂਕਿ ਅਰਧ ਜਗੀਰੂ ਸਬੰਧਾਂ ’ਚ ਕਾਫੀ ਤਬਦੀਲੀ ਆ ਰਹੀ ਹੈ ਪਰ ਜਾਗੀਰੂ ਰਹਿੰਦ ਖੂੰਹਦ ਅਤੇ ਵੱਡੇ ਭੋਇੰ ਮਾਲਕ ਧਨ ਜਾਇਦਾਦ ਜਮਾ ਕਰਨ ਲਈ ਤੇ ਸਾਮਰਾਜਵਾਦ ਦੇ ਨਾਲ ਸਹਿਯੋਗ ਵਧਾ ਕੇ ਪ੍ਰਬੰਧ ਚਲਾਉਣ ਲਈ ਵੱਡੇ ਪੂੰਜੀਪਤੀਆਂ ਤੇ ਨੌਕਰਸ਼ਾਹੀ ਦੇ ਨਾਲ ਮਿਲ ਕੇ ਚਲ ਰਹੇ ਹਨ। ਹਾਕਮ ਜਮਾਤ ਦੀਆਂ ਵੱਖ-ਵੱਖ ਪਾਰਟੀਆਂ ਚਾਹੇ ਉਹ ਵੱਡੀਆਂ ਹੋਣ ਜਾਂ ਛੋਟੀਆਂ ਇਹ ਜਮਾਤਾਂ ਦੇ ਹਿੱਤਾਂ ਦੀ ਸੇਵਾ ਕਰ ਰਹੀਆਂ ਹਨ। ਸਿੱਟੇ ਵਜੋ ਇਹਨਾਂ ਵਿਚੋਂ ਕੋਈ ਵੀ ਪਾਰਟੀ ਸਾਮਰਾਜੀ ਵਿਸ਼ਵੀਕਰਨ ਖਿਲਾਫ ਸੰਘਰਸ਼ ਕਰਨ ਲਈ ਤਿਆਰ ਨਹੀਂ ਹੈ। ਜੋ ਦੇਸ਼ ਨੂੰ ਬਰਬਾਦ ਕਰ ਰਹੀ ਹੈ ਅਤੇ ਵਿਅਪਕ ਲੋਕਾਂ ਨੂੰ ਬੇਬਸ ਬਣਾ ਰਹੀ ਹੈ ਨਹੀਂ ਤਾਂ ਇਹ ਪਾਰਟੀਆਂ ਸਾਮਰਾਜੀ ਵਿਸ਼ਵੀਕਰਨ ਦੇ ਭਿਅੰਕਰਾਂ ਸਿੱਟਿਆਂ ਜਿਵੇਂ ਲੋਕ ਭਲਾਈ ਕਾਰਜਾਂ ਵਿੱਚ ਕਟੌਤੀ ਮਹਿੰਗਾਈ ਬੇਰੁਜ਼ਗਾਰੀ ਜਮਹੂਰੀ ਅਧਿਕਾਰਾਂ ਦੀ

ਉਲੰਘਣਾ ਆਦਿ ਖਿਲਾਫ ਲੜਨ ਲਈ ਤਿਆਰ ਨਹੀਂ ਹਨ। ਇਸ ਲਈ ਉਹ ਲੋਕਾਂ ਦਾ ਧਿਆਨ ਚਲੰਤ ਮੁੱਦਿਆਂ ਤੋਂ ਲਾਂਭੇ ਲਿਜਾਣਾ ਚਾਹੁੰਦੇ ਹਨ। ਇਸ ਲਈ ਉਹ ਪਤਨਸ਼ੀਲ ਤੇ ਭੰਨ ਤੋੜਵਾਦੀ ਤਾਕਤਾਂ ਨੂੰ ਉਤਸ਼ਾਹਿਤ ਕਰਦੇ ਹਨ। ਇਸ ਮਾਮਲੇ ਵਿੱਚ ਉਹ ਸਾਮਰਾਜੀ ਤਾਕਤਾਂ ਪਾਸੋਂ ਸਬਕ ਸਿੱਖਦੇ ਹਨ ਜਿਨ੍ਹਾਂ ਨੂੰ ਇਸ 'ਚ ਮੁਹਾਰਤ ਹਾਸਲ ਹੈ ਅਤੇ ਦੇਸ਼ ਨੂੰ ਅਸਥਿਰ ਬਣਾਉਣ ਵਿਚ ਜਿਨ੍ਹਾਂ ਦਾ ਹਿੱਤ ਹੈ। ਨਵੰਬਰ-ਦਸੰਬਰ ਵਿੱਚ ਛੇ ਰਾਜਾਂ 'ਚ ਵਿਧਾਨ ਸਭਾ ਚੋਣਾਂ ਚੱਲ ਰਹੀਆਂ ਹਨ। ਜਿਸ ਲਈ ਪ੍ਰਚਾਰ ਮੁਹਿੰਮ ਤੇਜੀ ਫੜ ਚੁੱਕੀ ਹੈ। ਲੋਕ ਸਭਾ ਚੋਣਾਂ ਵੀ ਨੇੜੇ ਆ ਰਹੀਆਂ ਹਨ। ਇਸ ਸਮੇਂ ਸਭ ਪਾਰਟੀਆਂ ਅਮਰੀਕਾ ਤੋਂ ਸ਼ੁਰੂ ਹੋਈ ਆਰਥਿਕ ਮੰਦੀ ਦੇ ਸਿੱਟਿਆਂ ਬਾਰੇ ਕਿਸੇ ਗੰਭੀਰ ਚਰਚਾ ਤੋਂ ਜਾਣ ਬੁੱਝ ਟਾਲਾ ਵੱਟ ਰਹੀਆਂ ਹਨ। ਉਹ ਸਾਮਰਾਜੀ ਵਿਸ਼ਵੀਕਰਨ ਦੇ ਮਾੜੇ ਅਸਰਾਂ 'ਤੇ ਕੋਈ ਵੀ ਚਰਚਾ ਨਹੀਂ ਕਰਨਾ ਚਾਹੁੰਦੇ। ਜਿਸ ਨੇ ਦੇਸ਼ ਦੀ ਅਰਥ ਵਿਵਸਥਾ ਨੂੰ ਵਿਸ਼ਵੀ ਬਾਜ਼ਾਰ ਪੂੰਜੀ ਵਿਵਸਥਾ ਨਾਲ ਜੋੜ ਦਿੱਤਾ ਹੈ ਅਤੇ ਜਿਸ ਦਾ ਦੇਸ਼ ਦੇ ਲੋਕਾਂ 'ਤੇ ਬੇਹੱਦ ਮਾੜਾ ਅਸਰ ਪੈ ਰਿਹਾ ਹੈ। ਉਹ ਭਾਰਤ ਅਮਰੀਕਾ ਪ੍ਰਮਾਣੂ ਕਰਾਰ 'ਤੇ ਜਨਤਾ ਵਿਚਕਾਰ ਬਹਿਣ ਲੈ ਜਾਣ ਲਈ ਤਿਆਰ ਨਹੀਂ ਹਨ। ਜਿਸ ਨੇ ਦੇਸ਼ ਨੂੰ ਅਮਰੀਕੀ ਸਾਮਰਾਜ ਦੀ ਰਾਜਸੀ ਅਧੀਨਤਾ ਦੇ ਤਹਿਤ ਲੈ ਆਂਦਾ ਹੈ। ਇਸ ਤਰ੍ਹਾਂ ਉਹ ਮੌਜੂਦਾ ਨਵ-ਉਦਾਰ 'ਵਿਕਾਸ ਨੀਤੀ' ਦੇ ਵਿਨਾਸ਼ਕਾਰੀ ਸਿੱਟਿਆਂ ਤੇ ਚਰਚਾ ਤੋਂ ਬਚਣਾ ਚਾਹੁੰਦੇ ਹਨ। ਸਭ ਬੁਨਿਆਦੀ ਸਮਾਜਿਕ ਆਰਥਿਕ ਰਾਜਸੀ ਮੁੱਦਿਆਂ ਨੂੰ ਇਹਨਾਂ ਪਾਰਟੀਆਂ ਨੇ ਛੱਡ ਦਿੱਤਾ ਹੈ।

ਇਸ ਦੇ ਨਾਲ ਨਾਲ ਫਿਰਕਾਪ੍ਰਸਤੀ, ਜਾਤੀਵਾਦ, ਅੰਨੀ ਦੇਸ਼ ਭਗਤੀ ਵਰਗੀਆਂ ਫੁੱਟ-ਪਾਊ ਨੀਤੀਆਂ ਨੂੰ ਉਭਾਰਿਆ ਜਾ ਰਿਹਾ ਹੈ। ਅਜਿਹੇ ਰੁਝਾਣ ਜਨਤਾ ਦਰਮਿਆਨ ਫੁੱਟ ਪਾਉਣ ਨੂੰ ਅਪਰਾਧੀਆਂ ਵਜੋਂ ਉਤਸ਼ਾਹਿਤ ਕਰ ਰਹੀ ਹੈ। ਉਦਾਹਰਣ ਵਜੋਂ ਭਾਜਪਾ ਤੇ ਸੰਘ ਪਰਿਵਾਰ ਨੂੰ ਲਿਆ ਜਾ ਸਕਦਾ ਹੈ। ਉਹ ਹਿੰਦੂਤਵ 'ਤੇ ਅਧਾਰਿਤ ਫਿਰਕਾਪ੍ਰਸਤ ਫਾਸੀਵਾਦ ਦਾ ਤਾਬੜ ਤੋੜ ਪ੍ਰਚਾਰ-ਪ੍ਰਸਾਰ ਕਰ ਰਹੇ ਹਨ। ਆਪਣੇ ਵੋਟ ਬੈਂਕ ਨੂੰ ਪੁਖਤਾ ਕਰਨ ਲਈ ਉੜੀਸਾ ਤੇ ਕਰਨਾਟਕ ਵਰਗੇ ਰਾਜਾਂ ਵਿੱਚ ਗੁਜਰਾਤ ਮਾਡਲ ਨੂੰ ਦੁਹਰਾਇਆ ਜਾ ਰਿਹਾ ਹੈ। ਉਹ ਅੱਤਵਾਦ ਫੈਲਾਅ ਰਹੇ ਹਨ ਅਤੇ ਜਦ ਦੂਸਰੇ ਉਸੇ ਰੂਪ 'ਚ ਪਲਟਵਾਰ ਕਰਦੇ ਹਨ ਤਾਂ ਮੁਸਲਿਮ ਨੂੰ ਨਿਸ਼ਾਨਾ ਬਣਾ ਕੇ ਉਸ ਨੂੰ ਫਿਰਕਾਪ੍ਰਸਤ ਰੰਗ ਦੇ ਦਿੱਤਾ ਜਾਂਦਾ ਹੈ। ਕਿਉਂਕਿ ਰਾਜ ਮਸ਼ੀਨਰੀ ਪਹਿਲਾਂ ਹੀ ਕਾਫੀ ਹੱਦ ਤਕ ਫਿਰਕਾਪ੍ਰਸਤ ਹੋ ਚੁੱਕੀ ਹੈ। ਇਸ ਲਈ ਉਹਨਾਂ ਦੇ ਲਈ ਘੱਟ ਗਿਣਤੀਆਂਏ 'ਤੇ ਹਮਲਾ ਕਰਨਾ ਹੋਰ ਸੌਖਾ ਹੋ ਗਿਆ ਹੈ। ਜਿਥੋਂ ਤਕ ਸ਼ਿਵ ਸੈਨਾ ਦਾ ਸਬੰਧ ਹੈ ਹਿੰਦੂਤਵ ਦਾ ਫਿਰਕੂ ਪੱਤਾ ਖੇਡਣ ਦੇ ਨਾਲ ਨਾਲ ਸਥਾਨਕ ਨੌਜਵਾਨਾਂ ਵਿਚਕਾਰ ਇਹ ਪ੍ਰਚਾਰ ਕਰਕੇ ਕਿ ਪਰਵਾਸੀ ਮਜ਼ਦੂਰਾਂ ਖਿਲਾਫ ਨਫਰਤ ਪੈਦਾ ਕਰਕੇ ਆਪਣੀ ਅੰਨੀ ਦੇਸ਼ ਭਗਤੀ ਨੀਤੀ ਦਾ ਵਿਸਥਾਰ ਕਰ ਰਹੀ ਹੈ। ਇਸ ਕੇਸ 'ਚ ਚੈਮਪੀਅਨ ਬਣਨ ਲਈ ਸਿਵ ਸੈਨਾ ਤੇ ਮਹਾਰਾਸ਼ਟਰ ਨਿਰਮਾਣ ਸੈਨਾ ਵਿਚਕਾਰ ਦੌੜ ਲੱਗੀ ਹੋਈ ਹੈ। ਭਾਜਪਾ ਦੀ ਹਕੂਮਤ ਵਾਲੀਆਂ ਰਾਜ ਸਰਕਾਰਾਂ ਇਹਨਾਂ ਫਾਸੀਵਾਦੀ 'ਤੇ ਤੰਗ ਦਿਲ ਰੁਝਾਣਾ ਨੂੰ ਉਤਸ਼ਾਹਿਤ ਕਰ ਰਹੀ ਹੈ। ਤਾਂ ਕਾਂਗਰਸ ਦੀ ਅਗਵਾਈ ਵਾਲੀਆਂ ਕੇਂਦਰ ਤੇ ਰਾਜ ਸਰਕਾਰਾਂ ਇਹਨਾਂ ਖਿਲਾਫ ਕਾਰਵਾਈ ਕਰਨ ਤੋਂ ਇਨਕਾਰ ਕਰ ਰਹੀਆਂ ਹਨ। ਕਾਂਗਰਸ ਤੇ ਉਹਨਾਂ ਦੇ

ਸਹਿਯੋਗੀਆਂ ਨੂੰ ਡਰ ਹੈ ਕਿ ਉਹ "ਹਿੰਦੂ" ਵੋਟ ਤੋਂ ਵਾਂਝੇ ਰਹਿ ਜਾਣਗੇ। ਇਸ ਲਈ ਉਹ ਫਿਰਕਾਪ੍ਰਸਤ ਰੁਝਾਣ ਦਾ ਸਹਾਰਾ ਲੈਂਦੇ ਹਨ। ਬਜਰੰਟ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਛੋਟ ਮਿਲੀ ਹੋਈ ਹੈ। ਜਿਥੇ ਅੱਤਵਾਦੀ ਕਾਰਵਾਈਆਂ ਲਈ ਪੂਰੇ ਮੁਸਲਿਮ ਫਿਰਕੇ ਨੂੰ ਦੋਸ਼ੀ ਠਹਿਰ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ ਉਥੇ ਹਿੰਦੂ ਕਟੜਪੰਥੀ ਤਾਕਤਾਂ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਾਂਗਰਸ ਐਨ. ਸੀ. ਪੀ. ਦੀ ਮਹਾਂਰਾਸ਼ਟਰ ਨਵ ਨਿਰਮਾਣ ਸੈਨਾ ਨੂੰ ਇਕ ਅਪਰਾਧੀ ਗਰੋਹ 'ਚ ਤਬਦੀਲ ਹੋਣ ਦਿੱਤਾ ਹੈ। ਜੋ ਉਤਰ ਭਾਰਤੀ ਪ੍ਰਵਾਸੀ ਜਨਤਾ 'ਤੇ ਹਮਲਾ ਕਰ ਰਹੀ ਹੈ। ਸੰਘ ਪਰਿਵਾਰ ਦੇ ਫਿਰਕਾਪ੍ਰਸਤ ਫਾਸੀਵਾਦੀ ਹਮਲਿਆਂ ਦੇ ਜੁਆਬ 'ਚ ਕਾਂਗਰਸ ਤੇ ਉਹਨਾਂ ਦੇ ਸਹਿਯੋਗੀ ਫਿਰਕਾਪ੍ਰਸਤ ਤੰਗ ਨਜ਼ਰੀ ਦੇ ਰਾਹ 'ਤੇ ਚੱਲ ਰਹੇ ਹਨ। ਜਿਸ ਤੋਂ ਰਾਜ ਮਸ਼ੀਨਰੀ ਅਕਸਰ ਹੀ ਸਮਾਜਿਕ ਜੀਵਨ ਦੇ ਸਭ ਖੇਤਰਾਂ ਤੇ ਰਾਜਨੀਤੀ ਦੇ ਅੰਧਾਧੁੰਦ ਤੇ ਅਪਰਾਧਿਕ ਫਿਰਕਾਪ੍ਰਸਤੀ ਕਰਨ ਦੀ ਚੁੱਪ ਦਰਸ਼ਕ ਬਣੀ ਰਹਿ ਜਾਂਦੀ ਹੈ। ਕਿਉਂਕਿ ਕੇਂਦਰ ਵਿੱਚ ਸੱਤਾਹੀਣ ਹੋਈ ਕਿਸੇ ਵੀ ਸਰਕਾਰ ਨੇ ਜੰਮੂ-ਕਸ਼ਮੀਰ ਦੀ ਸਮੱਸਿਆ ਤੇ ਉੱਤਰ ਪੂਰਬ ਦੀ ਜਨਤਾ ਦੇ ਆਤਮ ਨਿਰਣੇ ਲਈ ਸੰਘਰਸ਼ ਦਾ ਰਾਜਸੀ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਹੈ। ਇਸ ਲਈ ਇਹਨਾਂ ਹਲਕਿਆਂ 'ਚ ਵਿਰੋਧ ਵੱਧ ਰਿਹਾ ਹੈ ਤੇ ਉਹ ਫਿਰਕਾਪ੍ਰਸਤ ਰੰਗ ਵੀ ਲੈਂਦਾ ਜਾ ਰਿਹਾ ਹੈ। ਇਥੇ ਫੌਜੀ ਕਬਜਾ ਜਾਰੀ ਹੈ। ਇਸ ਨਾਲ ਉਥੋਂ ਦਾ ਵਿਰੋਧ ਹੋਰ ਵੀ ਵਧ ਰਿਹਾ ਹੈ। ਜੋ ਰਾਜਸੀ ਤਾਕਤਾਂ ਉਥੋਂ ਦੇ ਲੋਕਾਂ ਦੀ ਪੀੜਾ ਨੂੰ ਏਨੇ ਲੰਮੇ ਸਮੇਂ ਤਕ ਬਣਾਈ ਰੱਖਣ ਲਈ ਜ਼ਿੰਮੇਵਾਰ ਹਨ, ਉਥੇ ਇਹਨਾਂ ਦੀ ਵਰਤੋਂ ਆਪਣੇ ਤੰਗ ਨਜ਼ਰ ਰਾਜਸੀ ਸੁਆਰਥਾਂ ਲਈ ਕਰ ਰਹੇ ਹਨ।

ਅਣਸਾਹਵਾਂ ਵਿਕਾਸ ਤੇ ਉਸ ਦਾ ਲਗਾਤਾਰ ਤੇਜ ਰੂਪ ਲੈਂਦੇ ਜਾਣਾ ਮੌਜੂਦਾ ਦਲਾਲ ਹਕੂਮਤੀ ਵਿਵਸਥਾ 'ਚ ਰਚਿਆ ਕਿਰਦਾਰ ਹੈ। ਕੇਂਦਰ ਤੇ ਰਾਜਾਂ ਦੀਆਂ ਸਰਕਾਰਾਂ ਇਸ ਅਣਸਾਹਵੇ ਵਿਕਾਸ ਨੂੰ ਉਤਸ਼ਾਹਿਤ ਹੀ ਕਰਦੀਆਂ ਰਹੀਆਂ ਹਨ। ਇਸ ਅਣਸਾਹਵੇ ਵਿਕਾਸ ਤੋਂ ਪੈਦਾ ਹੋਏ ਰੋਹ ਤੇ ਗੁੱਸੇ ਦੀ ਵਰਤੋਂ ਕਰਕੇ ਤੰਗਨਜ਼ਰ ਤਾਕਤਾਂ ਉਭਰ ਰਹੀਆਂ ਹਨ ਅਤੇ ਵਧ ਫੁਲ ਰਹੀਆਂ ਹਨ। ਸਭ ਰਾਜਸੀ ਪਾਰਟੀਆਂ ਉਹਨਾਂ ਉਤਸ਼ਾਹਿਤ ਕਰਨ ਦੀ ਮੌਕਾਪ੍ਰਸਤ ਰਾਜਨੀਤੀ 'ਚ ਲਿਪਤ ਹਨ। ਉਹਨਾਂ ਇਹਨਾਂ ਦੀ ਵਰਤੋਂ ਵੋਟ ਬੈਂਕ ਵਧਾਉਣ ਲਈ ਸਹਿਯੋਗੀ ਵਜੋਂ ਕਰਦੀ ਹੈ। ਜਾਤੀ ਦੇ ਸੁਆਲ ਤੇ ਹਾਲਾਤ ਹੋਰ ਵੀ ਖਰਾਬ ਹਨ। ਦਲਿਤਾਂ ਤੇ ਹੋਰ ਦੱਬੇ ਕੁਚਲੇ ਤਬਕਿਆਂ ਦੀ ਜਾਤੀਗਤ ਲੁੱਟ ਦਾ ਅੰਤ ਕਰਨ ਤੇ ਜਮਾਤ ਤੇ ਜਾਤ ਰਹਿਤ ਸਮਾਜ ਬਣਾਉਣ ਦੇ ਯਤਨਾ ਨੂੰ ਅੱਗੇ ਲੈ ਜਾਣ ਦੀ ਬਜਾਏ ਜਾਤ ਦੀ ਵੋਟ ਬੈਂਕ ਵਜੋਂ ਵਰਤੋਂ ਵਧ ਰਹੀ ਹੈ। ਇਹ ਕੰਮ ਸਿਰਫ ਬਸਪਾ ਵਰਗੀ ਜਾਤ ਅਧਾਰਤ ਪਾਰਟੀ ਹੀ ਨਹੀਂ ਕਰ ਰਹੀ ਹੈ ਬਲਕਿ ਹਾਕਮ ਜਮਾਤ ਦੀਆਂ ਸਾਰੀਆਂ ਪਾਰਟੀਆਂ ਇਸ 'ਚ ਲੱਗੀਆਂ ਹੋਈਆਂ ਹਨ। ਇਹਨਾਂ ਸਾਰਿਆਂ ਦੀ ਵਜ੍ਹਾ ਕਾਰਨ ਪਤਨਸ਼ੀਲ ਤੇ ਭੰਨਤੋੜ ਵਾਦੀ ਤਾਕਤਾਂ ਦਿਨ-ਬ-ਦਿਨ ਮਜ਼ਬੂਤ ਹੁੰਦੀਆਂ ਜਾ ਰਹੀਆਂ ਹਨ। ਸਵੈ ਸੇਵੀ ਸੰਸਥਾਵਾਂ ਵਲੋਂ ਪ੍ਰਚਾਰਿਤ ਰਾਜਸੀ ਦ੍ਰਿਸ਼ਟੀਕੋਣ ਨਾਲ ਉਹਨਾਂ ਨੂੰ ਹੋਰ ਤਾਕਤ ਮਿਲ ਰਹੀ ਹੈ। ਸਾਮਰਾਜੀਆਂ ਖਾਸ ਕਰਕੇ ਅਮਰੀਕੀ ਸਾਮਰਾਜੀਆਂ ਦਾ ਇਹਨਾਂ ਤਾਕਤ ਨੂੰ ਉਤਸ਼ਾਹ ਦੇਣ 'ਚ ਆਪਣਾ ਉਹਨਾਂ ਦਾ ਸੁਆਰਥੀ ਹਿੱਤ ਹੈ। ਜਿਸ ਨਾਲ ਉਹ ਨਵ-ਉਪ ਨਿਵੇਸ਼ੀਕਰਨ ਦੀ ਮੁਹਿੰਮ ਤੇਜ਼ ਕਰ ਸਕਦੇ ਹਨ। ਇਸ ਖੇਡ 'ਚ ਦਲਾਲ ਪਾਰਟੀਆਂ

ਸਾਮਰਾਜੀ ਸ਼ਕਤੀਆਂ ਤੇ ਸਨਅਤੀ ਘਰਾਣਿਆ ਦੇ ਹਥਿਆਰ ਵਜੋਂ ਕੰਮ ਕਰ ਰਹੀਆਂ ਹਨ। ਜਿਵੇਂ ਜਿਵੇਂ ਚੋਣਾਂ ਦੀ ਤਰੀਖ ਨੇੜੇ ਆਉਂਦੀ ਜਾ ਰਹੀ ਹੈ ਤਿਵੇਂ ਤਿਵੇਂ ਪੂੰਜੀਵਾਦੀ ਮੀਡੀਆ ਨੇ ਮਾਹੌਲ ਨੂੰ ਗੈਰ ਸਿਆਸੀ ਬਣਾਉਣ 'ਚ ਇਕ ਵੱਡੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਨਾਲ ਧਨ ਦੀ ਤਾਕਤ ਬਾਹੂਬਲ ਤੇ ਸ਼ਰਾਬ ਦੀ ਮਸ਼ੀਨਰੀ ਵੀ ਆਪਣੀ ਗੰਦੀ ਭੂਮਿਕਾ ਨਿਭਾ ਰਹੀ ਹੈ। ਇਸ ਤਰ੍ਹਾਂ ਚੋਣਾਂ ਦੇ ਬੁਨਿਆਦੀ ਮੁੱਦਿਆਂ ਨੂੰ ਲਾਂਭੇ ਕਰਕੇ ਉਸ 'ਤੇ ਪਰਦਾ ਪਾ ਦਿੱਤਾ ਗਿਆ ਹੈ। ਇਸ ਦੀ ਬਜਾਏ ਫਿਰਕਾਪ੍ਰਸਤ ਜਾਤੀਵਾਦੀ ਤੰਗਨਜ਼ਰ ਤੇ ਹੋਰ ਸਤਈ ਮੁੱਦਿਆਂ ਨੂੰ ਉਠਾਇਆ ਜਾ ਰਿਹਾ ਹੈ। ਰਾਜਸੀ ਮੁੱਦਿਆਂ ਨੂੰ ਛੱਡ ਕੇ ਵਿਅਕਤੀਆਂ ਨੂੰ ਉਭਾਰਿਆ ਜਾ ਰਿਹਾ ਹੈ। ਕੁਲ ਮਿਲਾ ਕੇ ਚੋਣਾਂ ਨੂੰ ਵਿਹਾਰ 'ਚ ਪ੍ਰੇਸ਼ਾਨ ਬਣਾ ਦਿੱਤਾ ਗਿਆ ਹੈ। ਜਿਸ ਨਾਲ ਬੁਨਿਆਦੀ ਤੌਰ 'ਤੇ ਇਕ ਬਰਾਬਰ ਨੀਤੀਆਂ ਦੀਆਂ ਪੌਸ਼ਿਕ ਵੱਖ-ਵੱਖ ਰਾਜਸੀ ਪਾਰਟੀਆਂ ਜਾਂ ਉਹਨਾਂ ਦੇ ਮੋਰਚੇ ਸੱਤਾ 'ਚ ਸਾਂਝੇਦਾਰੀ ਕਰ ਰਹੇ ਹਨ। ਇਹ ਸਾਰੇ ਚੋਣਾਂ ਨੂੰ ਸੰਗੀਤਮਈ ਕੁਰਸੀ ਦੀ ਖੇਡ 'ਚ ਬਦਲ ਦੇਣਾ ਚਾਹੁੰਦੇ ਹਨ। ਅਮਰੀਕਾ 'ਚ ਰਾਸ਼ਟਰਪਤੀ ਦੀ ਚੋਣ ਲਈ ਰਿਪਬਲੀਕਨ ਤੇ ਡੈਮੋਕਰੇਟ ਉਮੀਦਵਾਰਾਂ 'ਚ ਖੇਡਿਆ ਗਿਆ ਨਾਟਕ ਨੂੰ ਇਥੇ ਬੇਢਪੇ ਢੰਗ ਨਾਲ ਦੁਹਰਾਇਆ ਜਾ ਰਿਹਾ ਹੈ। ਇਹਨਾਂ ਚੋਣਾਂ ਦਾ ਜਮਾਤੀ ਸੰਘਰਸ਼ ਤੇਜ਼ ਕਰਨ ਲਈ ਪਾਰਟੀ ਦੀ ਦਿਸ਼ਾ ਦਾ ਪ੍ਰਚਾਰ ਕਰਨ ਲਈ ਅਤੇ ਪਾਰਟੀ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਕਿਸ ਹੱਦ ਤਕ ਵਰਤਿਆ ਜਾ ਸਕਦਾ ਹੈ। ਇਸ ਦਾ ਸਹੀ ਮੁਲਾਂਕਨ ਕਰਕੇ ਇਨਕਲਾਬੀ ਤਾਕਤਾਂ ਨੂੰ ਚਾਹੀਦਾ ਹੈ ਕਿ ਪਿਛਾਖੜੀ ਤੇ ਸੁਧਾਰਵਾਦੀ ਕਿਰਦਾਰ ਦਾ ਪਰਦਾਫਾਸ਼ ਕਰਨ।

# ਬੇਲਗਾਮ ਚੁਣਾਵੀ ਖਰਚੇ

ਜ਼ਮੀਨੀ ਹਕੀਕਤ ਨੂੰ ਮੰਨੀਏ ਤਾਂ ਰਾਜਸਥਾਨ ਵਿੱਚ ਵਿਧਾਇਕਾਂ ਦਾ ਚੁਣਾਵੀ ਖਰਚ 75 ਲੱਖ ਤੋਂ ਇਕ ਕਰੋੜ ਰੁਪਏ ਹੈ ਤਾਂ ਮੱਧ ਪ੍ਰਦੇਸ਼ ਤੇ ਉਤਰ ਪ੍ਰਦੇਸ਼ ’ਚ ਇਹ ਖਰਚਾ ਦੋ ਤੋ ਢਾਈ ਕਰੋੜ ਤਕ ਪਹੁੰਚ ਜਾਂਦਾ ਹੈ। ਹਾਲਾਂਕਿ ਚੋਣ ਕਮਿਸ਼ਨ ਨੇ ਵਿਧਾਇਕ ਚੁਣਾਵੀ ਖਰਚਿਆ ਦੀ ਸੀਮਾ ਰੇਖਾ ਵੱਧ ਤੋਂ ਵੱਧ 40 ਲੱਖ ਰੁਪਏ ਤਹਿ ਕੀਤੀ ਹੈ। ਚੁਣਾਵੀ ਖਰਚਿਆਂ ’ਤੇ ਨਜ਼ਰ ਰੱਖਣ ਲਈ ਕਮਿਸ਼ਨ ਵੱਲੋਂ ਅਬਜ਼ਰਵਰ ਤੈਨਾਤ ਕੀਤੇ ਜਾਂਦੇ ਹਨ। ਪਰ ਉਤਰ ਪ੍ਰਦੇਸ਼ ਦੀਆਂ ਪਿਛਲੀਆਂ ਚੋਣਾਂ ’ਚ ਜਦ ਸੰਨ 1955 ਬੈਚ ਦ ਮਹਾਂਰਾਸ਼ਟਰ ਕਾਡਰ ਦੇ ਇਕ ਆਈ. ਏ. ਐਸ. ਅਰਵਿੰਦ ਕੁਮਾਰ ਨੇ ਬਤੌਰ ਅਬਜ਼ਰਵਰ ਬਹਿਰਾਈਚ ’ਚ ਹੋ ਰਹੀ ਗੜਬੜ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਇਲਾਕੇ ਦੇ ਇਕ ਨੇਤਾ ਦੇ ਇਸ਼ਾਰੇ ’ਤੇ ਅਰਵਿੰਦ ਕੁਮਾਰ ਖਿਲਾਫ ਸਿਪਾਹੀਆਂ ਦੀ ਬੰਦੂਕ ਖੋਹਣ ਦਾ ਇਲਜ਼ਾਮ ਲੱਗਿਆ। ਅਰਵਿੰਦ ਖਿਲਾਫ ਐਫ. ਆਈ. ਆਰ. ਦਰਜ ਹੋਈ ਤੇ ਉਹਨਾਂ ਨੂੰ ਸਸਪੈਂਡ ਕਰ ਦਿੱਤਾ ਗਿਆ। ਦਰਅਸਲ ਚੋਣਾਂ ’ਚ ਕਮਿਸ਼ਨ ਵਲੋਂ ਖਰਚੇ ’ਤੇ ਕੰਟਰੋਲ ਦੀ ਹਰ ਕੋਸ਼ਿਸ਼ ਜ਼ਮੀਨ ’ਤੇ ਹਵਾ ਹੋ ਜਾਂਦੀ ਹੈ। ਹਰ ਪਾਰਟੀ ਦੇ ਉਮੀਦਵਾਰ ਬੇਝਿਜਕ ਇਸ ਰੇਖਾ ਦੀ ਉਲੰਘਣਾ ਕਰਦੇ ਹਨ। ਕਈ ਵਾਰੀ ਇਹ ਮੁੱਦਾ ਉਠਿਆ। ਲੋਕ ਰਾਜ ’ਚ ਆਉਣ ਪਿਛੋਂ ਹਰ ਜਿਤੇ ਉਮੀਦਵਾਰ ਲਈ ਨਿਵੇਸ਼ ਦੀ ਪੂਰਤੀ ਤੇ ਫੇਰ ਕਮਾਉਣ ਦੀ ਕੋਸ਼ਿਸ਼ ਕਰਦਾ ਹੈ। ਸੰਨ 1989 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਸੀ. ਪੀ. ਆਈ. ਦੇ ਨੇਤਾ ਇੰਦਰਜੀਤ ਗੁਪਤਾ ਦੀ ਅਗਵਾਈ ’ਚ ਬਣੀ ਕਮੇਟੀ ਨੇ ਅਮਰੀਕੀ ਚੋਣਾ ਦੀ ਤਰਜ਼ ’ਤੇ ਸਰਕਾਰ ਵੱਲੋਂ ਚੋਣ ਖਰਚ ਦੇ ਸੁਝਾਅ ਉਪਰ ਕੰਮ ਕਰਨਾ ਸ਼ੁਰੂ ਕੀਤਾ ਪਰ ਗੱਲ ਸਿਰੇ ਨਾ ਚੜ੍ਹੀ। ਰਾਜਸੀ ਪਾਰਟੀਆਂ ਚਾਹੇ ਜੋ ਵੀ ਹੋਣ ਉਹ ਇਮਾਨਦਾਰੀ ਤੇ ਨੈਤਿਕਤਾ ਦੇ ਭਲੇ ਹੀ ਕਿੰਨੇ ਦਾਅਵੇ ਕਰਨ ਪਰ ਉਸ ਦੇ ਉਮੀਦਵਾਰ ਚੋਣ ਖਰਚੇ ਦੀ ਸੀਮਾ ਨੂੰ ਏਨੀ ਚਤਰਾਈ ਨਾਲ ਤੋੜਦੇ ਹਨ ਕਿ ਚੋਣ ਕਮਿਸ਼ਨ ਲਈ ਸਬੂਤਾਂ ਦੇ ਕਾਰਵਾਈ ਕਰ ਸਕਣਾ ਨਾ ਮੁਮਕਿਨ ਹੈ।

ਹਾਲਾਂਕਿ ਚੋਣ ਕਮਿਸ਼ਨਾ ਨੇ ਵਿਧਾਇਕਾਂ ਦਾ ਚੁਣਾਵੀਂ ਖਰਚ ਪ੍ਰਤੀ ਉਮੀਦਵਾਰ 10 ਲੱਖ ਰੁਪਏ ਨਿਰਧਾਰਿਤ ਕਰ ਰੱਖਿਆ ਹੈ। ਪਰ ਸਰਕਾਰੀ ਸੰਗਠਿਨ ਆਈ. ਈ. ਐਮ. ਐਸ. ਡੀ. ਦੇ ਨਿਰਦੇਸ਼ਕ ਅਸ਼ੀਸ ਚੋਪੜਾ ਮੁਤਾਬਿਕ ਸ਼ਾਇਦ ਹੀ ਕੋਈ ਨੁਮਾਇੰਦਾ ਚੁਣ ਕੇ ਆਇਆ ਹੋਵੇਗਾ ਜਿਸ ਨੇ ਤਹਿ ਖਰਚ ਦੇ ਅੰਦਰ ਰਹਿ ਕੇ ਆਪਣੀ ਚੋਣ ਲੜੀ ਹੋਵੇ।’ ਆਰਥਿਕ ਮਾਮਲਿਆਂ ਦੇ ਜਾਣਕਾਰ ਮੁਤਾਬਕ ਛੇ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਬਹੁਤ ਤਕ ਬਜ਼ਾਰ ’ਚ ਰੁਪਏ ਦੀ ਘਾਟ ਦੀ ਪੂਰਤੀ ਕਰ ਦੇਣਗੀਆਂ। ਜਾਹਿਰ ਹੈ ਕਿ ਮਾਮਲਾ ਕੁਝ ਕੁ ਕਰੋੜਾਂ ਦਾ ਨਹੀਂ, ਖੇਡ ਕਈ ਸੌ ਕਰੋੜ ਦੀ ਹੈ। ਪਰ ਮਹਿੰਗਾਈ ਨੇ ਕੁਝ ਉਮੀਦਵਾਰਾਂ ਦੀ ਵੀ ਕਮਰ ਤੋੜ ਦਿੱਤੀ ਹੈ। ਦਿੱਲੀ ਤੋਂ ਚੋਣ ਲੜ ਰਹੇ ਕਿ ਉਮੀਦਵਾਰ ਮੁਤਾਬਕ ਪਿਛਲੀ ਚੋਣ 50 ਲੱਖ ’ਚ ਲੜ ਸਕੇਗੀ। ਪਰ ਇਸ ਵਾਰੀ ਡੇਢ ਕਰੋੜ ਦਾ ਰਗੜਾ ਲੱਗਣਾ ਤਹਿ ਹੈ। ‘ਵਰਨਣਯੋਗ ਹੈ ਕਿ ਸੰਨ 1999 ’ਚ ਹਵਾਲਾਕਾਂਡ ਦੇ ਤੌਰ ’ਤੇ ਸਾਹਮਣੇ ਆਇਆ ਆਰਥਿਕ

ਅਪਰਾਧ ਦਾ ਬਹੁਤ ਹਿੱਸਾ ਰਾਜਸੀ ਨੇਤਾਵਾਂ ਤੇ ਸਿਆਸੀ ਦਲਾਂ ਨੂੰ ਕੀਤੀ ਜਾਣ ਵਾਲੀ ਫੀਡਿੰਗ ਨਾਲ ਜੁੜਿਆ ਨਿਕਲਿਆ। ਭਾਵੇਂ ਮਾਮਲੇ 'ਚ ਕੋਈ ਵੱਡਾ ਨੇਤਾ ਅੜਿੱਕੇ ਨਹੀਂ ਆਇਆ ਪਰ ਦੇਸ਼ ਦੇ ਲੋਕਾਂ ਨੇ ਪਹਿਲੀ ਵਾਰੀ ਜਾਣਿਆ ਕਿ ਕਿਸ ਤਰ੍ਹਾਂ ਹਵਾਲਾ ਰਾਹੀਂ ਵਿਦੇਸ਼ਾਂ ਤੋ ਪੈਸਾ ਸਿਆਸੀ ਪਾਰਟੀਆਂ ਤੇ ਨੇਤਾਵਾਂ ਤੋਂ ਇਲਾਵਾ ਅੱਤਵਾਦੀਆਂ ਤਕ ਪਹੁੰਚ ਰਿਹਾ ਹੈ।

ਚੋਣ ਕਮਿਸ਼ਨ ਨਾਲ ਜੁੜੇ ਉਚ ਅਧਿਕਾਰੀ ਮੁਤਾਬਕ "ਖਰਚ ਉਹੀ ਨਹੀਂ ਜੋ ਉਮੀਦ ਪ੍ਰਚਾਰ-ਪਸਾਰ 'ਤੇ ਕਰਦੇ ਹਨ, ਟਿਕਟ ਲਈ ਦਿੱਤੀ ਜਾਣ ਵਾਲੀ ਰਕਮ ਵੀ ਰਕਮ ਵੀ ਚੋਣ ਖਰਚੇ ਦਾ ਹਿੱਸਾ ਹੈ। ਪਰ ਨਾ ਕੋਈ ਵੇਰਵਾ ਦਿੰਦਾ ਹੈ ਤੇ ਨਾ ਹੀ ਸਾਡੇ ਕੋਲ ਇਹ ਜਾਨਣ ਦਾ ਕੋਈ ਜ਼ਰੀਆ ਹੈ।"

ਜਾਹਿਰ ਤੌਰ 'ਤੇ ਹਰ ਪਾਰਟੀ ਦਾ ਦਾਅਵਾ ਹੈ ਕਿ ਚੋਣ ਖਰਚ ਪਾਰਟੀ ਕਰਦੀ ਹੈ ਤੇ ਖਰਚ ਵੀ ਤਹਿ ਸੀਮਾ ਅੰਦਰ ਹੁੰਦਾ ਹੈ ਕਾਂਗਰਸ ਦੇ ਰਾਸ਼ਟਰੀ ਫੰਡ ਆਗੂ ਮੋਤੀ ਲਾਲ ਵੋਹਰਾ ਦਾ ਦਾਅਵਾ ਹੈ ਕਿ ਚੋਣ ਕਮਿਸ਼ਨ ਦੀ ਤਹਿ ਸੀਮਾ ਦੇ ਅੰਦਰ ਹੀ ਉਮੀਦਵਾਰ ਨੂੰ ਪਾਰਟੀ ਖਰਚਾ ਦਿੰਦੀ ਹੈ। ਹਾਲਾਂਕਿ ਨਾ ਦਾ ਖੁਲਾਸਾ ਨਾ ਕਰਨ ਦੀ ਸ਼ਰਤ 'ਤੇ ਭਾਜਪਾ ਤੇ ਕਾਂਗਰਸ ਦੋਹਾਂ ਦੇ ਉਮੀਦਵਾਰ ਸਾਫ ਕਹਿੰਦੇ ਹਨ। "ਦਸ ਲੱਖ ਤਾਂ ਕਿਸੇ ਕਾਲਜ ਵਿਦਿਆਰਥੀ ਯੂਨੀਅਨ ਦੀ ਵੀ ਨਹੀਂ ਲੜੀ ਜਾ ਸਕਦੀ।"

ਭਾਜਪਾ ਦੇ ਦਿਲੀ ਰਾਜ ਦੇ ਮੁਖੀ ਡਾ. ਹਰਸ਼ਵਰਧਨ ਕਹਿੰਦੇ ਹਨ, "ਸਾਡੇ ਕਿਸੇ ਵੀ ਉਮੀਦਵਾਰ ਨੇ ਨਾ ਤਾਂ ਪਹਿਲਾਂ ਕਦੀ ਖਰਚ ਦੀ ਸੀਮਾ ਉਲੰਘੀ ਹੈ ਤੇ ਨਾ ਹੀ ਅੱਗੇ ਕੋਈ ਅਜਿਹਾ ਕਰੇਗਾ।" ਜਦਕਿ ਕਾਂਗਰਸ ਦੇ ਦਿਲੀ ਰਾਜ ਮੁਖੀ ਜੈ ਪ੍ਰਕਾਸ਼ ਅਗਰਵਾਲ ਦਾ ਦਾਅਵਾ ਹੈ ਕਿ ਪਾਰਟੀ ਦੇ ਉਮੀਦਵਾਰ ਤਾਂ ਤਹਿ ਹੱਦ ਦੇ ਅੰਦਰ ਹੀ ਖਰਚ ਕਰਦੇ ਹਨ।' ਚੋਣ ਕਮਿਸ਼ਨ ਖਰਚੇ 'ਤੇ ਕੰਟਰੋਲ ਜਾਂ ਨਿਗਰਾਨੀ ਕਿਵੇਂ ਕਰਦਾ ਹੈ? ਇਸ ਤੇ ਛਤੀਸਗੜ੍ਹ ਦੇ ਮੁੱਖ ਚੋਣ ਅਧਿਕਾਰੀ ਡਾ. ਅਲੋਕ ਸ਼ੁਕਲਾ ਦਾ ਕਹਿਣਾ ਹੈ ਕਿ 10 ਲੱਖ ਤੋਂ ਵੱਧ ਖਰਚ ਦੀ ਸ਼ਿਕਾਇਤ 'ਚ ਚੋਣ ਕਮਿਸ਼ਨ ਕਾਰਵਾਈ ਕਰਦਾ ਹੈ। ਅਜਿਹੇ ਵਿੱਚ ਰਾਜਸਥਾਨ 'ਚ ਪਿਛਲੀ ਚੋਣ 'ਚ ਬਤੌਰ ਚੁਣਾਵ ਅਬਜ਼ਰਵਰ ਡਿਊਟੀ ਨਿਭਾ ਚੁੱਕੇ 1986 ਬੈਚ ਦੇ ਇਕ ਆਈ. ਏ. ਐਸ. ਅਫਸਰ ਦਾ ਕਹਿਣਾ ਹੈ ਕਿ 'ਹਮਾਮ 'ਚ ਸਭ ਨੰਗੇ ਹਨ, ਕੌਣ ਉਮੀਦਵਾਰ ਦੂਜੇ ਦੀ ਸ਼ਕਾਇਤ ਕਰੇਗਾ ਜਦਕਿ ਉਹ ਖੁਦ ਤਹਿ ਸੀਮਾ ਲੰਘ ਰਿਹਾ ਹੁੰਦੈ।

ਚੋਣ ਖਰਚਿਆਂ ਦਾ ਸਿੱਧਾ ਸਬੰਧ ਆਰਥਿਕ ਅਪਰਾਧਾਂ ਨਾਲ ਹੈ। ਕਰੋੜਾਂ ਦੀ ਕਾਲੀ ਕਮਾਈ ਸਫੈਦ ਕਰਨ 'ਚ ਕਾਰੋਬਾਰੀ ਤਬਕਾ ਵੀ ਪਿੱਛੇ ਨਹੀਂ ਹੈ। ਫਰਜ਼ੀ ਬਿਲਾਂ ਦੇ ਅੰਬਾਰ 'ਚ ਸਹੀ ਗਲਤ ਦਾ ਫੈਸਲਾ ਕਰ ਸਕਣ ਦੀ ਸਮਰਥਾ ਦੋ ਚਾਰ ਅਫਸਰਾਂ ਦੀ ਟੀਮ ਦੇ ਵਸ ਦੀ ਗੱਲ ਨਹੀਂ ਹੈ। ਉਹ ਵੀ ਤਾਂ ਖਰੀਦੇ ਜਾ ਸਕਦੇ ਹਨ। ਉਮੀਦਵਾਰ ਪੰਜ ਸੌ ਤੋਂ ਵੱਧ ਪਰਚੇ ਆਪਣੇ ਪ੍ਰਚਾਰ ਲਈ ਨਹੀਂ ਛਪਵਾ ਸਕਦਾ ਪਰ ਅਜਿਹੀ ਪ੍ਰਵਾਹ ਕਰਦਾ ਕੌਣ ਹੈ? ਸੀ. ਡੀ. ਅਖਬਾਰਾਂ ਤੇ ਚੈਨਲਾਂ 'ਚ ਲੱਖਾਂ ਖਰਚੇ ਹੁੰਦੇ ਹਨ। ਜਿਨ੍ਹਾਂ ਦਾ ਹਿਸਾਬ ਕਿਤਾਬ ਕਮਿਸ਼ਨ ਲਊ ਕਿਥੋਂ ਮਿਲਦਾ ਹੈ ਤਾਂ ਤਹਿ ਸੀਮਾ ਅੰਦਰ ਸ਼ਾਇਦ ਹੀ ਕੋਈ ਐਸਾ ਹੋਵੇ ਕਿਸੇ ਨੇ ਕਮਿਸ਼ਨ ਨੂੰ ਸ਼ਰਾਬ ਦੇ ਖਰਚੇ ਦਾ ਹਿਸਾਬ ਕਿਤਾਬ ਦਿੱਤਾ ਹੋਵੇ।

# ਜੇਲ੍ਹਾਂ 'ਚ ਕੈਦੀਆਂ ਦੀ ਹਾਲਤ

ਦਿੱਲੀ ਦੇ ਮਨੁੱਖੀ ਅਧਿਕਾਰ ਸੰਗਠਨ 'ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ' ਦੀ ਰਿਪੋਰਟ ਮੁਤਾਬਕ ਭਾਰਤੀ ਜੇਲ੍ਹਾਂ ਅਤੇ ਪੁਲੀਸ ਹਿਰਾਸਤ ਵਿੱਚ ਪੰਜ ਸਾਲਾਂ ਦੌਰਾਨ 7468 ਲੋਕਾਂ ਦੀ ਮੌਤ ਹੋ ਚੁੱਕੀ ਹੈ। ਭਾਰਤ ਸਰਕਾਰ ਨੇ ਇਸ ਦਾ ਪੁਰਜ਼ੋਰ ਵਿਰੋਧ ਕੀਤਾ ਹੈ। ਉਸ ਅਨੁਸਾਰ ਇਹ ਮੌਤਾਂ ਕੁਦਰਤੀ ਹਿਰਾਸਤ ਤੋਂ ਭੱਜਣ, ਆਤਮ-ਹੱਤਿਆ, ਦੰਗਿਆਂ, ਦੁਰਘਟਨਾਵਾਂ, ਹਸਪਤਾਲ 'ਚ ਇਲਾਜ ਜਾਂ ਫਿਰ ਅਪਰਾਧੀਆਂ ਦੇ ਆਪਸ ਵਿੱਚ ਹੀ ਝਗੜਿਆਂ ਕਾਰਨ ਹੋਈਆਂ ਹਨ।

ਇਹ ਸਹੀ ਹੈ ਕਿ ਇਨ੍ਹਾਂ ਵਿੱਚੋਂ ਕੁਝ ਮੌਤਾਂ ਦੇ ਉਪਰੋਕਤ ਕਾਰਨ ਵੀ ਜ਼ਿੰਮੇਵਾਰ ਰਹੇ ਹੋਣਗੇ ਪਰ ਮਨੁੱਖੀ ਅਧਿਕਾਰ ਸੰਗਠਨ ਦੀ ਰਿਪੋਰਟ ਨੂੰ ਮੁੱਢ ਤੋਂ ਨਕਾਰਨਾ ਬੇਈਮਾਨੀ ਹੋਵੇਗੀ। ਬਹੁਤੀਆਂ ਮੌਤਾਂ ਦਾ ਕਾਰਨ ਜੇਲ੍ਹ ਪ੍ਰਸ਼ਾਸਨ ਦੀ ਲਾਪਰਵਾਹੀ ਅਤੇ ਜੇਲ੍ਹ ਕਰਮਚਾਰੀਆਂ ਦਾ ਬੇਰਹਿਮ ਵਿਹਾਰ ਰਿਹਾ ਹੈ। 'ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ' ਦੀ ਰਿਪੋਰਟ ਮੁਤਾਬਕ ਜੇਲ੍ਹ ਦੇ ਕਈ ਕਰਮਚਾਰੀਆਂ ਅਤੇ ਅਧਿਕਾਰੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਚੁੱਕੀ ਹੈ। ਜੇਲ੍ਹਾਂ 'ਚ ਜਾਰੀ ਅਪਰਾਧਾਂ 'ਤੇ ਪਰਦਾ ਪਾਉਣ ਦੀਆਂ ਕੋਸ਼ਿਸ਼ਾਂ ਬਦਸਤੂਰ ਜਾਰੀ ਹਨ। ਸਾਲ 2002 ਤੋਂ ਬਾਅਦ ਜਮ੍ਹਾ ਕੀਤੇ ਗਏ ਇਨ੍ਹਾਂ ਅੰਕੜਿਆਂ ਨੂੰ ਜੇ ਰੋਜ਼ਾਨਾ ਦੇ ਹਿਸਾਬ ਨਾਲ ਵੇਖਿਆ ਜਾਵੇ ਤਾਂ ਰੋਜ਼ਾਨਾ ਚਾਰ ਬੰਦਿਆਂ ਦੀ ਮੌਤ ਹੋਈ ਹੈ।

ਜੇਲ੍ਹਾਂ 'ਚ ਹੋ ਰਹੇ ਅਤਿਆਚਾਰ ਅਤੇ ਮੌਤ ਪਿੱਛੇ ਜੋ ਅਧਿਕਾਰੀ ਜ਼ਿੰਮੇਵਾਰ ਹਨ, ਭਾਰਤ 'ਚ ਉਨ੍ਹਾਂ ਨੂੰ ਦੋਸ਼ੀ ਸਾਬਤ ਕਰਨ 'ਚ ਅਨੇਕਾਂ ਸਾਲ ਲੱਗ ਜਾਂਦੇ ਹਨ, ਜਿਸ ਦੀ ਵਜ੍ਹਾ ਨਾਲ ਇਹ ਅੰਕੜੇ ਵਧਦੇ ਹੀ ਜਾ ਰਹੇ ਹਨ। ਇਕ ਲੰਮਾ ਵਕਤ ਗੁਜ਼ਾਰਨ ਦੌਰਾਨ ਜਾਂ ਤਾਂ ਅਰੋਪੀ ਦੀ ਮੌਤ ਹੋ ਜਾਂਦੀ ਹੈ ਜਾਂ ਫਿਰ ਕਈ ਵਾਰ ਤਾਂ ਉਸ ਖਿਲਾਫ ਅਦਾਲਤ 'ਚ ਪਟੀਸ਼ਨ ਦਾਇਰ ਕਰਨ ਵਾਲਾ ਵਿਅਕਤੀ ਹੀ ਮਰ ਚੁੱਕਿਆ ਹੁੰਦਾ ਹੈ। ਇਸ ਰਿਪੋਰਟ ਦੇ ਇਸ ਨੁਕਤੇ ਉਤੇ ਜ਼ੋਰ ਦਿੱਤਾ ਗਿਆ ਹੈ ਕਿ ਭਾਰਤ ਸਰਕਾਰ ਖਿਲਾਫ ਅੰਦੋਲਨ ਚਲਾ ਰਹੇ ਸੰਗਠਨਾਂ ਨੂੰ ਸਜ਼ਾ ਦੇਣ ਦਾ ਰਿਕਾਰਡ ਬਹੁਤ ਖਰਾਬ ਹੈ। ਸਰਕਾਰ ਮਾਓਵਾਦੀਆਂ ਦੇ ਨਾਂ ਤੇ ਗ੍ਰਿਫਤਾਰ ਕੀਤੇ ਗਏ ਕੈਦੀਆਂ ਨੂੰ ਤਸੀਹੇ ਦੇਣ ਵਿੱਚ ਜੇਲ੍ਹ ਪ੍ਰਸ਼ਾਸਨ ਬਿਲਕੁਲ ਹੀ ਬੇਰਹਿਮ ਨਜ਼ਰ ਆਉਂਦਾ ਹੈ। ਪਿੱਛੇ ਜਿਹੇ ਹੀ ਮਾਓਵਾਦੀਆਂ ਦੇ ਨਾਂ ਤੇ ਗ੍ਰਿਫਤਾਰ ਕੀਤੇ ਗਏ ਪੱਤਰਕਾਰਾਂ ਸਮਾਜ ਸੇਵਕਾਂ ਦੀ ਜੇਲ੍ਹਾਂ 'ਚ ਹੋ ਰਹੀ ਦੁਰਦਸ਼ਾ ਨਾਲ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਜਾਣੇ ਪਹਿਚਾਣੇ ਸਮਾਜ ਸੇਵਕ ਡਾ. ਵਿਨਾਇਕ ਸੇਠ ਅਤੇ ਮਸ਼ਹੂਰ ਪੱਤਰਕਾਰ ਪ੍ਰਸ਼ਾਂਤ ਰਾਹੀਂ ਨੂੰ ਜੇਲ੍ਹ ਪ੍ਰਸ਼ਾਸਨ ਵੱਲੋਂ ਤਸੀਹੇ ਦੇਣ ਦੀਆਂ ਖਬਰਾਂ ਆ ਰਹੀਆਂ ਹਨ ਤਾਂ ਆਮ ਕੈਦੀ ਦੇ ਨਾਲ ਕਿਹੋ ਜਿਹਾ ਵਰਤਾਰਾ ਕੀਤਾ ਜਾਂਦਾ ਹੋਵੇਗਾ। ਇਸ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ

ਮਨੁੱਖੀ ਅਧਿਕਾਰ ਸੰਗਠਨ ਨੂੰ ਮੰਗ ਕੀਤੀ ਹੈ ਕਿ ਭਾਰਤ ਸਰਕਾਰ ਜੇਲ੍ਹਾਂ ਵਿੱਚ ਹੋ ਰਹੀਆਂ ਮੌਤਾਂ ਦੇ ਅੰਕੜਿਆਂ ਵੱਲ ਧਿਆਨ ਦੇਵੇ ਅਤੇ ਤਸੀਹਿਆਂ ਖਿਲਾਫ ਇਸ ਕਠੋਰ ਕਾਨੂੰਨ ਬਣਾਵੇ। ਸਰਕਾਰ ਨੂੰ ਤਸੀਹਿਆਂ ਦੇ ਖਿਲਾਫ ਸੰਯੁਕਤ ਰਾਸ਼ਟਰ

ਵੱਲੋਂ ਅਪਣਾਏ ਜਾ ਰਹੇ ਨਿਯਮਾਂ ਨੂੰ ਲਾਗੂ ਕਰਨਾ ਚਾਹੀਦਾ ਹੈ। ਜੇਲ੍ਹ ਪ੍ਰਸ਼ਾਸਨ ਬੇਰਹਿਮੀ ਕਾਰਨ ਹਮੇਸ਼ਾ ਹੀ ਖਬਰਾਂ 'ਚ ਬਣਿਆ ਰਹਿੰਦਾ ਹੈ। ਪਿਛਲੇ ਸਾਲ ਮੁਸਲਮਾਨਾਂ ਦੇ ਦਾੜ੍ਹੀ ਵਧਾਉਣ ਦੇ ਮੁੱਦੇ ਨੂੰ ਲੈ ਕੇ ਵੀ ਇਹ ਚਰਚਾ ਦਾ ਵਿਸ਼ਾ ਬਣ ਗਿਆ ਸੀ। ਧਿਆਨ ਯੋਗ ਹੈ ਕਿ ਉਦੋਂ ਭੂਪਾਲ ਸੈਂਟਰਲ ਜੇਲ੍ਹ ਵਿੱਚ ਬੰਦ ਕੁਝ ਮੁਸਲਮਾਨ ਕੈਦੀਆਂ ਨੇ ਸ਼ਿਕਾਇਤ ਕੀਤੀ ਸੀ ਕਿ ਪ੍ਰਸ਼ਾਸਨ ਨੇ ਉਨ੍ਹਾਂ ਦੇ ਦਾੜ੍ਹੀ ਰੱਖਣ ਅਤੇ ਟੋਪੀ ਪਹਿਨਣ 'ਤੇ ਪਾਬੰਦੀ ਲਾਈ ਹੋਈ ਹੈ। ਇਹ ਵੀ ਕਿਹਾ ਗਿਆ ਹੈ ਕਿ ਜੇਲ੍ਹ ਅਧਿਕਾਰੀਆਂ ਨੇ ਕੁਝ ਬੰਦੀਆਂ ਦੀ ਦਾੜ੍ਹੀ ਕੱਟਵਾ ਦਿੱਤੀ ਇਸ ਨੂੰ ਧਾਰਮਿਕ ਆਜ਼ਾਦੀ 'ਤੇ ਹਮਲਾ ਮੰਨਿਆ ਗਿਆ ਸੀ। ਉਨ੍ਹਾਂ ਸੂਬੇ ਦੇ ਘੱਟ ਗਿਣਤੀ ਕਮਿਸ਼ਨ ਦੇ ਮੁਖੀ ਅਨਵਰ ਮੁਹੰਮਦ ਖਾਨ ਨੇ ਉਦੋਂ ਕਿਹਾ ਸੀ ਕਿ ਮੁਸਲਮਾਨ ਆਪਣੇ ਧਾਰਮਿਕ ਰਿਵਾਜਾਂ ਮੁਤਾਬਕ ਦਾੜ੍ਹੀ ਵਧਾਉਂਦੇ ਹਨ। ਇਸ ਤਰ੍ਹਾਂ ਇਸ 'ਤੇ ਪਾਬੰਦੀ ਲਾਉਣਾ ਉਨ੍ਹਾਂ ਦੀ ਧਾਰਮਿਕ ਆਜ਼ਾਦੀ 'ਤੇ ਹਮਲਾ ਹੈ। ਹਾਲਾਂਕਿ ਪ੍ਰਸ਼ਾਸਨ ਨੇ ਆਪਣੇ ਪੱਖ ਵਿਚ ਵੀ ਸਫਾਈ ਦਿੱਤੀ ਸੀ ਕਿ ਦਾੜ੍ਹੀ ਮਾਮਲੇ ਪਿੱਛੇ ਉਸ ਦੀ ਮਨਸ਼ਾ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਨਹੀਂ ਸੀ ਬਲਕਿ ਕੈਦੀ ਦੀ ਅਸਲੀ ਪਹਿਚਾਨ ਨੂੰ ਕਾਇਮ ਰੱਖਣਾ ਸੀ।

ਇਸ ਤੋਂ ਪਹਿਲਾਂ ਤਿਹਾੜ ਜੇਲ੍ਹ 'ਚ ਹੋ ਰਹੀਆਂ ਕੈਦੀਆਂ ਦੀਆਂ ਮੌਤਾਂ ਸਬੰਧੀ ਵੀ ਪ੍ਰਸ਼ਾਸਨ ਦੀ ਘੱਟ ਖਿਚਾਈ ਨਹੀਂ ਹੋਈ ਸੀ। ਤਿਹਾੜ ਏਸ਼ੀਆ ਦੀ ਸਭ ਤੋਂ ਵੱਡੀ ਜੇਲ੍ਹ ਹੈ। ਇਸ 'ਚ ਲਗਭਗ 10 ਹਜ਼ਾਰ ਕੈਦੀ ਰੱਖੇ ਗਏ ਹਨ। ਜੋ ਕਿ ਥਾਂ ਤੋਂ ਬਹੁਤ ਵੱਧ ਹਨ। ਇਥੇ ਨੀਵੀਂ ਛੱਤ ਵਾਲੀਆਂ ਬੈਠਕਾਂ ਹਨ ਅਤੇ ਜਗ੍ਹਾ ਦੀ ਸਮਰੱਥਾ ਤੋਂ ਵੱਧ ਕੈਦੀ ਦੀ ਵਜ੍ਹਾ ਕਾਰਨ ਉਨ੍ਹਾਂ ਲਈ ਗਰਮੀ ਅਸਹਿ ਹੁੰਦੀ ਹੈ। ਕੁੱਲ ਮਿਲਾ ਕੇ ਭਾਰਤ ਦੇ ਕਿਸੇ ਵੀ ਸੂਬੇ ਦੀ ਜੇਲ੍ਹ ਹੋਵੇ ਹਰ ਥਾਂ ਕੈਦੀਆਂ ਦੀ ਹਾਲਤ ਤਰਸਯੋਗ ਅਤੇ ਵਿਚਾਰਨਯੋਗ ਹੈ।

# ਅਮਰੀਕੀ ਦੇਸ਼ ਭਗਤੀ ਤੇ ਨਿਆਂ ਦੀ ਮੌਤ

ਦੂਜੀ ਸੰਸਾਰ ਜੰਗ ਪਿਛੋਂ ਅਮਰੀਕਾ 'ਚ ਹਰ ਚੀਜ਼ ਨੂੰ ਇਸ ਨਜ਼ਰੀਏ ਨਾਲ ਵੇਖਿਆ ਜਾ ਰਿਹਾ ਸੀ ਕਿ ਉਸ ਨਾਲ ਕਿੰਨਾ ਮੁਨਾਫਾ ਹੁੰਦਾ ਹੈ। ਇੱਥੋਂ ਤੱਕ ਕਿ ਘ੍ਰਿਣਾ ਫੈਲਾਉਣ ਵਾਲੇ ਸੰਗਠਨ ਵੀ ਮੁਨਾਫੇ ਦਾ ਜ਼ਰੀਆ ਬਣ ਗਏ ਸਨ ਜੋ ਲੋਕਾਂ ਦੇ ਇਕ ਹਿੱਸੇ ਦੀ ਘ੍ਰਿਣਾ ਨੂੰ ਦੂਜੇ ਹਿੱਸੇ ਪ੍ਰਤੀ ਵਧਾਉਣਾ, ਉਕਸਾਉਣਾ ਤੇ ਵਰਤਣਾ ਜਾਣਦੇ ਸਨ।

ਪਹਿਲੀ ਜੰਗ ਦੌਰਾਨ ਅਮਰੀਕੀ ਸਰਕਾਰ ਨੇ 'ਕੁ ਕੁਲਕਸ ਕੁਲਾਨ' ਵਰਗੇ ਨਸਲਵਾਦੀ ਸੰਗਠਨਾਂ ਨੂੰ ਜੋ ਉਤਸ਼ਾਹ ਦਿੱਤਾ ਸੀ ਉਨ੍ਹਾਂ ਨੂੰ ਮੁੜ ਸੁਰਜੀਤ ਕਰਕੇ। ਉਨ੍ਹਾਂ ਦੀ ਜੋ ਪਾਲਣਾ ਪੋਸ਼ਣਾ ਕੀਤੀ ਗਈ ਸੀ ਉਸ ਦਾ ਹੀ ਇਹ ਸਿੱਟਾ ਸੀ ਕਿ ਅਮਰੀਕਾ 'ਚ ਪ੍ਰਵਾਸੀਆਂ (ਵਿਦੇਸ਼ੀ ਮੂਲ ਦੀ ਆਬਾਦੀ) ਪ੍ਰਤੀ ਘ੍ਰਿਣਾ ਤੇ ਰੋਸ ਦਾ ਮਾਹੌਲ ਸਿਖਰ 'ਤੇ ਪੁੱਜ ਗਿਆ ਸੀ। ਅਮਰੀਕੀ ਰਾਜ ਦੀ ਘ੍ਰਿਣਾ ਦੇ ਇਸ ਵਪਾਰ ਵਿਚ ਭਾਗੀਦਾਰੀ ਦੀ ਵਜ੍ਹਾ ਇਹ ਵੀ ਸੀ ਕਿ ਵਿਦੇਸ਼ੀ ਮੂਲ ਦੇ ਹੋਰ ਨੀਗਰੋ ਮਜ਼ਦੂਰ ਸਵਦੇਸ਼ੀ ਮਜ਼ਦੂਰਾਂ ਦੇ ਮੁਕਾਬਲੇ ਅੱਧੀ ਤਨਖਾਹ 'ਤੇ ਕੰਮ ਕਰਦੇ ਸਨ ਅਤੇ ਅਮਰੀਕੀ ਰਾਜ ਇਨ੍ਹਾਂ ਸਥਿਤੀਆਂ ਨੂੰ ਪੱਕੇ ਪੈਰੀਂ ਕਰ ਲੈਣਾ ਚਾਹੁੰਦਾ ਸੀ। 1920 ਤੱਕ 'ਕੁ ਕੁਲਕਸ ਕੁਲਾਨ' ਘ੍ਰਿਣਾ ਦੇ ਆਤੰਕ ਨੂੰ ਵੱਡੇ ਪੈਮਾਨੇ 'ਤੇ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦੇ ਮੈਂਬਰ ਕਹਿੰਦੇ ਸਨ ਕਿ ਉਹ 100 ਫੀਸਦੀ ਅਮਰੀਕੀ ਹੈ। ਇਹ ਸੰਗਠਨ ਟਰੇਡ ਯੂਨੀਅਨ ਨੂੰ ਕਮਿਊਨਿਜ਼ਮ ਦਾ ਪ੍ਰਤੀਕ ਮੰਨ ਕੇ ਉਨ੍ਹਾਂ ਦਾ ਵਿਰੋਧ ਕਰਦਾ ਸੀ। ਇਹ ਰੋਮਨ ਕੈਥੋਲਿਕਾਂ ਦਾ ਵਿਰੋਧ ਕਰਦਾ ਸੀ ਕਿਉਂਕਿ ਇਹ ਉਨ੍ਹਾਂ ਨੂੰ ਪੋਪ ਦੀ ਅਗਵਾਈ 'ਚ ਕੌਮਾਂਤਰੀ ਸਾਜ਼ਿਸ਼ ਮੰਨਦਾ ਸੀ। ਜਿਸ ਦਾ ਮੁੱਖ ਉਦੇਸ਼ ਬਲ ਤੇ ਹਿੰਸਾ ਨਾਲ 'ਵਾਈਟ ਹਾਊਸ' 'ਤੇ ਕਬਜ਼ਾ ਕਰਨਾ ਹੈ। ਇਹ ਸੰਗਠਨ ਯਹੂਦੀਆਂ ਸਭ ਵਿਦੇਸ਼ੀ ਮੂਲ ਦੇ ਲੋਕਾਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਦਾ ਸੀ ਅਤੇ ਖੁਦ ਨੂੰ ਅਮਰੀਕਾ ਦਾ ਸਭ ਤੋਂ ਵੱਡਾ ਦੇਸ਼ ਭਗਤ ਮੰਨਦਾ ਸੀ। 1924 ਤੱਕ ਇਸ ਦੀ ਮੈਂਬਰਸ਼ਿਪ ਗਿਣਤੀ 45 ਲੱਖ ਸੀ ਅਤੇ ਖਾਸ ਕਰਕੇ ਸੱਤ ਅਮਰੀਕੀ ਰਾਜਾਂ 'ਚ ਇਹ ਰਾਜਸੀ ਦ੍ਰਿਸ਼ ਤੇ ਭਾਵੀ ਸੀ ਜਿਥੇ ਉਹ ਗਵਰਨਰ, ਮੇਅਰ ਤੇ ਵਿਧਾਇਕ ਚੁਣਵਾਉਣ ਦੇ ਨਾਲ ਨਾਲ ਸਰਕਾਰ 'ਤੇ ਆਪਣਾ ਅਸਰ ਬਾਖ਼ੂਬੀ ਰੱਖਦਾ ਸੀ। ਇਹ ਰਾਜ ਸਨ – ਇੰਡਿਆਨਾ, ਔਹਿਓ, ਕੈਲੀਫੋਰਨੀਆ, ਟੈਕਸਾਸ, ਔਕਲਾਹੋਮਾ, ਅਰਕਾਸਾਸ ਤੇ ਔਰੇਗਾਨ।

'ਕੁ ਕੁਲਕਸ ਕੁਲਾਨ' ਸੰਗਠਨ ਦੀਆਂ ਕਾਰਵਾਈਆਂ ਕਿਥੇ ਸਨ ਤੇ ਕਿਥੇ ਲਾਗੂ ਕੀਤੀਆਂ ਜਾਂਦੀਆਂ ਸਨ? ਸੈਂਕੜੇ ਪਹਾੜੀਆਂ 'ਚ ਤੇਲ 'ਚ ਭਿੱਜੇ ਲੱਕੜੀ ਦੇ ਕ੍ਰਾਸ (ਇਸਾਈ ਧਰਮ ਦਾ ਇਕ ਪ੍ਰਤੀਕ) ਜਲਾਏ ਜਾਂਦੇ ਸਨ। ਰਾਤ ਸਮੇਂ ਹੁੰਦੀ ਇਸ ਕਾਰਵਾਈ 'ਚ ਮੌਜੂਦ ਲੋਕਾਂ ਤੇ ਸਰੀਰ 'ਤੇ ਸਫੈਦ ਲੀੜੇ ਹੁੰਦੇ ਤੇ ਉਨ੍ਹਾਂ ਦੇ ਚਿਹਰੇ ਨਕਾਬਾਂ ਨਾਲ ਢੱਕੇ ਹੁੰਦੇ ਸਨ। 'ਇਸਾਈ ਸਿਪਾਹੀਓ ਅੱਗੇ ਵਧੋ' ਦੇ ਗੀਤ ਗਾਉਂਦੇ ਇਨ੍ਹਾਂ ਲੋਕਾਂ ਦੇ ਆਪਣੇ ਰੂਲ ਹੁੰਦੇ ਸਨ ਜਿਨ੍ਹਾਂ ਦੀ ਆੜ 'ਚ ਇਹ ਲੋਕ ਘ੍ਰਿਣਾ ਤੇ ਹਿੰਸਾ ਦਾ ਤਾਂਡਵ ਰਚਦੇ ਸਨ। ਫ੍ਰੇਡਰਿਕ ਲੇਵਿਸ ਏਨੇਨ ਅਨੁਸਾਰ ਇਸ ਦੇ ਸਫੈਦ

ਲੀੜੇ ਦੇ ਨਕਾਬ ਇਸ ਦਾ ਗੁਪਤ ਕਿਰਦਾਰ ਬੇ-ਸਿਰਪੈਰ ਦੀ ਸ਼ਬਦਾਵਲੀ ਤੇ ਰੂਲ ਉਹ ਮਾਧਿਅਮ ਬਣਦੇ ਸਨ। ਜਿਸ 'ਤੇ ਲੋਕਤੰਤਰ ਲਈ ਬਚਕਾਨਾ ਪ੍ਰੇਮ ਗੁਪਤ ਸਾਹਸੀ ਕਾਰਨਾਮਿਆਂ ਦੀ ਹਵਸ਼ ਸਵਾਰ ਹੁੰਦੀ ਸੀ।

ਇਹ ਪ੍ਰੇਮ ਅਤੇ ਜਨੂੰਨ ਅੰਧੇਰੇ 'ਚ ਧੱਕੇ ਜਾ ਚੁੱਕੇ ਨੌਜਵਾਨਾਂ 'ਤੇ ਹਾਵੀ ਸੀ। ਇਸ ਸੰਗਠਨ ਦੀ ਵਰਦੀ ਪਹਿਨ ਕੇ ਇਕ ਦਿਹਾਤੀ ਅੱਧਖੜ ਯੂਨੀਅਨ ਸਾਮਰਾਜ ਦਾ ਯੋਧਾ ਬਣ ਜਾਂਦਾ ਸੀ ਅਤੇ ਬਹੁਤ ਸਾਰੇ ਯੂਨੀਅਨ ਬਣਾਉਣ ਵਾਲੇ ਵਿਅਕਤੀ ਤੇ ਨੀਗਰੋ ਇਸ ਯੋਧੇ ਦੇ ਚਾਬੁਕ ਦਾ ਸ਼ਿਕਾਰ ਹੁੰਦੇ ਸਨ। 1920 'ਚ ਅਮਰੀਕਾ 'ਚ ਮੌਜੂਦ 1.3 ਕਰੋੜ 'ਵਿਦੇਸ਼ਾਂ ਵਿਚ ਜਨਮੇ' ਅਤੇ ਉਨ੍ਹਾਂ ਦੇ 3 ਕਰੋੜ ਬੱਚੇ ਅਮਰੀਕਾ ਦਾ ਜ਼ਿਆਦਾਤਰ ਕੰਮ ਕਰਦੇ ਸਨ – ਕੋਲਾ ਖੇਤਰ, ਇਸਪਾਤ, ਕੱਪੜਾ ਸਨਅਤ, ਧਾਂਤੂ ਦੀ ਖੁਦਾਈ, ਉਸਾਰੀ, ਸਮੁੰਦਰ ਤੱਟੀ ਤੇ ਹੋਰ ਸਭ ਪੈਦਾਵਾਰ-ਉਸਾਰੇ ਦੇ ਉਹ ਕੰਮ ਕਰਦੇ ਸਨ। ਪਰ ਤਦ ਵੀ ਅਮਰੀਕਾ ਦੇ ਮੂਲ ਨਿਵਾਸੀਆਂ ਦੀ ਨਜ਼ਰ ਵਿਚ ਉਹ ਜਸੂਸ ਸਨ, ਵਿਦਰੋਹੀ, ਦੇਸ਼ਧ੍ਰੋਹੀ, ਗੱਦਾਰ ਤੇ ਅੱਤਵਾਦੀ ਸਨ। ਉਨ੍ਹਾਂ ਨੂੰ ਅਪਮਾਨਜਨਕ ਸੰਬੋਧਨਾਂ ਨਾਲ ਨਿਵਾਜਿਆ ਜਾਂਦਾ ਸੀ। ਵਿਡੰਬਨਾ ਇਹ ਕਿ ਰੈਡ ਇੰਡੀਅਨਾਂ ਤੋਂ ਇਲਾਵਾ ਜੋ ਵੀ ਖੁਦ ਨੂੰ ਸਵਦੇਸ਼ੀ ਕਹਿੰਦੇ ਸਨ, ਉਹ ਵੀ ਇਕ ਪੀੜ੍ਹੀ ਪਹਿਲਾਂ ਉਥੇ ਆ ਕੇ ਵਸੇ ਸਨ। 'ਵਿਦੇਸ਼ੀ' ਲੋਕ ਇਥੇ ਇਨਸਾਫ਼ ਤੇ ਸਨਮਾਨ ਦੀ ਖਾਤਰ ਆਏ ਸਨ ਪਰ ਉਹ ਆਪਣੇ ਮੂਲ ਦੇਸ਼ ਦੀ ਗੁਲਾਮੀ ਬਦਲੇ ਇਥੋਂ ਦੀ ਗੁਲਾਮੀ ਦੇ ਜਾਲ ਵਿਚ ਫਸੇ ਸਨ। ਇਹ ਆਸਟਰੇਲੀਆ-ਹੰਗਰੀ, ਇਟਲੀ, ਜਾਰਸ਼ਾਹੀ ਵਾਲੇ ਰੂਸ ਤੋਂ ਆਏ ਸਨ। ਅਜਿਹੇ ਹੀ ਦੋ 'ਵਿਦੇਸ਼ੀ' 1908 ਵਿਚ ਅਮਰੀਕਾ ਪਹੁੰਚੇ ਸਨ। ਉਹ ਦੋਨੋਂ ਗਰੀਬ ਸਨ, ਮਜ਼ਦੂਰ ਸਨ ਤੇ ਨਾਲ ਹੀ ਉਨ੍ਹਾਂ ਵਿਚ ਸਿੱਖਣ ਪ੍ਰਤੀ ਇਕ ਖਾਸ ਲਗਾਅ, ਸੰਗੀਤ ਤੇ ਸਭਿਆਚਾਰ ਨਾਲ ਇਕ ਖਾਸ ਪ੍ਰੇਮ ਸੀ – ਇਕ ਪ੍ਰਾਚੀਨ ਮਾਨਵਵਾਦੀ ਰਵਾਇਤ – ਜੋ 'ਵਿਦੇਸ਼ੀਆਂ' ਵੱਲੋਂ ਅਮਰੀਕੀ ਸਮਾਜ 'ਚ ਇਕ ਮਹਾਨ ਯੋਗਦਾਨ ਸੀ। ਇਹ ਦੋ ਅਣਜਾਣੇ ਨੌਜਵਾਨ ਸਨ ਬਾਰਟੋਲੋਮੇਵੋ ਵੈਂਜੇਟੀ ਜੋ 20 ਸਾਲ ਦੀ ਉਮਰ 'ਚ ਨਿਊਯਾਰਕ ਪਹੁੰਚਿਆ ਅਤੇ ਨਿਕੋਲਾ ਸੈਕੋ ਜੋ 17 ਸਾਲ ਦੀ ਉਮਰ ਵਿਚ ਬੋਸਟਨ ਤੱਟ 'ਤੇ ਪੁੱਜਾ। ਵੈਂਜੇਟੀ ਨੇ ਬਾਅਦ ਵਿਚ ਆਪਣੇ ਆਗਮਨ ਬਾਰੇ ਲਿਖਿਆ, 'ਪ੍ਰਵਾਸੀਆਂ ਦੇ ਸਟੇਸ਼ਨ' 'ਤੇ ਮੈਨੂੰ ਪਹਿਲੀ ਹੈਰਾਨੀ ਹੋਈ। ਮੁਸਾਫ਼ਰਾਂ ਪ੍ਰਤੀ ਅਧਿਕਾਰੀਆਂ ਦਾ ਵਿਹਾਰ ਅਜਿਹਾ ਸੀ ਕਿ ਯਾਤਰੀ ਯਾਤਰੀ ਨਹੀਂ ਜਾਨਵਰਾਂ ਦਾ ਇਕ ਝੁੰਡ ਹੋਣ। ਆਪਣੇ ਆਪਣੇ ਵਤਨ ਤੋਂ ਵਿਛੜਨ ਦੇ ਗ਼ਮ ਹੇਠ ਦੱਬੇ ਮੁਸਾਫ਼ਰਾਂ ਨਾਲ ਇਕ ਵੀ ਤਰਸ ਦਾ ਸ਼ਬਦ ਨਹੀਂ। ਮੈਨੂੰ ਖੂਬ ਯਾਦ ਹੈ ਕਿ ਕਿਵੇਂ ਮੈਂ ਆਗਮਨ ਪਿਛੋਂ ਨਿਚਲੇ ਨਿਊਯਾਰਕ ਵਿਚ ਇਕੱਲਾ ਖੜ੍ਹਾ ਸੀ। ਆਪਣੇ ਕੁਝ ਤੁਛ ਸਮਾਨ-ਕੱਪੜਿਆਂ ਤੇ ਥੋੜ੍ਹੇ ਜਿਹੇ ਪੈਸਿਆਂ ਨਾਲ। ਅਜੇ ਕੱਲ ਤੱਕ ਉਸ ਸਮਾਜ ਵਿਚ ਮੈਂ ਸੀ, ਜੋ ਮੈਨੂੰ ਜਾਣਦਾ ਸੀ ਅਤੇ ਅੱਜ ਸੁਬ੍ਹਾ ਹੀ ਮੈਂ ਇਕ ਐਸੀ ਧਰਤੀ 'ਤੇ ਜਾਗਿਆ ਹਾਂ ਜਿਥੇ ਮੇਰੀ ਆਵਾਜ਼ ਇਥੋਂ ਦੇ ਲੋਕਾਂ ਨੂੰ ਕਿਸੇ ਗੂੰਗੇ ਜਾਨਵਰ ਦੀਆਂ ਆਵਾਜ਼ਾਂ ਤੋਂ ਸ਼ਾਇਦ ਕੁਝ ਵਧ ਲੱਗ ਰਹੀਆਂ ਹੋਣ। ਮੈਂ ਕਿਥੇ ਜਾਊਗਾ? ਕੀ ਕਰੂੰਗਾ? ਇਹੀ ਉਮੀਦਾਂ ਦਾ ਦੇਸ਼ ਹੈ। ਇਥੋਂ ਦੇ ਵੱਡੇ ਲੋਕ ਜੁਆਬ ਨਹੀਂ ਦਿੰਦੇ। ਗੱਡੀਆਂ ਤੇ ਟਰਾਲੀਆਂ ਕੁਝ ਨਹੀਂ ਸੁਣਦੀਆਂ। ਢਲਦੀ ਰਾਤ ਵਿਚ ਵੈਂਜੇਟੀ ਉਥੇ ਬਹੁਤ ਦੇਰ ਖੜਿਆ ਰਿਹਾ। ਵੈਂਜੇਟੀ ਪੁਯਿਨੀ ਦਾ ਪ੍ਰੇਮੀ ਸੀ, ਉਹ ਦੰਦਾਂ ਨੂੰ ਜਾਣਦਾ ਸੀ, ਉਸ ਅੰਦਰ ਇਮਾਨਦਾਰੀ

ਸੀ ਜੋ ਸੱਚ ਲਈ ਉਸ ਨੂੰ ਸਖ਼ਤ ਯਤਨ ਕਰਨ ਦੀ ਦਿੰਦੀ ਸੀ। ਭਲੇ ਹੀ ਰਾਹ ਵਿਚ ਖਤਰੇ ਕਿਉਂ ਨਾ ਆਉਣ। ਕਈ ਦਿਨਾਂ ਤੱਕ ਰੁਜ਼ਗਾਰ ਦੀ ਤਲਾਸ਼ 'ਚ ਭਟਕਦੇ ਹੋਇਆਂ ਉਹ ਭੁੱਖ ਨਾਲ ਹੋਣ ਵਾਲੀ ਬੇਹੋਸ਼ੀ ਦਾ ਮੁਕਾਬਲਾ ਕਰਦਾ ਰਿਹਾ ਫੁਟਪਾਥ ਦੇ ਬਿਸਤਰੇ ਦੀ ਕਠੋਰਤਾ ਵੀ ਉਸ ਨੇ ਉਦੋਂ ਹੀ ਸਮਝੀ। ਆਖਰਕਾਰ ਉਸ ਨੂੰ ਇਕ ਫੈਸ਼ਨਨੇਬਲ ਨਿਊਯਾਰਕ ਕਲੱਬ 'ਚ ਬਰਤਨ ਧੋਣ ਦਾ ਕੰਮ ਮਿਲ ਗਿਆ। ਤੇ ਫਿਰ ਉਸ ਦੀ ਜ਼ਿੰਦਗੀ ਹਜ਼ਾਰਾਂ ਨਵਾਗੰਤੁਕਾਂ ਵਰਗੀ ਹੋ ਗਈ। ਬਾਅਦ 'ਚ ਉਸ ਨੇ ਲਿਖਿਆ 'ਹਾਂ ਮੈਂ ਉਥੇ ਤਿੰਨ ਮਹੀਨੇ ਤੱਕ ਕੰਮ ਕੀਤਾ। ਅਟਾਰੀ ਜਿਥੇ ਅਸੀਂ ਸੌਂਦੇ ਸਾਂ, ਉਥੇ ਬਹੁਤ ਜ਼ਿਆਦਾ ਘੁਟਨ ਤੇ ਗਰਮੀ ਸੀ ਅਤੇ ਕੀੜੇ ਅੱਖ ਬੰਦ ਨਹੀਂ ਕਰਨ ਦਿੰਦੇ ਸਨ। ਉਹ ਨੌਕਰੀ ਛੱਡਣ 'ਤੇ ਇਕ ਐਸੀ ਨੌਕਰੀ ਮੈਕਿਵਨ ਰੈਸਟੋਰੈਂਟਾਂ 'ਚ ਮਿਲੀ-ਰਸੋਈ ਘਰ ਵੱਡਾ ਸੀ ਉਸ ਵਿਚ ਇਕ ਵਿਚ ਇਕ ਖਿੜਕੀ ਵੀ ਨਹੀਂ ਸੀ। ਕਿਸੇ ਕਾਰਨ ਬਿਜਲੀ ਜਾਣ 'ਤੇ ਪੂਰੀ ਤਰ੍ਹਾਂ ਹਨ੍ਹੇਰਾ ਛਾ ਜਾਂਦਾ ਸੀ। ਉਬਲਦੇ ਪਾਣੀ ਵਿਚ ਬਰਤਨ ਧੋਏ ਜਾਂਦੇ ਸਨ। ਤੇ ਇਸ ਪਾਣੀ ਦੀ ਭਾਪ ਉਪਰ ਛੱਤ ਤੋਂ ਬੂੰਦ ਬੂੰਦ ਟਪਕਦੀ ਸੀ। ਇਸ ਵਿਚ ਛੱਤ ਦੀ ਧੂੜ ਤੇ ਗੰਦਗੀ ਮਿਲ ਜਾਂਦੀ ਸੀ। ਕੰਮ ਦੇ ਸਮੇਂ ਗਰਮੀ ਭਿਆਨਕ ਹੁੰਦੀ ਸੀ।

ਵੈਂਜੇਟੀ ਨੇ ਉਥੇ ਅੱਠ ਮਹੀਨੇ ਕੰਮ ਕੀਤਾ ਪਰ ਜੇ ਉਹ ਸੀਵੇਜ (ਮਲੀ) ਸਬੰਧੀ ਕੰਮ ਵੀ ਕਰਦਾ ਤਾਂ ਉਸ ਨੂੰ ਖੁਦ ਵਿਚ ਮਹਾਨਤਾ ਦਾ ਅਨੁਭਵ ਹੁੰਦਾ। ਆਪਣੇ ਅਹਿਮ ਦੀ ਮਹਾਨਤਾ ਨਹੀਂ ਬਲਕਿ ਇਕ ਮਜ਼ਦੂਰ ਵਿਅਕਤੀ ਦੀ ਮਹਾਨਤਾ ਦਾ ਅਨੁਭਵ ਉਹ ਕਰਦਾ। ਅਕਰਸਰ ਸੁਬ੍ਹਾ ਦੋ ਵਜੇ ਤੱਕ ਉਹ ਕੰਮ ਨਿਪਟਾਉਂਦਾ, ਪਰ ਤੱਦ ਇਕ ਸਸਤੇ ਕਮਰੇ 'ਚ ਚਾਰਪਾਈ 'ਤੇ ਲੇਟ ਕੇ ਉਹ ਪੜ੍ਹਦਾ, ਤਦ ਤੱਕ ਪੜ੍ਹਦਾ ਜਦ ਤੱਕ ਰੌਸ਼ਨੀ ਮੱਧਮ ਹੋ ਕੇ ਚਮਕੀਲੀ ਧੁੱਪ 'ਚ ਨਹੀਂ ਬਦਲ ਜਾਂਦੀ ਉਹ ਸੋਚਦਾ ਸੀ ਕਿ ਕਿਤਾਬਾਂ 'ਚ ਉਸ ਨੂੰ ਆਪਣੀ ਖੋਜ ਦਾ ਕਾਰਨ ਮਿਲੇਗਾ ਕਿ ਲੱਖਾਂ ਲੋਕ ਆਖਰੀ ਹੱਦ ਤੱਕ ਮਿਹਨਤ ਕਰਦੇ ਹਨ। ਉਹ ਚਾਹੁੰਦਾ ਸੀ ਕਿ ਉਸ ਨੂੰ ਤੇ ਉਸ ਦੇ ਸਾਥੀਆਂ ਨੂੰ ਕੂੜੇ ਤੋਂ ਬਾਹਰ ਕੱਢਿਆ ਜਾਵੇ ਜਿਸ ਵਿਚ ਉਨ੍ਹਾਂ ਨੂੰ ਧੱਕਿਆ ਗਿਆ ਹੈ ਅਤੇ ਉਨ੍ਹਾਂ ਨੂੰ ਗਿਆਨ ਤੇ ਸਨਮਾਨਜਨਕ ਜੀਵਨ ਮਿਲੇ। ਵੈਂਜੇਟੀ ਅੱਗੇ ਪੜ੍ਹਨ ਵਾਲਾ ਵਿਅਕਤੀ ਸੀ, ਉਸ ਦਾ ਗਿਆਨ ਤੇ ਦੂਰਦ੍ਰਿਸ਼ਟੀ ਉਸ ਦੇ ਜੀਵਨ ਦੇ ਆਖਰੀ ਦਿਨਾਂ ਤੱਕ ਵਧਦੀ ਰਹੀ। ਕੁਨੇਕਟੀਕਟ ਦੀਆਂ ਪੱਥਰਾਂ ਦੀਆਂ ਖਾਨਾਂ 'ਚ ਕੰਮ ਕਰਦਿਆਂ ਉਹਨੇ ਪੜ੍ਹਨਾ ਜਾਰੀ ਰੱਖਿਆ ਕਿਉਂਕਿ ਉਸ ਵਿਚ ਗਿਆਨ ਤੇ ਮੁਕਤੀ ਦੀ ਪਿਆਸ ਸੀ ਅਤੇ ਗਿਆਨ ਤੇ ਦੋਨੋਂ ਉਸ ਲਈ ਇਕ ਹੀ ਸਨ। ਉਹ ਆਖਰਕਾਰ 'ਪਲਾਈਮਾਊਥ' 'ਮਾਸ' ਮੇਂ ਬਸਿਆ। ਉਥੇ ਉਸ ਨੇ 1916 'ਚ ਇਕ ਰੱਸੀ ਫੈਕਟਰੀ 'ਚ ਹੜਤਾਲ ਦੀ ਅਗਵਾਈ ਕੀਤੀ। ਤਦ ਤੱਕ ਉਸ ਨੂੰ ਇਹ ਪਤਾ ਲੱਗ ਚੁੱਕਿਆ ਸੀ ਕਿ ਪੜ੍ਹਨ ਨਾਲ ਮਹਾਨ ਬਣਿਆ ਜਾ ਸਕਦਾ ਹੈ ਪਰ ਅਸਲੀ ਖਤਰਾ ਪੜ੍ਹਨ ਦੇ ਨਾਲ ਸੱਚਾਈ ਦਾ ਬਿਆਨ ਕਰਨ ਵਿਚ ਹੈ।

'ਪਲਾਈਸਾਊਥ' ਇਕ ਤੀਰਥ ਥਾਂ ਸੀ - ਅਤੇ ਉਹ ਕਿਤਾਬਾਂ ਪੜ੍ਹਦਾ ਸੀ ਜੋ ਉਸ ਨੂੰ ਜ਼ੇਲ੍ਹ ਜਾਂ ਜਬਰ ਦਾ ਸ਼ਿਕਾਰ ਬਣ ਸਕਦੀਆਂ ਸਨ। ਬੱਸ ਪਲਾਈ ਸਾਊਥ ਦੇ ਸ਼ਕਤੀਸ਼ਾਲੀ ਲੋਕਾਂ ਨੂੰ ਜਾਣਕਾਰੀ ਲੱਗਣ ਦੀ ਹੀ ਦੇਰ ਸੀ। ਉਹ ਮਾਰਕਸ ਤੇ ਡਾਰਵਿਨ ਨੂੰ ਪੜ੍ਹ ਰਿਹਾ ਸੀ। 'ਪੂੰਜੀ' ਅਤੇ 'ਜਾਤੀਆਂ' ਦੀ ਉਤਪਤੀ ਪੜ੍ਹ ਰਿਹਾ

ਸੀ। ਉਹ ਹਯੂਗੋ, ਗੋਰਕੀ, ਟਾਲਸਟਾਏ, ਜੋਲਾ, ਦਾਂਤੇ, ਰੇਨਾਨ ਨੂੰ ਪੜ੍ਹ ਰਿਹਾ ਸੀ। ਆਹ, ਕਿੰਨੀਆਂ ਹੀ ਰਾਤਾਂ ਨੂੰ....” ਬਾਅਦ ’ਚ ਉਸ ਨੇ ਆਪਣੇ ਕਾਰਗਰ ਦੀ ਕੋਠੜੀ ਵਿਚ ਲਿਖਿਆ “ਮੈਂ ਕਿਸੇ ਕਿਤਾਬ ਸਬੰਧੀ ਮੱਠੀ ਗੈਸ ਦੀ ਲੋਅ ਦੇ ਸਹਾਰੇ ਪੜ੍ਹਨ ਬੈਠਾ ਸੀ ਅਤੇ ਲਗਭਗ ਸੁਬ੍ਹਾ ਹੋਣ ਤੱਕ ਉਸ ਨੂੰ ਪੜ੍ਹਦਾ ਸੀ। ਮੈਂ ਸਿਰਹਾਣੇ ’ਤੇ ਸਿਰ ਰੱਖਦਾ ਸੀ ਤਾਂ ਸੀਟੀ ਵੱਟ ਜਾਂਦੀ ਸੀ ਅਤੇ ਮੈਂ ਵਾਪਸ ਫੈਕਟਰੀ ਜਾਂ ਪੱਥਰ ਦੀ ਖਾਣ ਵਿਚ ਹੁੰਦਾ ਸੀ।”

ਉਹ ਮਜ਼ਦੂਰਾਂ ਦੀ ਉਸ ਫੌਜ ’ਚ ਸ਼ਾਮਲ ਹੋ ਗਿਆ ਸੀ ਜਿਸ ਦੇ ਪਾਰਸੰਸ ਤੇ ਹੇਵੁਡ ਮੈਂਬਰ ਰਹੇ ਸਨ। ਜਿਨ੍ਹਾਂ ਨੇ ਚਿੰਤਨ ਨਾਲ ਆਪਣੇ ਜੀਵਨ ਨੂੰ ਖਤਰੇ ਵਿਚ ਪਾਇਆ ਸੀ। ਜਿਨ੍ਹਾਂ ਨੇ ਆਪਣਾ ਪੂਰਾ ਦਿਮਾਗ ਹੀ ਪਲਟ ਦਿੱਤਾ ਸੀ ਅਤੇ ਸੱਚ ਦੀ ਖੋਜ ਅਤੇ ਉਸ ਦੀ ਤਾਮੀਰ ਦੇ ਯਤਨਾਂ ’ਚ ਲੱਗ ਪਏ ਸਨ। ਵੈਂਜੇਟੀ ਨੇ ਚਾਰਲਸਟਾਉਨ ਕਾਰਗਰ ’ਚ ਰਹਿੰਦੇ ਹੋਏ ਲਿਖਿਆ “ਮੈਂ ਸਿੱਖਿਆ ਕਿ ਜਮਾਤੀ-ਚੇਤਨਾ ਪ੍ਰਚਾਰਕਾਂ ਵੱਲੋਂ ਖੋਜਿਆ ਕੋਈ ਜੁਮਲਾ ਨਹੀਂ ਹੈ ਬਲਕਿ ਇਕ ਅਸਲੀ, ਜੈਵਿਕ ਸ਼ਕਤੀ ਹੈ ਅਤੇ ਜੋ ਇਸ ਦੇ ਮਹੱਤਵ ਨੂੰ ਸਮਝ ਲੈਂਦਾ ਹੈ। ਜਾਨਵਰ ਤੋਂ ਇਨਸਾਨ ਵਿਚ ਬਦਲ ਜਾਂਦਾ ਹੈ।” ਵੈਂਜੇਟੀ ਜੋ 1916 ਦੀ ਹੜਤਾਲ ਪਿਛੋਂ ‘ਬਲੈਕ ਲਿਸਟ’ ਵਿਚ ਆ ਗਿਆ ਸੀ, ਮੱਛੀ ਵੇਚਣ ਦਾ ਕੰਮ ਕਰਨ ਲੱਗਿਆ। ਉਹ ਆਪਣੇ ਹੀ ਦੇਸ਼ ਦੇ ਨਿਕੋਲਾ ਸਾਕੋ ਦਾ ਗੂੜ੍ਹਾ ਮਿੱਤਰ ਬਣ ਗਿਆ ਕਿਉਂਕਿ ਦੋਨਾਂ ਨੇ ਹੀ ਪਹਿਲੀ ਸੰਸਾਰ ਜੰਗ ਦਾ ਵਿਰੋਧ ਕੀਤਾ ਸੀ। ਯੁੱਧ ਸਬੰਧੀ ਉਹ ਉਸੀ ਨਤੀਜੇ ’ਤੇ ਪਹੁੰਚ ਗਏ ਸਨ ਜਿਸ ’ਤੇ ਰਾਸ਼ਟਰਪਤੀ ਵਿਲਸਨ ਉਦੋਂ ਪਹੁੰਚੇ ਸਨ ਜਦ ਉਨ੍ਹਾਂ ਨੇ ਯੁੱਧ ਨੂੰ ‘ਵਪਾਰਕ ਤੇ ਸਨਅਤੀ ਯੁੱਧ’ ਕਿਹਾ। ਯੁੱਧ ਵਿਚ ਇਨਸਾਨਾਂ ਨੂੰ ਮਾਰਨ ਦੀ ਬਜਾਏ, ਉਨ੍ਹਾਂ ਨੇ ਇਟਲੀ ਦੇ ਇਕ ਅਰਾਜਕਤਾਵਾਦੀ ਸੰਗਠਨ ਦੀ ਮੈਂਬਰਸ਼ਿਪ ਲੈ ਲਈ ਅਤੇ ਸੰਗਠਨ ਦੇ ਨਾਲ ਯੁੱਧ ਦੇ ਸਾਲਾਂ ਵਿਚ ਮੈਕਸੀਕੋ ਚਲੇ ਗਏ। ਯੁੱਧ ਸਮਾਪਤੀ ’ਤੇ ਮੈਸਾਸੂਸ਼ੇਟਸ ਪਰਤਣ ’ਤੇ ਵੀ ਉਨ੍ਹਾਂ ਦੀ ਆਪਸੀ ਦੋਸਤੀ ਬਰਕਰਾਰ ਸੀ। ਸਾਕੋ ਇਕ ਮਹਾਨ ਜੁੱਤਾ ਮਜ਼ਦੂਰ ਸੀ। ਉਹ ਇਕ ਛੋਟਾ ਤੇ ਗਠੀਲਾ ਖੂਬਸੂਰਤ ਨੌਜਵਾਨ ਸੀ ਜਿਸ ਵਿਚ ਜੀਵਨ ਦੀ ਅਥਾਹ ਭੁੱਖ ਸੀ। ਉਹਨੂੰ ਦਰੱਖਤਾਂ, ਫਲਾਂ, ਅਕਾਸ਼ ਨਾਲ ਪਿਆਰ ਸੀ। ਕੁਦਰਤ ਤੋਂ ਪੂਰੀ ਤੇਜ਼ੀ ਨਾਲ ਉਸ ਦਾ ਲਗਾਅ ਸੀ। ਉਹ ਇਕ ਮਾਹਰ ਮਾਲੀ ਵੀ ਸੀ। ਉਹ ਬਹੁਤ ਸਾਰੀਆਂ ਸਬਜ਼ੀਆਂ ਉਗਾਉਂਦਾ ਤੇ ਉਨ੍ਹਾਂ ਨੂੰ ਜ਼ਰੂਰਤਮੰਦਾਂ ’ਚ ਵੰਡ ਦਿੰਦਾ ਸੀ। ਉਸ ਦੀ ਪਿਆਰੀ ਪਤਨੀ ਰੋਜ਼ੀਨਾ ਸੀ, ਉਸ ਦੇ ਵਾਲ ਸੁਨਹਿਰੇ ਲਾਲ ਸਨ। ਉਨ੍ਹਾਂ ਦਾ ਇਕ ਪੁੱਤਰ ਦਾਂਤੇ ਅਤੇ ਇਕ ਪੁੱਤਰੀ ਆਈਨੇਜ਼ ਸੀ। ਉਹ ਪਰਿਵਾਰ ਕੁਦਰਤ ਦੀ ਗੋਦ ਵਿਚ ਇਕ ਕਿਰਾਏ ਦੀ ਕੁਟੀਆ ’ਚ ਰਹਿੰਦਿਆਂ ਬੇਹੱਦ ਖੁਸ਼ ਸੀ। ਰੋਜੀਨਾ ਇਕ ਦਇਆਵਾਨ ਔਰਤ ਸੀ। ਉਹ ਖੁਦ ਅਛਾਈ ਤੇ ਬੁਰਾਈ ਤੋਂ ਅਨਜਾਨ ਸੀ। ਗੁਆਂਢੀਆਂ ਅਨੁਸਾਰ ਉਹ ਦੋਨੋਂ ਐਤਵਾਰ

ਨੂੰ ਹੱਥਾਂ ’ਚ ਹੱਥ ਪਾ ਕੇ ਜੰਗਲਾਂ ਵਿਚ ਟਹਿਲਣ ਜਾਂਦੇ ਸਨ। ਪਰ ਸਾਕੋ ਦੇ ਵਿਚਾਰ ਅਜਿਹੇ ਸਨ ਕਿ ਉਹ ਘੱਟ ਕਿਸਮਤ ਵਾਲਿਆਂ ਨੂੰ ਨਹੀਂ ਭੁੱਲ ਸਕਦਾ ਸੀ। ਘੰਟਿਆਂ ਤੱਕ ਬਾਗਬਾਨੀ ਕਰਦੇ ਅਤੇ ਹਫ਼ਤੇ ’ਚ ਛੇ ਦਿਨ ਪੂਰਾ-ਪੂਰਾ ਦਿਨ ਫੈਕਟਰੀ ’ਚ ਕੰਮ ਕਰਨ ਪਿਛੋਂ ਵੀ ਉਹ ਆਸ ਪਾਸ ਦੇ ਹੜਤਾਲੀਆਂ ਦੀ ਮਦਦ ਕਰਨ ਲਈ ਵਕਤ ਕੱਢ ਲੈਂਦਾ ਸੀ ਅਤੇ 1912 ਦੀ ਲਾਰਿੰਸ ਹੜਤਾਲ ਵਿਚ ਅਗਵਾਈ ਦੇਣ ਵਾਲੇ

ਏਟਰ ਤੇ ਜਿਬੋਵਾਨਿਟੀ ਵਰਗੇ ਨੇਤਾਵਾਂ ’ਤੇ ਪਾਏ ਗਏ ਮੁਕੱਦਮਿਆਂ ਤੋਂ ਬਚਾਅ ਲਈ ਆਰਥਕ ਮਦਦ ਵੀ ਕਰਦਾ ਸੀ। 1916 ’ਚ ਉਸ ਨੂੰ ਮਿਜੇਸੱਟਾ ਦੇ ਮੇਸਾਬੀ ਆਇਰਨ ਰੇਂਜ ਦੇ ਹੜਤਾਲੀਆਂ ਪ੍ਰਤੀ ਹਮਦਰਦੀ ਜਾਹਰ ਕਰਨ ਲਈ ਆਯੋਜਿਤ ਮੁਜਾਹਰੇ ’ਚ ਭਾਗੀਦਾਰੀ ਲਈ ਗ੍ਰਿਫਤਾਰ ਕੀਤਾ ਗਿਆ। ਇਸ ਲਈ ਪਹਿਲਾਂ ਹੀ ਉਸ ਨੇ ਹੋਰ ਹੜਤਾਲੀਆਂ ਦੀ ਮਦਦ ਕਰਨ ਵਿਚ ਸਰਕਗਰਮ ਸਨ। 1920 ਦੀ ਸ਼ੁਰੂਆਤ ਵਿਚ ਵਿਦੇਸ਼ੀ ਮੂਲ ਦੇ ਲੋਕਾਂ ਦੀ ਗ੍ਰਿਫਤਾਰੀ ਅਤੇ ਉਜਾੜਾ ਇਕ ਪਵਿੱਤਰ ਧਰਮ ਯੁੱਧ ਬਣ ਗਿਆ। ਵਿਦੇਸ਼ੀ ਹੋਣਾ ਵੀ ਖਤਰੇ ਵਿਚ ਹੋਣਾ ਸੀ ਕਿਉਂਕਿ ਜਨੂੰਨ ਵਧਦਾ ਜਾ ਰਿਹਾ ਸੀ ਅਤੇ ਅਮਰੀਕਾ ਦੀ ਰਾਖੀ ਦੇ ਨਾਂ ’ਤੇ ਛਾਪੇ ਮਾਰੇ ਜਾਣ ਲੱਗੇ ਸਨ।

ਇਸ ਵਿਤਕਰੇ ਜਨੂੰਨ ਵਿਰੁੱਧ ਸੈਕੋ ਅਤੇ ਵੈਂਜੇਟੀ ਨੇ ਫੰਡ ਇਕੱਠਾ ਕੀਤਾ। ਪਰਚੇ ਛਪਵਾਏ ਅਤੇ ਵਿਰੋਧੀ ਸਭਾਵਾਂ ਆਯੋਜਿਤ ਕੀਤੀਆਂ। ਉਨ੍ਹਾਂ ਦੇ ਖੁਦ ਦੇ ਨਾਂ ਨਿਆਂ ਵਿਭਾਗ ਦੀ ਸੂਚੀ ਵਿਚ ਸਨ ਅਤੇ ਜਦ ਉਹ ਉਕਤ ਵਿਰੋਧ ਮੁਜਾਹਰੇ ਆਯੋਜਿਤ ਕਰਨ ਲੱਗੇ ਤਾਂ ਰਾਜ ਸਰਕਾਰ ਦੇ ਨਿਯੁਕਤ ਕੀਤੇ ਜਾਸੂਸ ਉਨ੍ਹਾਂ ਦਾ ਪਿੱਛਾ ਕਰਨ ਲੱਗੇ। ਜਦ ਅੰਦ੍ਰੇਆ ਸੈਲਸੇਤੋ ਨਾਮਕ ਇਟਲੀ ਮੂਲ ਦੇ ਇਕ ਛਪਾਈ ਕਰਨ ਵਾਲੇ ਨੂੰ ਨਿਊਯਾਰਕ ਵਿਚ ਗ੍ਰਿਫਤਾਰ ਕੀਤਾ ਗਿਆ ਜੋ ਵੈਂਜੇਟੀ ਦਾ ਦੋਸਤ ਸੀ। ਤਦ ਵੈਂਜੇਟੀ ਉਸ ਬਾਰੇ ਪਤਾ ਕਰਕੇ ਨਿਊਯਾਰਕ ਗਿਆ। ਉਹ 3 ਮਈ 1920 ਨੂੰ ਜਦ ਵਾਪਸ ਆਇਆ ਤਾਂ ਪਤਾ ਲੱਗਿਆ ਕਿ ਅੰਦ੍ਰੇਆ ਦਾ ਕੁਚਲਿਆ ਹੋਇਆ ਸਰੀਰ ਨਿਊਯਾਰਕ ਦੇ ਪਾਰਕ ਭਵਨ ਦੇ ਨਿਆਂ ਵਿਭਾਗ ਦੀ 14ਵੀਂ ਮੰਜਲੀ ਖਿੜਕੀ ਦੇ ਹੇਠਾਂ ਮਿਲਿਆ। 8 ਹਫ਼ਤੇ ਤੱਕ ਗੈਰ ਕਾਨੂੰਨੀ ਤੌਰ ’ਤੇ ਬੰਦਕ ਬਣਾਏ ਰੱਖਣ ਪਿੱਛੋਂ ਜਾਂ ਤਾਂ ਸੈਲਸੇਡੋ ਕੁੱਦ ਗਿਆ ਸੀ ਜਾਂ ਉਸ ਨੂੰ ਨਿਆਂ ਵਿਭਾਗ ਨੇ ਧੱਕਾ ਦਿੱਤਾ ਸੀ। ਇਸ ਦੇ ਵਿਰੋਧ ਵਿਚ ਸੈਕੋ ਤੇ ਵੈਂਜੇਟੀ 9 ਮਈ ਨੂੰ ਆਯੋਜਿਤ ਮੁਜਾਹਰੇ ਦੀ ਤਿਆਰੀ ਵਿਚ ਜੁੱਟ ਗਏ।

ਪਰ 9 ਮਈ ਤੋਂ ਪਹਿਲਾਂ ਹੀ 9 ਮਈ ਦੇ ਮੁਜਾਹਰੇ ਦੇ ਪਰਚੇ ਵੰਡਦੇ ਹੋਇਆਂ ਸੈਕੋ ਤੇ ਵੈਂਜੇਟੀ ਗ੍ਰਿਫ਼ਤਾਰ ਕਰ ਲਏ ਗਏ। ‘ਖਤਰਨਾਕ’ ਇਨਕਲਾਬੀ ਸਰਗਰਮੀਆਂ ਦੇ ਲਈ ਗ੍ਰਿਫ਼ਤਾਰ ਕੀਤੇ ਗਏ ਸੈਕੋ ਤੇ ਵੈਂਜੇਟੀ ’ਤੇ ਪੈਸੇ ਲੈ ਕੇ ਡਕੈਤੀ ਕਰਨ ਦਾ ਮੁਕੱਦਮਾ ਚਲਾਇਆ ਗਿਆ। ਸਬੰਧਤ ਡਕੈਤੀ ’ਚ 15 ਅਪ੍ਰੈਲ 1920 ਨੂੰ ਮਾਸ ਦੇ ਦੱਖਣੀ ਬ੍ਰੇਂਟੀ ’ਚ ਦੋ ਗਾਰਡ ਮਾਰੇ ਗਏ। ਧਿਆਨ ਦੇਣ ਯੋਗ ਹੈ ਕਿ ‘ਖਤਰਨਾਕ’ ਇਨਕਲਾਬੀ ਕਾਰਵਾਈਆਂ ਦੇ ਲਈ ਨਹੀਂ ਬਲਕਿ ਇਸ ਡਕੈਤੀ ਲਈ ਇਨ੍ਹਾਂ ਨੂੰ ਮੌਤ ਦਿੱਤੀ ਗਈ। ਵੈਂਜੇਟੀ ਦਾ ਨਾਂ ਦਸੰਬਰ 1919 ’ਚ ਹੋਈ ਡਕੈਤੀ ਦੀ ਇਕ ਘਟਨਾ ’ਚ ਵੀ ਸ਼ਾਮਲ ਕਰ ਦਿੱਤਾ ਗਿਆ। ਦੁਨੀਆਂ ਜਾਣਦੀ ਸੀ ਕਿ ਵੈਂਜੇਟੀ ਦਾ ਡਕੈਤੀਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਦਰਅਸਲ ਇਹ ਮੁੱਦਾ ਹੀ ਨਹੀਂ ਸੀ। ਦੋਨੋਂ ਮੁਕੱਦਮਿਆਂ ਵਿਚ ਜੱਜ ਇਕ ਹੀ ਰਿਹਾ। ਪਹਿਲੇ ਮੁਕੱਦਮੇ ਦੌਰਾਨ ਇਸ ਦੇ ਜੱਜ ਥਾਪਰ ਨੇ ਜੂਰੀਓ ਨੂੰ ਕਿਹਾ ਸੀ ਕਿ ‘ਜੇ ਇਹ ਸੰਭਵ ਹੈ ਕਿ ਇਸ ਵਿਅਕਤੀ ਨੇ ਉਹ ਅਪਰਾਧ ਨਾ ਕੀਤਾ ਹੋਵੇ ਜਿਸ ਦਾ ਉਸ ’ਤੇ ਮੁਕੱਦਮਾ ਹੈ ਪਰ ਫਿਰ ਵੀ ਉਹ ਨੈਤਿਕ ਤੌਰ ’ਤੇ ਸਜ਼ਾਯੋਗ ਹੈ ਕਿਉਂਕਿ ਉਹ ਮੌਜੂਦਾ ਸੰਸਥਾਵਾਂ ਦਾ ਦੁਸ਼ਮਣ ਹੈ। ਵੈਂਜੇਟੀ ਨੂੰ ਦੋਸ਼ੀ ਕਰਾਰ ਦੇ ਕੇ 12 ਤੋਂ 15 ਸਾਲਾਂ ਦੀ ਕੈਦ ਸੁਣਾਈ ਗਈ। ਹੁਣ ਵੈਂਜੇਟੀ ਦਾ ਰਿਕਾਰਡ ਅਪਰਾਧ ਵਾਲਾ ਹੋ ਗਿਆ। ਇਸ ਦਾ ਅਸਰ ਦੂਜੇ ਮੁਕੱਦਮੇ ’ਤੇ ਪੈਣਾ ਸੀ। ਦੂਜੇ

ਮੁਕੱਦਮੇ ਵਿਚ ਵੀ ਜੱਜ ਥਾਪਰ ਹੀ ਸੀ। ਪੂਰੇ ਮੁਕੱਦਮੇ ਵਿਚ ਜੁਡੀਸ਼ਰੀ ਤੇ ਨਿਆਂ ਵਿਭਾਗ ਦੀ ਖਾਸੀ ਹੀ ਰੋਚਕ ਤਿਆਰੀ ਸੀ। ਡਕੈਤੀ ਦੇ ਆਮ ਮੁਕੱਦਮਿਆਂ ਤੋਂ ਖਾਸਾ ਹੀ ਵੱਖਰਾ ਮਾਹੌਲ ਬਣਾਇਆ ਗਿਆ ਸੀ। ਜੰਜ਼ੀਰਾਂ ਨਾਲ ਜਕੜੇ ਅਪਰਾਧੀਆਂ ਨੂੰ ਗਾਰਡਾਂ ਦੇ ਖਚਾਖਚ ਭਰੇ ਕੋਰਟ-ਰੂਮ 'ਚ ਲਿਆਂਦਾ ਗਿਆ। ਇਹ ਵਿਖਾਉਣ ਲਈ ਕਿ ਅਦਾਲਤ 'ਤੇ ਕਿਹਨਾਂ ਤਾਕਤਾਂ ਵੱਲੋਂ ਹਮਲੇ ਕਰਕੇ ਦੋਸ਼ੀਆਂ ਨੂੰ ਛੁਡਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਬਾਹਰ ਹਥਿਆਰਬੰਦ ਪੁਲਿਸ ਤੈਨਾਤ ਕਰ ਦਿੱਤੀ ਗਈ ਅਤੇ ਅਦਾਲਤੀ ਕਮਰੇ 'ਚ ਆਉਣ ਵਾਲੇ ਹਰ ਬੰਦੇ ਦੀ ਤਲਾਸ਼ੀ ਲਈ ਜਾਣ ਲੱਗੀ ਕਿ ਕਿਤੇ ਉਸ ਕੋਲ ਹਥਿਆਰ ਤਾਂ ਨਹੀਂ ਹਨ। ਇਹ ਸਭ ਸਮਾਜ 'ਚ ਸੈਕੋ-ਵੈਂਜੇਟੀ ਨੂੰ ਖਤਰਨਾਕ ਵਿਅਕਤੀਆਂ ਅਤੇ ਕਿਸੇ ਸਾਜ਼ਿਸ਼ੀ ਜਥੇਬੰਦੀ ਨਾਲ ਸਬੰਧਤ ਵਿਅਕਤੀਆਂ ਵਜੋਂ ਸਥਾਪਤ ਕਰਨ ਲਈ ਕੀਤਾ ਗਿਆ ਸੀ।

ਅਜਿਹਾ ਮਾਹੌਲ ਬੇਗੁਨਾਹਾਂ ਨੂੰ ਫਾਂਸੀ 'ਤੇ ਚੜ੍ਹਾਉਣ ਲਈ ਬਣਾਇਆ ਗਿਆ ਸੀ। ਇਸ ਲੜੀ ਵਿਚ 'ਨਿਆਂ' ਲਈ ਜੂਰੀ ਮੈਂਬਰਾਂ ਦਾ ਜੱਜ ਵੱਲੋਂ ਸੱਦਾ ਵੀ ਬਹੁਤ ਹੀ ਅਲੰਕਾਰਿਕ ਤਰੀਕੇ ਨਾਲ ਦੇਸ਼ ਭਗਤੀ ਦੀ ਚਾਸ਼ਨੀ 'ਚ ਲਪੇਟ ਕੇ ਕੀਤਾ ਗਿਆ। ਇਹ ਵੀ ਡਕੈਤੀ ਦੇ ਕਿਸੇ ਅਮਲੇ ਦੀ ਕਾਰਵਾਈ ਤੋਂ ਵੱਖਰਾ ਸੀ। ਜੱਜ ਥਾਪਰ ਨੇ ਜੂਰੀ ਮੈਂਬਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਫਰਾਂਸ (ਜੋ ਹਰ ਕਿਸੇ ਸੁਦੂਰ ਦੇਸ਼) ਜਾ ਕੇ ਅਮਰੀਕਾ ਲਈ ਲੜ ਰਹੇ ਕਿਸੇ ਫੌਜੀ ਦੀ ਤਰ੍ਹਾਂ ਸੋਚਣਾ ਚਾਹੀਦਾ ਹੈ ਸਿਰਫ਼ ਇਕ ਜੂਰੀ ਮੈਂਬਰ ਵਜੋਂ ਹੀ ਨਹੀਂ। ਇਸ ਲੜੀ ਵਿਚ ਸਬੰਧਤ ਪੁਲਿਸ ਅਧਿਕਾਰ ਰੋਜ਼ ਆ ਕੇ ਅਮਰੀਕੀ ਝੰਡੇ ਨਾਲ ਮੁਖਾਤਿਬ ਹੁੰਦਾ ਸੀ ਅਤੇ ਫੌਜੀਆਂ ਦੀ ਸ਼ੈਲੀ ਵਿਚ ਸਲਾਮੀ ਦਿੱਤੀ ਜਾਂਦੀ ਸੀ। ਕ੍ਰਮਵਾਰ ਤਰੀਕੇ ਨਾਲ ਦੋਸ਼ੀਆਂ ਦੇ ਵਿਦੇਸ਼ੀ ਖ਼ੂਨ ਨੂੰ ਉਦਘਾਟਿਤ ਕੀਤਾ ਗਿਆ। ਅਜੇ ਸਵਰਗਵਾਸੀ ਮਾਹੌਲ 'ਚ ਜੇ ਦੋਸ਼ੀਆਂ ਨੂੰ ਅੰਗਰੇਜ਼ੀ ਵੀ ਠੀਕ ਤਰ੍ਹਾਂ ਨਾ ਆਉਂਦੀ ਹੋਵੇ, ਉਨ੍ਹਾਂ ਦੇ ਵਿਚਾਰ ਉਨ੍ਹਾਂ ਨੂੰ ਉਸ ਯੁੱਧ ਖਿਲਾਫ਼ ਬੋਲਣ ਤੋਂ ਬੇਵੱਸ ਕਰਦੇ ਹੋਣ ਪਰ ਦੇਸ਼ ਭਗਤੀ ਦੇ ਪਾਖੰਡ ਪੂਰਨ ਮਾਹੌਲ ਵਿਚ ਜਿਸ 'ਚ ਸ਼ਾਮਲ ਹੋਣਾ ਸਭ ਤੋਂ ਪੁੰਨ ਕੰਮ ਮੰਨਿਆ ਜਾਂਦਾ ਹੋਵੇ, ਅਜਿਹੇ ਮਾਹੌਲ ਵਿਚ ਅਨਿਆਂ ਦੇ ਕਿੰਨੇ ਸਾਰਥਕ ਪ੍ਰਤੀਰੋਧ ਦੀ ਉਮੀਦ ਕੀਤੀ ਜਾ ਸਕਦੀ ਸੀ? ਜ਼ਿਲ੍ਹਾ ਅਟਾਰਨੀ ਨੇ ਦੋਸ਼ੀਆਂ ਖਿਲਾਫ਼ ਰਾਜਸੀ ਵਿਤਕਰੇ ਦਾ ਮਾਹੌਲ ਬਣਾਇਆ ਅਤੇ ਜੱਜ ਨੇ ਉਸ ਦਾ ਪੂਰਾ ਸਾਥ ਦਿੱਤਾ। ਅਜਿਹੇ ਮਾਹੌਲ ਤਾਂ ਫਰਜ਼ੀ ਮੁੱਦਾ ਜੇ ਡਕੈਤੀ ਦਾ ਨਹੀਂ, ਕੀੜੀ ਮਾਰਨ ਦਾ ਬਣਾਇਆ ਜਾਂਦਾ ਤਾਂ ਉਹ ਵੀ ਮੌਤ ਦੀ ਸਜ਼ਾ ਲਈ ਕਾਫੀ ਸੀ। ਸੈਕੋ ਵੈਂਜੇਟੀ ਮੁਨਾਫ਼ੇ ਦੇ ਤਾਣੇ-ਬਾਣੇ ਖਿਲਾਫ਼ ਬੋਲੇ, ਇਸ ਨਾਲ ਵੀ ਉਨ੍ਹਾਂ ਖਿਲਾਫ਼ ਮਾਹੌਲ ਬਣਿਆ ਸਭ ਤੋਂ ਵੱਡੀ ਗੱਲ ਉਹ ਵਿਦੇਸ਼ੀ ਸਨ, ਜਦੋਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਜਾਣੀ ਤਹਿ ਸੀ। ਜਿਸ ਡਕੈਤੀ ਸਬੰਧੀ ਸੈਕੋਂ ਵੈਂਜੇਟੀ ਨੂੰ ਫਸਾਇਆ ਜਾ ਰਿਹਾ ਸੀ, ਉਹ ਨਿਆਂ ਵਿਭਾਗ ਨਾਲ ਜੁੜੇ ਅਧਿਕਾਰੀਆਂ ਦੀ ਨਜ਼ਰ ਵਿਚ ਪੇਸ਼ਾਵਰ-ਡਕੈਤਾਂ ਦਾ ਕੰਮ ਸੀ। ਅਜਿਹਾ ਇਨ੍ਹਾਂ ਅਧਿਕਾਰੀਆਂ ਨੇ 1926 ਦੇ ਆਪਣੇ ਹਲਫਨਾਮਿਆਂ 'ਚ ਕਿਹਾ। ਇਨ੍ਹਾਂ ਅਧਿਕਾਰੀਆਂ ਦੀ ਨਜ਼ਰ 'ਚ ਸੈਕੋ ਤੇ ਵੈਂਜੇਟੀ ਬੇਗੁਨਾਹ ਸੀ। ਨਿਆਂ ਵਿਭਾਗ ਦੇ ਅਧਿਕਾਰੀਆਂ ਤੇ ਕੋਰਟ ਦੇ ਅਟਾਰਨੀ ਦੀ ਮਿਲੀਭੁਗਤ ਨਾਲ ਉਨ੍ਹਾਂ ਖਿਲਾਫ਼ ਫੈਸਲਾ ਦਿੱਤਾ ਗਿਆ ਸੀ। ਮੁਕੱਦਮੇ ਦਾ ਇਹ ਫੈਸਲਾ ਤਹਿ ਹੋ ਜਾਣ ਦੇ ਬਾਵਜੂਦ ਗਵਾਹ ਆਦਿ ਨੇ ਕੁਝ ਨਾਟਕ ਤਾਂ ਕਰਨੇ ਹੀ

ਸਨ। ਦੋ 'ਚਸ਼ਮਦੀਦ' ਗਵਾਹ ਪੇਸ਼ ਕੀਤੇ ਗਏ। ਇਕ ਔਰਤ ਨੇ ਉਨ੍ਹਾਂ ਨੂੰ ਕਤਾਰ 'ਚੋਂ ਪਹਿਚਾਣ ਕੇ ਦੱਸਿਆ ਕਿ ਉਸ ਨੇ ਮੌਕੇ 'ਤੇ ਗੋਲੀ ਚਲਾਉਂਦੇ ਤੇ ਡਕੈਤੀ ਕਰਦੇ ਵੇਖਿਆ ਹੈ। ਇਹ ਸਰਕਾਰ ਲਈ ਚਸ਼ਮਦੀਦ ਸਾਜ਼ਿਸ਼ ਨਾਲ ਮੁਕੱਦਮੇ ਦਾ ਫੈਸਲਾ (ਘੱਟੋ ਘੱਟ ਕਹਿਣ ਨੂੰ ਤਾਂ) ਤਹਿ ਹੋਇਆ। ਬਾਅਦ 'ਚ ਪਤਾ ਲੱਗਿਆ ਕਿ ਇਹ ਦੂਜੇ ਸੂਬੇ ਦੇ ਨਿਆਂ ਵਿਭਾਗ ਤੋਂ ਭੱਜਿਆ ਹੋਇਆ ਹੈ। ਤੇ ਉਸ ਨੇ ਗਵਾਹੀ ਵੀ ਜਾ ਬਦਲ ਕੇ ਦਿੱਤੀ ਸੀ। ਸੈਕੋ ਵੈਂਜੇਟੀ ਨੇ ਜ਼ਬਰਦਸਤ ਵਿਰੋਧ ਕੀਤਾ ਕਿ ਅਨੁਵਾਦਕ ਕੋਰਟ ਸਾਹਮਣੇ ਉਨ੍ਹਾਂ ਦੇ ਬਿਆਨਾਂ ਦਾ ਠੀਕ ਅਨੁਵਾਦ ਨਹੀਂ ਪੇਸ਼ ਕਰ ਰਿਹਾ ਹੈ। ਇਹ ਅਨੁਵਾਦਕ ਸੱਜਣ ਜੱਜ ਥਾਪਰ ਦੇ ਜਿਗਰੀ ਮਿੱਤਰ ਸਨ ਜਿਨ੍ਹਾਂ ਨੇ ਆਪਣੇ ਬੇਟੇ ਦਾ ਨਾਂ ਵੀ ਉਨ੍ਹਾਂ ਦੇ ਨਾਂ 'ਤੇ ਰੱਖਿਆ ਸੀ ਬਾਅਦ ਵਿਚ ਉਨ੍ਹਾਂ ਨੂੰ ਇਕ ਜੱਜ ਨੂੰ ਰਿਸ਼ਵਤ ਦੇਣ ਦੇ ਦੋਸ਼ ਵਿਚ ਸਜ਼ਾ ਹੋਈ।

ਇਸ ਮੁਕੱਦਮੇ 'ਚ ਸਰਗਰਮ ਸੂਬੇ ਦੇ ਅਟਾਰਨੀ ਜਰਨਲ 'ਕਾਮਨ ਵੈਲਥ ਆਫ਼ ਮੇਸੇਸਾਸ਼ੂਟਸ' ਦੇ ਮੁੱਖ ਨਿਆਂ ਅਧਿਕਾਰੀ ਪਿੰਡੋਂ ਨੂੰ ਸਜ਼ਾ ਦੇ ਕੇ ਉਨ੍ਹਾਂ ਦੀਆਂ ਸੇਵਾਵਾਂ ਤੋਂ ਬੇਦਖਲ ਕਰ ਦਿੱਤਾ ਗਿਆ। ਕਿਉਂ? ਕੀ ਸੈਕੋ ਵੈਂਜੇਟੀ ਨੂੰ ਗਲਤ ਸਜ਼ਾ ਦਿਵਾਉਣ ਲਈ? ਨਹੀਂ ਮੈਸੇਸਾਸ਼ਟਸ ਦੀ ਇਕ ਸੰਸਥਾ ਨੂੰ ਬਲੈਕਮੇਲ ਕਰਨ ਲਈ। 14 ਜੁਲਾਈ 1921 ਨੂੰ ਉਨ੍ਹਾਂ ਨੇ ਕਤਲ ਦੇ ਦੋਸ਼ 'ਚ ਬਿਜਲੀ ਦੀ ਕੁਰਸੀ ਨਾਲ ਮੌਤ ਦੀ ਸਜ਼ਾ ਸੁਣਾਈ ਗਈ। ਬਾਅਦ 'ਚ ਜੱਜ ਅਤੇ ਹੋਰ ਕੇਸਾਂ ਦੇ ਮੁੱਖ ਪੁਲਿਸ ਅਧਿਕਾਰੀ ਦੇ ਮਿੱਤਰਾਂ ਦੇ ਹਲਫਨਾਮਿਆਂ ਤੋਂ ਇਹ ਸਪੱਸ਼ਟ ਹੋ ਗਿਆ ਕਿ ਜੱਜ ਤੇ ਪੁਲਿਸ ਅਧਿਕਾਰੀ ਦੋਨੋਂ ਇਹ ਮੰਨਦੇ ਹਨ ਕਿ ਡਕੈਤੀ ਵਿਚ ਇਨ੍ਹਾਂ ਦੀ ਕੋਈ ਭੂਮਿਕਾ ਨਹੀਂ ਸੀ ਪਰ ਉਹ ਦੋਨੋਂ ਹੀ ਇਨ੍ਹਾਂ ਦੇ ਇਨਕਲਾਬੀ ਕੰਮਾਂ ਕਰਕੇ ਇਨ੍ਹਾਂ ਨੂੰ ਮਾਰਨਾ ਚਾਹੁੰਦੇ ਸਨ। 29 ਅਕਤੂਬਰ 1921 ਨੂੰ ਇਸ ਫੈਸਲੇ ਖਿਲਾਫ਼ ਪ੍ਰਸਤਾਵ ਰੱਖਿਆ ਗਿਆ। ਇਸ ਦੇ ਨਾਲ ਹੀ ਅਖ਼ਬਾਰਾਂ ਨੇ ਫਿਰ ਇਨਕਲਾਬੀਆਂ ਖਿਲਾਫ਼ ਜ਼ਹਿਰ ਉਗਲਣਾ ਸ਼ੁਰੂ ਕਰ ਦਿੱਤਾ ਕਿ ਸਬੰਧਤ 'ਤੇ ਅੱਤਵਾਦ ਦਾ ਖਤਰਾ ਹੈ ਕਿਉਂਕਿ ਕ੍ਰਾਂਤੀਕਾਰੀ ਤਾਕਤਾਂ ਸੈਕੋ-ਵੈਂਜੇਟੀ ਨੂੰ ਬਚਾਉਣਾ ਚਾਹੁੰਦੀਆਂ ਹਨ। ਅਦਾਲਤ ਦੇ ਫੈਸਲੇ ਖਿਲਾਫ਼ ਜ਼ਹਿਰ ਉਗਲਣਾ ਸ਼ੁਰੂ ਕਰ ਦਿੱਤਾ ਕਿ ਸਬੰਧਤ 'ਤੇ ਅੱਤਵਾਦ ਦਾ ਖਤਰਾ ਹੈ ਕਿਉਂਕਿ ਕ੍ਰਾਂਤੀਕਾਰੀ ਤਾਕਤਾਂ ਸੈਕੋ-ਵੈਂਜੇਟੀ ਨੂੰ ਬਚਾਉਣਾ ਚਾਹੁੰਦੀਆਂ ਹਨ। ਅਦਾਲਤ ਦੇ ਫੈਸਲੇ ਖਿਲਾਫ਼ ਸੁਣਵਾਈ ਲਗਭਗ 6 ਸਾਲ ਤੱਕ ਚੱਲੀ। ਜਿਨ੍ਹਾਂ ਪਾਠਕਾਂ ਨੂੰ ਸੈਕੋ ਵੈਂਜੇਟੀ ਦਾ ਇਤਿਹਾਸ ਪਤਾ ਨਹੀਂ ਉਹ ਲਾਜ਼ਮੀ ਹੀ ਅਜੇ ਤੱਕ ਦੀ ਦਾਸਤਾਨ ਤੋਂ ਇਹ ਉਮੀਦ ਕਰ ਰਹੇ ਹੋਣਗੇ ਕਿ ਛੇ ਸਾਲਾਂ ਬਾਅਦ ਤਾਂ ਸੈਕੋ ਵੈਂਜੇਟੀ ਨੂੰ ਇਨਸਾਫ਼ ਮਿਲ ਗਿਆ ਹੋਣੈ, ਜਦ ਉਨ੍ਹਾਂ ਬੇਗੁਨਾਹੀ ਸਮਾਜ ਦੇ ਸਾਹਮਣੇ ਏਨੇ ਚੌਤਰਫਾ ਤਰੀਕੇ ਨਾਲ ਸਾਬਤ ਹੋ ਰਹੀ ਸੀ ਤਾਂ ਲਾਜ਼ਮੀ ਹੀ ਉਹ ਡਕੈਤੀ ਦੇ ਕੇਸ ਨਾਲ ਬੇਗੁਨਾਹ ਸਾਬਤ ਕਰਕੇ ਬਰੀ ਕਰ ਦਿੱਤੇ ਗਏ ਹੋਣਗੇ। ਪਰ ਉਨ੍ਹਾਂ ਛੇ ਲੰਬੇ ਸਾਲਾਂ ਦੇ ਅਰਸੇ 'ਚ ਜੋ ਹੋਇਆ ਉਹ ਇਸ ਪ੍ਰਕਾਰ ਹੈ : ਅਮਰੀਕੀ ਬੁਧੀਜੀਵੀ ਸਮਾਜ ਪੂੰਜੀਵਾਦੀ ਦਾਬੇ ਦੇ ਲਾਲਚ 'ਚ ਜਨੂੰਨ ਦੀ ਹੱਦ ਤੱਕ ਡੁਬਿਆ ਰਿਹਾ। 'ਸਭਿਅਕ' ਸਮਾਜ ਕਾਰਾਂ ਖਰੀਦ ਕੇ ਸ਼ੇਅਰ ਬਾਜ਼ਾਰ 'ਚ ਪੈਸਾ ਲਾਉਣ 'ਚ ਮਗਨ ਰਿਹਾ। ਗਿਆਨ, ਨਿਆਂ ਤਰਕ ਸਭ 'ਤੇ ਧਨ ਦੀ ਹਵਸ ਛਾਈ ਰਹੀ। ਟ੍ਰੇਡ ਯੂਨੀਅਨ ਅੰਦੋਲਨ ਦੀ ਅਗਵਾਹੀ ਨੇ ਪੂੰਜੀਪਤੀਆਂ ਮੂਹਰੇ ਗੋਡੇ ਟੇਕ ਦਿੱਤੇ ਅਤੇ ਧੰਨ ਦੀ ਦੌੜ

ਵਿਚ ਸ਼ਾਮਲ ਹੋ ਗਏ। ਸੈਕੋ ਨੇ ਕਾਰਗਰ ਵਿਚ ਅੰਗਰੇਜ਼ੀ ਸਿੱਖੀ ਅਤੇ ਵੈਂਜੇਟੀ ਨੇ ਰਾਜਸੀ ਅਰਥ ਸ਼ਾਸਤਰ 1920 'ਚ ਨਵੇਂ ਚੁਣੇ ਅਮਰੀਕੀ ਰਾਸ਼ਟਰਪਤੀ ਵੀ ਕਿਤਾਬਾਂ ਪੜ੍ਹਦਾ ਸੀ। ਪਰ ਵਾਈਟ ਹਾਊਸ 'ਚ ਬੈਠੇ ਰਾਸ਼ਟਰਪਤੀ ਨੂੰ ਗਿਆਨ ਦੀ ਲਾਲਸਾ ਨਹੀਂ ਸੀ। ਵੈਂਜੇਟੀ ਵਿਚ ਸੀ ਤੇ ਉਸ ਨੇ ਵਾਕਿਆ ਹੀ ਆਪਣੇ ਆਖਰੀ ਦਿਨਾਂ ਤੱਕ ਗਿਆਨ ਨਾਲ ਮੁਹੱਬਤ ਕੀਤੀ। 1921 'ਚ ਸੈਕੋ ਤੇ ਵੈਂਜੇਟੀ ਨੂੰ ਦੁਨੀਆਂ 'ਚ ਘੱਟ ਲੋਕ ਜਾਣਦੇ ਸਨ। 1927 ਤੱਕ ਪੂਰੀ ਦੁਨੀਆਂ ਉਨ੍ਹਾਂ ਨੂੰ ਮਿਹਨਤਕਸ਼ਾਂ ਦੇ ਸੱਚੇ ਯੋਧਿਆਂ ਵਜੋਂ ਜਾਨਣ ਲੱਗੀ। ਇਨ੍ਹਾਂ ਛੇ ਸਾਲਾਂ 'ਚ ਅਮਰੀਕੀ ਨਿਆਂ ਪ੍ਰਬੰਧ ਦੀ ਨੰਗੀ ਤਸਵੀਰ ਪੂਰੀ ਦੁਨੀਆਂ ਮੂਹਰੇ ਆਈ। ਮਾਸਕੋ ਤੇ ਮੁੰਬਈ ਸਮੇਤ ਦੁਨੀਆਂ ਭਰ ਦੇ ਦੇਸ਼ਾਂ ਦੇ ਸ਼ਹਿਰਾਂ ਤੇ ਰਾਜਧਾਨੀਆਂ ਵਿਚ ਸੈਕੋ-ਵੈਂਜੇਟੀ ਨੂੰ ਇਨਸਾਫ਼ ਦੀ ਮੰਗ ਨੂੰ ਲੈ ਕੇ ਮੁਜਾਹਰੇ ਹੋਏ।

ਸੈਕੋ-ਵੈਂਜੇਟੀ ਦੇ ਪਰਿਵਾਰਾਂ ਦੀ ਹਾਲਤ ਨਾਲ ਵਾਕਫ਼ ਹੋ ਕੇ ਸਬੰਧਤ ਬ੍ਰੇਂਟੀ ਡਕੈਤੀ ਨੂੰ ਅੰਜਾਮ ਦੇਣ ਵਾਲੇ ਇਕ ਵਿਅਕਤੀ ਨੇ, ਜੋ ਕਿਸੇ ਹੋਰ ਅਪਰਾਧਿਕ ਕੇਸ 'ਚ ਸਜ਼ਾ ਕੱਟ ਰਿਹਾ ਸੀ, ਇਹ ਜਾਣਦੇ ਹੋਇਆਂ ਵੀ ਕਿ ਕਬੂਲੀਅਤ ਨਾਲ ਉਨ੍ਹਾਂ ਨੂੰ ਮੌਤ ਦੀ ਸਜ਼ਾ ਮਿਲੇਗੀ, ਉਸ ਨੇ ਬ੍ਰੇਂਟੀ ਡਕੈਤੀ ਵਿਚ ਆਪਣੇ ਹਿੱਸਾ ਲੈਣ ਦਾ ਐਲਾਨ ਕੀਤਾ ਅਤੇ ਸੈਕੋ-ਵੈਂਜੇਟੀ ਨੂੰ ਬੇਗੁਨਾਹ ਐਲਾਨਿਆ। ਪਰ ਸੁਪਰੀਮ ਕੋਰਟ ਨੇ ਇਸ ਗੱਲ 'ਤੇ ਭਰੋਸਾ ਨਹੀਂ ਕੀਤਾ। 22 ਅਗਸਤ 1927 ਨੂੰ ਮੌਤ ਦੀ ਤਰੀਕ ਤਹਿ ਹੋ ਗਈ। ਰੋਹ ਭਰਪੂਰ ਮੁਜਾਹਰਿਆਂ ਕਾਰੀਆਂ ਦਾ ਹਜੂਮ ਰਾਜਪਾਲ (ਮੇਸੇਸਾਸ਼ੂਟਸ ਰਾਜ) ਕੋਲ ਪੁੱਜਾ। ਨੁਮਾਇੰਦਿਆਂ ਨੇ ਗੱਲਬਾਤ ਪਿਛੋਂ ਤਿੰਨ ਪਤਵੰਤਿਆਂ ਦੀ ਕਮੇਟੀ ਰਾਜਪਾਲ ਨੇ ਬਣਾਈ। ਇਸ ਕਮੇਟੀ ਨੇ ਅਦਾਲਤ ਦੇ ਫੈਸਲੇ ਦੀ ਪੁਸ਼ਟੀ ਕਰਕੇ 'ਦੇਸ਼ ਭਗਤੀ' ਦਾ ਖਿਤਾਬ ਹਾਸਲ ਕੀਤਾ। 23 ਅਗਸਤ ਨੂੰ ਅਮਰੀਕਾ ਦੇ ਮਿਹਨਤਕਸ਼ਾਂ ਸਮੇਤ ਪੂਰੀ ਦੁਨੀਆਂ ਦੇ ਮਿਹਨਤਕਸ਼ਾਂ ਨੇ ਅਮਰੀਕੀ ਅਦਾਲਤ ਦੇਸ਼ ਭਗਤੀ ਨੂੰ ਹੰਝੂ ਭਰੀਆਂ ਅੱਖਾਂ ਨਾਲ ਵੇਖਿਆ। 23 ਅਗਸਤ ਨੂੰ ਨਿਆਂ ਦੀ ਮੌਤ ਹੋ ਗਈ। ਸੈਕੋ ਤੇ ਵੈਂਜੇਟੀ ਇਤਿਹਾਸ 'ਚ ਅਮਰ ਹੋ ਗਏ। ਵੈਂਜੇਟੀ ਨੇ ਆਪਣੀ ਸ਼ਹਾਦਤ ਤੋਂ ਚਾਰ ਮਹੀਨੇ ਪਹਿਲਾਂ ਲਿਖਿਆ ਸੀ : "ਜੇ ਅਜਿਹਾ ਨਹੀਂ ਹੁੰਦਾ ਤਾਂ ਮੈਂ ਆਪਣਾ ਜੀਵਨ ਤਿਰਸਕਾਰ ਭਰੇ ਲੋਕਾਂ ਦਰਮਿਆਨ ਬਿਤਾਇਆ ਹੁੰਦਾ।" ਉਦੋਂ ਮੈਂ ਬੇਵਜ੍ਹਾ, ਅਗਿਆਤ ਮਰ ਸਕਦਾ ਸੀ, ਇਹ ਮੌਤ ਫਜ਼ੂਲ ਹੁੰਦੀ। ਇਹ ਸਾਡਾ ਕੈਰੀਅਰ ਹੈ ਤੇ ਸਾਡੀ ਜਿੱਤ ਹੈ। ਆਪਣੇ ਪੂਰਨ ਜੀਵਨ ਵਿਚ ਅਸੀਂ ਕਦੀ ਵੀ ਕਿਰਤ, ਨਿਆਂ, ਮਨੁੱਖ ਵੱਲੋਂ ਮਨੁੱਖ ਨੂੰ ਸਮਝਣ ਲਈ ਉਹ ਨਾ ਕਰ ਸਕਦੇ ਜੋ ਹੁਣ ਅਸੀਂ ਸੰਯੋਗ ਨਾਲ ਕਰ ਸਕੇ ਹਾਂ। ਸਾਡੇ ਸ਼ਬਦ - ਸਾਡੇ ਜੀਵਨ - ਸਾਡੇ ਦਰਦ - ਕੁਝ ਨਹੀਂ। ਸਾਡੇ ਜੀਵਨ - ਇਕ ਅੱਛੇ ਜੁੱਤਾ ਮਜ਼ਦੂਰ ਤੇ ਇਕ ਗਰੀਬ ਮੱਛੀ ਵਾਲੇ ਦੇ ਜੀਵਨ - ਦਾ ਹਰਨ - ਸਭ ਕੁਝ। "ਇਹ ਆਖਰੀ ਪਲ ਸਾਡਾ ਹੈ - ਇਹ ਆਖਰੀ ਦਰਦ ਸਾਡੀ ਜਿੱਤ ਹੈ।"

# ਬਾਲਾਂ ਦੀ ਤਸਕਰੀ

ਹਿੰਦੀ ਦੇ ਪ੍ਰਸਿੱਧ ਕਵੀ ਬਾਬਾ ਨਾਗਾਰਜੁਨ ਦੀ ਕਵਿਤਾ ਦੀਆਂ ਦੋ ਪੰਗਤੀਆਂ ਹਨ-ਮਾਰ ਪੀਟ ਹੈ, ਲੂਟ-ਪਾਟ ਹੈ, ਤਹਿਸ ਨਹਿਸ ਬਰਬਾਦੀ ਹੈ। ਜ਼ੋਰ ਜੁਲਮ ਹੈ, ਜੇਲ-ਸੇਲ ਹੈ ਵਾਹ ਖ਼ੂਬ ਆਜ਼ਾਦੀ ਹੈ। ਭਲੇ ਹੀ ਨਾਗਾਰਜੁਨ ਨੇ ਇਹ ਕਵਿਤਾ ਵਿਆਪਕ ਪ੍ਰਸੰਗ 'ਚ ਲਿਖੀ ਸੀ ਪਰ ਹੜ੍ਹ ਤੋਂ ਪ੍ਰਭਾਵਿਤ ਪੂਰਬੀ ਬਿਹਾਰ ਦੇ ਸੁਪੌਲ ਸਹਰਸਾ ਮਧੇਪੁਮ, ਆਰਰਿਆ ਤੇ ਪੁਰਾਣਿਆਂ ਜ਼ਿਲ੍ਹਿਆਂ ਦੀ ਮੌਜੂਦਾ ਦੁਰਦੁਸ਼ਾ 'ਤੇ ਇਹ ਪੰਗਤੀਆਂ ਸਟੀਕ ਬੈਠਦੀਆਂ ਹਨ। ਪਾਣੀ ਘਟਣ ਪਿੱਛੋਂ ਵੀ ਹੜ੍ਹ ਤੋਂ ਪ੍ਰਭਾਵਿਤ ਲੱਖਾਂ ਲੋਕਾਂ ਦੀਆਂ ਪ੍ਰੇਸ਼ਾਨੀਆਂ ਘਟਣ ਦੀ ਬਜਾਏ ਵੱਧ ਰਹੀਆਂ ਹਨ। ਇਕ ਪਾਸੇ ਜਿਥੇ ਸਰਕਾਰੀ ਤੇ ਗੈਰ ਸਰਕਾਰੀ ਕੈਂਪਾਂ ਤੇ ਝੁਗੀਆਂ 'ਚ ਦੋ ਜੂਨ ਦੀ ਰੋਟੀ ਲਈ ਮਾਰਕੁੱਟ ਦੀਆਂ ਘਟਨਾਵਾਂ ਹੋ ਰਹੀਆਂ ਹਨ ਉਥੇ ਦੂਜੇ ਪਾਸੇ ਘਰਬਾਰ ਜਮੀਨ-ਜਾਇਦਾਦ ਤੇ ਪਸ਼ੂ ਗੰਵਾ ਕੇ ਕੈਂਪਾਂ 'ਚ ਦਿਨ ਕਟੀ ਕਰਨ ਲਈ ਮਜਬੂਰ ਹੀ ਮਾਪਿਆਂ ਦੇ ਬੱਚੇ 'ਤੇ ਹੁਣ ਮਨੁੱਖੀ-ਤਸਕਰਾ ਦੀ ਗਿਰਝ ਦ੍ਰਿਸ਼ਟੀ ਲੱਗ ਗਈ ਹੈ। ਬੇਘਰ ਤੇ ਬੇਸਹਾਰਾ ਲੋਕਾਂ ਦੀ ਮਜਬੂਰੀ ਦਾ ਫਾਇਦਾ ਉਠਉਣ ਲਈ ਇਹਨਾਂ ਜ਼ਿਲ੍ਹਿਆਂ 'ਚ ਮਨੁੱਖੀ-ਤਸਕਰੀ ਦੀ ਗ੍ਰੋਹ ਵੰਡੇ ਪੈਮਾਨੇ 'ਤੇ ਸਰਗਰਮ ਹੋ ਗਏ ਹਨ। ਹੜ੍ਹ ਕਾਰਨ ਆਪਣੇ ਪਰਿਵਾਰਾਂ ਤੋਂ ਵਿਛੜੇ ਬੱਚਿਆਂ 'ਤੇ ਉਹਨਾਂ ਦੀ ਗਿਰਝੀ ਨਜ਼ਰ ਹੈ। ਇਸ ਤੋਂ ਇਲਾਵਾ ਮਨੁੱਖੀ ਤਸਕਰਾਂ ਦੇ ਗਰੋਹ ਸੁਦੂਰ ਪਿੰਡਾਂ ਦੇ ਅਨੁਸੂਚਿਤ ਜਾਤੀ ਤੇ ਗਰੀਬ ਘੱਟ ਗਿਣਤੀ ਤਬਕੇ ਦੇ ਬੱਚਿਆਂ ਨੂੰ ਵੀ ਆਪਣਾ ਸੌਖਾ ਸ਼ਿਕਾਰ ਬਣਾ ਰਹੇ ਹਨ। ਬੀਤੇ 16 ਅਗਸਤ ਨੂੰ ਸਹਿਰਸਾ ਰੇਲਵੇ ਸਟੇਸ਼ਨ 'ਤੇ ਗੈਰ ਸਰਕਾਰੀ ਸੰਸਥਾ ਬਚਪਨ ਬਚਾਓ ਅੰਦੋਲਨ ਨੇ 13 ਬੱਚਿਆਂ ਨੂੰ ਮਨੁੱਖੀ ਤਸਕਰਾਂ ਦੇ ਚੁੰਗਲ ਵਿਚੋਂ ਆਜ਼ਾਦ ਕਰਵਾਇਆ। ਇਹ ਬੱਚੇ ਸਹਿਰਾਸਾ, ਮਘੇਪੁਰਾ ਤੇ ਸੁਪੀਲ ਜ਼ਿਲਿਆਂ ਦੇ ਸੂਦਰ ਵਰਤੀ ਪਿੰਡਾਂ ਦੇ ਹਨ ਜਿਨ੍ਹਾਂ ਨੂੰ ਸਥਾਨਕ ਦਲਾਲ ਉਹਨਾਂ ਦੇ ਮਾਪਿਆਂ ਤੋਂ ਭਜਾ ਕੇ ਪੰਜਾਬ ਹਰਿਆਣਾ ਆਦਿ ਰਾਜਾਂ ਵਿਚ ਬੰਦੂਆ ਮਜਦੂਰੀ ਲਈ ਲੈ ਜਾ ਰਹੇ ਹਨ। ਇਹਨਾਂ ਬੱਚਿਆਂ ਨੂੰ ਮਜਦੂਰੀ ਆਦਿ ਕੰਮ ਲਈ ਦਿੱਲੀ, ਰਾਜਸਥਾਨ, ਹਰਿਆਣਾ, ਪੰਜਾਬ ਤੇ ਗੁਜਰਾਤ ਦੇ ਵੱਡੇ ਸ਼ਹਿਰਾਂ ਵਿੱਚ ਲਿਜਾਇਆ ਜਾਂਦਾ ਹੈ। ਹੜ੍ਹ ਨਾਲ ਬੇਘਰ ਹੋਏ ਲੋਕਾਂ ਦੀਆਂ ਮਜਬੂਰੀਆਂ ਦਾ ਮਨੁੱਖੀ ਤਸਕਰ ਖੁੱਲ੍ਹ ਕੇ ਫਾਇਦਾ ਉਠਾ ਰਹੇ ਹਨ। ਉਹ ਪਹਿਲਾਂ ਸਥਾਨਕ ਦਲਾਲਾਂ ਰਾਹੀਂ ਗਰੀਬ ਤੇ ਮਜਬੂਰ ਮਾਪਿਆਂ ਨੂੰ ਫਸਾਉਂਦੇ ਹਨ। ਉਹਨਾਂ ਨੂੰ ਉਹ ਦੱਸਦੇ ਹਨ ਕਿ ਉਹਨਾਂ ਦੇ ਬੱਚਿਆਂ ਨੂੰ ਵੱਡੇ ਸ਼ਹਿਰਾਂ ਵਿਚ ਲੈ ਜਾ ਕੇ ਅੱਛੀ ਸਿੱਖਿਆ ਦੇ ਨਾਲ ਨਾਲ ਨੌਕਰੀ ਵੀ ਦਿਵਾਵਾਂਗੇ। ਤਸਕਰ ਬੱਚਿਆਂ ਦੇ ਮਾਪਿਆਂ ਨੂੰ ਭਰੋਸੇ 'ਚ ਲੈਣ ਲਈ ਉਹਨਾਂ ਨੇ 200-400 ਰੁਪਏ ਅਡਵਾਂਸ ਰਾਸ਼ੀ ਵੀ ਦੇ ਦਿੰਦੇ ਹਨ। ਗਰੀਬ ਤੇ ਅਣਪੜ੍ਹ ਮਾਂ-ਬਾਪ ਦਲਾਲਾਂ ਦੇ ਜਾਲ ਵਿੱਚ ਅਸਾਨੀ ਨਾਲ ਫਸ ਜਾਂਦੇ ਹਨ। ਅਤੇ ਆਪਣੇ ਬੱਚਿਆਂ ਨੂੰ ਇਹਨਾਂ ਦੇ ਹਵਾਲੇ ਕਰ ਦਿੰਦੇ ਹਨ। ਇਕ ਮੋਟੋ ਅੰਦਾਜੇ ਮੁਤਾਬਕ ਇਕੱਲੇ ਰੇਲਵੇ ਸਟੇਸ਼ਨ ਤੋਂ ਰੋਜਾਨਾ ਔਸਤਨ ਤਿੰਨ ਤੋਂ ਚਾਰ ਦਰਜਨ ਬੱਚਿਆਂ ਨੂੰ ਵੱਡੇ ਸ਼ਹਿਰਾਂ ਵਿੱਚ ਭੇਜਿਆ ਜਾ ਰਿਹਾ ਹੈ। ਸਹਰਸਾ

ਤੋਂ ਅੰਮ੍ਰਿਤਸਰ ਜਾਣ ਵਾਲੀ 'ਜਨਸੇਵਾ ਐਕਸਪ੍ਰੈਸ' ਅਤੇ ਕਟਿਹਾਰ ਰੇਲਵੇ ਤੋਂ ਵੱਡੇ ਸ਼ਹਿਰਾਂ ਵੱਲ ਜਾਣ ਵਾਲੀਆਂ ਰੇਲ ਗੱਡੀਆਂ ਤਸਕਰਾਂ ਲਈ ਵਰਦਾਨ ਸਾਬਤ ਹੋ ਰਹੀਆਂ ਹਨ। ਵੱਖ-ਵੱਖ ਸਰੋਤਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਤਸਕਰ ਹੜ ਰਾਹਤ ਕੈਂਪਾਂ ਦੇ ਨਜਦੀਕੀ ਰੇਲਵੇ ਸਟੇਸ਼ਨ ਅਤੇ ਬੱਸ ਅੱਡਿਆਂ ਤੋਂ ਬੱਚਿਆਂ ਨੂੰ ਹੋਰ ਰਾਜਾਂ ਵਿੱਚ ਭੇਜ ਰਹੇ ਹਨ। ਸਹਰਸਾ ਤੋਂ ਕੋਲਕਾਤਾ ਜਾਣ ਵਾਲੀ 'ਹਾਏ-ਬਾਜ਼ਾਰ ਐਕਸਪ੍ਰੈਸ ਵੀ ਸਮੱਗਲਰਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਸੂਪੌਲ ਜਿਲੇ ਦੇ ਰਾਘੋਪੁਰ ਰੇਲਵੇ ਸਟੇਸ਼ਨ ਸਿਮਰਾਹੀ ਅਤੇ ਬੇਲ ਹੀ ਰਾਹਤ ਕੈਂਪ ਦੇ ਨਜ਼ਦੀਕ ਰੇਲਵੇ ਸਟੇਸ਼ਨ ਤੇ ਬੱਸ ਅੱਡੇ ਤੋਂ ਵੀ ਰੋਜਾਨਾ ਮਾਸੂਮ ਬੱਚੇ ਬਾਹਰ ਭੇਜੇ ਜਾ ਰਹੇ ਹਨ। ਰੇਲ ਮਾਰਗਾਂ ਨਾਲ ਜੁੜੇ ਇਨ੍ਹਾਂ ਸਾਰੇ ਸ਼ਹਿਰਾਂ ਕਟਿਹਾਰ ਸ਼ਹਿਰ ਨੂੰ ਛੱਡ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਹੜ ਪੀੜਤ ਬੱਚੇ। ਲੋਕ ਸ਼ਰਨ ਲਈ ਬੈਠੇ ਹਨ, ਜਿਥੋਂ ਉਹ ਸਮਰਗਲ ਹੋ ਕੇ ਆਏ ਬੱਚਿਆਂ ਨੂੰ ਉਹ ਹਾਸਲ ਕਰਦੇ ਹਨ। ਬੀਤੇ ਦਿਨੀਂ ਸਹਰਾਸਾ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਮਨੁੱਖੀ ਸਮੱਗਲਰਾਂ ਦੇ ਸਥਾਨਕ ਦਲਾਲ ਨਰਾਇਣ ਸਾਦਾ, ਗੋਕਲ ਸਾਦਾ ਜੋਗਿੰਦਰ ਯਾਦਵ ਤੇ ਸੰਤੋਸ਼ ਯਾਦਵ ਨੇ ਸਥਾਨਕ ਪ੍ਰਤਕਾਰ ਸਾਹਮਣੇ ਇਸ ਗੱਲ ਦਾ ਖੁਲਾਸਾ ਕੀਤਾ। ਗ੍ਰਿਫਤਾਰ ਦਲਾਲਾਂ ਨੇ ਦੱਸਿਆ ਕਿ ਤਸਕਰਾ ਦੇ ਸਥਾਨਕ ਏਜੰਟ ਨਾਵੋਂ ਤੋਂ ਸੁਦੂਰ ਪਿੰਡ ਵੀ ਚਲੇ ਜਾਂਦੇ ਹਨ ਅਤੇ ਮਾਪਿਆਂ ਨੂੰ ਭਰਮਾ ਕੇ ਬੱਚੇ ਹਾਸਲ ਕਰ ਲੈਂਦੇ ਹਨ। ਗਰੀਬ ਮਾਪਿਆਂ ਦੇ ਬੱਚਿਆਂ ਤੋਂ ਇਲਾਵਾ ਤਸਕਰਾਂ ਦੀ ਨਜ਼ਰ ਉਹਨਾਂ ਬੱਚਿਆਂ 'ਤੇ ਵੀ ਹੈ ਜੋ ਹੜ੍ਹ ਦੇ ਕਾਰਨ ਆਪਣੇ ਪਰਿਵਾਰਾਂ ਤੋਂ ਵੱਖਰੇ ਹੋ ਕੇ ਯਤੀਮ ਹੋ ਗਏ ਹਨ। ਵਰਨਣਯੋਗ ਇਹ ਹੈ ਕਿ ਬੀਤੇ ਅਗਸਤ ਵਿੱਚ ਆਏ ਹੜ੍ਹ ਪਿੱਛੋਂ ਇਹਨਾਂ ਜ਼ਿਲ੍ਹਿਆਂ ਵਿੱਚ ਹਜ਼ਾਰਾਂ ਬੱਚੇ ਆਪਣੇ ਪਰਿਵਾਰ ਤੋਂ ਵਿਛੜ ਗਏ ਸਨ। ਲਾਪਤਾ ਬੱਚਿਆਂ ਦੀ ਅਸਲੀ ਗਿਣਤੀ ਦਾ ਪਤਾ ਨਹੀਂ ਲਾਇਆ ਜਾ ਸਕਿਆ ਹੈ। ਪਰ ਬਿਹਾਰ ਦੇ ਰਾਜ ਸਮਾਜ ਕਲਿਆਣ ਵਿਭਾਗ ਵੱਲੋਂ ਲਾਪਤਾ ਲੋਕਾਂ ਸਬੰਧੀ ਜੋ ਮੁੱਢਲੀ ਸੂਚਨਾ ਇਕੱਠੀ ਕੀਤੀ ਗਈ ਹੈ। ਉਸ ਵਿੱਚ ਲਗਭਗ 2000 ਮਾਸੂਮ ਬੱਚਿਆਂ ਦੇ ਲਾਪਤਾ ਹੋਣ ਦੀ ਗੱਲ ਕਹੀ ਗਈ ਹੈ। ਪ੍ਰਸ਼ਾਸਨ ਇਸ ਅੰਕੜੇ 'ਤੇ ਆਖਰੀ ਤੌਰ 'ਤੇ ਮੋਹਰ ਲਾਉਣ ਲਈ ਸਥਾਨਕ ਤਾਣੇ ਦੀ ਪੱਧਰ 'ਤੇ ਜਾਂਚ ਕਰ ਰਿਹਾ ਹੈ। ਰਾਜ ਸਰਕਾਰ ਦੇ ਕਲਿਆਣ ਵਿਭਾਗ ਅਨੁਸਾਰ ਪੁਰਾਣਿਆਂ 30 ਰਾਹਤ ਕੈਂਪਾਂ 'ਚ ਕੁਲ 800 ਲੋਕਾਂ ਦੇ ਲਾਪਤਾ ਹੋਣ ਦੀ ਸ਼ਕਾਇਤ ਦਰਜ ਕਾਵਾਈ ਗਈ ਹੈ। ਜਿਹਨਾਂ 'ਚ 240 ਮਾਸੂਮ ਬੱਚੇ ਸ਼ਾਮਲ ਹਨ। ਇਸ ਪ੍ਰਕਾਰ ਸੁਪੌਲ ਜਿਲੇ ਦੇ ਰਾਹਤ ਕੈਂਪਾਂ ਵਿੱਚ 794 ਲੋਕਾਂ ਦੇ ਲਾਪਤਾ ਹੋਣ ਦਾ ਕੇਸ ਸਾਹਮਣੇ ਆਇਆ ਹੈ ਜਿਸ 'ਚ 333 ਮਾਸੂਮ ਬੱਚੇ ਮਘੇਪੁਰਾ ਜਿਲੇ ਦੇ ਰਾਹਤ ਕੈਂਪਾਂ ਵਿਚ 230 ਲਾਪਤਾ ਲੋਕਾਂ 'ਚ 85 ਮਾਸੂਮ ਬੱਚੇ ਹਨ। ਆਰਿਆ ਜਿਲੇ 'ਚ ਚੱਲ ਰਹੇ ਰਾਹਤ ਕੈਂਪ ਵਿੱਚ ਵੀ ਮਾਸੂਮ ਬੱਚਿਆਂ ਦੇ ਲਾਪਤਾ ਹੋਣ ਦਾ ਕੇਸ ਦਰਜ ਕਰਵਾਇਆ ਗਿਆ ਹੈ। ਪਰ ਕੁਲ ਗੈਰ ਸਰਕਾਰੀ ਸੰਸਥਾਵਾਂ ਦਾ ਕਹਿਣਾ ਹੈ ਕਿ ਲਾਪਤਾ ਦੀ ਗਿਣਤੀ ਇਸ ਤੋਂ ਵੀ ਵੱਖ ਹੈ। ਕਿਉਂਕਿ ਉਪਰੋਕਿਤ ਅੰਕੜਾ ਸਿਰਫ ਸਰਕਾਰੀ ਰਾਹਤ ਕੈਂਪਾਂ ਤੋਂ ਇਕੱਠੀ ਕੀਤੀ ਗਈ ਸੂਚਨਾ ਅਤੇ ਅਧਾਰਤ ਹੈ ਇਸ ਲਈ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਜਾਹਰ ਕੀਤੇ ਸ਼ੱਕ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ।

ਇਸ ਅਮਲ ਦਾ ਇਕ ਦੁੱਖਦਾਈ ਪਹਿਲੂ ਇਹ ਹੈ ਕਿ ਲਾਪਤਾ ਬੱਚਿਆਂ ਦੀ ਘਰ ਵਾਪਸੀ ਦੀ ਦਰ ਲਗਭਗ ਜੀਰੋ ਹੈ। ਇਸ ਨਾਲ ਇਸ ਗੱਲ ਦਾ ਡਰ ਕਾਫੀ ਪਹਿਲਾਂ ਜੋਰ ਫੜ ਗਿਆ ਹੈ ਕਿ ਕਿਤੇ ਇਹ ਬੱਚੇ ਮਨੁੱਖੀ ਤਸਕਰਾਂ ਦੇ ਹੱਥ ਤਾਂ ਨਹੀਂ ਚੜ ਗਏ।

ਅਜਿਹਾ ਨਹੀਂ ਹੈ ਕਿ ਰਾਜ ਸਰਕਾਰ ਇਸ ਸਮੱਸਿਆ ਤੋਂ ਜਾਣੂ ਨਹੀਂ ਹੈ। ਮਿਲੀ ਜਾਣਕਾਰੀ ਮੁਤਾਬਕ ਰਾਜ ਸਰਕਾਰ ਦੀਆਂ ਖੁਫੀਆ ਏਜੰਸੀਆਂ ਨੇ ਬੀਤੇ ਸਤੰਬਰ ਮਹੀਨੇ 'ਚ ਹੀ ਰਾਜ ਪੁਲਸ ਦੇ ਮੁੱਖ ਦਫਤਰ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਗਿਆ ਸੀ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮਨੁੱਖੀ ਸਮੱਗਲਰਾਂ ਤਸਕਰਾਂ ਦੇ ਗਰੋਹ ਸਰਗਰਮ ਹੋ ਗਏ ਹਨ। ਪੁਲਸ ਦੇ ਮੁੱਖ ਦਫਤਰ ਨੇ ਸਬੰਧਤ ਜ਼ਿਲ੍ਹਾ ਪ੍ਰਸਾਸ਼ਨ ਨੂੰ ਵਿਦੇਸ਼ ਚੌਕਸੀ ਵਰਤਣ ਦਾ ਨਿਰਦੇਸ਼ ਵੀ ਦਿੱਤਾ ਗਿਆ ਸੀ। ਬਿਹਾਰ ਬਾਲ ਮਜਦੂਰ ਕਲਿਆਣ ਬੋਰਡ ਦੇ ਪ੍ਰਧਾਨ ਰਾਮਦੇਵ ਪ੍ਰਸਾਦ ਨੇ ਵੀ ਬੀਤੇ। ਦਿਨੀਂ ਇਸ ਪਾਸੇ ਸਰਕਾਰ ਦਾ ਧਿਆਨ ਦਵਾਇਆ ਸੀ ਪਰ ਇਸ ਦੇ ਬਾਵਜੂਦ ਸਥਾਨਕ ਜਿਲਾ ਪ੍ਰਸਾਸਨ ਬੱਚਿਆਂ ਦੀ ਸਮਗਲਿੰਗ ਨੂੰ ਪੂਰੀ ਤਰ੍ਹਾਂ ਰੋਕ ਸਕਣ ਵਿੱਚ ਅਸਫਲ ਹੈ। ਪੁਰਾਨਿਆ ਦੇ ਸਮਾਜਿਕ ਵਰਕਰ ਰਾਕੇਸ਼ ਸਿੰਘ ਨੇ ਆਪਣੇ ਕੁਝ ਸਹਿਯੋਗੀਆਂ ਦੀ ਮਦਦ ਨਾਲ ਬੀਤੇ ਦਿਨੀਂ ਪੁਰਨਿਆਂ ਰੇਲਵੇ ਸਟੇਸ਼ਨ 'ਤੇ ਕਈ ਦਰਜਨ ਬੱਚਿਆਂ ਨੂੰ ਤਸਕਰਾਂ ਦੇ ਚੁੰਗਲ ਤੋਂ ਆਜ਼ਾਦ ਕਰਵਾਇਆ। ਉਹ ਕਹਿੰਦੇ ਹਨ ਕਿ 'ਸਮਾਜ ਸੇਵੀ ਲਗਾਤਾਰ ਕੰਮ ਕਰ ਰਹੇ ਹਨ। ਪਰ ਰੇਲ ਤੇ ਜ਼ਿਲ੍ਹਾ ਪ੍ਰਸਾਸ਼ਨ ਪੂਰੀ ਤਰ੍ਹਾਂ ਸਰਗਰਮ ਨਹੀਂ ਹੈ। ਅਸੀਂ ਜਦ ਤੱਕ ਪੁਲਸ ਨੂੰ ਖਬਰ ਦਿੰਦੇ ਤਾਂ ਤਦ ਤਕ ਰੇਲ ਗੱਡੀ ਸਟੇਸ਼ਨ ਤੋਂ ਬਾਹਰ ਨਿਕਲ ਜਾਂਦੀ ਹੈ। ਜਿਸ ਦੇ ਸਿੱਟੇ ਵਜੋਂ ਤਸਕਰ ਬੱਚਿਆਂ ਨੂੰ ਲੈ ਕੇ ਭੱਜਣ ਵਿੱਚ ਸਫਲ ਹੋ ਜਾਂਦੇ ਹਨ।

ਇਸ ਮੋਰਚੇ 'ਤੇ ਰਾਜ ਸਰਕਾਰ ਦੀ ਗੰਭੀਰਤਾ ਤੇ ਪ੍ਰਸਾਸ਼ਨਿਕ ਚੌਕਸੀ 'ਤੇ ਕਈ ਸੁਆਲ ਖੜੇ ਹੋ ਗਏ ਹਨ। ਨਿਰੰਤਰ ਸੂਚਨਾ ਦੇ ਬਾਵਜੂਦ ਉਕਤ ਇਲਾਕਿਆਂ ਦੇ ਪੁਲਸ ਤੇ ਪ੍ਰਸਾਸ਼ਨਿਕ ਅਧਿਕਾਰੀ ਲੋੜੀਂਦੇ ਕਦਮ ਨਹੀਂ ਚੁੱਕ ਰਹੇ ਹਨ। ਇਸ ਮਾਮਲੇ 'ਤੇ ਬਿਹਾਰ ਸਰਕਾਰ ਦੇ ਆਫਤ ਪ੍ਰਬੰਧ ਵਿਭਾਗ ਦੇ ਪ੍ਰਧਾਨ ਸਕੱਤਰ ਦਾ ਕੋਈ ਜੁਆਬ ਨਹੀਂ ਆਇਆ ਹੈ। ਇਸ ਮਾਮਲੇ ਸਬੰਧੀ ਪੁਲਸ ਤੇ ਪ੍ਰਸਾਸਨ ਦੀ ਭੂਮਿਕਾ ਸਬੰਧੀ ਜੋ ਸੁਆਲ ਖੜੇ ਹੋ ਰਹੇ ਹਨ ਉਹਨਾਂ ਦੇ ਜੁਆਬ ਦੇਣ ਵਿਚ ਵੀ ਸਬੰਧਤ ਪ੍ਰਸਾਸ਼ਨਿਕ ਅਧਿਕਾਰੀ ਖੁਦ ਨੂੰ ਸਮਰੱਥ ਨਹੀਂ ਸਮਝ ਰਹੇ ਹਨ। ਅਜਿਹੇ 'ਚ ਹੜ ਪੀੜਤ ਇਲਾਕਿਆਂ ਦੇ ਗਰੀਬ ਤੇ ਯਤੀਮ ਮਾਸੂਮਾ ਨੂੰ ਤਸਕਰਾਂ ਦੇ ਹੱਥ ਚੜ੍ਹਨ ਤੋਂ ਉਹ ਕਿਵੇਂ ਬਚਾਉਣਗੇ। ਇਹ ਗੱਲ ਲੱਖ ਟਕੇ ਦੀ ਹੈ।

# ਅਮਰੀਕਾ ਦੀ ਘੁਸਪੈਂਠ

ਜੋ ਕੰਮ ਅਮਰੀਕਾ ਪਾਕਿਸਤਾਨ 'ਚ ਕਰ ਰਿਹਾ ਹੈ, ਉਹੀ ਕੰਮ ਉਸ ਨੇ ਹੁਣ ਸੀਰੀਆ ਦੇ ਨਾਲ ਕਰਨਾ ਸ਼ੁਰੂ ਕਰ ਦਿੱਤਾ ਹੈ। ਬੀਤੇ ਦਿਨੀਂ (ਅਕਤੂਬਰ ਮਹੀਨੇ ਦੇ ਆਖਰੀ ਦਿਨਾਂ ਵਿੱਚ) ਅਮਰੀਕੀ ਫੌਜਾਂ ਨੇ ਇਰਾਕ ਦੀ ਸੀਮਾ ਤੋਂ ਪਾਸੇ ਇਕ ਸੀਰੀਆਈ ਪਿੰਡ 'ਚ ਘੁਸ ਕੇ ਅੱਠ ਨਾਗਰਿਕਾਂ ਦੀ ਹੱਤਿਆ ਕਰ ਦਿੱਤੀ ਅਤੇ ਕਈ ਇਸ ਹਮਲੇ 'ਚ ਜ਼ਖ਼ਮੀ ਵੀ ਹੋ ਗਏ। ਅਮਰੀਕਾ ਪਿਛਲੇ ਕਈ ਮਹੀਨਿਆਂ ਤੋਂ ਅਫਗਾਨਿਸਤਾਨ ਸੀਮਾ ਦੇ ਨਾਲ ਪਾਕਿਸਤਾਨੀ ਇਲਾਕਿਆਂ 'ਚ ਇਹੀ ਕੰਮ ਕਰ ਰਿਹਾ ਹੈ। ਸੈਂਕੜਿਆਂ ਦੀ ਗਿਣਤੀ 'ਚ ਆਮ ਨਾਗਰਿਕ ਪਾਕਿਸਤਾਨ 'ਚ ਅਜਿਹੇ ਅਮਰੀਕੀ ਹਮਲਿਆਂ 'ਚ ਮਾਰੇ ਜਾ ਚੁੱਕੇ ਹਨ। ਪਾਕਿਸਤਾਨ ਦੀ ਸਰਕਾਰ ਅਮਰੀਕਾ ਦਾ ਰਸਮੀ ਵਿਰੋਧ ਕਰਨ ਤੋਂ ਵੱਧ ਹੋਰ ਕੁਝ ਨਹੀਂ ਕਰ ਸਕੀ ਹੈ। ਹਾਂ ਇਹ ਗੱਲ ਵੱਖਰੀ ਹੈ ਕਿ ਪਾਕਿਸਤਾਨ ਜਨਤਾ ਅਮਰੀਕਾ ਦੇ ਇਹਨਾਂ ਹਮਲਿਆਂ ਦੇ ਵਿਰੁੱਧ 'ਚ ਲਾਮਬੰਦ ਹੋਏ ਹਨ। ਸੀਰੀਆ ਨੇ ਕਮਿਸ਼ਨ ਸਥਿਤ ਇਕ ਅਮਰੀਕੀ ਸਭਿਆਚਾਰਕ ਕੇਂਦਰ ਤੇ ਸਕੂਲ ਨੂੰ ਬੰਦ ਕਰ ਦਿੱਤਾ। ਅਮਰੀਕਾ ਮੁਆਫੀ ਮੰਗੇ ਇਸ ਲਈ ਜੁਆਬ ਬਣਾਉਣ ਲਈ ਅਮਰੀਕਾ ਸੀਰੀਆ ਦੀਆਂ ਕੂਟਨੀਤਕ ਪੱਧਰ 'ਤੇ ਚੱਲ ਰਹੀਆਂ ਬੈਠਕਾਂ ਨੂੰ ਭੰਗ ਕਰ ਦਿੱਤਾ। ਸੰਯੁਕਤ ਰਾਸ਼ਟਰ ਸੰਘ ਤੇ ਸੁਰੱਖਿਆ ਪ੍ਰੀਸ਼ਦ 'ਚ ਅਮਰੀਕਾ ਖਿਲਾਫ ਸ਼ਿਕਾਇਤ ਦਰਜ ਕਰਵਾਈ।

ਸੀਰੀਆ ਦੇ ਲੋਕਾਂ ਨੇ ਅਮਰੀਕਾ ਖਿਲਾਫ ਜਬਰਦਸਤ ਰੋਸ ਦਾ ਪ੍ਰਦਰਸ਼ਨ ਕੀਤਾ। ਹਜ਼ਾਰਾਂ ਮਰਦ-ਔਰਤ ਦਮਿਸ਼ਕ ਦੀਆਂ ਸੜਕਾਂ 'ਤੇ ਉਤਰ ਆਏ। ਲੋਕਾਂ ਦੇ ਗੁੱਸੇ ਨੂੰ ਵੇਖਦਿਆਂ ਅਮਰੀਕੀ ਦੂਤਾਵਾਸ ਨੂੰ ਇਸ ਦਿਨ ਬੰਦ ਕਰ ਦਿੱਤਾ ਗਿਆ। ਅਮਰੀਕਾ ਪਾਕਿਸਤਾਨ 'ਚ ਹਮਲਾ 'ਤਾਲਿਬਾਨ ਤੇ ਅਲਕਾਇਦਾ ਦੇ ਅੱਡਿਆਂ ਨੂੰ ਖਤਮ ਕਰਨ ਦੇ ਨਾਂ ਹੇਠ ਕਰਦਾ ਹੈ।' ਇਹ ਬਹਾਨਾ ਉਸ ਨੇ ਸੀਰੀਆ 'ਚ ਕੀਤੇ ਗਏ ਹਮਲੇ ਬਾਰੇ ਬਣਾਇਆ ਹੈ। ਅਮਰੀਕਾ ਨੇ ਕਿਹਾ ਕਿ ਇਸ ਹਮਲੇ ਵਿੱਚ ਇਰਾਕ ਦਾ ਸਰਗਰਮ ਅਲਕਾਇਦਾ ਦਾ ਇਕ ਮੁੱਖ ਨੇਤਾ ਮਾਰਿਆ ਗਿਆ ਹੈ। ਸੀਰੀਆ ਦੀ ਸਰਕਾਰ ਨੇ ਇਹਨਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ। ਧਿਆਨ ਰਹੇ ਸੀਰੀਆ ਅਮਰੀਕਾ ਵੱਲੋਂ ਐਲਾਨੇ 'ਬੁਰਾਈ ਦੇ ਧਰੁਵ' ਵਾਲੇ ਦੇਸ਼ਾਂ ਵਿਚੋਂ ਇਕ ਹੈ। ਸੀਰੀਆ ਕਦੀ ਵੀ ਅਮਰੀਕੀ ਗੁੱਟ ਦਾ ਮੈਂਬਰ ਨਹੀਂ ਰਿਹਾ ਹੈ। ਉਹ ਅਰਬ ਖੇਤਰ ਵਿੱਚ ਅਮਰੀਕੀ ਸਾਮਰਾਜਵਾਦ ਦੀ ਦਖਲਅੰਦਾਜ਼ੀ ਦਾ ਘੋਰ ਵਿਰੋਧੀ ਰਿਹਾ ਹੈ।

ਸੀਰੀਆ ਦੇ ਪਹਿਲੇ ਨਜ਼ਦੀਕੀ ਰਿਸ਼ਤੇ ਹੁਣ ਰੂਸ ਦੇ ਨਾਲ ਹਨ। ਸੀਰੀਆ ਅਮਰੀਕੀ ਅੱਖਾਂ 'ਚ ਰੋੜ ਵਾਗੂੰ ਚੁਬਦਾ ਰਹਿੰਦਾ ਹੈ। ਸੋਵੀਅਤ ਸੰਘ ਦੇ ਟੁੱਟਣ ਬਾਅਦ ਹੀ ਸੀਰੀਆ ਅਰਬ ਦੇ ਉਹਨਾਂ ਚੁਣਵੇ ਦੇਸ਼ਾਂ 'ਚ ਰਿਹਾ ਜੋ ਅਮਰੀਕੀ ਸਾਮਰਾਜਵਾਦ ਲਈ ਇਕ ਚੁਣੌਤੀ ਬਣਦੇ ਹਨ। ਸਦਾਮ ਹੁਸੈਨ ਦੀ ਸਰਕਾਰ 90 ਦੇ ਦਹਾਕੇ ਵਿੱਚ ਅਮਰੀਕਾ ਲਈ ਮੁੱਖ ਚੁਣੌਤੀ ਸੀ। 2003 'ਚ ਇਰਾਕ ਤੇ ਕਬਜੇ ਪਿਛੋਂ ਅਮਰੀਕਾ ਨੇ ਇਰਾਕ ਦੇ ਇਸ ਗੁਆਂਢੀ ਦੇਸ਼ ਵਿੱਚ ਸਰਕਾਰ ਨੂੰ ਹਟਾਉਣ ਲਈ ਘ੍ਰਿਣਤ ਤਰੀਕੇ ਅਪਣਾਉਣੇ ਸ਼ੁਰੂ ਕਰ ਦਿੱਤੇ। ਉਸ ਨੇ ਇਰਾਕ ਵਿੱਚ ਆਪਣੇ ਕਬਜੇ ਨੂੰ ਇਰਾਕੀ

ਜਨਤਾ ਤੋਂ ਮਿਲ ਰਹੀ ਜਬਰਦਸਤ ਚਣੌਤੀ ਦਾ ਹੱਥ ਹੋਣ ਦਾ ਦਾਅਵਾ ਕਰਦੇ ਹੋਇਆ ਸੀਰੀਆ ਤੇ ਤਰ੍ਹਾਂ ਤਰ੍ਹਾਂ ਦਾ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਹਮਲਾ ਉਸ ਲੜੀ ਦੀ ਇਕ ਕੜੀ ਹੈ। ਇਸ ਤੋਂ ਇਂਲਾਵਾ ਸੀਰੀਆ ਅਮਰੀਕਾ ਦੇ ਲਠੈਡ ਇਸਰਾਈਲ ਦਾ ਵੀ ਮੁੱਖ ਵਿਰੋਧੀ ਰਿਹਾ ਹੈ।

ਇਸਰਾਈਲ ਨੇ ਸੀਰੀਆ ਦੀਆਂ 'ਗੋਲਨ ਪਹਾੜੀਆਂ' 'ਤੇ ਕਬਜਾ ਕੀਤਾ ਹੋਇਆ ਹੈ। ਇਸ ਹਮਲੇ ਦੇ ਨਾਲ ਸੀਰੀਆ ਤੇ ਇਸਰਾਈਲ ਵਿਚਕਾਰ ਚਲ ਰਹੀ ਸ਼ਾਂਤੀ ਵਾਰਤਾ ਵੀ ਖਟਾਈ 'ਚ ਪੈ ਚੁੱਕੀ ਹੈ।

ਇਰਾਕ ਦੇ ਭਾਰਤ ਤੋਂ ਵੀ ਇਸ ਹਮਲੇ ਦਾ ਵਿਰੋਧ ਹੋਇਆ। ਹਾਕਮ ਧਿਰ ਦੇ ਕਈ ਲੋਕਾਂ ਨੇ ਇਸ ਹਮਲੇ ਅਤੇ ਖਾਸ ਕਰਕੇ ਇਰਾਕ ਨੂੰ ਅਧਾਰ ਬਣਾ ਕੇ ਗੁਆਂਢੀ ਦੇਸਾਂ 'ਚ ਹਮਲੇ ਕਰਨ ਦੀ ਮੁਖਾਲਫਿਤ ਕੀਤੀ ਹੈ। ਅਮਰੀਕਾ ਇਰਾਕ 'ਚ ਸਥਾਈ ਤੌਰ 'ਤੇ ਸੈਨਿਕ ਅੱਡਾ ਬਣਾਉਣਾ ਚਾਹੁੰਦਾ ਹੈ। ਇਸ ਗੱਲ ਨਾਲ ਇਰਾਕ ਦੀ ਜਨਤਾ ਵਿੱਚ ਰੋਹ ਦੇ ਨਾਲ ਨਾਲ ਇਸ ਨੇ ਇਰਾਕੀ ਸਰਕਾਰ ਨੂੰ ਵੀ ਬੇਚੈਨ ਕੀਤਾ ਹੋਇਆ ਹੈ।

✪✪✪